ਔਰਤ ਦੁਆਲੇ

ਕੁਲਜੀਤ ਕੌਰ (ਡਾ.)



43

ਔਰਤ ਈਮਾਨ ਹੈ

ਕੁਲਵੰਤ ਕੌਰ (ਡਾ.)
ਸਾਬਕਾ ਪ੍ਰਿੰਸੀਪਲ
ਗੁਰਮਤਿ ਕਾਲਜ ਪਟਿਆਲਾ



ਵੈੱਲਵਿਸ਼ ਪਬਲਿਸ਼ਰਜ਼
ਪੀ.ਪੀ. 5, ਮੌਰੀਆ ਐਨਕਲੇਵ, ਦਿੱਲੀ-110034

AURAT IMAAN HAI— Woman the Honour
(A Collection of Articles Regarding Women)
by
DR. KULWANT KAUR
20, New Mehar Singh Colony,
Tripuri, Patiala-147001
Tel : 0175-351832

ਪਹਿਲੀ ਵਾਰ : ਮਈ 2000

ਪ੍ਰਕਾਸ਼ਕ : ਵੈੱਲਵਿਸ਼ ਪਬਲਿਸ਼ਰਜ਼
ਪੀ. ਪੀ. 5, ਮੌਰੀਆ ਐੱਨਕਲੇਵ,
ਪੀਤਮ ਪੁਰਾ, ਦਿੱਲੀ-110034
✆ 7214412, 7234238

ਛਾਪਕ : ਵੈੱਲਵਿਸ਼ ਪ੍ਰਿੰਟਰਜ਼
ਨਾਰਾਇਣਾ ਇੰਡਸਟਰੀਅਲ ਏਰੀਆ,
ਨਵੀਂ ਦਿੱਲੀ

ISBN—81-86583-35-1

ਡੀਲਕਸ : 200 ਰੁਪਏ
ਸਾਧਾਰਨ : 170 ਰੁਪਏ
6 ਪੌਂਡ
7.5 ਡਾਲਰ

ਸਮਰਪਣ

ਓਸ ਵਿੱਛੜੀ ਅੰਮੜੀ ਸਰਦਾਰਨੀ ਰਤਨ ਕੌਰ ਬਣਵੈਤ
ਦੀ ਸਦ ਸੁਖਾਵੀਂ, ਅਮਰ ਤੇ ਅਮਿੱਟ ਯਾਦ ਨੂੰ
ਸਮਰਪਿਤ ਜੋ ਵੀਹਵੀਂ ਸਦੀ ਦੇ ਆਰੰਭਿਕ ਦਹਾਕੇ ਵਿਚ
ਪੈਦਾਇਸ਼ ਪਾ ਕੇ ਅਤੇ ਛੇ ਧੀਆਂ ਦੀ
ਜਨਮਦਾਤੀ ਹੋ ਕੇ ਵੀ
ਬੁਲੰਦ ਵਿਚਾਰਾਂ ਵਾਲੀ ਅਤਿਅੰਤ ਜਾਗਰੂਕ ਸਵਾਣੀ ਬਣੀ ।
ਖ਼ੁਦ ਨਾਰੀ ਗੌਰਵ ਦੀ ਪ੍ਰਤੀਕ ਹੁੰਦਿਆਂ
ਜਿਸ ਨੇ ਆਪਣੀਆਂ ਲਾਡਲੀਆਂ ਨੂੰ
ਕੇਵਲ ਹੱਸਾਸੀ, ਸੰਵੇਦਨਸ਼ੀਲ, ਸੂਖ਼ਮਭਾਵੀ ਅਤੇ
ਨਾਰੀਵਾਦੀ ਹੀ ਨਹੀਂ ਬਣਾਇਆ
ਸਗੋਂ ਮੁਕੰਮਲ ਅਤੇ ਜੀਵੰਤ ਇਨਸਾਨ
ਬਣਨ ਦੀ ਸਿੱਖਿਆ ਵੀ ਪ੍ਰਦਾਨੀ ।

ਤਰਤੀਬ

'ਮੈਂ ਚੰਡੀ ਗੋਬਿੰਦ ਸਿੰਘ ਦੀ'

'ਔਰਤ ਈਮਾਨ ਹੈ' ਪੁਸਤਕ ਪੰਜਾਬੀ ਸਮਾਜ ਨੂੰ ਭੇਟ ਕਰਦਿਆਂ ਮੈਂ ਗੁਰੂ ਪਾਤਿਸ਼ਾਹੀਆਂ ਦੀ ਕੋਟਾਨ ਕੋਟਾਨ ਵਾਰ ਆਭਾਰੀ ਮਹਿਸੂਸ ਕਰ ਰਹੀ ਹਾਂ ਜਿਨ੍ਹਾਂ ਦੀ ਅਪਾਰ ਬਖ਼ਸ਼ਿਸ਼ ਸਦਕੇ ਨਾ ਕੇਵਲ ਇਸ ਅਮੋਲਕ ਮਨੁੱਖਾ-ਜੀਵਨ ਦੀ ਵਾਸਤਵਿਕਤਾ ਦਾ ਹੀ ਗਿਆਨ ਹੋਇਆ ਸਗੋਂ ਇਕ ਔਰਤ ਹੁੰਦਿਆਂ ਔਰਤ ਹੋਣ ਦਾ ਗੌਰਵ ਵੀ ਮਹਿਸੂਸ ਹੋਇਆ। ਫਤਹਿ ਕਦੇ ਆਸਾਨ ਨਹੀਂ ਹੁੰਦੀ। ਜਿੱਤ ਲਈ ਸਖ਼ਤ ਮਿਹਨਤ ਦੀ ਜ਼ਰੂਰਤ ਹੁੰਦੀ ਹੈ। ਸਫਲਤਾ ਲਈ ਕਠਿਨ ਘਾਲਣਾ ਅਨਿਵਾਰੀ ਹੈ। ਇਸ ਲਈ, ਸੱਚੇ ਸਾਹਿਬਾਨ ਵਲੋਂ ਸੁਝਾਏ-ਦ੍ਰਿੜ੍ਹਾਏ ਰਾਹ 'ਤੇ ਤੁਰਦਿਆਂ, ਉੱਦਮ ਕਰੇਂਦਿਆਂ, ਪ੍ਰਭੂ ਧਿਆਉਂਦਿਆਂ, ਨੀਅਤ ਸਾਫ਼ ਰੱਖਦਿਆਂ ਅਤੇ ਪਰਉਪਕਾਰੀ ਸੋਚ ਹੰਢਾਉਂਦਿਆਂ ਜੋ ਤਿਲ-ਫੁਲ ਸਰਿਆ ਉਹ ਆਪਣੇ ਸੁਹਿਰਦ ਅਤੇ ਸ਼ੁੱਭ ਭਾਵੀ ਪਾਠਕਾਂ ਨੂੰ ਅਰਪਣ ਕਰਦਿਆਂ ਕੁਝ ਸੁਰਖ਼ਰੂ ਅਨੁਭਵ ਕਰ ਰਹੀ ਹਾਂ ਕਿਉਂਕਿ ਅਜਿਹਾ ਕਰਕੇ ਸ਼ਾਇਦ ਇਸ ਬਹੁਮੁੱਲੇ ਜੀਵਨ ਦਾ ਕੁਝ ਰਿਣ ਪਰਤਾਇਆ ਜਾ ਸਕੇਗਾ।

ਨਰ ਅਤੇ ਮਾਦਾ ਇਸ ਸ੍ਰਿਸ਼ਟੀ ਦਾ ਮੂਲ ਹਨ। ਦੋਹਾਂ ਦੇ ਸੰਜੋਗ ਅਤੇ ਸੁਮੇਲ ਨਾਲ ਇਸ ਦ੍ਰਿਸ਼ਟਮਾਨ ਸੰਸਾਰ ਦਾ ਸਮੁੱਚਾ ਕਾਰ-ਵਿਹਾਰ ਚੱਲਦੈ। ਇਕ ਧਿਰ ਨੂੰ ਵੱਡਿਆ ਕੇ ਦੂਜੇ ਨੂੰ ਛੁਟਿਆਉਂਦੇ ਰਹਿਣ ਦੀ ਪ੍ਰਵਿਰਤੀ ਭਾਵੇਂ ਅਸਲੋਂ ਨਿੰਦਣੀਯ ਗੱਲ ਹੈ ਪਰੰਤੂ ਇਹ ਕਰਮ ਯੁਗ ਯੁਗਾਂਤਰਾਂ ਤੋਂ ਹੁੰਦਾ ਆ ਰਿਹੈ। ਇਤਿਹਾਸਕ ਧਾਰਾ ਵਿਚ ਇਕ ਵਕਤ ਅਜਿਹਾ ਵੀ ਆਇਆ ਜਦੋਂ ਨਾਰੀ ਦੀ ਹੋਂਦ ਮਹਿਜ਼ ਇਕ 'ਜਿਸਮ' ਤੱਕ ਮਹਿਦੂਦ ਕਰ ਦਿੱਤੀ ਗਈ ਅਰਥਾਤ ਨਿਰਜਿੰਦ ਵਸਤੂਆਂ ਜਿਹੀ ਹੀ ਇਕ ਵਸਤ, ਮਾਸ ਲਹੂ ਦਾ ਨਿਰਭਾਵੀ ਲੋਥੜਾ, ਵਰਤਣ ਦੀ ਸ਼ੈਅ, ਚੰਮ ਦੀ ਗੁੱਡੀ ਜਾਂ ਫਿਰ ਮਰਦ ਦਾ ਕਲੋਲਾਂ ਕਰਦਾ ਖਿਡਾਉਣਾ ਜਿਸਨੂੰ ਗੁਰਬਾਣੀਕਾਰਾਂ ਤੋਂ ਬਾਅਦ ਜੇ ਕਿਸੇ ਨੇ ਸੱਚੇ ਮਨੋਂ ਮਹਿਸੂਸਿਆ ਤਾਂ ਉਹ ਸ਼ਾਇਦ ਅੰਮ੍ਰਿਤਾ ਅਤੇ ਪ੍ਰੋ. ਮੋਹਨ ਸਿੰਘ ਹੀ ਸਨ:—

ਮੈਂ ਚੰਮ ਦੀ ਗੁੱਡੀ, ਖੇਡ ਲੈ ਖਿਡਾ ਲੈ
ਲਹੂ ਦਾ ਪਿਆਲਾ ਪੀ ਲੈ ਪਿਲਾ ਲੈ
ਤੇਰੇ ਸਾਹਵੇਂ ਖੜ੍ਹੀ ਹਾਂ ਅਹਿ ਵਰਤਣ ਦੀ ਸ਼ੈ
ਜਿਵੇਂ ਚਾਹੇ ਵਰਤ ਲੈ।

ਅਤੇ ਪ੍ਰੋ. ਮੋਹਨ ਸਿੰਘ ਹੁਰਾਂ ਨੇ ਵੀ ਇਸ ਮੂਕ ਨਾਰੀ ਨੂੰ ਜ਼ੁਬਾਨ ਦਿੱਤੀ ਹੈ:—

ਬੂਹੇ ਦੇ ਵਿਚ ਚੁੱਪ ਖੜ੍ਹੀ ਸੀ ਜਾਇਦਾਦ

ਚਿੱਟੀ ਸੰਗ ਮਰਮਰ ਦੀ ਥੰਮ੍ਹੀ ਵਾਂਗਰਾਂ ।

....
ਕੋਲ ਮਾਲਕ ਓਸ ਦਾ
ਆਖੇ ਜਾਇਦਾਦ ਦੇ ਮੋਢੇ ਨੂੰ ਫੜ
ਮੇਰੀ ਹੈ ਇਹ ਜਾਇਦਾਦ
ਮੈਂ ਹਾਂ ਮਾਲਿਕ ਏਸ ਦਾ
ਮਨੂੰ ਦਾ ਕਾਨੂੰਨ ਵੀ ਮੇਰੀ ਤਰਫ਼ ।
ਵੇਲੇ ਦੀ ਸਰਕਾਰ ਵੀ
ਪੈਸੇ ਦੀ ਛਣਕਾਰ ਵੀ ।
ਧਰਮ ਲੋਕਾਕਾਰ ਵੀ
ਦਿਲ ਨਹੀਂ ਤੇ ਨਾ ਸਹੀ ।.........

ਇਹੀ ਵਜਾਹ ਹੈ ਕਿ ਕੌਮੀ ਤੇ ਕੌਮਾਂਤਰੀ ਦਿਸਹੱਦਿਆਂ ਤੋਂ ਪਾਰ ਪੁੱਜੀਆਂ ਸਾਡੀਆਂ ਬਹੁਤ ਸਾਰੀਆਂ ਨਾਮਵਰ ਔਰਤਾਂ ਨੂੰ ਔਰਤ ਹੋਣ ਦਾ ਸੰਤਾਪ ਵੀ ਹੈ ਤੇ ਝੋਰਾ ਵੀ । ਜਦੋਂ ਪਿੱਛੇ ਜਿਹੇ ਜ਼ੀ ਟੀ.ਵੀ. ਵਾਲਿਆਂ ਨੇ ਜਿਉਂਦੇ ਜੀ ਗਾਥਾ ਬਣ ਚੁੱਕੀ ਲਤਾ ਮੰਗੇਸ਼ਕਰ ਨੂੰ ਉਸਦੀ ਅਗਲੇ ਜਨਮ ਵਿਚ ਪਿੱਠਵਰਤੀ ਗਾਇਕਾ ਬਣਨ ਦੀ ਆਰਜ਼ੂ ਬਾਰੇ ਪੁੱਛਿਆ ਤਾਂ ਉਹ ਸਭ ਦੇ ਸਾਹਮਣੇ ਪੁਕਾਰ ਉੱਠੀ ਕਿ 'ਪ੍ਰਭੂ ਉਸਨੂੰ ਕਦੇ ਵੀ ਦੋਬਾਰਾ ਔਰਤ ਦੇ ਰੂਪ ਵਿਚ ਨਾ ਭੇਜੇ ।' ਆਪਣੇ ਔਰਤ ਹੋਣ ਦਾ ਗ਼ਰੂਰ ਹੋਣ ਦੀ ਬਜਾਇ ਲਤਾ ਜੀ ਨੂੰ ਡਾਹਢਾ ਪਛਤਾਵਾ ਜਾਪ ਰਿਹਾ ਸੀ । ਇਵੇਂ ਹੀ ਸਾਡੀ ਮਾਣਮੱਤੀ ਗਲਪਕਾਰ ਅਜੀਤ ਕੌਰ ਆਪਣੀ ਸ੍ਵੈ-ਜੀਵਨੀ (ਖ਼ਾਨਾਬਦੋਸ਼) ਵਿਚ ਔਰਤ ਹੋਣ ਨੂੰ 'ਗੁਨਾਹੇ ਅੱਵਲ' ਆਖਦੀ ਹੈ । ਸਾਡੀ ਅਜ਼ੀਮ ਕਲਮਕਾਰ ਅੰਮ੍ਰਿਤਾ ਪ੍ਰੀਤਮ ਦਾ ਅਨੁਭਵ ਵੀ ਇਸ ਤੋਂ ਕੋਈ ਅਲੱਗ ਨਹੀਂ ਹੈ ਜਿਸਨੇ ਔਰਤ ਦੇ ਹੱਕ ਵਿਚ ਖ਼ੂਨ ਦੇ ਅੱਥਰੂ ਵਹਾਉਂਦਿਆਂ ਰੱਜ ਰੱਜ ਕੇ ਲਿਖਿਆ ਤੇ ਹੰਢਾਇਆ ਹੈ ਕਿਉਂਕਿ ਸਮਕਾਲੀਆਂ ਨੇ ਉਸ ਤੇ ਵੀ ਚਿੱਕੜ ਉਛਾਲਣੋਂ ਕੋਈ ਕਸਰ ਨਹੀਂ ਛੱਡੀ । ਇਸ ਪ੍ਰਥਾਇ ਇਕ ਅਜੋਕੀ ਸ਼ਾਇਰਾ ਦੇ ਇਹ ਕਾਵਿ-ਬੋਲ ਕਿੰਨੇ ਅਰਥ ਗਰਭਿਤ ਹਨ :—

ਇਤਨੇ ਗ਼ਮ ਦਿਓ ਮੈਨੂੰ
ਕਿ ਗ਼ਮਾਂ ਦਾ ਅਹਿਸਾਸ ਨ ਰਹੇ ।
ਇਤਨਾ ਰੁਲਾ ਦਿਓ ਮੈਨੂੰ
ਕਿ ਅੱਖੀਆਂ 'ਚ ਹੱਸਾਸ ਨਾ ਰਹੇ ।
ਜੀਦੇ ਜੀਅ ਇਤਨਾ ਰੁਲਾ ਦਿਓ ਮੈਨੂੰ
ਕਿ ਮੌਤ ਦੀ ਤਲਾਸ਼ ਨਾ ਰਹੇ ।
ਇਤਨਾ ਤੋੜ ਦਿਉ ਮੇਰੇ ਦਿਨੀ ਨੂੰ
ਕਿ ਜੁੜਨ ਦੀ ਆਸ ਨ ਰਹੇ ।

ਤੜਫਾਓ, ਰੁਲਾਓ, ਸਤਾਓ
ਕਿ ਜੁੜਨ ਦੀ ਆਸ ਨ ਰਹੇ ।

ਔਰਤ, ਜਨਨੀ ਅਤੇ ਮਾਂ ਬਾਰੇ ਅੱਜ ਤੱਕ ਵਿਦਵਾਨਾਂ, ਵਿਚਾਰਵਾਨਾਂ, ਚਿੰਤਕਾਂ, ਧਰਮਾਂ, ਦਾਰਸ਼ਨਿਕਾਂ, ਲੇਖਕਾਂ, ਅਤੇ ਦਾਨਿਸ਼ਮੰਦਾਂ ਵਲੋਂ ਬੜਾ ਕੁਝ ਲਿਖਿਆ ਗਿਆ ਹੈ । ਕਿਸੇ ਨੇ ਉਸ ਨੂੰ ਧੁਰ ਅਸਮਾਨੇ ਚੜ੍ਹਾ ਛੱਡਿਐ ਅਤੇ ਕਿਸੇ ਨੇ ਐਨ ਪਾਤਾਲੀ ਗੱਡ ਦਿੱਤੈ । ਇਸ ਦਾ ਵਿਚ ਵਿਚਾਲਤਾ ਰੂਪ ਘੱਟ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ ਜਾਣੀ ਮਰਦਾ ਦੀ ਨਜ਼ਰ ਵਿਚ ਜਾਂ ਨਾਰੀ ਦੇਵੀ ਹੈ ਜਾਂ ਫਿਰ ਦਾਸੀ । ਹੱਡ ਮਾਸ ਦੀ ਜਿਉਂਦੀ ਜਾਗਦੀ ਹੋਂਦ ਬਾਰੇ ਬਹੁਤ ਘੱਟ ਜ਼ਿਕਰ ਮਿਲਦੈ । ਇਸਦਾ ਮੁੱਖ ਕਾਰਨ, ਸਾਡੀ ਜਾਚੇ, ਇਹ ਰਿਹਾ ਹੈ ਕਿ ਪੂਰਵਲੇ ਮਤਿ-ਮਤਾਂਤਰਾਂ ਅਤੇ ਧਰਮਾਂ ਵਿਚ ਗ੍ਰਿਹਸਥ ਅਤੇ ਗ੍ਰਿਹਣੀ ਦਾ ਕੋਈ ਮਹੱਤਵ ਨਹੀਂ ਸਵੀਕਾਰਿਆ ਗਿਆ ਸਗੋਂ ਸਿੱਧਾਂ ਨਾਥਾਂ, ਜੋਗੀਆਂ, ਤਪੀਆਂ, ਜਪੀਆਂ ਅਤੇ ਰਿਸ਼ੀਆਂ ਮੁਨੀਆਂ ਨੇ ਇਸ ਨੂੰ ਪਾਣੀ ਪੀ ਪੀ ਕੇ ਕੋਸਿਆ ਹੈ ਅਤੇ ਔਰਤ ਦੇ ਵਿਰੁੱਧ ਰੱਜ ਕੇ ਭੜਾਸ ਕੱਢੀ ਹੈ ਜਿਵੇਂ :–

ਔਰਤ ਕਾਢਿ ਬਾਘਣਿ ਲੈ ਆਇਆ ।
ਮਾਉ ਕਹੈ ਮੇਰਾ ਪੁਤ ਬੀਆਹਿਆ ।
ਗੀਲੀ ਲਕਰੀ ਕਉ ਘੁਣ ਲਾਇਆ ।
ਤਿਨ ਡਾਲ ਮੂਲ ਸਣ ਖਾਇਆ ।

'ਇਸਤਰੀਓਂ ਕੀ ਸਥਿਤੀ' ਵਿਚ ਚੰਦਰਾਵਤੀ ਲਖਨਪਾਲ ਹਿੰਦ ਵਾਸੀਆਂ ਦੀ ਇਸ ਦੋਗਲੀ ਨੀਤੀ 'ਤੇ ਵਿਅੰਗ ਕਰਦਿਆਂ ਲਿਖਦੀ ਹੈ, –"ਭਾਰਤੀ ਵਾਸੀਆਂ ਦੀ ਦੋ ਰੰਗੀ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਇਕ ਪਾਸੇ ਤਾਂ ਆਪਣੇ ਸਾਰੇ ਦੇ ਸਾਰੇ ਆਦਰਸ਼ ਇਸਤਰੀ ਰੂਪ ਵਿਚ ਪੇਸ਼ ਕਰਦੇ ਹਨ ਜਿਵੇਂ ਕਿ ਵਿਦਿਆ ਲਈ ਸਰਸਵਤੀ, ਧਨ ਲਈ ਲੱਛਮੀ, ਪ੍ਰਾਕਰਮ ਲਈ ਮਹਾਂਮਾਇਆ ਜਾਂ ਦੁਰਗਾ, ਸੁੰਦਰਤਾ ਲਈ ਰਤੀ ਤੇ ਪਵਿੱਤਰਤਾ ਲਈ ਗੰਗਾ ਦਾ ਰੂਪ । ਦੂਜੇ ਪਾਸੇ ਇਸਤਰੀ ਦੀ ਉਹ ਦੁਰਗਤੀ ਕੀਤੀ ਹੈ ਕਿ ਉਸਨੂੰ ਪੈਰ ਦੀ ਜੁੱਤੀ ਦੱਸਿਆ ਹੈ ।" ਹੋਰ ਤਾਂ ਹੋਰ ਅਰਸਤੂ ਜਿਹੇ ਚਿੰਤਕ ਨੇ ਔਰਤ ਨੂੰ ਇਕ ਨਾਮੁਕੰਮਲ ਸ਼ੈਅ ਆਖਿਆ ਹੈ ਅਤੇ ਪੀ.ਥਾਮਸ (Indian woman through ages) ਅਨੁਸਾਰ ਕੇਵਲ ਹਿੰਦੂ ਧਰਮ ਵਿਚ ਹੀ ਨਹੀਂ ਸਗੋਂ ਮੁਸਲਿਮ ਧਰਮ ਵਿਚ ਵੀ ਔਰਤ ਦੀ ਹਾਲਤ ਬੜੀ ਖ਼ਰਾਬ ਹੈ । ਇਕ ਮੁਸਲਮਾਨ ਮਰਦ ਤਾਂ ਕਿਸੇ ਗ਼ੈਰ-ਮੁਸਲਿਮ ਔਰਤ ਨਾਲ ਸ਼ਾਦੀ ਰਚਾ ਸਕਦਾ ਹੈ ਪਰੰਤੂ ਇਕ ਮੁਸਲਮਾਨ ਨਾਰੀ ਕਿਸੇ ਗ਼ੈਰ ਮੁਸਲਿਮ ਨਾਲ ਨਿਕਾਹ ਨਹੀਂ ਕਰ ਸਕਦੀ । ਬਾਈਬਲ ਵਿਚ ਵੀ ਉਸਦੀ ਹੇਠੀ ਦੇ ਸੰਕੇਤ ਹਨ ਤੇ ਯਹੂਦੀ ਲੋਕਾਂ ਦੀ ਤਾਂ ਪ੍ਰਾਰਥਨਾ ਦੇ ਬੋਲ ਹੀ ਕੁਝ ਇਸ ਪ੍ਰਕਾਰ ਹਨ:– 'ਸ਼ੁਕਰ ਹੈ ਮਾਲਕ ਕਿ ਤੂੰ ਸਾਨੂੰ ਯਹੂਦੀ ਧਰਮ ਤੋਂ ਬਾਹਰ ਪੈਦਾ ਨਹੀਂ ਕੀਤਾ । ਲੱਖ ਵਾਰ ਸ਼ੁਕਰ ਹੈ ਕਿ ਤੂੰ ਸਾਨੂੰ ਗ਼ੁਲਾਮ ਪੈਦਾ ਨਹੀਂ ਕੀਤਾ । ਲੱਖ ਵਾਰ ਸ਼ੁਕਰ ਹੈ ਕਿ ਤੂੰ ਸਾਨੂੰ ਔਰਤ ਦੀ ਜੂਨੇ ਪੈਦਾ ਨਹੀਂ ਕੀਤਾ ।' ਪ੍ਰਾਚੀਨ ਸਮਿਆਂ ਵਿਚ

ਸਾਡੇ ਦੇਸ਼ ਵਿਚ ਯੱਗ ਕਰਦਿਆਂ ਕੁੱਤੇ, ਸ਼ੂਦਰ ਅਤੇ ਔਰਤ ਵੱਲੀਂ ਤੱਕਣ ਦੀ ਮਨਾਹੀ ਸੀ। ਲਿਹਾਜ਼ਾ ਸਮਾਜਦਾਤੀ (ਔਰਤ) ਦਾ ਦਰਜਾ ਕੁੱਤੇ ਅਤੇ ਸ਼ੂਦਰ ਸਮਾਨ ਰੱਖਿਆ ਗਿਆ ਸੀ। ਇਕ ਧਰਮ ਸੂਤਰ ਅਨੁਸਾਰ ਨਿਰਸੰਤਾਨ ਪਤਨੀ ਵਿਆਹ ਦੇ ਦਸ ਸਾਲਾਂ ਪਿੱਛੋਂ, ਕੰਨਿਆਵਾਂ ਪੈਦਾ ਕਰਨ ਵਾਲੀ ਨੂੰ ਬਾਰਾਂ ਵਰ੍ਹੇ ਪਿੱਛੋਂ 'ਤੇ ਜਿਹਦੇ ਬੱਚੇ ਹੋ ਕੇ ਮਰ ਜਾਣ ਉਸ ਨੂੰ ਪੰਦਰਾਂ ਸਾਲਾਂ ਪਿਛੋਂ ਛੱਡਣ ਦੀ ਪ੍ਰਥਾ ਦਾ ਸਖ਼ਤਾਈ ਨਾਲ ਪਾਲਣਾ ਦਾ ਨਿਯਮ ਰਿਹਾ ਹੈ ਕਿਉਂਕਿ ਇਸਨੂੰ ਔਰਤ ਦੇ ਅਪਰਾਧਾਂ ਵਿਚ ਸ਼ੁਮਾਰ ਕੀਤਾ ਜਾਂਦਾ ਸੀ। ਉੱਧਰ ਪੱਛਮੀ ਲੇਖਕ ਵਿਕਟਰ ਹਿਊਗੋ ਤੇ ਚੇਸਟਰਫੀਲਡ ਵੀ ਔਰਤ ਨੂੰ ਪ੍ਰਕ੍ਰਿਤੀ ਦੀ ਮਜ਼ੇਦਾਰ ਗ਼ਲਤੀ ਕਹਿੰਦੇ ਹਨ ਪਰੰਤੂ ਚੀਨੀ-ਚਿੰਤਕ ਮਾਉ-ਸੇ-ਤੁੰਗ ਇਸ ਪੱਖੋਂ ਬੜਾ ਸਤੁੰਲਤ ਦ੍ਰਿਸ਼ਟੀਕੋਣ ਪ੍ਰਸਤੁਤ ਕਰਦਾ ਹੈ ਕਿ—'ਕੁਦਰਤ ਦੇ ਸੰਘਰਸ਼ ਵਿਰੁੱਧ ਮਰਦ ਅਤੇ ਔਰਤ ਦੋਵੇਂ ਇਕੱਠੇ ਜੂਝਦੇ ਹਨ। ਸਮਾਜਿਕ ਘੋਲ ਵਿਚ ਇਸਤਰੀ ਪੁਰਸ਼ ਦੋਹਾਂ ਦਾ ਸਾਂਝਾ ਯੋਗਦਾਨ ਹੈ ਪ੍ਰੰਤੂ ਮਰਦ ਵਿਰੁੱਧ ਸੰਘਰਸ਼ ਵਿਚ ਔਰਤ ਇਕੱਲੀ ਕਾਰੀ ਹੈ।' ਇੰਵ, ਵਿਭਿੰਨ ਰੂਪਾਂ, ਰੋਲਾਂ, ਰੰਗਾਂ, ਹੈਸੀਅਤਾਂ, ਭੂਮਿਕਾਵਾਂ ਵਿਚ ਸਮਾਜਿਕ, ਪਾਰਿਵਾਰਿਕ, ਪਰੰਪਰਿਕ, ਪ੍ਰਕ੍ਰਿਤਕ ਅਤੇ ਘਰੇਗੀ ਜ਼ਿੰਮੇਵਾਰੀਆਂ ਨਿਭਾਉਂਦੀ ਹੋਈ ਔਰਤ ਦੁਸ਼ਵਾਰੀਆਂ ਦੀ ਨਿਰੰਤਰ ਗਾਥਾ ਬਣਨ ਲਈ ਮਜਬੂਰ ਹੈ ਜਿਸ ਦਾ ਪ੍ਰਗਟਾਵਾ ਇਨ੍ਹਾਂ ਸਤਰਾਂ ਤੋਂ ਕਿੰਨੇ ਭਾਵਪੂਰਤ ਢੰਗ ਨਾਲ ਹੁੰਦੈ:—

ਸਾਡੇ ਲਈ ਤਾਂ ਗੰਧ ਮੁੜ੍ਹਕੇ ਦੀ
ਜਾਪੀ ਅਤਰ ਫੁਲੇਲਾਂ ਵਰਗੀ।
ਅੱਖੋਂ ਵਗਦੇ ਹੰਝੂਆਂ ਦੀ ਚੁੱਪ
ਬਣੀ ਸਾਉਣ ਦੀ ਰਿਮਝਿਮ ਵਰਗੀ।
ਤੋਰ ਤੁਰੇ ਅਸੀਂ ਤੁਰਦੇ ਜਾਈਏ
ਸਾਡੀ ਤੋਰ ਨਾ ਕਿਸੇ ਪਛਾਣੀ
ਅਸੀਂ ਮੁੱਢੋਂ ਤੰਗੀਆਂ ਦੇ ਹਾਣੀ।

ਦਰਅਸਲ ਹਰ ਜੀਵ ਰੱਬ ਤੋਂ ਪਿੱਛੋਂ ਕਿਸੇ ਦਾ ਦੇਣਦਾਰ ਹੈ ਤਾਂ ਉਹ ਜਨਨੀ ਹੈ। ਮਾਂ ਹੀ ਹੈ ਜਿਹੜੀ ਪਹਿਲਾਂ ਜਨਮ ਦਿੰਦੀ ਹੈ ਤੇ ਫਿਰ ਜ਼ਿੰਦਗੀ ਦੇ ਯੋਗ ਬਣਾਉਂਦੀ ਹੈ। ਆਪਣੇ ਲਹੂ ਮਾਸ ਨੂੰ ਖੋਰ ਕੇ, ਜ਼ਫ਼ਰ ਜਾਲ ਕੇ ਅਤੇ ਅਸਹਿ ਪੀੜਾ ਝਾਗ ਕੇ ਨੰਨ੍ਹੀ, ਮੁੰਨੀ ਜਿੰਦ ਦੀ ਸਿਰਜਣਾ ਰੱਬੀ ਸਿਰਜਣਾ ਹੀ ਤਾਂ ਹੈ ਪਰੰਤੂ ਬਾਵਜੂਦ ਸਭ ਕੁਰਬਾਨੀਆਂ, ਲਾਸਾਨੀਆਂ ਅਤੇ ਪਰੇਸ਼ਾਨੀਆਂ ਦੇ, ਪੱਕੇ ਪੈਰੀਂ ਹੁੰਦਿਆਂ ਮਰਦ ਉਹਦੇ 'ਤੇ ਲੁਕਵੇਂ ਅਤੇ ਕੋਝੇ ਵਾਰ ਕਰਨੋਂ ਵੀ ਸੰਕੋਚ ਨਹੀਂ ਕਰਦਾ ਜਿਸਨੂੰ ਇਕ ਸ਼ਾਇਰ ਨੇ ਇਵੇਂ ਪ੍ਰਗਟਾਇਐ:—

ਮੈਂ ਬੰਦੇ ਨੂੰ ਜੀਵਨ ਦੇਵਾਂ
ਇਹੀ ਤਿੱਖੀ ਤਲਵਾਰ ਹੈ ਕਰਦਾ।
ਸੌ ਸੌ ਵਾਰ ਮੈਂ ਵਾਰੀ ਜਾਵਾਂ
ਮੇਰੇ ਉੱਤੇ ਵਾਰ ਹੈ ਕਰਦਾ।

ਸਾਡਾ ਮਿਥਿਹਾਸ ਅਤੇ ਇਤਿਹਾਸ ਸਾਖੀ ਹੈ ਕਿ ਸੀਤਾ ਜਿਹੀ ਸਤਵੰਤੀ ਅਤੇ ਪਤੀਬਰਤਾ ਨਾਰੀ 'ਤੇ ਕਿਹੜੇ ਕਿਹੜੇ ਕਹਿਰ ਨਹੀਂ ਢਾਏ ਗਏ। ਪੰਚਾਲੀ (ਦਰੋਪਦੀ) ਦੀ ਕੀ ਦੁਰਗਤੀ ਕੀਤੀ ਗਈ। ਮੀਰਾਂ ਨਾਲ ਕੀ ਕੁਝ ਵਾਪਰਿਆ। ਯੂਨਾਨੀ ਲੇਖਕਾ ਸ਼ੈਫੋ ਜਲਾਵਤਨੀ ਭੋਗਣ ਲਈ ਅਜਿਹੀ ਮਜਬੂਰ ਕਰ ਦਿੱਤੀ ਗਈ ਜਿਹੜੀ ਕਿ ਆਪਣੇ ਜੀਵਨ ਕਾਲ ਵਿਚ ਕੁਝ ਵੀ ਛਪਵਾ ਨਾ ਸਕੀ। ਪੋਲਿਸ਼ ਸ਼ਾਇਰਾ ਕਾਦੀਆ ਦੇਸ਼ ਵਿਚੋਂ ਕੱਢ ਦਿੱਤੀ ਗਈ। ਸਵੀਡਿਸ਼ ਕਵਿੱਤਰੀ ਕਾਰਨ ਬੋਯੇ ਨੂੰ ਜੀਵਨ ਲੀਲ੍ਹਾ ਸਮੇਟਣੀ ਪਈ। ਵਰਜੀਨੀਆ ਵੂਲਫ਼ ਖ਼ੁਦਕਸ਼ੀ ਦੇ ਰਾਹ ਚਲੇ ਗਈ। ਤਸਲੀਮਾ ਨਸਰੀਨ ਨੂੰ ਸੱਚ 'ਤੇ ਪਹਿਰਾ ਦਿੰਦਿਆਂ ਕਿਵੇਂ ਦਰ ਦਰ ਖ਼ਾਕ ਛਾਨਣ ਲਈ ਬੇਬਸ ਹੋਣਾ ਪਿਆ ਹੈ। ਤੇ ਜਨਰਲ ਅੰਗ ਦੀ ਇਨਕਲਾਬੀ ਸੋਚ ਵਾਲੀ ਜਾਂਬਾਜ਼ ਬੇਟੀ ਸੂ ਕਾਈ ਅੰਗ ਕਿਵੇਂ ਮਯਾਨਮਾਰ ਦੀ ਨਜ਼ਰਬੰਦੀ ਭੋਗਦੀ ਆਪਣੇ ਪਤੀ ਦੇ ਸੰਸਕਾਰ ਵਿਚ ਸ਼ਾਮਲ ਤੱਕ ਨਹੀਂ ਹੋ ਸਕੀ। ਇਹ ਹੋਣੀ ਤਾਂ ਉਨ੍ਹਾਂ ਸੰਘਰਸ਼ ਸ਼ੀਲ ਅਤੇ ਸੁਕਰਮੀ ਨਾਰਾਂ ਦੀ ਹੈ ਜਿਹੜੀਆਂ ਆਪਣੀ ਜ਼ਮੀਰ ਦੀ ਆਵਾਜ਼ ਸੁਣਦਿਆਂ ਆਪਣੀਆਂ ਅਸੀਮ ਸੰਭਾਵਨਾਵਾਂ ਅਤੇ ਸਮੱਰਥਾਵਾਂ ਨੂੰ ਪਹਿਚਾਨਣ ਦੇ ਕਾਬਲ ਹੋ ਸਕੀਆਂ ਹਨ। ਅਣਗਿਣਤ ਹੋਰ ਜਿਹੜੀਆਂ ਵਕਤ ਦੀ ਬੇ-ਕਿਰਕ ਧੁੰਦਲ ਹੇਠ ਦੱਬੀਆ-ਕੁਚਲੀਆਂ ਗਈਆਂ। ਸਦਾ ਸਦਾ ਲਈ ਮਰ ਮਿਟ ਗਈਆਂ।

ਮੇਰੇ ਮਿਹਰਬਾਨ ਪਾਠਕੋ ! ਅੱਜ ਸਵੇਰੇ ਸਵੇਰੇ ਜਦੋਂ 'ਪਾਇਨੀਅਰ' ਅਖ਼ਬਾਰ ਖੋਲ੍ਹੀ ਤਾਂ ਨੰਨੀ ਮੁੰਨੀ 'ਸ਼ਹਿਜ਼ਾਦੀ' ਦੀ ਰੂਹ-ਹਿਲਾਊ ਖ਼ਬਰ ਨੇ ਬੇਚੈਨ ਕਰ ਦਿੱਤਾ। ਸਾਰਾ ਦਿਨ ਸ਼ਹਿਜ਼ਾਦੀ ਦੀਆਂ ਚੀਕਾਂ, ਫਰਿਆਦਾਂ ਅਤੇ ਕੂਕਾਂ ਨੇ ਮੇਰਾ ਮਨ-ਅਸਮਾਨ ਗੁੰਜਾਈ ਰੱਖਿਆ। ਉਹ ਮਾਂ-ਮਹਿੱਟਰ ਬੱਚੀ ਦੇਸ਼ ਦੀ ਰਾਜਧਾਨੀ ਲਈ ਤੁਰਨ ਲੱਗੀ ਕਿੰਨੀ ਉਤਸ਼ਾਹਿਤ ਹੋਈ ਹੋਵੇਗੀ ਜਿਸ ਨੇ ਮੱਧ ਪ੍ਰਦੇਸ਼ ਦੀ ਤੰਗੀ ਤੁਰਸ਼ੀ ਅਤੇ ਗ਼ਰੀਬੀ ਤੋਂ ਬਿਨਾਂ ਕੁਝ ਹੋਰ ਕਦੇ ਦੇਖਿਆ ਸੋਚਿਆ ਨਹੀਂ ਹੋਵੇਗਾ। ਕਿਰਤੀ ਬਾਪ ਦੀ ਲਾਡਲੀ ਧੀ ਦਿੱਲੀ ਰੇਲਵੇ ਸਟੇਸ਼ਨ ਦੇ ਪਲੇਟਫਾਰਮ 'ਤੇ ਉਸੇ ਤਰਾਂ ਅਣਭੋਲ ਸੁੱਤੀ ਹੋਈ ਸੀ ਜਿਵੇਂ ਬੇਸ਼ੁਮਾਰ ਹੋਰ ਭਾਰਤੀ ਗਰੀਬ ਲੋਕ। ਜਦੋਂ ਕੁਝ ਬਦਨੀਅਤੇ ਗੁੰਡੇ ਉਸ ਦੇ ਪਿਤਾ ਨੂੰ ਬੇਟਿਕਟੇ ਸਫ਼ਰ ਕਰਨ ਦੇ ਝੂਠੇ ਇਲਜ਼ਾਮ ਹੇਠ ਨਾਲ ਲਗਦੀ ਪੁਲਿਸ ਚੌਕੀ ਲੈ ਤੁਰੇ ਤਾਂ ਨੀਂਦ ਦੇ ਆਲਮ ਵਿਚ ਪੀਰ ਮੁੰਹਮਦ ਨੂੰ ਖੀਸੇ ਵਿਚ ਪਈ ਟਿਕਟ ਵੀ ਨਾ ਸੁੱਝੀ। ਸ਼ਹਿਜ਼ਾਦੀ ਨੂੰ ਨਾਲ ਲਿਜਾਣ ਦੇ ਉਸਦੇ ਤਰਲੇ ਵਹਿਸ਼ੀਆਂ ਨੇ ਠੁਕਰਾ ਦਿੱਤੇ ਕਿਉਂਕਿ ਅਸਲ ਵਿਚ ਇਹ ਸਾਰਾ ਨਾਟਕ ਸ਼ਹਿਜ਼ਾਦੀ ਨੂੰ ਚੁੱਕਣ ਤੇ ਭੋਗਣ ਲਈ ਹੀ ਕੀਤਾ ਗਿਆ ਸੀ। ਟਿਕਟ ਵਿਖਾ ਕੇ ਜਦੋਂ ਤ੍ਰਾਹੁੰਦਾ ਬਾਪ ਵਾਪਸ ਉਸ ਥਾਂ 'ਤੇ ਪੁੱਜਾ ਤਾਂ ਨਾ ਉੱਥੇ ਉਹ ਸ਼ਹਿਜ਼ਾਦੀ ਸੀ ਤੇ ਨਾ ਹੀ ਜੀਵਨ ਦਾ ਬਾਕੀ ਸਾਜ਼ੋ-ਸਾਮਾਨ। ਪਲਾਂ ਵਿਚ ਹੀ ਸਭ ਕੁਝ ਤੋਂ ਹੱਥ ਧੋ ਬੈਠਾ ਪੀਰ ਮੁਹੰਮਦ ਅੱਜ ਇਕ ਇਕੱਲ ਕਾਰਾ ਸ਼ਖ਼ਸ ਨਹੀਂ ਹੈ। ਉਸ ਜਿਹੇ ਬੇਅੰਤ ਹੋਰ ਵੀ ਹਨ ਜਿਨ੍ਹਾਂ ਦੀਆਂ ਆਂਦਰਾਂ ਨੂੰ ਚੀਰਨ ਵਾਲੇ ਦੋਖੀ ਅਕਸਰ ਅੱਜ ਚਾਰ ਚੁਫੇਰੇ ਹਰਲ ਹਰਲ ਕਰਦੇ ਫਿਰਦੇ

ਹਨ । ਲਗਦੈ ਜਿਵੇਂ ਇਸ ਜ਼ਮਾਨੇ ਨੂੰ ਭੂਚਾਲ ਆ ਗਿਆ ਹੈ ਕੋਈ । ਏਡਜ਼ ਦੀ ਭਿਅੰਕਰਤਾ ਅਤੇ ਵਿਆਪਕਤਾ ਨੇ ਅੱਜ ਕੰਜ ਕੰਵਾਰੀਆਂ ਬਾਲੜੀਆਂ ਅਤੇ ਨੰਨ੍ਹੀਆਂ ਮੁਨੀਆਂ ਕਲੀਆਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ । 'ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ' ਦੇ ਅਖਾਣ ਅਨੁਸਾਰ ਵਡੇਰੀਆਂ ਦਾ ਜਬਰ ਜਿਨਾਹ ਕਰ ਕੇ ਮੌਤ ਦਾ ਖ਼ਤਰਾ ਸਹੇੜਣ ਦੇ ਡਰੋ ਹੁਣ ਦਰਿੰਦਿਆਂ ਨੇ ਭੋਲੀਆਂ ਭਾਲੀਆਂ ਕੰਨਿਆਵਾਂ ਦਾ ਦੈਹਿਕ ਸੋਸ਼ਣ ਆਰੰਭ ਦਿੱਤਾ ਹੈ । ਪਲ ਭਰ ਦੀ ਵਹਿਸ਼ੀ ਖ਼ੁਸ਼ੀ ਲਈ ਇਸ ਕਦਰ ਸ਼ਹਿਜ਼ਾਦੀ ਜਿਹੀਆ ਮਾਸੂਮਾਂ ਦੇ ਬਲਾਤਕਾਰ ਅਤੇ ਪਿੱਛੋ ਮੌਤ ਦੀ ਅਗੋਸ਼ ਹੁਣ ਹਰ ਦਿਨ ਆਮ ਵਰਤਾਰਾ ਬਣ ਕੇ ਰਹਿ ਗਿਆ ਹੈ । ਇੱਕਲੇ ਖ਼ਾਲਸਾ-ਸਾਜਨਾ ਦੇ ਤ੍ਰੈ ਸ਼ਤਾਬਦੀ ਵਰ੍ਹੇ ਵਿਚ ਹੀ 26 ਲੱਖ ਲੋਕ ਏਡਜ਼ ਦੀ ਮਹਾਂਮਾਰੀ ਨਾਲ ਪ੍ਰਲੋਕ-ਗਮਨ ਕਰ ਗਏ ਹਨ ਜਦੋਂ ਕਿ ਇਸ ਸਿਰਜਣਾ ਦਾ ਪ੍ਰਮੁੱਖ ਸੰਦੇਸ਼ ਪਰਨਾਰੀ ਅਤੇ ਪਰਪੁਰਖ ਦਾ ਮੁਕੰਮਲ ਤਿਆਗ ਹੈ । ਅਫਰੀਕੀ ਦੇਸਾਂ ਵਲੋਂ ਤੁਰੀ ਇਹ ਵਬਾ ਅੱਜ ਭਾਰਤ ਨੂੰ ਵੀ ਇਸ ਕ਼ਦਰ ਆਪਣੀ ਗ੍ਰਿਫ਼ਤ ਵਿਚ ਲੈ ਚੁੱਕੀ ਹੈ ਕਿ ਇਸ ਦਾ ਕੋਈ ਬਾਹ ਬੰਨਾ ਹੱਥ ਨਹੀਂ ਆ ਰਿਹਾ । ਪਹਿਲੇ ਵੇਲਿਆਂ ਵਿਚ 'ਰੈੱਡ ਲਾਈਟ ਏਰੀਏ' ਗਹਿ ਗੱਚ ਵੱਸੋ ਤੋਂ ਦੁਰੇਡੀਆਂ ਕੋਈ ਬਦਨਾਮ ਬਸਤੀਆਂ ਹੋਇਆ ਕਰਦੀਆਂ ਸਨ ਜਦੋਂ ਕਿ ਹੁਣ ਗਲੀ ਗਲੀ, ਮੌੜ ਮੌੜ ਤੇ ਮੁਹੱਲਿਆਂ ਵਿਚ ਦੇਹ ਵਪਾਰ, ਜਿਸਮ-ਫਰੋਸ਼ੀ ਅਤੇ ਵੇਸਵਾਗਮਨੀ ਦਾ ਦੌਰ ਦੌਰਾ ਹੈ। ਪਰਿਸਥਿਤੀਆਂ ਬੜੀਆਂ ਹੀ ਧਮਾਕਾਖ਼ੇਜ਼ ਬਣਦੀਆਂ ਜਾ ਰਹੀਆਂ ਹਨ ਕਿਉਂਕਿ ਨੈਤਿਕਤਾ, ਇਖ਼ਲਾਕ ਅਤੇ ਮਾਨਵੀ ਕਦਰਾਂ ਕੀਮਤਾਂ ਖੰਭ ਲਾ ਕੇ ਉਡਦੀਆਂ ਜਾ ਰਹੀਆਂ ਹਨ । ਪੱਛਮੀ ਦੇਸ਼ਾਂ ਦੇ ਕਈ ਅਮਾਨਵੀ ਪਹਿਲੂ ਅਤੇ ਨਾਕਾਰਤਿਕ ਮੁੱਲ ਸਾਡੇ ਮਾਣਯੋਗ ਸਭਿਆਚਾਰ ਅਤੇ ਸਭਿਅਤਾ ਨੂੰ ਪਲੀਤ ਕਰ ਰਹੇ ਹਨ ਜਿਸ ਦਾ ਸਿੱਟਾ ਇਹੀ ਹੈ ਕਿ ਹੱਦੋਂ ਬਾਹਰੀ ਖੁੱਲ੍ਹ ਡੁੱਲ੍ਹ ਅਤੇ ਸਾਡੇ ਆਗੂਆਂ ਦੇ ਗ਼ੈਰ ਜ਼ਿੰਮੇਵਾਰਾਨਾ ਰੱਵਈਏ ਕਾਰਨ ਨਾ ਏਡਜ਼ ਨੂੰ ਠੱਲ੍ਹ ਪੈ ਰਹੀ ਹੈ ਅਤੇ ਨਾ ਹੀ ਬਲਾਤਕਾਰ ਘਟ ਰਹੇ ਹਨ । ਹਰ ਨਵੇਂ ਸੂਰਜ ਨਵਾਂ ਆਗਾਜ਼ ਹੁੰਦਾ ਹੈ। ਹਰ ਨਵੀਂ ਟਿੱਕੀ ਨਾਲ ਹੋਰ ਕੋਮਲ ਕਲੀਆਂ, ਅਬੋਧ ਮੁਟਿਆਰਾਂ, ਅੱਲੜ੍ਹ ਬੱਚੀਆਂ, ਵਿਆਹੀਆਂ ਵਰੀਆਂ ਨਾਰਾਂ, ਬੁੱਢੀਆਂ ਦਾਦੀਆਂ ਤੇ ਨਾਨੀਆਂ ਦੇ ਜਿਸਮਾਂ ਨੂੰ ਰੌਂਦਿਆਂ ਜਾਂਦਾ ਹੈ ।

ਸੂਝਵਾਨ ਪਾਠਕੋ ! ਕਿਸੇ ਵੀ ਉਮਰ ਦੀ ਬੱਚੀ ਤੇ ਬੁੱਢੀ ਸਾਡੇ ਇੱਥੇ ਸੁਰੱਖਿਅਤ ਨਹੀਂ । ਚਾਲੀ ਦਿਨ ਦੀ ਪੰਘੂੜੇ ਪਈ ਬੱਚੀ ਵੀ ਬਲਾਤਕਾਰ ਦਾ ਸ਼ਿਕਾਰ ਹੋ ਚੁੱਕੀ ਹੈ ਅਤੇ 106 ਵਰ੍ਹਿਆਂ ਦੀ ਪੜਨਾਨੀ ਜਾਂ ਪੜਦਾਦੀ ਵੀ । ਪਿੱਛੇ ਜਿਹੇ ਗਿਆਰਾਂ ਮਹੀਨਿਆਂ ਦੀ ਬਾਲੜੀ ਨਾਲ ਉਸ ਦੇ ਬਾਪ ਦੇ ਹੀ ਲੰਗੋਟੀਏ ਨੇ ਫਗਵਾੜੇ ਵਿਖੇ ਉਦੋਂ ਬਲਾਤਕਾਰ ਕੀਤਾ ਜਦੋਂ ਬੱਚੀ ਦਾ ਪਿਤਾ ਉਸ ਦੀ ਬੀਮਾਰ ਮਾਂ ਲਈ ਦਵਾਈ ਲੈਣ ਗਿਆ ਹੋਇਆ ਸੀ । ਸ਼ਿਵ ਕੁਮਾਰ ਬਟਾਲਵੀ ਨੇ ਜੋ ਕੁਝ ਕਦੇ ਮਿਹਣੇ ਵਜੋਂ ਲਿਖਿਆ ਸੀ ਉਹ ਅੱਜ ਬਿਲਕੁਲ ਸੱਚ ਹੋ ਕੇ ਵਾਪਰ ਰਿਹਾ ਹੈ:—

ਪਿਤਾ ਜੇ ਧੀ ਦਾ ਰੂਪ ਹੰਢਾਵੇ
ਲੋਕਾ ਵੇ ਤੈਨੂੰ ਲਾਜ ਨਾ ਆਵੇ।
ਲੂਣਾ ਜੇ ਪੂਰਨ ਨੂੰ ਚਾਹਵੇ
ਚਰਿੱਤਰਹੀਨ ਕਿਉਂ ਆਖੇ ਜੀਭ ਜਹਾਨ ਦੀ ?
ਮੈਂ ਲੂਣਾ ਪੂਰਨ ਦੀ ਮਾਂ
ਪੂਰਨ ਦੇ ਹਾਣ ਦੀ।

ਕਲਿਯੁਗੀ ਬਾਪਾਂ ਵਲੋਂ ਹੁਣ ਸ਼ਰੇਆਮ ਧੀਆਂ ਨਾਲ ਜਬਰ ਜਿਨਾਹ ਕਰਨ ਦੀਆਂ ਮਨਹੂਸ ਖ਼ਬਰਾਂ ਹਨ। ਅਤਿ ਨਜ਼ਦੀਕੀ ਸੰਬੰਧੀਆਂ ਵਲੋਂ ਅਜਿਹੇ ਕਾਲੇ ਕਾਰਨਾਮੇ ਤਾਂ ਇਕ ਆਮ ਗੱਲ ਹੈ ਹੁਣ। ਪਿਛਲੇ ਵਰ੍ਹੇ ਪੰਦਰਾਂ ਕੁ ਹਜ਼ਾਰ ਕੇਸ ਰਜਿਸਟਰਡ ਹੋਏ ਸਨ। ਏਦੂ ਕਿਤੇ ਵੱਧ ਅਨਰਜਿਸਟਰਡ ਹੋਣਗੇ ਜਿੱਥੇ ਜ਼ਲਾਲਤ ਤੇ ਬਦਨਾਮੀ ਦੇ ਡਰੋਂ ਸਾਡੇ ਲੋਕ ਪੁਲਿਸ ਤੱਕ ਨਹੀਂ ਪਹੁੰਚਦੇ ਜਿਵੇਂ ਕਿ ਭਤੀਜੀ ਨਾਲ ਮੂੰਹ ਕਾਲਾ ਕਰਨ ਵਾਲੇ ਇਕ ਚਾਚੇ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਡੱਕਣ ਦੀ ਥਾਂ ਪੀੜਤ ਲੜਕੀ ਤੇ ਉਹਦੀ ਮਾਂ ਦਾ ਹੀ ਪਿੰਡ ਦੀ ਪੰਚਾਇਤ ਨੇ ਸਮਾਜਿਕ ਬਾਈਕਾਟ ਕਰਵਾ ਦਿੱਤਾ ਕਿਉਂਕਿ ਉਨ੍ਹਾਂ ਦਾ ਕਸੂਰ ਇਹ ਸੀ ਕਿ ਉਨ੍ਹਾਂ ਨੇ ਬਲਾਤਕਾਰ ਦੀ ਕਨਸੋਅ ਦੂਜਿਆਂ ਨੂੰ ਕਿਉਂ ਪੈਣ ਦਿੱਤੀ। ਭਾਵੇਂ ਬਾਕੀ ਕਿਤੇ ਵੀ ਅਜਿਹੇ ਬੜੇ ਹੌਲਨਾਕ ਤੇ ਦੁੱਖਦਾਇਕ ਕਾਂਡ ਵਾਪਰ ਰਹੇ ਹਨ ਪਰੰਤੂ ਸਾਡੇ ਤਾਂ ਜ਼ਮੀਨ ਅਸਮਾਨ ਕੰਬਾਉਣ ਵਾਲੀਆਂ ਅਣਹੋਣੀਆਂ ਘਟ ਰਹੀਆਂ ਹਨ ਜਿਵੇਂ ਨੀਮ ਫੌਜੀ ਦਸਤਿਆਂ ਵਲੋਂ ਗਯਾ ਵਿਚ ਸੈਂਕੜੇ ਨਾਰੀਆਂ ਦੇ ਦਿਨ ਦਿਹਾੜੇ ਖੇਹ ਖ਼ਰਾਬੇ, ਉੱਤਰ-ਖੰਡੀ ਮਹਿਲਾਂ ਵਰਕਰਾਂ ਦਾ ਉਨ੍ਹਾਂ ਦੇ ਹੀ ਪੁਰਖ ਵਰਕਰਾਂ ਵਲੋਂ ਸ਼ਰੇਆਮ ਦੇਹ-ਸ਼ੋਸ਼ਣ, ਨਵ-ਵਿਆਹੁਤਾ ਅਤੇ ਡੋਲੀ 'ਚ ਹੀ ਸਜੀ ਜਾ ਰਹੀ ਮੁਟਿਆਰ ਸਵਰਨਾ ਦਾ ਰਾਹ ਵਿਚ ਹੀ ਪੂਰੇ ਸੁਸਰਾਲ ਦੇ ਮਰਦਾਂ ਵਲੋਂ ਬਲਾਤਕਾਰ ਤੇ ਮੌਤ, ਪ੍ਰੇਤ ਆਤਮਾਵਾਂ ਦੀ ਖ਼ੁਸ਼ਨੂਦੀ ਲਈ ਬਲਾਤਕਾਰ, ਜੇਲ੍ਹਾਂ, ਨਾਰੀ ਆਸ਼ਰਮਾਂ, ਅਪੰਗ ਵਿਦਿਆਲਿਆ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਅੰਦਰ ਜਬਰ ਜਿਨਾਹ। ਕਿਸ ਕਿਸ ਦਾ ਜ਼ਿਕਰ ਕੀਤਾ ਜਾਵੇ ! ਅਜਿਹੇ ਮੌਕੇ ਮੈਨੂੰ ਇਕ ਕਵਿਤਾ ਵਿਚਲੇ ਬੋਲ ਟੁੰਬ ਰਹੇ ਹਨ :—

ਅੱਜ ਵਾਰਿਸ ਮੇਰਾ ਮਰ ਗਿਆ
ਮੈਂ ਵਿਕੀ ਹਾਂ ਭਰੇ ਬਾਜ਼ਾਰ।
ਮੇਰਾ ਜਿਸਮ ਉਨ੍ਹਾਂ ਨੇ ਨੋਚਿਆ
ਕੀਤਾ ਜਿਨ੍ਹਾਂ 'ਤੇ ਇਤਬਾਰ।
ਮੈਂ ਪਹਿਨਣ ਲਈ ਮਜਬੂਰ ਹਾਂ
ਇਹ ਭਿੱਟਿਆ ਹੋਇਆ ਲਿਬਾਸ।
ਅੱਜ ਲਿਖੂੰ ਕਾਗਜ਼ ਦੀ ਹਿੱਕ 'ਤੇ
ਇਨ੍ਹਾਂ ਜ਼ੁਲਮਾਂ ਦਾ ਇਤਿਹਾਸ।

ਰੋਜ਼ ਦਿਹਾੜੇ ਅਜਿਹੀਆਂ ਜ਼ਾਲਮਾਨਾ ਤੇ ਕਹਿਰ ਭਰੀਆਂ ਘਟਨਾਵਾਂ ਵਾਚਦਿਆਂ ਮੈਨੂੰ ਫਰਾਂਸੀਸੀ ਨਾਰੀਵਾਦੀ ਲੇਖਕਾ ਸੀਮੋਂਨ ਦੀਬੋਵਾ ਯਾਦ ਆ ਜਾਂਦੀ ਹੈ ਜਿਸਨੇ ਕਿੰਨਾ ਵਜਾ ਕਿਹਾ ਸੀ ਕਿ 'ਇਹ ਅਜੇ ਤੱਕ ਮਰਦਾਂ ਦੀ ਹੀ ਦੁਨੀਆ ਹੈ। ਪੁਰਖਾਂ ਨੂੰ ਇਹਦੇ ਬਾਰੇ ਕੋਈ ਭੁਲੇਖਾ ਨਹੀਂ ਪਰੰਤੂ ਔਰਤ ਦਾ ਆਪਣਾ ਕੋਈ ਸੰਸਾਰ (ਘਰ) ਨਹੀਂ ਹੈ।' ਗਿਣੀਆਂ ਚੁਣੀਆਂ ਨੇ ਜੇਕਰ ਆਕਾਸ਼ ਪਾਤਾਲ ਗਾਹ ਲਏ ਹਨ ਤਾਂ ਕੋਈ ਮੱਲ ਨਹੀਂ ਮਾਰ ਲਈ ਕਿਉਂਕਿ ਇਹ ਹੈਨ ਕਿੰਨੀਆਂ ਕੁ। ਮਸਾਂ ਆਟੇ ਵਿਚ ਲੂਣ ਬਰਾਬਰ। ਬਾਕੀ ਸੂਲਾਂ ਅੱਟੇ ਰਾਹਾਂ ਦੀਆਂ ਹਮਸਫਰ ਹਨ। ਕੁੱਖ ਤੋਂ ਕਬਰ ਤੱਕ ਦੁਸ਼ਵਾਰੀਆਂ ਦੀਆਂ ਸੰਗੀ ਸਾਥੀ। ਕਦਮ ਕਦਮ ਤੇ ਵੰਗਾਰਾਂ। ਪੈਰ ਪੈਰ 'ਤੇ ਧਿਰਕਾਰਾਂ। ਵਿਤਕਰਿਆਂ ਅਤੇ ਪੱਖਪਾਤ ਦਾ ਜਾਲ ਮੌਤ ਤੱਕ ਉਨ੍ਹਾਂ ਦਾ ਪਿੱਛਾ ਕਰਦਾ ਹੈ। ਰੂਸੋ ਜਿਹੇ ਨਾਮੀ ਲੇਖਕ ਦਾ ਕਥਨ ਨਾਰੀ ਦੇ ਪਰੰਪਰਿਕ ਸਰੂਪ ਨੂੰ ਹੀ ਸ੍ਵੀਕ੍ਰਿਤੀ ਦੇਂਦਾ ਹੈ:—

"ਔਰਤ ਦੀ ਆਨ ਤੇ ਸ਼ਾਨ ਸੰਸਾਰ ਤੋਂ ਅਗਿਆਤ ਰਹਿਣ ਵਿਚ ਹੈ। ਉਸ ਦੀ ਸ਼ੋਭਾ ਉਸ ਦੇ ਪਤੀ ਦੇ ਆਦਰ ਮਾਣ ਵਿਚ ਅਤੇ ਉਸਦੀ ਪ੍ਰਸੰਨਤਾ ਉਸਦੇ ਪਰਿਵਾਰ ਦੇ ਖ਼ੁਸ਼ੀ ਵਿਚ ਹੈ।'

ਉਪਰੋਕਤ ਉਕਤੀ ਅਨੁਸਾਰ ਇਹੀ ਪ੍ਰਸ਼ਟ ਹੁੰਦਾ ਹੈ ਕਿ ਔਰਤ ਦੀ ਆਪਣੀ ਹੋਂਦ ਅਸਲੋਂ ਨਿਗੂਣੀ ਹੈ। ਉਹ ਕੇਵਲ ਦੂਜਿਆਂ ਲਈ ਹੈ ਤੇ ਦੂਜਿਆਂ ਦੀ ਖ਼ੁਸ਼ੀ ਹੀ ਉਹਦੀ ਆਪਣੀ ਖ਼ੁਸ਼ੀ ਹੈ। ਮਨੂੰਵਾਦੀ ਇਹ ਧਾਰਨਾ ਸਾਡੀ ਧਰਤੀ 'ਤੇ ਜੰਮੀਆਂ ਜਾਈਆਂ 'ਤੇ ਤਾਂ ਲਾਗੂ ਹੁੰਦੀ ਰਹੀ ਹੈ ਜਾਂ ਹੋ ਰਹੀ ਹੈ ਪਰੰਤੂ ਵਿਦੇਸ਼ੀ ਲੇਖਕ ਵੀ ਇਸ ਤੋਂ ਉਤਾਂਹ ਨਹੀਂ ਉੱਠ ਸਕੇ, ਇਹ ਦੁੱਖਦਾਇਕ ਗੱਲ ਜ਼ਰੂਰ ਹੈ। ਇੰਞ, ਸਰਜ਼ਮੀ ਕੋਈ ਹੋਵੇ, ਧਰਤੀ ਕੋਈ ਹੋਵੇ, ਆਪਣੀ ਹਸਤੀ ਨੂੰ ਮਲੀਆਮੇਟ ਕਰਕੇ ਤੇ ਆਪਣੀ ਹੋਂਦ ਦੀ ਟੁੱਟ-ਭੱਜ ਕਰ ਕੇ ਕੇਵਲ ਦੂਜਿਆਂ ਲਈ ਜਿਉਣਾ ਹੀ ਹੁਣ ਤੱਕ ਔਰਤ ਦਾ ਮਕਸਦ ਕਿਆਸਿਆ ਜਾਂਦਾ ਰਿਹਾ ਹੈ ਤਾਂ ਹੀ ਤਾਂ ਵਿਸ਼ਵ ਬੈਂਕ ਦੀ ਰਿਪੋਰਟਕਾਰ ਐਨੀ ਟਿੰਕਰ ਲਿਖਦੀ ਹੈ ਕਿ 'ਭਾਰਤ ਦਾ ਸਮਾਜਿਕ ਢਾਚਾ ਔਰਤਾਂ ਪ੍ਰਤਿ ਨਾ ਬਰਾਬਰੀ ਦਾ ਹੈ।'

ਇਕੀਵੀਂ ਸਦੀ ਦੀਆਂ ਬਰੂਹਾਂ ਵਿਚ ਖੜੀ, ਔਰਤ ਦੀ ਡਗਰ ਬੜੀ ਵੰਗਾਰਾਂ ਭਰੀ ਹੈ। ਇਕ ਪਾਸੇ ਉਸਨੂੰ ਮਰਦ ਦੀ ਅਜਾਰੇਦਾਰੀ ਨਾਲ ਜੂਝਣਾ ਪੈ ਰਿਹਾ ਹੈ ਤੇ ਦੂਜੇ ਪਾਸੇ ਬੋਸੀਦਾ ਮਾਨਵੀ ਮੁੱਲ-ਵਿਧਾਨ ਵਿਰੁੱਧ ਟੱਕਰ ਲੈਣੀ ਪੈ ਰਹੀ ਹੈ। ਇਹ ਗੱਲ ਇੱਥੇ ਸੱਪਸ਼ਟ ਕਰਨੀ ਪਵੇਗੀ ਕਿ ਖੋਹੇ ਹੱਕਾਂ ਦੀ ਵਾਪਸੀ ਲਈ ਕੁਝ ਠੋਸ, ਨਿੱਗਰ ਤੇ ਸਪੱਸ਼ਟ ਕਦਮ ਉਠਾਉਣੇ ਪੈਣਗੇ ਤਾਂ ਜਾ ਕੇ ਉਸਦਾ ਸਮਾਜਿਕ ਅਤੇ ਸਭਿਆਚਾਰਕ ਯੋਗਦਾਨ ਪ੍ਰਵਾਨ ਹੋ ਸਕੇਗਾ। ਇਹ ਵਿਚਾਰ ਬਿਲਕੁਲ ਹੀ ਗਲਤ ਹੈ ਕਿ ਪਰਿਵਰਤਨ ਸ਼ਾਇਦ ਸਰੀਰੋਂ ਕਪੜੇ ਉਤਾਰ ਕੇ, ਜਾਂ ਘੱਟ ਕਰ ਕੇ, ਜਿਸਮਾਂ ਦੀ ਸ਼ਰੇਆਮ ਨੁਮਾਇਸ਼ ਲਾ ਕੇ, ਨੰਗੀਆਂ ਅਦਾਵਾਂ ਵਿਖਾ ਕੇ ਜਾਂ ਫਿਰ ਅਸੱਭਿਅਕ ਕਿਰਦਾਰ ਵਿਖਾ ਕੇ ਆ

ਜਾਵੇਗਾ। ਇਹ ਉਨ੍ਹਾਂ ਕਮਅਕਲ ਔਰਤਾਂ ਦੀ ਸੋਚ ਤਾਂ ਹੋ ਸਕਦੀ ਹੈ ਜਿਨ੍ਹਾਂ ਸਾਹਮਣੇ ਮੰਜ਼ਿਲ ਨਿਸਚਿਤ ਨਹੀਂ ਹੈ। ਆਚਾਰੀਯ ਰਜਨੀਸ਼ ਬਿਲਕੁਲ ਠੀਕ ਕਹਿੰਦੇ ਹਨ:—

'ਇਹ ਪੁਰਖਾਂ ਦੀ ਬਣਾਈ ਹੋਈ ਦੁਨੀਆ ਹੈ ਪਰ ਇਹ ਹਾਰ ਚੁੱਕੀ ਹੈ। ਇਸ ਦੁਨੀਆਂ ਨੂੰ ਤਬਾਹ ਕਰਨ ਲਈ ਪੁਰਖ ਹੀ ਕਾਫ਼ੀ ਹਨ। ਔਰਤਾਂ ਬਹੁਤ ਵੱਡੀ ਕ੍ਰਾਂਤੀ ਕਰ ਸਕਦੀਆਂ ਹਨ, ਧਰਤੀ ਤੋਂ ਪੁਰਖ ਦੀਆਂ ਬੇਵਕੂਫੀਆਂ ਬੰਦ ਕਰਵਾ ਸਕਦੀਆਂ ਹਨ।.....ਅਜੇ ਤੱਕ ਅਸੀਂ ਔਰਤ ਦੀ ਅੰਦਰਲੀ ਸ਼ਕਤੀ ਦਾ ਪ੍ਰਯੋਗ ਨਹੀਂ ਕੀਤਾ। ਹੁਣ ਤੱਕ ਔਰਤ ਜਿਸ ਸੰਚੇ ਵਿਚ ਢਲੀ ਹੈ ਉਹ ਸਿਰਫ ਮਰਦ ਦੀ ਨਕਲ ਕੀਤੀ ਹੋਈ ਹੈ, ਮਰਦਾਂ ਦੀ ਬਣਾਈ ਹੋਈ ਹੈ।"

ਇੰਞ, ਨਾਰੀ ਦੀ ਦੁਰਦਸ਼ਾ, ਮੰਦਹਾਲੀ, ਪੀੜਾ, ਤ੍ਰਾਸਦੀ ਅਤੇ ਅਣਗੌਲਪੇਨ ਦਾ ਇਕ ਲੰਮਾ ਇਤਿਹਾਸ ਹੈ ਜਿਸ ਦਾ ਮੁਖ ਕਾਰਨ, ਸਾਡੀ ਜਾਚੇ, ਅਗਿਆਨਤਾ, ਅਵਿਦਿਆ, ਅਸੋਝੀ ਅਤੇ ਆਰਥਿਕ ਪਛੜੇਵਾਂ ਹੈ। ਜਿਉਂ ਜਿਉਂ ਅਜੋਕੀ ਔਰਤ ਮਾਇਕ ਤੌਰ 'ਤੇ ਖ਼ੁਸ਼ਹਾਲ ਹੋ ਰਹੀ ਹੈ ਤਿਉਂ ਤਿਉਂ ਗ਼ੁਲਾਮੀ ਦੀਆਂ ਜ਼ੰਜੀਰਾਂ ਉਸ ਦੇ ਗਲਿਓਂ ਲੱਥ ਰਹੀਆਂ ਹਨ। ਅੱਜ ਲੋੜ ਹੈ ਔਰਤ ਨੂੰ ਸਹੀ ਮੌਕੇ ਪ੍ਰਦਾਨਣ ਦੀ, ਉਸ ਦੀ ਆਂਤਰਿਕ ਸ਼ਕਤੀ ਦੀ ਸਦ-ਵਰਤੋਂ ਦੀ, ਉਸ ਵਿਚਲੀ ਅਸੀਮ ਸਮਰੱਥਾ ਨੂੰ ਪਹਿਚਾਨਣ ਦੀ ਅਤੇ ਨਵੇਂ ਸਮਾਜ ਦੀ ਸਤੁੰਲਿਤ ਸਿਰਜਣਾ ਲਈ ਉਸ ਦੀ ਸਹੀ ਸਹੀ ਅਗਵਾਈ ਦੀ। 'ਵਾਟਰ' ਫਿਲਮ ਰਾਹੀਂ ਦੀਪਾ ਮਹਿਤਾ ਨੇ ਔਰਤ ਪ੍ਰਤਿ ਦਕਿਆਨੂਸੀ ਦ੍ਰਿਸ਼ਟੀ-ਕੋਣ ਰੱਖਣ ਵਾਲਿਆਂ 'ਤੇ ਨਜ਼ਲਾ ਝਾੜਨਾ ਸੀ ਪਰੰਤੂ ਕੱਟੜਪੰਥੀਏ ਪਹਿਲਾਂ ਹੀ ਚਾਰੇ ਖੁਰ ਚੁੱਕ ਕੇ ਮਗਰ ਪੈ ਗਏ। ਬਿਲਕੁਲ ਹਫਾ ਕੇ ਰੱਖ ਦਿੱਤਾ ਇਨ੍ਹਾਂ ਨੇ ਦੀਪਾ ਮਹਿਤਾ ਨੂੰ ਕਿਉਂਕਿ ਇਹ ਹਰਗਿਜ਼ ਨਹੀਂ ਸਨ ਚਾਹੁੰਦੇ ਕਿ ਵਾਰਾਨਸੀ, ਵਰਿੰਦਾਵਨ ਅਤੇ ਮਥੁਰਾ ਦੇ ਵਾੜਿਆਂ ਅਤੇ ਵਿਧਵਾ-ਕੋਠਿਆਂ ਵਿਚ ਰਹਿੰਦੀਆਂ ਇਹਨਾਂ ਅਭਾਗਣੀਆਂ ਦੀਆਂ ਸਿਸਕੀਆਂ ਬਾਹਰਲੇ ਸੰਸਾਰ ਨੂੰ ਨਾ ਸੁਣ ਸਕਣ। ਵਿਧਵਾ ਜਾਂ ਸਧਵਾ ਕਿਸੇ ਦੇ ਆਪਣੇ ਹੱਥ ਵੱਸ ਨਹੀਂ। ਇਹ ਕੁਦਰਤ ਦਾ ਨਿਯਮ ਹੈ। ਫਿਰ ਰੱਬ ਦੀ ਕੀਤੀ ਨੂੰ ਇਨ੍ਹਾਂ ਲਾਚਾਰਾਂ ਦੇ ਸਿਰ ਮੜ੍ਹ ਕੇ ਇਨ੍ਹਾਂ ਨੂੰ ਸੂਲਾਂ 'ਤੇ ਤੁਰਨ ਲਈ ਮਜਬੂਰ ਕਰਨਾ ਕਾਹਦੀ ਇਨਸਾਨੀਅਤ ਹੈ। ਮਰਦਾਂ ਦੀਆਂ ਵੀ ਬੀਵੀਆਂ ਮਰਦੀਆਂ ਹਨ ਜੋ ਉਨ੍ਹਾਂ ਦਾ ਸਿਵਾ ਠੰਡਾ ਹੋਣ ਤੋਂ ਪੂਰਵ ਹੀ ਦੂਜੀਆਂ ਪਤਨੀਆਂ ਵਿਆਹ ਲਿਆਉਂਦੇ ਹਨ। ਫਿਰ ਸਤੀ ਹੋਣਾ, ਵਿਧਵਾ ਘਰਾਂ 'ਚ ਜਾਣਾ, ਸਿਰ ਮੂੰਹ ਮੁੰਨ ਕੇ ਸ਼ਕਲੋਂ ਬਦਸ਼ਕਲ ਕਰ ਦੇਣਾ ਜਾਂ ਫਿਰ ਜੀਵਨ ਦੇ ਸਭ ਰੰਗਾਂ ਰਸਾਂ ਤੋਂ ਵਿਰਵੇ ਕਰ ਦੇਣਾ ਕੇਵਲ ਔਰਤ ਦੇ ਹੀ ਭਾਗੀਂ ਕਿਉਂ ਲਿਖਿਆ ਗਿਆ ਹੈ ? ਤੀਸਰੀ ਪਾਤਿਸ਼ਾਹੀ ਨੇ ਜਦੋਂ ਜ਼ਮਾਨੇ ਦੀ ਇਹ ਦਿਲ ਕੰਬਾਊ ਅਤੇ ਸਾਹ ਸੂਤਵੀਂ ਮਨਮਾਨੀ (ਸਤੀ ਪ੍ਰਥਾ) ਵੇਖੀ ਸੀ ਤਾਂ ਫ਼ਰਮਾਇਆ ਸੀ:—

ਸਤੀਆ ਏਹਿ ਨ ਆਖੀਅਨਿ ਜੋ ਮੜੀਆ ਲਗਿ ਜਲੰਨਿ।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।

ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ ।
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ ।
(ਗੁਰੂ ਗ੍ਰੰਥ ਸਾਹਿਬ, ਪੰਨਾ, 787)

ਸਤਿਗੁਰੂ ਨਾਨਕ ਦੇਵ ਜੀ ਤੋਂ ਆਰੰਭਿਤ ਨਾਰੀ-ਉੱਧਾਰ ਸਾਰੇ ਹੀ ਜਾਮਿਆਂ ਵਿਚ ਨਿਰਵਿਘਨ ਹੁੰਦਾ ਰਿਹਾ ਜਿਨ੍ਹਾਂ ਨੇ ਔਰਤ ਨੂੰ ਪੂਰੀ ਸੂਰੀ ਹਸਤੀ ਸਵੀਕਾਰਦਿਆਂ ਉਸ ਰਾਹੀਂ ਨਵੇਂ ਨਕੋਰ ਸਮਾਜ ਦੀ ਸਿਰਜਣਾ ਕਰਵਾਈ, ਧਰਮ ਦਾ ਪ੍ਰਚਾਰ ਕਰਵਾਇਆ, ਸਮਾਜਿਕ ਸੇਧ ਦਿਵਾਈ ਅਤੇ ਸੰਸਾਰ ਦੇ ਇਤਿਹਾਸ ਵਿਚ ਨਵੇਂ ਕੀਰਤੀਮਾਨ ਸਥਾਪਿਤ ਕਰਨ ਦੀ ਪਿਰਤ ਵੀ ਪਾਈ । ਮਾਤਾ ਗੁਜਰੀ ਨੇ ਪੂਰੇ ਬਹੱਤਰ ਵਰ੍ਹੇ ਗੁਰੂ ਘਰ ਦੀ ਸੇਵਾ ਤੇ ਅਗਵਾਈ ਕੀਤੀ ਤੇ ਚੌਹਾਂ ਸਾਹਿਬਜ਼ਾਦਿਆਂ ਨੂੰ ਵਿਸ਼ਵ ਦੇ ਪਹਿਲੇ ਨੰਨ੍ਹੇ ਸ਼ਹੀਦ ਬਣਨ ਵਾਲੀਆਂ ਲਾਮਿਸਾਲ ਲੋਰੀਆਂ ਦਿੱਤੀਆਂ । ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਨੇ ਗੁਰੂ-ਪਤੀ ਦੇ ਜੋਤੀ ਜੋਤ ਸਮਾਉਣ ਉਪਰੰਤ ਅੱਧੀ ਸਦੀ ਤਕ ਖ਼ਾਲਸਾ ਪੰਥ ਦੀ ਸੁਯੋਗ ਅਗਵਾਈ ਕੀਤੀ ਅਤੇ ਹੁਕਮਨਾਮੇ ਜਾਰੀ ਕੀਤੇ । ਆਓ, ਲੋਕੋ ! ਇਸ ਨਾਯਾਬ ਧਰਮ ਅਤੇ ਰਾਹਬਰਾਂ ਦੀਆਂ ਅੱਦੁਤੀ ਕਰਨੀਆਂ ਤੋਂ ਔਰਤ ਪ੍ਰਥਾਇ ਕੁਝ ਸਿੱਖ ਮਤਿ ਗ੍ਰਹਿਣ ਕਰੀਏ ਜਿਨ੍ਹਾਂ ਨੇ ਖੰਡੇ ਬਾਟੇ ਦੇ ਅੰਮ੍ਰਿਤ ਉਪਰੰਤ ਇਹ ਰਹਿਤ ਮਰਯਾਦਾ ਬਣਾ ਦਿੱਤੀ ਸੀ ਕਿ ਕੁੜੀ ਮਾਰਾਂ ਨਾਲ ਕੋਈ ਸਮਾਜਿਕ ਸੰਬੰਧ ਨਹੀਂ ਰੱਖਣਾ ।

ਪਾਠਕੋ ! ਅੱਜ ਘਰ ਘਰ ਵਿਚ ਕੁੜੀਆਂ ਮਾਰੀਆਂ ਜਾ ਰਹੀਆਂ ਹਨ । ਜੰਮਣ ਤੋਂ ਵੀ ਪਹਿਲਾਂ ਉਨ੍ਹਾਂ ਦੇ ਭਰੂਣ ਗਿਰਾਏ ਜਾਂਦੇ ਹਨ । ਪੂਰੇ ਦੇਸ਼ ਦੇ ਮੁਕਾਬਲਤਨ ਪੰਜਾਬ ਵਿਚ ਅੱਜ ਲੜਕੀਆਂ ਦੀ ਪੈਦਾਇਸ਼ੀ ਦਰ ਹਜ਼ਾਰ ਮੁੰਡਿਆਂ ਪਿੱਛੇ ਸਾਢੇ ਅੱਠ ਸੌ ਵੀ ਨਹੀਂ ਰਹਿ ਗਈ । ਕੇਰਲ ਵਰਗੇ ਸੁਸਿਖਿਅਤ ਪ੍ਰਾਂਤ ਵਿਚ ਇਹ ਹਜ਼ਾਰ ਤੋਂ ਵੀ ਸੱਠ ਉੱਪਰ ਹੈ ਸਗੋਂ । ਇਸ ਲਈ, ਅੱਜ ਗੁਰੂ ਸਾਹਿਬਾਨ ਦੀ ਨਾਰੀ ਦੀ ਚੜ੍ਹਦੀ ਕਲਾ ਅਤੇ ਬਿਹਤਰੀ ਲਈ ਦ੍ਰਿੜਾਈ ਸਿੱਖਿਆ ਅਸੀਂ ਮਨੋਂ ਵਿਸਾਰਦੇ ਜਾ ਰਹੇ ਹਾਂ ਜਿਸ ਕਰਕੇ ਘੋਰ ਮਨਮਤਿ ਪ੍ਰਤਿ ਰੁਚਿਤ ਹਾਂ । ਕਦੇ ਦਾਜ-ਦਹੇਜ ਦੇ ਨਾਂ ਤੇ ਹੱਤਿਆਵਾਂ ਕਰਦੇ ਜਾ ਰਹੇ ਹਾਂ ਤੇ ਕਦੇ ਜੰਮਣ ਉਪਰੰਤ ਉਸਨੂੰ ਸਦੀਵੀ ਨੀਂਦ ਸੁਲਾ ਰਹੇ ਹਾਂ । ਪਿਛਲੇ ਦਿਨੀਂ ਜੈਸਲਮੇਰ ਦੇ ਇਲਾਕੇ ਦੀ ਇਕ ਦਿਲ ਕੰਬਾਊ ਖ਼ਬਰ ਛਪੀ ਸੀ ਜਿਸ ਨਾਲ ਸਮਾਜ ਵਿਗਿਆਨੀਆਂ ਅਤੇ ਨਾਰੀ ਚਿੰਤਕਾਂ ਦੀ ਨੀਂਦ ਉੱਚਾਟ ਹੋ ਗਈ ਸੀ ਜਾਣੀ ਕਿ ਕਿਸੇ ਰਾਜਿਸਥਾਨੀ ਪਿੰਡ ਵਿਚ ਇਕ ਸੌ ਦਸ ਵਰ੍ਹਿਆਂ ਪਿਛੋਂ ਬਰਾਤ ਢੁੱਕੀ ਸੀ । ਭੱਟੀ ਰਾਜਪੂਤਾਂ ਨੂੰ ਧੀ ਜੰਮਣੀ ਗਵਾਰਾ ਹੀ ਨਹੀਂ ਹੈ ਕਿਉਂਕਿ ਧੀ ਜੰਮਣ ਨਾਲ ਉਨ੍ਹਾਂ ਦੀ ਧੌਣ ਨਿਵ ਜਾਂਦੀ ਹੈ । ਇਸ ਲਈ ਸਦੀਆਂ ਤੋਂ ਇਹ ਹਉਂਵਾਦੀ ਰਾਜਿਸਥਾਨੀਏ ਬੇਗਾਨੀਆਂ ਧੀਆਂ ਲਿਆਉਂਦੇ ਤਾਂ ਰਹੇ ਹਨ ਪਰੰਤੂ ਆਪਣੇ ਜੰਮਦੀਆਂ ਦਾ ਗਲਾ ਘੁੱਟ ਕੇ, ਚਾਕੂ ਨਾਲ ਜਾਂ ਰੇਤ ਦੀ ਬੋਰੀ ਥੱਲੇ ਦੇ ਕੇ ਉਸਦਾ ਖੁਰਾ ਖੋਜ ਮਿਟਾਉਂਦੇ ਰਹੇ ਹਨ । ਸਮੁੱਚਾ ਸੰਸਾਰ ਅੱਜ ਵਾਤਾਵਰਣਕ ਅਸਤੁੰਲਨ ਦੀ

ਦੁਹਾਈ ਤਾਂ ਪਾ ਰਿਹਾ ਹੈ ਪਰ ਕੀ ਸਾਨੂੰ ਆਪਣਾ ਸਮਾਜਿਕ ਅਸਤੁੰਲਨ ਦਿਖਾਈ ਨਹੀਂ ਦੇ ਰਿਹਾ ? ਇਸੇ ਦਾ ਨਤੀਜਾ ਹੈ ਕਿ ਅੱਜ ਔਰਤ ਦੀ ਹੋਂਦ ਨੂੰ ਮਲੀਆਮੇਟ ਕਰਨ ਲਈ ਨਿੱਤ ਨਵੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਮੇਰੇ ਚੇਤਿਆਂ ਵਿਚ ਅੱਜ ਸ਼ਿਵ ਦਸਤਕ ਦੇ ਰਿਹਾ ਹੈ :–

ਕਿਹੜੇ ਕੰਮ ਇਹ ਮਿਲਖ ਜਗੀਰਾਂ ?
ਜੇ ਧੀਆਂ ਕੁਮਲਾਈਆਂ
ਕਿਹੜੇ ਕੰਮ ਤੇਰੇ ਮਾਨ ਸਰੋਵਾਰ ?
ਹੰਸਨੀਆਂ ਤਿਰਹਾਈਆਂ
ਕਿਹੜੇ ਕੰਮ ਖਿਲਾਰੀ ਤੇਰੀ
ਚੋਗ ਮੋਤੀਆਂ ਤੁੱਲ ?
ਵੇ ਧਰਮੀ ਬਾਬਾਲਾ ।..... ।

ਆਓ ! ਧੀਆਂ ਨੂੰ ਗੁਣਵਾਨ, ਸੁਸ਼ੀਲ, ਸਤਵੰਤੀਆਂ, ਸੁੱਚਜੀਆਂ, ਸੁਸਿਖਿਅਤ, ਗਿਆਨਵਾਨ, ਨੇਕ, ਸੀਰਤਵਾਨ ਅਤੇ ਸਚਿਆਰੀਆਂ ਬਣਾਉਣ ਦਾ ਤ੍ਰਾਣ ਲਾਈਏ ਅਤੇ ਉਨ੍ਹਾਂ ਨੂੰ ਗੁੜ੍ਹਤੀ ਵੇਲੇ ਹੀ ਸਮਝਾਉਣ ਦੀ ਕੋਸ਼ਿਸ਼ ਕਰੀਏ ਕਿ

ਧਨੁ ਪਿਰ ਇਹ ਨਾ ਆਖੀਅਨਿ
ਬਹਨੁ ਇਕਠੇ ਹੋਇ ।
ਏਕ ਜੋਤਿ ਦੋਇ ਮੂਰਤੀ
ਧਨੁ ਪਿਰ ਕਹੀਐ ਸੋਇ ।

ਪ੍ਰੀਤਲੜੀ ਦੇ ਸ਼ਬਦਾਂ ਵਿਚ 'ਇਸਤਰੀ ਦਾ ਆਦਰ ਕਿਸੇ ਕੌਮ ਦੇ ਸਭਿਆਚਾਰ ਦਾ ਨਾ ਹੁੰਦੈ।' ਇੱਕੀਵੀਂ ਸਦੀ ਦੀ ਪੂਰਵ ਸੰਧਿਆ ਤੇ ਪੁਰਾਤਨ ਪੰਥੀ ਬਣ ਕੇ ਗੁਜ਼ਾਰਾ ਨਹੀਂ ਹੋ ਸਕਣਾ। ਸੋ, ਆਓ, ਵੇਲਾ ਵਿਹਾ ਚੁੱਕੀਆਂ ਸੋਚਾਂ ਛੱਡੀਏ ਤੇ ਨਵੇਂ ਅੰਜਾਮਾਂ ਦੇ ਹਾਣੀ ਬਣੀਏ:–

ਚੱਲੀ ਮੁੱਢ ਤੋਂ ਜੋ ਆਉਂਦੀ
ਹੁਣ ਬਦਲੋ ਇਹ ਰੀਤ ।
ਕਦੇ ਸੁਣਿਆ ਨਾ ਜਾਵੇ
ਚੁੱਪ ਕੀਤਿਆਂ ਦਾ ਗੀਤ ।

ਇਸ ਪੁਸਤਕ ਵਿਚ ਛੱਤੀ ਲੇਖ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਵਿਚੋਂ ਪਿਛਲੇ ਕਈ ਇਕ ਦਹਾਕੇ ਵਿਚ ਪੂਰੇ ਪੰਜਾਬੀ ਸੰਸਾਰ ਵਿਚ ਛਪਦੇ ਰਹੇ ਹਨ ! ਇਹ ਵਿਦੇਸ਼ਾਂ ਵਿਚ ਵੀ ਛਪੇ ਹਨ ਅਤੇ ਦੇਸ ਵਿਚ ਵੀ। ਇਨ੍ਹਾਂ ਦੇ ਵਿਸ਼ੇ ਵੰਨ ਸੁਵੰਨੇ ਹੋਣ ਦੇ ਬਾਵਜੂਦ ਸਭ ਦੇ ਸਭ ਨਾਰੀ-ਜਗਤ ਨਾਲ ਹੀ ਸੰਬੰਧਿਤ ਹਨ। ਇਨ੍ਹਾਂ ਵਿਚ ਔਰਤ ਲਈ ਰੁਦਨ ਵੀ ਹੈ ਤੇ ਪ੍ਰੇਰਨਾ ਵੀ। ਔਰਤ ਲਈ ਉਤਸ਼ਾਹ ਵੀ ਹੈ ਅਤੇ ਬਿਹਤਰੀ ਲਈ ਸੁਝਾਅ ਵੀ। ਗੁਰੂ ਮਹਿਲਾਂ ਦੇ ਅਦੁੱਤੀ ਸੰਗਰਾਮ ਤੋਂ ਲੈ ਕੇ ਝੁੱਗੀਆਂ ਝੌਂਪੜੀਆਂ

'ਚ ਲਿਫਾਫੇ ਇਕੱਠੇ ਕਰਦੀਆਂ ਮਿਹਨਤਕਸ਼ਾਂ ਤੱਕ ਦੀ ਦਰਦਨਾਕ ਹੋਣੀ ਨੂੰ ਅੰਕਿਤ ਕਰਨ ਦੀ ਸਨਿਮਰ ਲੋਚਾ ਦੀ ਪੂਰਤੀ ਕੀਤੀ ਗਈ ਹੈ। ਪੁਸਤਕ ਦਾ ਟਾਈਟਲ ਛੇਵੇਂ ਪਾਤਿਸ਼ਾਹ ਦੇ ਬਚਨਾਂ 'ਤੇ ਆਧਾਰਿਤ ਹੈ ਅਤੇ ਮੇਰੀ ਦਿਲੀ ਰੀਝ ਵੀ ਇਹੋ ਹੈ ਕਿ ਸਾਡਾ ਸਮਾਜ ਔਰਤ ਨੂੰ ਵਾਕਈ 'ਈਮਾਨ' ਮੰਨ ਸਕੇ। ਸੱਚਮੁੱਚ, ਜੇਕਰ ਅਸੀਂ ਆਪਣੇ ਸਮਾਜ, ਪ੍ਰਾਂਤ, ਦੇਸ਼-ਕੌਮ ਅਤੇ ਕੌਮਾਂਤਰੀ ਭਾਈਚਾਰੇ ਦੀ ਚੜ੍ਹਦੀ ਕਲਾ ਲੋਚਦੇ ਹਾਂ ਤਾਂ ਆਓ ! ਔਰਤ ਨੂੰ ਸਨਮਾਨਜਨਕ ਸਥਾਨ ਦੇਈਏ। ਬੱਚੀਆਂ ਨੂੰ ਉਨਤੀ ਦੇ ਬਰਾਬਰ ਮੌਕੇ ਅਤੇ ਧੀਆਂ ਨੂੰ ਪੈਰਾਂ 'ਤੇ ਖੜ੍ਹੇ ਹੋਣ ਜੋਗੀ ਤਾਲੀਮ ਦੇਈਏ। ਇਹ ਪੁਸਤਕ ਆਪਣੀ ਵਿੱਛੜੀ ਮਾਂ ਨੂੰ ਸਮਰਪਿਤ ਕਰਦਿਆਂ ਮੈਨੂੰ ਇਕ ਭਰਪੂਰ ਤੱਸਲੀ ਹੋ ਰਹੀ ਹੈ ਕਿ ਮੈਂ ਆਪਣੀ ਅੰਮੜੀ ਦੀਆਂ ਸੱਧਰਾਂ ਨੂੰ ਪੂਰਿਆ ਕਰਨ ਵਿਚ ਤਿਲ-ਫੁੱਲ ਕੁਝ ਸਾਰਥਕ ਕਦਮ ਚੁੱਕ ਸਕੀ ਹਾਂ। ਇਹ ਪੁਸਤਕ ਪਾਠਕਾਂ ਨੂੰ ਕੁਝ ਟੁੰਬ ਸਕੇ, ਜਗਾ ਸਕੇ ਤੇ ਹਲੂਣ ਸਕੇ ਮੇਰੀ ਇਹੋ ਦਿਲੀ ਤਮੰਨਾ ਹੈ ਕਿਉਂਕਿ ਸਾਡਾ (ਔਰਤਾਂ ਦਾ) ਸਫ਼ਰ ਸਹਿਰਾਅ ਤੋਂ ਸਾਗਰ ਤੱਕ ਹੈ।

ਉਰਦੂ ਦਾ ਇਹ ਖ਼ੂਬਸੂਰਤ ਸ਼ਿਅਰ ਮੇਰੇ ਉਪਰੋਕਤ ਵਿਚਾਰਾਂ ਦੀ ਹੀ ਤਰਜਮਾਨੀ ਕਰ ਰਿਹੈ:-

ਹਮ ਭੀ ਦਰਿਆ ਹੈ ਹਮੇਂ ਆਪਣਾ ਹੁਨਰ ਮਾਲੂਮ ਹੈ
ਜਿਧਰ ਭੀ ਚਲ ਪੜੇਂਗੇ ਰਾਸਤਾ ਹੋ ਜਾਏਗਾ।

ਅੰਤ ਵਿਚ ਮੈਂ ਅਕਾਲਪੁਰਖ ਦਾ ਫਿਰ ਸ਼ੁਕਰੀਆ ਅਦਾ ਕਰਦਿਆਂ ਆਪਣੇ ਹਮਸਫ਼ਰ ਡਾ. ਮਲਕੀਅਤ ਸਿੰਘ ਅਤੇ ਬੱਚਿਆਂ-ਜੀਵਨ ਜੋਤ ਕੌਰ ਅਤੇ ਗੁਰਜੋਤ ਸਿੰਘ ਦੀ ਵੀ ਆਭਾਰੀ ਮਹਿਸੂਸ ਕਰ ਰਹੀ ਹਾਂ ਜਿਨ੍ਹਾਂ ਨੇ ਮੇਰੀਆਂ ਕਈ ਜ਼ਿੰਮੇਵਾਰੀਆਂ ਆਪ ਸਾਂਭਦਿਆਂ ਮੈਨੂੰ ਲਿਖਣ ਲਈ ਸਮਾਂ ਬਖ਼ਸ਼ਿਆ ਹੈ। ਆਪਣੇ ਪੂਜਨੀਕ ਪਿਤਾ ਸ੍ਰ.ਮਨਸ਼ਾ ਸਿੰਘ ਅਤੇ ਭੈਣਾਂ ਵਿਸ਼ੇਸ਼ ਕਰਕੇ ਸਰਦਾਰਨੀ ਸਤਵੰਤ ਕੌਰ, ਸ੍ਰੀਮਤੀ ਸੁਰਿੰਦਰ ਕੌਰ ਅਤੇ ਸ੍ਰੀਮਤੀ ਬਲਬੀਰ ਕੌਰ ਧਨੋਤਾ ਦੇ ਸਨੇਹ ਅਤੇ ਹੱਲਾਸ਼ੇਰੀ ਲਈ ਵੀ ਮੈਂ ਸਦੈਵ ਰਿਣੀ ਹਾਂ।

ਪਾਠਕਾਂ ਦੀ ਆਪਣੀ ਅਜ਼ੀਜ਼ਾ,
ਕੁਲਵੰਤ ਕੌਰ
ਪਟਿਆਲਾ

8 ਮਾਰਚ 2000

ਟੈਲੀਫੂਨ 0175-351832

ਔਰਤ ਈਮਾਨ ਹੈ

ਮੀਰੀ ਪੀਰੀ ਦੇ ਵਾਲੀ, ਦਲ ਭੰਜਕ ਯੋਧੇ, ਪਰਉਪਕਾਰੀ ਸੂਰੇ ਅਤੇ ਜਾਹੋ ਜਲਾਲ ਦੇ ਪੂਰੇ ਗੁਰੂ ਵਲੋਂ ਉਚਾਰੇ ਇਹ 'ਬਚਨ' ਵੇਖਣ-ਸੁਣਨ ਵਿਚ ਸਾਧਾਰਨ ਜਾਪਣ ਦੇ ਬਾਵਜੂਦ ਬੇਹੱਦ ਗਹਿਨ ਫ਼ਲਸਫ਼ੇ ਦੇ ਤਰਜਮਾਨ ਹਨ। ਉੱਚ ਭਾਵੇਂ ਸਤਿਗੁਰੂ (ਸ੍ਰੀ ਗੁਰੂ ਨਾਨਕ ਦੇਵ) ਜੀ ਨੇ ਪੈਰਾਂ ਵਿਚ ਰੋਲੀ ਮਧੋਲੀ ਜਾ ਰਹੀ ਅਤੇ ਨਿਰੰਤਰ ਜ਼ਲਾਲਤ ਦੀ ਸ਼ਿਕਾਰ ਔਰਤ ਨੂੰ ਚੁੱਕ ਕੇ ਸੀਨੇ ਨਾਲ ਲਾਇਆ ਸੀ ਅਤੇ ਯੁੱਗ ਪੁਰਸ਼, ਯੁੱਗ ਪਰਿਵਰਤਕ ਅਤੇ ਲਾਸਾਨੀ ਵਿਅਕਤਿਤਵ ਹੁੰਦਿਆਂ ਲੋਕ-ਸੋਚ ਨੂੰ ਫਿਟਕਾਰਦਿਆਂ ਵਕਤ ਦੀਆਂ ਤਣਾਵਾਂ ਕੱਸੀਆਂ ਸਨ ਪਰੰਤੂ ਔਰਤ ਦੀ ਮਿਸਾਲੀ ਸੇਵਾ, ਸਿਦਕ, ਸਮਰਪਣ, ਕੁਰਬਾਨੀ, ਸਿਰੜ, ਦਿਆਲਤਾ, ਕ੍ਰਿਪਾਲਤਾ, ਆਪਾਵਾਰਤਾ ਅਤੇ ਅਨੇਕ ਹੋਰ ਗੁਣਾਂ ਨੂੰ ਅੱਖੋਂ ਪਰੋਖੇ ਕਰਦਿਆਂ ਵੀ ਸਾਡੇ ਸਮਾਜ-ਘਾੜਿਆਂ ਅਤੇ ਇਸਦੇ ਘੜੰਮ ਚੌਧਰੀਆਂ ਨੇ ਸਦਾ ਇਸ ਦੀ ਕਰਨੀ ਤੇ ਕਮਾਈ ਨੂੰ ਪੈਰਾਂ ਹੇਠ ਹੀ ਦੱਬੀ ਰੱਖਿਆ ਹੈ। ਛੇਵੇਂ ਪਾਤਿਸ਼ਾਹ ਤੇ ਸੋਢੀ ਸੁਲਤਾਨ ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਸਮੇਂ ਤੱਕ ਪੁੱਜਦਿਆਂ ਜਿੱਥੇ ਵਕਤ ਨੇ ਗੰਭੀਰ ਕਰਵਟ ਲਈ ਉੱਥੇ ਮੀਰੀ ਤੇ ਪੀਰੀ ਵੀ ਇਕਮਿਕ ਹੋਈਆਂ, ਮਾਲਾ ਅਤੇ ਭਾਲਾ ਇਕੱਠੇ ਹੋਏ। ਦੇਗ ਤੇ ਤੇਗ ਨਾਲੋ ਨਾਲ ਵਿਚਰੀਆਂ, ਸਿਪਾਹੀਅਤ ਅਤੇ ਸੰਤਤਾਈ ਨੇ ਗਲਵਕੜੀ ਪਾਈ ਅਤੇ ਸੰਸਾਰਿਕਤਾ ਅਤੇ ਅਧਿਆਤਮਿਕਤਾ ਦਾ ਗੰਢ ਚਿਤਰਾਵਾ ਹੋਇਆ। ਹੁਸਨ ਇਸ਼ਕ, ਸ਼ਬਾਬ, ਸ਼ਰਾਬ, ਰਾਗ ਰੰਗ ਅਤੇ ਐਸ਼ ਆਰਾਮ ਵਿਚ ਗ਼ਲਤਾਨ ਬਾਦਸ਼ਾਹਾਂ ਦੇ ਕੂੜ ਸਮਿਆਂ ਵਿਚ ਔਰਤ ਦਾ ਜੋ ਤ੍ਰਿਸਕ੍ਰਿਤ, ਘ੍ਰਿਣਤ, ਭ੍ਰਿਸ਼ਟ, ਜ਼ਲਾਲਤ ਭਰਿਆ, ਨਖਿੱਧ, ਅਧੂਰਾ ਅਤੇ ਤਰਸਯੋਗ ਰੂਪ ਇਸ ਵਕਤ ਦੇ ਆਈਨੇ ਵਿਚੋਂ ਨਜ਼ਰੀ ਪੈਂਦਾ ਹੈ, ਉਸੇ 'ਤੇ ਚੋਟ ਕਰਦਿਆਂ ਹੀ ਸੱਚੇ ਸਾਹਿਬਾਂ ਨੇ ਇਹ ਮਹਾਨ ਬਚਨ ਕੀਤੇ ਸਨ।

ਗੁਰੂ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਅੰਕਿਤ ਹੈ ਕਿ ਗੁਰੂ ਨਾਨਕ ਦੇ ਦਰੋ ਘਰੋ ਸਦਾ ਗ਼ਰੀਬੀ, ਹਲੀਮੀ, ਨਿਰਮਾਣਤਾ ਅਤੇ ਆਜਜ਼ੀਪਨ ਡੁੱਲ੍ਹ ਡੁੱਲ੍ਹ ਪੈਂਦੀ ਰਹੀ ਪਰੰਤੂ ਜਦੋਂ ਸ਼ਾਂਤੀ ਦੇ ਪੁੰਜ ਪੰਚਮ ਗੁਰਾਂ ਨੂੰ ਅਕਾਰਨ ਹੀ ਈਰਖਾ ਦੀ ਭੱਠੀ ਵਿਚ ਭੁੱਜਦੇ ਮੁਗ਼ਲ ਬਾਦਸ਼ਾਹ ਨੇ ਲਾਮਿਸਾਲ ਤਸੀਹੇ ਦਿੰਦਿਆਂ ਸ਼ਹੀਦ ਕਰ ਦਿੱਤਾ ਤਾਂ ਭਾਈ ਗੁਰਦਾਸ ਦੇ ਕਥਨ ਅਨੁਸਾਰ :—

ਪੰਜ ਪਿਆਲੇ ਪੰਜ ਪੀਰ
ਛਠਮ ਪੀਰ ਬੈਠਾ ਗੁਰ ਭਾਰੀ

ਅਰਜਨ ਕਾਇਆਂ ਪਲਟ ਕੇ
ਮੂਰਤ ਹਰਿ ਗੋਬਿੰਦ ਸਵਾਰੀ ।

.....

ਕਾਇਆਂ ਦੇ ਨਾਲ ਨਾਲ ਵਿਚਾਰਧਾਰਾ ਵੀ ਪਲਟ ਗਈ ਸੀ । ਸੁਪ੍ਰਸਿੱਧ ਗੁਜਰਾਤੀ ਫ਼ਕੀਰ ਸ਼ਾਹ ਦਉਲਾ ਨੇ ਜਦੋਂ ਛੇਵੇਂ ਪਾਤਿਸ਼ਾਹ ਦੇ ਇਸ ਅਸਲੋਂ ਪਰਿਵਰਤਿਤ ਰੂਪ ਨੂੰ ਤੱਕਿਆ ਤਾਂ ਉਸ ਨੂੰ ਆਪਣੀਆਂ ਅੱਖਾਂ 'ਤੇ ਵਿਸ਼ਵਾਸ ਨਹੀਂ ਸੀ ਆਇਆ । ਹੈਰਾਨ ਪਰੇਸ਼ਾਨ ਹੋਇਆ ਉਹ ਪੁਕਾਰ ਉੱਠਿਆ ਸੀ 'ਨਾਨਕ ਫ਼ਕੀਰ ਦੀਨ ਦੁਨੀ ਦੇ ਪੀਰ' ਭਾਵ ਗੁਰ ਨਾਨਕ ਜਿਹੇ ਫ਼ਕੀਰਾਨਾ ਤਬੀਅਤ ਵਾਲੇ ਮਹਾਂਪੁਰਸ਼ ਨੂੰ ਤਾਂ ਸਾਰੀ ਖ਼ਲਕਤ ਨੇ ਆਪਣੇ ਸਾਂਝੇ ਪੀਰ ਤਸਲੀਮ ਕਰ ਲਿਆ ਸੀ ਪਰੰਤੂ ਉਨ੍ਹਾਂ ਦੀ ਹੀ ਗੱਦੀ ਦੇ ਵਾਰਿਸ ਮੌਜੂਦਾ ਗੁਰਾਂ ਵਲੋਂ ਸਜਾਈਆਂ ਕਲਗੀਆਂ, ਪਹਿਨੇ ਜੋੜੇ-ਘੋੜੇ ਅਤੇ ਸਜੀਲੇ ਬਸਤਰ ਉਸ ਦੇ ਜ਼ਿਹਨ ਵਿਚ ਖਲਬਲੀ ਮਚਾ ਰਹੇ ਸਨ । ਇਸੇ ਕਰਕੇ ਉਹਨੇ ਸਵਾਲ ਕੀਤਾ:—

ਔਰਤ ਕਿਆ ਔਰ ਫ਼ਕੀਰੀ ਕਿਆ ।
ਦੌਲਤ ਕਿਆ ਔਰ ਤਿਆਗ ਕਿਆ ।

ਭਾਵੀ ਯੋਜਨਾਵਾਂ ਵਿਚ ਮਸਰੂਫ਼ ਅਤੇ ਮਾਨਵੀ ਗੌਰਵ ਦੇ ਸੱਚੇ-ਸੁੱਚੇ ਪ੍ਰਤੀਕ ਮੀਰੀ ਪੀਰੀ ਦੇ ਸੁਮੇਲਕ ਗੁਰੂ ਨੇ ਝੱਟ ਫ਼ਰਮਾਨ ਕੀਤਾ ਸੀ :—

ਔਰਤ ਈਮਾਨ
ਦੌਲਤ ਗੁਜ਼ਰਾਨ
ਪੁੱਤਰ ਨੀਸ਼ਾਨ

ਸ਼ਾਹ ਦਉਲਾ ਨੂੰ ਜਿਵੇਂ ਬੁਆਟਣੀ ਆ ਗਈ ਹੋਵੇ ਕਿਉਂਕਿ ਔਰਤ ਬਾਰੇ ਸਮਕਾਲੀ ਦ੍ਰਿਸ਼ਟੀਕੋਣ ਬਹੁਤ ਹੀ ਗਰਕਿਆ ਹੋਇਆ ਅਤੇ ਗਿਆ ਗੁਜ਼ਰਿਆ ਸੀ । ਉਸਨੂੰ ਈਮਾਨ ਮੰਨਣਾ ਅਰਥਾਤ 'ਧਰਮ' ਜਿੰਨਾ ਮਹੱਤਵ ਤਾਂ ਕਦੇ ਇਸ ਧਰਤੀ ਦੇ ਜੀਵ ਦੇ ਖ਼ਾਬ-ਖ਼ਿਆਲ ਵਿਚ ਵੀ ਨਹੀਂ ਸੀ ਆਇਆ । ਇਸ ਤਰ੍ਹਾਂ ਦਸ ਗੁਰੂ ਜਾਮਿਆਂ ਵਿਚ ਵਰਤੀ ਇਕੋ ਇਲਾਹੀ ਗੁਰ ਨਾਨਕ ਜੋਤ ਨੇ ਔਰਤ ਦੀ ਸਲਾਮਤੀ, ਤਰੱਕੀ, ਸੁਰੱਖਿਆ, ਪ੍ਰਗਤੀ, ਚੜ੍ਹਦੀ ਕਲਾ, ਬਿਹਤਰੀ, ਸਮਾਨਤਾ, ਸੁਤੰਤਰਤਾ ਅਤੇ ਬੁਲੰਦੀ ਲਈ ਜੋ ਪੂਰਨੇ ਪਾਏ ਸਨ ਅਸੀਂ ਉਨ੍ਹਾਂ 'ਤੇ ਚੱਲਣ ਲਈ ਜਤਨਸ਼ੀਲ ਨਹੀਂ ਹੋਏ ਸਗੋਂ ਡਗਮਗਾ ਕੇ ਔਝੜੇ ਰਾਹਾਂ ਤੇ ਪਗਡੰਡੀਆਂ 'ਤੇ ਤੁਰੇ ਫਿਰਦੇ ਹਾਂ । ਪੂਰੇ ਗੁਰਾਂ ਦੀ ਕਰਨੀ ਦੇ ਬਲਿਹਾਰੇ ਜਾਈਏ ਜਿਨ੍ਹਾਂ ਨੇ ਸੇਵਾ ਅਤੇ ਸ਼ਰਧਾ ਵਿਚ ਜੁੜੀ ਮਾਈ ਕੌਲਾਂ ਦੀ ਗੁਰੂ ਭਗਤੀ ਨੂੰ ਅਮਰਤਾ ਦਿਵਾਉਣ ਲਈ ਕੌਲਸਰ ਦਾ ਹੀ ਨਿਰਮਾਣ ਕਰ ਦਿੱਤਾ ਸੀ ਅਤੇ ਬੀਬੀ ਸਾਹਿਬ ਦੇਵਾਂ ਦੇ ਸਮਰਪਣ ਤੋਂ ਕੁਰਬਾਨ ਜਾਂਦਿਆਂ ਉਸਨੂੰ ਸਮੁੱਚੇ ਖ਼ਾਲਸੇ ਦੀ ਮਾਂ ਦੀ ਮਹਾਂ ਬਖ਼ਸ਼ਿਸ਼ ਕਰਕੇ ਉਚਿਆ ਦਿੱਤਾ ਸੀ । ਮਾਤਾ ਗੁਜਰੀ ਜੀ ਨੇ ਔਰਤ ਦੇ ਈਮਾਨ ਰੂਪ ਨੂੰ ਸਰੰਜਾਮ ਦੇਣ ਲਈ ਜੋ ਘਾਲਣਾ ਘਾਲੀ, ਸਮੁੱਚੇ ਸੰਸਾਰ ਵਿਚ ਉਹਦਾ ਕੋਈ

ਸਾਨੀ ਨਹੀਂ ਹੋ ਸਕਦਾ। ਦੁਨੀਆ ਦੇ ਇਤਿਹਾਸ ਦੀ ਇਕੋ ਇਕ ਨਾਯਾਬ ਗਾਥਾ ਹੈ ਇਸ ਸਿਦਕੀ ਮਾਂ ਦੇ ਚੰਨ-ਪੁੱਤਰ ਦੀ ਜਿਸਨੇ ਖ਼ੁਦੀ ਬਖੀਲੇ ਦੇ ਥੰਮ੍ਹ ਗਿਰਾਉਂਦਿਆਂ ਸਭ ਊਚ ਨੀਚ, ਭੇਦ ਭਾਵ, ਦੰਭ-ਪਾਖੰਡ ਅਤੇ ਵਰਣ ਵਿਤਕਰੇ ਮੇਟ ਦਿੱਤੇ। ਕਲਗੀਆਂ ਵਾਲੇ ਨੂਰੀ ਗੁਰੂ ਦੀਆਂ ਬਰਕਤਾਂ ਪਾ ਕੇ ਮਾਈ ਭਾਗੋ ਵਰਗੀਆਂ ਜਾਂਬਾਜ਼ ਬੀਰਾਂਗਣਾਂ ਨੇ ਸਿੱਧ ਕਰ ਵਿਖਾਇਆ ਕਿ:—

ਇਹ ਦੁਨੀਆ ਨਹੀਂ ਕਮਦਿਲਿਆਂ ਦੀ
ਇਹ ਰਣ ਹੈ ਪੰਣ ਸਵਾਰਾਂ ਦਾ
ਨੀਹਾਂ ਦੇ ਵਿਚ ਜੇ ਸਿਰ ਹੋਵਣ
ਮੁੱਲ ਪੈ ਜਾਂਦਾ ਦੀਵਾਰਾਂ ਦਾ।

'ਔਰਤ ਈਮਾਨ ਹੈ' ਦਾ ਚਿਤਵਨ ਕਰਦਿਆਂ ਫੱਕਰ ਮਹਾਂਪੁਰਸ਼ ਭਗਤ ਧੰਨਾ ਜੀ ਦੀ ਬਾਣੀ ਦੇ ਰਸੀਲੇ ਬੋਲ ਵੀ ਮਨ-ਮਸਤਕ ਨੂੰ ਟੁੰਬਦੇ ਜਾਪਦੇ ਹਨ ਜਦੋਂ ਆਪ ਜੀ ਸਭ ਲੋੜੀਂਦੀਆਂ ਸੰਸਾਰਕ ਵਸਤਾਂ ਦੀ ਮੰਗ ਕਰਦਿਆਂ ਰੱਬ ਨੂੰ ਖਰੀਆਂ ਖਰੀਆਂ ਸੁਣਾਉਂਦੇ ਹਨ ਕਿ ਭੁੱਖਿਆਂ ਰਹਿ ਕੇ ਕਿਹੜਾ ਭਗਤੀ ਕਰ ਸਕਦਾ ਹੈ ਭਲਾ ! ਜਿੱਥੇ ਆਪ ਰੋਜ਼ ਮੱਰਾ ਦੀਆਂ ਚੀਜ਼ਾਂ — ਆਟਾ, ਦਾਲ, ਘਿਉ, ਚਾਵਲ ਅਤੇ ਘੋੜੀ ਆਦਿ ਦੀ ਮੰਗ ਕਰਦੇ ਹਨ ਉੱਥੇ ਨਾਲ ਹੀ ਇਕ ਸੁਸ਼ੀਲ ਪਤਨੀ ਦੀ ਲੋੜ ਵੀ ਦਰਸਾਉਂਦੇ ਹਨ ਜਿਵੇਂ :—

ਘਰ ਕੀ ਗੀਹਨਿ ਚੰਗੀ।
ਜਨੁ ਧੰਨਾ ਲੇਵੈ ਮੰਗੀ।

ਇੰਵ, ਭੂਤਵਾੜਿਆਂ ਨੂੰ ਸੁੰਦਰ ਸਜੀਲੇ ਘਰ ਵਿਚ ਬਦਲਾ ਦੇਣ ਵਾਲੀ, ਸੱਖਣੇ ਮਕਾਨਾਂ ਨੂੰ ਨਿੱਘੇ ਘਰਾਂ ਵਿਚ ਪਰਤਾ ਦੇਣ ਵਾਲੀ, ਫ਼ਿਜ਼ਾਵਾਂ ਨੂੰ ਮਹਿਕਾ ਦੇਣ ਵਾਲੀ ਤੇ ਅੰਦਰ ਬਾਹਰ ਦੀ ਨੁਹਾਰ ਬਦਲ ਦੇਣ ਵਾਲੀ ਔਰਤ ਭਗਤ ਧੰਨਾ ਜੀ ਅਨੁਸਾਰ ਹਰ ਉਸ ਮਰਦ ਦੀ ਲੋੜ ਹੈ ਜਿਸਨੇ ਇਸ ਸਮਾਜ ਨੂੰ ਗਤੀਸ਼ੀਲ ਤੇ ਵਧੀਆ ਨੁਹਾਰ ਦੇਣੀ ਹੈ। ਗ੍ਰਿਹਸਥ ਦੀ ਸਰਵੋਤਮਤਾ ਗੁਰਮਤਿ ਦੀ ਅਸਲ ਬੁਨਿਆਦ ਹੈ ਇਸੇ ਲਈ ਗੁਰੂ ਸਾਹਿਬ 'ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ' ਦਾ ਸੰਦੇਸ਼ ਦਿੰਦੇ ਹਨ। ਇੱਥੇ ਜੰਗਲਾਂ ਬੇਲਿਆਂ ਵੱਲ ਦੌੜਨ ਦੀ ਥਾਂ 'ਵਿਚੇ ਗ੍ਰਿਹਸਤ ਉਦਾਸ ਰਹਾਈ' ਦਾ ਉਪਦੇਸ਼ ਹੈ। ਇੱਥੇ ਹੀ ਬੱਸ ਨਹੀਂ ਗੁਰੂ ਸਾਹਿਬ ਤਾਂ ਸੰਸਾਰ ਦੀਆਂ ਸਾਰੀਆਂ ਜੀਵ ਆਤਮਾਵਾਂ ਨੂੰ ਔਰਤ ਰੂਪ ਵਿਚ ਤਸੱਵਰ ਕਰਦਿਆਂ ਇਕੱਲੇ ਪ੍ਰਭੂ ਪਰਮੇਸਰ ਨੂੰ ਹੀ ਪੁਰਖ ਰੂਪ ਵਿਚ ਵੇਖਦੇ ਹਨ:—

ਇਸੁ ਜਗ ਮਹਿ ਪੁਰਖੁ ਏਕੁ ਹੈ
ਹੋਰ ਸਗਲੀ ਨਾਰਿ ਸਬਾਈ

ਕਿਹਾ ਜਾ ਸਕਦਾ ਹੈ ਕਿ ਸੰਸਾਰ ਦੇ ਇਸੇ ਅਮਲ-ਆਧਾਰਿਤ ਵਿਗਿਆਨਕ ਧਰਮ ਅਨੁਸਾਰ ਔਰਤ ਸੱਚਮੁੱਚ ਈਮਾਨ ਹੈ, ਧਰਮ ਹੈ, ਸਿਰਜਕ ਹੈ, ਸੰਚਾਲਕ ਹੈ, ਪਾਲਕ

ਹੈ, ਸੰਚਾਲਕ ਹੈ ਅਤੇ ਸਮਾਜ ਤੇ ਜੀਵਨ ਦੀ ਚੂਲ ਹੈ। ਉਸ ਦੀ ਨਿੱਘੀ ਛੁਹ ਬਿਨਾਂ ਸੰਸਾਰ ਫਿੱਕਾ ਹੈ, ਸੱਖਣਾ ਹੈ, ਖੋਖਲਾ ਹੈ, ਨੀਰਸ ਹੈ ਅਤੇ ਅਰਥਹੀਣ ਵੀ।

ਇਸੇ ਰੋਸ਼ਨੀ ਵਿਚ ਇਸ ਪੁਸਤਕ ਨੂੰ ਤਰਤੀਬਿਆ ਗਿਆ ਹੈ, ਤਜਵੀਜ਼ਿਆ ਗਿਆ ਹੈ ਅਤੇ ਵਿਉਂਤਿਆ ਗਿਆ ਹੈ। ਨਾਰੀ 'ਤੇ ਜਦੋਂ ਵੀ ਸਮਾਜ ਦੇ ਅਖੌਤੀ ਕਰਤਿਆਂ ਧਰਤਿਆਂ ਵਲੋਂ ਵਧੀਕੀਆਂ, ਮਨਮਾਨੀਆਂ ਤੇ ਆਪਹੁਦਰੀਆਂ ਹੋਈਆਂ ਹਨ ਇਸ ਕਲਮ ਨੇ ਲਹੂ ਦੇ ਅੱਥਰੇ ਕੇਰਦਿਆਂ ਕਲਮ ਨੂੰ ਜੁੰਬਸ਼ ਦਿੱਤੀ ਹੈ। ਆਓ ! ਜ਼ਿਹਨ ਵਿਚ ਵਸਾਈਏ ਕਿ ਵਾਕਈ 'ਔਰਤ ਈਮਾਨ ਹੈ।' ਸੱਚਮੁੱਚ ਔਰਤ 'ਧਰਮ' ਹੈ।



ਗੁਰਮਤਿ ਵਿਚ ਔਰਤ

ਦ੍ਰਿਸ਼ਟਮਾਨ ਸੰਸਾਰ ਵਿਚ ਮਨੁੱਖ ਦੀ ਪੂਰੀ ਸਰਦਾਰੀ ਤੇ ਸਿੱਕਦਾਰੀ ਹੈ। ਉਹ ਇਸ ਬ੍ਰਹਿਮੰਡ ਦਾ ਸ੍ਰੇਸ਼ਟ ਜੀਵ ਹੈ ਕਿਉਂਕਿ ਗੁਰਬਾਣੀ ਮਨੁੱਖਾ-ਜਨਮ ਨੂੰ ਚੌਰਾਸੀ ਲੱਖ ਜੂਨਾਂ ਤੋਂ ਉੱਤਮ ਸਵੀਕਾਰਦੀ ਹੈ:

ਲਖ ਚਉਰਾਸੀ ਜੋਨਿ ਸਬਾਈ ।।
ਮਾਣਸ ਕਉ ਪ੍ਰਭਿ ਦੀਈ ਵਡਿਆਈ ।।
ਇਸੁ ਪਉੜੀ ਤੇ ਜੋ ਨਰੁ ਚੂਕੈ,
ਸੋ ਆਇ ਜਾਇ ਦੁਖੁ ਪਾਇਦਾ ।।

(ਮਾਰੂ 5.1075)

ਵਿਚਾਰਯੋਗ ਗੱਲ ਹੈ ਕਿ ਇੱਥੇ ਕਿਧਰੇ ਵੀ 'ਮਾਣਸ' ਤੋਂ ਭਾਵ ਕੇਵਲ ਮਰਦ ਨਹੀਂ ਲਿਆ ਗਿਆ ਸਗੋਂ ਇਸ ਦਾ ਭਾਵ ਇਕ ਵਿਅਕਤੀ ਤੋਂ ਹੈ ਜਾਂ ਮਨੁੱਖ ਤੋਂ ਹੈ ਜਿਸ ਵਿਚ ਔਰਤ ਵੀ ਸ਼ਾਮਲ ਹੈ ਤੇ ਮਰਦ ਵੀ। ਪਰੰਤੂ ਜਦੋਂ ਅਸੀਂ ਮੱਧ ਕਾਲ ਦਾ ਇਤਿਹਾਸ ਵਾਚਦੇ ਹਾਂ ਤਾਂ ਇਸਤਰੀ ਦੀ ਅਤਿ ਨਿੱਘਰੀ ਹੋਈ, ਦੱਬੀ ਕੁਚਲੀ, ਲਿਤਾੜੀ-ਮਧੋਲੀ ਤਸਵੀਰ ਨਜ਼ਰੀਂ ਪੈਂਦੀ ਹੈ। ਸੱਚਮੁੱਚ ਮਨੁੱਖ ਵਜੋਂ ਜਨਮੇ ਜੀਵ ਨੂੰ ਲਿੰਗ ਦੇ ਹਿਸਾਬ ਨਾਲ ਛੋਟੇ ਵੱਡੇ ਗਰਦਾਨਣਾ ਠੀਕ ਨਹੀਂ। ਸਮਾਜ ਰੂਪੀ ਗੱਡੀ ਦੇ ਦੋਵੇਂ ਪਹੀਏ ਸੰਤੁਲਿਤ ਤੇ ਬਰਾਬਰ ਨਹੀਂ ਹੋਣਗੇ ਤਾਂ ਸਮਾਜਿਕ ਵਿਕਾਸ ਕਿਵੇਂ ਸੰਭਵ ਹੋ ਸਕਦੈ ? ਨਿਰਸੰਦੇਹ, ਦੋਹਾਂ ਦੀ ਸਾਂਝ ਤੇ ਦੋਹਾਂ ਦੀ ਤਰੱਕੀ ਲਾਜ਼ਮੀ ਗੱਲ ਹੈ।

ਗੁਰਮਤਿ ਗ੍ਰਿਹਸਥ ਨੂੰ ਸਰਵੋਤਮ ਧਰਮ ਸਵੀਕਾਰਦੀ ਹੈ। ਵਿਚਾਰਯੋਗ ਨੁਕਤਾ ਹੈ ਕਿ ਕੀ ਗ੍ਰਿਹਸਥ ਦਾ ਤਸੱਵਰ ਇਸਤਰੀ ਤੋਂ ਬਿਨਾਂ ਸੰਭਵ ਹੈ ? ਨਹੀਂ, ਬਿਲਕੁਲ ਵੀ ਨਹੀਂ। ਘਰ ਦਾ ਸੰਕਲਪ ਤਾਂ ਹੈ ਹੀ ਔਰਤ ਦੇ ਨਾਲ ਜੁੜਿਆ ਹੋਇਆ ਜਿਸ ਦੇ ਸਾਹਾਂ ਦੀ ਮਹਿਕ ਚਾਰ ਕੰਧਾਂ ਨੂੰ ਪਾਵਨ-ਪੂਜ ਘਰ ਵਿਚ ਬਦਲ ਦੇਂਦੀ ਹੈ। ਸਮਾਜ ਦਾ ਹਰ ਕਾਰਜ, ਹਰ ਸਮਾਰੋਹ ਤੇ ਹਰ ਰੂਪ ਇਸਤਰੀ ਬਿਨਾਂ ਅਧੂਰਾ ਹੈ, ਅਪੂਰਨ ਤੇ ਬੇਸ਼ਾਨ ਵੀ। ਦਰਅਸਲ, ਸਮਾਜ ਦੇ ਸਰਬਾਂਗੀ ਵਿਕਾਸ ਲਈ ਇਸਤਰੀ ਦਾ ਯੋਗਦਾਨ ਸਗੋਂ ਮਨੁੱਖ ਨਾਲੋਂ ਕਿਤੇ ਵਧੇਰੇ ਹੈ।

ਸਮੁੱਚੇ ਗੁਰਮਤਿ ਸਾਹਿਤ ਵਿਚ ਜੀਵ ਆਤਮਾ ਨੂੰ ਔਰਤ ਅਤੇ ਪਰਮਾਤਮਾ ਨੂੰ ਉਹਦੇ ਖ਼ਾਵੰਦ ਦੇ ਰੂਪ ਵਿਚ ਤਸੱਵਰ ਕੀਤਾ ਗਿਆ ਹੈ। ਜਿਵੇਂ ਇਸਤਰੀ ਦੀ ਸਾਰੀ ਤਵੱਜੋ ਆਪਣੇ ਮਰਦ ਨੂੰ ਰਿਝਾਉਣ ਤੇ ਪ੍ਰਸੰਨ ਕਰਨ ਪ੍ਰਤਿ ਰਹਿੰਦੀ ਹੈ ਤਿਵੇਂ ਹੀ

ਜੀਵ-ਆਤਮਾ ਦੀ ਸਾਰੀ ਸ਼ਕਤੀ ਆਪਣੇ ਪਤੀ-ਪਰਮਾਤਮਾ ਨੂੰ ਹਾਸਿਲ ਕਰਨ ਅਤੇ ਉਸ ਨਾਲ ਇਕਰੂਪ ਹੋਣ ਤੇ ਕੇਂਦਰਿਤ ਰਹਿਣੀ ਚਾਹੀਦੀ ਹੈ। ਔਰਤ ਗੁਰਮਤਿ ਅਨੁਸਾਰ ਧੁਰਾ ਹੈ ਸਮੁੱਚੇ ਜੀਵਨ ਤੇ ਜੀਵਨ ਵਿਕਾਸ ਦਾ ।

ਗੁਰਬਾਣੀ ਦੇ ਸਮਕਾਲੀ ਸਭਿਆਚਾਰ ਵਿਚ ਇਸਤਰੀ ਦੀ ਤਰਸਯੋਗ, ਘਿਰਣਾਪੂਰਵਕ ਅਤੇ ਦੀਨ ਦਸ਼ਾ ਨੇ ਗੁਰੂ ਸਾਹਿਬਾਨ ਨੂੰ ਇਸ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਲਈ ਮਜ਼ਬੂਰ ਕੀਤਾ। ਕੰਨਿਆ, ਭੈਣ, ਪਤਨੀ, ਮਾਤਾ, ਵਿਧਵਾ, ਸੰਨਿਆਸਣ, ਭਿਕਸ਼ਣੀ, ਰਖੇਲ, ਕੁਲਟਾ, ਸੁਹਾਗਣ, ਦੁਹਾਗਣ ਤੇ ਵਿਯੋਗਣ ਵਜੋਂ ਵਿਚਰਦੀ ਇਸਤਰੀ ਨੇ ਸਾਡੇ ਮਹਾਨ ਰਹਿਬਰਾਂ ਦਾ ਧਿਆਨ ਆਪਣੇ ਵਲ ਖਿੱਚਿਆ । ਪਿੱਛਲ ਝਾਤ ਮਾਰੀਏ ਤਾਂ ਪਤਾ ਲਗਦੈ ਕਿ ਕਿਉਂਕਿ ਨਾਥ ਕਾਲ ਤਕ ਪਹੁੰਚ ਕੇ ਇਹ ਅਪਮਾਨ ਤੇ ਬੇਕਦਰੀ ਦੀ ਪਾਤਰ ਬਣ ਚੁੱਕੀ ਸੀ । ਭਗਤੀ ਕਾਲ ਤੱਕ ਇਸ ਸਥਿਤੀ ਵਿਚ ਹੋਰ ਨਿਘਾਰ ਆ ਗਿਆ । ਬਹੁ-ਪਤਨੀਵਾਦ, ਧੀਆਂ ਨੂੰ ਜੰਮਦਿਆਂ ਮਾਰਨ ਦੀ ਰੀਤ, ਸਤੀ ਪ੍ਰਥਾ ਤੇ ਹਰ ਪਾਸੇ ਔਰਤ ਦੀ ਹੋ ਰਹੀ ਬੇਪੱਤੀ ਨੇ ਇਸ ਨੂੰ ਹੋਰ ਨਿਵਿਆਂ ਦਿੱਤਾ । ਗੁਰੂ ਕਾਲ ਤੱਕ ਇਹ ਕਹਿਰ ਜ਼ੋਰਾਂ 'ਤੇ ਸੀ। ਔਰਤ ਨੂੰ ਨਾਗਣ, ਬਾਘਣ, ਪਾਪਣ, ਸੱਪਣੀ ਤੇ ਨਾਰਕੀ ਆਦਿ ਦੁਰ ਵਿਸ਼ੇਸ਼ਣਾਂ ਨਾਲ ਉਪਮਾਇਆ ਗਿਆ । ਸਿੱਧਾਂ ਵਲੋਂ ਗ੍ਰਿਹਸਥ ਨੂੰ ਛੱਡ ਪਹਾੜਾਂ 'ਤੇ ਜਾ ਬੈਠਣਾ ਕੇਵਲ ਇਸੇ ਕਰਕੇ ਸੀ ਕਿ ਔਰਤ ਸੰਗ ਰਹਿੰਦਿਆਂ ਉਹ ਆਪਣੀਆਂ ਇੰਦਰੀਆਂ 'ਤੇ ਕਾਬੂ ਨਹੀਂ ਸਨ ਰੱਖ ਸਕਦੇ। ਅਸਲ ਵਿਚ ਗੁਰਮਤਿ ਤਾਂ 'ਹਸੰਦਿਆਂ, ਖੇਲੰਦਿਆਂ, ਪਹਿਨੰਦਿਆਂ, ਖਾਵੰਦਿਆਂ' ਮੁਕਤ ਹੋਣ ਦੀ ਪ੍ਰਚਾਰਕ ਹੈ ਤੇ ਇਸ ਸਭ ਕੁਝ ਵਿਚ ਔਰਤ ਹਰ ਵੇਲੇ ਹਾਜ਼ਰ ਹੁੰਦੀ ਹੈ। ਸਗੋਂ ਉਲਟਾ ਆਪਣੀ ਹਾਰ ਨੂੰ ਛੁਪਾਉਣ ਲਈ ਇਸਤਰੀ ਨੂੰ ਮੰਦੀ ਬਣਾਉਣ ਦੀ ਰੁਚੀ ਪ੍ਰਬਲ ਹੋਣ ਲੱਗੀ ਜਿਸਦਾ ਸਮੂਹ ਮਹਾਂਪੁਰਖਾਂ ਨੇ ਡੱਟ ਕੇ ਵਿਰੋਧ ਕੀਤਾ ।

ਸਮੁੱਚੇ ਜਗਤ ਦੀ ਜਣਨੀ ਨੂੰ ਨਿੰਦਣ ਵਾਲਿਆਂ ਨੂੰ ਗੁਰਮਤਿ ਨੇ ਲੰਮੇ ਹੱਥੀਂ ਲਿਆ। ਰਾਜਿਆਂ, ਮਹਾਂਰਾਜਿਆਂ ਤੇ ਸੂਰਬੀਰਾਂ ਦੀ ਜਨਮਦਾਤੀ ਭਲਾ ਮਾੜੀ ਜਾਂ ਨਿੰਦਣਯੋਗ ਕਿਵੇਂ ਹੋ ਸਕਦੀ ਹੈ ? ਜਿਸ ਇਸਤਰੀ ਬਿਨਾਂ ਇਸ ਮਰਦ ਦਾ ਇਕ ਪਲ ਵੀ ਗੁਜ਼ਾਰਾ ਨਹੀਂ ਉਹ ਫਿਰ ਭੈੜੀ ਕਿਵੇਂ ਹੋ ਗਈ ?

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵਿਆਹੁ ।।
ਭੰਡਹੁ ਹੋਵੈ ਦੋਸਤੀ
ਭੰਡਹੁ ਚਲੈ ਰਾਹੁ ।।
ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ ।।
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ ।। (ਆਸਾ, 473)

ਹਰ ਪੱਧਰ ਤੇ ਔਰਤ ਨਾਲ ਜੁੜੇ ਮਰਦ ਦੀ ਸੱਚਾਈ ਨੂੰ ਗੁਰੂ ਨਾਨਕ ਹੋਰ ਵਧੇਰੇ ਉਜਾਗਰ ਕਰਦਿਆਂ ਫ਼ਰਮਾਉਂਦੇ ਹਨ:

ਪਹਿਲਾ ਮਾਸਹੁ ਨਿੰਮਿਆ
ਮਾਸੈ ਅੰਦਰਿ ਵਾਸੁ ।।
ਜੀਉ ਪਾਇ ਮਾਸੁ ਮੁਹਿ ਮਿਲਿਆ
ਹਡੁ ਚੰਮੁ ਤਨੁ ਮਾਸੁ ।।
ਮਾਸਹੁ ਬਾਹਰਿ ਕਢਿਆ
ਮੰਮਾ ਮਾਸੁ ਗਿਰਾਸੁ ।।
ਮੁਹੁ ਮਾਸੈ ਕਾ ਜੀਭ ਮਾਸੈ ਕੀ
ਮਾਸੈ ਅੰਦਰਿ ਸਾਸੁ ।।
ਵਡਾ ਹੋਆ ਵੀਆਹਿਆ
ਘਰਿ ਲੈ ਆਇਆ ਮਾਸੁ ।।
ਮਾਸਹੁ ਹੀ ਮਾਸੁ ਊਪਜੈ
ਮਾਸਹੁ ਸਭੋ ਸਾਕੁ ।।
ਸਤਿਗੁਰਿ ਮਿਲਿਐ ਹੁਕਮੁ ਬੁਝੀਐ
ਤਾ ਕੋ ਆਵੈ ਰਾਸਿ ।।
ਆਪਿ ਛੁਟੇ ਨਹ ਛੁਟੀਐ
ਨਾਨਕ ਬਚਨਿ ਬਿਣਾਸੁ ।।

(ਮਲਾਰ 1, 1289)

ਬਾਬਰ ਬਾਣੀ ਮੱਧਕਾਲੀ ਇਸਤਰੀ ਦੀ ਦੀਨ-ਦਸ਼ਾ ਦੀ ਮੂੰਹ ਬੋਲਦੀ ਤਸਵੀਰ ਹੈ। ਸਦੈਵ ਜੰਗਾਂ-ਜੁੱਧਾਂ ਤੇ ਲੜਾਈਆਂ-ਝਗੜਿਆਂ ਦਾ ਸਾਰਾ ਨਜ਼ਲਾ ਔਰਤ ਜਾਤ 'ਤੇ ਹੀ ਡਿਗਦਾ ਆਇਆ ਹੈ। ਬੇਪੱਤ, ਬੇਗੱਤ ਤੇ ਬੇਆਬਰੂ ਹੁੰਦੀ ਇਸਤਰੀ ਬਾਰੇ ਇਹ ਮਹਾਂਵਾਕ ਕਿਸੇ ਪ੍ਰਕਾਰ ਦਾ ਸ਼ੰਕਾ-ਸੰਸਾ ਨਹੀਂ ਰਹਿਣ ਦਿੰਦੇ:—

ਜਿਨ੍ਹ ਸਿਰ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ।।
ਸੇ ਸਿਰ ਕਾਤੀ ਮੁੰਨੀਅਨ ਗਲ ਵਿਚਿ ਆਵੈ ਧੂੜਿ ।।
ਮਹਲਾ ਅੰਦਰਿ ਹੋਦੀਆ ਹੁਣ ਬਹਣਿ ਨ ਮਿਲਨਿ ਹਦੂਰਿ ।।
....
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸ ।।
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ।।
....
ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ ।।
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ।।

ਇਹ ਵਿਚਾਰ ਨਾਰੀ ਦੀ ਖ਼ੌਫ਼ਨਾਕ ਅਸਲੀਅਤ ਨੂੰ ਸਾਖਿਆਤ ਕਰਦੇ ਹਨ। ਵਿਧਵਾ, ਵੇਸਵਾ ਤੇ ਸਤੀ ਪ੍ਰਥਾ ਬਾਰੇ ਵੀ ਗੁਰਮਤਿ ਵਿਚ ਸਪੱਸ਼ਟ ਫ਼ਰਮਾਨ ਹਨ। ਇਸ ਵਿਚ ਸਤੀ ਪ੍ਰਥਾ ਦਾ ਸਖ਼ਤ ਵਿਰੋਧ ਵੀ ਹੈ ਤੇ ਪਰਦੇ ਦੀ ਕਰੜੀ ਨਿੰਦਾ ਵੀ। ਗੱਲ ਕੀ, ਗੁਰੂ ਸਾਹਿਬਾਨ ਨੇ ਸਤੀ ਨੂੰ ਇੰਞ ਪ੍ਰਭਾਸ਼ਿਆ ਹੈ:

ਜਲੈ ਨ ਪਾਈਐ ਰਾਮ ਸਨੇਹੀ
ਕਿਰਤਿ ਸੰਜੋਗਿ ਸਤੀ ਉਠਿ ਹੋਈ।।
ਦੇਖਾ ਦੇਖੀ ਮਨ ਹਠਿ ਜਲਿ ਜਾਈਐ।।
ਪ੍ਰਿਅ ਸੰਗਿ ਨ ਪਾਵੈ ਬਹੁ ਜੋਨਿ ਭਵਾਈਐ।।

....

ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰ ਕਰਿ ਜਾਨਿਆ।।
ਧੰਨੁ ਸਤੀ ਦਰਗਹ ਪਰਵਾਨਿਆ।।

(ਗਉੜੀ 5, 175)

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਦੇ ਸੰਚਾਲਕਾਂ ਨੇ ਇਸਤਰੀ ਨੂੰ ਉਸ ਦਾ ਹੱਕੀ ਸਥਾਨ ਦਿਵਾਉਣ ਲਈ ਵਿਸ਼ੇਸ਼ ਘਾਲਣਾ ਹੀ ਨਹੀਂ ਘਾਲੀ ਸਗੋਂ ਇਸਨੂੰ ਬਹੁਤ ਵਡਿਆਇਆ, ਉਰਿਆਇਆ ਤੇ ਉਪਮਾਇਆ ਹੈ। ਇਸ ਦਾ ਪ੍ਰਤੱਖ ਪ੍ਰਮਾਣ ਉਹ ਮਹਾਨ ਵਿਚਾਰ ਹੈ ਜਿੱਥੇ ਪ੍ਰਭੂ ਤੋਂ ਬਿਨਾਂ ਦੂਸਰੀਆਂ ਸਾਰੀਆਂ ਜੀਵ ਆਤਮਾਵਾਂ ਨੂੰ ਨਾਰੀ-ਰੂਪ ਵਿਚ ਤਸੱਵਰਿਆ ਗਿਆ ਹੈ। ਜਿਵੇਂ ਕਿ:—

ਇਸੁ ਜਗ ਮਹਿ ਪੁਰਖੁ ਏਕੁ ਹੈ
ਹੋਰ ਸਗਲੀ ਨਾਰ ਸਬਾਈ।

(ਪੰਨਾ 591)

ਮੁੱਕਦੀ ਗੱਲ ਕਿ ਔਰਤ ਨੂੰ ਜੋ ਮਹੱਤਵ ਗੁਰਮਤਿ ਵਿਚ ਪ੍ਰਾਪਤ ਹੋਇਆ ਉਸਦੀ ਹੋਰ ਕੋਈ ਮਿਸਾਲ ਨਾ ਸਾਹਿਤ ਵਿਚ ਮਿਲਦੀ ਹੈ ਤੇ ਨਾ ਹੀ ਕਿਸੇ ਧਰਮ ਵਿਚ।



ਔਰਤਪਨ ਦੀ ਸਿਖ਼ਰ

ਸਮੁੱਚਾ ਸਿੱਖ ਜਗਤ ਖ਼ਾਲਸਾ ਪੰਥ ਦੀ ਸਿਰਜਣਾ ਦੀ ਤੀਜੀ ਜਨਮ ਸ਼ਤਾਬਦੀ ਹੁਣੇ ਮਨਾ ਕੇ ਹਟਿਆ ਹੈ। ਕਹਿਣ ਨੂੰ ਤਾਂ ਅਸੀਂ ਇਸ ਦਾ ਮੁਬਾਰਕ ਆਰੰਭ 1699 ਈਸਵੀ ਦੀ ਵਿਸਾਖੀ ਤੋਂ ਮੰਨਦੇ ਹਾਂ ਪਰੰਤੂ ਸਤਹੀ ਤੌਰ 'ਤੇ ਵਿਚਰਦੇ ਹੋਏ ਸ਼ਾਇਦ ਅਸੀਂ ਭੁੱਲ ਜਾਂਦੇ ਹਾਂ ਕਿ ਜਿਸ ਨਿਰੋਲ ਅਤੇ ਸਿੱਘਵੀ ਤਾਕਤ ਵਾਲੇ 'ਖ਼ਾਲਸੇ' ਦੀ ਸਿਰਜਣਾ ਦਸਮ ਪਾਤਿਸ਼ਾਹ ਨੇ ਇਸ ਇਤਿਹਾਸਕ ਸਾਕੇ ਵਿਚ ਸੰਪੰਨ ਕੀਤੀ, ਦਰਅਸਲ ਉਸ ਦੀ ਤਿਆਰੀ ਕਈ ਸੌ ਸਾਲਾਂ ਤੋਂ ਹੁੰਦੀ ਆ ਰਹੀ ਸੀ। ਵਡਹੰਸ ਰਾਗ ਵਿਚ ਜਗ ਤਾਰਕ ਸਤਿਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ:—

ਮਰਣੁ ਮੁਣਸਾਂ ਸੂਰਿਆ ਹਕੁ ਹੈ
ਜੋ ਹੋਇ ਮਰਣੁ ਪਰਵਾਣੋ।

(ਗੁਰੂ ਗ੍ਰੰਥ, ਪੰਨਾ 579)

ਉਨ੍ਹਾਂ ਦੇ ਆਪਣੇ ਸੇਵਕਾਂ ਨੂੰ ਜੀਵਨ ਦੀ ਆਸ ਛੱਡ ਕੇ 'ਮਰਨ ਕਬੂਲਣ' ਅਤੇ 'ਸਭਨਾਂ ਕੀ ਰੇਣੁਕਾ' ਹੋਣ ਦਾ ਉਪਦੇਸ਼ ਸਭ ਤੋਂ ਪਹਿਲਾਂ ਪੜ੍ਹਾਇਆ ਸੀ ਅਤੇ ਪ੍ਰੇਮ ਦੀ ਖੇਡ ਵਿਚ ਤਲੀ ਤੇ ਸੀਸ ਧਰਨ ਦੀ ਸਿੱਖਿਆ ਵੀ ਗੁਰੂ ਪਾਤਿਸ਼ਾਹਾਂ ਨੇ ਹੀ ਦ੍ਰਿੜ੍ਹ ਕਰਾਈ ਸੀ। ਗੁਰੂ ਨਾਨਕ ਜੋਤ ਦੇ ਦਸਵੇਂ ਜਾਮੇ ਤੱਕ ਇਹ ਸੰਪੂਰਨ ਸਿੱਖਿਆ ਦੀਖਿਆ ਦੇ ਰੂਪ ਵਿਚ ਸਰਬ ਸੰਗਤ ਨੂੰ ਦ੍ਰਿੜ੍ਹਾਉਣ ਦੀ ਮਿਹਰ-ਬਖ਼ਸ਼ਿਸ਼ ਹੋਈ।

ਦਸ ਗੁਰੂ ਸਾਹਿਬਾਨ ਦੀ ਪਰੰਪਰਾ ਇਸ ਸੰਸਾਰ ਦੀ ਇਕ ਅਦੁੱਤੀ ਪਰੰਪਰਾ ਹੈ ਜਿਸ ਵਿਚ ਕਦਮ ਦਰ ਕਦਮ ਸਿੱਖਾਂ ਸੇਵਕਾਂ ਨੂੰ ਦਿੱਤੀ ਗਈ ਸਿੱਖਿਆ ਨੂੰ ਅਮਲਾਂ, ਸ਼ਹੀਦੀਆਂ, ਕੁਰਬਾਨੀਆਂ, ਜੰਗਾਂ,ਯੁੱਧਾਂ ਅਤੇ ਸਰਬੰਸ ਵਾਰ ਕੇ ਪ੍ਰਸ਼ਟ ਕੀਤਾ ਗਿਆ। ਜੇਕਰ ਇਸ ਦੀ ਸਿਖਰ ਕਲਗੀਧਰ ਪਿਤਾ ਦਾ ਜੀਵਨ ਕਾਲ ਕਿਹਾ ਜਾਂਦਾ ਹੈ ਤਾਂ ਬਾਜ਼ਾਂ ਵਾਲੇ ਸੱਚੇ ਪਾਤਿਸ਼ਾਹ ਦੀ ਜਨਨੀ ਮਾਤਾ ਵੀ ਸਾਰੇ ਗੁਰੂ ਮਹਿਲਾਂ ਦੀ ਸਿਖ਼ਰ ਆਖੀ ਜਾਣੀ ਚਾਹੀਦੀ ਹੈ ਜਿਨ੍ਹਾਂ ਨੇ ਸੱਚੇ ਸੁੱਚੇ ਮਾਨਵੀ ਧਰਮ ਦੀ ਖ਼ਾਤਿਰ ਪਤੀ ਸ਼ਹੀਦ ਕਰਵਾਇਆ, ਪੁੱਤਰ ਦੀ ਸ਼ਹਾਦਤ ਦਿੱਤੀ, ਚਾਰੇ ਪੋਤਰੇ ਸਿੱਖੀ ਮਹੱਲ ਦੀਆਂ ਨੀਹਾਂ ਦੀ ਮਜ਼ਬੂਤੀ ਲਈ ਵਾਰ ਦਿੱਤੇ ਅਤੇ ਫਿਰ ਆਪ ਵੀ ਲਾਸਾਨੀ ਸਿੱਖਿਆ ਦਿੰਦਿਆਂ ਧਰਮ ਖ਼ਾਤਿਰ ਸ਼ਹੀਦੀ ਜਾਮ ਪੀ ਗਏ।

ਸਰਬੰਸ ਦਾਨੀ, ਜ਼ੁਲਮੋ ਤਸ਼ੱਦਦ ਨੂੰ ਠੱਲ੍ਹ ਪਾ ਕੇ ਮਾਨਵੀ ਮੁੱਲਾਂ ਨੂੰ ਜੀਵੰਤ ਕਰਨ ਵਾਲੇ ਬਲੀਦਾਨੀ ਅਤੇ ਜਰਨੈਲੀ ਭਾਵਨਾ ਨਾਲ ਭਰਪੂਰ ਯੋਧੇ ਗੁਰੂ ਨੂੰ ਮਿੱਠੀਆਂ ਲੋਰੀਆਂ

ਸੰਗ ਬੀਰਤਾਪੂਰਨ ਕਥਾ ਕਹਾਣੀਆਂ ਸੁਣਾਉਣ ਵਾਲੀ ਅਲੌਕਾਰੀ ਮਾਤਾ ਮਾਂ ਗੁਜਰੀ ਜੀ ਓਹ ਸਾਹਸੀ ਦੇਵੀ ਸਨ ਜਿਨ੍ਹਾਂ ਨੇ ਨੌਂ ਸਾਲ ਦੇ ਸਪੁੱਤਰ ਦੀ ਚਿੰਤਾ ਨਾਲੋਂ ਧਰਮ ਦੇ ਸੰਕਟ ਨੂੰ ਪਹਿਲ ਦਿੱਤੀ ਸੀ। ਔਰੰਗਜ਼ੇਬ ਦੇ ਇਸਲਾਮਿਕ ਮਨਸੂਬਿਆਂ ਨੂੰ ਭਾਂਪਦਿਆਂ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ 'ਤੇ ਗੁਰੂ-ਪਤੀ ਨੂੰ ਚਾਂਦਨੀ ਚੌਕ ਵਿਚ ਸੀਸ ਵਾਰਨ ਦੀ ਹੱਲਾਸ਼ੇਰੀ ਦੇਣ ਅਤੇ ਤਾਕੀਦ ਕਰਨ ਵਾਲੀ ਮਾਤਾ ਗੁਜਰੀ ਹੀ ਸਨ ਜੋ ਸੱਚ, ਸੁੱਚਮ, ਸੇਵਾ, ਸਿਮਰਨ, ਬਹਾਦਰੀ ਅਤੇ ਕੁਰਬਾਨੀ ਦੇ ਪੁੰਜ ਕਹੇ ਜਾ ਸਕਦੇ ਹਨ। ਜਦੋਂ ਛੇਵੇਂ ਗੁਰਾਂ ਦਾ ਹੁਕਮ ਮੰਨ ਕੇ ਸ੍ਰੀ ਤੇਗ਼ ਬਹਾਦਰ ਸਾਹਿਬ ਆਪਣੀ ਮਾਤਾ ਨਾਨਕੀ ਜੀ ਨਾਲ ਵੀਹ ਸਾਲਾਂ ਤੋਂ ਵੀ ਲੰਮਾ ਸਮਾਂ ਬਾਬੇ ਬਕਾਲੇ ਵਿਚ ਤਪ-ਸਾਧਨਾ ਵਿਚ ਲੀਨ ਰਹੇ ਤਾਂ ਇਕ ਸਚਿਆਰੀ, ਸੁਘੜ, ਸੁਸ਼ੀਲ ਅਤੇ ਸੂਝਵਾਨ ਪਤਨੀ ਵਾਂਗ ਵੱਡੇ ਬਜ਼ੁਰਗਾਂ, ਸੱਸ-ਮਾਂ ਅਤੇ ਪਤੀ ਦੀ ਸੇਵਾ-ਸਾਧਨਾ ਵਿਚ ਹਰ ਪਲ ਨਿਰੰਤਰ ਜੁਟੇ ਰਹਿੰਦਿਆਂ ਤਿਆਗੀ ਤੇ ਸ਼ਾਕਰ-ਭਾਵ ਮਾਤਾ ਗੁਜ਼ਰੀ ਜੀ ਨੇ ਘਰ-ਗ੍ਰਿਹਸਥੀ ਨੂੰ ਸਾਂਭੀ ਰੱਖਿਆ। ਭਾਵੇਂ ਹਰ ਪ੍ਰਕਾਰ ਦੇ ਗ੍ਰਿਹਸਥੀ-ਸੁੱਖ ਤੋਂ ਉਹ ਵੰਚਿਤ ਸਨ ਕਿਉਂਕਿ ਸ੍ਰੀ ਤੇਗ਼ ਬਹਾਦਰ ਸਭ ਦੁਨਿਆਵੀ ਤੇ ਮਾਇਆਵੀ ਜੰਜਾਲਾਂ ਨੂੰ ਤਿਆਗ ਕੇ ਕੇਵਲ ਪ੍ਰਭੂ-ਬੰਦਗੀ ਵਿਚ ਹੀ ਲੀਨ ਰਹਿੰਦੇ ਸਨ। 'ਗੁਰੂ ਲਾਧੋ ਰੇ' ਵਾਲੇ ਇਤਿਹਾਸਕ ਕਾਰਨਾਮੇ ਤੱਕ ਉਹ ਸੰਸਾਰ ਤੋਂ ਨਿਰਲੇਪ ਰਹੇ ਅਤੇ ਮਾਤਾ ਜੀ (ਮਾਂ ਗੁਜਰੀ) ਸਦਾ ਤਤਪਰ ਹੋ ਕੇ ਕਾਰਜਸ਼ੀਲ। ਬਚਿਤ੍ਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਫ਼ਰਮਾਉਂਦੇ ਹਨ:—

ਤਾਤ ਮਾਤ ਮੁਰ ਅਲਖ ਅਰਾਧਾ ।
ਬਹੁ ਬਿਧਿ ਜੋਗ ਸਾਧਨਾ ਸਾਧਾ ।
ਤਿਨ ਜੋ ਕਰੀ ਅਲਖ ਕੀ ਸੇਵਾ ।
ਤਾ ਤੇ ਭਏ ਪ੍ਰਸੰਨਿ ਗੁਰ ਦੇਵਾ ।
ਤਿਨ ਪ੍ਰਭ ਜਬ ਆਇਸ ਮੁਹਿ ਦੀਆ ।
ਤਬ ਹਮ ਜਨਮ ਕਲੂ ਮਹਿ ਲੀਆ ।

ਇੰਞ, ਜ਼ੁਲਮ-ਸੰਘਾਰਕ,ਧਰਮ-ਰੱਖਿਅਕ, ਪੰਥ-ਵਾਲੀ ਅਤੇ ਲੋਕਤੰਤਰ ਪ੍ਰਣਾਲੀ ਦੇ ਪਹਿਲੇ ਸੰਚਾਲਕ ਦਸ਼ਮੇਸ਼ ਪਿਤਾ ਦਾ ਜਨਮ ਤਿਆਗੀ, ਵੈਰਾਗੀ ਅਤੇ ਸੰਤੋਖੀ ਮਾਤਾ ਪਿਤਾ ਦੇ ਮੁਬਾਰਕ ਆਂਗਣ (ਸ੍ਰੀ ਪਟਨਾ ਸਾਹਿਬ ਵਿਖੇ) 1666 ਦੀ ਪੋਹ ਸਤਵੀਂ ਨੂੰ ਹੋਇਆ। ਜਿੱਥੇ ਇਸ ਸੁੱਲਖਣੀ ਘੜੀ ਪਿਤਾ-ਗੁਰੂ ਧਰਮ-ਪ੍ਰਚਾਰ ਵਿਚ ਮਸਰੂਫ਼ ਸਨ ਉੱਥੇ ਅਧਖੜ੍ਹ ਉਮਰੇ (47 ਸਾਲਾ ਆਯੂ) ਮਾਂ ਗੁਜਰੀ ਵੀ ਪਤੀ ਦੇ ਅੰਗ ਸੰਗ ਵਿਚਰਦਿਆਂ ਘਟ ਘਟ ਵਿਚ ਨਾਮ ਸਿਮਰਣ ਤੇ ਭਾਣੇ ਵਿਚ ਰਹਿਣ ਦੀ ਜੋਤ ਪ੍ਰਜਵਲਿਤ ਕਰ ਰਹੇ ਸਨ। ਦਾਦੀਆਂ, ਨਾਨੀਆਂ ਅਕਸਰ ਯੁਗ ਯੁਗਾਂਤਰਾਂ ਤੋਂ ਪੋਤੀਆਂ ਪੋਤਿਆਂ ਨੂੰ ਰੋਚਕ, ਦਿਲਚਸਪ ਅਤੇ ਰਸੀਲੀਆਂ ਗਾਥਾਵਾਂ ਸੁਣਾ ਸੁਣਾ ਕੇ ਉਨ੍ਹਾਂ ਦਾ ਮਨੋਰੰਜਨ ਕਰਦੀਆਂ ਰਹੀਆਂ ਹਨ। ਮਾਵਾਂ ਤੋਂ ਕਿਤੇ ਵੱਧ ਯੋਗਦਾਨ ਬਜ਼ੁਰਗ ਮਾਈਆਂ ਦਾ ਰਿਹਾ ਹੈ ਜਿਹੜੀਆਂ ਗੁੜ੍ਹਤੀ ਤੋਂ ਲੈ ਕੇ ਨੌਜਵਾਨੀ ਤੱਕ ਬੱਚਿਆਂ ਦੇ ਅੰਗ ਸੰਗ ਵਿਚਰ

ਕੇ ਹਰ ਪ੍ਰਕਾਰੀ ਸਿੱਖਿਆ ਨਾਲ ਉਨ੍ਹਾਂ ਨੂੰ ਸੁਯੋਗ ਬਣਾਉਂਦੀਆਂ ਰਹੀਆਂ ਹਨ। ਮਾਂ ਗੁਜਰੀ ਜੀ ਵੀ ਇਕ ਅਜਿਹੀ ਹੀ ਲਾਸਾਨੀ ਦਾਦੀ ਸਨ ਜਿਨ੍ਹਾਂ ਨੇ ਸੱਚੇ ਧਰਮ ਦੀ ਬਰਕਰਾਰੀ ਲਈ ਨਿੱਕੀਆਂ ਤੇ ਮਾਸੂਮ ਜਿੰਦਾਂ (ਛੋਟੇ ਪੋਤਰਿਆਂ) ਨੂੰ ਸ਼ਹਾਦਤ ਤੋਂ ਪਹਿਲਾਂ ਅਜਿਹੇ ਅਮਰ ਪਾਠ ਪੜ੍ਹਾਏ ਕਿ ਸਾਹਿਬਜ਼ਾਦਿਆਂ ਨੇ ਸੀਸ ਕਟਵਾਉਣਾ ਤੇ ਨੀਹਾਂ ਵਿਚ ਚਿਣੇ ਜਾਣਾ ਤਾਂ ਕਬੂਲ ਕਰ ਲਿਆ, ਪਰੰਤੂ ਸਿਰੜ ਨਾ ਹਾਰਿਆ। ਜੋਗੀ ਅੱਲਾਹ ਯਾਰ ਖਾਂ ਸ਼ਹੀਦਨਿ ਵਫ਼ਾ ਵਿਚ ਲਿਖਦੇ:—

ਜਾਨੇ ਸੇ ਪਹਿਲੇ ਆਓ ਗਲੇ ਸੇ ਲਗਾ ਤੋ ਲੂੰ।
ਕੇਸੋਂ ਕੋ ਕੰਘੀ ਕਰੂੰ ਜ਼ਰਾ ਮੂੰਹ ਧੁਲਾ ਤੋ ਲੂੰ।
ਪਿਆਰੇ ਸਰੋਂ ਪੇ ਨੰਨ੍ਹੀ ਸੀ ਕਲਗੀ ਸਜਾ ਤੋ ਲੂੰ।
ਮਰਨ ਸੇ ਪਹਿਲੇ ਤੁਮ ਕੋ ਦੂਲਹਾ ਬਨਾ ਤੋ ਲੂੰ।

ਸੂਰਬੀਰਤਾ, ਸਿਦਕ ਦਿਲੀ, ਨਿਰਭੈਤਾ, ਨਿਡਰਤਾ, ਦ੍ਰਿੜਤਾ ਅਤੇ ਜਾਂਬਾਜ਼ੀ ਦੀ ਬੇਜੋੜ ਸਿੱਖਿਆ ਦ੍ਰਿੜਾਉਣ ਵਾਲੀ ਮਾਤਾ ਗੁਜਰੀ ਦੇ ਬਾਂਕੇ ਪੋਤਰੇ ਜਿਸ ਬੇਖ਼ੌਫ਼ੀ ਨਾਲ ਸ਼ਹੀਦੀਆਂ ਲਈ ਅੱਗੇ ਵਧੇ ਉਸ ਪ੍ਰਥਾਇ ਉਰਦੂ ਦਾ ਪ੍ਰਸਿੱਧ ਕਵੀ ਫ਼ੈਜ਼ ਕਿੰਨਾ ਸ਼ਰਧਾ ਯੁਕਤ ਹੋ ਕੇ ਲਿਖਦੈ:—

ਯਹ ਜਾਂ ਤੋ ਆਨੀ ਜਾਨੀ ਹੈ
ਇਸ ਜਾਂ ਕੀ ਤੋਂ ਕੋਈ ਬਾਤ ਨਹੀਂ।
ਜਿਸ ਧਜ ਸੇ ਕੋਈ ਮਕਤਲ ਮੇਂ ਗਯਾ।
ਵੁਹ ਸ਼ਾਨ ਸਲਾਮਤ ਰਹਤੀ ਹੈ।

ਇਕਲੌਤੇ ਪੁੱਤਰ, ਪੁੱਤਰ-ਬਧੂਆਂ ਅਤੇ ਚਾਰ ਲਾਲਾਂ ਨੂੰ ਮਹਾਂ ਇਤਿਹਾਸਕ ਜੀਵਨ ਜਾਚ ਸਿਖਾਉਣ ਵਾਲੀ ਮਾਂ ਗੁਜਰੀ ਜੀ ਨੇ ਪਤੀ ਦੀ ਸ਼ਹਾਦਤ ਉਪਰੰਤ ਆਪਣੇ ਵੀਰ ਸ੍ਰੀ ਕ੍ਰਿਪਾਲ ਚੰਦ ਦੀ ਸਹਾਇਤਾ ਨਾਲ ਜਿੱਥੇ ਸਿੱਖ ਪੰਥ ਦੀ ਵਾਗਡੋਰ ਸੰਭਾਲੀ ਉੱਥੇ ਬਾਲ-ਗੁਰੂ ਨੂੰ ਨਿਪੁੰਣ ਕਰਨ ਲਈ ਸਾਰੇ ਹੀਲੇ ਵਸੀਲੇ ਵੀ ਵਰਤੇ। ਭੰਗਾਣੀ ਦੇ ਯੁੱਧ ਤੱਕ ਉਹ ਇਸ ਜਦੋ ਜਹਿਦ ਦੇ ਕਮਾਂਡਰ ਬਣੇ ਰਹੇ। ਸਮੂਹ ਗੁਰੂ ਮਹਿਲਾਂ ਵਿਚੋਂ ਇਕ ਵਿਲੱਖਣ ਅਤੇ ਨਿਆਰੇ ਵਿਅਕਤਿਤਵ ਦੇ ਸਵਾਮੀ ਸਨ ਮਾਂ ਗੁਜਰੀ ਜੋ ਕਰਤਾਰਪੁਰ (ਜਲੰਧਰ) ਵਿਖੇ 1619 ਵਿਚ ਗੁਰੂ-ਪ੍ਰੇਮੀ ਭਾਈ ਲਾਲ ਚੰਦ ਦੀ ਘਰ-ਲੱਛਮੀ ਬਣੇ। ਤੇਰਾਂ ਵਰ੍ਹਿਆਂ ਦੀ ਉਮਰ ਵਿਚ ਸ੍ਰੀ ਤਿਆਗ ਮੱਲ (ਤੇਗ਼ ਬਹਾਦਰ) ਨਾਲ ਵਰੇ ਜਾਣ ਤੋਂ ਲੈ ਕੇ 1704 ਈਸਵੀ ਤੱਕ ਮਾਤਾ ਗੁਜਰੀ ਜੀ ਨਵੇਂ ਇਤਿਹਾਸ ਦੀ ਸਿਰਜਣਾ ਤੇ ਸੰਭਾਲ ਵਿਚ ਜੁਟੇ ਰਹੇ। ਨਿਮਰਤਾ-ਪੁੰਜ ਤੇ ਹਯਾ-ਮੂਰਤ, ਮਿੱਠ ਬੋਲੜੀ, ਉਦਾਰ ਚਿੱਤ, ਪ੍ਰਸੰਨ ਚਿੱਤ ਤੇ ਧਿਆਨ ਚਿੱਤ ਮਾਤਾ ਗੁਜਰੀ ਆਪਣੇ ਸਿਰ ਦੇ ਸਾਈਂ ਦੇ ਪ੍ਰੇਰਨਾ ਸ੍ਰੋਤ ਤਾਂ ਸਨ ਹੀ ਆਪਣੇ ਪੁੱਤਰ ਦੀਆਂ ਧੜਕਣਾਂ ਵੀ ਸਨ ਅਤੇ ਆਪਣੇ ਪੋਤਰਿਆਂ ਦੀਆਂ ਉਮੀਦਾਂ ਵੀ।

ਪਤੀ-ਗੁਰੂ ਦੀ ਨਾਯਾਬ ਸ਼ਹੀਦੀ ਪਿਛੋਂ ਜਦੋਂ ਉਨ੍ਹਾਂ ਦਾ ਪਾਵਨ ਸੀਸ ਭਾਈ ਜੈਤਾ

ਜੀ ਰਾਹੀਂ ਸ੍ਰੀ ਆਨੰਦਪੁਰ ਪੁੱਜਾ ਤਾਂ ਰੋਣ ਧੋਣ ਤੇ ਵਿਆਕੁਲ ਹੋਣ ਦੀ ਬਜਾਇ ਮਾਤਾ ਜੀ ਨੇ ਅਕਾਲਪੁਰਖ ਦਾ ਕੋਟਨ ਕੋਟਨ ਵਾਰ ਸ਼ੁਕਰੀਆ ਕਰਦਿਆਂ ਉਚਾਰਿਆ ਸੀ, "ਤੁਹਾਡੀ ਨਿਭ ਆਈ। ਇਹ ਹੀ ਬਖਸ਼ਿਸ਼ ਕਰਨੀ ਕਿ ਮੇਰੀ ਵੀ ਨਿਭ ਆਵੇ"। ਪਿਆਰੇ ਪਾਠਕੋ ! ਸਚਮੁੱਚ ਵਡਾ ਤੇ ਸਿਦਕ ਨਿਭਾ ਗਈ ਮਾਤਾ ਗੁਜਰੀ ਜਦੋਂ ਨਿੱਕੀਆਂ ਜਿੰਦਾਂ ਉਨ੍ਹਾਂ ਦੀ ਅਗਵਾਈ ਵਿਚ ਵੱਡੇ ਸਾਕੇ ਕਰ ਗਈਆਂ, ਜਦੋਂ ਸਰਹਿੰਦ ਦੀ ਧਰਤੀ ਤੇ 'ਸਿੱਖਾਂ ਦੀ ਕਰਬਲਾ' ਜੀਵੰਤ ਹੋਈ, ਜਦੋਂ ਕੂੜ ਕੁਸੱਤ ਦੀਆਂ ਕੰਧਾਂ ਜਲਜਾਨਾ ਉੱਠੀਆਂ, ਜਦੋਂ ਮੁਗਲ ਹਕੂਮਤ ਦੇ ਹੰਕਾਰ ਨੂੰ ਝੰਜੋੜਨ ਲਈ ਸੱਤ ਤੇ ਨੌ ਸਾਲ ਦੇ ਅਲੂੰਏ ਬਾਲ ਸ਼ੇਰਾ ਵਾਂਗ ਪੁਕਾਰ ਉਠੇ। ਕੀ ਸਿੱਖ ਕੌਮ ਲਈ ਅਜਿਹਾ ਅਮੋਲਕ ਵਿਰਸਾ ਛੱਡ ਕੇ ਮਾਂ ਗੁਜਰੀ ਨੇ ਵਫਾ ਨਹੀਂ ਨਿਭਾਈ ?

ਸਰਲ ਸੁਭਾਵੀਂ ਪ੍ਰੌਢ ਦ੍ਰਿੜ, ਭਾਵੀ ਮਾਤਾ ਗੁਜਰੀ ਨੇ ਅਜਿਹੇ ਪੂਰਨੇ ਪਾਏ ਕਿ ਗੁਰੂ-ਦੋਖੀ ਮਸੰਦ ਤੇ ਦੁਸ਼ਮਣ ਦੰਗ ਰਹਿ ਗਏ। ਮਾਤਾ ਗੁਜਰੀ ਦੇ ਜਾਰੀ ਕੀਤੇ ਹੁਕਮਨਾਮੇ ਉਨ੍ਹਾਂ ਦੀ ਸੋਝੀ ਅਤੇ ਰਾਜਸੀ ਨੀਤੀਵਾਨਤਾ ਦੇ ਪ੍ਰਤੱਖ ਪ੍ਰਮਾਣ ਹਨ। ਇਤਿਹਾਸ ਦੇ ਇਸ ਘੋਰ ਬਿੱਖੜੇ ਪੈਂਡੇ 'ਤੇ ਕੋਈ ਕਮਦਿਲ ਤੇ ਸੰਗ ਦਿਲ ਔਰਤ ਜ਼ੁਲਮ ਤਸ਼ੱਦਦ ਦੇ ਠਾਠਾਂ ਮਾਰਦੇ ਸਮੁੰਦਰ ਅੱਗੇ ਅੜ ਖੜ੍ਹ ਹੀ ਨਹੀਂ ਸੀ ਸਕਦੀ ਪਰ ਸੁਚਾਰੂ ਮਾਨਵੀ ਮੁੱਲਾਂ 'ਤੇ ਪਹਿਰਾ ਦੇਣਾ ਕਿਸੇ ਕਿਸੇ ਮਾਂ ਗੁਜਰੀ ਦਾ ਹੀ ਨਸੀਬਾ ਹੋ ਸਕਦਾ ਹੈ ਜਿਸ ਨੇ 27 ਦਸੰਬਰ 1704 ਦੀ ਬਰਫੀਲੀ ਰਾਤ ਨੂੰ ਕੇਵਲ ਕੁਦਰਤੀ ਕਹਿਰ ਹੀ ਨਹੀਂ ਹੰਢਾਇਆ ਸਗੋਂ ਮਾਨਵੀ ਕਹਿਰ ਨੂੰ ਵੀ ਬੁੱਢੇ ਸਰੀਰ 'ਤੇ ਜਰਦਿਆਂ ਸ਼ਹਾਦਤ ਦਾ ਜਾਮ ਪੀਤਾ। ਨਮਕ ਹਰਾਮ ਗੰਗੂ ਰਸੋਈਏ ਦੀ ਬੇਵਫ਼ਾਈ, ਜ਼ਾਲਮ ਨਵਾਬ ਵਜ਼ੀਰ ਖਾਂ ਦੀ ਕਸਾਈਅਤ ਅਤੇ ਮੁਗਲ ਹਕੂਮਤ ਦੇ ਵਰ੍ਹਦੇ ਅੰਗਿਆਰਾਂ ਨੂੰ ਸੀਨੇ ਵਿਚ ਸਮੇਟ ਸੀਤਲਤਾ ਦੀ ਸਿੱਖਿਆ ਦ੍ਰਿੜਾਉਂਦੀ ਦਾਦੀ ਮਾਂ ਯੁਗਾਂ ਯੁਗਾਂ ਦੀ ਅਮਰ ਉਦਾਹਰਨ ਹੋ ਨਿੱਬੜੀ। ਸਰਹਿੰਦ ਦਾ ਠੰਡਾ ਬੁਰਜ ਮਾਂ ਗੁਜਰੀ ਦੀ ਛੂਹ ਨਾਲ ਚਿਰੰਜੀਵੀ ਇਤਿਹਾਸ ਦਾ ਮੁਕਾਮ ਬਣ ਗਿਆ। ਤੇ ਦੀਵਾਨ ਟੋਡਰ ਮੱਲ ਵਲੋਂ ਮੁਹਰਾਂ ਵਿਛਾ ਕੇ ਮੁੱਲ ਲਈ ਧਰਤੀ 'ਜੋਤਿ ਸਰੂਪ' ਸਿੱਖੀ ਮੱਹਲ ਦੀ ਪੱਕੀ ਬੁਨਿਆਦ ਹੋ ਨਿੱਬੜੀ। ਮੁਗਲ ਸਲਤਨਤ ਦੇ ਜਬਰ ਸਿਤਮ ਦੀ ਚਰਮਸੀਮਾ ਮਾਂ ਗੁਜਰੀ ਨੇ ਆਪਣੇ ਪਿੰਡੇ 'ਤੇ ਜਰੀ। ਇੰਵ ਪੋਤਰਿਆਂ ਦੇ ਬਲੀਦਾਨ ਉਪਰੰਤ ਆਪਣੇ ਜੀਵਨ ਦਾ ਮਕਸਦ ਸੰਪੂਰਨ ਹੋ ਗਿਆ ਸਮਝ ਕੇ ਮਾਤਾ ਜੀ ਸਮਾਧੀਲੀਨ ਹੋ ਕੇ ਪੰਜ ਭੌਤਿਕ ਸਰੀਰ ਨੂੰ ਅਲਵਿਦਾ ਆਖ ਗਏ। ਇਹ ਸਾਕਾ (ਸਿੱਖਾਂ ਦੀ ਕਰਬਲਾ) ਅਮਰ, ਅਮਿੱਟ ਅਤੇ ਅਭੁੱਲ ਹੋ ਨਿੱਬੜਿਆ ਜਿਸਨੇ ਵਲੂੰਧਰੇ ਸਿੱਖਾਂ ਨੂੰ ਨਵੀਂ ਤਕਦੀਰ ਸਿਰਜਣ ਲਈ ਝੰਜੋੜਿਆ। ਜੇਮਜ਼ ਬਰਾਊਨ ਇਸ ਪ੍ਰਥਾਇ ਵਾਜਿਬ ਹੀ ਲਿਖਦੈ:-

"ਨਵੇਂ ਧਾਰਮਿਕ ਅਸੂਲਾਂ ਦਾ ਪ੍ਰਚਾਰ ਕਰਨ ਵਾਲਿਆਂ ਉੱਤੇ ਢਾਏ ਜ਼ੁਲਮਾਂ ਦੀਆਂ ਸਾਰੀਆਂ ਮਿਸਾਲਾਂ ਵਿਚੋਂ ਇਹ ਸਾਕਾ ਸਰਹਿੰਦ ਸਭ ਤੋਂ ਜ਼ਿਆਦਾ ਕਠੋਰ, ਉਪੱਦਰ ਅਤੇ ਨਿਰਦਈ ਅਤਿਆਚਾਰ ਹੈ। ਨਿਰਬਲ ਤੇ ਨਿਹੱਥੀਆਂ ਇਸਤਰੀਆਂ ਅਤੇ ਬੱਚੇ ਆਮ

ਤੌਰ ਤੇ ਧਾਰਮਿਕ ਕ੍ਰੋਧ ਤੋਂ ਬਚੇ ਰਹਿੰਦੇ ਹਨ। ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਜੇਕਰ ਇਸ ਘਟਨਾ ਪ੍ਰਤਿ ਸਿੱਖਾਂ ਦਾ ਗੁੱਸਾ ਵੀ ਇਤਨਾ ਹੀ ਸਖ਼ਤ ਸੀ।

ਚਾਰ ਪੁੱਤਰਾਂ ਦੀ ਅਜ਼ੀਮ ਸ਼ਹੀਦੀ ਉਪਰੰਤ ਹੀ ਕਲਗੀਧਰ ਪਿਤਾ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖ ਕੇ ਵੰਗਾਰਿਆਂ, ਫਿਟਕਾਰਿਆ ਤੇ ਐਲਾਨਿਆ ਸੀ:—

ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ।
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ।

ਇੰਞ, ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਇਆ ਇਹ ਨਿਆਰਾ ਧਰਮ ਗੁਰੂ ਗੋਬਿੰਦ ਸਿੰਘ ਤੱਕ ਪੁੱਜ ਕੇ ਮਹਾਂ ਕਰਾਂਤੀਕਾਰੀ ਧਰਮ ਬਣ ਚੁੱਕਾ ਸੀ। ਡਾ. ਰਾਧਾ ਕ੍ਰਿਸ਼ਨਨ ਸੱਚੇ ਧਰਮ ਦੀ ਪਰਿਭਾਸ਼ਾ ਇਹੋ ਸਵੀਕਾਰਦੇ ਹਨ:—

'ਜਿਸ ਧਰਮ ਦਾ ਸੁਭਾਅ ਕਰਾਂਤੀਕਾਰੀ ਨਹੀਂ ਉਹ ਸੱਚਾ ਧਰਮ ਨਹੀਂ.'

ਸੋ, ਪਾਠਕੋ! ਸੱਚੇ ਧਰਮ ਦੀ ਰਖਵਾਲੀ ਕਰਦਿਆਂ, ਸਹੁਰਿਆਂ ਦਾ ਮਾਣ ਵਧਾਉਂਦਿਆਂ, ਪੇਕਿਆਂ ਦੀ ਸ਼ਾਨ ਕਾਇਮ ਰੱਖਦਿਆਂ ਅਤੇ ਨਵਾਂ ਇਤਿਹਾਸ ਸਿਰਜ ਕੇ ਮਾਂ ਗੁਜਰੀ ਸਿੱਖ ਧਰਮ ਨੂੰ ਜੋ ਨਵਾਂ ਮੋੜ ਦੇ ਗਏ ਉਸ ਦਾ ਜਗਤ ਵਿਚ ਕੋਈ ਹੋਰ ਦੂਜਾ ਉਦਾਹਰਣ ਨਹੀਂ ਹੋ ਸਕਦਾ। ਸੇਵਾ, ਘਾਲਣਾ, ਨੇਕੀ, ਸੱਚਾਈ, ਜੁਰਅਤ, ਫਰਾਖਦਿਲੀ ਅਤੇ ਸਿਦਕ ਸਿਰੜ ਦੀ ਮੂਰਤ ਸਨ ਜਗਤ ਮਾਤਾ ਗੁਜਰੀ ਜੀ ਜੋ ਖ਼ਾਲਸਾ ਪੰਥ ਦੀ ਸਿਰਜਣਾ ਦੇ ਜ਼ਾਹਰਾ ਜ਼ਹੂਰ ਗਵਾਹ ਸਨ। ਅੱਜ ਚਾਰ ਚੁਫ਼ੇਰੇ ਕਈ ਕਿਸਮ ਦੇ ਹੋਰ ਪ੍ਰੋਗਰਾਮ ਤਾਂ ਵਿਚਾਰ ਅਧੀਨ ਹਨ ਪਰੰਤੂ ਦਸਮ ਪਿਤਾ ਜੀ ਜਨਮਦਾਤੀ ਤੇ ਸਿੱਖ ਧਰਮ ਦੀ ਪਹਿਲੀ ਸ਼ਹੀਦ ਮਾਤਾ ਗੁਜਰੀ ਦਾ ਜ਼ਿਕਰ ਘੱਟ ਵੱਧ ਹੀ ਸੁਣਦੇ ਹਾਂ।

ਕਾਸ਼ ਕਿ ਅਸੀਂ ਇਸਤਰੀਤਵ ਦੀ ਸਿਖਰ ਅਤੇ ਔਰਤਪਨ ਦੇ ਗੌਰਵ ਮਾਂ ਗੁਜਰੀ ਦੀਆਂ ਪੈੜਾਂ 'ਤੇ ਤੁਰਨਾ ਸਿੱਖ ਸਕੀਏ।

❑

ਮਾਤਾ ਗੁਜਰੀ ਜੀ ਦੀ ਲਾਸਾਨੀ ਗਾਥਾ

ਸਮੂਹ ਗੁਰੂ-ਮਹਿਲਾਂ ਦਾ ਗੁਰੂ ਇਤਿਹਾਸ ਵਿਚ ਇਕ ਉਲੇਖਯੋਗ, ਜ਼ਿਕਰਯੋਗ ਅਤੇ ਫ਼ਖ਼ਰਯੋਗ ਸਥਾਨ ਹੈ ਭਾਵੇਂ ਯੁਗੀਨ ਸੋਚ ਮੁਤਾਬਿਕ ਬੀਬੀਆਂ ਦੇ ਯੋਗਦਾਨ ਬਾਰੇ ਇਤਿਹਾਸਕਾਰਾਂ ਦੀ ਕਲਮ ਪੱਖਪਾਤੀ ਹੀ ਰਹੀ ਹੈ। ਬੇਸ਼ਕ ਬੀਬੀ ਨਾਨਕੀ ਤੋਂ ਲੈ ਕੇ ਮਾਤਾ ਸੁੰਦਰੀ ਜੀ ਤੱਕ ਸਾਰੀਆਂ ਬੀਬੀਆਂ ਨੇ ਸਿੱਖ ਪੰਥ ਲਈ ਘਾਲਣਾ ਘਾਲੀਆਂ ਹਨ, ਨਵੇਂ ਪੂਰਨੇ ਪਾਏ ਹਨ ਅਤੇ ਨਵੇਂ ਰਾਹ ਉਲੀਕੇ ਹਨ।

'ਹਿੰਦ ਦੀ ਚਾਦਰ' ਨੌਵੇਂ ਗੁਰੂ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰੂ-ਮਹਿਲ ਮਾਤਾ ਗੁਜਰੀ ਜੀ ਇਹੋ ਜਿਹੀ ਸਾਹਸੀ, ਹਿੰਮਤੀ, ਦਲੇਰ, ਸੰਜਮੀ, ਸੰਤੋਖੀ, ਭੈਅ ਅਤੇ ਭਾਉ ਵਾਲੀ ਸਵਾਣੀ ਸਨ ਜਿਨ੍ਹਾਂ ਨੇ ਵੰਗਾਰ ਭਰੇ ਸਮੇਂ ਸਿੱਖ ਪੰਥ ਦੀ ਸੂਝ ਭਰੀ ਅਗਵਾਈ ਕੀਤੀ। ਸਰਬੰਸਦਾਨੀ ਮਾਤਾ ਜੀ ਨੇ ਆਮ ਰਵਾਇਤੀ ਔਰਤਾਂ ਤੋਂ ਬਿਲਕੁਲ ਉਲਟ ਪਹਿਲਾਂ ਨੌਵੇਂ ਪਾਤਿਸ਼ਾਹ ਦੇ ਬਾਬਾ ਬਕਾਲਾ ਵਾਸ ਸਮੇਂ, ਫਿਰ 'ਗੁਰੂ ਲਾਧੋ ਰੇ' ਦੇ ਇਤਿਹਾਸਕ ਸਾਕੇ ਉਪਰੰਤ ਗੁਰੂ ਤੇਗ ਬਹਾਦਰ ਸਾਹਿਬ ਦੇ ਧਰਮ ਪ੍ਰਚਾਰ ਦੇ ਦੌਰਿਆਂ ਸਮੇਂ ਅਤੇ ਮਗਰੋਂ ਨੌਵੇਂ ਪਿਤਾ ਦੀ ਬੇਜੋੜ ਸ਼ਹੀਦੀ ਪਿੱਛੋਂ ਬਾਲ ਗੁਰੂ ਦੀ ਸਿੱਖਿਆ, ਦੀਖਿਆ ਅਤੇ ਹੋਰ ਹਰ ਧਰਮ-ਕਾਰਜ ਦੀ ਸੁਘੜ ਰਹਿਨੁਮਾਈ ਸਮੇਂ ਜਿਸ ਮਹਾਨ ਸੂਝ-ਬੂਝ ਅਤੇ ਦਾਨਾਈ ਦਾ ਪਰਿਮਾਣ ਦਿੱਤਾ ਉਸ ਦਾ ਸਾਰੇ ਸੰਸਾਰ ਵਿਚ ਕੋਈ ਹੋਰ ਉਦਾਹਰਨ ਨਹੀਂ ਮਿਲਦਾ। ਇਕ ਸਾਧਾਰਨ ਔਰਤ ਦੇ ਪਤੀ, ਪੁੱਤਰ ਅਤੇ ਪੋਤਰਿਆਂ 'ਤੇ ਕੋਈ ਭੀੜ ਬਣ ਜਾਵੇ ਤਾਂ ਉਸ ਦਾ ਜਪ, ਤਪ, ਵਿਸ਼ਵਾਸ, ਸਿਦਕ ਅਤੇ ਸਿਰੜ ਡੋਲ ਜਾਂਦਾ ਹੈ ਪਰੰਤੂ ਹਿੰਦੂ ਧਰਮ 'ਤੇ ਬਣੀ ਔਕੜ ਸਮੇਂ ਦਿੱਲੀ ਦੇ ਚਾਂਦਨੀ ਚੌਂਕ ਵਿਚ "ਸੀਸ ਦੀਆਂ ਪਰ ਸਿਰਰੁ ਨ ਦੀਆ" ਨੂੰ ਪ੍ਰਤੱਖ ਦਿਖਾਉਣ ਵਾਲੇ ਤੇਗ ਦੇ ਧਨੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੁਯੋਗ ਤੇ ਸੁਦ੍ਰਿੜ੍ਹ ਸੁਪਤਨੀ ਮਾਤਾ ਗੁਜਰੀ ਨੇ ਇਸ ਅਮਰ ਗਾਥਾ ਲਈ ਅਥਾਹ ਯੋਗਦਾਨ ਪਾਇਆ ਕਿਉਂਕਿ ਇਸ ਬੇਜੋੜ ਸ਼ਹਾਦਤ ਸਮੇਂ ਉਨ੍ਹਾਂ ਦੇ ਇਕਲੌਤੇ ਸਪੁੱਤਰ (ਬਾਲ ਗੁਰੂ) ਦੀ ਆਯੂ ਕੇਵਲ ਅਤੇ ਕੇਵਲ ਨੌਂ ਵਰ੍ਹੇ ਸੀ। ਨੌਂ ਵਰ੍ਹਿਆਂ ਦੀ ਉਮਰ ਵਿਚ ਤਾਂ ਖਾਂਦੇ-ਪੀਂਦੇ ਘਰਾਂ ਦੇ ਬੱਚੇ ਆਪਣਾ-ਆਪ ਵੀ ਸੰਭਾਲ ਨਹੀਂ ਸਕਦੇ ਜਦੋਂ ਕਿ ਮਾਂ ਗੁਜਰੀ ਦੇ ਚੰਨ-ਸਪੁੱਤਰ ਤੇ ਅਗਾਂਹ ਉਨ੍ਹਾਂ ਦੇ ਪਿਆਰੇ ਲਾਲਾਂ ਨੇ ਗੁਰੂ ਇਤਿਹਾਸ ਨੂੰ ਸਮੁੱਚੇ ਵਿਸ਼ਵ ਵਿਚ ਇਕ ਅਲੋਕਾਰਾ ਇਤਿਹਾਸ ਸਿਰਜਣ ਵਿਚ ਫ਼ਤਹਿ ਪ੍ਰਾਪਤ ਕੀਤੀ। ਅਜਿਹਾ ਕੇਵਲ ਇਸ ਕਰਕੇ ਸੰਭਵ ਹੋ ਸਕਿਆ ਕਿਉਂਕਿ ਮਾਤਾ ਗੁਜਰੀ ਜੀ ਨਾਮ-ਸਿਮਰਨ,

ਸੇਵਾ-ਤਿਆਗ, ਕਿਰਤ-ਕਰਮ, ਸਿਦਕ-ਵਿਸ਼ਵਾਸ ਅਤੇ ਪ੍ਰਭੂ-ਆਸਥਾ ਵਾਲੇ ਗੁਰੂ ਮਹਿਲ ਸਨ ।

ਬਾਲ ਗੋਬਿੰਦ ਰਾਏ ਦੇ ਪ੍ਰਕਾਸ਼ ਧਾਰਨ ਸਮੇਂ ਮਾਤਾ ਗੁਜਰੀ ਜੀ ਦਾ ਧਰਮ-ਪ੍ਰਚਾਰ ਸਮੇਂ ਗੁਰੂ-ਪਤੀ ਦੇ ਅੰਗ-ਸੰਗ ਰਹਿ ਕੇ ਉਨ੍ਹਾਂ ਦੀ ਸੇਵਾ ਸੰਭਾਲ ਕਰਨਾ ਅਤੇ ਪਟਨਾ ਸਾਹਿਬ ਵਿਖੇ ਸੰਸਾਰ ਦੇ ਚਾਨਣ ਮੁਨਾਰੇ ਸਪੁੱਤਰ ਨੂੰ ਪੈਦਾ ਕਰਨਾ ਇਸ ਗੱਲ ਦਾ ਸਪੱਸ਼ਟ ਗਵਾਹ ਹੈ ਕਿ ਉਨ੍ਹਾਂ ਨੇ ਜੀਵਨ ਭਰ ਕਿਹੜੀਆਂ-ਕਿਹੜੀਆਂ ਹੋਣੀਆਂ, ਮੁਸ਼ਕਿਲਾਂ, ਦੁਸ਼ਵਾਰੀਆਂ ਅਤੇ ਕਠਿਨਾਈਆਂ ਝਾਗੀਆਂ ਅਰਥਾਤ ਪ੍ਰੌੜ੍ਹ ਉਮਰੇ ਪਹਿਲੇ ਜਣੇਪੇ ਸਮੇਂ ਵੀ ਜਿਹੜੀ ਮਾਂ ਧਾਰਮਿਕ ਸਫ਼ਰ 'ਤੇ ਹੋਵੇ, ਉਸ ਦੀ ਨਾਯਾਬ ਹੋਣੀ ਦਾ ਅੰਦਾਜ਼ਾ ਭਲੀ-ਭਾਂਤ ਲਾਇਆ ਜਾ ਸਕਦਾ ਹੈ ਜਿਸ ਨੇ ਜਨਮੋਂ ਪੂਰਵ ਹੀ ਬਾਲ ਗੋਬਿੰਦ ਰਾਇ ਨੂੰ ਸੱਚ, ਸੁੱਚ, ਨੇਕੀ, ਬਹਾਦਰੀ, ਦਲੇਰੀ ਅਤੇ ਦਾਨਵੀਰਤਾ ਦੀ ਸਿੱਖਿਆ ਦ੍ਰਿੜ੍ਹਾਈ ਅਤੇ ਗੁੜ੍ਹਤੀ ਸਮੇਂ ਦਯਾਵੀਰ, ਧਰਮਵੀਰ, ਦਾਨਵੀਰ ਅਤੇ ਕਰਮਵੀਰ ਹੋਣ ਦਾ ਮਾਖਿਓਂ ਚਟਾਇਆ । ਮਾਂ ਗੁਜਰੀ ਜੀ ਦਾ ਸਮੁੱਚਾ ਜੀਵਨ ਹੀ ਮਹਾਨ ਸੰਘਰਸ਼ ਦੀ ਗਾਥਾ ਹੈ । ਕਿਤੇ ਇਹ ਸੰਘਰਸ਼ ਸੂਖਮ ਭਾਵ ਆਂਤਰਿਕ ਹੈ ਤੇ ਕਿਧਰੇ ਸਥੂਲ ਪਰੰਤੂ ਧੰਨ ਧੰਨ ਮਾਤਾ ਜੀ ਨੇ ਹਰ ਜੱਦੋ-ਜਹਿਦ ਸਮੇਂ ਸਾਬਤ ਸਬੂਤ ਅਤੇ ਦਯਾ-ਮੂਰਤ ਰਹਿ ਕੇ ਬੀਰਾਂਗਣਾ ਦਾ ਸਬੂਤ ਦਿੱਤਾ ਅਤੇ ਬਿਖੜੇ ਸਮੇਂ ਵੀ ਧਰਮ ਦਾ ਲੜ ਨਹੀਂ ਛੱਡਿਆ ।

ਗੁਰੂ-ਪਤੀ ਦੇ ਧਰਮ-ਰੱਖਿਆ ਹਿਤ ਦਿੱਤੇ ਮਹਾਨ ਬਲੀਦਾਨ ਉਪਰੰਤ, ਨੌਂ ਵਰ੍ਹਿਆਂ ਦੇ ਮਾਸੂਮ ਤੇ ਭੋਲੇ ਸਪੁੱਤਰ ਨੂੰ ਭਾਵੀ ਕਠਿਨ ਸਮੇਂ ਲਈ ਤਿਆਰ ਕਰਨ ਦੀ ਜ਼ਿੰਮੇਵਾਰੀ ਮਾਤਾ ਗੁਜਰੀ ਜੀ ਦੇ ਸਿਰ ਆਣ ਪਈ ਜਿਨ੍ਹਾਂ ਨੇ ਆਪਣੇ ਸੁਘੜ ਭਰਾਤਾ ਭਾਈ ਕ੍ਰਿਪਾਲ ਚੰਦ ਦੀ ਸਹਾਇਤਾ ਨਾਲ ਬਾਲ ਗੁਰੂ ਨੂੰ ਸਮਕਾਲੀ ਸਮੇਂ ਦੀਆਂ ਲੋੜਾਂ ਅਨੁਸਾਰ ਧਾਰਮਿਕ, ਦੁਨਿਆਵੀ ਅਤੇ ਜੰਗਜੂ ਸਿਖਲਾਈ ਦਿਵਾਈ । ਇਕ ਇਕ ਪਲ 'ਤੇ ਦੂਰ ਅੰਦੇਸ਼ ਮਾਤਾ ਨੇ ਅਜਿਹਾ ਰੂਹਾਨੀ ਸਬਕ ਸਿਖਾਇਆ ਕਿ ਬਤਾਲੀ ਵਰ੍ਹਿਆਂ ਦੀ ਸੰਪੂਰਨ ਆਰਜਾ ਵਿਚ ਹੀ ਦਸਮ ਪਿਤਾ ਨੇ ਦੁਨੀਆਂ ਭਰ ਦਾ ਅਲੋਕਾਰਾ ਕ੍ਰਿਸ਼ਮਾ ਕਰ ਵਿਖਾਇਆ । ਇਕ ਨਾਯਾਬ ਇਤਿਹਾਸ ਵੀ ਸਿਰਜਿਆ ਅਤੇ ਸਿੱਖ ਧਰਮ ਦੇ ਸੁਨਹਿਰੀ ਗ੍ਰੰਥ ਦਾ ਇਕ ਅਸਲੋਂ ਵਿਲੱਖਣ ਅਧਿਆਇ ਵੀ ਰਚਿਆ ।

ਅਜਿਹੀ ਬੇਜੋੜ ਸਿੱਖਿਆ ਦ੍ਰਿੜ੍ਹਾਉਣ ਵਾਲੀ ਮਾਂ ਗੁਜਰੀ ਜੀ ਨੇ ਆਪਣੇ ਚੰਨ-ਲਾਲ ਦੇ ਲਾਡਲਿਆਂ ਪੁੱਤਰਾਂ ਭਾਵ ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਨੂੰ ਵੀ ਅਜਿਹੀ ਹੀ ਦੁਰਲੱਭ ਗੁੜ੍ਹਤੀ ਦਿੱਤੀ ਜਿਹੜੇ ਆਪੋ ਆਪਣੇ ਨਾਵਾਂ ਨੂੰ ਸਾਮਰਤੱਖ ਕਰਦੇ ਹੋਏ ਹੱਸ-ਹੱਸ ਸ਼ਹੀਦੀਆਂ ਪਾ ਗਏ । ਗੁਰੂ ਪਰੰਪਰਾ ਦੇ ਸਮੇਂ ਮੁਗ਼ਲ ਹਕੂਮਤ ਹਿੰਦੁਸਤਾਨ 'ਤੇ ਕਾਬਜ਼ ਸੀ । ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਇਹ ਕਾਫ਼ਿਰ ਗੁਰੂ ਘਰ ਦੇ ਦੋਖੀ ਚਲੇ ਆ ਰਹੇ ਸਨ । ਜਹਾਂਗੀਰ ਦੇ ਕੂੜ ਸ਼ਾਸਨ ਸਮੇਂ ਸਿੱਖ ਧਰਮ

ਦੀ ਪਹਿਲੀ ਅਦੁੱਤੀ ਸ਼ਹੀਦੀ ਹੋਈ। ਪੰਚਮ ਪਿਤਾ ਨੇ ਤੱਤੀਆਂ ਤਵੀਆਂ 'ਤੇ ਬੈਠ ਕੇ ਉਬਲਦੀਆਂ ਦੇਗਾਂ ਦੀ ਵੀ ਪ੍ਰਵਾਹ ਨਹੀਂ ਕੀਤੀ। ਮੀਰੀ ਤੇ ਪੀਰੀ ਦੇ ਸਿਰਜਕ ਨੇ ਇਸੇ ਮੁਗਲੀਆਂ ਹਕੂਮਤ ਨਾਲ ਚਾਰ ਵੱਡੇ ਯੁੱਧ ਕੀਤੇ ਅਤੇ ਇਤਿਹਾਸ ਵਿਚ ਪਹਿਲੀ ਵਾਰ ਉਹ ਯੁੱਧ ਕੀਤੇ ਜੋ ਸੱਚਮੁੱਚ ਧਰਮ ਯੁੱਧ ਸਨ ਅਰਥਾਤ ਧਰਮ ਦੀ ਕਾਇਮੀ ਅਤੇ ਸੱਚ ਦੀ ਜੈ ਜੈ ਕਾਰ ਲਈ ਤਲਵਾਰ ਉਠਾਈ। ਇਨ੍ਹਾਂ ਹੀ ਯੁੱਧਾਂ ਵਿਚ ਤੇਗ਼ ਦੇ ਜੌਹਰ ਵਿਖਾਉਣ ਵਾਲੇ ਪੁੱਤਰ ਨੂੰ 'ਤੇਗ਼ ਬਹਾਦਰ' ਦਾ ਖਿਤਾਬ ਦੇਣ ਵਾਲੇ ਗੁਰੂ ਪਿਤਾ ਨੇ ਸ਼ਾਨਦਾਰ ਕਾਰਨਾਮੇ ਕਰਨ ਲਈ ਵੀ ਆਸ਼ੀਰਵਾਦ ਦਿੱਤਾ ਜਿਨ੍ਹਾਂ ਨੇ ਗੁਰਸਿੱਖੀ-ਮਹਿਲ ਦੀਆਂ ਨੀਹਾਂ ਦੀ ਮਜ਼ਬੂਤੀ ਲਈ ਆਪਣਾ ਪਾਵਨ ਪੁਨੀਤ ਲਹੂ ਪਾਇਆ। ਇਸੇ ਸ਼ਾਨਾਮੱਤੇ ਅਤੇ ਗੌਰਵਮਈ ਗੁਰੂ-ਇਤਿਹਾਸ ਦੇ ਭਵਨ ਦੀ ਉਸਾਰੀ ਲਈ ਕਲਗੀਧਰ ਪਿਤਾ ਦੇ ਸਪੁੱਤਰਾਂ ਅਤੇ ਮਾਤਾ ਗੁਜਰੀ ਦਾ ਯੋਗਦਾਨ ਰਹਿੰਦੀ ਦੁਨੀਆਂ ਤੱਕ ਅਮਿੱਟ ਅਤੇ ਅਭੁੱਲ ਹੈ ਜਿਵੇਂ ਕਿ ਸ਼ਾਇਰ ਲਿਖਦੈ:—

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ,
ਵਤਨ ਪਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।

ਸਭ ਨੂੰ ਪਤੈ ਕਿ ਫ਼ਤਹਿਗੜ੍ਹ ਸਾਹਿਬ ਦੀ ਪਾਵਨ ਭੂਮੀ 'ਤੇ ਹਰ ਸਾਲ ਸ਼ਹੀਦੀ ਜੋੜ ਮੇਲੇ ਚੱਲਦੇ ਹਨ। ਕਿਤੇ ਸਾਹਿਬਜ਼ਾਦਾ ਅਜੀਤ ਸਿੰਘ – ਜੁਝਾਰ ਸਿੰਘ ਦੀ ਚਮਕੌਰ ਦੀ ਗੜ੍ਹੀ ਵਿਚ ਮੌਤ-ਲਾੜੀ ਨੂੰ ਚਾਈਂ-ਚਾਈਂ ਵਰਨ ਦੀ ਗਾਥਾ ਗਾਈ ਜਾਂਦੀ ਹੈ ਅਤੇ ਕਿਤੇ ਦੁਨੀਆਂ ਭਰ ਦੇ ਸਭ ਤੋਂ ਨਿੱਕੇ ਸ਼ਹੀਦਾਂ-ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਦੀ ਅਦੁੱਤੀ ਸ਼ਹਾਦਤ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ। ਸਚਮੁੱਚ ਨਿੱਕੀਆਂ ਜਿੰਦਾਂ ਤੇ ਵੱਡੇ ਸਾਕੇ। ਮਖ਼ਮਲੀ ਸੇਜਾਂ 'ਤੇ ਪਲੇ ਨੰਨੇ-ਮੁੰਨੇ ਦੁਲਾਰੇ ਜਦੋਂ ਸ਼ਹਾਦਤ ਲਈ ਹੱਸ-ਹੱਸ ਮਾਤਾ ਗੁਜਰੀ ਜੀ ਨੂੰ ਆਪਣੀ ਸਿਦਕਦਿਲੀ ਬਾਰੇ ਦੱਸਦੇ ਹਨ ਤਾਂ ਮਾਂ ਗੁਜਰੀ ਅਕਾਲਪੁਰਖ ਦਾ ਕੋਟਨ ਕੋਟਨ ਵਾਰ ਧੰਨਵਾਦ ਕਰਦੀ ਹੈ। ਸਾਹਸੀ ਬੱਚੇ ਦਾਦੀ ਮਾਂ ਨੂੰ ਸਗੋਂ ਹੌਸਲਾ ਦਿੰਦੇ ਕਹਿੰਦੇ ਹਨ:

ਧੰਨ ਭਾਗ ਹਮਰੇ ਹੈ ਮਾਈ।
ਧਰਮ ਹੇਤ ਤਨ ਜੇਕਰ ਜਾਈ।

ਦਾਦੀ ਮਾਂ ਦੀ ਮਹਾਨ ਸਿੱਖਿਆ ਨਾਲ ਵਰੋਸਾਏ ਛੋਟੇ ਸਾਹਿਬਜ਼ਾਦੇ ਜਦੋਂ ਨਵਾਬ ਵਜ਼ੀਰ ਖਾਨ ਦੀ ਕਚਹਿਰੀ ਵਿਚ ਅੱਪੜਦੇ ਹਨ ਤੇ ਸੀਸ ਝੁਕਾਉਣ ਦੀ ਬਜਾਇ ਪਹਿਲਾਂ ਚਰਨ ਅੰਦਰ ਕਰਦੇ ਹਨ। ਕੋਈ ਲਾਲਚ, ਪ੍ਰਲੋਭਨ ਜਾਂ ਕਿਸੇ ਵੀ ਢੰਗ-ਤਰੀਕੇ ਨਾਲ ਅਭਿਮਾਨੀ ਹਕੂਮਤ ਦੇ ਕਾਬੂ ਨਾ ਆਉਣ ਵਾਲੇ ਇਹ ਨਿਡਰ ਸਾਹਿਬਜ਼ਾਦੇ ਸੁੱਚਾ ਨੰਦ ਦੇ ਸ਼ਬਦਾਂ ਵਿਚ :

ਨੀਕੇ ਬਾਲਕ ਤੁਮ ਮਤ ਜਾਨਹੁ।
ਨਾਗਹੁ ਕੇ ਇਹ ਪੂਤ ਬਖਾਨਓ।
ਤੁਮਰੇ ਹਾਥ ਆਜ ਇਹ ਆਏ।
ਕਰਹੁ ਅਬੈ ਆਪਨੇ ਮਨ ਭਾਏ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਮੁਗਲ ਹਕੂਮਤ ਵਿਰੋਧੀ ਧਰਮ-ਯੁੱਧ ਦੀ ਨੀਤੀ ਤੋਂ ਬੁਖਲਾਏ ਨਵਾਬ ਸਰਹਿੰਦ ਵੱਲੋਂ ਸਾਹਿਬਜ਼ਾਦਿਆਂ ਨੂੰ ਜਿਊਂਦੇ ਕਰਨ ਦਾ ਫਤਵਾ ਮੁਗਲ ਰਾਜ ਦੇ ਮਹਿਲ ਦੀਆ ਜੜ੍ਹਾਂ ਵਿਚ ਆਇਆ ਉਹ ਜ਼ਲਜ਼ਲਾ ਸੀ ਜਿਸ ਵਿਰੁੱਧ ਨਵਾਬ ਮਾਲੇਰਕੋਟਲਾ (ਸ਼ੇਰ ਮੁਹੰਮਦ) ਨੇ ਆਹ ਦਾ ਨਾਅਰਾ ਮਾਰਿਆ ਪ੍ਰੰਤੂ ਹਕੂਮਤ ਦੇ ਨਸ਼ੇ ਵਿਚ ਮਦਹੋਸ਼ ਨਵਾਬ ਤੇ ਉਹਦੇ ਝੋਲੀ ਚੁਕਾਂ ਨੇ ਇਸ ਅਣਹੋਣੀ ਨੂੰ ਹੋਣੀ ਵਿਚ ਬਦਲਣ ਦਾ ਹੁਕਮ ਚਾੜ੍ਹ ਦਿੱਤਾ। ਛੋਟੇ ਸਾਹਿਬਜ਼ਾਦਿਆਂ ਸੰਗ (ਆਨੰਦਪੁਰ ਦੇ ਕਿਲ੍ਹੇ ਨੂੰ ਛੱਡਣ ਉਪਰੰਤ ਸਰਸਾ ਨਦੀ ਦੇ ਤੇਜ਼ ਹੜ੍ਹ 'ਚੋ) ਨਿਕਲ ਕੇ ਆਈ ਬਿਰਧ ਮਾਂ ਗੁਜਰੀ ਮਨੁੱਖਤਾ ਦੇ ਇਤਿਹਾਸ ਦਾ ਇਹ ਵਿਲੱਖਣ ਵਰਕਾ ਲਿਖੇ ਜਾਣ ਤੋਂ ਪਹਿਲਾਂ ਹੱਸ-ਹੱਸ ਕਰਦੇ ਫੁੱਲਾਂ ਜਿਹੇ ਪੋਤਰਿਆਂ ਨੂੰ ਤੋਰਦਿਆਂ ਕਹਿੰਦੇ ਹਨ :

ਜਾਨੇ ਸੇ ਪਹਿਲੇ ਆਓ ਗਲੇ ਸੇ ਲਗਾ ਤੋ ਲੂੰ।
ਕੇਸੋਂ ਕੋ ਕੰਘੀ ਕਰੂੰ ਜ਼ਰਾ ਮੂੰਹ ਧੁਲਾ ਤੋ ਲੂੰ।
ਪਿਆਰੇ ਸਰੋਂ ਪੇ ਨੰਨੀਂ ਸੀ ਕਲਗੀ ਸਜਾ ਤੋ ਲੂੰ।

ਪਰੰਪਰਾ ਅਨੁਸਾਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਦੀ ਸ਼ਹੀਦੀ ਨੀਹਾਂ ਵਿਚ ਚਿਣੇ ਜਾਣ ਕਰਕੇ ਹੋਈ ਪ੍ਰੰਤੂ ਦਰਅਸਲ ਗੁਰੂ ਇਤਿਹਾਸ ਦੇ ਦੀਰਘ ਅਧਿਐਨ ਤੋਂ ਪ੍ਰਤੱਖ ਹੁੰਦੇ ਕਿ ਕੰਧਾਂ ਵਿਚੋਂ ਕੱਢ ਕੇ ਇਨ੍ਹਾਂ ਸ਼ੇਰ ਬਾਲਾਂ ਨੂੰ ਕਤਲ ਕੀਤਾ ਗਿਆ ਸੀ। ਮਹਾਨ ਕਵੀ ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਅਨੁਸਾਰ :

ਅਧਮ ਤਬੈ ਤਲਵਾਰ ਚਲਾਈ।
ਸਿਰ ਜ਼ੋਰਾਵਰ ਸਿੰਘ ਦਯੋ ਗਿਰਾਈ।
ਬਹੁਤ ਦੁਸਰੋ ਵਾਰ ਪਰਹਾਰਾ।
ਫਤਹਿ ਸਿੰਘ ਕੋ ਸੀਸ ਉਤਾਰਾ।
ਹਾਹਾਕਾਰ ਜਹਾਂ ਕਹਿ ਪਯੋ।
ਜੈ ਜੈ ਸ਼ਬਦ ਤਰਨਿ ਮਹਿ ਥਿਯੋ।
ਧੰਨ ਗੁਰੂ ਸੁਤ ਧੀਰਜ ਧਾਰੀ।
ਧਰਮ ਹੇਤ ਸਿਰ ਦਿਯੋ ਉਤਾਰੀ।

ਫੁੱਲਾਂ ਜਿਹੇ ਕੋਮਲ ਬੱਚਿਆਂ ਦੀ ਸ਼ਹੀਦੀ ਉਪਰੰਤ ਦਾਦੀ ਮਾਂ ਗੁਜਰੀ ਦਾ ਦੁੱਖ ਹਰ ਕੋਈ ਮਹਿਸੂਸ ਕਰ ਸਕਦਾ ਹੈ। ਪ੍ਰਭੂ ਨਾਲ ਇਕਮਿਕ ਮਾਤਾ ਗੁਜਰੀ ਜੀ ਨੂੰ ਜਦੋਂ ਬਾਲਾਂ ਦੀ ਸ਼ਹਾਦਤ ਦੀ ਖ਼ਬਰ ਮਿਲੀ ਤਾਂ ਠੰਢੇ ਬੁਰਜ ਵਿਚ ਲਿਵਲੀਨ ਮਾਤਾ ਨੇ 'ਜਪੁ' ਜੀ ਸਾਹਿਬ ਦਾ ਪਾਠ ਕੀਤਾ, ਅਰਦਾਸ ਕਰਕੇ 'ਤੇਰਾ ਤੁਝ ਕਉ ਸੌਂਪਤੇ ਕਿਆ ਲਾਗੈ ਮੇਰਾ' ਦਾ ਸ਼ਬਦ ਪੜ੍ਹਿਆ ਅਤੇ ਆਪਣੀ ਯੋਗ ਸਾਧਨਾ ਦੀ ਪਰਿਪੱਕਤਾ ਕਾਰਨ ਦਸਵੇਂ ਦਵਾਰ ਰਸਤੇ ਪ੍ਰਾਣ ਚੜ੍ਹਾ ਕੇ ਜੋਤੀ-ਜੋਤ ਵਿਚ ਰਲਾ ਦਿੱਤੀ।

ਕਈ ਇਤਿਹਾਸਕਾਰਾਂ ਨੇ ਇਥੇ ਮਨਮਾਨੇ ਢੰਗ ਨਾਲ ਮਾਤਾ ਗੁਜਰੀ ਦੇ ਅਕਾਲ ਚਲਾਣੇ ਸੰਬੰਧੀ ਲਿਖਿਆ ਹੈ। ਕਿਸੇ ਨੇ ਠੰਢੇ ਬੁਰਜ ਤੋਂ ਛਾਲ ਮਾਰ ਕੇ, ਕਿਸੇ ਨੇ

ਹੀਰਾ ਚੱਟ ਕੇ, ਕਿਸੇ ਨੇ ਮੱਥਾ ਕੰਧਾਂ ਵਿਚ ਮਾਰ ਮਾਰ ਕੇ ਅਤੇ ਕਿਸੇ ਹੋਰ ਨੇ ਕੋਈ ਹੋਰ ਮਨਮਤੀ ਢੰਗ ਦਰਸਾ ਕੇ ਇਸ ਜਗਤ ਮਾਤਾ ਦੀ ਮਹਿਮਾ ਘਟਾਉਣ ਦੀ ਕੋਝੀ ਕੋਸ਼ਿਸ਼ ਕੀਤੀ ਹੈ ਜਦੋਂ ਕਿ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸ਼ਹੀਦੀ ਲਈ ਹੱਥੀਂ ਤੋਰਨ ਵਾਲੀ ਮਾਂ ਗੁਜਰੀ ਜਿਹੀ ਬਹਾਦਰ ਸਿੰਘਣੀ ਇਸ ਸਾਰੇ ਜਗਤ ਵਿਚ ਕੋਈ ਨਹੀਂ ਹੋ ਸਕਦੀ ਅਤੇ ਜਿਹੜੀ ਮਾਂ ਅਣਗਿਣਤ ਜੰਗਾਂ, ਯੁੱਧਾਂ ਸਮੇਂ ਦਸਮ ਪਿਤਾ ਦੀ ਅਗਵਾਈ ਕਰਦੀ ਰਹੀ ਹੋਵੇ ਉਹ ਕਿਵੇਂ ਅਜਿਹੀ ਕਾਇਰਾਨਾ ਗੱਲ ਕਰ ਸਕਦੀ ਹੈ। ਸ਼ਾਇਰ ਕਿੰਨਾ ਠੀਕ ਲਿਖਦੈ :

ਇਹ ਦੁਨੀਆਂ ਨਹੀਂ ਕਮਦਿਲਿਆਂ ਦੀ,
ਇਹ ਰਣ ਹੈ ਘੱਟ ਸਵਾਰਾਂ ਦਾ,
ਨੀਹਾਂ ਦੇ ਵਿਚ ਜੇ ਸਿਰ ਹੋਵਣ,
ਮੁੱਲ ਪੈ ਜਾਂਦੇ ਦੀਵਾਰਾਂ ਦਾ।
ਇਹ ਸਿਰਲੱਥਾਂ ਦੀ ਬਸਤੀ ਹੈ,
ਇੱਥੇ ਜ਼ਿੰਦਗੀ ਮੌਤੋਂ ਸਸਤੀ ਹੈ,
ਮਿੱਟੀ ਵਿਚ ਆਪਣਾ ਖ਼ੂਨ ਚੁਆ,
ਤਦ ਮਿਲਣੀ ਉੱਚੀ ਹਸਤੀ ਹੈ।
ਜੋ ਸੂਲੀ ਚੜ੍ਹ ਮੁਸਕਰਾਉਂਦੇ ਨੇ,
ਓਹੀ ਉੱਚੇ ਰੁਤਬੇ ਪਾਉਂਦੇ ਨੇ।

ਇਸ ਯੋਗ ਸਾਧਨਾ ਵਿਚ ਪਰਿਪੂਰਨ ਮਾਤਾ ਗੁਜਰੀ ਜੀ ਸੰਬੰਧੀ ਤਾਂ ਖ਼ੁਦ ਦਸ਼ਮੇਸ਼ ਜੀ ਬਚਿੱਤਰ ਨਾਟਕ ਵਿਚ ਫ਼ੁਰਮਾਉਂਦੇ ਹਨ:

ਤਾਤ ਮਾਤ ਮੁਰ ਅਲਖ ਅਰਾਧਾ।
ਬਹੁ ਬਿਧਿ ਜੋਗ ਸਾਧਨਾ ਸਾਧਾ।

ਸੋ, ਆਪਣੀ ਫੁਲਵਾੜੀ ਨੂੰ ਧਰਮ ਦੀ ਕਾਇਮੀ ਅਤੇ ਰੱਖਿਆ ਹਿੱਤ ਚਾਈਂ-ਚਾਈਂ ਵਾਰ ਦੇਣ ਵਾਲੀ ਲਾਸਾਨੀ ਮਾਤਾ, ਮਾਤਾ ਗੁਜਰੀ ਜੀ ਸਮੁੱਚੇ ਵਿਸ਼ਵ ਦੇ ਇਤਿਹਾਸ ਦੀ ਉਹ ਅਮਰ, ਅਮਿੱਟ, ਅਭੁੱਲ ਅਤੇ ਨਾਯਾਬ ਹਸਤੀ ਹੈ ਜਿਸ 'ਤੇ ਅਸੀਂ ਜਿੰਨਾਂ ਵੀ ਨਾਜ਼ ਕਰ ਸਕੀਏ ਘੱਟ ਹੈ। ਜਿਹੜੀ ਸਿੱਖ ਕੌਮ ਦਾ ਮਾਣ ਹੈ, ਸਿੱਖ ਇਤਿਹਾਸ ਦਾ ਗੌਰਵ ਹੈ ਅਤੇ ਸਿੱਖ ਵਿਰਸੇ ਦੀ ਸ਼ਾਨ ਹੈ। ਆਓ ਉਨ੍ਹਾਂ ਦੇ ਸ਼ਹੀਦੀ ਸਮਾਗਮ ਸਮੇਂ ਉਸ ਮਾਤਾ ਦੇ ਸੰਘਰਸ਼ਮਈ ਜੀਵਨ ਤੋਂ ਅਮਲੀ ਰੂਪ ਵਿਚ ਕੁਝ ਪ੍ਰੇਰਣਾ ਲੈਣ ਦਾ ਜਤਨ ਕਰੀਏ ਅਤੇ ਚਾਪਲੂਸਾਂ, ਖ਼ੁਸ਼ਾਮਦੀਆਂ ਅਤੇ ਝੋਲੀਚੁੱਕਾਂ ਦਾ ਪਰਦਾ ਫਾਸ਼ ਕਰਦਿਆਂ ਸੱਚ, ਸੁੱਚ ਹੱਕ ਅਤੇ ਕਿਰਤ-ਕਰਮ ਵਾਲਾ ਜੀਵਨ ਜਿਉਣ ਦੀ ਜਾਂਚ ਸਿਖੀਏ।

❑

ਸਿੱਖ ਔਰਤ ਤੇ ਵਿਦਿਅਕ ਚੇਤਨਾ

ਅਜੋਕਾ ਸੰਸਾਰ ਬੌਹਦ ਨੇੜੇ ਹੁੰਦਾ ਜਾ ਰਿਹਾ ਹੈ। ਵਿੱਥਾਂ ਮਿਟ ਰਹੀਆਂ ਹਨ। ਦੂਰੀਆਂ ਘਟ ਰਹੀਆਂ ਹਨ। ਅੰਤਰ ਰਾਸ਼ਟਰੀ ਸੰਦਰਭ ਵਿਚ "ਸਿੱਖ ਨਾਰੀ ਦੀ ਵਿਦਿਅਕ ਚੇਤਨਾ" ਵਿਸ਼ੇ ਤੇ ਵਿਚਾਰ ਵਿਵੇਚਨ ਕਰਨਾ ਅਤਿਅੰਤ ਜ਼ਰੂਰੀ ਭਾਸਦਾ ਹੈ ਕਿਉਂਕਿ ਬਹੁ ਕੌਮੀ ਅਤੇ ਕੌਮਾਂਤਰੀ ਭਾਈਚਾਰੇ ਦਾ ਅਨਿਖੜਵਾਂ ਅੰਗ ਹੁੰਦਿਆਂ ਅੱਜ ਸਾਨੂੰ ਆਪਣੀਆਂ ਵਿਲੱਖਣਤਾਵਾਂ ਅਤੇ ਸਮਾਨਤਾਵਾਂ ਤੇ ਪਰਤਵੀਂ ਝਾਤ ਪਾਉਣੀ ਹੋਵੇਗੀ। ਨਾਰੀ ਕਿਸੇ ਵੀ ਸਮਾਜ ਦੀ ਚੂਲ ਹੋਇਆ ਕਰਦੀ ਹੈ ਜਿਸ ਤੋਂ ਬਿਨਾਂ ਪੁਰਸ਼ ਦੀ ਹੋਂਦ ਤਾਂ ਕੀ ਸਮਾਜ ਦਾ ਵਜੂਦ ਹੀ ਸੰਭਵ ਨਹੀਂ। ਕਿਸੇ ਵੀ ਸਮਾਜ, ਦੇਸ਼, ਕੌਮ ਅਤੇ ਸੰਸਾਰ ਦੇ ਸੁਚੱਜੇ, ਸੁਚਾਰੂ, ਨਿਰੋਗ, ਉਸਾਰੂ, ਉੱਨਤ, ਵਿਕਸਿਤ ਅਤੇ ਖ਼ੁਸ਼ਹਾਲ ਹੋਣ ਪਿੱਛੇ ਜਿੱਥੇ ਆਦਮੀ ਦਾ ਭੂਮਿਕਾ ਉਲੇਖਯੋਗ ਹੈ ਉੱਥੇ ਨਾਰੀ ਦਾ ਯੋਗਦਾਨ ਘੱਟ ਮਹੱਤਵਪੂਰਨ ਨਹੀਂ। ਟੈਨੀਸਨ ਦਾ ਕਥਨ ਕਿ 'ਪਰਮਾਤਮਾ ਨੇ ਇਸਤਰੀ ਆਦਮੀ ਲਈ ਹੀ ਨਹੀਂ ਸਿਰਜੀ ਸਗੋਂ ਚੰਗਿਆਈ ਲਈ ਵੀ ਬਣਾਈ ਹੈ', ਕਾਫ਼ੀ ਵਜ਼ਨਦਾਰ ਹੈ। ਆਦਮੀ ਆਪਣੀਆਂ ਇੱਛਾਵਾਂ ਦਾ ਸਵਾਮੀ ਹੈ ਪਰੰਤੂ ਨਾਰੀ ਨਵੇਂ ਰਾਹਾਂ, ਨਵੇਂ ਅੱਯਾਮਾਂ ਅਤੇ ਨਵੇਂ ਢੰਗਾਂ ਦੀ ਮੁਤਲਾਸ਼ੀ ਹੈ। ਸਮਾਜ ਰੂਪ ਗੱਡੀ ਦੀ ਸਾਵੀਂ: ਸੰਤੁਲਿਤ, ਇਕਸਾਰ, ਵਧੀਆ ਅਤੇ ਸ਼ਲਾਘਾਯੋਗ ਚਾਲ ਲਈ ਦੋਵਾਂ ਪਹੀਆਂ ਦਾ ਸੰਤੁਲਨ ਅਤੇ ਸਮਾਨਤਾ ਲਾਜ਼ਮੀ ਹੈ ਪਰੰਤੂ ਜਿੱਥੇ ਇਹ ਸੰਤੁਲਨ ਵਿਗੜ ਜਾਂਦੈ ਉੱਥੇ ਬਹੁਤ ਕੁਝ ਤਹਿਸ ਨਹਿਸ ਹੋ ਜਾਂਦੈ। ਜਿਸ ਸਮਾਜ (ਤੇ ਘਰ) ਦੀ ਨਾਰੀ ਪੜ੍ਹੀ ਗੁੜ੍ਹੀ, ਸੁਸਿਖਿਅਤ, ਸੁਸ਼ੀਲ, ਸੰਤੋਖੀ, ਸੁਕਰਮੀ, ਸੱਭਿਅਕ, ਸ਼ਿਸ਼ਟ, ਸੋਝੀਵਾਨ ਅਤੇ ਸਚਿਆਰੀ ਨਹੀਂ ਉਸ ਦਾ ਸਮੁੱਚਾ ਮਾਹੌਲ-ਘਰ, ਬਾਹਰ, ਆਲਾ-ਦੁਆਲਾ, ਪਤੀ, ਬੱਚੇ ਵੱਡੇ ਬਜ਼ੁਰਗ, ਰਿਸ਼ਤੇ-ਨਾਤੇ, ਰਸਮੋ-ਰਿਵਾਜ, ਰੀਤਾਂ-ਰਵਾਇਤਾਂ, ਕਾਰ-ਵਿਹਾਰ, ਦਿਨ-ਤਿਉਹਾਰ ਅਤੇ ਹਰ ਪੱਖ ਹੀ ਪ੍ਰਭਾਵਿਤ ਹੁੰਦੈ।

ਅੱਜ ਇੱਕੀਵੀਂ ਸਦੀ ਦੀ ਸਰਦਲ 'ਤੇ ਖੜ੍ਹੇ ਕੇ ਅਸੀਂ ਨਾਰੀ ਦੇ ਦੁਜੈਲੇ ਰੂਪ ਨੂੰ ਨਹੀਂ ਸਗੋਂ ਪ੍ਰਾਥਮਿਕ ਰੂਪ ਨੂੰ ਵਿਚਾਰਨਾ ਹੈ ਕਿਉਂਕਿ ਉਹ ਦਿਨ ਦੂਰ ਲੰਘ ਚੁੱਕੇ ਹਨ ਜਦੋਂ ਨਾਰੀ ਦੀ ਭੂਮਿਕਾ ਗੌਣ ਮੰਨੀ ਜਾਂਦੀ ਸੀ ਜਾਂ ਉਹਦਾ ਵਜੂਦ ਸਮੁੱਚੀ ਲਿਖਤ ਵਿਚ ਫੁੱਟ ਨੋਟ ਵਰਗਾ ਮੰਨਿਆ ਜਾਂਦਾ ਸੀ। ਆਕਾਸ਼ ਪਾਤਾਲ ਗਾਹੁੰਦੀ, ਗਗਨੀ ਉਡਾਰੀਆਂ ਭਰਦੀ, ਜੰਗਲ ਬੇਲਿਆਂ ਦੀ ਖੋਜ ਕਰਦੀ, ਜ਼ਮੀਨ ਅਸਮਾਨ ਦੇ ਕਲਾਵੇ ਮੇਲਦੀ, ਪਰਬਤਾਂ ਦੀਆਂ ਸ਼ਿਖਰਾਂ ਚੁੰਮਦੀ, ਜਲਾਂ ਥਲਾਂ ਦੀਆਂ ਵਿੱਥਾਂ ਮੇਟਦੀ ਅਤੇ

ਮਰਦ ਖੇਤਰ ਦੇ ਸਮਝੇ ਜਾਂਦੇ ਹਰ ਨਿੱਕੇ ਵੱਡੇ, ਜ਼ੋਖ਼ਮਪੂਰਨ ਤੇ ਸਾਹਸੀ ਕੰਮ ਸਿਰੇ ਚਾੜ੍ਹਦੀ ਨਾਰੀ ਅੱਜ ਕ੍ਰਿਸ਼ਮਿਆਂ ਅਤੇ ਅਣਹੋਣੀਆਂ ਨੂੰ ਸਿਰਜਣ ਵਿਚ ਲੱਗੀ ਹੋਈ ਹੈ। ਨਿਰਸੰਦੇਹ, ਉਹਦੇ ਰਾਹ ਹੁਣ ਅੱਗੇ ਤੋਂ ਵੀ ਵਧੇਰੇ ਸੂਲਾਂ ਅੱਟੇ ਹਨ। ਦੁਸ਼ਵਾਰੀਆਂ ਬਾਹਾਂ ਖਿਲਾਰੀ ਉਹਨੂੰ ਉਡੀਕ ਰਹੀਆਂ ਹਨ। ਨਾਰੀ ਵਿਦਿਅਕ ਚੇਤਨਾ ਜਿਉਂ ਜਿਉਂ ਫੈਲਦੀ ਜਾ ਰਹੀ ਹੈ ਤਿਉਂ ਤਿਉਂ ਨਿੱਤ ਨਵੀਆਂ ਹੋਣੀਆਂ ਨਾਲ ਉਹਦੀ ਖ਼ੂਨੀ ਟੱਕਰ ਦੀ ਸੰਭਾਵਨਾ ਵੀ ਵਧਦੀ ਜਾ ਰਹੀ ਹੈ। ਅੱਜ ਸੁਸਿਖਿਅਤ ਨਾਰੀ ਸਾਹਮਣੇ ਬੇਸ਼ੁਮਾਰ ਵੰਗਾਰਾਂ ਹਨ। ਅਣਗਿਣਤ ਚੁਣੌਤੀਆਂ।

ਨਿਰਸੰਦੇਹ, ਨਾਰੀ ਇਸ ਸਮਾਜ ਦੀ ਬੀਜ ਰੂਪ ਇਕਾਈ ਹੈ। ਸੰਸਾਰ ਦੀ ਉਤਪਤੀ, ਵਿਕਾਸ ਅਤੇ ਵਿਨਾਸ਼ ਜੇ ਰੱਬ ਦੇ ਹੱਥ ਹੈ ਤਾਂ ਸੰਸਾਰ ਦੀ ਜਣਨ ਪ੍ਰਕਿਰਿਆ, ਨਵੀਂ ਸਿਰਜਣਾ, ਉਨਤੀ, ਪਾਲਣਾ ਪੋਸਣਾ ਅਤੇ ਚੜ੍ਹਦੀ ਕਲਾ ਲਈ ਨਾਰੀ ਦਾ ਯੋਗਦਾਨ ਵੀ ਘੱਟ ਮਹਤੱਤਾਪੂਰਨ ਨਹੀਂ ਹੈ। ਜਗਤ ਦਾ ਆਦਿ ਤੇ ਅੰਤ ਇਸੇ ਨਾਲ ਜੁੜਿਆ ਹੋਇਐ। ਇਹ ਵਿਧਾਤਾ ਦਾ ਨੂਰ ਹੈ। ਗਿਆਨ ਦੀ ਗੰਗਾ ਹੈ। ਕਲਾਕਾਰ ਦੀ ਜੀਵੰਤ ਸ਼ਕਤੀ ਅਤੇ ਕਵੀਆਂ ਦੀ ਪ੍ਰੇਰਨਾ ਹੈ। ਸੰਗੀਤ ਦੀ ਆਤਮਾ ਅਤੇ ਰਾਗ ਵਿਚਲੀ ਰਾਗਨੀ ਦਾ ਨਾਂ ਹੈ।

ਮਮਤਾਗੁੰਧੀ ਮਾਂ, ਮੋਹਵੰਤੀ ਭੈਣ, ਪ੍ਰੇਮਵਿਭੋਰ ਮਹਿਬੂਬਾ, ਪਿਆਰ ਛਲਕਦੀ ਧੀ, ਪ੍ਰੇਰਣਾਦਾਇਕ ਸੰਗੀ ਸਾਥੀ ਅਤੇ ਸ਼ੁਭ ਭਾਵੀ ਅਰਧਾਂਗਨੀ ਦਾ ਨਾਂ ਹੈ ਨਾਰੀ। ਦਿਸਦੇ ਸੰਸਾਰ ਨੂੰ ਰੌਣਕਾਂ, ਰੰਗੀਨੀਆਂ, ਬਰਕਤਾਂ ਅਤੇ ਸੁਹਜਪੂਰਨ ਬਣਾਉਣ ਵਾਲੀ ਇਹੀ ਨਾਰੀ ਹੈ। ਜੀਵਨ ਨੂੰ ਭਰਪੂਰਤਾ, ਸੰਤੁਸ਼ਟੀ ਤੇ ਰਜੇਵਾਂ ਦੇਣ ਅਤੇ ਰੌਣਕ ਭਰਪੂਰ ਬਣਾਉਣ ਵਾਲੀ ਇਹੀ ਨਾਰੀ ਹੈ ਜਿਸ ਪ੍ਰਥਾਇ ਭਗਤ ਜੀ ਦੀ ਇਹ ਤੁਕ ਕਿੰਨੀ ਢੁਕਵੀਂ ਹੈ:—

ਘਰ ਕੀ ਗੀਹਨਿ ਚੰਗੀ।
ਜਨੁ ਧੰਨਾ ਲੇਵੈ ਮੰਗੀ।

(ਪੰਨਾ 695)

ਗੁਰੂ ਨਾਨਕ ਪਾਤਿਸ਼ਾਹ ਨੇ ਇਸ ਦੀ ਮਹਾਨਤਾ ਤੇ ਮਹੱਤਤਾ ਵਜੋ ਗੱਜ ਵੱਜ ਕੇ ਐਲਾਨਿਆ ਹੈ —

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।

(ਪੰਨਾ 473)

ਇਸ ਪ੍ਰਕਾਰ,ਸਾਡਾ ਸਭ ਤੋਂ ਅਮੋਲਕ ਸ੍ਰੋਤ ਵੀ ਜਦੋਂ ਅਜਿਹੀ ਸ਼ਾਹਦੀ ਭਰਦੈ ਤਾਂ ਕਿਸੇ ਪ੍ਰਕਾਰ ਦੀ ਕੋਈ ਸ਼ੱਕ-ਸੁਬਹਾ ਬਾਕੀ ਨਹੀਂ ਰਹਿ ਜਾਂਦੀ। ਗੁਰਮਤਿ ਤਾਂ 'ਏਕ ਜੋਤਿ ਦੁਇ ਮੂਰਤੀ' ਦੀ ਪ੍ਰਤਿਪਾਦਕ ਹੈ ਅਰਥਾਤ ਨਾਰੀ ਤੇ ਪੁਰਖ ਦੀ ਸੰਪੂਰਨ ਅਭੇਦਤਾ ਅਤੇ ਇਕਮਿਕਤਾ ਹੀ ਅਸਲ ਗ੍ਰਿਹਸਥੀ ਸਵੀਕਾਰੀ ਗਈ ਹੈ।

ਵਿਚਾਰਗੋਚਰਾ ਵਿਸ਼ਾ ਹੈ 'ਸਿੱਖ ਨਾਰੀ ਦੀ ਵਿਦਿਅਕ ਚੇਤਨਾ'। ਉਹੀ ਨਾਰੀ ਸਿੱਖ ਹੈ ਜਿਹੜੀ ਸਤਿਗੁਰੂ ਨਾਨਕ ਪਾਤਿਸ਼ਾਹ ਵਲੋਂ ਦ੍ਰਿੜ੍ਹਾਏ ਮਹਾਨ ਧਰਮ ਦੀ ਅਨੁਯਾਈ ਹੈ। ਮੱਧਕਾਲੀਨ ਭਾਰਤ ਵਿਚ ਅਧਰਮ ਅਤੇ ਕੁਕਰਮ ਦੇ ਰੌਲੇ ਗੌਲੇ ਵਿਚ ਜਦੋਂ ਮਨਮਤਿ ਅਤੇ ਦੁਰਮਤਿ ਦਾ ਬੋਲ ਬਾਲਾ ਸੀ, ਗੁਰੂ ਨਾਨਕ ਜੋਤ ਦਾ ਸੈਂਕੜੇ ਵਰ੍ਹਿਆਂ ਤੱਕ ਨਿਰੰਤਰ ਪ੍ਰਕਾਸ਼ਮਾਨ ਹੋਣਾ ਅਤੇ ਜਲੰਦੇ ਜਗਤ ਨੂੰ ਠਾਰਨਾ ਮਾਨੋਂ ਭੁੱਜਦੇ ਮਾਰੂਥਲਾਂ ਵਿਚ ਹਰਿਆਵਲਾਂ ਨੂੰ ਸਿਰਜਣਾ ਸੀ। ਇੰਵ, ਸਿੱਖ ਨਾਰੀ ਨੂੰ ਜਿੱਥੇ ਮਹਾਂਪੁਰਸ਼ਾਂ ਵਲੋਂ ਦਰਸਾਇਆ ਗੁਰਮਤਿ ਗਾਡੀ ਰਾਹ ਪ੍ਰਾਪਤ ਹੋਇਆ ਉਥੇ ਕੁਰਬਾਨੀ, ਸੇਵਾ, ਸਮਰਪਣ, ਸੱਚਾਈ, ਕਿਰਤ, ਨੇਕੀ ਅਤੇ ਦਾਨਾਈ ਮਿਲੀ ਅਤੇ ਮਮਤਾ ਰੂਪ ਗੁਰੂ ਮਹਿਲਾਂ ਦੇ ਲਾਮਿਸਾਲ ਉਦਾਹਰਣਾਂ ਅਤੇ ਕਰਨੀ ਵੀ ਸਾਮਰੱਤਖ ਹੋਈ। ਸਿੱਖ ਨਾਰੀ ਨੂੰ ਵਿਰਸੇ ਵਿਚ ਮਿਲੀ ਬੇਬੇ ਨਾਨਕੀ ਦੀ ਮੋਹਵੰਤੀ ਕਮਾਈ ਅਤੇ ਮਾਤਾ ਤ੍ਰਿਪਤਾ ਦੀ ਕੁਰਬਾਨੀ ਭਾਵਨਾ ਜਿਨ੍ਹਾਂ ਨੇ ਆਪਣੇ ਲਾਡਲੇ ਨੂੰ ਦਹਾਕਿਆਂ ਤੱਕ ਦੇਸਾਂ ਪ੍ਰਦੇਸਾਂ ਦੇ ਰਾਹ ਤੋਰ ਕੇ ਉਹਦਾ ਵਿਛੋੜਾ ਜਰਿਆ ਤੇ ਉਹਦਾ ਪਰਿਵਾਰ ਸਾਂਭਿਆ। ਸਿੱਖ ਨਾਰੀ ਦਾ ਗੌਰਵ ਹੈ ਦਸ ਗੁਰੂ ਮਹਿਲਾਂ ਦੇ ਬੇਅੰਤ ਉਚੇਰੇ ਆਦਰਸ਼ ਅਤੇ ਕਰਨੀ। ਉਸ ਦੀ ਵਿੱਦਿਅਕ ਚੇਤਨਾ ਅਜਿਹੀਆਂ ਬੀਬੀਆਂ ਦੀ ਕਮਾਈ ਤੋਂ ਪ੍ਰਭਾਵਿਤ ਹੈ ਜੋ ਮਨ, ਬਚਨ ਤੇ ਕਰਮ ਪੱਖੋਂ ਇਕਸੁਰ ਸਨ। ਸੱਚਾ ਮਾਰਗ, ਸੱਚੀ ਯਾਦ ਅਤੇ ਸੱਚੀ ਕਰਨੀ ਜਿਨ੍ਹਾਂ ਦਾ ਧਰਮ ਸੀ। ਨਰੋਈਆਂ ਕਦਰਾਂ ਕੀਮਤਾਂ, ਆਦਰਸ਼ਕ ਜੀਵਨ ਮੁੱਲ ਅਤੇ ਮਿਸਾਲੀ ਮਾਨਵੀ ਕਿਰਦਾਰ ਜਿਨ੍ਹਾਂ ਦਾ ਸਰਮਾਇਆ ਬਣਿਆ। ਸਿੱਖ ਨਾਰੀ ਨੂੰ ਗੁੜ੍ਹਤੀ ਮਿਲੀ ਕਿ ਆਪਣੀ ਔਲਾਦ ਨੂੰ ਉਚੇਰੇ ਗੁਣਾਂ ਦੀ ਲਗਨ ਲਾਉਂਦਿਆਂ ਸੁਧਰਮੀ ਜਿਉੜੇ ਬਣਾਉਣਾ ਹੈ ਜਿਹੜਾ ਸਹਿਜਤਾ ਅਤੇ ਬੀਰਤਾ ਨੂੰ ਜੀਵਨ ਦਾ ਅਨਿੱਖੜ ਅੰਗ ਬਣਾ ਸਕੇ। ਮੁੱਕਦੀ ਗੱਲ ਕਿ ਸਿੱਖ ਨਾਰੀ ਨੂੰ ਅਜਿਹੇ ਉਚੇਰੇ ਆਦਰਸ਼, ਉਚੇਰੀ ਅਮਲੀ ਰਾਹਨੁਮਾਈ, ਸਮਾਜ ਉਦਾਹਰਣ ਦੀ ਲਾਗ, ਵਿਸ਼ੇ ਵਿਕਾਰਾਂ ਤੋਂ ਨਵਿਰਤੀ ਦੀ ਸਿੱਖਿਆ, ਕੁਰੀਤੀਆਂ ਤੋਂ ਆਜ਼ਾਦੀ, ਸ਼ਖਸੀ ਸੁਤੰਤਰਤਾ, ਰੂਹਾਨੀਅਤ, ਸਮਾਨਤਾ ਅਤੇ ਨਿਰਸਵਾਰਥਤਾ ਦਾ ਸਬਕ ਮਿਲਿਆ ਕਿ ਉਸ ਦੀ ਸ਼ਖਸੀਅਤ ਬਾਕੀ ਨਾਰੀ ਸੰਸਾਰ ਤੋਂ ਵਿਲੱਖਣ ਢੰਗ ਨਾਲ ਵਿਗਸਦੀ ਗਈ।

ਸਿੱਖ ਨਾਰੀ ਦੀ ਵਿਦਿਅਕ ਚੇਤਨਾ ਇਕ ਹੋਰ ਪੱਖੋਂ ਵੀ ਨਿਵੇਕਲੀ ਬਣੀ ਕਿਉਂਕਿ ਸਿੱਖ ਧਰਮ ਅਨੁਸਾਰ ਵਿਦਿਆ ਉਹ ਨਹੀਂ ਜਿਹੜੀ ਮਹਿਜ ਪੜ੍ਹਨ ਪੜਾਉਣ ਜਾਂ ਪਾਠ ਪੂਜਾ ਤੱਕ ਸੀਮਤ ਹੈ। ਸਾਡੇ ਅਧਿਆਤਮਕ ਰਹਿਬਰਾਂ ਦਾ ਫ਼ਰਮਾਨ ਹੈ—

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ

(ਪੰਨਾ, 140)

ਅਤੇ

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ।

ਪੰਜ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰ ਬੁਧਿ ਬਾਧੇ ।

(ਪੰਨਾ, 641)

ਸਮੁੱਚੇ ਸੰਸਾਰ ਦੇ ਸਮੂਹ ਧਰਮਾਂ ਵਿਚ ਸ਼ਾਇਦ ਸਿੱਖ ਧਰਮ ਹੀ ਹੁਣ ਤੱਕ ਦਾ ਅਜਿਹਾ ਵਿਲੱਖਣ ਧਰਮ ਹੈ ਜਿਸ ਵਿੱਚ ਪਰਮੇਸ਼ਰ ਰੂਪੀ ਪਤੀ ਨਾਲ ਅਭੇਦ ਹੋਣ ਵਾਲੀ ਜੀਵ ਰੂਪੀ ਆਤਮਾ ਨੂੰ ਨਾਰੀ ਰੂਪ ਵਿਚ ਚਿਤਵਿਆ ਗਿਆ ਹੈ:—

ਸਹ ਕੀ ਸਾਰ ਸੁਹਾਗਨਿ ਜਾਨੈ
ਤਜਿ ਅਭਿਮਾਨੁ ਸੁਖ ਰਲੀਆ ਮਾਨੈ ।
ਤਨੁ ਮਨੁ ਦੇਇ ਨਾ ਅੰਤਰੁ ਰਾਖੈ ।
ਅਵਰਾ ਦੇਖਿ ਨਾ ਸੁਨੈ ਅਭਾਖੈ ।

(ਪੰਨਾ, 793)

ਇਸ ਪ੍ਰਕਾਰ, ਸਮੁੱਚੇ ਸੰਸਾਰ ਵਿਚ ਇਕ ਪਰਮਾਤਮਾ ਤੋਂ ਬਿਨਾਂ ਬਾਕੀ ਸਭ ਜੀਵ ਨਾਰੀ ਰੂਪ ਹੀ ਹੋਏ । ਗੁਰਬਾਣੀ ਇਸ ਦੀ ਸਾਖੀ ਇਉਂ ਭਰਦੀ ਹੈ:—

ਇਸੁ ਜਗ ਮਹਿ ਪੁਰਖੁ ਏਕੁ ਹੈ
ਹੋਰ ਸਗਲੀ ਨਾਰਿ ਸਬਾਈ ।

(ਪੰਨਾ, 591–592)

ਸਪੱਸ਼ਟ ਹੈ ਕਿ ਸਾਡੇ ਅਨੁਭਵੀ ਸਾਧਕ, ਤੱਤਵੇਤਾ ਮਹਾਂਪੁਰਸ਼, ਪ੍ਰਭੂ ਭਗਤੀ ਕਰਨ ਵਾਲੇ ਅਧਿਆਤਮਿਕ ਰਹਿਬਰ ਅਤੇ ਅੰਮ੍ਰਿਤਮਈ ਬਾਣੀ ਦੇ ਸਿਰਜਕ ਆਪਣੇ ਭਾਵਾਂ, ਆਪਣੇ ਵਿਚਾਰਾਂ ਅਤੇ ਆਪਣੇ ਨਿਜ ਨੂੰ ਨਾਰੀ ਰੂਪ ਵਿਚ ਚਿਤਵ ਕੇ ਇਸ ਦਾ ਪ੍ਰਲੇਕੀਕਰਨ ਕਰਦੇ ਹਨ ਭਾਵੇਂ ਉਦੋਂ ਇਹ ਸੰਦਰਭ ਬਿਲਕੁਲ ਬਦਲੇ ਹੋਏ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਪ੍ਰੰਤੂ ਇਸ ਨਾਲ ਨਾਰੀ ਰੂਪ ਦੀ ਮਹਿਮਾਂ ਹੋਰ ਵਧੇਰੇ ਉਜਾਗਰ ਹੁੰਦੀ ਹੈ । ਇੰਵ ਨਾਰੀ (ਸਿੱਖ ਨਾਰੀ) ਬੇਹੱਦ ਵਿਸਤ੍ਰਿਤ ਪਰਿਪੇਖ ਵਿਚ ਸਾਡੇ ਸਨਮੁਖ ਹੁੰਦੀ ਹੈ ਜਿਹੜੀ ਧਰਮ ਦੀ ਕਿਰਤ ਵਿਰਤ ਕਰਦਿਆਂ, ਨਾਮ ਸਿਮਰਦਿਆਂ, ਵੰਡ ਛਕਦਿਆਂ, ਭੇਖਾਂ ਵਿਖਾਵਿਆਂ ਤੇ ਕਰਮ ਕਾਂਡੀ ਜੀਵਨ ਤੋਂ ਕੋਹਾਂ ਦੂਰ ਰਹਿੰਦਿਆਂ ਅਤੇ ੧ਓ ਪ੍ਰਭੂ ਨੂੰ ਸਵਾਸ ਸਵਾਸ ਚਿਤਵਦਿਆਂ ਇਹੋ ਬਖਸ਼ੀਸ਼ ਮੰਗਦੀ ਹੈ:—

ਗੁਰ ਪਰਸਾਦੀ ਵਿਦਿਆ ਵੀਚਾਰੈ
ਪੜਿ ਪੜਿ ਪਾਵੈ ਮਾਨੁ ।

(ਪੰਨਾ 1329)

ਗੁਰਮਤਿ ਅਨੁਸਾਰ ਵਿਦਿਆ ਦਾ ਆਦਰਸ਼ ਸਚਿਆਰੇ ਜੀਵ ਪੈਦਾ ਕਰਨਾ ਹੈ, ਗੁਰਮੁਖ ਵਿਅਕਤੀ ਪੈਦਾ ਕਰਨਾ ਹੈ, ਜਾਗਦੀ ਜ਼ਮੀਰ ਵਾਲੇ ਇਨਸਾਨ ਪੈਦਾ ਕਰਨਾ ਹੈ, ਸੁਧਰਮੀ ਮਨੁੱਖ ਪੈਦਾ ਕਰਨਾ ਹੈ, ਸੂਝਵਾਨ ਵਿਅਕਤੀ ਸਿਰਜਣੇ ਹੈ ਅਤੇ ਸਭ ਤੋਂ ਵੱਧ ਤੇ ਮਾਨਸਿਕ ਅਤੇ ਆਤਮਿਕ ਸੋਝੀ ਵਾਲੇ ਬੰਦੇ ਜੋ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' (ਪੰਨਾ 356) ਨੂੰ ਆਪਣੇ ਵਿਅਕਤਿਤਵ ਵਿਚ ਢਾਲ ਕੇ ਆਪਣੇ ਕ੍ਰਿਤ੍ਰਿਤਵ

ਦਾ ਅੰਗ ਬਣਾ ਸਕਣ। 'ਪੱਟੀ' ਦੀ ਬਾਣੀ ਇਕ ਵਾਕਈ ਪੜ੍ਹੇ ਲਿਖੇ ਬੰਦੇ ਨੂੰ ਇਉਂ ਪਾਰਿਭਾਸ਼ਿਤ ਕਰਦੀ ਹੈ:—

ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ।
ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ।

(ਪੰਨਾ, 432)

ਇੰਞ ਸਤਿਗੁਰੂ ਜੀ ਨੇ ਆਸਾ ਰਾਗ ਵਿਚ ਲਿਖੀ ਬਾਣੀ 'ਪੱਟੀ' (ਲੋਕ ਬੋਲੀ ਵਿਚ ਅਸੀਂ ਇਸ ਨੂੰ ਫੱਟੀ ਕਹਿੰਦੇ ਰਹੇ ਹਾਂ) ਵਿਚ ਕੋਈ ਸ਼ੰਕਾ-ਸੰਸਾ ਬਾਕੀ ਨਹੀਂ ਰਹਿਣ ਦਿੱਤਾ ਕਿ ਉਹ ਕਿਹੜੇ ਅੱਖਰ ਹਨ ਜੋ ਸਚਮੁੱਚ ਜੀਵ ਅੰਦਰ ਵਿਦਿਅਕ ਚੇਤਨਾ ਦਾ ਪਾਸਾਰ ਕਰਦੇ ਹਨ:—

ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ।
ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ।

(ਪੰਨਾ, 432)

ਦਿਨ ਰਾਤ ਪੜ੍ਹਨ, ਸੁਣਨ ਅਤੇ ਪਾਠ-ਪੂਜਾ ਦਾ ਢੌਂਗ ਕਰਨ ਵਾਲਿਆਂ ਨੂੰ ਤਾਂ ਮਹਾਂਪੁਰਸ਼ ਆੜੇ ਹੱਥੀਂ ਲੈਂਦੇ ਹਨ ਜਿਹੜੇ ਹਉਮੈ ਦਾ ਲੜ ਤਿਆਗ ਨਹੀਂ ਸਕਦੇ।

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ।
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ।
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ।
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ।
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ।

(ਪੰਨਾ, 467)

ਕਬੀਰ ਸਾਹਿਬ ਸ਼ਾਸਤਰੀ ਵਿਦਿਆ ਵਿਚ ਉਲਝੇ ਅਤੇ ਚੁੰਚ ਗਿਆਨ ਵਿਚ ਗਵਾਚੇ ਅਜਿਹੇ ਹੀ ਅਗਿਆਨੀਆਂ ਨੂੰ ਮੁਖ਼ਾਤਿਬ ਹੋ ਕੇ ਸਮਝਾਉਂਦੇ ਹਨ:—

ਕਿਆ ਪੜੀਐ ਕਿਆ ਗੁਨੀਐ।
ਕਿਆ ਬੇਦ ਪੁਰਾਨਾਂ ਸੁਨੀਐ।
ਪੜੇ ਸੁਨੇ ਕਿਆ ਹੋਈ।
ਜਉ ਸਹਜ ਨ ਮਿਲਿਓ ਸੋਈ।

(ਪੰਨਾ 655)

ਗੁਰੂ ਘਰ ਦਾ ਪੜ੍ਹਿਆ ਹੋਇਆ ਸਭ ਤੋਂ ਪਹਿਲਾਂ ਗੋਵਿੰਦ ਦੀ ਅਰਾਧਨਾ ਕਰਦਿਆਂ ਉਸ ਪਰਮਗਤਿ ਦੀ ਪ੍ਰਾਪਤੀ ਲਈ ਜਤਨ ਕਰਦੈ ਜਿਸ ਨੂੰ ਰਿਸ਼ੀ ਮੁਨੀ, ਪੀਰ ਪੈਗੰਬਰ, ਵਲੀ ਔਲੀਏ ਅਤੇ ਗੁਰਮੁਖ ਸੱਭੇ ਲੋਚਦੇ ਹਨ।

ਗੁਰਬਾਣੀ ਅਨੁਸਾਰ:—

ਜੋ ਪ੍ਰਾਣੀ ਗੋਵਿਦੁ ਧਿਆਵੈ
ਪੜਿਆ ਅਣਪੜਿਆ ਪਰਮਗਤਿ ਪਾਵੈ ।

(ਪੰਨਾ, 197)

ਇਸ ਪ੍ਰਕਾਰ ਅੱਖਰੀ, ਕਿਤਾਬੀ, ਸ਼ਾਸਤਰੀ, ਦੁਨਿਆਵੀ ਜਾਂ ਚੁੰਚ ਗਿਆਨ ਦੇ ਬਲਬੁੱਤੇ 'ਭੀਤਰਿ ਹੋਦੀ ਵਸਤੁ' ਨ ਜਾਣਨੀ-ਪਛਾਣਨੀ ਸਾਡੀ ਅਜੋਕੀ ਵਿਦਿਅਕ ਚੇਤਨਾ ਦੀ ਪ੍ਰਮੁਖ ਤ੍ਰਾਸਦੀ ਹੈ । ਅਜੋਕੀ ਵਿਦਿਆ 'ਲਿਖਿ ਲਿਖਿ ਪੜਿਆ ਤੇਤਾ ਕੜਿਆ' ਦੀ ਅਸਲੀਅਤ ਨੂੰ ਵੀ ਸਾਹਮਣੇ ਲਿਆਉਂਦੀ ਹੈ । ਗੁਰੂ ਰਾਮ ਦਾਸ ਸਾਹਿਬ ਅਸਲ ਪੜ੍ਹੇ ਗੁੜ੍ਹੇ ਨੂੰ ਇਨ੍ਹਾਂ ਸ਼ਬਦਾਂ 'ਚ ਪਰਿਭਾਸ਼ਿਤ ਕਰਦੇ ਹਨ:—

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ।
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ।
ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ । ।
ਅੰਦਰ ਖੋਜੈ ਤਤੁ ਲਹੈ ਪਾਏ ਮੁਖ ਦੁਆਰ ।

(ਪੰਨਾ 650)

ਸੰਖੇਪ ਵਿਚ ਗੁਰਮਤਿ ਦੇ ਸੰਦਰਭ ਵਿਚ ਸਿੱਖ ਨਾਰੀ ਦੀ ਵਿਦਿਅਕ ਚੇਤਨਾ 'ਤੇ ਵਿਚਾਰ ਕਰਦਿਆਂ ਇਹ ਕਿਹਾ ਜਾ ਸਕਦੈ ਕਿ ਉਹ ਕੋਰੇ, ਫ਼ਲਸਫ਼ਈ, ਕਿਤਾਬੀ, ਫੋਕੇ ਅਤੇ ਅੱਖਰੀ ਗਿਆਨ ਦੀ ਬਜਾਇ ਜਨਤਕ ਹਿਤਾਂ ਦੀ ਪੈਰਵੀ ਕਰਦੇ, ਸਾਂਵੀ ਪੱਧਰੀ, ਸੁਲਝੀ, ਸੁਖਾਵੀਂ ਤੇ ਸਤੁੰਲਿਤ ਜੀਵਨ ਜਾਂਚ ਸਿਖਾਉਂਦੇ, ਸੰਸਾਰਿਕਤਾ ਦੀ ਬਜਾਏ ਅਧਿਆਤਮਿਕਤਾ ਨਾਲ ਜੋੜਦੇ ਅਤੇ ਉਸ ਪਰਮਜੋਤ ਦੀ ਵਾਸਤਵਿਕਤਾ ਦੇ ਰੂ-ਬ-ਰੂ ਕਰਦੇ ਸੱਚੇ ਸੁੱਚੇ ਪਰਮਾਰਥਿਕ ਗਿਆਨ ਦਾ ਪਾਠ ਪੜ੍ਹਾਉਂਦੇ ਹਨ ਜੋ ਸਿੱਖ ਸਮਾਜ ਦੀ ਖ਼ੁਸ਼ਕਿਸਮਤੀ ਵਾਲੀ ਗੱਲ ਹੈ ਜਿਸ ਦਾ ਆਧਾਰ ਹੀ ਸਰਬ ਸਾਂਝੀਵਾਲਤਾ, ਬਰਾਬਰੀ, ਏਕਤਾ, ਸਮਰੂਪਤਾ ਅਤੇ ਸਮਾਨਤਾ ਹੈ । ਯੁਗਪੁਰਖ ਗੁਰੂ ਨਾਨਕ ਦੇਵ ਜੀ ਅਨੁਸਾਰ:—

ਮੰਦਾ ਕਿਸੈ ਨਾ ਆਖੀਐ ।
ਪੜਿ ਅਖਰੁ ਏਹੋ ਬੁਝੀਐ ।

(ਪੰਨਾ 473)

—ਸੋ ਪੜਿਆ ਸੋ ਪੰਡਿਤੁ ਬੀਨਾ
ਜਿਨ੍ਹੀ ਕਮਾਣਾ ਨਾਉ

(ਪੰਨਾ 1288)

—ਪੜ੍ਹਿਆ ਬੂਝੈ ਸੋ ਪਰਵਾਣੁ ।
ਜਿਸੁ ਸਿਰਿ ਦਰਗਹ ਕਾ ਨੀਸਾਣੁ ।

(ਪੰਨਾ, 662)

ਇਹ ਪਰਿਭਾਸ਼ਾਵਾਂ ਵਿੱਦਿਅਕ ਪੱਖੋਂ ਸਚਮੁੱਚ ਚੇਤੰਨ ਪ੍ਰਾਣੀ ਦੀਆਂ ਹਨ। ਇਸ ਪ੍ਰਥਾਇ ਸਮੂਹ ਬਾਣੀ ਦਾਤਾਰਾਂ ਨੇ ਵਿਸਤ੍ਰਿਤ ਵਿਚਾਰ ਕੀਤੀ ਹੈ ਕਿਉਂਕਿ ਮੱਧਯੁਗ ਵਿਚ ਵੀ (ਅਤੇ ਹੁਣ ਵੀ) ਇਹ ਸੰਦਰਭ ਨਿਘਾਰਮਈ ਹੋ ਚੁੱਕੇ ਸਨ ਅਤੇ ਅੱਖਰੀ ਵਿਦਿਆ, ਆਚਰਣਹੀਣਤਾ, ਅਨੈਤਿਕਤਾ, ਭ੍ਰਿਸ਼ਟਾਚਾਰ, ਅਨਾਚਾਰ, ਦੁਰਾਚਾਰ, ਗਿਰਾਵਟ, ਨਿਘਾਰ ਅਤੇ ਪਤਨ ਦਾ ਮੁਖ ਕਾਰਨ ਬਣ ਗਈ ਸੀ।

ਆਓ ਸਾਥੀਓ ! ਅੱਗੇ ਚੱਲ ਕੇ ਇਹ ਵੇਖੀਏ ਕਿ ਅਜਿਹੇ ਗੌਰਵਮਈ ਵਿਰਸੇ ਵਾਲੀ ਸਿੱਖ ਨਾਰੀ ਨੇ ਮੌਜੂਦਾ ਸਮੇਂ ਵਿਚ ਆਪਣੀ ਚੇਤਨਾ ਦੇ ਕਿੰਨੇ ਕੁ ਪਸਾਰ ਕੀਤੇ ਹਨ ਕਿਉਂਕਿ ਉਸ ਨੂੰ ਗੁੜ੍ਹਤੀ ਦੇਣ ਵਾਲੀਆਂ ਮਹਾਨ ਸਿੱਖ ਨਾਰੀਆਂ ਨੇ, ਨਾ ਕੇਵਲ ਸੈਂਕੜੇ ਸਾਲਾਂ ਤੱਕ ਹੱਕ, ਸੱਚ, ਸੁੱਚ, ਸੇਵਾ, ਸਿਮਰਨ, ਤਿਆਗ, ਜਪ, ਤਪ, ਸਾਂਝੀਵਾਲਤਾ, ਸਮਾਨਤਾ ਅਤੇ ਇਕੀਸ਼ਵਰਵਾਦਤਾ 'ਤੇ ਹੀ ਪਹਿਰਾ ਦਿੱਤਾ ਹੈ ਸਗੋਂ ਸਵਾ ਸਵਾ ਮਣ ਪੀਹਣ ਪੀਂਹਦਿਆਂ, ਲਾਲਾਂ ਦੇ ਟੋਟੇ ਕਰਵਾ ਗਲਾਂ ਵਿਚ ਹਾਰ ਪਵਾਉਂਦਿਆਂ, ਖੰਨੀ ਖੰਨੀ ਰੋਟੀ 'ਤੇ ਗੁਜ਼ਾਰਾ ਕਰਦਿਆਂ ਅਤੇ ਜ਼ਾਲਮਾਂ ਨਾਲ ਦੋ ਦੋ ਹੱਥ ਜੂਝਦਿਆਂ ਇਤਿਹਾਸ ਦੇ ਨਵੇਂ ਕਾਂਡ ਵੀ ਸਿਰਜੇ ਹਨ।

ਭਾਰਤ ਪਿੰਡਾਂ ਦੀ ਧਰਤੀ ਹੈ। ਬੇਸ਼ਕ ਇਸ ਦੀ ਬਹੁਤ ਵੱਡੀ ਜਨਸੰਖਿਆ ਦਿਹਾਤੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਇਕ ਭਾਰਤੀ ਸ਼ਹਿਰੀ ਦਾ ਔਸਤਨ ਸਕੂਲ-ਸਮਾਂ ਕੇਵਲ ਢਾਈ ਕੁ ਵਰ੍ਹੇ ਹੀ ਬਣਦੇ ਹਨ ਜਦੋਂ ਕਿ ਮੁਕਾਬਲੇ ਵਿਚ ਇਕ ਅਮਰੀਕਨ ਲਗਭਗ ਸਾਢੇ ਦਸ ਸਾਲ ਸਕੂਲ/ਕਾਲਜ ਵਿਚ ਵਿੱਦਿਆ ਹਾਸਲ ਕਰਦਾ ਹੈ।

ਜਾਪਾਨੀਆਂ ਦੀ ਇਹ ਔਸਤ ਸਾਢੇ ਨੌਂ ਕੁ ਵਰ੍ਹੇ ਅਤੇ ਯੋਰਪੀਨਾਂ ਦੀ ਔਸਤ ਦਰ ਨੌਂ ਵਰ੍ਹੇ ਹੈ। ਇੱਥੋਂ ਤੱਕ ਕਿ ਚੀਨੀ ਲੋਕ ਵੀ ਸਵਾ ਚਾਰ ਸਾਲਾਂ ਤੱਕ ਉਪਚਾਰਕ ਸਿੱਖਿਆ ਪ੍ਰਾਪਤ ਕਰਦੇ ਹਨ। ਇਨ੍ਹਾਂ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਸਾਡਾ ਦੇਸ਼ ਅਨਪੜ੍ਹਤਾ, ਅਗਿਆਨਤਾ ਅਤੇ ਅਵਿਦਿਆ ਦੀ ਸਿਖਰ ਹਾਲਤ ਵਿਚ ਪੁੱਜਾ ਹੋਇਐ। ਨਗਰਾਂ ਤੇ ਮਹਾਂਨਗਰਾਂ ਨੂੰ ਛੱਡ ਕੇ ਬਾਕੀ ਥਾਵਾਂ 'ਤੇ ਵਿਦਿਅਕ ਚੇਤਨਾ ਦੀ ਲੋਅ ਬੜੀ ਮੱਧਮ ਹੈ। ਕਾਰਨ ਕਿਸੇ ਤੋਂ ਗੁੱਝੇ ਛਿਪੇ ਨਹੀਂ ਹਨ। ਜਿੱਥੇ ਦੂਸਰੇ ਮੁਲਕਾਂ ਦੇ ਬਜਟ ਦਾ ਵੱਡਾ ਹਿੱਸਾ ਪੜ੍ਹਾਈ ਲਿਖਾਈ, ਖੋਜ, ਵਿਕਾਸ ਅਤੇ ਹੋਰ ਸਾਧਨਾਂ ਲਈ ਰਾਖਵਾਂ ਰੱਖਿਆ ਜਾਂਦੈ ਉੱਥੇ ਸਾਡੀਆਂ ਗ਼ਲਤ ਸਰਕਾਰੀ ਦਰਬਾਰੀ ਨੀਤੀਆਂ ਕਾਰਨ ਉਸਦਾ ਪਾ-ਪਾਸਕੂੰ ਵੀ ਇਸ ਕੰਮ ਲਈ ਨਹੀਂ ਖ਼ਰਚਿਆ ਜਾਂਦਾ। ਕਦੇ ਤਕਸ਼ਿਲਾ ਅਤੇ ਨਾਲੰਦਾ ਜਿਹੇ ਸੁਪ੍ਰਸਿੱਧ ਵਿਸ਼ਵ ਵਿਦਿਆਲਿਆ ਅਤੇ ਉੱਚ ਸਿੱਖਿਆ ਦਾ ਗੜ੍ਹ ਰਹਿ ਚੁੱਕੀ ਭਾਰਤ-ਭੂਮੀ ਅੱਜ ਦੁਨੀਆਂ ਦੇ ਅਤਿ ਅਨਪੜ੍ਹ ਦੇਸ਼ਾਂ 'ਚ ਮੂਹਰੀ ਮੰਨੀ ਗਈ ਹੈ। ਫੰਡਾਂ ਦੀ ਕਾਣੀ ਵੰਡ, ਦੂਰ ਦਰਸ਼ਤਾ ਦੀ ਘਾਟ, ਵਿਦਿਅਕ ਅਤੇ ਤਕਨੀਕੀ ਸੰਸਥਾਵਾਂ ਪ੍ਰਤਿ ਬੇਰੁਖ਼ੀ ਦਾ ਮਾਹੌਲ, ਧਾਰਮਿਕ ਕੱਟੜਤਾ, ਜਾਤ ਪਾਤ, ਹਿੰਸਕ ਰੁਝਾਨ, ਪਲ ਪਲ ਵੱਧ ਰਹੀ ਆਬਾਦੀ, ਬੇਕਾਰੀ, ਦੋਸ਼ਪੂਰਨ ਸਿੱਖਿਆ ਨੀਤੀਆਂ, ਦੇਸ਼ ਦਾ ਆਰਥਿਕ ਨਿਘਾਰ, ਭਾਰਤੀਅਤਾ ਦੀ ਕਮੀ ਅਤੇ ਗ਼ਰੀਬੀ ਦੀ ਮਹਾਂਮਾਰੀ ਕਰਕੇ ਜਿਸ ਕਦਰ

ਅਗਿਆਨਤਾ, ਅਵਿਦਿਆ ਅਤੇ ਅਨਪੜ੍ਹਤਾ ਦਾ ਮਾਹੌਲ ਬਣਿਆ ਹੋਇਆ ਹੈ, ਉਸਨੂੰ ਮਿਟਾਉਣ ਲਈ ਬਹੁਤ ਸੁਚਾਰੂ ਢੰਗਾਂ ਅਤੇ ਵਡੇਰੀਆਂ ਯੋਜਨਾਵਾਂ ਦੇ ਨਾਲ ਨਾਲ ਜਨ ਅੰਦੋਲਨ ਆਰੰਭਣ ਦੀ ਵੀ ਲੋੜ ਹੈ। ਆਮ ਭਾਰਤੀ ਨਾਰੀ ਜਿੱਥੇ ਅਜਿਹੇ ਸਮਾਜ ਦਾ ਅੰਗ ਹੁੰਦਿਆਂ ਵਿਦਿਅਕ ਖੇਤਰ ਵਿਚ ਫਾਡੀ ਰਹਿ ਚੁੱਕੀ ਹੈ ਉੱਥੇ ਸਿੱਖ ਧਰਮ ਦੀਆਂ ਮਹਾਨ ਤੇ ਗੌਰਵਸ਼ਾਲੀ ਸਿੱਖਿਆਵਾਂ ਵਿਚ ਪਲੀ ਪੜ੍ਹੀ, ਸਿੱਖ ਨਾਰੀ ਸਮੁੱਚੇ ਨਾਰੀ ਜਗਤ ਦਾ ਅਪਵਾਦ ਕਹੀ ਜਾ ਸਕਦੀ ਹੈ। ਦਸ ਗੁਰੂ ਪਾਤਸ਼ਾਹੀਆਂ ਨੇ ਜਿੱਥੇ ਅਮਾਵਸ ਰੂਪ ਬਣ ਚੁੱਕੇ ਸਮਾਜ ਦਾ ਹਨੇਰਾ ਮੇਟਦਿਆਂ ਸੱਚੇ ਸੁੱਚੇ ਗਿਆਨ ਦੀ ਜੋਤੀ ਪ੍ਰਜਵਲਿਤ ਕੀਤੀ ਉੱਥੇ ਬੀਬੀ ਨਾਨਕੀ, ਮਾਤਾ ਤ੍ਰਿਪਤਾ, ਮਾਣਯੋਗ ਦਸ ਗੁਰੂ ਮਹਿਲ, ਮਾਤਾ ਸਾਹਿਬ ਕੌਰ ਜਿਹੀਆਂ ਬੀਰਤਾ ਅਤੇ ਧੀਰਤਾ ਦੀ ਪੁੰਜ ਸਚਿਆਰੀਆਂ ਨਾਰੀਆਂ ਨੇ ਸਿੱਖ ਨਾਰੀ ਦੀ ਕਾਇਆਂ ਹੀ ਕਲਪ ਕਰ ਦਿੱਤੀ। ਮਿਸਾਲ ਵਜੋਂ ਮਾਈ ਭਾਗੋ ਦੇ ਸਾਹਸੀ ਕੌਤਕ ਬਾਰੇ ਕਿਹੜਾ ਵਿਅਕਤੀ ਅਣਜਾਣ ਹੈ ਜਿਸ ਨੇ ਸਿੱਖ ਇਤਿਹਾਸ ਦਾ ਇਕ ਨਵਾਂ ਕਾਂਡ ਸਿਰਜ ਕੇ ਸਭ ਤੋਂ ਵਾਹਵਾ ਖੱਟੀ। ਗੁਰੂ ਮਹਿਲਾਂ ਦੀ ਮਹਾਨ ਕਰਨੀ ਅਤੇ ਕਥਨੀ ਨਾਲ ਜਿੱਥੇ ਗੁਰੂ ਇਤਿਹਾਸ ਦੀ ਆਭਾ ਵਧੀ ਉੱਥੇ ਸਮੁੱਚਾ ਸਿੱਖ ਨਾਰੀ ਜਗਤ ਚੇਤਨਤਾ, ਜਾਗਰਤੀ, ਸੋਝੀ, ਸਿਆਣਪ, ਕੁਰਬਾਨੀ, ਧਰਮ ਪਰਾਇਣਤਾ, ਦਾਨਾਈ, ਸੂਰਬੀਰਤਾ, ਨਿਰਭੈਤਾ, ਨਿਡਰਤਾ ਅਤੇ ਦਲੇਰੀ ਦੀ ਗਾਥਾ ਵੀ ਬਣਦਾ ਚਲੇ ਗਿਆ। ਮਾਂ ਤ੍ਰਿਪਤਾ ਦੀ ਤਿਆਗੀ ਭਾਵਨਾ, ਮਾਂ ਭਾਨੀ ਦੀ ਮਿਸਾਲੀ ਸਿੱਖਿਆ, ਮਾਂ ਗੰਗਾ ਦੀ ਸਾਦ ਮੁਰਾਦੀ ਜ਼ਿੰਦਗੀ, ਮਾਤਾ ਨਾਨਕੀ ਦੀ ਲੰਮੀ ਤਪ ਸਾਧਨਾ, ਮਾਂ ਗੁਜਰੀ ਦੀ ਅਲੌਕਿਕ ਅਗਵਾਈ ਸੰਸਾਰ ਦੇ ਕਿਸੇ ਹਿੱਸੇ ਵਿਚ ਵੀ ਨਹੀਂ ਲੱਭੀ ਜਾ ਸਕਦੀ। ਇਸ ਪ੍ਰਕਾਰ ਡਾ: ਮਹਿੰਦਰ ਕੌਰ ਗਿੱਲ ਦੇ ਆਖਣ ਅਨੁਸਾਰ 'ਗੁਰ ਇਤਿਹਾਸ ਦੀ ਇਸ ਮਿੰਨੀ ਰੱਬ (ਮਾਂ) ਨੇ ਸਿੱਖ ਨਾਰੀ ਨੂੰ ਆਪਾਵਾਰਤਾ, ਨਿਰਮਲਤਾ, ਸਵਾਰਥਹੀਣਤਾ, ਪਾਕੀਜ਼ਗੀ ਅਤੇ ਸੁੱਚਮ ਦੀ ਗੁੜ੍ਹਤੀ ਬਖ਼ਸ਼ੀ।' ਅਜੋਕੇ ਸਮੇਂ ਵਿਚ ਜਦੋਂ ਔਰਤ ਅਨੇਕ ਮਰਹਲਿਆਂ 'ਤੇ ਆਪਣੇ ਆਪ ਨੂੰ ਬੇਬਸ ਮਹਿਸੂਸਦੀ ਹੋਈ ਆਤਮ ਹੱਤਿਆ, ਜਲਣ ਮਰਨ ਅਤੇ ਖ਼ੁਦਕੁਸ਼ੀਆਂ ਨੂੰ ਪਹਿਲ ਦੇ ਰਹੀ ਹੈ, ਸਿੱਖ ਨਾਰੀ ਗੁਰੂ ਅਮਰ ਦਾਸ ਦੀ ਰਾਹਨੁਮਾਈ ਵਿਚ ਧਰਮ ਦੇ ਪ੍ਰਚਾਰ ਲਈ ਜੁਟੀ ਰਹੀ ਹੈ। ਗੁਰੂ ਇਤਿਹਾਸ ਗਵਾਹ ਹੈ ਕਿ ਤੀਜੀ ਪਾਤਿਸ਼ਾਹੀ ਵਲੋਂ ਸਥਾਪਿਤ ਬਾਈ ਮੰਜੀਆਂ ਵਿਚੋਂ ਦੋ ਦੀ ਅਗਵਾਈ ਨਿਰੋਲ ਬੀਬੀਆਂ ਦੇ ਹੱਥ ਸੌਂਪੀ ਗਈ ਜਦੋਂ ਕਿ ਧਰਮ ਪ੍ਰਚਾਰ ਲਈ ਨਿਸ਼ਚਿਤ ਬਹੱਤਰ ਪੰਘੂੜਿਆਂ ਦੀ ਸੇਵਾ ਸਾਰੀ ਦੀ ਸਾਰੀ ਔਰਤਾਂ ਦੀ ਨਿਗਰਾਨੀ ਹੇਠ ਸੀ। ਜਿਸ ਸਮਾਜ ਵਿਚ ਨਾਰੀ ਨੂੰ ਬਾਘਣ, ਨਾਗਣ ਤੇ ਸਰਪਨੀ ਆਖ ਕੇ ਦੁਰਕਾਰਿਆ ਗਿਆ ਉਸ ਸਮੇਂ ਵੀ ਸਿੱਖ ਨਾਰੀ ਨੇ ਨੇਕ ਅਗਵਾਈ ਕਾਰਨ ਨਵੇਂ ਕੀਰਤੀਮਾਨ ਸਥਾਪਤ ਕੀਤੇ ਸਨ। ਸੰਸਾਰਿਕਤਾ ਅਤੇ ਪਰਮਾਰਥਿਕਤਾ ਦਾ ਸੁੰਦਰ ਸੁਮੇਲ ਕਰਾਉਣ ਵਿਚ, ਗ੍ਰਿਹਸਥੀ ਨੂੰ ਸਰਵੋਤਮਤਾ ਦਿਵਾਉਣ ਅਤੇ ਇਕ ਸੇਧਯੁਕਤ ਨਰੋਆ ਸਮਾਜ ਸਿਰਜਣ ਵਿੱਚ ਪਰੰਪਰਿਕ ਸਿੱਖ ਨਾਰੀ ਦੀ ਘਾਲਣਾ ਬੇਜੋੜ ਹੈ।

ਸਾਡੇ ਮੁਲਕ ਵਿਚ ਨਾਰੀ ਸਮਾਜ ਦੀ ਗਿਣਤੀ ਮਰਦ ਸਮਾਜ ਦੇ ਲਗਭਗ ਬਰਾਬਰ ਰਹੀ ਹੈ ਪ੍ਰੰਤੂ ਆਧੁਨਿਕ ਵਿਦਿਅਕ ਚੇਤਨਾ ਦੇ ਦੌਰ ਵਿਚ ਇਸ ਵਿਚ ਬਹੁਤ ਵੱਡੀ ਗਿਰਾਵਟ ਆਈ ਹੈ—ਇਹ ਸਾਡੀ ਵਿਚਾਰ-ਵਿਵੇਚਨ ਦਾ ਗੰਭੀਰ ਮੁੱਦਾ ਹੋਣਾ ਚਾਹੀਦੈ ਕਿਉਂਕਿ ਇਕ ਨਹੀਂ ਅਨੇਕ ਕਾਰਨਾ ਕਰਕੇ ਅੱਜ ਨਾਰੀ ਰੂਪ ਭਰੂਣਾਂ ਦਾ ਗਲਾ ਘੁੱਟਿਆ ਜਾ ਰਿਹਾ ਹੈ। ਇਕ ਚੌਥਾਈ ਸਦੀ ਪੂਰਵ ਜਿਹੜੀ ਔਸਤ ਬਰਾਬਰ ਬਰਾਬਰ ਹੁੰਦੀ ਸੀ ਅੱਜ ਹਜ਼ਾਰ ਲੜਕਿਆਂ ਪਿੱਛੇ ਸਾਢੇ ਅੱਠ ਸੌ ਲੜਕੀਆਂ ਪੈਦਾ ਹੋਣ ਦਿੱਤੀਆਂ ਜਾ ਰਹੀਆਂ ਹਨ। ਇਹ ਨਾਰੀ ਦੀ ਅਜੋਕੀ ਵਿਦਿਅਕ ਚੇਤਨਾ ਦਾ ਹੀ ਕਮਾਲ ਕਿਹਾ ਜਾਣਾ ਚਾਹੀਦਾ ਹੈ ਕਿ ਅਜ ਸਮਾਜ ਵਿਚ ਅਸਾਵਾਂਪਨ, ਅਸੰਤੁਲਨ, ਉਲਾਰਪਨ, ਸਹਿਮ ਅਤੇ ਅਸਥਿਰਤਾ ਉਗਮਣ ਲਗ ਪਈ ਹੈ। ਸਦੀਆਂ ਤੋਂ ਹੀ ਮਰਦ ਦੀ ਅਜਾਰੇਦਾਰੀ ਰਹੀ ਹੋਣ ਕਾਰਨ ਨਾਰੀ ਲਈ ਸਭ ਪਾਸੇ ਦੇ ਕਿਵਾੜ ਢੋਏ ਜਾਂਦੇ ਰਹੇ ਹਨ। ਹੁਣ ਵੀ ਹਾਲਾਤ ਬਾਕੀ ਸੰਸਾਰ ਦੇ ਮੁਕਾਬਲਤਨ ਐਨੇ ਉਤਸ਼ਾਹ ਪੂਰਬਕ ਨਹੀਂ। ਸਕੈਂਡੇ-ਨੇਵੀਅਨ ਧਰਤੀਆਂ 'ਤੇ ਹਾਲ ਹੀ ਵਿਚ ਹੋਏ ਇੱਕ ਸਰਵੇਖਣ ਮੁਤਾਬਿਕ ਸੌ ਵਰ੍ਹੇ ਤੋਂ ਉੱਪਰ ਤੰਦਰੁਸਤ ਜੀਵਨ ਜੀਉਣ ਵਾਲੇ ਵਿਅਕਤੀਆਂ ਵਿੱਚ 30 ਮਰਦ ਤੇ 70 ਔਰਤਾਂ ਦੇਖੀਆਂ ਗਈਆਂ ਹਨ। ਬਿਨਾਂ ਸ਼ੱਕ ਖਿੜੀ-ਮਹਿਕੀ, ਸੁਲਝੀ-ਸੁਖਾਵੀਂ ਤੇ ਬੇ-ਪ੍ਰਵਾਹ ਜ਼ਿੰਦਗੀ ਮਾਣਨ ਵਾਲੇ ਹੀ ਇਕ ਸੈਂਕੜਾ ਪੂਰਾ ਕਰ ਸਕਦੇ ਹਨ ਜਦੋਂ ਕਿ ਪਛੜੇਵੇਂ, ਗ਼ੁਰਬਤ, ਤੰਗਦਿਲੀ, ਅਵਿਦਿਆ, ਅਗਿਆਨਤਾ, ਜਹਾਲਤ, ਸੰਕੀਰਣਤਾ ਅਤੇ ਨਰਕਮਈ ਪਰਿਸਥਿਤੀਆਂ ਦੀਆਂ ਹਮਸਫ਼ਰ ਬਣੀਆਂ ਬਹੁ-ਗਿਣਤੀ ਭਾਰਤੀ ਨਾਰੀਆਂ ਪਹਿਲਾ ਜਣੇਪਾ ਵੀ ਪੂਰਾ ਨਹੀਂ ਕਰ ਸਕਦੀਆਂ। ਕਿੰਨੀਆਂ ਕੁ ਔਰਤਾਂ ਹਨ ਜੋ ਹਾਲੇ ਤੱਕ ਕੰਮ ਕਾਜੀ ਖੇਤਰ ਤੱਕ ਪੁਜ ਸਕੀਆਂ ਹਨ। ਕਿੰਨੀਆਂ ਘੱਟ ਹਨ ਜੋ ਸਰਕਾਰੀ ਨੌਕਰੀਆਂ ਪ੍ਰਾਪਤ ਕਰ ਸਕੀਆਂ ਹਨ। ਆਟੇ ਵਿਚ ਲੂਣ ਬਰਾਬਰ ਹਨ ਜੋ ਵਿਧਾਨ ਸਭਾਵਾਂ, ਸੰਸਦ, ਮੰਤਰੀ ਪਦ ਜਾਂ ਹੋਰ ਉੱਚੇ ਅਹੁਦਿਆਂ ਤੇ ਹਨ। 1989 ਤੱਕ ਤਾਂ ਉਚ ਅਦਾਲਤਾਂ ਵਿਚ ਨਾਰੀ ਵਕੀਲਾਂ ਦੀ ਪ੍ਰਵਾਨਗੀ ਹੀ ਨਹੀਂ ਸੀ ਹੁੰਦੀ। ਸਮਾਜ ਦੇ ਇਕ ਵੱਡੇ ਵਰਗ ਨੂੰ ਲੰਮੇ ਸਮੇਂ ਤੱਕ ਵਿਦਿਅਕ ਚੇਤਨਾ ਤੋਂ ਹੀ ਵਿਰਵੇ ਨਹੀਂ ਰੱਖਿਆ ਗਿਆ ਸਗੋਂ ਸੰਵਿਧਾਨਕ ਨਿਯਮਾਂ ਦੀ ਵੀ ਉਲੰਘਣਾ ਕੀਤੀ ਜਾਂਦੀ ਰਹੀ ਜੋ ਹਰ ਨਾਗਰਿਕ ਨੂੰ ਸਮਾਨ ਅਧਿਕਾਰ ਦੇਂਦਾ ਹੈ। ਗੁਰਬਾਣੀ ਦਾ ਫ਼ਰਮਾਨ ਹੈ ਕਿ :—

ਗਿਆਨੀ ਹੋਇ ਸੁ ਚੇਤੰਨੁ ਹੋਇ
ਅਗਿਆਨੀ ਅੰਧੁ ਕਮਾਇ ।

(ਪੰਨਾ 556)

ਇੰਞ ਸਤਿਗੁਰੂ ਸਾਹਿਬਾਨ ਨੇ ਗਿਆਨਵਾਨ ਜਾਂ ਵਿਦਿਅਕ ਸੂਝ ਬੂਝ ਵਾਲਾ ਵਿਅਕਤੀ (ਨਾਰੀ ਤੇ ਪੁਰਖ) ਉਸੇ ਨੂੰ ਪ੍ਰਵਾਨਿਆਂ ਹੈ ਜੋ 'ਗੁਣਾਂ', 'ਸ਼ਬਦ' ਅਤੇ ਆਪਣੇ ਅੰਦਰ ਦੀ ਵਿਚਾਰ ਕਰਦਾ ਹੈ। ਬਾਹਰੀ ਆਡੰਬਰਾਂ ਦੀ ਬਜਾਇ, ਕੂੜ ਪਰਪੰਚਾਂ ਦੀ ਥਾਂ ਅਤੇ ਵਿਖਾਵਾਪੂਰਨ ਤਰਜ਼ੇ ਜੀਵਨ ਦੀ ਜਗ੍ਹਾ ਜਿਸ ਨੇ ਆਤਮ ਨੂੰ ਸੋਧਿਆ ਹੈ, ਸਮਾਜਿਕਤਾ

ਅਤੇ ਅਧਿਆਤਮਕਤਾ ਦਾ ਸੁਮੇਲ ਕੀਤਾ ਹੈ, ਜਨਤਕ ਪਰਉਪਕਾਰ ਨੂੰ ਸਭ ਤੋਂ ਮੂਹਰੇ ਰੱਖਿਆ ਹੈ, ਨਿਰਸਵਾਰਥਤਾ ਨੂੰ ਜੀਵਨ ਦਾ ਲਕਸ਼ ਬਣਾਇਆ ਹੈ ਅਤੇ ਸੱਚੀ ਰਹਿਣੀ ਨੂੰ ਸਦੀਵੀ ਯਾਦ ਨਾਲ ਜੋੜਿਆ ਹੈ।

ਜਿਹੜੀ ਨਾਰੀ ਹਾਲੇ ਵੀ ਹਨੇਰੀਆਂ ਕੰਦਰਾਂ ਵਿਚ ਭਟਕ ਰਹੀ ਹੈ, ਸਤੀ ਪ੍ਰਥਾ ਵਿਚ ਵਿਸ਼ਵਾਸ ਕਰਦੀ ਹੈ, ਦੇਹ ਵਪਾਰ 'ਚ ਵਿਅਸਤ ਹੈ, ਪੁੱਤਰ ਪ੍ਰਾਪਤੀ ਲਈ ਨਿਰੰਤਰ ਅਣਜੰਮੀਆਂ ਧੀਆਂ ਦਾ ਕਤਲ ਕਰਦੀ ਜਾ ਰਹੀ ਹੈ, ਪੁੱਤਰ ਧੀ ਦੀ ਪਾਲਣਾ ਪੋਸਣਾ ਵਿਚ ਵਿਤਕਰਾ ਕਰਦੀ ਹੈ, ਧੀ ਦੇ ਰੋਸ਼ਨ ਭਵਿੱਖ ਲਈ ਚਿੰਤਤ ਨਹੀਂ, ਵੇਸਵਾਗਮਨੀ ਵਿਚ ਸ਼ਰੀਕ ਹੈ, ਅਨੈਤਿਕਤਾ ਦਾ ਸਾਥ ਦੇ ਰਹੀ ਹੈ, ਦੇਵ ਦਾਸੀਆਂ, ਕੁਮਾਰਗੀਆਂ, ਨਗਰ ਬਧੂਆਂ ਤੇ ਬਹੁਤ ਸਾਰੇ ਹੋਰ ਨਾਰੀ ਰੂਪਾਂ ਵਿਚ ਭਾਈਵਾਲੀ ਕਰ ਰਹੀ ਹੈ ਉਹ ਘੱਟੋ ਘੱਟ ਸਿੱਖ ਨਾਰੀ ਨਹੀਂ ਹੋ ਸਕਦੀ। ਸਿੱਖ ਨਾਰੀ ਇਕ ਅਪਵਾਦ ਹੈ ਸਮੁੱਚੀ ਨਾਰੀ ਧਾਰਾ ਵਿਚ ਕਿਉਂਕਿ ਉਸ ਦੀ ਵਿਦਿਅਕ ਚੇਤਨਾ ਦਾ ਅਮਲ ਅਸਲੋਂ ਅਲੱਗ ਪਰਿਸਥਿਤੀਆਂ ਵਿਚ ਨੇਪਰੇ ਚੜ੍ਹਿਆ ਹੈ।

ਭਾਰਤੀ ਨਾਰੀ ਬਹੁਤ ਹੱਦ ਤੱਕ ਹਾਲੇ ਵੀ ਤ੍ਰਾਸਦਿਕ, ਤ੍ਰਾਹੁਣੇ, ਖ਼ੌਫ਼ਨਾਕ, ਹੌਲਨਾਕ ਅਤੇ ਤਰਸਯੋਗ ਰੂਪ ਵਿਚ ਦ੍ਰਿਸ਼ਟੀਗੋਚਰ ਹੈ ਜਿਸਨੂੰ ਸਵੈ ਵਿਸ਼ਵਾਸ, ਆਤਮ ਭਰੋਸੇ, ਆਪਣੀ ਤਾਕਤ, ਆਪਣੀ ਸਮੱਰਥਾ ਅਤੇ ਆਪਣੇ ਆਪੇ 'ਤੇ ਮਾਣ ਤਾਂ ਦੂਰ ਰਿਹਾ, ਯਕੀਨ ਤੱਕ ਨਹੀਂ। ਉਹ ਆਕਾਸ਼ ਵੇਲ ਦੀ ਨਿਆਈਂ ਆਪਣੇ ਮਰਦ ਤੇ ਆਸ਼ਰਿਤ ਹੈ। ਆਕਾਸ਼ ਦੀਆਂ ਬੁਲੰਦੀਆਂ, ਪਾਤਾਲਾਂ ਦੀਆਂ ਗਹਿਰਾਈਆਂ ਅਤੇ ਥਲਾਂ ਦੀਆਂ ਦੁਸ਼ਵਾਰੀਆਂ ਉਹਦਾ ਸਾਹ ਸੂਤ ਲੈਂਦੀਆਂ ਹਨ ਪਰੰਤੂ ਸਿੱਖ ਨਾਰੀ ਜਲੀਂ; ਪਰਬਤੀਂ ਮੈਦਾਨੀਂ ਗੱਲ ਕੀ ਹਰ ਜਗ੍ਹਾ ਪ੍ਰਾਪਤੀਆਂ ਦਾ ਇਕ ਦਸਤਾਵੇਜ਼ ਬਣ ਕੇ ਉੱਭਰੀ ਹੈ।

ਅੱਜ ਸੈਟੇਲਾਈਟ, ਕੰਪਿਊਟਰ, ਪੇਜਰ ਅਤੇ ਦੂਜੇ ਤੇਜ਼ ਤਰਾਰ ਸੰਚਾਰ ਮਾਧਿਅਮਾਂ ਦਾ ਯੁੱਗ ਹੈ। ਨਾਰੀ ਦੀ ਭੂਮਿਕਾ ਵੀ ਬਦਲ ਰਹੀ ਹੈ। ਦੂਹਰੀ ਤੀਹਰੀ ਜ਼ਿੰਮੇਵਾਰੀ ਨਿਭਾਉਂਦਿਆਂ ਉਹ ਇਸ ਕਦਰ ਵਿਅਸਤ ਹੋ ਰਹੀ ਹੈ ਕਿ ਉਹ ਆਪਣੀ ਆਲ ਔਲਾਦ ਨੂੰ ਉਸ ਸਿੱਖ ਵਿਰਸੇ ਨਾਲ ਨਹੀਂ ਜੋੜ ਰਹੀ ਜੋ ਕੇਵਲ ਸਿੱਖ ਕੌਮ ਦੇ ਹੀ ਹਿੱਸੇ ਆਇਆ ਹੈ। ਨਿਰਸੰਦੇਹ ਉਹ ਮਹਾਨ ਪਰੰਪਰਾ ਨਾਲ ਇਕਮਿਕ ਹੈ ਪ੍ਰੰਤੂ ਜੋ ਸਮਕਾਲੀ ਹਾਲਾਤ ਹਨ ਉਹ ਉਸ ਤੋਂ ਵੀ ਅਭਿੱਜ ਨਹੀਂ ਹੋ ਸਕਦੀ। ਅਜੋਕੇ ਸੰਚਾਰ ਮਾਧਿਅਮਾਂ ਅਤੇ ਬਹੁ ਸਭਿਆਚਾਰਕ ਯੁਗ ਵਿਚ ਬੱਚੇ ਜਿੱਥੇ ਬਾਹਰੀ ਪ੍ਰਭਾਵਾਂ ਅਧੀਨ ਪਤਿਤਪੁਣੇ ਵਲ ਵਧ ਰਹੇ ਹਨ, ਅਨੁਸ਼ਾਸਨਹੀਣ ਹੋ ਰਹੇ ਹਨ, ਲਿੰਗਿਕ ਖੁੱਲ੍ਹਾਂ ਮਾਣ ਰਹੇ ਹਨ, ਫ਼ਿਲਮਾਂ ਅਤੇ ਹਿੰਸਾ ਵਲ ਪਰਤ ਰਹੇ ਹਨ, ਆਪਣੇ ਵਿਰਸੇ ਤੋਂ ਦੂਰ ਜਾ ਰਹੇ ਹਨ, ਉੱਥੇ ਸਿੱਖ ਨਾਰੀ ਦਾ ਰੋਲ ਹੋਰ ਵੀ ਕਠਿਨ ਹੋ ਜਾਂਦਾ ਹੈ। ਵੇਖਣ ਵਿਚ ਆਇਆ ਹੈ ਕਿ ਕਈ ਹਾਲਾਤਾਂ ਵਿਚ ਨਾਰੀ ਖ਼ੁਦ ਰਾਹੋਂ ਭਟਕ ਰਹੀ ਹੈ ਤੇ ਆਪਣੀਆਂ ਮਾਣਯੋਗ ਪਰੰਪਰਾਵਾਂ ਨੂੰ ਤਿਆਗ ਕੇ ਗ਼ਲਤ ਮੁੱਲ ਵਿਧਾਨ ਅਪਣਾ ਰਹੀ ਹੈ। ਗੁਰੂ ਸਾਹਿਬ

ਨੇ ਜਿਹੜੇ ਵਿਚਾਰ ਸਦੀਆਂ ਪਹਿਲਾਂ ਪ੍ਰਗਟਾਏ ਸਨ, ਉਹੀ ਵਿਚਾਰ ਅੱਜ ਉਨ੍ਹਾਂ ਭਲਿਆਂ ਵਕਤਾਂ ਨਾਲੋਂ ਵਧੇਰੇ ਲਾਗੂ ਹੁੰਦੇ ਹਨ:—

ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ।
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ।

(ਪੰਨਾ. 1243)

ਇਕੀਵੀਂ ਸਦੀ ਦੀਆਂ ਬਰੂਹਾਂ ਚ ਖੜ੍ਹੀ ਅਜੋਕੀ ਸਿੱਖ ਨਾਰੀ ਨੂੰ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਦੇ ਗੂੜ੍ਹੇ ਅਰਥਾਂ ਨੂੰ ਸਮਝਣ, ਵਿਚਾਰਨ ਅਤੇ ਅਮਲਾਂ ਵਿਚ ਲਿਆਉਣ ਦੀ ਸ਼ਿੱਦਤ ਭਰੀ ਜ਼ਰੂਰਤ ਹੈ ਤਾਂ ਜੋ ਉਹ ਏਡਜ਼ ਨਾਲ ਗ੍ਰਸੇ ਜਾ ਰਹੇ ਵਿਸ਼ਵ-ਸਮਾਜ ਨੂੰ ਗਰਕਣੋਂ ਬਚਾ ਸਕੇ । ਆਪਣੀ ਤਾਜ਼ਾ ਵਿਦਿਅਕ ਚੇਤਨਾ ਦੇ ਬਲਬੂਤੇ ਉਹ ਇਸ ਪੁਰਖ ਪ੍ਰਧਾਨ ਸਮਾਜ ਵਿਚ ਆਪਣੇ ਖੋਹੇ ਗਏ ਹੱਕਾਂ ਲਈ ਵਧੇਰੇ ਜਥੇਬੰਦਕ ਢੰਗ ਨਾਲ ਜੂਝ ਸਕਦੀ ਹੈ । ਮੁਲਕ ਦੀ ਅੱਧੀ ਆਬਾਦੀ ਹੁੰਦਿਆਂ ਸੁੰਦਿਆਂ ਵੀ ਜਿਹੜਾ ਦੇਸ਼ ਆਪਣੀ ਨਾਰੀ ਨੂੰ 33% ਰਾਖਵਾਂਕਰਨ ਦੇਣ ਲਈ ਰਾਜ਼ੀ ਨਹੀਂ, ਨਿਸਚੇ ਹੀ ਅਜਿਹੇ ਦੇਸ਼ ਦੀ ਸਮੁੱਚੀ ਨਾਰੀ ਨੂੰ ਲਾਮਬੰਦ ਹੋਏ ਬਿਨਾਂ ਕੁਝ 'ਮਿਲਣ' ਵਾਲਾ ਨਹੀਂ ।

ਸਿੱਖ ਨਾਰੀ ਅੱਗੇ ਬੇਸ਼ੁਮਾਰ ਚੁਣੌਤੀਆਂ ਹਨ । ਅਨੇਕ ਵੰਗਾਰਾਂ । ਆਪਣੀ ਵਿਦਿਅਕ ਸੂਝ ਨਾਲ ਉਸਨੇ ਆਪਣੀ ਹੋਂਦ ਨੂੰ ਵੀ ਬਰਕਰਾਰ ਰੱਖਣਾ ਹੈ ਅਤੇ ਅਗਾਂਹ ਦਾ ਸਫ਼ਰ ਵੀ ਤੈਅ ਕਰਨਾ ਹੈ । ਉਸਨੂੰ ਇਕੋ ਵਾਰ ਅਨੇਕ ਮਰਹਲਿਆਂ ਤੇ ਜੂਝਣਾ ਪੈ ਰਿਹਾ ਹੈ । ਸਵੈ ਮਾਣ ਕਾਇਮ ਰੱਖਦਿਆਂ, ਘਰ ਪਰਿਵਾਰ ਤੇ ਸਮਾਜ ਦਾ ਸਤੁੰਲਨ ਬਣਾਈ ਰੱਖਦਿਆਂ ਉਸਨੇ ਉੱਨਤੀ ਦੇ ਅਗਲੇ ਡੰਡਿਆਂ ਨੂੰ ਵੀ ਫੜਨਾ ਹੈ । ਉਸ ਅੱਗੇ ਅਣਗਿਣਤ ਦੁਸ਼ਵਾਰੀਆਂ ਹਨ—ਮਹਿੰਗਾਈ ਨੇ ਉਹਦੀ ਮੱਤ ਮਾਰੀ ਪਈ ਹੈ । ਰਿਸ਼ਵਤਖੋਰੀ, ਮੁਨਾਫ਼ਾਖੋਰੀ, ਸਿਫਾਰਸ਼ਬਾਜ਼ੀ, ਭ੍ਰਿਸ਼ਟਾਚਾਰ, ਲੁੱਟ ਖਸੁੱਟ, ਭਾਈ ਭਤੀਜਾਵਾਦ,ਅਗਿਆਨਤਾ ਅਤੇ ਆਪਣੇ ਸੰਵਿਧਾਨਕ ਅਧਿਕਾਰਾਂ ਪ੍ਰਤੀ ਉਹਦੀ ਅਣਗੌਲਣਾ ਕੁਝ ਵਿਸ਼ੇਸ਼ ਉਦਾਹਰਨਾਂ ਹਨ । ਵਿਚਾਰਯੋਗ ਗੱਲ ਇਹ ਹੈ ਕਿ ਫੋਕੀ ਚਟਕ, ਮਟਕ ਅਤੇ ਭਟਕ ਵਾਲੀ ਜ਼ਿੰਦਗੀ ਵਿਚ ਉਸਨੇ ਆਪਣੇ ਆਂਤਰਿਕ ਗੁਣਾਂ ਨੂੰ ਕਿਵੇਂ ਸ਼ਿੰਗਾਰਨਾ ਹੈ, ਅੰਦਰਲੇ ਗੁਰਮਤਿ ਨੂਰ ਨੂੰ ਕਿਵੇਂ ਚਿਰਾਗ਼ਮਾਨ ਕਰਨਾ ਹੈ ਅਤੇ ਭਵਿੱਖ ਦੀ ਕੌਮ ਨੂੰ ਕਿਵੇਂ ਸਰਬੱਤ ਦੇ ਭਲੇ ਦੇ ਯੋਗ ਬਣਾਉਣਾ ਹੈ । 1999 ਦੀ ਸ਼ੁਭ ਵਿਸਾਖੀ ਸਿੱਖ ਨਾਰੀ ਤੋਂ ਕੁਝ ਵਿਸ਼ੇਸ਼ ਲੋਚਾ ਰੱਖਦੀ ਹੈ ।

60ਵੀਂ ਵਿਦਿਅਕ ਕਾਨਫਰੰਸ ਦੇ ਮੌਕੇ ਜੁੜੇ ਮਹਾਨ ਵਿਚਾਰਵਾਨਾਂ, ਸਾਡੇ ਪੰਥਕ ਆਗੂਆਂ, ਬੁੱਧੀ-ਜੀਵੀਆਂ, ਚਿੰਤਕਾਂ ਅਨੁਭਵੀਆਂ, ਪ੍ਰਤਿਸ਼ਠਤ ਸੱਜਣਾਂ, ਸੁਝਭਾਵੀ ਲੇਖਕਾਂ, ਪੱਤਰਕਾਰਾਂ ਅਤੇ ਬਜ਼ੁਰਗਾਂ-ਬੀਬੀਆਂ ਨੂੰ ਇਹ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ ਕਿ ਸਿੱਖ ਬੱਚੀਆਂ ਦੇ ਸਰਬ ਪੱਖੀ ਵਿਕਾਸ, ਤਰੱਕੀ ਅਤੇ ਚੜ੍ਹਦੀ ਕਲਾ ਲਈ ਵੱਧ ਤੋਂ ਵੱਧ ਮੌਕੇ ਕਿਵੇਂ ਜੁਟਾਏ ਜਾਣ । ਅਜ ਲੋੜ ਹੈ ਕਿ ਉਨ੍ਹਾਂ ਲਈ ਸਮੂਹ ਵਿਦਿਅਕ ਅਦਾਰਿਆਂ ਵਿਚ 50% ਸੀਟਾਂ ਰਾਖਵੀਆਂ ਕੀਤੀਆਂ ਜਾਣ । ਉਨ੍ਹਾਂ ਨੂੰ ਨੌਕਰੀਆਂ,

ਦਾਖਲਿਆਂ ਤੇ ਤਰੱਕੀਆਂ ਆਦਿ ਵਿਚ ਬਰਾਬਰ ਥਾਂ ਦਿੱਤੀ ਜਾਵੇ। ਉਨ੍ਹਾਂ ਲਈ ਹੋਰ ਨਵੇਂ ਵਿਦਿਅਕ ਕੇਂਦਰ (ਮੈਡੀਕਲ, ਇੰਜੀਨੀਅਰ, ਤਕਨੀਕੀ ਤੇ ਪਾਲੇਟੈਕਨੀਕਲ ਕੇਂਦਰ) ਖੋਲ੍ਹੇ ਜਾਣ। ਉਨ੍ਹਾਂ ਨੂੰ ਵੱਧ ਸਵੈ ਰੁਜ਼ਗਾਰੀ ਯੋਜਨਾਵਾਂ ਦੇ ਲਾਭ ਮੁਹੱਈਆ ਕਰਵਾਏ ਜਾਣ। ਵੱਧ ਤੋਂ ਵੱਧ ਹੋਰ ਸਿੱਖ ਵਿਦਿਅਕ ਸੰਸਥਾਵਾਂ ਖੋਲ੍ਹੀਆਂ ਜਾਣ ਤਾਂ ਜੋ ਸਿੱਖ ਨਾਰੀ ਸ਼ੋਭਾਵੰਤੀ ਨਾਰ ਬਣਨ ਵਿਚ ਕਾਮਯਾਬ ਹੋ ਸਕੇ ਅਤੇ ਇੰਝ ਆਪਣੇ ਸਮੁੱਚੇ ਪਰਿਵਾਰ ਦੇ ਵਿਕਾਸ ਦੇ ਨਾਲ ਸਮੂਹ ਸਮਾਜ ਨੂੰ ਵਿਕਸਿਤ ਕਰ ਸਕੇ। ਇੰਝ ਗੁਰਮਤਿ ਦੇ ਨੂਰ ਨੂੰ ਹਿਰਦੇ ਵਿਚ ਫੈਲਾਉਂਦਿਆਂ ਉਹ ਨਵੀਆਂ ਹੋਣੀਆਂ ਨਾਲ ਮੱਥਾ ਡਾਹੁਣ ਦੇ ਕਾਬਲ ਹੋ ਸਕੇ।

ਸਿੱਖ ਸਮਾਜ ਇੱਕ ਪ੍ਰਗਤੀਸ਼ੀਲ ਸਮਾਜ ਹੈ। ਸਿੱਖ ਧਰਮ ਦੀ ਬੁਨਿਆਦ ਹੀ ਮਾਨਵੀ ਅਧਿਕਾਰਾਂ ਤੇ ਸੁਸ਼ੋਭਿਤ ਹੈ। ਜਿੱਥੇ ਪੱਛਮੀ ਸਮਾਜ ਅਜ ਨਾਰੀ ਦੀ ਸੁਤੰਤਰਤਾ, ਸਮਾਨਤਾ ਅਤੇ ਸਮਾਜਿਕ ਨਿਆਂ ਤੇ ਬੱਲ ਦਿੰਦਾ ਹੈ ਉੱਥੇ ਸਿੱਖ ਧਰਮ ਇਹ ਸਭ ਸਿਧਾਂਤ ਪੰਜ ਸਦੀਆਂ ਤੋਂ ਵੀ ਪਹਿਲਾਂ ਪ੍ਰਤਿਪਾਦਤ ਕਰ ਚੁੱਕੇ। ਸਾਡੇ ਮਹਾਨ ਰਹਿਬਰਾਂ ਨੇ ਤਾਂ ਨਾਰੀ ਨੂੰ ਇਹ ਸਮਾਨਤਾ, ਬਰਾਬਰੀ ਅਤੇ ਆਜ਼ਾਦੀ ਦਿੱਤੀ ਹੈ ਪ੍ਰੰਤੂ ਕੀ ਅਸੀਂ ਸਾਰੇ ਆਪਣੇ ਵਡੇਰਿਆਂ ਦੀ ਸਿੱਖਿਆ ਤੇ ਅਮਲ ਕਰ ਰਹੇ ਹਾਂ ? ਸਿੱਖ ਨਾਰੀ ਤੋਂ ਆਪਾਂ, ਜਿਸ ਗੱਲ ਦੀ ਤਵੱਕੋ ਕਰਦੇ ਹਾਂ ਪਹਿਲਾਂ ਆਪਾਂ ਨੂੰ ਵਿਚਾਰਨਾ ਪਵੇਗਾ ਕਿ ਕੀ ਅਜੋਕੀ ਵਿਦਿਆ ਉਸ ਨੂੰ ਇਸ ਪੱਧਰ ਤੇ ਸਿੱਖਿਅਤ ਕਰ ਵੀ ਰਹੀ ਹੈ ? ਅਸੀਂ ਸਿੱਖ ਨਾਰੀ ਤੋਂ ਸਹਿਜਤਾ, ਵਿਦਵਤਾ, ਸੁਚੱਜਤਾ, ਸਰਲਤਾ, ਮਹਾਨਤਾ, ਸੁਚਾਰਤਾ, ਸ਼ਾਲੀਨਤਾ, ਨਫ਼ਾਸਤ, ਨਜ਼ਾਕਤ, ਸਰਸਤਾ ਅਤੇ ਗਹਿਨਤਾ ਦੀ ਆਸ ਰਖਦੇ ਹਾਂ ਪ੍ਰੰਤੂ ਇਸ ਸਭ ਕੁਝ ਲਈ ਉਸ ਨੂੰ ਅਜੋਕੀ ਵਿਦਿਆ ਦੇ ਨਾਲ ਨੈਤਿਕ ਅਤੇ ਧਾਰਮਿਕ ਵਿਦਿਆ ਵੀ ਦੇਣੀ ਪਵੇਗੀ ਜਿਸ ਦੀ ਅੱਜ ਬੇਹੱਦ ਘਾਟ ਹੈ। ਫ਼ਜ਼ੂਲ ਕਿਸਮ ਦੇ ਵਿਸ਼ਿਆਂ, ਬੇਲੋੜੇ ਕੋਰਸਾਂ ਅਤੇ ਫਾਲਤੂ ਪੜ੍ਹਾਈ ਦੀ ਥਾਂ ਉਸਨੂੰ ਢੁਕਵੀਂ ਸਿਖਲਾਈ ਦੀ ਜ਼ਰੂਰਤ ਹੈ ਤੇ ਇਹ ਕੰਮ ਅਜਿਹੀਆਂ ਕਾਨਫਰੰਸਾਂ ਵਿਚ ਮਤੇ ਪਾਸ ਕਰਕੇ ਸਰਕਾਰੀ ਦਬਾਓ ਉਪਰੰਤ ਹੀ ਸੰਭਵ ਹੈ। ਭਗਤ ਰਵਿਦਾਸ ਜੀ ਨੇ ਕਿੰਨਾ ਸੁੰਦਰ ਫ਼ਰਮਾਇਆ ਹੈ :—

ਮਾਧੋ ਅਬਿਦਿਆ ਹਿਤ ਕੀਨ
ਬਿਬੇਕ ਦੀਪ ਮਲੀਨ।

(ਪੰਨਾ, 486)

ਸੋ ਆਓ ਸਿੱਖ ਨਾਰੀ ਦੇ ਚੇਤਨਾ ਦੇ ਵਿਵਿਧਮੁਖੀ ਪਾਸਾਰ ਲਈ ਕੁਝ ਗੰਭੀਰ ਹੰਭਲੇ ਮਾਰੀਏ ਅਤੇ ਆਪਣੇ ਸ਼ਾਨਮੱਤੇ ਵਿਰਸੇ ਅਤੇ ਗੌਰਵਵੰਤ ਇਤਿਹਾਸ ਨੂੰ ਵਾਚਦਿਆਂ ਸਤਿਗੁਰ ਨਾਨਕ ਦੇਵ ਜੀ ਦੇ ਇਸ ਗੁਰਵਾਕ ਨੂੰ ਅਮਲਾਂ ਵਿਚ ਲਿਆਈਏ:—

ਗੁਰਪ੍ਰਸਾਦੀ ਵਿਦਿਆ ਵੀਚਾਰੈ
ਪੜਿ ਪੜਿ ਪਾਵੈ ਮਾਨੁ।

(ਪੰਨਾ, 1329)



'ਜਤੁ ਸਤੁ ਸੰਜਮੁ ਸੀਲੁ ਨ ਰਾਖਿਆ'

'ਔਰਤ ਈਮਾਨ ਹੈ' ਪੁਸਤਕ ਦਾ ਖਰੜਾ ਭੇਜਣ ਦੀ ਤਿਆਰੀ ਵਿਚ ਹੀ ਸਾਂ ਕਿ ਉਪਰੋਥਲੀ ਇਕ ਗਹਿਨ ਸਮਾਜਿਕ ਸਮੱਸਿਆ ਬਾਰੇ ਅਖ਼ਬਾਰਾਂ ਵਿਚ ਧੜਾਧੜ ਲੇਖ ਤੇ ਸਰਵੇਖਣ ਛਪਣ ਲੱਗੇ—ਸਮੱਸਿਆ ਸੱਚਮੁੱਚ ਬੜੀ ਗੰਭੀਰ ਸੀ ਤੇ ਉਹਦੇ ਨਤੀਜੇ ਉਸ ਤੋਂ ਵੀ ਵੱਧ ਖ਼ਤਰਨਾਕ। ਸਮੁੱਚਾ ਸੰਸਾਰ ਅਜ ਜਿਸ ਮਹਾਂਮਾਰੀ ਦੀ ਪੀਡੀ ਜਕੜ ਵਿਚ ਆਇਆ ਹੋਇਐ, ਇਹ ਉਸੇ ਦਾ ਧਰਾਤਲ ਤਿਆਰ ਕਰਦੀ ਸਮੱਸਿਆ ਹੈ। ਇਹਦਾ ਸੰਬੰਧ ਪੜ੍ਹ ਲਿਖ ਰਹੀਆਂ ਯੁਵਤੀਆਂ ਨਾਲ ਵੀ ਹੈ ਤੇ ਉਨ੍ਹਾਂ ਨਾਲ ਵੀ ਜਿਨ੍ਹਾਂ ਕਦੇ ਕਿਸੇ ਸਕੂਲ ਕਾਲਜ ਦੀ ਸ਼ਕਲ ਨਹੀਂ ਤੱਕੀ। ਨੌਕਰੀ ਪੇਸ਼ਾ ਨਾਲ ਵੀ ਅਤੇ ਘਰੋਗੀ ਔਰਤਾਂ ਨਾਲ ਵੀ। ਗੱਲ ਕੀ ਅੱਜ ਡਿਸ਼ ਤੇ ਕੇਬਲ ਦੇ ਯੁਗ ਵਿਚ ਦਿਸ਼ਾਹੀਣ, ਅਸ਼ਲੀਲ ਅਤੇ ਅਸਭਿਅਕ ਫ਼ਿਲਮਾਂ ਨੇ, ਪੱਛਮੀ ਦੇਸ਼ਾਂ ਵਰਗੀ ਖੁਲ੍ਹ ਡੁੱਲ੍ਹ ਤੇ ਆਪ ਮੁਹਾਰਤਾ ਨੇ, ਵਿਸ਼ਵ ਦੇ ਸੁੰਗੜ ਕੇ ਇਕ ਵੱਡ-ਪਰਿਵਾਰ ਵਜੋ ਵਿਚਰਨ ਦੇ ਸੰਕਲਪ ਨੇ ਅਤੇ ਵੱਡੇ ਬਜ਼ੁਰਗਾਂ ਦੀ ਗਾਹੇ ਬਗਾਹੇ ਦਿੱਤੀ ਜਾਂਦੀ ਸਿੱਖਿਆ ਪ੍ਰਤਿ ਬੇਰੁਖ਼ੀ ਨੇ ਅਜਿਹੀ ਯੁਵਾ ਪੀੜੀ ਨੂੰ ਜਨਮ ਦਿੱਤਾ ਹੈ ਜੋ ਸੰਜਮ ਦੀਆਂ ਦੀਵਾਰਾਂ ਟੱਪ ਕ, ਸ੍ਵੈ ਕਾਬੂ ਦੀਆਂ ਵਲਗਣਾਂ ਉਲੰਘ ਕੇ ਅਤੇ ਸਹਿਜਤਾ ਦਾ ਲਿਬਾਸ ਲਾਹ ਕੇ ਅਜ ਨਗਨਤਾ, ਖੁੱਲ ਤੇ ਮਨਮਤਿ ਦੇ ਢਹੇ ਚੜ੍ਹ ਰਹੀ ਹੈ। ਨਿਰਸੰਦੇਹ, ਵਿਦੇਸ਼ਾਂ, ਵਰਗੀ ਕਾਮੁਕ ਆਜ਼ਾਦੀ ਅਤੇ ਜਿਨਸੀ ਸੰਬੰਧਾਂ ਨੇ ਸਾਡੀ ਮਰਯਾਦਕ ਅਤੇ ਪ੍ਰਚਲਿਤ ਕਦਰਾਂ ਕੀਮਤਾਂ ਵਾਲੀ ਸਭਿਅਤਾ ਨੂੰ ਪਲੀਤ ਕਰ ਕੇ ਰੱਖ ਦਿੱਤਾ ਹੈ। ਸਾਡੇ ਪਲ ਪਲ ਵਧ ਰਹੇ ਏਡਜ਼-ਅੰਕੜੇ ਇਸ ਗੱਲ ਦੇ ਗਵਾਹ ਹਨ ਕਿ ਹੁਣ ਸਾਡੀਆਂ ਏਸ਼ਿਆਈ ਧਰਤੀਆਂ ਵੀ ਕਿਸੇ ਦੀ ਨੂੰਹ ਧੀ ਨਾਲੋਂ ਘੱਟ ਨਹੀਂ ਹਨ। ਗੁਰਬਾਣੀ ਵਿਚ ਸੰਕੇਤ ਹੈ:—

ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ।
ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ।

(ਪੰਨਾ 89)

ਦੁਰਚਾਰਣਿ, ਛੁੱਟੜ, ਮੈਲੀ ਕਾਮਣੀ, ਕੁਲਖਣੀ ਤੇ ਕੁਨਾਰ ਦੇ ਦੂਰ ਵਿਸ਼ੇਸ਼ਣ ਇਸ ਗੱਲ ਦੇ ਸੰਕੇਤਕ ਹਨ ਕਿ ਆਪਣੇ ਪਤੀਬਰਤਾ ਧਰਮ ਤੋਂ ਡਿਗਣ ਵਾਲੀਆਂ ਅਤੇ ਬੇਗਾਨੀ ਖੁਰਲੀ ਵਿਚ ਮੂੰਹ ਮਾਰਨ ਵਾਲੀਆਂ ਔਰਤਾਂ ਮੱਧਕਾਲ ਵਿਚ ਵੀ ਕੋਈ ਘੱਟ ਨਹੀਂ ਸਨ ਪਰ ਹੁਣ ਤਾਂ ਸ਼ਾਇਦ ਪੜ੍ਹੇ ਲਿਖੇ ਸਮਾਜ ਵਿਚ ਵਿਆਹ ਬਾਰੇ ਸੰਬੰਧਾਂ ਦਾ

ਹੜ੍ਹ ਹੀ ਆ ਗਿਆ ਹੋਵੇ ਜਿਵੇਂ। ਕੁਲੀਨ ਵਰਗਾਂ ਦੇ ਪੱਬਾਂ ਕੱਲਬਾਂ ਦੇ ਜੀਵਨ ਨੇ ਇਸ ਵਿਚ ਹੋਰ ਵੀ ਵਾਧਾ ਕੀਤਾ ਹੈ। ਬਾਹਰਲੇ ਦੇਸ਼ਾਂ ਦੀ ਦੇਖਾ ਦੇਖੀ ਅਜ ਅਮੀਰ ਸ਼੍ਰੇਣੀ ਇਕ ਬੜੇ ਓਪਰੇ ਜਿਹੇ ਤਰਜ਼-ਜੀਵਨ ਪ੍ਰਤਿ ਖਿੱਚੀ ਜਾ ਰਹੀ ਹੈ ਜਿਸਦਾ ਸਾਡੇ ਸਾਊ ਸਮਾਜਿਕ ਵਰਤਾਰੇ ਨਾਲ ਕੋਈ ਸਿੱਧਾ ਸੰਪਰਕ ਨਹੀਂ ਅਤੇ ਇਸਦੀ ਰੀਸੋ ਰੀਸੇ ਕੁਝ ਉਹ ਲੋਕ ਵੀ ਇਸੇ ਕਿਸਮ ਦੀ ਅੱਯਾਸ਼ੀ ਪੂਰਨ ਜੀਵਨ ਤੋਰ ਪ੍ਰਤਿ ਰੁਚਿਤ ਹੋ ਰਹੇ ਹਨ ਜਿਹੜੇ ਆਰਥਿਕ ਪੱਖੋਂ ਬਹੁਤ ਪਿੱਛੇ ਹਨ। ਫਲਸਰੂਪ, ਸੰਚਾਰ ਮਾਧਿਆਮ ਰਾਹੀਂ ਸਾਹਮਣੇ ਆ ਰਿਹਾ ਹੈ ਕਿ ਖਾਂਦੇ ਪੀਂਦੇ ਤੇ ਇੱਜ਼ਤਦਾਰ ਮਾਪਿਆਂ ਦੀ ਔਲਾਦ ਅਨੈਤਿਕਤਾ ਦੀ ਸ਼ਿਕਾਰ ਹੋ ਕੇ ਦੇਹ-ਵਪਾਰ ਵੱਲੀਂ ਨਿਕਲ ਤੁਰੀ ਹੈ। ਘਰ ਘਰ ਜਿਸਮ ਫ਼ਰੋਸ਼ੀ ਦੇ ਅੱਡੇ ਬਣ ਰਹੇ ਹਨ। ਗਲੀ ਗਲੀ ਕੂਚੇ ਕੂਚੇ ਇਹ ਧੰਦਾ ਚਲਾਇਆ ਜਾ ਰਿਹਾ ਹੈ। ਹੁਣ 'ਰੈਡ ਲਾਈਟ ਏਰੀਏ' ਕੋਈ ਦੂਰ ਦੁਰੇਡੀਆਂ ਬਸਤੀਆਂ ਵਾਂਗ ਗੁੰਮਨਾਮ ਟਿਕਾਣੇ ਨਹੀਂ ਰਹਿ ਗਏ। ਵੇਸਵਾਵਾਂ ਨੇ ਤਾਂ ਹੁਣ ਆਜ਼ਾਦ ਯੂਨੀਅਨਾਂ ਬਣਾਈਆਂ ਹੋਈਆਂ ਹਨ ਜੋ 'ਸੈਕਸ ਵਰਕਜ਼' ਵਜੋਂ ਮਾਨਤਾ ਹੀ ਨਹੀਂ ਮੰਗ ਰਹੀਆਂ ਸਗੋਂ ਆਪਣੇ ਬੱਚਿਆਂ ਲਈ ਰਾਖਵਾਂਕਰਨ ਵੀ ਲੋੜਦੀਆਂ ਹਨ। ਆਖ਼ਰ ਉਹ ਸਮਾਜ ਦੇ ਓਸ ਵਰਗ ਦੀ 'ਖ਼ਿਦਮਤ' ਕਰ ਰਹੀਆਂ ਹਨ ਜਿਸਨੂੰ ਆਪਣੇ ਘਰੋਂ ਸੰਤੁਸ਼ਟੀ ਨਹੀਂ।

ਹੋਰ ਤਾਂ ਹੋਰ, ਪਿਛਲੇ ਦਿਨੀਂ ਦਿੱਲੀ ਦੇ ਇਕ ਪ੍ਰਸਿੱਧ ਪਰਚੇ ਨੇ ਇਹ ਸਨਸਨੀਪੂਰਨ ਖ਼ਬਰ ਛਪੀ ਸੀ ਕਿ ਮਹਾਤਮਾ ਗਾਂਧੀ ਦੀ ਸਮਾਧੀ ਵੀ ਸ਼ਾਮਾਂ ਢਲਦਿਆਂ ਹੀ ਦੇਹ-ਵਪਾਰ ਦਾ ਇਕ ਬਦਨੁਮਾ ਅੱਡਾ ਬਣ ਜਾਂਦੀ ਹੈ। ਤਿੰਨ ਤਿੰਨ, ਚਾਰ ਚਾਰ ਫੁੱਟ ਦੀ ਦੂਰੀ 'ਤੇ ਇਹ ਕਾਮੀ ਔਰਤਾਂ ਆਪਣਾ ਆਸਣ ਜਮਾ ਕੇ ਆਪਣੇ ਗਾਹਕਾਂ ਦੀ ਤ੍ਰਿਪਤੀ ਕਰਦੀਆਂ ਹਨ। ਇਨ੍ਹਾਂ ਦੇ ਦੱਲੇ/ਪੁਲੀਸ ਨਾਲ ਰਲੇ ਹੋਣ ਕਰ ਕੇ ਇਨ੍ਹਾਂ ਔਰਤਾਂ ਨੂੰ ਪੁਲੀਸ ਛਾਪਿਆ ਦਾ ਕੋਈ ਡਰ ਨਹੀਂ ਹੁੰਦਾ ਕਿਉਂਕਿ ਇਨ੍ਹਾਂ ਦੀ ਹਿੱਸੇ ਪੱਤੀ ਬਾਕਾਇਦਾ ਦਿੱਤੀ ਜਾਂਦੀ ਹੈ। ਇੰਞ, ਜੇ ਮਹਾਤਮਾ ਦੀ ਸਮਾਧੀ ਦਾ ਖੁੱਲ੍ਹਾ ਆਂਗਣ ਇਸ ਪਲੀਤ ਕਰਤੂਤ ਹਿੱਤ ਵਰਤੋਂ ਵਿਚ ਆ ਰਿਹਾ ਹੋਵੇ ਤਾਂ ਅਸੀਂ ਹੋਰ ਭਲਾ ਕਿਹੜੀ ਧਰਤੀ ਤੇ ਪਾਕੀਜ਼ਗੀ ਦੀ ਆਸ ਰੱਖ ਸਕਦੇ ਹਾਂ ਭਲਾ। ਜੇਲ੍ਹਾਂ ਵਿਚ ਨਜਾਇਜ਼ ਬੱਚੇ ਜੰਮ ਰਹੇ ਹਨ। ਘਰਾਂ ਵਿਚ ਅਣਵਿਆਹੀਆਂ ਮਾਵਾਂ ਵਲੋਂ ਬੱਚੇ ਜਣਨ ਦੀਆਂ ਹੌਲਨਾਕ ਖ਼ਬਰਾਂ ਹਨ। ਨਾਰੀ ਨਿਕੇਤਨਾਂ ਵਿਚੋਂ ਭੈੜੀਆਂ ਕਨਸੋਆਂ ਹਨ। ਜੱਚਾ ਬੱਚਾ ਕੇਂਦਰਾਂ ਵਿਚ ਨਾਜਾਇਜ਼ ਬੱਚਿਆਂ ਦੀ ਉਪਲਬਧੀ ਵੀ ਹਿਰਦੇਵੇਧਕ ਹੈ। ਇਸੇ ਕਰਕੇ ਏਡਜ਼ ਦੇ ਪੀੜਤਾਂ ਦੀ ਗਿਣਤੀ ਦੂਣ ਸਵਾਈ ਹੋ ਰਹੀ ਹੈ। ਵਿਸ਼ਵ ਵਿਦਿਆਲੇ ਵੀ ਇਸ ਮਾਰ ਤੋਂ ਨਹੀਂ ਬਚੇ ਹੋਏ। ਕੁਝ ਅਜਿਹੀਆਂ ਵੀ ਖ਼ਬਰਾਂ ਹਨ ਕਿ ਦਰਮਿਆਨੇ ਘਰਾਂ ਦੀ ਲੜਕੀਆਂ ਸ਼ਾਨੋ-ਸ਼ੌਕਤ ਵਾਲੇ ਜੀਵਨ ਢੰਗ ਨੂੰ ਅਪਣਾਉਣ ਦੀ ਲੋਚਾ ਵਿਚ ਜਿਸਮਾਂ ਦੇ ਵਪਾਰ ਵਿਚ ਗ਼ਲਤਾਨ ਹੋ ਰਹੀਆਂ ਹਨ ਤਾਂ ਜੋ ਵੱਧ ਤੋਂ ਵੱਧ ਪੈਸਾ ਕਮਾਇਆ ਤੇ ਐਸ਼ ਕੀਤੀ ਜਾ ਸਕੇ। ਪਿੱਛੇ ਜਿਹੇ ਸਯੁੰਕਤ ਸੋਵੀਅਤ ਯੂਨੀਅਨ ਬਾਰੇ ਅਨੇਕ ਤੱਥ ਛਪੇ ਸਨ ਕਿ ਦੁਨੀਆਂ ਦੀ ਪਹਿਲੀ ਔਰਤ ਪੁਲਾੜ-ਯਾਨ ਦੀਆਂ ਹਮਵਤਨ

ਸਾਥਣਾਂ ਹੁਣ ਅਰਸ਼ਾਂ ਤੋਂ ਡਿੱਗ ਕੇ ਫ਼ਰਸ਼ਾਂ ਤੇ ਵਿਛ ਗਈਆਂ ਹਨ। ਆਰਥਿਕ ਮੰਦਵਾੜੇ ਨੇ ਉਨ੍ਹਾਂ ਨੂੰ ਵੇਸਵਾਗ਼ਮਨੀ ਵਲ ਮੋੜ ਦਿੱਤੈ। ਸਤਿਗੁਰੂ ਜੀ ਦਾ ਫ਼ਰਮਾਨ ਸੀ ਕਿ "ਸਰਮੁ ਧਰਮੁ ਦੋਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ" ਉਸ ਸਮਾਜ ਵਿਚ ਵੀ ਇਹੋ ਜਿਹਾ ਅਨਰਥ ਵਿਆਪਤ ਸੀ ਅਤੇ ਅਜੋਕੇ ਵਿਕਸਿਤ ਸਮਾਜ ਵਿਚ ਵੀ ਸਾਡੀ ਔਰਤ ਆਧੁਨਿਕਤਾ ਦੇ ਮਖੌਟੇ ਹੇਠ ਇਹੋ ਜਿਹੀ ਖੁੱਲ ਖੇਡ ਰਹੀ ਜਾਂ ਖੇਡਣਾ ਚਾਹੁੰਦੀ ਹੈ। ਗੁਰਬਾਣੀ ਵਿਚ ਅਜਿਹੇ ਕਈ ਹਵਾਲੇ ਦਿੱਤੇ ਜਾ ਸਕਦੇ ਹਨ ਜੋ ਸਾਡੇ ਅਨੈਤਿਕਤਾਪੂਰਨ ਸੰਬੰਧਾਂ ਅਤੇ ਵਿਭਚਾਰੀ ਵਿਰਤੀ ਦੀ ਸ਼ਾਹਦੀ ਭਰਦੇ ਹਨ:—

—ਜਤੁ ਸਤੁ ਸੰਜਮੁ ਸੀਲੁ ਨ ਰਾਖਿਆ।
ਪ੍ਰੇਤ ਪਿੰਜਰ ਮਹਿ ਕਾਸਟੁ ਭਇਆ।

(ਪੰਨਾ 1013)

—ਓਹੁ ਘਰਿ ਘਰਿ ਹੰਢੈ ਜਿਉ ਰੰਨਿ ਦੋਹਾਗਣਿ।
ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ।

(ਪੰਨਾ 303)

—ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ।
ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ।

(ਪੰਨਾ 89)

ਇਸ ਮਰਹਲੇ ਤੇ ਕਿਹਾ ਜਾ ਸਕਦਾ ਹੈ ਕਿ ਕਦੇ ਸਕੂਲਾਂ ਵਿਚ ਨੈਤਿਕਤਾ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਸੀ। ਘਰ ਦੇ ਵੱਡੇ ਬਜ਼ੁਰਗ ਤੇ ਮਾਤਾ ਪਿਤਾ ਹਰ ਵੇਲੇ ਜਵਾਨੀ ਦੀ ਦਹਿਲੀਜ਼ ਤੇ ਪੁੱਜੇ ਬੱਚਿਆਂ ਨੂੰ ਸਮਝਾਉਤੀਆਂ ਦਿੰਦੇ ਰਹਿੰਦੇ ਸਨ। ਸਾਂਝੇ ਪਰਿਵਾਰਾਂ ਕਾਰਨ ਸਮਾਜਿਕ ਸੁੱਰਖਿਆ ਵੀ ਆਮ ਸੀ। ਕਾਮ ਵਾਸਨਾ ਦੀ ਪੂਰਤੀ ਵਾਲਾ ਮਾਹੌਲ ਬਹੁਤ ਘਟ ਪ੍ਰਾਪਤ ਸੀ। ਲੜਕੀਆਂ ਬਾਹਰ ਅੰਦਰ ਨਹੀਂ ਸੀ ਭੇਜੀਆਂ ਜਾਂਦੀਆਂ। ਔਰਤਾਂ ਦੀ ਪੜ੍ਹਾਈ ਲਿਖਾਈ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਇਕੱਲੀਆਂ ਮੁਟਿਆਰਾਂ ਤਾਂ ਕੀ ਵਿਆਹੀਆ ਵਰੀਆਂ ਨੂੰ ਵੀ ਕਿਤੇ ਜਾਣ ਦੀ ਇਜਾਜ਼ਤ ਨਹੀਂ ਸੀ ਹੁੰਦੀ। ਇੰਞ ਓਪਰੇ ਮਰਦਾਂ ਨੂੰ ਇੱਕਲੇ ਕਾਰੇ ਮਿਲਣ ਦੇ ਮੌਕੇ ਬਹੁਤ ਹੀ ਘੱਟ ਸਨ। ਫਿਰ ਵੀ ਉਧਾਲੇ, ਬਲਾਤਕਾਰ ਜਾਂ ਅਜਿਹੇ ਘਿਨਾਉਣੇ ਵਾਕਿਆ ਵਿਰਲੇ ਟਾਵੇਂ ਵਾਪਰਦੇ ਹੀ ਰਹਿੰਦੇ ਸਨ। ਪਰੰਤੂ ਹੁਣ ਤਾਂ ਇਨ੍ਹਾਂ ਦਾ ਅੰਤ ਹਿਸਾਬ ਹੀ ਕੋਈ ਨਹੀਂ ਰਿਹਾ। ਉੱਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਅੱਜ ਇਹੋ ਜਿਹੀ ਅਣਹੋਣੀਆਂ ਨਾਲ ਅਖ਼ਬਾਰਾਂ ਰਸਾਲੇ ਕਾਲੇ ਹੋਏ ਪਏ ਹਨ। ਜ਼ੋਰ ਜ਼ਬਰਦਸਤੀਆਂ ਤੋਂ ਇਲਾਵਾ ਸ਼ੌਕੀਆ ਤੌਰ ਤੇ ਜਿਸਮ ਫ਼ਰੋਸ਼ੀ ਵਿਚ ਲੱਗੀਆਂ ਔਰਤਾਂ ਦੀ ਥਾਹ ਪਾਉਣੀ ਸੰਭਵ ਨਹੀਂ। ਸਮੇਂ ਦੇ ਤੇਵਰ ਬਦਲੇ ਪਏ ਹਨ। ਸਮੇਂ ਦੀ ਤੋਰ ਬੜੀ ਤ੍ਰਾਹੁਣੀ ਹੈ।

ਸੋ, ਆਓ, ਮੇਰੀ ਸਖੀਓ, ਆਓ ਮੇਰੀਓ ਸਾਥਣੋ, ਇਸ ਮਨੁੱਖਾ ਦੇਹੀ ਦੇ ਮਹਾਤਮ

ਨੂੰ ਸਮਝੀਏ ਇਸ ਦੀ ਕੀਮਤ ਜਾਣੀਏ ਕਿਉਂਕਿ ਦੇਹੀ ਕੇਵਲ ਮੌਜ ਮੇਲੇ ਜਾਂ ਰੰਗ ਰਲੀਆਂ ਲਈ ਨਹੀਂ ਸੀ ਮਿਲੀ ਸਗੋਂ ਇਸ ਦਾ ਤਾਂ ਇਕ ਵਿਸ਼ੇਸ਼ ਪ੍ਰਯੋਜਨ ਸੀ ਕਿਉਂਕਿ ਮਹਾਂ ਪੁਰਸ਼ਾਂ ਦਾ ਫਰਮਾਨ ਹੈ:—

ਇਸੁ ਕਾਇਆ ਅੰਦਰਿ ਵਸਤੁ ਅਸੰਖਾ
ਗੁਰਮੁਖਿ ਸਾਚੁ ਮਿਲੈ ਤਾ ਵੇਖਾ ।

(ਪੰਨਾ 110)

ਅਤੇ

ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ।
ਕਾਇਆ ਅੰਦਰਿ ਜਗ ਜੀਵਨ ਦਾਤਾ ਵਸੈ ਸਭਨਾ ਕਰੈ ਪ੍ਰਤਿਪਾਲਾ ।

(ਪੰਨਾ 754)

ਇਸ ਪ੍ਰਕਾਰ, ਜਿਸ ਦੇਹੀ ਵਿਚ ਪ੍ਰਭੂ ਦੇ ਅੰਮ੍ਰਿਤ ਨਾਮ ਦਾ ਵਾਸ ਹੈ, ਪ੍ਰਭੂ ਦੀ ਜੋਤ ਵਸਦੀ ਹੈ, ਖੰਡ ਮੰਡਲ ਤੇ ਪਾਤਾਲ ਮੌਜੂਦ ਹਨ, ਉਸੇ ਦੇਹੀ ਨੂੰ ਵਿਭਚਾਰ ਦੀ ਵਸਤੂ ਬਣਾ ਕੇ ਅਸੀਂ ਗੁਰੂ-ਹੁਕਮਾਂ ਦੀ ਕਿੰਨੀ ਕੁ ਅਵੱਗਿਆ ਕਰ ਰਹੇ ਹਾਂ । ਸਾਨੂੰ ਸਰਬ ਸਾਂਝੇ ਸ਼ਿਰੋਮਣੀ ਭਗਤ ਕਬੀਰ ਜੀ ਦੇ ਇਸ ਉਪਦੇਸ਼ ਨੂੰ ਅਪਣਾਉਣ ਤੇ ਮਨ ਵਸਾਉਣ ਦੀ ਕਿੰਨੀ ਸ਼ਿੱਦਤ ਭਰੀ ਲੋੜ ਹੈ ਕਿ:—

ਗੁਰ ਸੇਵਾ ਤੇ ਭਗਤਿ ਕਮਾਈ
ਤਬ ਇਹ ਮਾਨਸ ਦੇਹੀ ਪਾਈ ।
ਇਸ ਦੇਹੀ ਕਉ ਸਿਮਰਹਿ ਦੇਵ
ਸੋ ਦੇਹੀ ਭਜੁ ਹਰਿ ਕੀ ਸੇਵ ।

(ਪੰਨਾ 1159)

ਇੰਵ, ਚੌਰਾਸੀ ਲੱਖ ਜੂਨਾਂ 'ਚੋ ਨਿਜਾਤ ਪਾ ਕੇ ਮਿਲਿਆ ਦੁਰਲੱਭ ਮਨੁੱਖਾ ਜਨਮ ਅਤੇ ਮਾਨਸ ਦੇਹੀ ਓਸ ਪ੍ਰਭੂ ਦੀ ਅਮਾਨਤ ਹੈ— ਇਕ ਅਮੋਲਕ ਦਾਤ । ਇਕ ਸਾਂਭਣਯੋਗ ਵੱਥ ਜਿਸ ਨੂੰ ਜਤ ਸਤ ਤੇ ਸੀਲ ਸੰਜਮ ਰਖਦਿਆਂ ਬਚਾਉਣਾ ਸਾਡੀ ਪ੍ਰਮੁਖ ਜ਼ਿੰਮੇਵਾਰੀ ਹੈ । ਸਾਡਾ ਸਮਾਜਿਕ ਤੇ ਨੈਤਿਕ ਫ਼ਰਜ਼ । ਇਸ ਨੂੰ ਛਿਣਕ ਖੁਸ਼ੀਆਂ ਤੇ ਮੌਜ ਮੇਲਿਆਂ ਵਿਚ ਅੰਵਾਈਂ ਬਰਬਾਦ ਕਰ ਕੇ, ਅਨੈਤਿਕ ਧੰਦਿਆਂ ਵਿਚ ਖੁੱਭ ਕੇ ਤੇ ਅਮਾਨਵੀ ਰਿਸ਼ਤਿਆਂ ਵਿਚ ਬੱਝ ਕੇ ਖੁਆਰ ਨਾ ਕਰੋ ਤੇ ਸਮਾਜ ਨੂੰ ਏਡਜ਼ ਦੀ ਭਿਅੰਕਰਤਾ ਤੋਂ ਬਚਾਓ ।



ਬਦਲਦੀਆਂ ਸਮਾਜਿਕ ਕੀਮਤਾਂ: ਰਿਸ਼ਤੇ ਤੇ ਇਸਤਰੀ

ਲੱਖਾਂ ਵਰ੍ਹੇ ਪੁਰਾਣੀ ਮਨੁੱਖੀ ਸਭਿਅਤਾ ਦੇ ਵਿਕਾਸ-ਪੰਧ ਵਿਚ ਇਸਤਰੀ ਸਮੁੱਚੇ ਸਮਾਜਿਕ ਵਿਧਾਨ ਦਾ ਧੁਰਾ ਬਣਦੀ ਆਈ ਹੈ-ਸਮਾਜ ਦੀ ਸਿਰਜਕ, ਸੰਚਾਲਕ, ਪਾਲਕ ਤੇ ਸੰਭਾਲਕ। ਜਿਸ ਸਮਾਜ ਨੂੰ ਸੁਯੋਗ, ਸੁਸ਼ੀਲ, ਸ਼ੀਲਵੰਤ,ਸੂਝਵਾਨ ਅਤੇ ਗੁਣਵੰਤੀਆਂ ਇਸਤਰੀਆਂ ਨਹੀਂ ਮਿਲੀਆਂ; ਉਸ ਸਮਾਜ ਨੇ ਮਾਨਵ ਵਿਕਾਸ ਵਿਚ ਆਪਣਾ ਬਣਦਾ ਯੋਗਦਾਨ ਨਹੀਂ ਪਾਇਆ। ਧਰਮ ਦੀ ਚੂਲ ਵੀ ਨਾਰੀ ਹੀ ਰਹੀ ਹੈ। ਇੰਵ ਜਿਵੇਂ ਇਸਤਰੀ ਬਿਨਾਂ ਸਮਾਜ ਦਾ ਕਿਆਸ ਹੀ ਅਣਹੋਣੀ ਗੱਲ ਹੈ ਤਿਵੇਂ ਉਸਦੀ ਹੋਂਦ ਬਿਨਾਂ ਧਰਮ ਦੀ ਪ੍ਰਫੁਲਤਾ ਵੀ ਅਸੰਭਵ ਹੈ ਜਿਹੜੀ ਨਿੰਮਣ ਤੋ ਲੈ ਕੇ ਜੰਮਣ ਤੱਕ ਸਾਖੀਆ ਗਾਥਾਵਾਂ, ਮਿਥਿਹਾਸਕ ਇਤਿਹਾਸਕ ਘਟਨਾਵਾਂ, ਪੂਜਾ ਪਾਠ ਅਤੇ ਹੋਰ ਅਨੇਕ ਮਾਨਤਾਵਾਂ ਰਾਹੀਂ ਬੱਚੇ ਦੇ ਕੋਰੇ ਕਾਗ਼ਜ਼ ਰੂਪੀ ਮਨ ਤੇ ਆਪਣੇ ਗੌਰਵਸ਼ਾਲੀ ਵਿਰਸੇ ਦੇ ਬੀਜ ਬੀਜਦਿਆਂ ਉਸਨੂੰ ਆਪਣੇ ਸ਼ਾਨਾਂਮੱਤੇ ਇਤਿਹਾਸ ਦੇ ਵੀ ਰੂ-ਬ-ਰੂ ਕਰਦੀ ਹੈ। ਧਰਮ, ਸਮਾਜ ਅਤੇ ਨਾਰੀ ਨਾਮਕ ਆਪਣੀ ਪੁਸਤਕ ਵਿਚ ਡਾ. ਮਹਿੰਦਰ ਕੌਰ ਗਿੱਲ ਨੇ ਕਿੰਨਾ ਵਜ਼ਾ ਲਿਖਿਐ:-

'ਗੁਰੂ ਨਾਨਕ ਮਤ ਨੂੰ ਗ੍ਰਹਿਣ ਕਰਨ ਵਾਲੀ ਸਰਬ ਪ੍ਰਥਮ ਨਾਰੀ ਹੀ ਸੀ ਜੋ ਉਨ੍ਹਾਂ ਦੀ ਭੈਣ ਬੇਬੇ ਨਾਨਕੀ ਸੀ। ਇਸਲਾਮ ਨੂੰ ਸਭ ਤੋ ਪਹਿਲਾਂ ਹਜ਼ਰਤ ਮੁਹੰਮਦ ਦੀ ਬੀਵੀ ਹਜ਼ਰਤ ਖਦੇਜਾ ਨੇ ਕਬੂਲ ਕੀਤਾ। ਈਸਾਈ ਧਰਮ ਨੂੰ ਸਭ ਤੋਂ ਪਹਿਲਾਂ ਕਬੂਲਣ ਵਾਲੀ ਯਸੂ ਮਸੀਹ ਦੀ ਮਾਂ ਮਰੀਅਮ ਹੀ ਸੀ। ...ਜਿਹਨਾਂ ਦੇ ਅੰਗ ਸੰਗ ਵਸਣਾ ਨਾ ਕੇਵਲ ਉਹਨਾਂ ਉਪਰ ਇਤਕਾਦ ਹੀ ਲੈ ਆਉਣਾ ਸਗੋਂ ਉਨ੍ਹਾਂ ਨੂੰ ਰੱਬ ਜਾਣ ਕੇ ਪੂਜਣ ਲਗ ਪੈਣਾ, ਨਾਰੀ ਸਮਾਜ ਦੀ ਬਹੁਤ ਵੱਡੀ ਪ੍ਰਾਪਤੀ ਹੈ।' ਔਰਤ ਧਰਮ ਨੂੰ ਧਾਰਨ ਕਰਨ ਵਾਲੀ ਅਰਥਾਤ ਜੀਵੰਤ ਕਰਨ ਵਾਲੀ ਹੈ ਅਰਥਾਤ ਅਮਲਾਂ ਵਿਚ ਉਤਾਰ ਕੇ ਨਿਰੰਤਰ ਉਸਨੂੰ ਸੰਭਾਲੀ ਰੱਖਦੀ ਹੈ।

ਵੀਹਵੀਂ ਸਦੀ ਦੇ ਪਹੁ ਫੁਟਾਲੇ ਨਾਲ ਜਿਥੇ ਸਮਾਜਿਕ ਕਦਰਾਂ ਕੀਮਤਾਂ ਅਤੇ ਰਿਸ਼ਤਿਆਂ ਵਿਚ ਜ਼ਮੀਨ ਆਸਮਾਨ ਦਾ ਅੰਤਰ ਪ੍ਰਵਿਸ਼ਟ ਹੋਇਆ ਉੱਥੇ ਇਸਤਰੀ ਦੀ ਭੂਮਿਕਾ ਵੀ ਬਹੁਪ੍ਰਭਾਵੀ ਅਤੇ ਬਹੁਦਿਸ਼ਾਈ ਹੋਣ ਲੱਗੀ। ਪਰੰਪਰਿਕ ਤੌਰ ਤੇ ਮਾਂ, ਪਤਨੀ, ਭੈਣ ਅਤੇ ਧੀ ਦੇ ਰੂਪ ਵਿਚ ਕਾਰਜਸ਼ੀਲ ਇਸਤਰੀ ਅੱਜ ਗਗਨੀਂ ਉਡਾਰੀਆਂ ਲਾਉਂਦੀ

ਜਲ ਥਲ ਗਾਹੁੰਦੀ, ਸਾਗਰ ਮੰਥਦੀ, ਪਰਬਤ ਚੀਰਦੀ ਅਤੇ ਹਰ ਉਹ ਜੋਖਮ ਪੂਰਨ ਜਟਿਲ ਕੰਮ ਕਰਨ ਵਿਚ ਰੁੱਝੀ ਹੋਈ ਹੈ ਜੋ ਕਦੇ ਪੁਰਸ਼ ਖੇਤਰ ਦਾ ਕੰਮ ਸਮਝਿਆ ਜਾਂਦਾ ਸੀ। ਕਾਮਯਾਬੀ ਦੇ ਝੰਡੇ ਗੱਡਦਿਆਂ ਉਸਨੇ ਹਿਮਾਲਿਆ ਵੀ ਸਰ ਕਰ ਲਿਆ ਤੇ ਪੁਲਾੜਾਂ ਵਿਚ ਵੀ ਪ੍ਰਵਾਜ਼ ਭਰ ਲਈ। ਨਿਰਸੰਦੇਹ ਅੱਜ ਹਰ ਖੇਤਰ ਵਿਚ ਸਫਲਤਾ ਦਰ ਸਫਲਤਾ ਹਾਸਿਲ ਕਰਕੇ ਉਸਨੇ ਪ੍ਰਤੱਖ ਕਰ ਦਿਤਾ ਹੈ ਕਿ 'ਹਮ ਕਿਸੀ ਸੇ ਕਮ ਨਹੀਂ ਹੈ।' ਆਓ, ਇਕ ਪੰਛੀ ਝਾਤ ਅਤੀਤ ਵੱਨੀਂ ਮਾਰੀਏ ਤੇ ਵੇਖੀਏ ਕਿ ਜਿਹੜੀ ਇਸਤਰੀ ਅੱਜ ਸਾਡੇ ਰੂ-ਬ-ਰੂ ਹੈ, ਉਸਨੂੰ ਕਿਹੜੀਆਂ ਦੁਸ਼ਵਾਰੀਆਂ ਨਾਲ ਜੂਝ ਕੇ ਆਪਣੀ ਮੰਜ਼ਿਲ ਦੀ ਪ੍ਰਾਪਤੀ ਹੋਈ। ਵੈਦਿਕ ਯੁੱਗ ਤੋਂ ਮੱਧਕਾਲ ਤੱਕ ਸਮਾਜਿਕ ਕੀਮਤਾਂ ਵਿਚ ਮਚੀ ਖਲਬਲੀ ਨੇ ਰਿਸ਼ਤਿਆਂ ਨੂੰ ਵੀ ਪ੍ਰਭਾਵਿਤ ਕੀਤਾ ਤੇ ਇਸਤਰੀ ਨੂੰ ਵੀ। ਪਿਤਾ, ਪਤੀ, ਪੁੱਤਰ ਦੀ ਆਗਿਆ ਵਿਚ ਵਿਚਰਦੀ ਇਸਤਰੀ ਨੂੰ ਹੀ ਮਨੂ ਨੇ ਅਸਲ ਇਸਤਰੀ ਸਵੀਕਾਰਿਆ ਪਰੰਤੂ ਗੁਰੂ ਕਾਲ ਤੱਕ ਸਮਾਜਿਕ ਕੀਮਤਾਂ ਵਿਚ ਆਏ ਨਿਘਾਰ ਕਾਰਨ ਜਿੱਥੇ ਇਸਤਰੀ ਘਰ ਦੀ ਚਾਰ ਦੀਵਾਰੀ ਅੰਦਰ ਡੱਕ ਦਿੱਤੀ ਗਈ ਉੱਥੇ ਉਸਨੂੰ ਨਾਗਿਨ, ਬਾਘਣ, ਕੁਲਟਾ, ਛਲਣਹਾਰੀ ਅਤੇ ਨਾਰਕੀ ਆਦਿ ਦੂਰ ਵਿਸ਼ੇਸ਼ਣਾਂ ਨਾਲ ਵੀ ਪੁਕਾਰਿਆ ਗਿਆ। ਇਸਤਰੀ ਦੇ ਲੂੰਹਦੇ ਵਜੂਦ ਨੂੰ ਠਾਰਨ ਲਈ ਸਤਿਗੁਰੂ ਨਾਨਕ ਦੇਵ ਜੀ ਦੀ ਦੂਰ ਅੰਦੇਸ਼ੀ ਕਿੰਨੀ ਕਾਰਗਰ ਸੀ, ਇਸਦਾ ਜਾਇਜ਼ਾ ਗੁਰਬਾਣੀ ਦੀ ਹੇਠ ਲਿਖੀ ਤੁਕ ਤੋਂ ਲਾਇਆ ਜਾ ਸਕਦਾ ਹੈ:

ਇਸੁ ਜਗ ਮਹਿ ਪੁਰਖੁ ਏਕੁ ਹੈ
ਹੋਰ ਸਗਲੀ ਨਾਰਿ ਸਬਾਈ।

(ਗੁਰੂ ਗ੍ਰੰਥ ਸਾਹਿਬ, 591)

ਅਰਥਾਤ ਸਮੁੱਚੀਆਂ ਜੀਵ ਆਤਮਾਵਾਂ ਨੂੰ ਇਸਤਰੀ ਰੂਪ ਵਿਚ ਤਸੱਵਰ ਕਰਦਿਆਂ ਸਾਡੇ ਮਹਾਂਪੁਰਸ਼ਾਂ ਨੇ ਕੇਵਲ ਅਕਾਲ ਪੁਰਖ ਨੂੰ ਹੀ 'ਪੁਰਖ' ਰੂਪ ਵਿਚ ਚਿਤਵਿਆ। ਸਾਰੀ ਗੁਰਬਾਣੀ ਵਿਚ ਲੁੱਛਦੀ, ਤੜਪਦੀ, ਸਿੱਕਦੀ, ਬਿਹਬਲਦੀ ਅਤੇ ਲੋਚਦੀ ਆਤਮਾ ਇਸਤਰੀ ਰੂਪ ਵਿਚ ਦ੍ਰਿਸ਼ਟੀਗੋਚਰ ਹੈ, ਇਹ ਉਨ੍ਹਾਂ ਨਾਜ਼ੁਕ ਸਮਿਆਂ ਵਿਚ ਇਸਤਰੀ ਦੇ ਰਿਸ਼ਤੇ ਨੂੰ ਪਾਕੀਜ਼, ਮਹਾਨ ਅਤੇ ਮਹੱਤਵਪੂਰਨ ਮੰਨਣ ਦਾ ਪ੍ਰਮਾਣ ਹੈ। ਪ੍ਰਭੂ ਦਾ ਚਿਤਵਨ ਜਿੱਥੇ ਪਿਤਾ ਰੂਪ ਵਿਚ ਹੈ ਉੱਥੇ ਮਾਤ ਰੂਪ ਵਿਚ ਵੀ। ਅਨੇਕ ਪ੍ਰਸੰਗ ਹਨ ਜਿੱਥੇ ਇਹ ਨਾਰੀ ਰੂਪ ਸਾਹਮਣੇ ਆਉਂਦੇ:—

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ
ਤੂੰ ਮੇਰਾ ਬੰਧੁ ਤੂੰ ਮੇਰਾ ਭ੍ਰਾਤਾ।

(ਪੰਨਾ 1031)

ਅਤੇ

ਭੈਣ ਭਾਈ ਸਭਿ ਸਜਣਾ
ਤੁਧੁ ਜੇਹਾ ਨਾਹੀ ਕੋਈ ਜੀਉ।

(ਪੰਨਾ 73)

ਵੇਦਾਂ, ਉਪਨਿਸ਼ਦਾਂ ਅਤੇ ਸਿੰਮਰਤੀਆਂ ਦੀ ਇਹ ਰਚਨਾ-ਭੂਮੀ ਸਮੁੱਚੇ ਸੰਸਾਰ ਲਈ ਕੇਵਲ ਕਲਿਆਣਕਾਰੀ ਧਰਮਾਂ ਦੀ ਹੀ ਸਰਜ਼ਮੀ ਨਹੀਂ ਰਹੀ ਸਗੋਂ ਹਿੰਦੋਸਤਾਨ ਦੇ ਦਰਸ਼ਨ, ਵਿਗਿਆਨ ਅਤੇ ਗਣਿਤ ਨੇ ਵੀ ਪੂਰੀ ਦੁਨੀਆਂ ਵਿਚ ਧੁੰਮਾਂ ਪਾਈ ਰੱਖੀਆਂ। ਚਿਰਕਾਲ ਤੱਕ ਇਸਨੇ ਵਿਸ਼ਵ ਦੀ ਵਿਭਿੰਨ ਖੇਤਰਾਂ ਵਿਚ ਸਰਦਾਰੀ ਨਿਭਾਈ ਪਰੰਤੂ ਮੱਧਕਾਲ ਤੋਂ ਪੂਰਵ ਵਿਦੇਸ਼ੀ ਧਾੜਵੀਆਂ ਦੀਆਂ ਨਿਰੰਤਰ ਲੁੱਟਾਂ ਖੋਹਾਂ, ਜ਼ੁਲਮੋ ਤਸ਼ੱਦਦ, ਜ਼ੋਰ ਜ਼ਬਰਦਸਤੀਆਂ ਅੰਤੇ ਖੱਜਲ ਖ਼ੁਆਰੀਆਂ ਨੇ ਸੋਨੇ ਦੀ ਚਿੜੀਆ ਇਸ ਭਾਰਤ ਨੂੰ ਅਜਿਹਾ ਸਰਾਪਿਆ ਤੇ ਸੰਤਾਪਿਆ ਕਿ ਮਾਨੋਂ ਇਸ ਦੀ ਸਮਰਿੱਧੀ ਅਤੇ ਸੰਪੰਨਤਾ ਨੂੰ ਕੋਈ ਗ੍ਰਹਿਣ ਲੱਗ ਪਿਆ। ਹੌਲੀ ਹੌਲੀ ਹਾਲਾਤ ਇਸ ਕਦਰ ਵਿਗੜਦੇ ਗਏ ਕਿ ਹਿੰਦਵਾਸੀ ਆਪਣੀ ਮਾਣਯੋਗ ਸਭਿਅਤਾ,ਸਭਿਆਚਾਰ, ਰਹਿਤਲ, ਧਰਮ ਅਤੇ ਜੀਵਨ ਜਾਂਚ ਨੂੰ ਭੁੱਲ ਕੇ ਮੂਲ ਮਨੁੱਖੀ ਗੌਰਵ ਦੀ ਭਾਵਨਾ ਤੋਂ ਵੀ ਸੱਖਣੇ ਹੁੰਦੇ ਗਏ। ਇਸਤਰੀ ਵੀ ਘਰ ਦੀ ਵਲਗਣ ਅੰਦਰ ਡੱਕੀ ਗਈ। ਉਸ ਦੇ ਅੰਦਰੋਂ ਮਾਨਵ ਹੋਣ ਦਾ ਅਹਿਸਾਸ ਵੀ ਮੁੱਕਦਾ ਗਿਆ ਭਾਵੇਂ ਗੁਰੂ ਨਾਨਕ ਦੀ ਦੈਵੀ ਜੋਤ ਨੇ ਕੂੜ-ਅਮਾਵਸ ਵਿਚ ਸੱਚ-ਚੰਦਰਮਾ ਦਾ ਆਭਾਸ ਕਰਾਉਣ ਤੇ ਨਾਰੀ ਉੱਥਾਨ ਲਈ ਦਸ ਜਾਮਿਆਂ ਵਿਚ ਅਣਥੱਕ ਯਤਨ ਕੀਤੇ ਸਨ ਅਤੇ ਦਸ਼ਵੇਂ ਨਾਨਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਹੁਰਾਂ ਇਸਨੂੰ ਅਰਸ਼ੀ ਪਹੁੰਚਾਉਂਦਿਆਂ ਇਸਦੇ ਚੰਡਿਕਾ, ਭਵਾਨੀ, ਦੁਰਗਾ, ਕਾਲਿਕਾ, ਮਹਾਂਮਾਈ ਅਤੇ ਚੰਡੀ ਰੂਪ ਨੂੰ ਪ੍ਰਸਤੁਤ ਕੀਤਾ ਸੀ।

ਵੀਹਵੀਂ ਸਦੀ ਦਾ ਸੂਰਜ ਹਿੰਦਵਾਸੀਆਂ ਲਈ ਚਾਨਣੇ ਦੀ ਇੱਕ ਸੁਨਹਿਰੀ ਕਿਰਨ ਲੈ ਕੇ ਢੁੱਕਾ। ਸ਼ਾਸਕ ਤਾਂ ਬੇਸ਼ਕ ਹੁਣ ਵੀ ਵਿਦੇਸ਼ੀ ਹੀ ਸਨ ਪਰੰਤੂ ਪਿਛਲੇਰੇ ਤੇ ਨਵੀਨ ਹਾਕਮਾਂ ਦੇ ਤਰਜ਼ੇ-ਜੀਵਨ, ਤਰਜ਼ੇ ਅਮਲ, ਜੀਵਨ ਸੋਝੀ, ਜੀਵਨ ਜਾਂਚ, ਵਿਚਾਰਧਾਰਾ ਕਰਨੀ, ਕਥਨੀ ਅਤੇ ਦੂਰ ਦਰਸ਼ਤਾ ਵਿਚ ਜ਼ਿਮੀ ਆਸਮਾਨ ਦਾ ਅੰਤਰ ਸੀ। ਕੋਹਾਂ ਦਾ ਫ਼ਰਕ। ਕਹਿਰਾਂ ਦਾ ਵੱਖਰੇਵਾਂ। ਬਾਵਜੂਦ ਇਸ ਤੱਥ ਦੇ ਕਿ ਭਾਰਤ ਨੂੰ ਸਦੀਆਂ ਤੱਕ ਅੰਗਰੇਜ਼ੀ ਰਾਜ ਦੀ ਗ਼ੁਲਾਮੀ ਹੰਢਾਉਣੀ ਪਈ, ਇਸ ਬਰਤਾਨਵੀ ਸ਼ਾਸਨ ਨੇ ਇਸਤਰੀਅਤ ਦੀ ਆਨ ਸ਼ਾਨ, ਮਾਣ ਮਰਯਾਦਾ, ਨਾਰੀ ਉੱਥਾਨ, ਉਸਦੀ ਇੱਜ਼ਤ ਆਬਰੂ ਅਤੇ ਇਨਸਾਨੀ ਗੌਰਵ ਦੀ ਬਹਾਲੀ ਲਈ ਜੋ ਪਰੋਖ ਯੋਗਦਾਨ ਪਾਇਆ ਉਹ ਕਾਬਲੇ ਜ਼ਿਕਰ ਵੀ ਹੈ ਤੇ ਕਾਬਲੇ ਰਸ਼ਕ ਵੀ। ਗੁਰੂ ਸਾਹਿਬਾਨ ਮਗਰੋਂ ਪਹਿਲੀ ਵਾਰ ਸਮਾਜ ਦੇ ਅੱਧੇ ਹਿੱਸੇ ਭਾਵ ਇਸਤਰੀ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਵਾਲੇ ਅੰਗਰੇਜ਼ ਹੁਕਮਰਾਨ, ਈਸਾਈ ਮਿਸ਼ਨਰੀ ਅਤੇ ਸਮਾਜ ਸੁਧਾਰਕ ਹੀ ਸਨ ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਸਾਡੇ ਬਹੁਤ ਸਾਰੇ ਅਗਾਂਹ ਵਧੂ ਦ੍ਰਿਸ਼ਟੀਕੋਣ ਵਾਲੇ ਆਗੂ ਇਸ ਮਰਹਲੇ ਤੇ ਅੱਗੇ ਆਏ। ਸਰ ਪਰਸੀਵਲ ਗਰਿਫਿਥ ਦੇ ਸ਼ਬਦਾਂ ਵਿਚ ਇਹ ਅੰਕਣਾਂ ਅਨੁਚਿਤ ਨਹੀਂ ਹੋਵੇਗਾ ਕਿ 'ਭਾਵੇਂ ਅਸੀਂ ਅੰਗਰੇਜ਼ ਹਾਕਮਾਂ ਨੂੰ ਜਾਬਰ-ਜ਼ਾਲਮ ਕਹਿੰਦੇ ਹਾਂ ਪਰੰਤੂ ਪੱਛਮੀ ਤੇ ਪੂਰਬੀ ਵਿਚਾਰਧਾਰਾ ਦਾ ਸੁੰਦਰ ਸੁਮੇਲ ਕਰਕੇ ਅਜੋਕੇ ਭਾਰਤ ਦੀ ਘਾੜਤ ਘੜਨ ਵਾਲੇ ਵੀ ਉਹੀ ਸਨ।' ਨਿਰਸੰਦੇਹ ਜਿੱਥੇ ਹੋਰ ਹਰ ਪਹਿਲੂ ਤੋਂ ਉਨ੍ਹਾਂ ਨੇ ਸਾਡੀ

ਮਾਤ ਭੂਮੀ ਦੀ ਕਾਇਆਂ ਕਲਪ ਕਰ ਦਿੱਤੀ ਉੱਥੇ ਸਾਡੇ ਸਮਾਜਿਕ ਅਤੇ ਸਭਿਆਚਾਰਕ ਮੁੱਲਾਂ ਨੂੰ ਵੀ ਸ਼ਿੱਦਤ ਨਾਲ ਝੰਜੋੜਿਆ।

ਦਰਅਸਲ, ਅੰਗਰੇਜ਼ ਕੌਮ ਨੇ ਆਪਣੇ ਆਪ ਨੂੰ ਪੱਕੇ ਪੈਰੀਂ ਕਰਨ ਲਈ ਸਾਡੀ ਧਰਤੀ ਤੇ ਸੁਸਿਖਿਅਤ ਈਸਾਈ ਮਿਸ਼ਨਰੀ ਘੱਲੇ ਤੇ ਨਾਲ ਦੀ ਨਾਲ ਈਸਾਈਅਤ ਦੇ ਪ੍ਰਚਾਰ ਲਈ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ, ਬਿਰਧ, ਆਸਰਮ, ਡਿਸਪੈਂਸਰੀਆਂ ਅਤੇ ਹੋਰ ਅਦਾਰੇ ਵੀ ਖੋਲ੍ਹੇ। ਪਾਨੀਕਰ ਨੇ ਬੜਾ ਭਾਵ ਪੂਰਤ ਲਿਖਿਆ ਹੈ ਕਿ:—

'ਸਮਾਜ ਸੇਵਾ ਦੇ ਖੇਤਰ ਵਿਚ ਉਨ੍ਹਾਂ ਦਾ ਬਹੁਤ ਵਧੀਆ ਰਿਕਾਰਡ ਸੀ ਜਿਨ੍ਹਾਂ ਨੇ ਵਿਦਿਅਕ ਅਦਾਰਿਆਂ ਰਾਹੀਂ ਇੱਕ ਨਵੀਂ ਸੋਧ, ਚੇਤਨਾ, ਸੋਝੀ ਅਤੇ ਬੋਧ ਸ਼ਕਤੀ ਪੈਦਾ ਕੀਤੀ। ਬਾਲ ਵਿਆਹ, ਬਹੁ ਵਿਆਹ, ਦਾਜ, ਬਾਲੜੀ ਹੱਤਿਆ ਅਤੇ ਮੰਦਰ ਨਾਚਾਂ ਦੀ ਨਿੰਦਣੀਯ ਪ੍ਰਥਾ ਨੂੰ ਸ਼ਰੇਆਮ ਨਿਕਾਰਦਿਆਂ ਔਰਤਾਂ ਵਿਚਲੀ ਮੁਕੰਮਲ ਅਨਪੜ੍ਹਤਾ ਵਿਰਤੀ ਨੂੰ ਵੀ ਰੱਜ ਕੇ ਨਿੰਦਿਆ। ਹਿੰਦੂ ਵਿਰਾਸਤ ਕਾਨੂੰਨ ਦੇ ਪ੍ਰਸੰਗ ਵਿਚ ਸਮਾਜਿਕ ਬੇਨਿਯਮੀਆਂ ਅਤੇ ਔਰਤ ਪ੍ਰਤਿ ਪੂਰਨ ਅਣਗੌਲਣਾ ਦੀ ਖਿੱਲੀ ਉਡਾ ਕੇ ਉਨ੍ਹਾਂ ਦੇ ਪਰੋਖ ਰੂਪ ਵਿਚ ਇਸਤਰੀ ਦੇ ਹੱਕ ਵਿਚ ਰੱਜ ਕੇ ਵਕਾਲਤ ਕੀਤੀ। ਇਸ ਤਰ੍ਹਾਂ ਭਾਰਤੀ ਔਰਤ ਦੀ ਦੁਰਦਸ਼ਾ ਨੂੰ ਦਰਸਾਉਂਦੇ ਕਾਰਟੂਨ ਬਣਵਾਂ ਕੇ ਉਨ੍ਹਾਂ ਨੇ ਨਿਸ਼ਚੇ ਹੀ ਇਹ ਸਿੱਧ ਕਰਨਾ ਲੋਚਿਆ ਕਿ ਸਾਰੀਆਂ ਔਰਤਗਤ ਸਮੱਸਿਆਵਾਂ ਲਈ ਇਕੋ ਇਕ ਅਕਸੀਰ ਈਸਾਈ ਮਤਿ ਹੀ ਹੈ। ਐਨ.ਜੀ. ਚੰਦਾਵਰਕਰ ਦਾ ਕਥਨ ਵਜ਼ਨਦਾਰ ਹੈ ਕਿ ਅੰਗਰੇਜ਼ ਹਾਕਮਾਂ ਵਿਚ ਇਹ ਆਮ ਸਹਿਮਤੀ ਸੀ ਕਿ ਹਿੰਦੂਆਂ ਵਿਸ਼ੇਸ਼ ਕਰਕੇ ਔਰਤਾਂ ਪ੍ਰਤਿ ਵਤੀਰੇ ਨੂੰ ਫੌਰਨ ਬਦਲਣ ਦੀ ਲੋੜ ਹੈ। ਸੀਰਮਪੁਰ ਮਿਸ਼ਨਰੀ ਵਿਲੀਅਮ ਕੈਰੇ ਦੀ ਅਗਵਾਈ ਵਿਚ ਸਤੀ ਪ੍ਰਥਾ ਖਿਲਾਫ ਬਾਕਾਇਦਾ ਅੰਦੋਲਨ ਆਰੰਭਿਆ ਗਿਆ ਜਿਸਨੇ ਨਾ ਕੇਵਲ ਉਨ੍ਹਾਂ ਪ੍ਰਤਿ ਗ਼ੈਰ ਮਨੁੱਖੀ ਵਤੀਰੇ ਸਬੰਧੀ ਹੀ ਤੱਥ ਇਕੱਠੇ ਕੀਤੇ ਸਗੋਂ ਕਲਕੱਤਾ ਜੁਵਨੇਲ ਸੁਸਾਇਟੀ ਅਤੇ ਸੀਰਮਪੁਰ ਇਸਤਰੀ ਸਭਾ ਨੇ ਔਰਤਾਂ ਦੀ ਸਿੱਖਿਆ ਦੇ ਖੇਤਰ ਵਿਚ ਵੀ ਪ੍ਰਸ਼ੰਸਾਯੋਗ ਕੰਮ ਕੀਤਾ। ਇਸ ਦੇ ਨਾਲ ਹੀ ਕੌਮੀ ਪੱਧਰ ਤੇ ਇਕੋ ਭਾਸ਼ਾ (ਅੰਗਰੇਜ਼ੀ) ਦੇ ਪ੍ਰਚਲਨ ਨਾਲ ਸਮੂਹ ਭਾਰਤੀ ਇਕਸੁਰਤਾ ਵਿਚ ਬੱਝੇ ਗਏ।

ਇੱਥੇ ਇਹ ਲਿਖਣਾ ਅਪ੍ਰਸੰਗਿਕ ਨਹੀਂ ਹੋਵੇਗਾ ਕਿ ਅੰਗਰੇਜ਼ੀ ਰਾਜ ਅਤੇ ਵਿਦਿਆ ਦਾ ਸਭ ਤੋਂ ਉੱਲੇਖਯੋਗ ਪੱਖ ਭਾਰਤੀ ਇਸਤਰੀ ਵਿਚ ਆਈ ਜਾਗ੍ਰਤੀ ਸੀ। ਸੱਚਮੁੱਚ ਉਨ੍ਹਾਂ ਨੂੰ ਖੋਈ ਹੋਏ ਜ਼ਮੀਰ ਨੂੰ ਪਹਿਚਾਣਨ ਦੀ ਸੋਝੀ ਮਿਲੀ। ਆਜ਼ਾਦੀ ਨਾਲ ਗਗਨੀਂ ਉਡਾਰੀਆਂ ਲਾਉਂਦੀ ਪੱਛਮੀ ਇਸਤਰੀ ਦੇ ਦੇਖਾ ਦੇਖੀ ਉਸ ਨੇ ਆਪਣੇ ਬੋਝਲ ਜੀਵਨ ਤੇ ਸੌੜੀ ਸੋਚ ਨੂੰ ਛੰਡਣ ਦਾ ਤਹੱਈਆ ਕੀਤਾ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਉਹ ਆਪਣੇ ਹੱਕਾਂ ਬਾਰੇ ਜਾਗਰੂਕ ਹੋਣ ਲੱਗੀ ਤੇ ਦੇਸ਼ ਦੀ ਕਿਸਮਤ ਨੂੰ ਬਦਲਣ ਲਈ ਇੱਕ ਨਵੇਂ ਰੂਪ ਵਿਚ ਕਾਰਜਸ਼ੀਲ ਹੋਈ। ਇਸ ਪ੍ਰਕਾਰ ਹਿੰਦੀ ਇਸਤਰੀ ਦੀ ਪੁਨਰ ਜਾਗ੍ਰਤੀ ਵਾਲੀ ਸੋਚ ਨੂੰ ਉਦੋਂ ਫਲ ਲੱਗਾ ਜਦੋਂ ਉਸਨੂੰ ਇਸਦੇ ਸ਼ਾਨਦਾਰ ਅਤੀਤ

ਅਤੇ ਬੁਲੰਦ ਕਿਰਦਾਰ ਬਾਰੇ ਮੁੜ ਚੇਤਨਤਾ ਹੋਈ। ਓ. ਮੈਲੀ ਨੇ ਬੜਾ ਭਾਵਪੂਰਤ ਲਿਖਿਆ ਹੈ ਕਿ 'ਪੱਛਮ ਦਾ ਪ੍ਰਭਾਵ ਹੌਲੀ ਹੌਲੀ ਔਰਤ ਦੀ ਅੰਦਰਲੀ ਖੋਪਰੀ ਵਿਚ ਧੱਸਦਾ ਗਿਆ ਜਿਸਨੇ ਉਸਦੇ ਰਵਾਇਤੀ ਜੀਵਨ ਦੇ ਸੁੱਤੇ ਸਮਤੋਲ ਨੂੰ ਵਿਗਾੜ ਦਿੱਤਾ। ਅਰਥਾਤ ਉਹ ਆਪਣੇ ਆਪ ਨੂੰ ਨਾ ਕੇਵਲ ਮਹੱਤਵਪੂਰਨ ਹੀ ਸਮਝਣ ਲੱਗੀ ਬਲਕਿ ਕੌਮੀ ਨਜ਼ਰੀਏ ਤੋਂ ਅਤਿਅੰਤ ਜ਼ਰੂਰੀ ਵੀ।'

ਸਮੁੱਚੇ ਤੌਰ ਤੇ ਵੀਹਵੀਂ ਸਦੀ ਵਿਚਲੇ ਪੱਛਮੀ ਪ੍ਰਭਾਵਾਂ ਨੇ ਭਾਰਤੀ ਇਸਤਰੀ ਵਿਚ ਚਿਰ ਗਵਾਚੇ ਸ੍ਵੈ-ਵਿਸ਼ਵਾਸ ਨੂੰ ਹੀ ਮੁੜ ਜੀਵੰਤ ਨਹੀਂ ਕੀਤਾ ਸਗੋਂ ਉਸਦੇ ਜ਼ਿਹਨ ਵਿਚ ਸ੍ਵੈ-ਜਾਗ੍ਰਤੀ ਦਾ ਅੰਕੁਰ ਵੀ ਪਾਇਆ। ਇੰਞ ਉਹ ਦੇਸ਼ ਦੇ ਸਮਾਜਿਕ ਆਰਥਿਕ ਜੀਵਨ ਵਿਚ ਇਕ ਜ਼ਿਕਰਯੋਗ ਯੋਗਦਾਨ ਪਾਉਣ ਦੇ ਸਮੱਰਥ ਹੁੰਦਿਆਂ ਵੈਦਿਕ ਸਮਿਆਂ ਵਾਲੀ ਮਾਨਮੱਤੀ ਪਦਵੀ ਨੂੰ ਮੁੜ ਹਥਿਆਉਣ ਲਈ ਜਤਨਸ਼ੀਲ ਹੋਈ ਕਿਉਂਕਿ ਪੱਛਮ ਵਲੋਂ ਮਿਲੇ ਤਾਜ਼ਾ ਤਰੀਨ ਵਿਚਾਰਾਂ ਨੇ ਉਸਦੀ ਸੁੱਤੀ ਜ਼ਮੀਰ ਨੂੰ ਝੰਜੋੜ ਦਿੱਤਾ ਸੀ। ਓ. ਮੈਲੀ ਜਿਹੇ ਸਮਾਜ ਵਿਗਿਆਨੀ ਨੇ ਕਿੰਨਾ ਵਾਜਿਬ ਕਿਹਾ ਹੈ ਕਿ 'ਪੱਛਮ ਨੇ ਸਾਨੂੰ ਚਾਬੀ ਪ੍ਰਦਾਨੀ ਜਿਸ ਨਾਲ ਬੰਦ ਕਿਵਾੜ ਖੁਲ੍ਹਦੇ ਗਏ ਅਤੇ ਸਾਡਾ ਦੱਬਿਆ ਖ਼ਜ਼ਾਨਾ ਵੱਡੀ ਪੱਧਰ ਤੇ ਕੌਮੀ ਹਿੱਤਾਂ ਲਈ ਵਰਤਿਆ ਜਾ ਸਕਿਆ।'

ਬਦਲਦੀਆਂ ਸਮਾਜਿਕ ਕੀਮਤਾਂ ਦਾ ਇਹ ਸਮੁੱਚਾ ਵਿਵੇਚਨ/ਸੰਦਰਭ ਬੇ-ਲੋੜਾ ਜਾਂ ਵਾਧੂ ਨਹੀਂ ਆਖਿਆ ਜਾ ਸਕਦਾ ਕਿਉਂਕਿ ਇਸਨੇ ਸਾਡੀ ਇਸਤਰੀ ਅਤੇ ਸਮੁੱਚੀ ਰਿਸ਼ਤਾ-ਪ੍ਰਣਾਲੀ ਨੂੰ ਪ੍ਰਭਾਵਿਤ ਕੀਤਾ ਹੈ। ਉਸਦੇ ਦ੍ਰਿਸ਼ਟੀਕੋਣ, ਵਿਚਾਰਧਾਰਾ, ਸੋਚ, ਕਰਨੀ, ਕਰਮ, ਕੰਮ, ਕਿੱਤੇ, ਲੋੜਾਂ ਅਤੇ ਮਜਬੂਰੀਆਂ ਨੇ ਇੱਕ ਨਵੇਂ ਸਮਾਜਿਕ ਢਾਂਚੇ ਨੂੰ ਜਨਮ ਦਿੱਤਾ ਹੈ ਜਿਸ ਕਰਕੇ ਔਰਤ ਦੀ ਕਾਰਜ ਸ਼ੈਲੀ ਵੀ ਅਸਰ ਅੰਦਾਜ਼ ਹੋਈ ਹੈ। ਰਿਸ਼ਤਿਆਂ ਦੀਆਂ ਪਰਿਭਾਸ਼ਾਵਾਂ ਬਦਲ ਰਹੀਆਂ ਹਨ। ਰਿਸ਼ਤਿਆਂ ਦੇ ਪ੍ਰਸੰਗ ਬਦਲ ਰਹੇ ਹਨ ਜਿਸ ਕਰਕੇ ਸਾਡੇ ਮੋਹ ਗੁੱਝੇ ਰਿਸ਼ਤਿਆਂ ਵਿਚ ਹੁਣ ਉਹ ਉਮੰਗ, ਉਹ ਤਰੰਗ, ਉਹ ਨਿੱਘ, ਉਹ ਹੁੱਲਾਸ, ਉਹ ਦਿਲੀ ਸਾਂਝ, ਉਹ ਪਾਕੀਜ਼ਗੀ, ਉਹ ਅਪਣੱਤ ਅਤੇ ਉਹ ਮੁਹੱਬਤ ਕਿਤੇ ਨਜ਼ਰ ਨਹੀਂ ਆਉਂਦੀ ਜੋ ਭਲੇ ਵੇਲਿਆਂ ਵਿਚ ਹੋਇਆ ਕਰਦੀ ਸੀ। ਸ਼ਿਵ ਕੁਮਾਰ ਬਟਾਲਵੀ ਜਦੋਂ ਲਿਖ ਰਿਹਾ ਸੀ:—

ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਵਾਂ।
ਕੁਝ ਰੁੱਖ ਨੂੰਹਾਂ ਧੀਆਂ ਲਗਦੇ।
ਕੁਝ ਰੁੱਖ ਵਾਂਗ ਭਰਾਵਾਂ।
ਕੁਝ ਰੁੱਖ ਮੇਰੇ ਬਾਬੇ ਵਾਕਣ।
ਪੱਤਰ ਟਾਵਾਂ ਟਾਵਾਂ
ਕੁਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ।

ਕੁਝ ਰੁੱਖ ਯਾਰਾਂ ਵਰਗੇ ਲਗਦੇ
ਚੁੰਮਾਂ ਤੇ ਗਲ ਲਾਵਾਂ ।

ਤਾਂ ਹਾਲੇ ਸਮੇਂ ਵਿਚ ਜ਼ਹਿਰੀਲਿਆਂ ਹਵਾਵਾਂ ਨਹੀਂ ਸੀ ਘੁਲੀਆਂ । ਇਸਨੂੰ ਕਾਲੇ ਫਨੀਅਰਾਂ ਨੇ ਨਹੀਂ ਸੀ ਡੱਸਿਆ ਅਤੇ ਇਸਦੇ ਅੰਗ ਨੀਲੇ ਨਹੀਂ ਸਨ ਪਏ । ਅੱਜ ਇਸਤਰੀ ਵਿਚ ਆਈ ਜਾਗਰੂਕਤਾ ਕਾਰਨ ਰਿਸ਼ਤਿਆਂ ਦਾ ਸਾਰਾ ਸੰਦਰਭ ਹੀ ਬਦਲ ਗਿਆ ਹੈ । ਉਸਦੇ ਘਰੋਂ ਬਾਹਰ ਨਿਕਲਣ ਅਤੇ ਮਰਦ ਦੇ ਬਰਾਬਰ ਖੜ੍ਹ ਕੇ ਮੰਜ਼ਲਾਂ ਮਾਰਨ ਕਾਰਨ ਜਿੱਥੇ ਉਸਨੇ ਪ੍ਰਾਂਤਕ, ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਆਪਣੀ ਇੱਕ ਸਨਮਾਨਯੋਗ ਥਾਂ ਬਣਾਈ ਹੈ, ਸਿੱਖਿਆ ਜਗਤ ਵਿਚ ਬੁਲੰਦੀਆਂ ਨੂੰ ਛੂਹਿਆ ਹੈ, ਪਰਬਤਾਂ ਦੀਆਂ ਚੋਟੀਆਂ ਨੂੰ ਸਰ ਕੀਤਾ ਹੈ, ਖੋਜ ਮੁਹਿੰਮਾਂ (ਐਨਟਾਰਕਟਿਕਾ) ਵਿਚ ਸ਼ਮੂਲੀਅਤ ਕੀਤੀ ਹੈ, ਰਾਕਟਾਂ ਵਿਚ ਉਡੀ ਹੈ ਗੱਲ ਕੀ ਹਰ ਅਸੰਭਵ ਨੂੰ ਸੰਭਵਤਾ ਦੇ ਦਾਇਰੇ ਵਿਚ ਲਿਆਉਣ ਲਈ ਸੰਘਰਸ਼ ਸ਼ੀਲ ਹੈ ਉੱਥੇ ਵਧੇਰੇ ਆਜ਼ਾਦੀ ਅਤੇ ਸ਼ਾਇਦ ਮਸਾਂ ਮਸਾਂ ਮਿਲੀ ਖੁੱਲ੍ਹ ਡੁੱਲ ਨੇ ਪੜ੍ਹੀਆਂ ਲਿਖੀਆਂ ਅਤੇ ਨਜ਼ਰਾਂ ਦਾ ਕੇਂਦਰ ਬਣੀਆਂ ਕੁਝ ਔਰਤਾਂ ਦਾ ਦਿਮਾਗ ਵੀ ਆਸਮਾਨੇ ਚਾੜ੍ਹ ਦਿੱਤਾ ਹੈ । ਫਲਸਰੂਪ, ਬਾਹਰਲੀ ਖੁੱਲ੍ਹ-ਖੇਡ ਅਤੇ ਵਿਆਹ ਬਾਹਰੇ ਕਾਮ ਸਬੰਧਾਂ ਨੇ ਸਾਡੀ ਇਸਤਰੀ ਨੂੰ ਵੀ ਆਪਣੇ ਵੱਲ ਖਿੱਚਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਿਸਦਾ ਨਤੀਜਾ ਚੰਗੇ ਦੀ ਬਜਾਇ ਮੰਦੇ ਵਲ ਗਿਆ ।

ਜਿਵੇਂ ਪ੍ਰੋ. ਪੂਰਨ ਸਿੰਘ ਪੁਰਾਣੇ ਪੰਜਾਬ ਨੂੰ ਕੂਕਦਾ ਆਪਣੇ ਅਤੀਤ ਵਿਚ ਝਾਤੀਆਂ ਮਾਰਦਾ ਆਪਣੀਆਂ ਸਾਰੀਆਂ ਫ਼ਖਰਯੋਗ ਕੀਮਤਾਂ ਨੂੰ ਮੁੜ ਮੁੜ ਚਿਤਵਦਾ ਹੈ ਤਿਵੇਂ ਵੀਹਵੀਂ ਸਦੀ ਦੇ ਅੰਤਮ ਦਹਾਕੇ ਦੇ ਅੰਤਮ ਚਰਣ ਵਿਚ ਪਹੁੰਚੇ ਅਸੀਂ ਉਨ੍ਹਾਂ ਗੌਰਵਮਈ ਤੇ ਮੋਹਵੰਤੇ ਰਿਸ਼ਤਿਆਂ ਨੂੰ ਯਾਦ ਕਰਦੇ ਹਾਂ ਜਦੋਂ ਬਜ਼ੁਰਗ ਹੋ ਚੁੱਕੇ ਘਰ ਦੇ ਡੰਗਰ (ਬਲਦ, ਮੱਝਾਂ ਤੇ ਗਾਵਾਂ) ਵੀ ਮਰਨ ਤੱਕ ਘਰ ਦੀਆਂ ਖੁਰਲੀਆਂ ਤੇ ਬੱਝੇ ਸੇਵਾ ਦੇ ਯੋਗ ਸਮਝੇ ਜਾਂਦੇ ਸਨ । ਘਰ ਦੇ ਵੱਡੇ ਵਡੇਰਿਆਂ ਤੇ ਸਤਿਕਾਰਯੋਗ ਦਾਦੀਆਂ-ਦਾਦਿਆਂ, ਪੜਦਾਦਿਆਂ, ਨਾਨੀ-ਨਾਨਿਆਂ ਜਾਂ ਇਹੋ ਜਿਹੇ ਹੋਰ ਵੱਡੇ ਰਿਸ਼ਤਿਆਂ ਪ੍ਰਤਿ ਆਦਰ, ਸ਼ਰਧਾ ਤੇ ਸਨੇਹ ਦੀ ਭਾਵਨਾ ਕਦੇ ਘਟਦੀ ਨਹੀਂ ਸੀ । ਸਾਂਝੇ ਪਰਿਵਾਰ ਹੁੰਦੇ ਸਨ, ਮੋਹ ਦੀਆਂ ਤੰਦਾਂ ਇਸ ਕਦਰ ਕੱਸੀਆਂ ਹੁੰਦੀਆਂ ਸਨ ਕਿ ਕੀ ਮਜਾਲ ਘਰ ਦੀਆਂ ਇਸਤਰੀਆਂ ਵਲੋਂ ਬਜ਼ੁਰਗਾਂ ਦੀ ਸਾਂਭ ਸੰਭਾਲ ਵਿਚ ਕੋਈ ਕੁਤਾਹੀ ਵਰਤੀ ਜਾਂਦੀ । ਅੱਜ ਬਹੁ-ਗਿਣਤੀ ਬੁੱਢੇ ਰੁਲਦੇ ਫਿਰਦੇ ਹਨ । ਸਾਂਝੇ ਪਰਿਵਾਰਾਂ ਦੀ ਪ੍ਰਥਾ ਸ਼ਹਿਰਾਂ ਵਿਚੋਂ ਤਾਂ ਲਗਭਗ ਮੁਕਦੀ ਜਾ ਰਹੀ ਹੈ । ਪਿੰਡਾਂ ਵਿਚ ਜ਼ਰੂਰ ਥੋੜ੍ਹੀ ਬਹੁਤੀ ਕਾਇਮ ਹੈ ਪਰੰਤੂ ਨਵੀਂ ਸੋਚ ਅਧੀਨ ਉੱਥੇ ਵੀ ਬੇਗਾਨਗੀ ਤੇ ਓਪਰੇਪਨ ਦੀ ਭਾਵਨਾ ਹਾਵੀ ਹੋ ਰਹੀ ਹੈ ।

ਦਰਅਸਲ ਪੱਛਮੀ ਤਰਜ਼ ਦੇ ਜੀਵਨ ਵਿਚਲੇ ਗ੍ਰਹਿਣਯੋਗ ਪੱਖਾਂ ਵਲੋਂ ਅਸੀਂ ਅੱਖਾਂ ਮੀਟ ਰਹੇ ਹਾਂ ਤੇ ਉਨ੍ਹਾਂ ਦੀ ਨਿੰਦਣੀਯ ਜੀਵਨ-ਰਹਿਤਲ ਨੂੰ ਅਸੀਂ ਅੰਧਾ ਧੁੰਦ ਅਪਣਾਉਂਦੇ ਜਾ ਰਹੇ ਹਾਂ । ਸਿੱਟਾ, ਰਿਸ਼ਤਿਆਂ ਦਾ ਤਵਾਜ਼ਨ ਵਿਗੜਨ ਲੱਗਾ ਹੈ । ਏਡਜ਼ ਦੀ

ਮਹਾਂਮਾਰੀ ਤੂਫਾਨ ਜਿਹੀ ਬਰਬਾਦੀ ਮਚਾਉਣ ਲੱਗੀ ਹੈ। ਇਕੱਲੇ 1999 ਦੇ ਉਸ ਇਤਿਹਾਸਕ ਵਰ੍ਹੇ ਵਿਚ; ਜਿਸ ਵਿਚ ਅਸੀਂ "ਖ਼ਾਲਸਾ ਸਾਜਣਾ" ਦੀ ਤੀਜੀ ਸ਼ਤਾਬਦੀ ਮਨਾ ਰਹੇ ਹਾਂ; ਪੂਰੇ ਸੰਸਾਰ ਵਿਚ 26 (ਛੱਬੀ) ਲੱਖ ਲੋਕ ਏਡਜ਼ ਦੀ ਬਿਮਾਰੀ ਨਾਲ ਮੌਤ ਦੇ ਜਬਾੜਿਆਂ ਵਿਚ ਦੱਬੇ ਗਏ ਹਨ। ਭਾਰਤੀਆਂ ਦੀ ਪ੍ਰਵਾਸ ਪ੍ਰਤਿ ਵਧਦੀ ਹੋੜ ਕਾਰਨ ਵਿਦੇਸ਼ੀ ਧਰਤੀਆਂ ਦੇ ਨਿਕਾਰਨਯੋਗ ਮੁੱਲਾਂ ਦਾ ਪ੍ਰਭਾਵ ਦਿਨ-ਬ-ਦਿਨ ਸਾਡੇ ਤੇ ਹਾਵੀ ਹੁੰਦਾ ਜਾ ਰਿਹਾ ਹੈ।

ਸ਼ਾਇਦ ਪਦਾਰਥਵਾਦੀ ਰੁਚੀਆਂ ਦੇ ਬੋਲਬਾਲੇ ਕਾਰਨ ਅੱਜ ਰਿਸ਼ਤੇ ਤਿੜਕ ਰਹੇ ਹਨ। ਇਸਤਰੀ ਦਾ ਮਾਂ, ਪਤਨੀ, ਭੈਣ ਤੇ ਧੀ ਰੂਪ ਅੱਜ ਬਹੁਤ ਵਾਰ ਅਤੀਤ ਤੋਂ ਹਟਵਾਂ ਅਤੇ ਕਰੂਰਤਾਪੂਰਨ ਦਿਖਾਈ ਦਿੰਦਾ ਹੈ। ਮਾਂ ਰੱਬ ਦਾ ਦੂਜਾ ਨਾਂ ਹੋਇਆ ਕਰਦਾ ਸੀ। ਮਾਂ ਰੱਬ ਦਾ ਰੂਪ ਹੁੰਦੀ ਸੀ। ਮਾਂ ਮਮਤਾ ਦੀ ਅਦਿੱਸ ਝੋਲੀ ਵਿਚ ਧੀ ਦੇ ਸਾਰੇ ਗ਼ਮ, ਦੁਖ, ਪੀੜਾ ਸਮੋਅ ਲੈਂਦੀ ਸੀ। ਬਾਪ ਧੀ ਦਾ ਸਿਰ ਪਲੋਸਦਾ ਸੀ ਪਰ ਅਜੋਕਾ ਬਾਪ ਅਨੇਕ ਵਾਰ ਆਪਣੀਆਂ ਹੀ ਜੰਮੀਆਂ ਜਾਈਆਂ ਦਾ ਬਲਾਤਕਾਰੀ ਹੋ ਕੇ ਜੇਲ੍ਹ ਦੀ ਚੱਕੀ ਪੀਸਦਾ ਦਿਖਾਈ ਦਿੰਦਾ ਹੈ। ਧੀਆਂ ਦੇ ਸੌਦੇ ਕਰਕੇ ਪੈਸੇ ਵੱਟਦਾ ਹੈ। ਮਾਵਾਂ ਧੀਆਂ ਨੂੰ ਵੇਚਦੀਆਂ ਫੜੀਦੀਆਂ ਹਨ। ਦਾਦਿਆਂ ਪੜਦਾਦਿਆਂ ਦੀ ਉਮਰ ਨੂੰ ਢੁੱਕੇ ਬੁੱਢੇ ਕੰਜ ਕੰਵਾਰੀਆਂ ਦੇ ਬਲਾਤਕਾਰ ਕਰਦੇ ਸੁਣੀਂਦੇ ਹਨ। ਬੁੱਢੀਆਂ ਫਾਫਾਂ ਜਿਹੀਆਂ ਦਾਦੀਆਂ ਨਾਲ ਜ਼ਬਰਦਸਤੀਆਂ ਕਰਦੇ ਲਫੰਗੇ ਬਦਮਾਸ਼ਾਂ ਦੇ ਕਿੱਸੇ ਨਿੱਤ ਘਟਦੇ ਹਨ ਅਤੇ ਕੰਜਕਾਂ ਦੇ ਸੁਤ ਭੰਗ ਹੋਣ ਦੀਆਂ ਘਟਨਾਵਾਂ ਲਗਾਤਾਰ ਘਟਦੀਆਂ ਜਾ ਰਹੀਆਂ ਹਨ। ਮੁਟਿਆਰਾਂ ਦੇ ਜਿਸਮਾਨੀ ਸ਼ੋਸ਼ਣ ਦਾ ਤਾਂ ਜਿਵੇਂ ਕੋਈ ਅੰਤ ਸ਼ੁਮਾਰ ਹੀ ਨਹੀਂ ਰਿਹਾ।

ਵੀਹਵੀਂ ਸਦੀ ਇੰਝ ਜਿੱਥੇ ਅਣਗਿਣਤ ਉਪਲਬਧੀਆਂ, ਹਾਸਲਾਂ, ਪ੍ਰਾਪਤੀਆਂ, ਕਾਢਾਂ, ਖੋਜਾਂ ਅਤੇ ਨਵੀਆਂ ਹੋਣੀਆਂ ਦੀ ਸਦੀ ਬਣੀ ਹੈ ਉੱਥੇ ਰਿਸ਼ਤਿਆਂ ਦੇ ਨਿੱਘ ਅਤੇ ਮਮਤਾ ਦੀ ਕਸਕ ਦੇ ਖੁੱਸਣ ਦੀ ਵੀ ਸਦੀ ਆਖੀ ਜਾ ਸਕਦੀ ਹੈ। ਜੋ ਕੁਝ ਸ਼ਿਵ ਨੇ ਇੱਕ ਮਿਹਣੇ ਵਜੋਂ ਲਿਖਿਆ ਸੀ,ਉਹ ਇਕ ਸਮਾਜਿਕ ਯਥਾਰਥ ਬਣਨ ਪ੍ਰਤਿ ਰੁਚਿਤ ਹੈ।

ਪਿਤਾ ਜੇ ਧੀ ਦਾ ਰੂਪ ਹੰਢਾਵੇ
ਲੋਕਾ ਵੇ ਤੈਨੂੰ ਲਾਜ ਨਾ ਆਵੇ।
ਲੂਣਾ ਜੇ ਪੂਰਨ ਨੂੰ ਚਾਹਵੇ
ਚਰਿੱਤਰਹੀਣ ਕਿਉਂ ਆਖੇ ਜੀਭ ਜਹਾਨ ਦੀ ?

ਰਿਸ਼ਤਿਆਂ ਵਿਚ ਆ ਰਿਹਾ ਵਿਕਾਰ ਸਮਾਜ ਵਿਗਿਆਨੀਆਂ ਦੀ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ ਕਿਉਂਕਿ ਕਦੇ ਪਿੰਡ/ਨਗਰ ਦੀ ਹਰ ਇਸਤਰੀ ਸਾਰਿਆਂ ਦੀ ਤਾਈ, ਚਾਚੀ, ਮਾਸੀ, ਭੂਆ, ਭਾਬੀ ਜਾਂ ਬੀਬੀ ਹੋਇਆ ਕਰਦੀ ਸੀ ਤੇ ਹਰ ਆਦਮੀ ਦੂਜਿਆਂ ਦਾ ਤਾਇਆ, ਫੁੱਫੜ, ਮਾਸੜ, ਬਾਈ, ਚਾਚਾ, ਜਾਂ ਬਾਬਾ ਪਰੰਤੂ ਅੱਜ ਇਹ

ਮੋਹ ਦੀਆਂ ਤੰਦਾਂ ਟੁੱਟਦੀਆਂ ਜਾ ਰਹੀਆਂ ਹਨ। ਮਾਇਆਵੀ ਤ੍ਰਿਸ਼ਨਾਵਾਂ ਅਤੇ ਮੁਕਾਬਲੇ ਦੀ ਦੌੜ ਨੇ ਸਾਡੇ ਸਭਨਾਂ ਦੇ ਅੰਦਰ ਅਲਗਾਓ,ਓਪਰੇਪਨ ਅਤੇ ਦ੍ਵੈਤਤਾ ਦੇ ਅਜਿਹੇ ਬੀਜ ਬੀਜ ਦਿੱਤੇ ਹਨ ਕਿ ਪੁਰਾਣੀਆਂ ਮੁਹੱਬਤਾਂ ਤੇ ਸਾਂਝਾਂ ਅਤੀਤ ਦੀ ਗਾਥਾ ਜਾਪਣ ਲੱਗੀਆਂ ਹਨ। ਹੁਣ ਭੈਣ ਵੀਰਾਂ ਲਈ ਅੰਸੀਆਂ ਨਹੀਂ ਪਾਉਂਦੀ ਸਗੋਂ ਮਾਪਿਆਂ ਦੀ ਜਾਇਦਾਦ ਚੋਂ ਬਰਾਬਰ ਦਾ ਹੱਕ ਮੰਗਦੀ ਹੈ। ਵੀਰ ਹੁਣ ਭੈਣਾਂ ਦੀ ਰੱਖੜੀ ਦੀ ਲਾਜ ਨਾਲ ਨਾ ਬੱਝਦਾ ਹੋਇਆ ਉਨ੍ਹਾਂ ਨਾਲ ਸ਼ਰੀਕੇਦਾਰਾਂ ਵਾਂਗ ਪੇਸ਼ ਆਉਂਦਾ ਹੈ। ਪਿਤਾਵਾਂ ਦੇ ਜ਼ਮੀਨਾਂ ਜਾਇਦਾਦਾਂ ਵਾਸਤੇ ਹੁੰਦੇ ਕਤਲ ਅਜੋਕੇ ਪੁੱਤਰਾਂ ਦੀ ਦਾਸਤਾਂ ਕਹਿੰਦੇ ਹਨ ਅਤੇ ਮਾਵਾਂ ਹੁਣ ਧੀਆਂ ਨੂੰ ਜੰਮਣ ਤੋਂ ਪਹਿਲਾਂ ਖੰਡ-ਖੰਡ ਕਰਕੇ ਮਾਰ ਮੁਕਾਉਣ ਲਈ ਸੁਦ੍ਰਿੜ੍ਹ ਹਨ। ਮਾਸੀਆਂ ਅੱਜ 'ਮਾਂ ਦੀਆਂ ਭੈਣਾਂ ਅਖਵਾਉਂਦੀਆਂ ਹਨ ਅਤੇ ਭੂਆ 'ਡੈਡੀਜ਼ ਸਿਸਟਰ'। ਬੱਸ ਹਰ ਜਣੀ ਖਣੀ ਆਂਟੀ ਅਤੇ ਹਰ ਜਣਾ ਖਣਾ ਅੰਕਲ ਬਣ ਗਿਆ ਹੈ—ਹਰ ਧਰਤੀ ਅਤੇ ਹਰ ਸਮਾਜ ਵਿਚ। ਸਾਂਝੇ ਟੱਬਰ, ਸਾਂਝੇ ਚੁੱਲ੍ਹੇ ਅਤੇ ਸਾਂਝੇ ਰਿਸ਼ਤੇ ਕਿਸੇ ਪੁਰਾਤਨ ਸਭਿਅਤਾ ਦੇ ਬਾਕੀ ਬਚੇ ਨਿਸ਼ਾਨ ਜਾਪਦੇ ਹਨ। ਅੱਜ ਹਰੇਕ ਬੰਦਾ 'ਇੱਕ ਤੂੰ ਹੋਵੇਂ ਇੱਕ ਮੈਂ ਹੋਵਾਂ' ਵਾਲੀ ਮੁਹਾਰਨੀ ਹੀ ਨਹੀਂ ਪੜ੍ਹ ਰਿਹਾ ਸਗੋਂ ਆਪਣੀ ਨਿੱਜੀ ਜ਼ਿੰਦਗੀ ਨੂੰ ਵੀ ਸੌੜੀਆਂ ਸੋਚਾਂ ਨਾਲ ਸੌੜਾ ਕਰ ਰਿਹੈ। ਇੱਕੀਵੀਂ ਸਦੀ ਦੀਆਂ ਬਰੂਹਾਂ ਵਿਚ ਖੜ੍ਹੇ ਆਪਾਂ ਨੂੰ ਫ਼ਿਕਰਮੰਦ ਹੋਣ ਦੀ ਲੋੜ ਹੈ ਕਿ ਜੇਕਰ ਸਮਾਜਿਕ ਕੀਮਤਾ ਵਿਚ ਆ ਰਿਹਾ ਬਦਲਾਓ ਇਸੇ ਪ੍ਰਕਾਰ ਨਿਘਾਰਮੁਖੀ ਰਿਹਾ ਤਾਂ ਨਵੀਂ ਸਦੀ ਦਾ ਸਮਾਜ ਕਿਹੋ ਜਿਹਾ ਹੋਵੇਗਾ। ਅਕਸਰ ਚਰਚਾ ਹੈ ਕਿ ਇੱਕੀਵੀਂ ਸਦੀ ਔਰਤਾਂ ਦੀ ਸਦੀ ਹੋਵੇਗੀ ਅਰਥਾਤ ਇਸਤਰੀ ਨੂੰ ਆਪਣਾ ਗਵਾਚਾ ਗੌਰਵ ਮੁੜ ਪ੍ਰਾਪਤ ਹੋਵੇਗਾ ਅਤੇ ਉਹ ਆਪਣੀਆਂ ਪ੍ਰਾਪਤੀਆਂ ਦੇ ਝੰਡੇ ਹੋਰ ਉੱਚੇ ਗੱਡ ਸਕੇਗੀ। ਸ਼ਾਲਾ ! ਮੱਛੀ ਪੱਥਰ ਚੱਟ ਕੇ ਛੇਤੀ ਪਰਤੇ ਅਤੇ ਜੀਵਨ ਦੀ ਅਸਲੀਅਤ ਨੂੰ ਜਾਣਨ ਦੇ ਯੋਗ ਹੋਵੇ। ਅਸੀਂ ਪੱਛਮੀ ਸਭਿਅਤਾ ਦੇ ਹਾਂ-ਪੱਖੀ ਪਹਿਲੂਆਂ ਤੋਂ ਅਗਵਾਈ ਹਾਸਿਲ ਕਰਦਿਆਂ ਆਪਣੇ ਅਮੀਰ ਤੇ ਮਾਣਯੋਗ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਨੂੰ ਮੁੜ ਤੋਂ ਜੀਵੰਤ ਕਰਨ ਲਈ ਯਤਨਸ਼ੀਲ ਨਾ ਹੋਏ ਤਾਂ ਕੱਖਾਂ ਕਾਨਿਆਂ ਵਾਂਗ ਰੁਲ ਖੁਲ ਜਾਵਾਂਗੇ। ਰਿਸ਼ਤੇ ਸਮਾਜ ਦਾ ਧੁਰਾ ਹੁੰਦੇ ਹਨ। ਰਿਸ਼ਤੇ ਸਾਡੇ ਅੰਦਰ ਸਿੰਚਰਦੇ ਲਹੂ ਦਾ ਆਧਾਰ ਹੁੰਦੇ ਹਨ। ਇਹ ਮਨੁੱਖੀ ਖ਼ੁਰਾਕ ਵੀ ਹਨ। ਇਹ ਵਿਅਕਤੀ ਦੀ ਧੜਕਣ ਵੀ ਹਨ ਅਤੇ ਇਸਤਰੀ ਸਭ ਰਿਸ਼ਤਿਆਂ ਦੀ ਸਿਖਰ ਹੈ, ਸਭਨਾਂ ਦੀ ਚੂਲ। ਸਭ ਦਾ ਆਧਾਰ। ਪਰ ਬਹੁਤ ਵਾਰ ਇਸਤਰੀ ਵੀ ਤਾਂ ਰੁਲ ਰਹੀ ਹੈ। ਬੇਸ਼ੁਮਾਰ ਜ਼ਿੰਮੇਵਾਰੀਆਂ, ਅਥਾਹ ਫ਼ਰਜ਼ਾਂ ਅਤੇ ਅਣਗਿਣਤ ਬੰਧਨਾਂ ਨੇ ਉਸਨੂੰ ਭੰਨਿਆ ਪਿਆ ਹੈ। ਨਿਰਸੰਦੇਹ ਮਰਦ ਦੀ ਸੋਚ ਵਿਚ ਤਬਦੀਲੀ ਆਏ ਬਿਨਾਂ ਇਸਤਰੀ ਦੇ 'ਵਜੂਦ ਨੂੰ ਖ਼ਤਰਾ ਹੀ ਖ਼ਤਰਾ ਹੈ। ਹਰ ਵਕਤ ਖ਼ਤਰੇ ਦੇ ਬੱਦਲ ਉਸਦੇ ਸਿਰ 'ਤੇ ਮੰਡਲਾ ਰਹੇ ਹਨ।

ਅਜੋਕੇ ਸਮਾਜ ਦਾ ਇੱਕ ਵੱਡਾ ਵਰਗ ਹਾਲੇ ਵੀ ਪਿਛਲੀ ਸਦੀ ਵਾਲੀ ਸੋਚ ਦਾ ਅਨੁਸਾਰੀ ਹੈ ਕਿਉਂਕਿ ਹਰ ਜੀਵਨ ਸਮੇਂ ਨਾਲ ਕਦਮ ਨਹੀਂ ਮਿਲਾ ਸਕਦਾ।

ਉਨ੍ਹਾਂ ਲਈ ਸ਼ਾਇਦ ਰਿਸ਼ਤਿਆਂ ਦੀ ਪਰਿਭਾਸ਼ਾ ਵਧੇਰੇ ਨਾ ਬਦਲੀ ਹੋਵੇ ਪਰੰਤੂ ਚੌਗਿਰਦੇ ਵਿਚ ਪਰਿਵਰਤਨ ਹੈ ਅਤੇ ਮੋਹ ਮਮਤਾ ਦੇ ਅਰਥ ਤਬਦੀਲ ਹੋ ਰਹੇ ਹਨ। ਇਸ ਲਈ ਸਾਨੂੰ ਉਸ ਸਦੀਵੀ ਕਲਾਮ ਦੀ ਓਟ ਲੈਂਦਿਆਂ ਜਿੱਥੇ ਰਿਸ਼ਤਿਆਂ ਦੀ ਵਾਸਤਵਿਕਤਾ ਸਮਝਣੀ ਪਵੇਗੀ. ਉੱਥੇ ਇਸ ਅਸਥਿਰ ਜਗਤ ਵਿਚ ਆਪਣੀ ਠਹਿਰ ਨੂੰ ਸੁਖਾਵਾਂ, ਰੋਚਕ, ਰਸੀਲਾ ਅਤੇ ਵੰਨ-ਸੁਵੰਨਾ ਬਣਾਉਣ ਲਈ ਸਮਾਜ-ਸਿਰਜਕ ਇਸਤਰੀ ਪ੍ਰਤਿ ਆਪਣੇ ਰਵੱਈਏ ਵਿਚ ਵੀ ਤਬਦੀਲੀ ਲਿਆਉਣੀ ਪਵੇਗੀ। ਹੁਣ ਤੱਕ ਇਸਤਰੀ ਉਵੇਂ ਇਹਦੇ ਇਸ਼ਾਰਿਆਂ ਤੇ ਨੱਚੀ ਹੈ ਜਿਵੇਂ ਜਿਵੇਂ ਉਸਨੇ ਉਸਨੂੰ ਨਚਾਉਣਾ ਟਪਾਉਣਾ ਚਾਹਿਆ ਹੈ-ਕਦੇ ਦੇਵੀ ਬਣਾ ਕੇ ਤੇ ਕਦੇ ਦਾਸੀ ਬਣਾ ਕੇ। ਵਿਚ ਵਿਚਾਲਤਾ ਅਰਥਾਤ ਉਹਦਾ ਮਾਨਵੀ ਰੂਪ ਮਰਦ ਨੂੰ ਘੱਟ ਵੱਧ ਹੀ ਨਜ਼ਰ ਆਇਆ ਹੈ। ਡਾ. ਬੀ. ਆਰ. ਅੰਬੇਦਕਰ ਦਾ ਇਹ ਕਥਨ ਕਿ "ਮੈਂ ਕਿਸੇ ਸਮਾਜ ਦੀ ਪ੍ਰਗਤੀ ਦਾ ਅਨੁਮਾਨ ਇਸ ਗੱਲ ਤੋਂ ਲਾਉਂਦਾ ਹਾਂ ਕਿ ਉਸ ਸਮਾਜ ਦੀਆਂ ਇਸਤਰੀਆਂ ਨੇ ਕਿੰਨੀ ਤਰੱਕੀ ਕੀਤੀ ਹੈ ਜਾਂ ਫਿਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਉਲੇਖ ਕਿ 'ਕਿਸੇ ਵੀ ਸਮਾਜ ਦੀ ਤਰੱਕੀ ਉਥੋਂ ਦੀਆਂ ਔਰਤਾਂ ਦੀ ਤਰੱਕੀ ਹੈ, ਵਾਕਈ ਹੀ ਬਹੁਤ ਵੱਡੇ ਸੱਚ ਨੂੰ ਰੂਪਮਾਨ ਕਰਦੀਆਂ ਹਨ। ਰਿਸ਼ਤਿਆਂ ਦੀ ਅਸਲੀਅਤ ਜਾਣਨ ਅਤੇ ਇਸਤਰੀ ਦੇ ਯੋਗਦਾਨ ਨੂੰ ਪਛਾਣਨ ਲਈ ਇਹ ਗੁਰਵਾਕ ਸਾਡੀ ਹਮੇਸ਼ਾ ਅਗਵਾਈ ਕਰਦੇ ਰਹਿਣਗੇ:—

ਨਾਨਕ ਦੁਨੀਆਂ ਕੈਸੀ ਹੋਈ
ਸਾਲਕੁ ਮਿਤੁ ਨ ਰਹਿਓ ਕੋਈ।
ਭਾਈ ਬੰਧੀ ਹੇਤੁ ਚੁਕਾਇਆ
ਦੁਨੀਆਂ ਕਾਰਣਿ ਦੀਨੁ ਗਵਾਇਆ।

(ਗੁਰੂ ਗ੍ਰੰਥ, ਪੰਨਾ 1410)

ਅਤੇ

ਕਲੀ ਅੰਦਰਿ ਨਾਨਕ ਜਿੰਨਾਂ ਦਾ ਅਉਤਾਰੁ।
ਪੁਤੁ ਜਿਨੂਰਾ ਧੀਅ ਜਿਨੂਰੀ ਜੋਰੂ ਜਿੰਨਾ ਦਾ ਸਿਕਦਾਰੁ।

'ਸਭਨਾ ਕਾ ਮਾਂ ਪਿਉ ਆਪਿ ਹੈ' ਜੋ ਸਾਡੇ ਸਾਰਿਆਂ ਦੀ ਹੀ ਸਾਰ-ਸੰਭਾਲ ਕਰਦਾ ਹੈ, ਅਜਿਹਾ ਲਿਖ ਕੇ ਗੁਰੂ ਪਾਤਿਸ਼ਾਹ ਸਾਨੂੰ ਰਿਸ਼ਤਿਆਂ ਦਾ ਸਹੀ ਸੰਦਰਭ ਸਮਝਾਉਂਦੇ ਹਨ।

❑

ਔਰਤ

ਕਾਇਨਾਤ ਦੀ ਇਕ ਸੁਬਕ ਰਚਨਾ। ਸੁਹਲ ਸਰੀਰੀ। ਕੋਮਲ ਭਾਵੀ। ਤਿਆਗ ਮੂਰਤੀ। ਨਿਸ਼ਕਾਮ ਸੇਵੀ। ਕੁਰਬਾਨੀ ਪੁੰਜ। ਦਯਾਪੂਰਨ। ਸ਼ਕਤੀਵਾਨ, ਸਮਰੱਥਾਵਾਨ, ਸੋਝੀਵਾਨ। ਗੱਲ ਕੀ ਫਿਜ਼ਾਵਾਂ ਨੂੰ ਮਹਿਕਾਉਣ ਵਾਲੀ। ਹਨੇਰਿਆਂ ਨੂੰ ਰੁਸ਼ਨਾਉਣ ਵਾਲੀ। ਵੀਰਾਨਿਆਂ ਨੂੰ ਮਹਿਫ਼ਲਾਂ ਵਿਚ ਬਦਲਾਉਣ ਵਾਲੀ। ਸਿਆਹੀਆਂ ਨੂੰ ਸਫੈਦੀਆਂ ਵਿਚ ਪਰਤਾਉਣ ਵਾਲੀ। ਬਾਬਲ ਅੰਮੜੀ ਦੀਆਂ ਸੁੱਖਾਂ ਲੋੜਣ ਵਾਲੀ। ਵੀਰੇ ਦੀਆਂ ਕਲਾਈਆਂ ਸਜਾਉਣ ਵਾਲੀ। ਭੈਣਾਂ ਦੇ ਦੁੱਖ ਹਰਣ ਵਾਲੀ ਤੇ ਸਾਥੀ ਦੀਆਂ ਮੁਸ਼ਕਲਾਂ ਨੂੰ ਡੀਕ ਜਾਣ ਵਾਲੀ। ਜੰਮੇ ਜਾਇਆਂ ਨੂੰ ਤੱਤੀ ਵਾ ਨਾ ਲੱਗਣ ਦੇਣ ਵਾਲੀ ਸ਼ਕਤੀ ਦਾ ਹੀ ਨਾਂ ਹੈ ਔਰਤ। ਸਮਾਜ ਰੂਪੀ ਗੱਡੀ ਦਾ ਇਕ ਅਤਿ ਮਹੱਤਵਪੂਰਨ ਪਹੀਆ। ਇਕ ਅਜਿਹਾ ਅਹਿਮ ਪੁਰਜ਼ਾ ਜਿਸ ਤੋਂ ਬਿਨਾਂ ਮਨੁੱਖੀ ਸਮਾਜ ਦੀ ਹੋਂਦ ਹੀ ਸੰਭਵ ਨਹੀਂ, ਵਜੂਦ ਦਾ ਹੀ ਸਵਾਲ ਨਹੀਂ ਪੈਦਾ ਹੁੰਦਾ।

ਕਿੰਨੇ ਰੂਪਾਂ ਤੇ ਕਿੰਨੇ ਮੁਹਾਂਦਰਿਆਂ ਵਿਚ ਔਰਤ ਤੁਹਾਡੇ ਅੰਗ ਸੰਗ ਹੈ। ਕਿੰਨੇ ਰਿਸ਼ਤਿਆਂ ਵਿਚ ਵਟੀ ਹੋਈ। ਕਿੰਨੇ ਕਿਸਮ ਦੇ ਪਿਆਰਾਂ ਵਿਚ ਵੰਡੀ ਹੋਈ। ਕਿਧਰੇ ਜਣਨੀ-ਜਨਮਦਾਤੀ। ਕਿਤੇ ਪਾਲਕ-ਮਾਲਕ। ਕਿਤੇ ਆਯਾ-ਰੱਖਿਅਕ। ਕਿਤੇ ਮਹਿਬੂਬਾ। ਕਿਤੇ ਸੁਪਤਨੀ। ਕਿਤੇ ਭੈਣ। ਤੇ ਕਿਤੇ ਮਮਤਾ ਗੁੰਧੀ ਮਾਂ। ਸਭ ਤੋਂ ਉਤਾਂਹ ਸਮਾਜ ਸਿਰਜਕ ਅਤੇ ਸਭਿਅਤਾਵਾਦੀ। ਸਲੀਕਾ ਵਰਤਾਵੀ ਤੇ ਸਲੀਕਾ ਸਿਖਾਵੀ। ਸਮਾਜਿਕ ਆਪੋ ਧਾਪੀ ਨੂੰ ਡੱਕਣ-ਰੋਕਣ ਵਾਲੀ। ਤਾਂ ਹੀ ਸਤਿਕਾਰਤ ਡਾ. ਅੰਬੇਦਕਰ ਆਖਦੇ ਹਨ ਕਿ 'ਕਿਸੇ ਵੀ ਸਮਾਜ ਦੀ ਸਹੀ ਨੁਹਾਰ ਉਹਦੀਆਂ ਔਰਤਾਂ ਤੋਂ ਮਿਲਦੀ ਹੈ। ਔਰਤ ਦੀ ਉਨਤੀ ਓਸ ਸਮਾਜ ਦੀ ਉਨਤੀ ਹੈ। ਆਚਾਰੀਆ ਰਜਨੀਸ਼ (ਓਸ਼ੋ) ਇਸ ਤੋਂ ਵੱਖਰੀ ਗੱਲ ਕਰਦੇ ਹਨ ਕਿ ਇਹ ਦੁਨੀਆ ਪੁਰਸ਼ਾਂ ਦੀ ਸਿਰਜੀ ਹੋਈ ਹੈ ਜਿਸਨੂੰ ਤਬਾਹ ਕਰਨ ਲਈ ਪੁਰਸ਼ ਹੀ ਕਾਫੀ ਹਨ। ਜੇ ਸੰਸਾਰ ਨੂੰ ਬਚਾਉਣਾ ਹੈ ਤਾਂ ਔਰਤਾਂ ਨੂੰ ਅੱਗੇ ਲਿਆਉਣਾ ਪਵੇਗਾ। ਨਿਰਸੰਦੇਹ ਜੋ ਸਿਰਜਕ ਹੈ ਉਹ ਵਿਨਾਸ਼ਕ ਨਹੀਂ ਹੋ ਸਕਦਾ। ਜੋ ਉੱਜੜੇ ਮਕਾਨ ਨੂੰ ਸਜੀਲੇ ਘਰ ਦਾ ਰੂਪ ਦਿੰਦੀ ਹੈ ਉਹ ਸਭਿਆਚਾਰਕਤਾ ਦੀ ਸਿਖਰ ਅਖਵਾਏਗੀ। ਬੱਚੇ ਦੇ ਭਵਿੱਖ ਦੀ ਘਾੜੀ, ਖ਼ਾਵੰਦ ਦੀਆਂ ਖ਼ੁਸ਼ੀਆਂ-ਗ਼ਮੀਆਂ, ਸਫਲਤਾਵਾਂ ਅਸਫਲਤਾਵਾਂ ਤੇ ਦੁੱਖਾਂ-ਸੁੱਖਾਂ ਦੀ ਸਾਥੀ, ਦਿਲਬਰ ਦੀ ਪ੍ਰੇਰਨਾ ਦਾ ਧੁਰਾ ਅਤੇ ਬਾਬਲ ਅੰਮੜੀ ਦੀਆਂ ਸੁੱਖਾਂ ਲੋੜਣ ਤੇ ਗ਼ਮ ਪੀਣ ਵਾਲੀ ਇਹੋ ਔਰਤ ਹੈ। ਤਾਂ ਹੀ ਤਾਂ ਸਾਡਾ ਨਾਮਵਰ ਲੇਖਕ ਗੁਰਬਖਸ਼ ਸਿੰਘ

ਪ੍ਰੀਤਲੜੀ ਆਖਦੇ ਕਿ ਕਿਸੇ ਵੀ ਦੇਸ਼ ਦੇ ਸਭਿਆਚਾਰ ਦੇ ਨਾਪ ਦਾ ਪੈਮਾਨਾ ਉਥੋਂ ਦੀ ਔਰਤ ਦੀ ਦਸ਼ਾ ਹੋਇਆ ਕਰਦੀ ਹੈ। ਜਿਸ ਦੇਸ਼ ਦੀ ਔਰਤ ਚਕਲਿਆਂ ਅਤੇ ਕੋਠਿਆਂ ਦੀ ਵਾਸੀ ਬਣ ਜਾਵੇ ਤੇ ਬਲਾਤਕਾਰਾਂ ਦੀ ਸ਼ਿਕਾਰ ਹੋਣ ਲਗ ਪਏ, ਉਥੋਂ ਦੀ ਸਭਿਅਤਾ ਤੇ ਸਭਿਆਚਾਰ ਕਿੰਨਾ ਵੀ ਪ੍ਰਾਚੀਨ ਅਤੇ ਗੌਰਵਸਾਲੀ ਕਿਉਂ ਨਾ ਰਿਹਾ ਹੋਵੇ, ਉਸਦਾ ਅਤੀਤ ਕਿੰਨਾ ਵੀ ਮਹਾਨ ਕਿਉਂ ਨਾ ਰਿਹਾ ਹੋਵੇ ਉਸਦਾ ਭਵਿੱਖ ਸੰਦਿਗਧ ਹੋਵੇਗਾ ਤੇ ਉਸ ਦੀ ਸਭਿਅਤਾ ਗ੍ਰਹਿਣੀ ਜਾਵੇਗੀ।

ਸਾਵੇਂ, ਸਤੁੰਲਿਤ, ਸੁਖਾਵੇਂ, ਸੱਜਰੇ, ਸੁਲਝੇ ਅਤੇ ਬੱਝਵੇਂ ਪਰਿਵਾਰਕ ਸੰਬੰਧ ਅੱਜ ਸਾਡੇ ਸਮਾਜ ਦੀ ਲੋੜ ਹੈ। ਏਡਜ਼ ਦੇ ਭਿਅੰਕਰ ਤੇ ਵਿਕਰਾਲ ਮੂੰਹ ਵਿਚ ਫਸਿਆ ਅਜੋਕਾ ਵਿਸ਼ਵ-ਸਮਾਜ 'ਜੇਕਰ ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੋਂ' ਨੂੰ ਨਹੀਂ ਸਵੀਕਾਰਦਾ ਤਾਂ ਇੱਕੀਵੀਂ ਸਦੀ ਮਨੁੱਖੀ ਵਿਕਾਸ ਦੀ ਬਜਾਇ ਮਨੁੱਖੀ ਵਿਨਾਸ਼ ਦੀ ਸਦੀ ਹੋਵੇਗੀ। ਗੁਰੂ ਸਾਹਿਬਾਨ ਵਲੋਂ ਸੁਝਾਇਆ ਗ੍ਰਿਹਸਥ ਦਾ ਸਰਵੋਤਮ ਰਾਹ ਜਿਸ ਦੀ ਅਵਹੇਲਨਾ ਅੱਜ ਪੱਛਮੀ ਸਮਾਜ (ਤੇ ਕੁਝ ਹੱਦ ਤਕ ਸਾਡਾ ਸਮਾਜ ਵੀ) ਸ਼ਰੇਆਮ ਕਰ ਰਿਹਾ ਹੈ, ਸਾਡੇ ਸਰਬਨਾਸ਼ ਦਾ ਸੂਚਕ ਹੈ ਕਿਉਂਕਿ ਗੁਰਮਤਿ ਅਨੁਸਾਰ

ਜੇ ਲਖ ਇਸਤਰੀਆ ਭੋਗ ਕਰਹਿ
ਨਵਖੰਡ ਰਾਜੁ ਕਮਾਹਿ।
ਬਿਨੁ ਸਤਗੁਰ ਸੁਖੁ ਨਾ ਪਾਵਈ
ਫਿਰਿ ਫਿਰਿ ਜੋਨੀ ਪਾਹਿ।

(ਪੰਨਾ 26)

ਦੋ ਵਕਤ ਦੀ ਅਰਦਾਸ ਵਿਚ ਹਰ ਗੁਰਸਿੱਖ ਜਿਉਂਤਾ ਜਿਨ੍ਹਾਂ ਮਹਾਂ ਵਿਕਾਰਾਂ ਤੋਂ ਬਚਾਉਣ ਲਈ ਪ੍ਰਭੂ ਅੱਗੇ ਅਰਜ਼ੋਈ ਕਰਦਾ ਹੈ ਉਨ੍ਹਾਂ ਵਿਚ 'ਕਾਮ' ਦਾ ਸ਼ੁਮਾਰ ਸਭ ਤੋਂ ਪਹਿਲਾਂ ਹੁੰਦੇ। ਇਹੀ ਕਾਮ ਜੇ ਮਹਾਂ ਰੋਗ ਬਣਕੇ ਕਿਸੇ ਵਿਅਕਤੀ-ਵਿਸ਼ੇਸ਼ ਦੇ ਖਹਿੜੇ ਪੈ ਜਾਵੇ ਤਾਂ ਉਹਦਾ ਬਚਾਓ ਸੰਭਵ ਨਹੀਂ। ਸੰਜਮ ਹਰ ਖੇਤਰ ਦੀ ਲੋੜ ਹੈ ਤੇ ਗ੍ਰਿਹਸਥੀ-ਸੰਬੰਧਾਂ ਵਿਚ ਵੀ ਸੰਜਮ ਹੀ ਸਾਨੂੰ ਆਦਰਸ਼ ਰਾਹਵਾਂ ਤੇ ਲਿਜਾ ਸਕਦਾ ਹੈ ਤੇ ਇਵ ਏਡਜ਼ ਤੋਂ ਬਚਾ ਸਕਦਾ ਹੈ।

ਗੁਰਮਤਿ ਔਰਤ ਨੂੰ ਬਹੁਤ ਮਹਾਨ ਦਰਜਾ ਦੇਂਦੀ ਹੈ ਕਿਉਂਕਿ ਜਿਸ ਤੋਂ ਬਗੈਰ ਸਮਾਜ ਰੂਪ ਗੱਡੀ ਦਾ ਤੁਰ ਸਕਣਾ ਹੀ ਅਸੰਭਵ ਹੈ, ਉਸ ਪ੍ਰਤਿ ਕਿਸੇ ਪ੍ਰਕਾਰ ਦੀ ਦੁਜੈਲੀ ਭਾਵਨਾ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਜਿਸ ਨੇ ਗੁਰੂ ਪੀਰ ਪੈਦਾ ਕੀਤੇ, ਯੋਧੇ ਬਲੀ ਇਸ ਜਗਤ ਵਿਚ ਲਿਆਂਦੇ, ਮਹਾਂਪੁਰਖਾਂ ਦੀ ਜਨਮਦਾਤੀ ਬਣੀ ਗੱਲ ਕੀ ਸਭਿਅਤਾ ਦੀ ਘਾੜੀ ਬਣ ਕੇ ਜਿਸ ਨੇ ਸਲੀਕਾ ਤੇ ਤਰੀਕਾ ਸਿਖਾਇਆ ਤੇ ਦੁਨੀਆ ਨੂੰ ਰਹਿਣਯੋਗ ਬਣਾਇਆ, ਉਹ ਮਹਾਨ ਕਿਓਂ ਨਹੀਂ ਤੇ ਮੰਦੀ ਕਿਓਂ ਹੈ? ਇਸ ਸੰਬੰਧੀ ਸਤਿਗੁਰੂ ਨਾਨਕ ਦੇਵ ਜੀ ਨੇ ਉਦਾਹਰਨਾਂ ਦੇ ਦੇ ਕੇ ਮੂਰਖਾਂ ਦੇ ਖਾਨੇ ਗੱਲ ਪਾਈ ਪਰੰਤੂ ਮਨਮਤਿ ਦੇ ਮੁਦਈ ਅੱਜ ਵੀ ਇਸ ਕਠੋਰ ਸੱਚਾਈ ਵਲੋਂ ਮੂੰਹ ਮੋੜੀ ਬੈਠੇ

ਹਨ ਤੇ ਅੱਜ ਵੀ ਔਰਤ ਨੂੰ ਪੈਰ ਦੀ ਜੁੱਤੀ ਹੀ ਸਮਝੀ ਜਾ ਰਹੇ ਹਨ।

ਸੰਵਿਧਾਨਕ ਤੌਰ 'ਤੇ ਭਾਵੇਂ ਔਰਤ ਮਰਦ ਦੇ ਬਰਾਬਰ ਅਧਿਕਾਰਾਂ ਦੀ ਮਾਲਕ ਹੈ ਪਰੰਤੂ ਵੇਖਣਾ ਤਾਂ ਇਹ ਹੈ ਕਿ ਕੀ ਇਹ ਬਰਾਬਰੀ ਸਮਾਜਿਕ, ਭਾਈਚਾਰਕ ਤੇ ਸਭਿਆਚਾਰਕ ਤੌਰ ਤੇ ਵੀ ਪ੍ਰਾਪਤ ਹੈ। ਜੇਕਰ ਇਸਦਾ ਜਵਾਬ ਨਾਂਵਾਚੀ ਹੈ ਤਾਂ ਵਿਚਾਰਨਾ ਪਵੇਗਾ ਕਿ ਅੱਜ ਵੀ ਮਰਦ ਦੀ ਖ਼ੁਸ਼ੀ ਤੇ ਲੱਜ਼ਤ ਲਈ ਔਰਤ ਫ਼ੈਸ਼ਨ ਸ਼ੋਆਂ ਤੇ ਫ਼ੈਸ਼ਨ ਮੁਕਾਬਲਿਆਂ ਵਿਚ ਪਰਚ ਕੇ ਮੰਡੀ ਦੀ ਵਸਤ ਬਣ ਕੇ ਵਿਕਣ ਦਾ ਮਸੌਦਾ, ਚੰਮ ਦੀ ਗੁੱਡੀ ਤੇ ਵਾਸਨਾ ਦੀ ਪੁਤਲੀ ਹੀ ਕਿਉਂ ਬਣੀ ਰਹਿਣਾ ਲੋਚਦੀ ਹੈ? ਇੱਕੀਵੀਂ ਸਦੀ ਦੀਆਂ ਬਰੂਹਾਂ ਤੇ ਜਦੋਂ ਉਸ ਦਾ ਰੋਲ ਬਦਲ ਰਿਹੈ, ਉਸਦੇ ਕਰਨਗੋਚਰੇ ਬਹੁਤ ਸਾਰੇ ਉਸਾਰੂ ਕੰਮ ਮੌਜੂਦ ਹਨ ਤਾਂ ਉਹ ਕਿਉਂ ਹਾਲੇ ਤੱਕ ਕਾਲਜ-ਸਕੂਲ ਪੱਧਰ ਤੋਂ ਵੀ ਤੀਜ ਦੀਆਂ ਤੀਆਂ ਤੇ ਮਹਿੰਦੀ-ਸ਼ਿੰਗਾਰ ਜਿਹੇ ਮੁਕਾਬਲਿਆਂ ਤੱਕ ਸੀਮਤ ਹੈ। ਔਰਤ ਕੇਵਲ ਕਿਸੇ ਜਿਸਮ ਦਾ ਨਾਂ ਨਹੀਂ ਬਲਕਿ ਇਕ ਸ਼ਕਤੀ ਦਾ ਨਾਂ ਹੈ— ਮਹਾਂ ਸ਼ਕਤੀ ਦਾ, ਦੁਰਗਾ ਦਾ, ਮਹਾਂਕਾਲੀ ਦਾ, ਚੰਡੀ ਦਾ ਅਤੇ ਮਹਾਂਮਾਈ ਦਾ। ਉਹ ਮਾਈ ਭਾਗੋ ਬਣ ਕੇ ਅਜ ਸਮਾਜਿਕ ਬੇਇਨਸਾਫ਼ੀ, ਅਫ਼ਸਰਸ਼ਾਹੀ ਅਤੇ ਤਾਨਾਸ਼ਾਹੀ ਸ਼ਕਤੀਆਂ ਦੇ ਗਲਤ ਇਰਾਦਿਆਂ ਵਿਰੁੱਧ ਕਿਉਂ ਨਹੀਂ ਡੱਟਦੀ। ਕਿਉਂ ਨਹੀਂ ਲੜਦੀ।

ਸਮਾਂ ਬਦਲ ਰਿਹੈ। ਸੋਚ ਬਦਲ ਰਹੀ ਹੈ। ਯੁਗ ਬਦਲ ਰਿਹੈ। ਸਾਡੀ ਔਰਤ ਕਿਉਂ ਨਾ ਬਦਲੇ। ਇਹ ਕਿਉਂ ਨਾ ਗਗਨਾਂ ਦੀਆਂ ਉਡਾਰੀਆਂ ਭਰੇ ? ਪੁਲਾੜਾਂ ਦੀ ਖੋਜੀ ਵੀ। ਪ੍ਰਯੋਗਸ਼ਾਲਾਵਾਂ ਵਿਚ ਸੰਲਗਨ ਵਿਗਿਆਨੀ। ਸਰਬ ਰਾਹ। ਪਹਾੜਾਂ ਨੂੰ ਸਰ ਕਰਨ ਵਾਲੀ। ਸਮੁੰਦਰਾਂ ਦਾ ਮੰਥਨ ਕਰਨ ਵਾਲੀ। ਸਵੈ-ਮਾਣ ਨੂੰ ਕਾਇਮ ਰੱਖਦਿਆਂ ਸਵੈ-ਜਾਗਰਤੀ ਦਾ ਮੁੱਜਸਮਾ। ਹੀਣ ਭਾਵਨਾ ਦੇ ਤਿਆਗ ਲਈ ਗਿਆਨਵਾਨ, ਸੁਸਿਖਿਅਤ ਪੜ੍ਹੀ ਲਿਖੀ, ਸੁਚੇਤ, ਜ਼ਿੰਦਾਦਿਲ, ਸੰਕੀਰਣਤਾ ਤੋਂ ਉਤਾਂਹ। ਇਸ਼ਤਿਹਾਰ ਬਾਜ਼ੀ ਵਿਚ ਨਗਨਤਾ, ਅਸ਼ਲੀਲਤਾ, ਲੱਚਰਤਾ, ਅਤੇ ਫੋਕੇ ਵਿਖਾਵੇ ਤੋ ਪ੍ਰਹੇਜ਼ੀ। ਆਪਣੀਆਂ ਸੰਭਾਵਨਾਵਾਂ ਨੂੰ ਜਾਣੇ। ਆਪਣੀਆਂ ਸਮੱਰਥਾਵਾਂ ਨੂੰ ਪਹਿਚਾਣੇ। ਆਪਣੀਆਂ ਪ੍ਰਾਪਤੀਆਂ ਨੂੰ ਸਮਝੇ ਅਤੇ ਆਪਣੀਆਂ ਹੋਣੀਆਂ ਸਿਰਜਣ ਦੀ ਸ਼ਕਤੀ 'ਤੇ ਕੇਂਦਰਿਤ ਹੋਵੇ। ਦਸਵੇਂ ਪਾਤਿਸ਼ਾਹ ਦਾ ਫ਼ਰਮਾਨ ਹੈ ਕਿ :

"ਕੋਈ ਕਿਸੀ ਕੋ ਰਾਜ ਨਾ ਦੇਹਿ ਹੈ
ਜੋ ਲੇ ਹੈ ਨਿਜ ਬਲ ਸੇ ਲੇ ਹੈ।"

ਇਸ ਲਈ , ਤੰਗਦਿਲੀ, ਸੌੜੇਪਨ ਤੇ ਈਰਖਾ-ਦ੍ਵੈਸ਼ ਤੋਂ ਉੱਪਰ ਉਠ ਕੇ ਆਓ ! ਅੱਜ ਆਪਣੀ ਨਵੀਂ ਪਰਿਭਾਸ਼ਾ ਦੇ ਪਿਛੋਕੜ ਵਿਚ ਆਪਣੇ ਨਵੇਂ ਸਮਾਜ ਦੀ ਸਿਰਜਣਾ ਕਰੀਏ।

❑

ਔਰਤ ਏਕ ਦਰਦ ਅਨੇਕ

ਔਰਤ ਦੀ ਦੁਰਗਤੀ ਦੀ ਕਹਾਣੀ ਦੇ ਇਤਿਹਾਸਕ ਪਿਛੋਕੜ ਵਲ ਤੱਕਿਆਂ ਸਾਡੀਆਂ ਨਜ਼ਰਾਂ ਬੇਸ਼ਕ ਮੱਧਕਾਲ ਤੇ ਪੁੱਜ ਕੇ ਅਹਿੱਲ ਹੋ ਜਾਂਦੀਆਂ ਹਨ ਪਰੰਤੂ ਇਸ ਤੋਂ ਵੀ ਪਿਛਾਂਹ ਝਾਤ ਮਾਰਿਆਂ ਸਪੱਸ਼ਟ ਹੁੰਦਾ ਹੈ ਕਿ ਅਜਿਹੀ ਦੁਰਦਸ਼ਾ ਹਜ਼ਾਰਾਂ ਸਾਲ ਪੁਰਾਣੀ ਹੀ ਨਹੀਂ ਸਗੋਂ ਅਨੰਤ ਕਾਲ ਪੁਰਾਣੀ ਹੈ। ਨਿਰਸੰਦੇਹ, ਇਸਲਾਮ ਦੀ ਆਮਦ ਉਪਰੰਤ ਪਰਿਸਥਿਤੀਆਂ ਵਿਚ ਬੇਹੱਦ ਨਿਘਾਰ ਆਇਆ (ਜਿਸਦਾ ਵਿਸਤਰਿਤ ਦ੍ਰਿਸ਼ ਸਤਿਗੁਰ ਨਾਨਕ ਦੇਵ ਜੀ ਨੇ ਬਾਬਰ ਬਾਣੀ ਵਿਚ ਅੰਕਿਤ ਕੀਤਾ ਹੈ) ਪਰੰਤੂ ਵੈਦਿਕ ਸਾਹਿਤ ਦਾ ਮੁਖ ਆਧਾਰ-ਸੰਹਿਤਾ, ਬ੍ਰਾਹਮਣ, ਆਰਨਾਇਕ, ਉਪਨਿਸ਼ਦ ਅਤੇ ਸੂਤਰ ਸਾਹਿਤ ਆਦਿ ਵਿਚ ਵੀ ਈਸਾ ਸੰਨ ਤੋਂ ਹਜ਼ਾਰਾਂ ਵਰ੍ਹੇ ਪਹਿਲਾਂ ਔਰਤ ਦਾ ਜਿਹੜਾ ਚਿੱਤਰ ਸਨਮੁਖ ਆਉਂਦੇ ਉਹ ਕਤਈ ਵੀ 'ਇਨਸਾਨ' ਵਾਲਾ ਨਹੀਂ ਹੈ। ਹੋਰ ਤਾਂ ਹੋਰ ਸੰਸਾਰ ਦਾ ਇਕ ਐਨਾ ਵਿਖਿਆਤ ਧਰਮ-ਬੁੱਧ ਧਰਮ ਵੀ ਔਰਤ ਨੂੰ ਆਦਮੀ ਦੇ ਬਰਾਬਰ ਮੰਨਣ ਤੋਂ ਮੁਨਕਿਰ ਹੈ। ਮਹਾਤਮਾ ਬੁੱਧ ਤਾਂ ਔਰਤ ਨੂੰ ਸੰਘ ਵਿਚ ਦਾਖਲ ਕਰਨੋਂ ਹੀ ਇਨਕਾਰੀ ਸਨ ਪਰੰਤੂ ਆਪਣੇ ਸ਼ਿਸ਼ ਆਨੰਦ ਦੇ ਹੱਠ ਕਰਨ ਤੇ ਉਨ੍ਹਾਂ ਨੇ ਔਰਤ ਨੂੰ ਸੰਘ ਵਿਚ ਦਾਖਲਾ ਦਿੱਤਾ। ਦਾਖਲਾ ਤਾਂ ਦੇ ਦਿੱਤਾ ਪਰੰਤੂ ਇਸ ਦੀਆਂ ਸ਼ਰਤਾਂ ਬੜੀਆਂ ਸਖਤ ਸਨ। ਔਰਤਾਂ ਜਾਂ ਭਿਖਸ਼ੁਣੀਆਂ 'ਅੰਠ ਗੁਰੂ ਧੰਮ' ਦੀ ਪਾਲਣਾ ਕਰ ਕੇ ਹੀ ਸੰਘ ਵਿਚ ਦਾਖਲ ਹੋ ਸਕਦੀਆਂ ਸਨ ਜਿਨ੍ਹਾਂ ਵਿਚੋ ਪਹਿਲਾ ਨੇਮ ਸੀ ਕਿ ਕੋਈ ਵੀ ਭਿਖਸ਼ੁਣੀ ਭਾਵੇਂ ਉਸਦੀ ਕਮਾਈ ਸੌ ਵਰ੍ਹਿਆਂ ਦੀ ਵੀ ਕਿਉਂ ਨਾ ਹੋਵੇ, ਅਜਿਹੇ ਭਿਖਸ਼ੂ ਨੂੰ ਨਮਸਕਾਰ ਕਰੇਗੀ, ਉਸਦੀ ਆਮਦ ਤੇ ਅਦਬ ਨਾਲ ਖਲੋ ਜਾਵੇਗੀ, ਹਰ ਹਾਲ ਉਸ ਨੂੰ ਨਿਉਂ ਕੇ ਨਮਸਕਾਰ ਕਰੇਗੀ ਅਤੇ ਸਾਰੇ ਉਨ੍ਹਾਂ ਧਰਮਾਂ ਦੀ ਪਾਲਣਾ ਕਰੇਗੀ ਜੋ ਨਿਰਧਾਰਤ ਕੀਤੇ ਗਏ ਹਨ ਭਾਵੇਂ ਉਹ ਭਿਖਸ਼ੂ ਨਵਾਂ ਨਵਾਂ ਹੀ ਦੀਖਿਅਤ ਕਿਉਂ ਨਾ ਹੋਇਆ ਹੋਵੇ। ਦੂਸਰੇ ਲਫ਼ਜ਼ਾਂ ਵਿਚ ਸੌ ਵਰ੍ਹਿਆ ਜਾਂ ਲੰਮੀ ਘਾਲਣਾ ਵਾਲੀ ਬੋਧ ਭਿਖਸ਼ੁਣੀ ਦਾ ਰੁਤਬਾ ਵੀ ਇਕ ਨਵੇਂ ਦੀਖਿਅਤ ਭਿਖਸ਼ੂ ਨਾਲੋਂ ਛੋਟਾ ਰੱਖਿਆ ਗਿਆ ਜੋ ਔਰਤ ਦੇ ਛੋਟੇ ਰੁਤਬੇ ਜਾਂ ਘਟੀਆਪਨ ਦਾ ਲਖਾਇਕ ਸੀ।

ਸੁਕਰਾਤ ਜਿਹੇ ਮਹਾਨ ਚਿੰਤਕ ਨੇ ਵੀ ਔਰਤ ਪ੍ਰਤਿ ਆਪਣੀ ਸੌੜੀ, ਜ਼ਹਿਨੀਅਤ ਦਾ ਪ੍ਰਗਟਾਵਾ ਕਰਦਿਆਂ ਲਿਖਿਆ ਹੈ:— 'ਪ੍ਰਕ੍ਰਿਤੀ ਦੇ ਨਿਯਮਾਂ ਅਨੁਸਾਰ ਇਕ ਹਾਕਮ ਧਿਰ ਹੁੰਦੀ ਹੈ ਦੂਜੀ ਹੁਕਮ ਚਲਾਏ ਜਾਣ ਵਾਲੀ। ਜਿਵੇਂ ਆਜ਼ਾਦ ਵਿਅਕਤੀ ਦੀ ਗੁਲਾਮ ਉਤੇ ਹਕੂਮਤ। ...ਮਰਦ ਦੀ ਔਰਤ ਉੱਤੇ ਹਕੂਮਤ।' ਰੂਸੋ ਜਿਹਾ ਕ੍ਰਾਂਤੀਕਾਰੀ

ਵਿਚਾਰਕ ਇਸ ਤੋਂ ਵੀ ਅਗਾਂਹ ਵਧ ਕੇ ਲਿਖਦੈ, 'ਔਰਤ ਦਾ ਕੰਮ ਹੈ ਮਰਦ ਨੂੰ ਪਾਲਣਾ, ਮਰਦ ਦੇ ਕੰਮ ਆਉਣਾ ਤੇ ਹਰ ਹਾਲਤ ਵਿਚ ਮਰਦ ਨੂੰ ਖੁਸ਼ ਕਰਨਾ 'ਤੇ ਮਨੂ ਕਿਹੜਾ ਕਿਸੇ ਦੀ ਨੂੰਹ ਧੀ ਨਾਲੋਂ ਘੱਟ ਸੀ ਜਿਸ ਨੇ ਫ਼ਰਮਾਨ ਜਾਰੀ ਕਰ ਦਿੱਤਾ ਕਿ ਕੀ ਬਚਪਨ, ਕੀ ਜਵਾਨੀ ਤੇ ਕੀ ਬੁਢੇਪੇ ਵਿਚ ਨਾਰੀ ਨੂੰ ਪਿਤਾ, ਪਤੀ ਤੇ ਪੁੱਤਰ ਦੀ ਅਧੀਨਗੀ ਵਿਚ ਰਹਿਣਾ ਲਾਜ਼ਮੀ ਹੈ। ਚਿੰਤਕਾਂ ਤੇ ਸਮਾਜ ਵਿਗਿਆਨੀਆਂ ਵਾਂਗ ਹੀ ਵਿਭਿੰਨ ਧਰਮਾਂ ਵਿਚ ਵੀ ਔਰਤ ਦੀ ਬੇਹੁਰਮਤੀ ਦੇ ਬਹੁਤ ਸਾਰੇ ਹਵਾਲੇ ਉਪਲਬਧ ਹਨ। ਯਹੂਦੀ ਧਰਮ ਵਾਲਿਆਂ ਦੀ ਅਰਦਾਸ ਵਿਚ ਸ਼ਾਮਲ ਹੈ ਕਿ "ਸ਼ੁਕਰ ਹੈ ਮਾਲਕ ਕਿ ਤੂੰ ਸਾਨੂੰ ਯਹੂਦੀ ਧਰਮ ਤੋਂ ਬਾਹਰ ਪੈਦਾ ਨਹੀਂ ਕੀਤਾ। ਲੱਖ ਵਾਰ ਸ਼ੁਕਰ ਹੈ ਕਿ ਤੂੰ ਸਾਨੂੰ ਔਰਤ ਦੀ ਜੂਨੇ ਪੈਦਾ ਨਹੀਂ ਕੀਤਾ। ਕੁਰਾਨ ਸ਼ਰੀਫ਼ 'ਚ ਇੰਦਰਾਜ ਹੈ ਕਿ 'ਮਰਦ ਆਪਣੇ ਗੁਣਾਂ ਸਦਕੇ ਔਰਤ ਤੋਂ ਉਤਾਂਹ ਹੈ।' ਬਾਈਬਲ ਵਿਚ ਅੰਕਿਤ ਹੈ ਕਿ ਔਰਤ ਵਲੋਂ ਸੇਬ ਖਾਣ ਦੀ ਪੁਸ਼ਟੀ ਤੇ ਸੱਪ ਦੇ ਧੋਖੇ ਦੀ ਗੱਲ ਸੁਣ ਕੇ ਖ਼ੁਦਾ ਨੇ ਉਸਨੂੰ ਸਰਾਪ ਦਿੰਦਿਆਂ ਫੁਰਮਾਇਆ, 'ਜਾਹ, ਰਹਿੰਦੀ ਦੁਨੀਆ ਤੱਕ ਬੱਚੇ, ਜੰਮਣ ਦੀ ਪੀੜ ਵੀ ਜਰ ਤੇ ਮਰਦ ਦੀ ਅਧੀਨਗੀ ਵੀ ਸਹਿ'। ਇੰਵ ਈਸਾਈ ਜਗਤ ਮਰਦ ਔਰਤ ਬਰਾਬਰੀ ਜਾਂ ਔਰਤ ਦੀ ਜ਼ਿਹਨੀ ਜਾਂ ਮਾਨਸਿਕ ਆਜ਼ਾਦੀ ਦੀਆਂ ਲੱਖ ਡੀਗਾਂ ਮਾਰੇ ਹਾਲੇ ਤਕ ਵੀ ਇਨ੍ਹਾਂ ਧਰਤੀਆਂਤੇ ਔਰਤ ਮਰਦ ਦੀ ਉਸੇ ਕੰਮ ਤੇ ਉਸ ਸਮੇਂ ਦੀ ਤਨਖ਼ਾਹ ਵਿਚ ਬਹੁਤ ਅੰਤਰ ਹੈ। ਅਰਥਾਤ ਉਹੀ ਕੰਮ ਤੇ ਘੱਟ ਉਜਰਤ। ਵੀਹਵੀਂ ਸਦੀ ਦੇ ਅੰਤਮ ਚਰਣ ਤੱਕ ਪੁੱਜ ਕੇ ਉਵੇਂ ਜਾਪਦੈ ਭਾਵੇਂ ਇਹੋ ਹੈ ਕਿ ਪੱਛਮੀ ਔਰਤ ਗਗਨਾਂ 'ਚ ਉਡਾਰੀਆਂ ਭਰ ਰਹੀ ਹੈ ਪਰੰਤੂ ਅੰਦਰਖਾਤੇ ਦੀ ਤਸਵੀਰ ਡਾਢੀ ਨਿਰਾਸ਼ਾਜਨਕ ਤੇ ਤ੍ਰਾਸਦਿਕ ਹੈ।

ਤੇ ਵੈਦਿਕ ਸਾਹਿਤ ਵੀ ਇਸ ਪੱਖੋਂ ਕੋਈ ਬਹੁਤ ਉਤਸ਼ਾਹ ਵਰਧਕ ਤਸਵੀਰ ਨਹੀਂ ਵਿਖਾ ਰਿਹਾ। ਉੱਥੇ ਉਹੀ ਔਰਤ ਉੱਤਮ ਮੰਨੀ ਜਾਂਦੀ ਰਹੀ ਜਿਹੜੀ ਮਰਦ ਦੀ ਪੂਰਨ ਸਤੁੰਸ਼ਟੀ ਕਰਾ ਸਕਦੀ ਹੋਵੇ। ਪੁੱਤਰ ਸੰਤਾਨ ਜਣ ਸਕਦੀ ਹੋਵੇ ਅਤੇ ਪਤੀ ਤੋਂ ਵਧ ਚੜ੍ਹ ਕੇ ਕਦੇ ਕੁਛ ਨਾ ਕਹਿੰਦੀ ਹੋਵੇ। 'ਸ਼ਤਪਥ ਬ੍ਰਾਹਮਣ' ਵਿਚ ਉਸੇ ਔਰਤ ਨੂੰ ਵਡਿਆਇਆ ਗਿਆ ਹੈ ਜੋ ਸੁੰਦਰ ਅਤੇ ਆਕਰਸ਼ਕ ਹੋਵੇ। ਸੂਰਤ ਪਖੋਂ ਕੁਹਜੀਆਂ ਔਰਤਾਂ ਪਤੀ ਦੇ ਪ੍ਰੇਮ ਤੋਂ ਵੰਚਿਤ ਮੰਨੀਆਂ ਜਾਂਦੀਆ ਸਨ। ਉਸਨੂੰ ਮਰਦ ਦੀ ਪਿਛਲੱਗ ਹੋਣ ਲਈ ਆਖਿਆ ਗਿਆ। ਯੋਗਤਾ, ਲਿਆਕਤ ਅਤੇ ਸਮਰੱਥਾ ਦੇ ਬਾਵਜੂਦ ਵੇਦਾਂ ਸ਼ਾਸਤਰਾਂ ਦਾ ਵਿਧਾਨ ਉਸਨੂੰ ਪਿਛਲਗਾਮੀ ਬਣਾਉਂਦਾ ਹੈ। ਯੱਗ ਵਿਚ ਇਕ ਦੰਡ (ਸੋਟੀ) ਨੂੰ ਦੋ ਕਪੜਿਆਂ ਵਿਚ ਲਪੇਟਣ ਦੇ ਪ੍ਰਤੀਕਾਤਮਕ ਅਰਥ ਸਨ ਕਿ ਮਰਦ ਦੋ ਪਤਨੀਆਂ ਗ੍ਰਹਿਣ ਕਰਨ ਦਾ ਅਧਿਕਾਰੀ ਹੈ ਪਰੰਤੂ ਕਿਉਂਕਿ ਇਕ ਕਪੜੇ ਦੇ ਟੁਕੜੇ ਨੂੰ ਦੋ ਸੋਟੀਆਂ ਵਿਚ ਨਹੀਂ ਲਪੇਟਿਆ ਜਾਂਦਾ ਇਸ ਲਈ ਔਰਤ ਦੋ ਪਤੀ ਰੱਖਣ ਦੀ ਅਧਿਕਾਰੀ ਨਹੀਂ ਮੰਨੀ ਜਾ ਸਕਦੀ। ਇੰਵ ਪਤੀ ਚਾਹੇ ਪੂਰੇ ਪੂਰੇ ਹਰਮਾਂ ਦਾ ਸਵਾਮੀ ਰਿਹਾ ਹੋਵੇ ਪਰੰਤੂ ਤਰੀਮਤ ਦਾ ਪਤੀ ਇਕੋ ਹੀ ਸੰਭਵ ਹੈ। ਆਦਮੀ ਕੋਠਿਆਂ 'ਤੇ

ਜਾ ਸਕਦਾ ਹੈ ਪਰੰਤੂ ਔਰਤ (ਪਤਨੀ) ਅਜਿਹੇ ਪਤਿਤਆਲੇ (ਬਦਨਾਮ ਅੱਡਿਆਂ) ਤੇ ਕਤਈ ਨਹੀਂ ਸੀ. ਜਾ ਸਕਦੀ। ਇਸੇ ਤਰਾਂ ਧੀਆਂ ਜੰਮਣ ਵਾਲੀ, ਮਰੀ ਔਲਾਦ ਨੂੰ ਜਨਮ ਦੇਣ ਵਾਲੀ ਔਰਤ ਨੂੰ ਤਿਆਗੇ ਜਾਣ ਦਾ ਵਿਧਾਨ ਵੀ ਰਿਹਾ ਹੈ। ਇਕ ਧਰਮ ਸੂਤਰ ਅਨੁਸਾਰ ਨਿਰ ਸੰਤਾਨ ਪਤਨੀ ਨੂੰ ਵਿਆਹ ਦੇ ਦਸ ਸਾਲਾਂ ਪਿੱਛੋ, ਕੰਨਿਆਵਾਂ ਪੈਦਾ ਕਰਨ ਵਾਲੀ ਨੂੰ ਬਾਰਾਂ ਵਰ੍ਹੇ ਪਿੱਛੋ, ਤੇ ਜਿਹਦੇ ਬੱਚੇ ਹੋ ਕੇ ਮਰਦੇ ਜਾਣ ਉਸਨੂੰ ਪੰਦਰਾਂ ਸਾਲਾਂ ਪਿੱਛੋਂ ਛੱਡ ਦੇਣ ਦੀ ਪ੍ਰਥਾ ਦਾ ਸਖ਼ਤਾਈ ਨਾਲ ਪਾਲਣ ਕਰਨ ਦਾ ਨਿਯਮ ਰਿਹੈ ਕਿਉਂਕਿ ਇਸ ਨੂੰ ਔਰਤ ਦੇ ਅਪਰਾਧਾ ਵਿਚ ਸ਼ੁਮਾਰ ਕੀਤਾ ਜਾਂਦਾ ਸੀ। ਵੇਦ-ਪਾਠ ਅਤੇ ਬ੍ਰਹਮਚਾਰ ਦੀ ਔਰਤ ਲਈ ਪੂਰਨ ਮਨਾਹੀ ਸੀ। ਜਨੇਊ ਤੇ ਉਹਦਾ ਕੋਈ ਅਧਿਕਾਰ ਨਹੀਂ ਸੀ ਹੁੰਦਾ। ਹੋਮ-ਹਵਨ ਕਰਨ ਦੀ ਉਸਨੂੰ ਪੂਰਨ ਮਨਾਹੀ ਸੀ। 'ਬ੍ਰਹਦਾਰਣਯਕ, ਉਪਨਿਸ਼ਦ' ਅਨੁਸਾਰ ਮਰਦ ਦੀ ਸੰਭੋਗ ਇੱਛਾ ਦੀ ਤ੍ਰਿਪਤੀ ਨਾ ਕਰਾ ਸਕਣ ਵਾਲੀ ਔਰਤ ਨੂੰ ਕੁੱਟੇ ਮਾਰੇ ਜਾਣ ਦਾ ਵੀ ਵਿਧਾਨ ਸੀ। ਬਹੁਪਤਨੀ, ਉਪ ਪਤਨੀ ਅਤੇ ਗਣਿਕਾ ਸੰਭੋਗ ਦੀ ਆਜ਼ਾਦੀ ਦਾ ਉਲੇਖ ਵੀ ਵਾਰ ਵਾਰ ਵੇਖਣ ਵਿਚ ਆਉਂਦੈ। ਉਸ ਨੂੰ ਅਸ਼ੁੱਭ ਮੰਨਿਆ ਗਿਆ। ਵਿਦਿਆ ਜਾਂ ਧੰਨ ਤਾਂ ਦੂਰ ਰਿਹਾ ਉਹਦਾ ਆਪਣੇ ਜਿਸਮ ਤੇ ਵੀ ਪੂਰਨ ਅਧਿਕਾਰ ਨਹੀਂ ਸੀ। ਉਸ ਨੂੰ ਕੇਵਲ ਭੋਗ-ਵਿਲਾਸ ਦੀ ਸ਼ੈਅ ਹੀ ਪ੍ਰਵਾਨਿਆ ਜਾਂਦਾ ਰਿਹੈ। ਇੱਥੇ ਤੱਕ ਕਿ ਔਰਤ ਨੂੰ ਕੰਗਾਲ ਬਣਾ ਦੇਣ ਲਈ ਕਈ ਮੰਤਰ ਬਣਾਏ ਗਏ ਜਿਨ੍ਹਾਂ ਨੂੰ ਲੋਕ ਪੂਰੀ ਦਿਲਚਸਪੀ ਅਤੇ ਉਤਸ਼ਾਹ ਨਾਲ ਗਾਉਂਦੇ ਹੀ ਨਹੀਂ ਸਨ ਸਗੋਂ ਲਯ ਨਾਲ ਉਚਾਰਦੇ ਵੀ ਸਨ।

ਕੰਨਿਆ ਸਦਾ ਤੋਂ ਸਰਾਪ ਮੰਨੀ ਜਾਂਦੀ ਰਹੀ ਹੈ ਇਸੇ ਲਈ ਉਹਦੇ ਨਾਂ ਨਾਲ ਹਰ ਮੰਦੀ ਧਾਰਨਾ ਜੋੜੀ ਜਾਂਦੀ ਰਹੀ ਹੈ। 'ਮੈਤ੍ਰੇਯਣੀ ਸੰਹਿਤਾ' ਅਨੁਸਾਰ ਨਾਰੀ ਅਸ਼ੁੱਭ ਹੈ। ਯੱਗ ਕਰਦਿਆਂ ਕਿਸੇ ਕੁੱਤੇ, ਸ਼ੂਦਰ ਅਤੇ ਔਰਤ ਵਲ ਨਾ ਤੱਕਣ ਦੀ ਤਾਕੀਦ ਕੀਤੀ ਜਾਂਦੀ ਸੀ। ਕਈ ਉਤਸਵਾਂ ਸਮੇਂ ਦਾਨ ਦੀਆਂ ਅਨੇਕ ਵਸਤਾਂ—ਸੋਨਾ, ਚਾਂਦੀ, ਹਾਥੀ, ਘੋੜੇ, ਗਾਂ ਅਤੇ ਹੋਰ ਕਈ ਚੀਜ਼ਾਂ ਵਾਂਗ ਔਰਤ ਵੀ ਦਾਨ-ਦੱਕਸ਼ਣਾ ਵਿਚ ਦਿੱਤੀ ਜਾਂਦੀ ਸੀ। ਸਚਮੁੱਚ ਸਮਾਜ ਦੀ ਸਿਰਜਕ ਨਾਰੀ ਦੀ ਤੁਲਨਾ ਕੁੱਤੇ ਤੇ ਸ਼ੂਦਰ ਨਾਲ ਕਰਨੀ ਇਕ ਕਹਿਰ ਭਰਿਆ ਵਰਤਾਰਾ ਸੀ ਜਿਸ ਦਾ ਜ਼ਿਕਰ ਸਾਡੇ ਕਿੱਸਾਕਾਰਾਂ ਨੇ ਬੜੀਆਂ ਲੱਜ਼ਤਾਂ ਲੈ ਕੇ ਕੀਤਾ ਹੈ:—

ਵਾਰਿਸ ਰੰਨ ਫ਼ਕੀਰ ਤਲਵਾਰ ਘੋੜਾ
ਚਾਰੇ ਥੋਕ ਇਹ ਕਿਸੇ ਦੇ ਯਾਰ ਨਹੀ

ਅਤੇ

ਭੱਠ ਰੰਨਾਂ ਦੀ ਦੋਸਤੀ ਖੁਰੀਂ ਜਿਨ੍ਹਾਂ ਦੀ ਮੱਤ
ਹੱਸ ਕੇ ਲਾਉਂਦੀਆਂ ਯਾਰੀਆਂ ਰੋ ਕੇ ਦੇਂਦੀਆਂ ਦੱਸ।

ਤੁਲਸੀ ਦਾਸ ਰਚਿਤ ਦੋਹਾ ਵੀ ਇਸ ਤੋਂ ਵੱਖਰੀ ਗੱਲ ਨਹੀਂ ਪ੍ਰਚਾਰਦਾ :—

ਢੋਰ ਗੰਵਾਰ ਸ਼ੂਦਰ ਔਰ ਨਾਰੀ

ਯਹ ਸਭ ਤਾੜਣ ਕੇ ਅਧਿਕਾਰੀ

ਇਸ ਪ੍ਰਕਾਰ, ਪ੍ਰਾਚੀਨ ਸ਼ਾਸਤਰਾਂ ਅਤੇ ਵੈਦਿਕ ਸਾਹਿਤ ਵਿਚ ਔਰਤ ਨੂੰ ਕਿਧਰੇ ਵੀ ਇਕ ਮਨੁੱਖ ਵਾਂਗ ਪ੍ਰਵਾਨਗੀ ਨਹੀਂ ਮਿਲੀ। ਉਸਨੂੰ ਕਠਪੁਤਲੀ ਵਾਂਗ ਉਸੇ ਤਰਾਂ ਨਚਾਇਆ ਟਪਾਇਆ ਗਿਆ ਜਿਵੇਂ ਉਹ ਨਿਰਜਿੰਦ ਮਾਸ ਦਾ ਲੋਥੜਾ ਹੋਵੇ। ਮਰਦ ਦੀ ਅਜਿਹੀ ਇੱਛਾ ਯੁਗਾਂ ਦਾ ਪੈਂਡਾ ਝਾਗਦੀ ਇੱਕੀਵੀਂ ਸਦੀ ਦੀ ਦਹਿਲੀਜ਼ 'ਤੇ ਵੀ ਲਗਪਗ ਉਸੇ ਤਰਾਂ ਹੀ ਕਾਇਮ ਦਾਇਮ ਹੈ ਕਿਉਂਕਿ ਜੇਕਰ ਹਜ਼ਾਰ ਪਿੱਛੇ ਦੋ ਚਾਰ ਕੇਸਾਂ ਵਿਚ ਕੋਈ ਬਦਲਾਓ ਆਇਆ ਵੀ ਹੈ ਤਾਂ ਇਹ ਅਨੁਪਾਤ ਆਟੇ ਵਿਚ ਲੂਣ ਬਰਾਬਰ ਹੈ। ਕੁਲ ਮਿਲਾ ਕੇ ਗਰਭ ਵਿਚ, ਕੋਠਿਆਂ ਤੇ , ਦਾਜ ਦੀ ਵੇਦੀ ਤੇ ਅਤੇ ਜੀਵਨ ਦੇ ਤਮਾਮ ਹੋਰ ਖੇਤਰਾਂ ਵਿਚ ਗਿਣੀਆਂ ਚੁਣੀਆਂ ਔਰਤਾਂ ਨੂੰ ਛੱਡ ਕੇ ਬਾਕੀ ਦੀਆਂ ਕੁੰਭੀ ਨਰਕ ਦੀਆਂ ਹੀ ਪਾਤਰ ਹਨ।



ਅਜੋਕੀ ਮੱਧ ਸ਼੍ਰੇਣਿਕ ਔਰਤ

ਅਜੋਕੀ ਮੱਧ ਸ਼੍ਰੇਣਿਕ ਔਰਤ ਜਿੱਥੇ ਘਰ ਦੀ ਚਾਰ ਦੀਵਾਰੀ ਦੀ ਵਲਗਣ ਉਲੰਘ, ਸਮਾਜਿਕ ਟੋਏ ਟਿੱਬੇ ਟੱਪ, ਪਰੰਪਰਿਕ ਰੀਤੀ ਰਵਾਇਤਾਂ ਨੂੰ ਛੰਡ ਅਤੇ ਦੰਭਾਂ ਪਾਖੰਡਾਂ ਦੀ ਨਗਰੀ ਵਿਸਾਰ ਕੇ ਨਵੀਆਂ ਵੰਗਾਰਾਂ ਅਤੇ ਹੋਣੀਆਂ ਨਾਲ ਜੂਝਣ ਲਈ ਤਤਪਰ ਹੈ ਉੱਥੇ ਸਦੀਆਂ ਤੋਂ ਜੁੜੀਆਂ ਆ ਰਹੀਆਂ ਬਹੁ ਪ੍ਰਕਾਰੀ ਜ਼ਿੰਮੇਵਾਰੀਆਂ ਤੋਂ ਵੀ ਖਹਿੜਾ ਨਹੀਂ ਛੁਡਾ ਸਕਦੀ। ਨਵੀਆਂ ਹੋਣੀਆਂ ਬੇਸ਼ੱਕ ਉਹਦੇ ਸਨਮੁਖ ਹਨ ਪ੍ਰੰਤੂ ਉਹਦਾ ਰੂੜ੍ਹੀਵਾਦੀ ਰੋਲ ਵੀ ਦਿਨ ਰਾਤ ਉਹਦੀਆਂ ਰਾਤਾਂ ਦੀ ਨੀਂਦ ਉਚਾਟ ਕਰੀ ਰਖਦਾ ਹੈ। ਅੱਜ ਦੀ ਮੱਧ ਸ਼੍ਰੇਣਿਕ ਔਰਤ ਚੱਕੀ ਦੇ ਪੁੜਾਂ ਵਿਚਾਲੇ ਪਿਸ ਰਹੀ ਹੈ ਕਿਉਂਕਿ ਘਰੋਂ ਬਾਹਰ ਨਿਕਲਣ ਨਾਲ ਉਹਦੀਆਂ ਜ਼ਿੰਮੇਵਾਰੀਆਂ ਵਿਚ ਅਥਾਹ ਵਾਧਾ ਹੋਇਆ ਹੈ ਪਰੰਤੂ ਘਰ ਵਿਚ ਉਹ ਸਭ ਕੁਝ ਉਵੇਂ ਦੀ ਉਵੇਂ ਕਰਨ ਲਈ ਮਜਬੂਰ ਹੈ ਜਿਵੇਂ ਉਹ ਪੁਰਾਣੇ ਦਿਨਾਂ ਵਿਚ ਕਰਦੀ ਰਹੀ ਹੈ।

ਕਰਵਾਏ ਜਾ ਰਹੇ ਸਮਾਜਿਕ ਤੇ ਡਾਕਟਰੀ ਸਰਵੇਖਣ ਦੱਸਦੇ ਹਨ ਕਿ ਪੜ੍ਹੀਆਂ ਲਿਖੀਆਂ ਤੇ ਨੌਕਰੀ ਕਰਦੀਆਂ ਬਹੁ ਗਿਣਤੀ ਔਰਤਾਂ ਅੱਜ ਬਲੱਡ ਪਰੈਸ਼ਰ, ਹਾਈ ਪਰਟੈਂਸ਼ਨ, ਡਿਪਰੈਸ਼ਨ, ਜਾਂ ਫਿਰ ਹੋਰ ਅਜਿਹੀਆਂ ਮਾਨਸਿਕ ਬੀਮਾਰੀਆਂ ਤੇ ਜ਼ਿਹਨੀ ਰੋਗਾਂ ਦੀਆਂ ਸ਼ਿਕਾਰ ਹੋ ਰਹੀਆਂ ਹਨ ਅਤੇ ਇਹ ਅੰਕੜੇ ਵਧਦੇ ਹੀ ਜਾ ਰਹੇ ਹਨ ਕਿਉਂਕਿ ਮੁਕਾਬਲੇ ਦੀ ਦੌੜ ਵਿਚ ਉਸਨੂੰ ਬਹੁਤ ਕੁਝ ਚਾਹਿਆ ਅਣ-ਚਾਹਿਆ ਕਰਨਾ ਪੈਂਦਾ ਹੈ। ਘਰ ਦੇ ਬੱਚੇ, ਬਜ਼ੁਰਗ, ਪਤੀ ਤੇ ਹੋਰ ਸਭੇ ਆਪੋ ਆਪਣੀਆਂ ਮੰਗਾਂ ਉਸ ਦੇ ਅੱਗੇ ਉਸੇ ਤਰਾਂ ਰਖਦੇ ਹਨ ਜਿਵੇਂ ਉਹ ਪੁਰਾਣੀਆਂ ਔਰਤਾਂ ਅੱਗੇ ਰਖਦੇ ਸਨ। ਮਾਨਸਿਕ ਤੌਰ ਤੇ ਉਹ ਕਿਉਂਕਿ ਹੁਣ ਕਿਸੇ ਨੌਕਰੀ ਨਾਲ ਵੀ ਜੁੜੀ ਹੋਈ ਹੈ ਜਿਸਦੀਆਂ ਆਪਣੀਆਂ ਲੋੜਾਂ ਤੇ ਸੀਮਾਵਾਂ ਹਨ। ਇਸ ਲਈ ਸੁਵਖਤੇ ਤੋਂ ਘੜੀ ਦੀਆਂ ਸੂਈਆਂ ਨਾਲ ਬੱਝੀ ਉਹ ਗਈ ਰਾਤ ਤੱਕ ਪਲਪਲ ਮਰਦੀ ਪਲ ਪਲ ਜਿਊਂਦੀ ਭੱਜੀ ਫਿਰਨ ਲਈ ਮਜਬੂਰ ਹੈ। ਜੇ ਕਰ ਨਿੱਕੇ ਵਡੇ ਸਾਰੇ ਉਹਦੇ ਸਹਿਯੋਗੀ ਨਹੀਂ ਬਣਦੇ, ਉਹਦੇ ਨਿੱਕੇ ਮੋਟੇ ਕੰਮਾਂ ਵਿਚ ਹੱਥ ਨਹੀਂ ਵਟਾਉਂਦੇ ਤੇ ਉਹਦਾ ਖ਼ਾਸ ਖ਼ਿਆਲ ਨਹੀਂ ਰਖਦੇ ਤਾਂ ਉਹ ਖੁਰਦੀ ਖੁਰਦੀ ਇਕ ਦਿਨ ਮੰਜੇ ਤੇ ਜਾ ਪੈਂਦੀ ਹੈ ਤੇ ਕਈ ਭਿਆਨਕ ਬੀਮਾਰੀਆਂ ਸਹੇੜ ਲੈਂਦੀ ਹੈ। ਮੱਧਸ਼੍ਰੇਣਿਕ ਨਾਰੀ ਦੀ ਇਹ ਅੱਜ ਵੱਡੀ ਤ੍ਰਾਸਦੀ ਹੈ।

ਮਹਿੰਗਾਈ ਨੇ ਨੌਕਰੀ ਪੇਸ਼ਾ ਜਮਾਤ ਦਾ ਕਚੂਮਰ ਕੱਢ ਦਿੱਤਾ ਹੈ। ਵਣਜ ਵਪਾਰ

ਵਾਲੇ ਕਮ-ਜ਼-ਕਮ ਰਜ ਕੇ ਰੋਟੀ ਤਾਂ ਖਾਂਦੇ ਹਨ ਪਰੰਤੂ ਬੱਝਵੀਂ ਕਮਾਈ ਦੇ ਬਲਬੂਤੇ ਅੱਜ ਰੋਟੀ ਮਿਲਣੀ ਮੁਸ਼ਕਿਲ ਹੋ ਰਹੀ ਹੈ। ਦੇਸ਼ ਦੀ ਰਾਜਨੀਤਕ ਅਸਥਿਰਤਾ ਨੇ ਜਿੱਥੇ ਮੁਲਕ ਦਾ ਸਾਰਾ ਢਾਂਚਾ ਤਹਿਸ ਨਹਿਸ ਕਰ ਕੇ ਰੱਖ ਦਿੱਤਾ ਹੈ ਉੱਥੇ ਹਰ ਨਾਗਰਿਕ ਵਾਂਗ ਔਰਤ 'ਤੇ ਵੀ ਇਸਦਾ ਬੇਹੱਦ ਘਾਤਕ ਅਸਰ ਪਿਆ ਹੈ। ਪੈਸੇ ਦੀ ਕੀਮਤ ਘਟਦੀ ਜਾ ਰਹੀ ਹੈ ਤੇ ਗ੍ਰਿਹਣੀ ਦੀਆਂ ਚਿੰਤਾਵਾਂ ਦਿਨ-ਬ-ਦਿਨ ਵਧ ਰਹੀਆਂ ਹਨ। ਮਿਲਾਵਟ, ਭ੍ਰਿਸ਼ਟਾਚਾਰ, ਅਨੈਤਿਕਤਾ, ਰਿਸ਼ਵਤਖੋਰੀ ਅਤੇ ਅਸਮਾਨੀ ਛੂੰਹਦੀਆਂ ਕੀਮਤਾਂ ਨੇ ਅੱਜ ਸਭ ਨੂੰ ਬੁਖਲਾ ਦਿੱਤੈ। ਕਿਰਸਾਂ ਕਰਦੀ ਨਾਰੀ ਸਭ ਦੀਆਂ ਸਿਹਤਾਂ ਸੰਭਾਲਦੀ ਆਪਣੀ ਸਿਹਤ ਰੋਲਣ ਲਈ ਮਜਬੂਰ ਹੈ ਕਿਉਂਕਿ ਉਸੇ ਚਾਦਰ ਨਾਲ ਮੂੰਹ ਢਕਣ ਦੀ ਕੋਸ਼ਿਸ਼ ਕਰੇ ਤਾਂ ਪੈਰ ਨੰਗੇ ਹੁੰਦੇ ਜਾਂਦੇ ਹਨ ਤੇ ਜੇ ਪੈਰ ਢਕੇ ਤਾਂ ਮੂੰਹ ਨਹੀਂ ਕੱਜਿਆ ਜਾ ਸਕਦਾ। ਆਪਣੀ ਖੰਡ ਖੰਡ ਹੋ ਰਹੀ ਹੋਂਦ ਨੂੰ ਸਬੂਤੇ ਕਰਨ ਦੇ ਚੱਕਰ ਵਿਚ ਉਹਦੀ ਨੌਕਰੀ ਉਹਦੀ ਅਵੱਸ਼ਕ ਮਜਬੂਰੀ ਬਣ ਗਈ ਹੈ ਤੇ ਇੰਜ ਉਹਦਾ ਆਰਾਮ ਤੇ ਤਫਰੀਹ ਦੇ ਪਲ ਘਟ ਗਏ ਹਨ।

ਕੰਮ ਕਾਜੀ ਥਾਵਾਂ ਵੀ ਬਹੁਤ ਵਾਰ ਹੁਣ ਭ੍ਰਿਸ਼ਟਾਚਾਰ ਦੇ ਅੱਡੇ ਬਣ ਚੁੱਕੇ ਹਨ। ਯੂਨੀਅਨਾਂ ਦੇ ਗੜ੍ਹ। ਵਿਰੋਧੀਆਂ ਦੇ ਟਿਕਾਣੇ ਤੇ ਵਿਹਲੜਾਂ ਦੇ ਕੇਂਦਰ ਜਿੱਥੇ ਕੰਮ ਨਾਲ ਵਾਸਤਾ ਰੱਖਣ ਵਾਲੀਆਂ ਔਰਤਾਂ ਨੂੰ ਆਨੇ ਬਹਾਨੇ ਤੰਗ ਪਰੇਸ਼ਾਨ ਕਰਨ ਦੀਆਂ ਕੋਝੀਆਂ ਹਰਕਤਾਂ ਵੀ ਕੀਤੀਆਂ ਜਾਂਦੀਆਂ ਹਨ ਤੇ ਉਨ੍ਹਾਂ ਨੂੰ ਖੁੱਡੇ ਲਾਉਣ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਹੈ। ਅਨੇਕ ਵਾਰ ਅਫ਼ਸਰ ਮਾਤਹਿਤ ਇਸਤਰੀਆਂ ਨੂੰ ਆਪਣੀਆਂ ਉਂਗਲਾਂ ਤੇ ਨਚਾਉਣ ਲਈ ਬੇਤਾਬ ਰਹਿੰਦੇ ਹਨ ਤੇ ਬੌਸਗਿਰੀ ਕਰਦੇ ਉਨ੍ਹਾਂ ਦਾ ਭਾਵਨਾਤਮਿਕ ਸ਼ੋਸ਼ਣ ਵੀ ਕਰਦੇ ਹਨ। ਨੌਕਰੀ ਕਾਇਮ ਰੱਖਣ ਦੀ ਮਜਬੂਰੀ ਵਿਚ ਅਜਿਹਾ ਵੀ ਹੁੰਦਾ ਹੈ ਕਿ ਬਹੁਤ ਸਾਰੀਆਂ ਔਰਤਾਂ ਕਾਮੁਕ ਰਿਸ਼ਤੇ ਬਣਾਈ ਰੱਖਣ ਲਈ ਲਾਚਾਰ ਹੋ ਜਾਂਦੀਆਂ ਹਨ। ਭਾਵੇਂ ਸੁਪਰੀਮ ਕੋਰਟ ਵਲੋਂ ਕੰਮ ਕਾਜੀ ਥਾਵਾਂ ਤੇ ਹੋ ਰਹੇ ਨਾਰੀ-ਸ਼ੋਸ਼ਣ ਨੂੰ ਰੋਕਣ ਲਈ ਬੜੇ ਸਖ਼ਤ ਕਾਨੂੰਨ ਹੋਂਦ ਵਿਚ ਆ ਚੁੱਕੇ ਹਨ ਪਰੰਤੂ ਕੀ ਹੁਣ ਸ਼ੋਸ਼ਣ ਵਿਚ ਕਮੀ ਆਈ ਹੈ। ਸੋ, ਤਨ ਕਿਸੇ ਨੂੰ ਤੇ ਮਨ ਕਿਸੇ ਨੂੰ— ਫਲਸਰੂਪ ਘਰ ਪਰਿਵਾਰ ਨੂੰ ਬਣਾਈ-ਬਚਾਈ ਰੱਖਣ ਦੀਆਂ ਇੱਛੁਕ ਦੂਹਰੀ ਮਾਰ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ। ਫਰਾਂਸੀਸੀ ਲੇਖਕਾ ਦੀਬੋਵਾ ਕਿੰਨਾ ਸਹੀ ਲਿਖਦੀ ਹੈ ਕਿ 'ਅੱਜ ਵੀ ਸੰਸਾਰ ਪੁਰਖਾਂ ਦਾ ਹੀ ਹੈ। ਔਰਤਾਂ ਦਾ ਇੱਥੇ ਕੁਝ ਵੀ ਨਹੀਂ।' ਘਰ, ਵੰਸ਼, ਪਰਿਵਾਰ, ਕੰਮ, ਵਪਾਰ, ਜਾਇਦਾਦ, ਬੱਚੇ, ਬਜ਼ੁਰਗ, ਰੀਤਾਂ, ਰਿਵਾਜ, ਧਰਮ, ਮਜ਼ਹਬ, ਵਿਖਾਵੇ, ਵਿਸ਼ਵਾਸ ਤੇ ਅੰਧ ਵਿਸ਼ਵਾਸ ਸਾਰੇ ਦੇ ਸਾਰੇ ਮਰਦ ਨਾਲ ਜੁੜੇ ਹੋਏ ਹਨ। ਇੱਥੋਂ ਤੱਕ ਕਿ ਰੱਬ ਦਾ ਤਸੱਵਰ ਵੀ ਮਰਦਊ ਰੂਪ ਵਿਚ ਹੀ ਕੀਤਾ ਗਿਆ ਹੈ। ਹੋਰ ਤਾਂ ਹੋਰ ਘਰ ਦੀ ਤਖ਼ਤੀ 'ਤੇ ਵੀ ਕੇਵਲ ਉਹਦਾ ਹੀ ਨਾਂ। ਘਰ ਦਾ ਮਾਲਕ ਉਹੀ।

ਬੱਚਾ ਜੇਕਰ ਚੰਗਾ ਹੋ ਜਾਵੇ ਤਾਂ ਇਲਜ਼ਾਮ ਲਗਦੇ ਕਿ ਮਾਂ ਦਾ ਵਿਗਾੜਿਆ ਹੋਇਆ

ਹੈ। ਜੇਕਰ ਲਾਇਕ ਨਿਕਲਦੇ ਤਾਂ ਸ਼ਾਬੀਸ਼ੀ ਪਿਤਾ ਨੂੰ ਮਿਲਦੀ ਹੈ ਕਿ ਜ਼ਹੀਨ ਬਾਪ ਦਾ ਜ਼ਹੀਨ ਪੁੱਤਰ ਹੈ। ਮੁੱਕਦੀ ਗੱਲ ਕਿ ਜਨਮ ਤੋਂ ਮਰਨ ਤਕ ਮੂਹਰੀ ਭੂਮਿਕਾ ਦਾ ਲੇਬਲ ਸਦਾ ਤੋਂ ਮਰਦ ਦੀ ਛਾਤੀ ਤੇ ਲਗਦਾ ਆਇਆ ਹੈ ਜਦੋਂ ਕਿ ਸਭ ਫ਼ਰਜ਼ ਆਪਣੇ ਸਾਥੀ ਤੋਂ ਵੱਧ ਚੜ੍ਹ ਕੇ ਉਸਦੀ ਸਾਥਣ-ਸੰਗਣ ਵੀ ਨਿਭਾਉਂਦੀ ਰਹੀ ਹੈ। ਬੇਸ਼ਕ ਉਹਦਾ ਰੋਲ ਅਣਗੌਲਿਆ ਰਿਹਾ ਹੈ, ਦੁਜੈਲਾ ਮੰਨਿਆ ਗਿਆ ਹੈ ਤੇ ਉਸਦੀ ਮਹੱਤਾ ਲਿਖਤ ਵਿਚ ਫੁੱਟ ਨੋਟ ਵਰਗੀ ਰਹੀ ਹੈ ਪਰੰਤੂ ਅਜੋਕੀ ਮੱਧ ਸ਼੍ਰੇਣਿਕ ਔਰਤ ਕੁੱਖ ਤੋਂ ਕਬਰ ਤੱਕ ਦੁਸ਼ਵਾਰੀਆਂ ਹੰਢਾਉਂਦੀ ਤੇ ਆਪਣੇ ਹਮਜੋਲੀ ਤੋਂ ਦੁੱਗਣਾ ਤਿਗੁਣਾ ਘਰੇਗੀ ਬੋਝ ਚੁੱਕਦੀ ਅੱਜ ਇਹ ਮਨਮਾਨੀਆਂ ਬਰਦਾਸ਼ਤ ਕਰਨੋਂ ਇਨਕਾਰੀ ਹੋ ਰਹੀ ਹੈ ਕਿਉਂਕਿ ਹੁਣ ਉਸਨੂੰ ਕੇਵਲ ਆਪਣੀ ਭੂਮਿਕਾ ਦਾ ਹੀ ਅਹਿਸਾਸ ਨਹੀਂ ਸਗੋਂ ਆਪਣੇ ਹੱਕਾਂ ਪ੍ਰਤਿ ਵੀ ਸੋਝੀ ਹੋਈ ਹੈ। ਅੱਜ ਲੋੜ ਹੈ ਕਿ ਪਤੀ, ਸੱਸ ਸਹੁਰਾ, ਬੱਚੇ ਤੇ ਪਰਿਵਾਰ ਦੇ ਹੋਰ ਮੈਂਬਰ ਨੌਕਰੀ-ਸ਼ੁਦਾ ਗ੍ਰਿਹਣੀ ਦੀ ਹਰ ਢੰਗ ਨਾਲ ਸਹਾਇਤਾ ਕਰਨ-ਘਰੇਗੀਂ ਕੰਮਾਂ ਵਿਚ ਵੀ, ਬਾਹਰਲੇ ਕਾਰਜਾਂ ਵਿਚ ਵੀ। ਬਜ਼ੁਰਗਾਂ (ਸੱਸ ਤੇ ਸਹੁਰਾ ਜਾਂ ਮਾਤਾ ਪਿਤਾ) ਨੂੰ ਬੜੇ ਸਦਭਾਵੀ ਤੇ ਮੱਦਦਗਾਰ ਹੋਣ ਦੀ ਹੀ ਜ਼ਰੂਰਤ ਹੈ ਨਾ ਕਿ ਪੁਰਾਤਨਪੰਥੀ ਬਣ ਕੇ ਥੱਕੀ ਹਾਰੀ ਨੂੰਹ ਦਾ ਓੜਕ ਦੇਖਣ ਦੀ ਜੋ ਬਾਹਰਲੀ ਡਿਊਟੀ ਮੁਕਾ ਕੇ ਨਾ ਕੇਵਲ ਮਾਨਸਿਕ ਤੌਰ 'ਤੇ ਹੀ ਥੱਕ ਟੁੱਟ ਜਾਂਦੀ ਹੈ ਸਗੋਂ ਸਰੀਰਕ ਤੇ ਆਤਮਿਕ ਟੁੱਟ ਭੱਜ ਵੀ ਮਹਿਸੂਸ ਕਰਦੀ ਹੈ। ਘਰ ਵਾਲਿਆਂ ਦਾ ਹੌਸਲਾ ਵਧਾਊ ਰੱਵਈਆ ਉਸ ਦੀ ਥਕਾਨ ਲਾਹ ਦੇਵੇਗਾ ਤੇ ਚਾਹ ਦੇ ਮਿਲੇ ਕੱਪ ਬਦਲੇ ਉਹ ਸਭ ਨੂੰ ਭਰਪੂਰ ਕਰ ਦੇਵੇਗੀ।

ਮੇਰੇ ਸ਼ੁਭਚਿੰਤਕ ਭਰਾਓ ! ਆਓ ਅੱਜ ਸਮੁੱਚੀ ਔਰਤ (ਤੇ ਵਿਸ਼ੇਸ਼ ਕਰਕੇ ਮੱਧ ਸ਼੍ਰੇਣਿਕ ਔਰਤ) ਪ੍ਰਤਿ ਕੁਝ ਸੋਚ ਬਦਲੀਏ। ਤੇ ਬਦਲੇ ਸਮੇਂ ਦੀ ਨਬਜ਼ ਪਹਿਚਾਣਦਿਆਂ ਅਜੋਕੀ ਸੂਝਵਾਨ ਨਾਰੀ ਦੇ ਹਮਦਰਦ ਬਣੀਏ।



ਨਾਰੀਤਵ ਦਾ ਸ਼ੋਸ਼ਣ

ਇਸ ਯੁੱਗ ਵਿਚ ਵਿਚਰਦੇ ਆਪਣੇ ਲਾਡਲੇ ਬੱਚਿਆਂ ਦੀ ਨਿਰੰਤਰ ਜ਼ਿੱਦ ਕਾਰਨ ਜਦੋਂ ਵੀ ਕਦੇ ਟੀ.ਵੀ. ਅੱਗੇ ਬੈਠਣ ਲਈ ਮਜਬੂਰ ਹੋਈ ਹਾਂ, ਮੈਂ ਠੰਢੇ ਹਉਕੇ ਭਰ ਕੇ ਅਤੇ ਲੰਮੀ ਆਹ ਲੈ ਕੇ ਉਠ ਜਾਣ ਲਈ ਬੇਬਸ ਹੋ ਜਾਂਦੀ ਰਹੀ ਹਾਂ। ਅੱਖੀਂ ਦੇਖ ਕੇ ਕੋਈ ਮੱਖੀ ਕਿਵੇਂ ਨਿਗਲੇ ? ਸੰਚਾਰ ਮਾਧਿਅਮਾਂ ਰਾਹੀਂ ਹੋ ਰਹੇ ਨਾਰੀ-ਸ਼ੋਸ਼ਣ ਨੂੰ ਕੋਈ ਸੰਵੇਦਨਸ਼ੀਲ ਕਿਵੇਂ ਜਰੇ ! ਨਾਰੀਤਵ ਦੀ ਲੁੱਟ ਖਸੁੱਟ ਨੂੰ ਕੋਈ ਹੱਸਾਸ ਵਿਅਕਤੀ ਕਿਵੇਂ ਬਰਦਾਸ਼ਤ ਕਰੇ ! ਲੱਚਰ, ਅਸ਼ਲੀਲ, ਅਸਾਊ, ਅਸੱਭਿਅਕ, ਭੋਂਡੇ, ਹੋਛੇ, ਜ਼ਲਾਲਤ-ਪੂਰਨ ਅਤੇ ਨਿੰਦਣਯੋਗ ਨਾਰੀ ਕਿਰਦਾਰਾਂ ਤੇ ਉਨ੍ਹਾਂ ਦੇ ਅਸਭਿਆਚਾਰਕ ਤੌਰ ਤਰੀਕਿਆਂ ਅਤੇ ਭੇਖੀ ਅਦਾਕਾਰੀ ਨੂੰ ਕੋਈ ਚੇਤੰਨ ਬੁੱਧੀਜੀਵੀ ਕਿੰਨਾ ਕੁ ਚਿਰ ਅਣਡਿੱਠ ਕਰਦਾ ਰਹੇ ! ਟੀ. ਵੀ 'ਤੇ ਚਲਦੇ ਸ਼ੋਰੀਲੇ ਗਾਣੇ:

—ਮੇਰੀ ਜਾਂ ਇਕ ਚੁੰਮਾ ਉਧਾਰ ਦੇ ਦੇ
ਬਦਲੇ ਮੇਂ ਦਿੱਲੀ ਪੰਜਾਬ ਲੇ ਲੇ।
—ਮੁੱਝੇ ਨੌਂ ਲੱਖਾ ਮੰਗਵਾ ਦੇ ਰੇ
ਓਹ ਸਈਆਂ ਦੀਵਾਵੇ।

ਜਾਂ ਫਿਰ

ਮੁਝੇ ਅੰਗੀਆਂ ਮੰਗਵਾ ਦੇ ਰੇ
ਸੀਨੇ ਸੇ ਲਗਾ ਲੂੰਗੀ।

ਭਲਾ ਨਾਰੀਤਵ ਦਾ ਜਨਾਜ਼ਾ ਕਢਦੇ ਨਹੀਂ ਜਾਪਦੇ ? ਅਜ ਸਾਗਰਾਂ ਚ ਲੱਥਣ ਤੇ ਅੰਬਰੀ ਪੁੱਜਣ ਵਾਲੀ ਨਾਰੀ ਨੂੰ ਕੇਵਲ ਹਾਰ, ਹਮੇਲਾਂ, ਟ ਟੀਆ ਕਪੜਿਆਂ, ਪਹਿਰਾਵਿਆਂ ਜਾਂ ਨਾਚ ਗਾਣਿਆਂ ਤੱਕ ਮਹਿਦੂਦ ਰੱਖਕੇ ਜਾਂ ਉਹਦੀ ਕੇਵਲ ਮਹਿਜ ਸ਼ਰੀਰਕ ਖ਼ੂਬਸੂਰਤੀ ਵਿਖਾਲਣ ਖ਼ਾਤਿਰ ਝਰਨਿਆਂ-ਚਸ਼ਮਿਆਂ ਜਾਂ ਪਹਾੜਾਂ ਹੇਠ ਨਗਨ/ਅਰਧ ਨਗਨ ਇਸ਼ਨਾਨ ਕਰਦਿਆਂ ਵਿਖਾਉਣਾ ਨਾ ਕੇਵਲ ਕਿਸ਼ੋਰੇ ਯੁਵਕਾਂ ਲਈ ਹੀ ਤਬਾਹਕੁਨ ਹੈ ਸਗੋਂ ਇਸਤਰੀਤਵ ਦੀ ਵੀ ਸ਼ਰੇਆਮ ਲੁੱਟ। ਨਾ ਕੇਵਲ ਦੇਸੀ ਵਿਦੇਸੀ ਟੀ.ਵੀ. ਚੈਨਲਾਂ ਤੋਂ ਹੀ, ਸਗੋਂ ਸਿਨੇਮਾ ਜਗਤ, ਇਸ਼ਤਿਹਾਰਾਂ ਦੀ ਦੁਨੀਆ, ਅਖ਼ਬਾਰੀ-ਸੰਸਾਰ, ਰਸਾਲਿਆਂ ਦੀ ਨਗਰੀ, ਰਾਗ ਰੰਗ ਦੀਆਂ ਮਹਿਫਲਾਂ, ਆਧੁਨਿਕ ਹੋਟਲੀ/ਮੋਟਲੀ ਸਨਅਤ, ਸੈਰ ਸਪਾਟਾ ਸਥੱਲਾਂ, ਅਤੇ ਹੁਸਨ ਦੀ ਦੁਨੀਆਂ ਗੱਲ ਕੀ ਆਧੁਨਿਕਤਾ ਦੇ ਕਥਿਤ ਨਾਂ ਨਾਲ ਜੁੜੇ ਹਰੇਕ ਅਜੋਕੇ ਅਤਿ ਹੁਸੀਨ ਮੁਕਾਮ ਤੇ ਨਾਰੀਤਵ ਦੀ

ਅਰਥੀ ਢੋਈ ਜਾ ਰਹੀ ਹੈ। ਪਾਠਕੋ ! ਅਸਲ ਸੁਹੱਪਣ ਨੰਗੇਜ ਵਿਚ ਨਹੀਂ ਕੱਜਣ ਵਿਚ ਹੈ। ਸੁਹਜ ਨਗਨਤਾ ਵਿਚ ਨਹੀਂ ਢਕਣ ਦੇ ਸਲੀਕੇ ਵਿਚ ਹੈ। ਖ਼ੂਬਸੂਰਤੀ ਲੱਚਰਤਾ ਵਿਚ ਨਹੀਂ ਸਗੋਂ ਸ਼ਰਮ ਹਯਾਪੂਰਨ ਮਰਯਾਦਾ ਵਿਚ ਹੈ।

'ਸਰਕਾਏ ਲੀਓ ਖਟੀਆ ਜਾੜਾ ਲਗੇ'

ਜਾਂ

'ਚੋਲੀ ਕੇ ਪੀਛੇ ਕਿਆ ਹੈ'

ਆਦਿ ਗਾਣਿਆਂ ਦਾ ਫਿਲਮਾਂਕਣ ਤ੍ਰੀਮਤਪਣੇ ਦਾ ਸ਼ਰੇਆਮ ਸ਼ੋਸ਼ਣ ਹੈ। ਕਲਾ ਤੇ ਅਦਾਕਾਰੀ ਦੇ ਨਾਂ ਤੇ ਇਸਤਰੀਤਵ ਦੀ ਖੁੱਲੀ ਵਿੱਕਰੀ। ਨਾਰੀਤਵ ਦਾ ਮੰਡੀਕਰਨ। ਮਾਂ ਦੀ ਮਮਤਾ ਦਾ ਦੁਰ ਉਪਯੋਗ। ਔਰਤ ਦੇ ਜਿਸਮ ਦਾ ਵੱਧ ਤੋਂ ਵੱਧ ਵਿਖਾਲਾ ਕਰਕੇ ਰਾਤੋ ਰਾਤ ਕਰੋੜਪਤੀ ਬਣਨ ਦੀ ਲਾਲਸਾ। ਨਾਰੀਤਵ ਦੇ ਸ਼ੋਸ਼ਣ ਦੇ ਭਾਗੀਦਾਰ ਇੱਕਲੇ ਮਰਦ ਨਹੀਂ। ਸਸਤੀ ਸ਼ੁਹਰਤ, ਫੋਕੀ ਵਾਹਵਾ, ਵਕਤੀ ਪ੍ਰਸਿੱਧੀ ਅਤੇ ਹੋਰਨਾਂ ਨੂੰ ਮਿੱਧ ਕੇ ਅਗਾਂਹ ਲੰਘਣ ਦੀ ਹੋੜ ਕਾਰਨ ਖ਼ੁਦ ਨਾਰੀ ਹੀ ਨਾਰੀਤਵ ਲਈ ਘਾਤਕ ਬਣ ਰਹੀ ਹੈ। ਹੱਲੀਵੁਡ ਤੋਂ ਵੀ ਬਾਜ਼ੀ ਮਾਰਨ ਦੀ ਭੁੱਖ। ਜਟੀ ਖਣੀ ਮੈਡੋਨਾ, ਪੈਮਿਲਾ, ਮਾਰਲਿਨ ਮੁਨਰੋ ਤੇ ਲਿਜ਼ ਟੇਲਰ ਜਿਹੀ ਸੈਕਸੀ ਬਣ ਕੇ ਖ਼ਬਰਾਂ ਵਿਚ ਛਾ ਜਾਣਾ ਲੋਚੇ ਪਰ ਉਨ੍ਹਾਂ ਦੇ ਜੀਵਨ ਦੇ ਆਹਲਾ ਪਹਿਲੂਆਂ ਤੇ ਸਿਆਹੀ ਫੇਰ ਦੇਣ। ਪੱਛਮ ਦੇ ਨਾਂਹਮੁਖੀ ਪੱਖਾਂ ਦੀ ਅੰਧਾਧੁੰਦ ਨਕਲ। ਨਾਰੀਤਵ 'ਤੇ ਇਹ ਅਸਹਿ ਤੇ ਅਕਹਿ ਵਾਰ।

'ਪੰਜ ਦਰਿਆ' ਰਸਾਲੇ ਦੇ ਪੰਨੇ ਉਲਟਦਿਆਂ ਨਜ਼ਰੀ ਪਿਆ ਇਕ ਆਰਟੀਕਲ —'ਗੀਤ ਗਰਮ ਰੀਤ ਬੇਸ਼ਰਮ'। 'ਨਜ਼ਾਰੇ ਆਸ਼ਕ ਦੇ' ਤੇ 'ਮੇਰਾ ਲੱਕ ਦੁਖਦਾ', ਪੰਜਾਬੀ ਕੈਸਿਟਾਂ ਦੇ ਰੈਪਰ ਵੇਖਦਿਆਂ ਦਿਲ ਮਸੋਸਿਆ ਗਿਆ, ਅੱਖਾਂ ਝੁਕ ਗਈਆਂ ਤੇ ਮਨ ਖੌਲ੍ਹ ਉਠਿਆ। ਨਾਰੀਤਵ ਦੀ ਬਲੀ ਦਿੰਦਾ ਰੈਪਰ ਮਨਚਲਿਆ ਨੂੰ ਕਿਸ ਕਦਰ ਉਕਸਾਉਂਦਾ ਹੈ। ਤੋਬਾ ! ਖ਼ੁਦਾਇਆ। ਕੌਣ ਨੋਟਿਸ ਲਵੇ ? ਕੌਣ ਠੱਲ੍ਹ ਪਾਵੇ ਇਸ ਲੱਚਰਤਾ ਨੂੰ। ਨਵੀਂ ਜਵਾਨੀ ਨੂੰ ਕਿਹੜਾ ਬਚਾਊ। ਇਸ ਕਾਮ ਉਕਸਾਊ ਉਤੇਜਨਾ ਨੂੰ ਕੌਣ ਰੋਕੂ ? ਐਵੇਂ ਨਹੀਂ ਚੰਡੀਗੜ੍ਹ ਦੇ ਸਕੂਲੀ ਸਰਵੇਖਣ ਦੀਆਂ ਰਿਪੋਰਟਾਂ 'ਦੀ ਟ੍ਰਿਬਿਊਨ' ਵਿਚ ਪ੍ਰਕਾਸ਼ਿਤ ਹੋਈਆ ਕਿ ਦਸ ਹਜ਼ਾਰ ਗਰਭਪਾਤਾਂ ਪਿੱਛੇ ਪੰਜ ਹਜ਼ਾਰ ਗਰਭਪਾਤ ਸਕੂਲਾਂ ਦੇ ਮੁੰਡੇ ਕੁੜੀਆਂ ਦੀ ਸ਼ਰੇਆਮ ਲਿੰਗ ਖੇਡ ਦਾ ਸਿੱਟਾ ਹਨ। ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਣ ਤੋਂ ਵੀ ਪਹਿਲਾਂ ਕੱਚੀਆਂ ਕੰਵਾਰੀਆ ਜਿੰਦੜੀਆਂ ਦੇ ਗਲਤ ਕਦਮਾਂ ਦਾ ਨਤੀਜਾ। ਸ਼ੋਸ਼ਣ ਇੱਥੇ ਵੀ ਔਰਤਪੁਣੇ ਦਾ ਹੀ ਹੈ। ਕੋਈ ਕਲੀ ਗਰਭਪਾਤ ਸਮੇਂ ਦਮ ਤੋੜ ਜਾਂਦੀ ਹੈ ਤੇ ਕੋਈ ਸਾਰੀ ਉਮਰ ਲਈ ਬਾਂਝ। ਕੋਈ ਸਮਾਜ ਵਲੋਂ ਨੱਕਾਰੀ ਜਾਂਦੀ ਹੈ ਤੇ ਕੋਈ ਮਾਪਿਆਂ ਵਲੋਂ ਫਿਟਕਾਰੀ। ਕੋਈ ਚਕਲਿਆਂ ਵਿਚ ਪਹੁੰਚਾ ਦਿੱਤੀ ਜਾਂਦੀ ਹੈ ਤੇ ਕੋਈ ਦੇਹ ਵਪਾਰ ਵਿਚ ਸ਼ਾਮਲ ਹੋ ਜਾਂਦੀ ਹੈ। ਕੁਝ ਕਰ ਗੁਜ਼ਰਨ ਦੀ ਵਰੇਸੇ ਕਈ ਕੰਵਾਰੀਆਂ ਮਾਵਾਂ ਬਣਨ ਲਈ ਮਜਬੂਰ। ਕੋਈ ਕਚਹਿਰਿਆਂ ਵਿਚ

ਜਣੇ ਬੱਚੇ ਸੁੱਟਣ ਲਈ ਲਾਚਾਰ। ਨਿੱਤ ਦਿਹਾੜੇ ਨਵਜਾਤ ਸ਼ਿਸ਼ੂਆਂ ਦੀ ਬਰਾਮਦਗੀ ਨਾਰੀਤਵ ਲਈ ਕਿਹੜਾ ਗੌਰਵ ਹੈ ਭਲਾ ? ਵਿਦੇਸ਼ਾਂ ਵਿਚ ਵੈਲਫੇਅਰ ਸਟੇਟਾਂ ਹਨ। ਨਜਾਇਜ਼ ਬੱਚਿਆਂ ਦੀਆਂ ਮਾਵਾਂ ਲਈ ਲੱਖਾਂ ਹੀ ਸਹੂਲਤਾਂ। ਤਨਖਾਹ ਸਮੇਤ ਛੁੱਟੀਆਂ। ਸਰਕਾਰੀ ਮਕਾਨ ਵਾਧੂ। ਉੱਧਰ ਤਾਂ ਜਾਇਜ਼ਾਂ ਦੀ ਗਿਣਤੀ ਹੋਊ; ਨਜਾਇਜ਼ ਅਣਗਿਣਤ। ਇੰਞ ਮਾਂ ਜਿਸਨੂੰ ਅਬਰਾਹੀਮ ਲਿੰਕਨ ਧਰਤੀ ਦੀ ਸਭ ਤੋਂ ਮਹਾਨ ਹਸਤੀ ਦਸਦੈ, ਅੱਜ ਆਪਣੇ ਮਾਂਪਣ (ਮਮਤਾ) ਤੋਂ ਦਿਸ਼ਾਹੀਣ ਤੇ ਦਸ਼ਾਹੀਣ ਹੋ ਰਹੀ ਹੈ ਜਿਹਦੇ ਬਾਰੇ ਕਦੇ ਸ਼ਾਇਰ ਲਿਖਿਆ ਕਰਦੇ ਸਨ:

ਮਾਂ ਵਰਗਾ ਘਣਛਾਵਾਂ ਬੂਟਾ ਮੈਨੂੰ ਨਜ਼ਰ ਨਾ ਆਵੇ
ਲੈ ਕੇ ਜਿਸ ਤੋਂ ਛਾਂ ਉਧਾਰੀ ਰੱਬ ਵੀ ਸਵਰਗ ਬਣਾਏ।
ਬਾਕੀ ਕੁਲ ਦੁਨੀਆ ਦੇ ਬੂਟੇ ਜੜ੍ਹ ਸੁੱਕਿਆਂ ਮੁਰਝਾਉਂਦੇ।
ਪਰ ਮਾਂ ਬੂਟਾ ਐਸਾ ਜੋ ਫੁੱਲ ਸੁੱਕਿਆ ਮੁਰਝਾਵੇ।

ਮਮਤਾ ਇਕ ਕੋਮਲ ਅਹਿਸਾਸ ਹੈ। ਇਕ ਪਵਿੱਤਰ ਜ਼ਿੰਮੇਵਾਰੀ। ਇਕ ਮੁਹੱਬਤ ਦਾ ਆਲਮ। ਇਕ ਪਾਕੀਜ਼ਗੀ ਦਾ ਖ਼ਜ਼ਾਨਾ। ਬਰਕਤਾਂ ਦਾ ਦਾਮਨ। ਕੁਰਬਾਨੀ ਦਾ ਮੁਜੱਸਮ। ਅਨੰਤਤਾ ਦਾ ਨਾਂ। ਅਖੁੱਟਤਾ ਦੀ ਥਾਂ। ਕਿਉਂ ਦਾਗ਼ੀ ਕਰ ਰਹੇ ਹੋ ਇਸ ਮਮਤਾ ਦੀ ਕੁੱਖ ਨੂੰ। ਇਸ ਵਾਤਸਲ ਸਨੇਹ ਦੇ ਭੰਡਾਰ ਨੂੰ। ਗੁਰਬਾਣੀ ਨਾਰੀ ਦੇ ਇਸ ਭਰਪੂਰ ਰੂਪ ਕਾਰਨ ਹੀ ਸਮੂਹ ਵਿਅਕਤੀਆਂ ਨੂੰ 'ਨਾਰੀ ਰੂਪ' ਵਜੋਂ ਸਵੀਕਾਰਦੀ ਹੈ:

ਇਸ ਜਗੁ ਮਹਿ ਪੁਰਖੁ ਏਕੁ ਹੈ
ਹੋਰ ਸਗਲੀ ਨਾਰਿ ਸਬਾਈ।

(ਪੰਨਾ 564)

ਮੁਹੱਬਤ ਦਾ ਢੌਂਗ ਕਰਨ ਵਾਲੇ ਮਰਦ ਦੇ ਇਕ ਇਸ਼ਾਰੇ 'ਤੇ ਫਿਦਾ ਹੋ ਜਾਣ ਵਾਲੀ ਉਹਦੇ ਇਕ ਅਪਣੱਤ ਭਰੇ ਬੋਲ 'ਤੇ ਝੂਮ ਉੱਠਣ ਵਾਲੀ, ਉਹਦੀ ਇਕ ਸਦਾ ਤੇ ਆਪਾ ਲੁਟਾ ਦੇਣ ਵਾਲੀ ਤੇ ਉਹਦੀ ਗ਼ਲਤ ਮੰਗ 'ਤੇ ਆਪਣਾ ਤਨ, ਮਨ ਤੇ ਧਨ ਸੌਂਪ ਦੇਣ ਵਾਲੀ ਨਾਰੀ ਮੁੜ ਬਹੁਤ ਵਾਰ ਕੰਡਿਆਲੀਆਂ ਰਾਹਾਂ ਤੇ ਤੁਰਨ ਲਈ ਲਾਚਾਰ ਹੋ ਜਾਂਦੀ ਹੈ। ਕੰਡਿਆਂ ਭਰੇ ਪੈਂਡੇ ਦੀ ਸਾਥੀ ਜਾਂ ਫਿਰ ਕੋਠਿਆਂ ਦੀ ਜ਼ਲਾਲਤ-ਭਰੀ ਜ਼ਿੰਦਗੀ ਜਿਉਣ ਲਈ ਮਜਬੂਰ। ਸੰਵੇਦਨਸ਼ੀਲ ਕਵੀ ਦੇ ਜਜ਼ਬਾਤ ਕਿੰਨੇ ਅਰਥ-ਗਰਭਿਤ ਹਨ ਇਸ ਮਰਹਲੇ 'ਤੇ:

ਤਾਰਿਆਂ ਨੂੰ ਤੋੜ ਕੇ ਜ਼ੁਲਫ਼ਾਂ 'ਚ ਟੰਗਣ ਵਾਲਿਓ।
ਜ਼ੁਲਫ ਕਿਸੇ ਮੁਟਿਆਰ ਦੀ ਬਾਜ਼ਾਰ 'ਚ ਖੋਲ੍ਹੀ ਗਈ।
ਔਹ ਕੋਈ ਪੂੰਜੀਪਤੀ ਬੁੱਢੜਾ ਵਿਆਹਿਆ ਜਾ ਰਿਹੈ।
ਔਹ ਕਿਸੇ ਸ਼ਮਸ਼ਾਨ ਵਲ ਮੁਟਿਆਰ ਦੀ ਡੋਲੀ ਗਈ।

ਨਾਰੀਤਵ ਦਾ ਜਨਾਜ਼ਾ ਕੱਢਦੇ ਕੁਝ ਨੰਗੇ ਸੱਚ ਰੂਬਰੂ ਕਰਦਿਆਂ ਮੇਰੇ ਅੰਤਸ਼ਕਰਣ

ਦੀ ਦੁਹਾਈ ਹੈ ਕਿ ਮੈਂ ਆਪਣੀਆਂ ਧੀਆਂ ਭੈਣਾਂ ਨੂੰ ਘੱਟੋ ਘੱਟ ਜ਼ਰੂਰ ਕੁਝ ਟੁੰਬਾਂ ਜਿਹੜੀਆਂ ਆਪਣੇ ਨਾਰੀ-ਗੌਰਵ ਨੂੰ ਭੁੱਲ ਕੇ ਵਕਤੀ ਵਾਹਵਾ ਜਾਂ ਪਦਾਰਥਵਾਦ ਦੀ ਅੰਨ੍ਹੀ ਦੌੜ ਵਿਚ ਸ਼ਾਮਲ ਹੋਣ ਲਈ ਕਮਰ ਕੱਸੀ ਫਿਰਦੀਆਂ ਹਨ। 'ਕੋਈ ਕਿਸੀ ਕੋ ਰਾਜ ਨਾ ਦੇਹ ਹੈ ਜੋ ਲੇਹੁ ਹੈ ਨਿਜ ਬੱਲ ਸੇ ਲੇਹੁ ਹੈ।' ਦਾ ਸ਼ਾਹੀ ਫੁਰਮਾਨ ਗੁਰੂ ਗੋਬਿੰਦ ਸਿੰਘ ਜੀ ਦੀ 'ਨਿਸਚੇ ਕਰ ਆਪਣੀ ਜੀਤ ਕਰਹੁ' ਨੀਤੀ ਦੀ ਸ਼ਾਹਦੀ ਭਰਦੈ ਜਿਹੜਾ ਅੱਜ ਨਾਰੀਤਵ ਲੁਟਾ ਰਹੀਆਂ ਤੇ ਲੁੱਟਦਾ ਤੱਕ ਰਹੀਆਂ ਮੇਰੀਆਂ ਸਾਥਣਾਂ-ਸਹੇਲੀਆਂ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਆਰੰਭਦੀ ਹਾਂ ਇਸ ਕਰੂਰਤਾ ਨੂੰ ਦੁਨੀਆਂ ਦੇ ਅਤਿ ਵਿਕਸਿਤ ਮਹਾਂਨਗਰ ਨਿਊਯਾਰਕ ਤੋਂ ਜਿੱਥੇ ਦਸ ਵਰ੍ਹਿਆਂ ਤੋਂ ਹਸਪਤਾਲ ਵਿਖੇ ਬੇਹੋਸ਼ੀ ਹੰਢਾ ਰਹੀ ਇਕ ਕਾਲਜੀਏਟ ਕੁੜੀ ਨੇ ਪਿਛਲੇ ਦਿਨੀਂ ਇੱਥੇ ਇਕ ਲੜਕੇ ਨੂੰ ਜਨਮ ਦਿੱਤਾ। ਮਾਨਸਿਕ ਤੌਰ ਤੇ ਮੋਈ ਪਰੰਤੂ ਜਿਸਮਾਨੀ ਤੌਰ ਤੇ ਜੀਵਤ ਉਣੱਤੀ ਸਾਲਾ ਇਹ ਮੁਟਿਆਰ ਦਸ ਸਾਲਾਂ ਤੋਂ ਬੇਹੋਸ਼ੀ ਵਿਚ ਪਈ ਹੈ। ਹਸਪਤਾਲੀ ਸਟਾਫ਼ ਦੀ ਨਿਗਰਾਨੀ ਹੇਠ ਜੇਰੇ ਇਲਾਜ ਇਸ ਯੁਵਤੀ ਦਾ ਬਲਾਤਕਾਰ ਕਰਨ ਵਾਲੇ ਤੇ ਇਸਨੂੰ ਗਰਭਵਤੀ ਕਰਨ ਵਾਲੇ ਸਮਾਜ ਦੇ ਕਿਹੜੇ ਕਾਰਕੁਨ ਹਨ ? ਇਹ ਉਹਦੇ ਭੋਲੇ ਮਾਪਿਆਂ ਦੀ ਹਾਲੇ ਤੱਕ ਸਮਝੋਂ ਬਾਹਰੀ ਗੱਲ ਹੈ। ਲੜਕੀ ਦੇ ਹਮਲ ਨੂੰ ਗਿਰਾਉਣ ਦੀਆਂ ਸਾਜ਼ਿਸ਼ਾਂ ਉਹਦੇ ਮਾਪਿਆਂ ਨੇ ਜ਼ਰੂਰ ਅਸਫਲ ਬਣਾ ਦਿੱਤੀਆਂ ਹਨ। ਜਿਸ ਧਰਤੀ ਤੇ ਲੱਖਾਂ ਬੱਚੇ ਨਜਾਇਜ਼ ਔਲਾਦ ਵਜੋਂ ਜਨਮਦੇ ਅਤੇ ਵਿਚਰਦੇ ਹਨ ਉੱਥੇ ਇਹੋ ਜਿਹੀ ਅੱਲੋਕਾਰੀ ਤੇ ਦੁੱਖਦਾਇਕ ਘਟਨਾ ਨਾਰੀਤਵ ਦਾ ਜ਼ਾਹਰਾ ਸ਼ੋਸ਼ਣ ਨਹੀਂ ਹੈ ? ਗਜ਼ਬ ਸਾਈਂ ਦਾ। ਜੇਲ੍ਹ ਦੀ ਸੀਖਾਂ ਪਿੱਛੇ ਵੱਖ ਵੱਖ ਥਾਈਂ ਕੈਦ ਪਤੀ ਪਤਨੀ ਪਿਛਲੇ ਦਿਨੀਂ ਚਰਚਾ ਦਾ ਵਿਸ਼ਾ ਬਣੇ ਕਿਉਂਕਿ ਸਾਲ ਭਰ ਤੋਂ ਪਤੀ ਤੋਂ ਵਿਛੜੀ ਪਤਨੀ ਨੇ ਜੇਲ੍ਹ ਵਿਚ ਹੀ ਬੱਚੇ ਨੂੰ ਜਨਮ ਦਿੱਤਾ ਹੈ। ਪਤੀ ਦੀ ਹਾਲ ਪਹਿਰਿਆਂ ਦਬਾ ਦਿੱਤੀ ਗਈ ਹੈ ਤੇ ਪਤਨੀ ਦੇ ਤ੍ਰੀਮਤਪਣ ਨਾਲ ਖੁੱਲ੍ਹ ਖੇਡਣ ਵਾਲੇ ਉਹਦੇ ਇਰਦ ਗਿਰਦ ਦੇ ਸਰਕਾਰੀਏ ਦਰਬਾਰੀਏ ਛਾਤੀ ਚੌੜੀ ਕਰਕੇ ਦਗੜ ਦਗੜ ਕਰਦੇ ਫਿਰਦੇ ਹਨ। ਕਿਹੜਾ ਕਾਨੂੰਨ ਇਸ ਨਾਰੀ ਦਾ ਗਵਾਚਾ ਨਾਰੀਪਣ ਮੋੜੇਗਾ ? ਕਿਹੜਾ ਸਮਾਜ ਇਹਦੀ ਲੁੱਟੀ ਮਾਨਸਿਕਤਾ ਦਾ ਇਵਜ਼ਾਨਾ ਦੇ ਸਕੇਗਾ ? ਹੈ ਸਾਡੇ ਸਮਾਜ ਕੋਲ ਇਹਦਾ ਕੋਈ ਜਵਾਬ ?

ਕਿਧਰੇ ਧੀਆਂ ਕਲਿਯੁਗੀ ਪਿਊਆਂ ਵਲੋਂ ਆਪਣੇ ਨਾਰੀਪਣ ਤੋਂ ਪਤਿਤ ਹੋ ਰਹੀਆਂ ਹਨ। ਕਿਧਰੇ ਮਰਦ ਦੇ ਮੋਢੇ ਨਾਲ ਮੋਢਾ ਡਾਹ ਕੇ ਸਮਾਜਿਕ ਪਰਿਵਰਤਨ ਲਈ ਜੁਟ ਰਹੀਆਂ ਔਰਤਾਂ (ਝਾਰਖੰਡ ਅੰਦੋਲਨਕਾਰੀ) ਬਲਾਤਕਾਰਾਂ ਦੀਆਂ ਭਾਗੀ ਬਣ ਰਹੀਆਂ ਹਨ। ਕਿਤੇ ਜੰਗਾਂ ਯੁੱਧਾਂ ਦੇ ਨਜ਼ਲੇ ਦੀਆਂ ਪਾਤਰ ਬਣ ਕੇ ਆਪਣੇ ਇਸਤਰੀਪਣ ਤੋਂ ਹੱਥ ਧੋ ਰਹੀਆਂ ਹਨ (ਬੋਸਨੀਆਂ/ਕਸ਼ਮੀਰ) ਕਿਧਰੇ ਬਾਲ ਵਿਆਹ ਰੋਕਣ ਦੀ ਕੋਸ਼ਿਸ਼ ਕਰਦਿਆਂ ਭੰਡਾਰੀ ਦੇਵੀ (ਰਾਜਿਸਥਾਨ) ਜਿਹੀਆਂ ਸਮਾਜ ਸੇਵਿਕਾਵਾਂ ਦਰਜਨਾਂ ਗੁੰਡੇ ਕਾਨੂੰਨ ਤੋੜਕਾਂ ਦੇ ਜਬਰ ਜਿਨਾਹ ਦੀਆਂ ਸ਼ਿਕਾਰ ਬਣ ਰਹੀਆਂ ਹਨ। ਨਾਰੀਤਵ

ਲੁਟਾ ਕੇ ਫੂਲਾਂ ਦੇਵੀ ਤੋਂ ਡਕੈਤ ਰਾਣੀ ਬਣ ਜਾਣ ਲਈ ਮਜਬੂਰ ਔਰਤ ਕਾਨੂੰਨ ਦੀਆਂ ਨਜ਼ਰਾਂ ਵਿਚ ਵੀ ਰੜਕਦੀ ਹੈ ਤੇ ਕੁਲੀਨ ਵਰਗੀ ਲੋਕਾਂ ਦੀਆਂ ਅੱਖਾਂ ਵਿਚ ਵੀ ਪਰੰਤੂ ਅੱਧਖੜ੍ਹ ਉਮਰੀ ਸਮਾਜ ਸੇਵੀ ਭੰਡਾਰੀ ਦੇਵੀ (ਜੋ ਬ੍ਰਾਹਮਣ ਵਰਗ ਨਾਲ ਸੰਬੰਧਿਤ ਸੀ) ਲਈ ਕਾਨੂੰਨਦਾਨਾਂ ਦਾ ਫੈਸਲਾ: "ਬਲਾਤਕਾਰ ਨੌਜਵਾਨ ਹੀ ਕਰ ਸਕਦੇ ਹਨ। ਕਿਉਂਕਿ ਕਥਿਤ ਦੋਸ਼ੀ ਅੱਧਖੜ੍ਹ ਉਮਰ ਦੇ ਹਨ ਇਸ ਲਈ ਸਮਾਜ ਦੇ ਇੱਜ਼ਤ ਆਬਰੂ ਵਾਲੇ ਤਬਕੇ ਨਾਲ ਸੰਬੰਧਿਤ ਹੋਣ ਕਰਕੇ ਜ਼ਬਰ ਜਿਨਾਹ ਕਰਨ ਦੀ ਘਿਣਾਉਣੀ ਹਰਕਤ ਨਹੀਂ ਕਰ ਸਕਦੇ।" ਉਹਦੇ ਪਤੀ ਦੀ ਹਾਲ ਦੁਹਾਈ ਤੇ ਡਾਕਟਰੀ ਮੁਆਇਨਾ ਰਿਪੋਰਟਾਂ ਆਦਿ ਕੋਈ ਵੀ ਉਹਦੇ ਖੋਹੇ ਨਾਰੀਤਵ ਨੂੰ ਮੋੜ ਨਹੀਂ ਸਕੀਆਂ। ਪਿਛਲੇ ਵਰ੍ਹੇ ਜਦੋਂ ਸਤਾਰਾਂ ਸਾਲਾ ਮਾਸੂਮ ਕਲੀ ਦੀ ਹਯਾ ਰੋਲ ਕੇ ਉਹਦੇ ਵਿਆਹਦੜ੍ਹ ਲਾੜੇ ਅਤੇ ਹੋਰ ਬਰਾਤੀਆਂ ਨੇ ਹਿਮਾਚਲ ਦੇ ਕਿਸੇ ਨਾਲੇ ਵਿਚ ਉਸ ਨੂੰ ਸੁੱਟ ਦਿੱਤਾ ਸੀ ਤੇ ਕੁਝ ਰਾਹਗੁਜ਼ਰਾਂ ਨੇ ਉਹਦੇ ਰੱਤੇ ਚੂੜੇ ਤੇ ਚਮਕਦੇ ਕਲੀਰਿਆਂ ਨੂੰ ਤੱਕਦਿਆਂ ਉਸਨੂੰ ਹਸਪਤਾਲ ਪਹੁੰਚਾਇਆ ਸੀ। ਵਿਆਹ ਦਾ ਸੁਪਨ ਸੰਸਾਰ ਚਿਤਵਦੀ ਇਸ ਬਦਨਸੀਬ ਧੀ ਦੀ ਡੋਲੀ ਵੀ ਘਰ ਨਾ ਪਹੁੰਚਣ ਦਿੱਤੀ ਗਈ। ਦਮ ਤੋੜਨ ਤੋਂ ਪਹਿਲਾਂ ਓਸ ਸਾਰੀ ਵਿਥਿਆ ਸੁਣਾ ਦਿੱਤੀ ਸੀ ਕਿ ਓਸਦੇ ਜਿਸਮ ਨੂੰ ਨੋਚਣ ਲੱਗਿਆਂ ਓਸ ਦਾ ਕਥਿਤ ਪਤੀ ਤੇ ਹੋਰ ਸ਼ਰਾਬੀ ਬਰਾਤੀਏ ਵਧ ਚੜ੍ਹਕੇ ਟੁੱਟੇ ਜਿਨ੍ਹਾਂ ਨੇ ਇਕ ਕਲੀ ਨੂੰ ਮਿੱਧ ਕੇ ਉਸਨੂੰ ਮੌਤ ਦੀ ਅਗੋਸ਼ ਵਿਚ ਪਹੁੰਚਾ ਦਿੱਤਾ। ਨੈਣਾ ਸਾਹਨੀ ਨੂੰ ਮਾਰ ਮੁਕਾ ਕੇ ਤੰਦੂਰ ਵਿਚ ਉਹਦਾ ਖੁਰਾ ਖੋਜ ਮਿਟਾਉਣ ਵਾਲਾ ਉਹਦਾ ਪਤੀ ਹੀ ਸੀ। ਤੇ ਅਜੇ ਅਖ਼ਬਾਰੀ ਸੁਰਖੀਆਂ ਦੀ ਸਿਆਹੀ ਨਹੀਂ ਸੁਕੀ ਕਿ ਸਰਹਿੰਦ ਨਹਿਰ ਵਿਚ: ਪਤੀ ਤੇ ਉਹਦੇ ਗੁੰਡੇ ਦੋਸਤਾਂ ਵਲੋਂ ਬਲਾਤਕਾਰ ਦਾ ਸ਼ਿਕਾਰ ਹੋਈ ਹਰਜਿੰਦਰ ਕੌਰ ਰੁੜ੍ਹੀ ਜਾਂਦੀ ਬਚਾਈ ਗਈ। ਪੰਗਾਂ ਦੀ ਮੱਦਦ ਨਾਲ ਵੱਡੀ ਨਹਿਰ ਵਿਚੋਂ ਕੱਢੀ ਗਈ ਹਰਜਿੰਦਰ ਨੇ ਮੰਡੀ ਗੋਬਿੰਦਗੜ੍ਹ ਦੇ ਹਸਪਤਾਲ ਵਿਚ ਹੌਲਨਾਕ ਬਿਆਨ ਦਿੱਤਾ ਕਿ ਉਹਦੇ ਆਪਣੇ ਪਤੀ ਨੇ ਹੀ ਉਸਨੂੰ ਸਿਨੇਮਾ ਵਿਖਾਉਣ, ਸ਼ਰਾਬ ਪਿਲਾਉਣ ਦੇ ਘੁਮਾਉਣ ਫਿਰਾਉਣ ਦਾ ਲਾਲਚ ਦੇ ਕੇ ਸੁੰਨ ਮਸਾਨ ਥਾਂ ਤੇ ਲਿਆਂਦਾ ਜਿੱਥੇ ਉਸਨੇ ਕਈ ਹੋਰ ਬੰਦਿਆਂ ਨਾਲ ਉਸਦਾ ਇਸਤਰੀਤਵ ਲੁੱਟਿਆ ਤੇ ਨਹਿਰ ਵਿਚ ਧੱਕਾ ਦੇ ਦਿੱਤਾ।" ਪਤੀ ਪਰਮੇਸ਼ਰ 'ਤੇ ਸ਼ੱਕ ! 'ਚੀਰ ਵਾਲੇ' ਤੇ ਸ਼ੁਬਹਾ ! 'ਅੰਨਦਾਤੇ' ਤੇ ਅਵਿਸ਼ਵਾਸ ! ਹੇ ਖੁਦਾਇਆ ! ਨਾਰੀ ਕਰੇ ਤਾਂ ਕੀ ? ਕਿਹਦੇ 'ਤੇ ਭਰੋਸਾ ਕਰੇ ? ਕਿਹਦੇ 'ਤੇ ਟੇਕ ਰੱਖੇ। ਸਕੇ ਭਰਾਵਾਂ ਚਚੇਰੇ, ਮਸੇਰੇ ਤੇ ਮਮੇਰੇ ਭਰਾਵਾਂ ਹੱਥੋਂ ਆਪਣਾ ਨਾਰੀਤਵ ਲੁਟਵਾਉਣ ਵਾਲੀਆਂ ਬਦਨਸੀਬਾਂ ਦੀ ਸੂਚੀ ਸ਼ੈਤਾਨ ਦੀ ਆਂਦਰ ਜਿੰਨੀ ਲੰਮੀ ਹੈ। ਅੱਜ ਮੇਰੇ ਜ਼ਿਹਨ ਵਿਚ ਬਾਬੇ ਨਾਨਕ ਦੀ ਬਾਣੀ ਧੁੰਨਕਾਰਾਂ ਦੇ ਰਹੀ ਹੈ ਜਿਸਨੇ ਸਦੀਆਂ ਪੂਰਵ ਜੋ ਫ਼ਰਮਾਇਆ ਸੀ ਉਹ ਅੱਜ ਵੀ ਉਤਨਾ ਹੀ ਕੌੜਾ ਸੱਚ ਹੈ:—

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ।

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ।

ਨਾਰੀਤਵ ਦੇ ਅਜਿਹੇ ਤ੍ਰਾਸਦਿਕ ਸ਼ੋਸ਼ਣ ਦਾ ਸੰਕੇਤ ਦਿੰਦਿਆਂ ਹੀ ਸਤਿਗੁਰੂ ਨਾਨਕ ਦੇਵ ਲਿਖਦੇ ਹਨ:

ਜਿਨ੍ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ।
ਸੇ ਸਿਰਿ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ।
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ।
....
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ।
ਹੀ ਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ।

ਇਸ ਸ਼ੋਸ਼ਣ ਦੀ ਇੰਤਹਾ ਦਾ ਸੰਕੇਤ ਗੁਰਬਾਣੀ ਦੀਆਂ ਨਿਮਨ ਲਖਤ ਸਤਰਾਂ ਤੋਂ ਸਪਸ਼ਟ ਹੈ :

ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ।
ਇਕਨਾ ਪੇਰਣ ਸਿਰ ਖੁਰ ਪਾਟੇ ਇਕਨਾ ਵਾਸੁ ਮਸਾਣੀ ।
ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ ।

(ਪੰਨਾ, 418)

ਜਦੋਂ ਸੱਚ ਦੇ ਸਾਖਿਅਤ ਰੂਪ ਗੁਰੂ ਨਾਨਕ ਹਿੰਦੂ, ਮੁਸਲਮਾਨ, ਭੱਟਾਂ ਅਤੇ ਠਾਕੁਰਾਂ ਦੀਆਂ ਬੀਵੀਆਂ ਦੇ ਇਸਤਰੀਤਵ ਲੁੱਟੇ ਜਾਣ ਦਾ ਅੱਖੀ ਡਿੱਠਾ ਬਿਰਤਾਂਤ ਸਿਰਜਦੇ ਹਨ ਤਾਂ ਕਿਸੇ ਪ੍ਰਕਾਰ ਦੇ ਸ਼ੰਕੇ-ਸੰਸੇ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿ ਜਾਂਦੀ। ਇਵੇਂ ਹੀ ਜਦੋਂ 1947 ਦੀ ਦੇਸ਼-ਵੰਡ ਉਪਰੰਤ ਨਾਰੀਤਵ ਦੀ ਅਰਥੀ ਰੋਲੀ ਗਈ ਤਾਂ ਉਸ ਵਕਤ ਦੀ ਸਭ ਤੋਂ ਹਰਮਨ ਪਿਆਰੀ ਤੇ ਚਰਚਿਤ ਕਵਿੱਤਰੀ ਅੰਮ੍ਰਿਤਾ ਕੁਰਲਾ ਉੱਠੀ, ਵੈਣ ਪਾਉਣ ਲੱਗੀ ਤੇ ਸੈਂਕੜੇ ਵਰ੍ਹੇ ਪਹਿਲਾਂ ਹੋ ਚੁੱਕੇ ਵਾਰਿਸ਼ ਸ਼ਾਹ ਨੂੰ ਪੁਕਾਰ ਪੁਕਾਰ ਕੇ ਕਹਿਣ ਲੱਗੀ:

ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ ।
ਅੱਜ ਲੱਖ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ ।
ਉੱਠ ਦਰਦਮੰਦਾਂ ਦਿਆ ਦਰਦੀਆ ਵੇ ਉੱਠ ਤੱਕ ਆਪਣਾ ਪੰਜਾਬ ।
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ ।

ਜਦੋਂ ਦਿੱਲੀ ਦਰਬਾਰ ਅਤੇ ਸਮੁੱਚੇ ਦੇਸ਼ ਵਿਚ ਖੁਸ਼ੀਆਂ-ਖੇੜਿਆਂ ਤੇ ਜਸ਼ਨਾਂ ਦੇ ਦੌਰ ਚਲ ਰਹੇ ਸਨ ਉਦੋਂ ਵੀ ਲੱਖਾਂ ਪੰਜਾਬਣਾਂ ਤੇ ਬੰਗਾਲਣਾਂ ਦੇ ਨਾਰੀਤਵ ਸਰੇ ਬਾਜ਼ਾਰ ਮਧੋਲੇ ਜਾ ਰਹੇ ਸਨ। ਬੰਗਲਾ ਦੇਸ਼ ਦੀ ਫਤਹਿ ਸਮੇਂ ਜੇਤੂ ਫੌਜੀਆਂ ਵਲੋਂ ਸ਼ੋਸ਼ਿਤ ਤ੍ਰੀਮਤਪਣ ਦਾ ਹਵਾਲਾ ਦਿੰਦਿਆਂ ਡਾ. ਹਰਿਭਜਨ ਸਿੰਘ (ਪਦਮਾ ਨਦੀ ਬਾਰੇ) ਲਿਖਦੇ :—

ਨਗਨ ਯੋਨੀਆਂ ਜਣ ਦਿੱਤੇ ਜੇ ਕੀੜ ਮਕੌੜੇ
ਨਸਲ ਮਨੁੱਖ ਦੀ ਕੀੜ ਮਕੌੜਾ ਹੋ ਜਾਵੇਗੀ ।

ਨਿਰਸੰਦੇਹ, ਲੜਾਈ ਦਾ ਅਖਾੜਾ ਭਾਵੇਂ ਬੰਗਲਾ ਦੇਸ਼ ਹੋਵੇ ਜਾਂ ਬੋਸਨੀਆ, ਈਰਾਕ, ਈਰਾਨ ਹੋਵੇ ਜਾਂ ਇਗਲਿਸਤਾਨ, ਕਸ਼ਮੀਰ ਹੋਵੇ ਜਾਂ ਕੁੰਪਵਾੜਾ ਪਹਿਲਾ ਤੇ ਆਖਰੀ ਹੱਲਾ ਹੁੰਦੈ ਨਾਰੀਤਵ 'ਤੇ; ਉਹਦੇ ਜਤ ਸਤ ਤੇ, ਇਹਦੇ ਨਾਰੀ ਗੌਰਵ 'ਤੇ ਜਿਹਦਾ ਫਲ ਹੈ ਮਨੁੱਖ ਦੀ ਕੀੜ ਮਕੌੜਾ ਨੁਮਾ ਨਾਜਾਇਜ਼ ਨਸਲ । ਜਬਰੀ ਹਮਲ । ਠੋਸੇ ਗਰਭ । ਛੱਡੇ ਤਾਂ ਕੋਹੜੀ ਖਾਵੇ ਤਾਂ ਕਲੰਕੀ । ਗਰਭਪਾਤ ਜਿੱਥੇ ਮਾਂਪੁਣੇ ਦਾ ਕਤਲ ਹੈ ਉੱਥੇ ਗਰਭ ਤਿਲ ਤਿਲ ਕੱਟ ਕੇ ਮਾਰਨ ਦਾ ਮੁਕਾਮ ਵੀ । ਹੈ ਕੋਈ ਦਰਦੀ ਇਸ ਮਰਹਲੇ ਤੇ ਜਿਹੜਾ ਨਾਰੀਪਣ ਦੇ ਇਸ ਸ਼ੋਸ਼ਣ ਦਾ ਕੋਈ ਦਵਾ ਦਾਰੂ ਕਰ ਸਕੇ ?

ਪਿੱਛੇ ਜਿਹੇ ਚੀਨ/ਹਾਂਗ ਕਾਂਗ ਤੋਂ ਖ਼ਬਰਾਂ ਆਈਆਂ ਸਨ ਕਿ ਲੜਕੀਆਂ ਦੇ ਭਰੂਣ (ਫੀਟਸ) ਆਮ ਦੁਕਾਨਾਂ ਤੋਂ ਡਾਲਰ ਡਾਲਰ ਵਿਚ ਆਸਾਨੀ ਨਾਲ ਮਿਲਦੇ ਹਨ ਜਿਨ੍ਹਾਂ ਨੂੰ ਮਾਸ ਦੇ ਸ਼ੌਕੀਨ ਦੂਜਿਆਂ ਵਾਂਗ ਬੜੇ ਚਟਖਾਰੇ ਲਾ ਕੇ ਭੁੰਨ ਭੁੰਨ ਕੇ ਖਾਂਦੇ ਹਨ । 'ਹਮ ਏਕ ਹਮਾਰਾ ਏਕ' ਦੇ ਵਿਧਾਨ ਦੇ ਲਾਗੂ ਹੁੰਦਿਆਂ ਚੀਨੀ (ਏਸ਼ਿਆਈ ਜ਼ਿਹਨੀਅਤ) ਲੋਕ ਗਰਭ ਟੈਸਟਾਂ ਉਪਰੰਤ ਉਦੋਂ ਤਕ ਗਰਭਪਾਤ ਕਰਵਾਈ ਚਲੇ ਜਾਂਦੇ ਹਨ ਜਦੋਂ ਤੱਕ ਗਰਭ ਵਿਚਲਾ ਬੱਚਾ ਲੜਕਾ ਸਿੱਧ ਨਹੀਂ ਹੋ ਜਾਂਦਾ । ਪੁੱਤਰ ਲਾਲਸਾ ਹੇਠ ਚਿੱਟੇ ਦਿਨ ਨਾਰੀਤਵ ਦਾ ਗਲਾ ਘੁਟਿਆ ਜਾ ਰਿਹੈ । ਅਣਜੰਮੀਆਂ ਧੀਆਂ ਦੇ ਟੋਟੇ ਟੋਟੇ ਕੀਤੇ ਜਾ ਰਹੇ ਹਨ । ਕੁੜੀਮਾਰਾਂ ਦੀ ਗਿਣਤੀ ਅੱਜ ਸ਼ੈਤਾਨ ਦੀ ਆਂਦਰ ਵਾਂਗ ਵਧਦੀ ਜਾ ਰਹੀ ਹੈ ਭਾਵੇਂ ਸਾਡੇ ਸਾਰੇ ਧਰਮ ਆਚਾਰੀਆ ਕੁੜੀ-ਮਾਰ ਨਾਲ ਸੰਬੰਧ ਬਣਾਉਣੋਂ ਵਰਜਦੇ ਰਹੇ ਹਨ । ਸਾਡੇ ਰਹਿਤਨਾਮੇ ਕੁੜੀਮਾਰਾਂ ਨਾਲ ਸਮਾਜਿਕ ਬਾਈਕਾਟ ਦਾ ਰਾਹ ਸੁਝਾਉਂਦੇ ਰਹੇ ਹਨ ਪਰੰਤੂ ਇੱਕੀਵੀਂ ਸਦੀ ਦੀਆਂ ਬਰੂਹਾਂ 'ਤੇ ਖੜ੍ਹੇ ਸਾਡੇ ਆਧੁਨਿਕ ਸਮਾਜ ਵਿਚ ਕੋਈ ਵਿਰਲਾ ਬਾਂਝਾ ਹੀ ਹੋਵੇਗਾ ਜੋ ਇਸ ਬੱਜਰ ਪਾਪ ਤੋਂ ਮੁਕਤ ਹੋਵੇ । ਪੰਜ ਧੀਆਂ ਦੀ ਮਾਂ ਨੇ ਜਦੋਂ ਛੇਵੀਂ ਧੀ ਦਾ ਕੁੱਖ ਵਿਚ ਹੀ ਗਲਾ ਘੁਟਵਾਇਆ ਤਾਂ ਉਹ ਪਾਗਲਾਂਹਾਰ ਹੋ ਕੇ ਕੁਰਲਾ ਉੱਠੀ । ਅਣਜੰਮੀ ਧੀ ਉਸਨੂੰ ਸੁੱਤਿਆਂ-ਜਾਗਦਿਆਂ ਰੋਂਦੀ ਤੇ ਜਿਉਣ ਲਈ ਤਰਲਾਉਂਦੀ ਦਿਸੇ । ਇੱਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਅਜਿਹੇ ਗਰਭਪਾਤਾਂ ਪਿੱਛੇ ਮਾਂ ਨਾਲੋਂ ਦੂਜੇ ਨਾਤੇ-ਪਿਤਾ, ਦਾਦਕੇ ਜਾਂ ਨਾਨਕੇ ਅਹਿਮ ਭੂਮਿਕਾ ਨਿਭਾਉਂਦੇ ਹਨ । ਕਈ ਵਾਰ ਨਾਰੀ ਵੀ ਨਾਰੀਤਵ ਦੀ ਦੁਸ਼ਮਣ ਬਣੀ ਦਿਸਦੀ ਹੈ ਤੇ ਮਰਦ ਵੀ ਉਸਦਾ ਸੰਘਾਰਕ (ਦੂਹਰੀ ਮਾਰ ਦੀ ਸ਼ਿਕਾਰ ਅਜੋਕੀ ਤ੍ਰੀਮਤ ਆਪਣਾ ਤ੍ਰੀਮਤ-ਪਣ ਬਚਾਵੇ ਤਾਂ ਕਿਵੇਂ? ਪੱਥਰ, ਇੱਟ, ਵੱਟਾ ਜਾਂ ਰੋੜਾ ਕਹਾਉਂਦੀ ਜੰਮਦੀ ਧੀ ਜੇਕਰ ਮਰ ਜਾਂਦੀ ਹੈ ਤਾਂ ਬਜ਼ੁਰਗ ਮਾਵਾਂ ਅਫਸੋਸ ਕਰਨ ਦੀ ਥਾਵੇਂ ਸਗੋਂ ਗਾਉਂਦੀਆਂ ਹਨ:

ਗੁੜ ਖਾਈਂ ਪੂਣੀ ਕੱਤੀਂ
ਆਪ ਨਾ ਆਈਂ ਵੀਰ ਨੂੰ ਘੱਤੀਂ ।

ਵਿਕਾਸਸ਼ੀਲ ਦੇਸ਼ਾਂ ਵਿਚ ਆਪਣੇ ਪਹਿਲੇ ਜਨਮ ਦਿਨ ਤੱਕ ਲੱਖਾਂ ਦੀ ਤਾਦਾਦ ਵਿਚ ਮਰ ਮੁੱਕ ਜਾਣ ਵਾਲੀਆਂ ਬੱਚੀਆਂ ਮਾਪਿਆਂ ਦੇ ਹੀ ਵਿਤਕਰੇ ਦਾ ਸ਼ਿਕਾਰ ਹੁੰਦੀਆਂ ਹਨ। ਇਨ੍ਹਾਂ ਵਿਚੋਂ ਇਕ ਚੌਥਾਈ ਆਪਣੀ ਪੰਦਰ੍ਹਵੀਂ ਵਰ੍ਹੇ ਗੰਢ ਤੱਕ ਸਦੀਵੀ ਅਲਵਿਦਾ ਆਖ ਜਾਂਦੀਆਂ ਹਨ। ਅਜਿਹਾ ਬਹੁਗਿਣਤੀ ਨਾਰੀਤਵ ਦੇ ਸ਼ੋਸ਼ਣ ਕਾਰਨ ਅਤੇ ਹੋਰ ਅਣਗਿਣਤ ਦੂਈ ਦ੍ਵੈਤ ਭਰੇ ਸਲੂਕ ਕਰਕੇ। ਜੈਸਲਮੇਰ ਦੇ ਇਕ ਪਿੰਡ ਦੀ ਹੀ ਤ੍ਰਾਸਦੀ ਨਹੀਂ ਸਗੋਂ ਅਜਿਹੇ ਕਰੂਰ ਸੱਚ ਹਜ਼ਾਰਾਂ ਲੱਖਾਂ, ਪਿੰਡਾਂ—ਕਸਬਿਆਂ, ਕਬੀਲਿਆਂ ਤੇ ਫਿਰਕਿਆਂ ਦੀ ਹੋਣੀ ਬਣ ਚੁੱਕੇ ਹਨ ਜਿੱਥੇ ਦਹਾਕਿਆਂ ਤੋਂ ਕਿਸੇ ਕ ਨਿਆਂ ਦੀ ਡੋਲੀ ਨਹੀਂ ਨਿਕਲੀ। ਕਦੇ ਕੋਈ ਬਾਰਾਤ ਨਹੀਂ ਢੁੱਕੀ। ਕਦੇ ਕਿਸੇ ਬਾਪ ਨੂੰ ਧੀ ਦੇ ਸਹੁਰਿਆਂ ਅੱਗੇ ਨਿਵਣਾ ਨਹੀਂ ਪਿਆ। ਓ ਦੁਨੀਆ ਦੇ ਗ਼ਾਫਿਲ ਬੰਦਿਓ। ਸਮਾਜ ਦੀ ਸਿਰਜਕ, ਪਾਲਕ, ਸੰਚਾਲਕ, ਵਿਹਾਰਕ ਤੇ ਰਾਜ਼ਕ ਔਰਤ ਦੇ ਖਿਲਾਫ਼ ਅਜਿਹੇ ਛੜਯੰਤਰ ! ਉਸਦੀ ਜੰਮਣ ਸਾਰ ਹੱਤਿਆ। ਅੱਕ, ਧਤੂਰੇ, ਰੇਤ ਤੇ ਸਾਹ ਘੁੱਟਣ ਨਾਲ ਮੌਤ। ਸੰਸਾਰ ਨਾਲ ਆਖ਼ਰ ਪੁੱਤਾਂ ਦੀ ਗੰਢ ਕੌਣ ਪੁਆਊ? ਕੌਣ ਵੀਰਾਂ ਦੀਆਂ ਕਲਾਈਆਂ ਤੇ ਰੱਖੜੀ ਬੰਨ੍ਹੂ ? ਕੌਣ ਫੁਲਕੇ ਪਕਾ ਕੇ ਅੱਸੀਆ ਪਾਊ ? ਕੌਣ ਸ਼ਗਨਾਂ ਦੇ ਸਿਹਰੇ ਸਜਾਊ ? ਕੌਣ ਮੁਹਾਠਾਂ ਤੇ ਖੜ੍ਹ ਕੇ ਪੁੱਤਾਂ ਲਈ ਅਰਦਾਸਾਂ ਕਰੂ।

ਮਰਦਾਂ ਰਾਹੀਂ ਬੱਚੇ ਜਣਨ ਦੀਆਂ ਅਜ਼ਮਾਈਆਂ ਜਾ ਰਹੀਆਂ ਆਧੁਨਿਕਤਮ ਤਕਨੀਕਾਂ ਮਾਂਪੁਣੇ ਤੇ ਤਾਂ ਹਮਲਾ ਹੈ ਹੀ, ਨਾਰੀਪਣ ਦੀ ਤੌਹੀਨ ਵੀ ਹੈ। "ਜਿਸਕਾ ਕਾਮ ਉਸੀ ਕੋ ਸਾਜੇ ਔਰ ਕਰੇ ਤਾਂ ਠੇਂਗਾ ਵਾਜੇ"। ਕਦੇ ਨਾਰੀ ਦੀ ਕੁੱਖ ਕਿਰਾਏ ਤੇ ਲੈਣ ਦੀਆਂ ਕਨਸੋਆਂ ਮਿਲਦੀਆਂ ਹਨ ਤੇ ਕਦੇ ਸੱਸ ਜਵਾਈ ਦੇ ਸੰਭੋਗ-ਸੰਬੰਧਾਂ ਰਾਹੀਂ ਸੰਤਾਨ ਉਤਪਤੀ ਦੀਆਂ ਖ਼ਬਰਾਂ। ਕਦੇ ਸਮਲਿੰਗੀ ਵਿਆਹਾਂ ਦੀਆਂ ਗੱਲਾ ਹਨ ਤੇ ਕਦੇ ਹੋਮੋਸੈਕਸ ਦੀਆਂ ਗੱਲਾਂ ਸਮਾਜਿਕ ਮਰਯਾਦਾ (ਟੈਬੂਜ਼) ਵਜੋਂ ਹਰ ਸਮਾਜ ਵਿਚ ਵਿਵਰਜਿਤ ਕਰਾਰ ਦੇ ਦਿੱਤੀਆਂ ਜਾਂਦੀਆਂ ਹਨ। ਬਾਪ ਬੇਟੀ, ਭੈਣ ਭਰਾ ਤੇ ਮਾਂ ਪੁੱਤਰ ਦੇ ਯੌਨ ਸੰਬੰਧ ਦੁਨੀਆ ਦੇ ਹਰ ਖਿੱਤੇ ਵਿਚ ਵਿਵਰਜਿਤ ਤੱਥ ਹਨ ਪਰੰਤੂ ਅੱਜ ਇਕ ਨਹੀਂ ਅਨੇਕ ਉਦਾਹਰਨ ਗਿਣਾਏ ਜਾ ਸਕਦੇ ਹਨ ਜਿੱਥੇ ਇਸ ਮਰਯਾਦਾ ਦੀ ਦਿਨ ਦਿਹਾੜੇ ਖਿੱਲੀ ਉਡਾਈ ਜਾ ਰਹੀ ਹੈ। ਧੀਆਂ ਆਪਣੇ ਪਿਓਆਂ ਦੇ ਗਰਭ ਢੋਅ ਰਹੀਆਂ ਹਨ। ਭੈਣ ਭਰਾਵਾਂ ਦੇ ਨਜਾਇਜ਼ ਸੰਬੰਧ ਵੀ ਕੋਈ ਵਿਵਰਜਿਤ ਨਹੀਂ ਰਹਿ ਗਏ। ਤੇ ਅਜਿਹੇ ਕੇਸਾਂ ਵਿਚ ਇਹ ਸਭ ਕੁਝ ਨਾਰੀਤਵ ਦੇ ਸ਼ੋਸ਼ਣ ਵਜੋਂ ਕੀਤਾ ਜਾ ਰਿਹਾ ਹੈ। ਕੋਈ ਧੀ ਪਿਤਾ ਨੂੰ ਨਹੀਂ ਹੰਢਾਉਣਾ ਚਾਹੁੰਦੀ। ਕੋਈ ਭੈਣ ਭਰਾ ਦੇ ਪਾਵਨ ਰਿਸ਼ਤੇ ਨੂੰ ਦਾਗੀ ਨਹੀਂ ਕਰਨਾ ਚਾਹੁੰਦੀ। ਸੰਵੇਦਨਾਹੀਣ, ਬੇਸਬਰਾ, ਅਤ੍ਰਿਪਤ, ਅਸੰਜਮੀ, ਸ਼ੁਹਦਾ, ਕਮੀਨਾ, ਡੰਗ ਟਪਾਊ, ਮਤਲਬੀ ਤੇ ਅਸਤੁੰਲਿਤ ਮਰਦ ਮੌਕਾ ਪਾਉਂਦਿਆਂ ਹੀ ਇਸਤਰੀਤਵ ਨੂੰ ਤਹਿਸ ਨਹਿਸ਼ ਕਰ ਸਕਦੇ। ਗੁਰੂ ਅਮਰ ਦਾਸ ਦਾ ਇਹ ਮਹਾਂਵਾਕ ਆਪ ਮੁਹਾਰੇ ਜ਼ਿਹਨ ਵਿਚ ਘੁੰਮਣ ਲਗ ਪੈਂਦੇ:

ਕਲੀ ਕਾ ਜਨਮ ਚੰਡਾਲ ਕੈ ਘਰਿ ਹੋਈ ।

(ਪੰਨਾ 161)

ਜਦੋਂ ਵੀ ਮਾਸੂਮ ਕਲੀਆਂ ਦੀ ਹਯਾ ਰੋਲੀ ਜਾਂਦੀ ਹੈ ਤਾਂ ਸੋਚ ਠਠੰਬਰ ਜਾਂਦੀ ਹੈ ਤੇ ਚੇਤਨਾ ਪਥਰਾ ਜਾਂਦੀ ਹੈ । ਦਿਲ ਧਾਹੀਂ ਰੋਂਦੈ ਤੇ ਦਿਮਾਗ਼ ਸੁੰਨ ਪੱਥਰ ਹੋ ਨਿਬੜਦੈ । ਬੰਬਈ ਕੰਨੀਓਂ ਜਦੋ ਮਾਂ ਦੇ ਨਾਲ ਮੁਟਿਆਰ ਧੀ ਨੂੰ ਅਲਫ਼ ਨੰਗਿਆਂ ਕਰਕੇ; ਆਪਣੇ ਸਰੀਰਕ ਬੱਲ ਤੇ ਹੈਂਕੜ ਦੇ ਜ਼ੋਰ, ਪਿੰਡ ਦੇ ਹੀ ਕਈ ਪੜ੍ਹੇ ਲਿਖੇ ਬੰਦਿਆਂ ਨੇ ਉਸੇ ਪਿੰਡ ਵਿਚ ਘੁਮਾਇਆ ਕਿ ਉਹ ਔਰਤਾਂ ਨਾ ਹੋ ਕੇ ਕੋਈ ਗੈਬੀ ਡੈਣਾਂ ਹਨ ਤਾਂ ਕੌਣ ਆਇਆ ਉਨ੍ਹਾਂ ਦਾ ਤਰੀਮਤਪਨ ਬਚਾਉਣ ? ਇੱਕੀਵੀ ਸਦੀ ਦੀ ਦਹਿਲੀਜ 'ਤੇ ਖੜ੍ਹੇ ਇਹ ਮਰਦ ਡੈਣ ਤੇ ਭੈਣ ਦਾ ਅੰਤਰ ਕਰਨੋਂ ਪਥਰਾਏ ਫਿਰਦੇ ਹਨ । ਨੰਗੀਆਂ ਪਰੇਡਾਂ ਦੇ ਅਣਗਿਣਤ ਕਿੱਸੇ ਅੱਜ ਦਾ ਕਾਲਾ ਸੱਚ ਹਨ । ਇਸ ਜੰਗਲ ਦੇ ਕਾਨੂੰਨ ਵਿਚ ਸਭੇ ਸਾਂਝੀਦਾਰ ਹਨ । ਕਿਹੜੇ ਤਬੀਬ ਨੂੰ ਬਹੁੜਣ ਲਈ ਪੁਕਾਰੇ ਇਹ ਨਾਰੀ ? ਅੰਦਰ ਆਪਣਾ ਮਰਦ ਹੈ ਤੇ ਬਾਹਰ ਬੇਗਾਨੇ ਵੱਢਖਾਣੇ । ਹਰ ਜਗ੍ਹਾ ਤਰੀਮਤਪਣ ਦਾਅ ਤੇ ਸਮਝੋ । ਯੂਨੀਸੈਫ ਵਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਕਰਵਾਏ ਸੈਮੀਨਾਰ ਦਾ ਮੁੱਖ ਵਿਸ਼ਾ 'ਕਾਮੁਕ ਸੋਸ਼ਣ ਤੇ ਬੱਚੇ' ਵਿਚ ਰੌਂਗਟੇ ਖੜ੍ਹੇ ਕਰਨ ਵਾਲੇ ਤੱਥ ਸਾਹਮਣੇ ਆਏ ਹਨ ਤੇ ਨਿਸ਼ਕਰਸ਼ ਕੇਵਲ ਇਕੋ ਸਾਹਮਣੇ ਆਇਆ ਹੈ ਕਿ ਬਾਲੜੀਆਂ ਦੀ ਸਿੱਖਿਆ ਲਾਜ਼ਮੀ ਕੀਤੀ ਜਾਵੇ ਤੇ ਉਨ੍ਹਾਂ ਦਾ ਰੁਤਬਾ ਬੁਲੰਦ ਕੀਤਾ ਜਾਵੇ ਤਾਂ ਜੋ ਉਹ ਸੋਸ਼ਣ ਦਾ ਸ਼ਿਕਾਰ ਜਲਦੀ ਨਾ ਹੋ ਸਕਣ । ਹੁਣੇ ਹੁਣੇ ਦਸਮ ਪਾਤਿਸ਼ਾਹ ਦੀ ਚਰਨ ਧੂੜ ਨਾਲ ਨਿਵਾਜੀ ਸਿਰਮੌਰ ਦੀ ਧਰਤੀ ਤੋਂ ਖ਼ਬਰ ਛਪੀ ਹੈ ਜਿੱਥੇ ਜਵਾਨੀ ਦੀ ਦਹਿਲੀਜ਼ 'ਤੇ ਪੁੱਜੀਆਂ ਧੀਆਂ ਨੂੰ ਆਪਣੇ ਹੀ ਪੇਕੀਂ ਆਪਣੇ ਹੀ ਪਿੰਡ ਦੇ ਮੁੰਡਿਆਂ ਨਾਲ ਵਿਆਹ ਪੂਰਵ ਹਮਬਿਸਤਰੀ ਲਈ ਮਜਬੂਰ ਕੀਤਾ ਜਾਂਦਾ ਹੈ । ਨਵੇਂ ਯੁਗ ਦੀ ਚੇਤਨਾ ਵਿਚ ਲੜਕੀ ਵਲੋਂ ਇਨਕਾਰ ਇਸ ਕਾਮ-ਖੇਡ ਵਿਚ ਕੋਈ ਮਹੱਤਵ ਨਹੀਂ ਰਖਦਾ ਕਿਉਂਕਿ ਇਸ ਸਮਾਜਿਕ ਮਰਯਾਦਾ ਵਿਚ ਮਾਪਿਆਂ ਦੀ ਰਜ਼ਾਮੰਦੀ ਵੀ ਸ਼ਾਮਲ ਹੈ । ਲੜਕੀ ਦਾ ਇਨਕਾਰ ਬਿਰਾਦਰੀ ਦੀ ਬਦਨਾਮੀ ਖ਼ਿਆਲੀ ਜਾਂਦੀ ਹੈ । ਯੂਨੀਸੈਫ ਨੂੰ ਇਸ ਰੀਤੀ ਦੀ ਮੁਕੰਮਲ ਰਿਪੋਰਟ ਮਿਲ ਚੁੱਕੀ ਹੈ ਤੇ ਉਹ ਨਾਰੀਤਵ ਦੇ ਇਸ ਜ਼ਾਹਰਾ ਸ਼ੋਸ਼ਣ ਸੰਬੰਧੀ ਸਾਰਕ-ਮੁਖੀਆਂ ਦੀ ਹੋਣ ਵਾਲੀ ਅਗਲੀ ਮੀਟਿੰਗ ਵਿਚ ਹੋਰ ਮੁੱਦਿਆਂ ਦੇ ਨਾਲ ਨਾਲ ਅਜਿਹੇ ਅਮਾਨਵੀ ਮੁੱਦੇ ਵੀ ਉਠਾਏਗੀ ।

ਦੱਖਣ ਪੂਰਬੀ ਏਸ਼ੀਆ ਦੇ ਇਕ ਸਿਰ ਕੱਢਵੇਂ ਸੈਰ ਸਪਾਟਾ ਸੱਥਲ ਵਜੋਂ ਉੱਭਰ ਰਿਹਾ ਭਾਰਤ ਹੁਣ ਵਿਸ਼ਵ ਦਾ ਸਭ ਤੋਂ ਬਦਨਾਮ ਬਾਲ ਵੇਸਵਾ ਅੱਡਾ ਬਣਦਾ ਜਾ ਰਿਹੈ । ਗੋਆ ਦੇ ਆਕਰਸ਼ਕ ਬੀਚਾਂ 'ਤੇ ਔਰਤਪਣ ਦੀ ਕੇਹੀ ਦੁਰਗਤੀ ਹੋ ਰਹੀ ਹੈ । ਇਹ ਯੂਨੀਸੈਫ ਦੇ ਪ੍ਰੋਗਰਾਮ ਨਿਰਦੇਸ਼ਕ ਗੋਰੀ ਪਿੰਟੋ ਅਨੁਸਾਰ ਮੁਖ ਤੌਰ ਤੇ ਭਾਰਤੀ ਦਲਾਲਾਂ ਕਰਕੇ ਹੈ । ਇਨ੍ਹਾਂ ਭੋਲੀਆਂ ਕੁੜੀਆਂ ਦੀ ਲੁੱਟ ਖਸੁੱਟ ਵੇਲੇ ਸ਼ਿਵ ਚੇਤਿਆਂ

'ਚ ਦਸਤਕ ਦੇਣ ਲਗਦੇ :—

ਦੁੱਧ ਦੀ ਰੁੱਤੇ ਅੰਮੜੀ ਮੋਈ ਬਾਬਲ ਬਾਲ ਵਰੇਸੇ।
ਜੋਬਨ ਰੁੱਤੇ ਸੱਜਣ ਮੋਇਆ, ਮੋਏ ਗੀਤ ਪਲੇਠੇ।

ਬਾਬਲ ਬਾਹਰੀਆਂ, ਅੱਗਾ ਖੁਸ਼ੀਆਂ ਤੇ ਗ਼ਰੀਬੀ ਰੇਖਾ ਤੋਂ ਪਾਰ ਰਹਿੰਦੀਆਂ ਧੀਆ ਭੈਣਾਂ ਕਿਹੜੀ ਹੋਣੀ ਹੰਢਾਉਣ ਲਈ ਲਾਚਾਰ ਹਨ। ਕੌਣ ਦੇਖਦੈ ਇਨ੍ਹਾਂ ਦੇ ਮਨ ਨੂੰ। ਇਨ੍ਹਾਂ ਦੇ ਤਨ ਨੂੰ। ਇਸਤਰੀ ਸਭਾ ਦੀ ਨਿਰੰਤਰ ਜਦੋ ਜਹਿਦ ਸਦਕੇ ਯਤੀਮ ਬਾਲੜੀ ਬਲਵਿੰਦਰ ਦੇ ਨਾਰੀਤਵ ਨੂੰ ਰੌਂਦਦਾ ਉਹਦਾ ਰਿਸ਼ਤੇ ਦਾ 'ਵੀਰ' ਦਸ ਸਾਲਾਂ ਲਈ ਸੀਖਾਂ ਪਿੱਛੇ ਤਾਂ ਡੱਕਿਆ ਗਿਆ ਜੇ ਕਿਸੇ ਨਾਰੀ-ਸੰਗਠਨ ਨੇ ਉਹਦੀ ਪੈਰਵੀ ਕੀਤੀ। ਨਹੀਂ ਤਾਂ ਕੰਵਾਰੇਪਨ ਨੂੰ ਮਸਲ ਕੇ ਇਕੱਲੀ ਕਾਰੀ ਲੜਕੀ ਨੂੰ ਧਮਕਾ ਕੇ ਇਹ ਕਥਿਤ 'ਭਰਾ' ਮੁੱਛਾਂ ਨੂੰ ਤਾਅ ਦੇਂਦਾ ਫਿਰਦਾ ਸੀ। ਦੋ-ਦੋ, ਚਾਰ-ਚਾਰ, ਛੇ-ਛੇ ਵਰਿਆਂ ਦੀਆਂ ਬਾਲੜੀਆਂ ਦੇ ਜਬਰ ਜਿਨਾਹ ਉਪਰੰਤ ਉਨ੍ਹਾਂ ਦੀਆਂ ਲਾਸ਼ਾਂ ਝਾੜੀਆਂ, ਛੱਭਾਂ, ਖੇਤਾਂ ਤੇ ਖਲਿਹਾਣਾਂ ਵਿਚੋਂ ਲੱਭਦੀਆਂ ਹਨ। ਖੇਡਣ ਵਰੇਸੇ ਇਨ੍ਹਾਂ ਮਾਸੂਮ ਕਲੀਆਂ ਦੇ ਨਾਰੀਤਵ ਦੀ ਲੁੱਟ ਕਿਹੜੇ ਪੱਥਰ ਯੁਗ ਦੀਆਂ ਹੋਣੀਆਂ ਹਨ ? ਦਿੱਲੀ ਦੇ ਗਵਾਂਢੀ ਕਸਬੇ ਬਹਾਦਰਗੜ੍ਹ ਵਿਚ ਇਕ ਅਜਿਹਾ ਆਦਮੀ ਫੜਿਆ ਗਿਆ ਹੈ ਜਿਸਨੇ ਛੇ ਐਸੀਆਂ ਬੱਚੀਆਂ ਨੂੰ ਬਲਾਤਕਾਰ ਉਪਰੰਤ ਸਦਾ ਦੀ ਨੀਂਦੇ ਸੁਲਾ ਦਿੱਤਾ ਸੀ। ਆਦਮੀ ਦੀ ਇਸ ਪਾਸ਼ਵਿਕ ਵਿਰਤੀ ਦਾ ਕਿਤੇ ਅੰਤ ਹੈ ਭਲਾ ? ਕਿੰਨਾ ਹਨੇਰ ਹੈ। ਕਿੰਨਾ ਰੌਂਗਟੇ ਖੜ੍ਹੇ ਕਰਨ ਵਾਲੇ ਕਾਰੇ। ਕੋਈ ਕਾਨੂੰਨ ਠੱਲ੍ਹ ਨਹੀਂ ਪਾ ਸਕਿਆ ਇਨ੍ਹਾਂ ਕਰਤੂਤਾਂ ਤੇ ਕਰਤੂਤਾਂ ਵਾਲਿਆਂ ਨੂੰ।

ਐਮਨੈਸਟੀ ਇੰਟਰਨੈਸ਼ਨਲ ਦੇ ਵਾਸ਼ਿੰਗਟਨ ਸਥਿਤ ਡਾਇਰੈਕਟਰ ਸ੍ਰੀ ਜੇਮਸ ਤੇ ਏਸ਼ੀਅਨ ਪੈਸੇਫਿਕ ਅਧਿਕਾਰੀ ਸ੍ਰੀ ਕੁਮਾਰ ਬੇਹੱਦ ਚਿੰਤਤ ਹਨ ਕਿਉਂਕਿ ਓਸ ਦੇਸ਼ ਵਿਚ ਵੀ ਨਾਰੀਤਵ ਤੇ ਨਿਤ ਦਿਹਾੜੇ ਹੱਲੇ ਹੋ ਰਹੇ ਹਨ ਜਿਹਦੀ ਸਰਬਰਾਹ ਨਾਰੀ ਹੋਵੇ। ਦੁਨੀਆ ਭਰ ਵਿਚ ਸਭ ਤੋਂ ਨਿੱਘਰਿਆ ਤੇ ਕਲੰਕਿਤ ਕਾਨੂੰਨ 'ਜ਼ੀਨਾ' ਕੇਵਲ ਪਾਕਿਸਤਾਨ ਵਿਚ ਹੀ ਪ੍ਰਵਾਨਿਤ ਹੈ ਜਿਹਦੇ ਤਹਿਤ ਜਬਰ ਜਿਨਾਹ ਦੀ ਸ਼ਿਕਾਰ ਔਰਤ ਪੁਲੀਸ ਕੋਲ ਰਿਪੋਰਟ ਕਰਦਿਆਂ ਸਬੂਤ ਤੇ ਗਵਾਹੀਆਂ ਪੇਸ਼ ਕਰੇ। ਦੋਸ਼ ਨਾ ਸਿੱਧ ਹੋਣ ਦੀ ਸੂਰਤ ਵਿਚ ਕਾਰਵਾਈ ਉਸੇ ਦੇ ਹੀ ਖ਼ਿਲਾਫ਼ ਕੀਤੀ ਜਾਂਦੀ ਹੈ। ਓਹ ਦੁਨੀਆ ਦੇ ਬੋਲੇ ਤੇ ਅੰਨੇ ਕਾਨੂੰਨਸਾਜ਼ੋ ! ਓਹ ਕੌਣ ਗਵਾਹੀ ਦੇਵੇਗਾ ਇਕ ਔਰਤ ਦੇ ਹੱਕ ਵਿਚ ! ਸਾਰੇ ਤਾਂ ਵਗਦੀ ਗੰਗਾ ਵਿਚ ਟੁੱਭੀ ਲਾਉਣੀ ਲੋਚਣਗੇ ਤੇ ਕਿਹੜਾ ਨਿੱਤਰੂ ਉਹ ਦਾ ਤਰੀਮਤਪਣ ਬਚਾਉਣ। ਪੰਦਰਾਂ ਸਾਲਾਂ ਦੀ ਜਹਾਨ ਮੀਨਾ ਆਪਣੇ ਚਚੇਰੇ ਭਰਾ ਵਲੋਂ ਹਾਮਲਾ ਕਰ ਦਿੱਤੀ ਗਈ ਪਰੰਤੂ ਸਬੂਤ ਨਾ ਜੁਟਾ ਸਕਣ ਕਾਰਨ ਦਸ ਸਾਲਾ ਸਖ਼ਤ ਕੈਦ ਤੇ 100 ਕੋੜੇ ਮੀਨਾ ਦੇ ਹੀ ਹਿੱਸੇ ਆਏ। ਬੇਨਜ਼ੀਰ ਦੇ ਰਾਜ ਸਮੇਂ ਇਹ ਅਲੋਕਾਰੇ ਕਾਨੂੰਨ। ਇਹ ਅਨੋਖੇ ਕਹਿਰ।

ਮੂਲਵਾਦੀਆਂ ਦੇ ਕਹਿਰ ਦੀ ਸ਼ਿਕਾਰ ਤੇ ਪੱਛਮੀ ਬਰਲਿਨ ਵਿਚ ਜਲਾਵਤਨੀ

ਹੰਢਾ ਰਹੀ ਤਸਲੀਮਾ ਦਾ ਨਾਵਲ 'ਲੱਜਾ' ਪੰਜਾਹ ਪੰਨਿਆਂ ਤੱਕ ਬਲਾਤਕਾਰਾਂ ਦੀ ਸੂਚੀ ਜਟਾਉਂਦਾ ਹੈ ਜਦੋਂ ਬਾਬਰੀ ਮਸਜਿਦ ਦੇ ਢਹਿ ਢੇਰੀ ਹੋ ਜਾਣ ਦਾ ਖ਼ਮਿਆਜ਼ਾ ਬੰਗਲਾ ਦੇਸ਼ ਦੀਆਂ ਹਿੰਦੂ ਨਾਰੀਆਂ ਨੇ ਆਪਣੇ ਨਾਰੀਤਵ ਦੀ ਭੇਂਟ ਚੜ੍ਹਾ ਕੇ ਦਿੱਤਾ। ਇਧਰ ਮੁਸਲਮਾਨ ਔਰਤਾਂ ਦੇ ਜਤ ਸਤ ਰੁਲੇ ਤੇ ਉੱਧਰ ਹਿੰਦੂ ਔਰਤਾਂ ਦੇ। ਦੋਵੇਂ ਪਾਸੇ ਸ਼ੋਸ਼ਿਤ ਹੋਈ ਤਾਂ ਨਾਰੀ। ਦਰਜਨਾਂ ਦਰਜਨਾਂ ਬੰਦਿਆਂ ਦੀ ਸ਼ੈਤਾਨੀਅਤ ਦਾ ਸ਼ਿਕਾਰ। ਨਾ ਗਰਭਵਤੀ ਬਚੀਆਂ ਤੇ ਨਾ ਬੁੱਢੀਆਂ। ਨਾ ਮਾਵਾਂ ਤੇ ਨਾ ਨੂੰਹਾਂ। ਟੁੱਟਦੇ ਮੰਦਰਾਂ, ਢਹਿੰਦੀਆਂ ਮਸਜਿਦਾਂ, ਜਲਦੇ ਘਰਾਂ, ਮਚਦੇ ਬਾਜ਼ਾਰਾਂ ਵਿਚ ਜੋ ਸਭ ਤੋਂ ਵਧ ਸੜਦੇ ਉਹ ਹੈ ਇਸਤਰੀਤਵ। ਸੱਚਮੁੱਚ ਤਰੀਮਤਪਣ।

ਅੱਜ ਨਾਰੀਤਵ 'ਤੇ ਖ਼ਤਰੇ ਦੇ ਬੱਦਲ ਕੇਵਲ ਮਰਦਾਂ ਵਲੋਂ ਹੀ ਨਹੀਂ ਮੰਡਰਾ ਰਹੇ ਸਗੋਂ ਇਸ ਹਮਾਮ ਵਿਚ ਖ਼ੁਦ ਨਾਰੀ ਨਾਰੀ ਦੀ ਦੋਖੀ ਹੈ। ਪਦਾਰਥ ਦੀ ਹੋੜ ਵਿਚ ਸੌਖੇ ਪੈਸੇ ਬਟੋਰਨ ਦੇ ਚੱਕਰ ਵਿਚ ਜਿਸਮ ਫਰੋਸ਼ੀ ਨੂੰ ਸਭ ਤੋਂ ਸੌਖਾ ਢੰਗ ਮੰਨਣ ਲੱਗ ਪਈ ਹੈ। ਅੱਜ 'ਰੰਡੀਆਂ ਦੇ ਕੋਠੇ' ਲੱਭਣ ਦੀ ਲੋੜ ਨਹੀਂ ਥਾਂ ਥਾਂ ਅਜਿਹੇ ਅੱਡੇ ਬਣ ਚੁੱਕੇ ਹਨ। ਸਨ ਸਿਟੀਆਂ ਵਿਚ ਸੁੰਦਰਤਾ ਮੁਕਾਬਲਿਆਂ ਦਾ ਆਯੋਜਨ ਨਾਰੀਤਵ ਦੇ ਕਿਹੜੇ ਗੌਰਵ ਦਾ ਪ੍ਰਤੀਕ ਹੈ ਭਲਾ ? ਜਿਸਮਾਂ ਦੀ ਨੰਗੀ ਪ੍ਰਦਰਸ਼ਨੀ, ਕਾਮੁਕ ਅਦਾਵਾਂ ਦੀ ਸਵੀਕ੍ਰਿਤੀ, ਨੰਗੇਜ਼ ਦੀ ਚੋਟ, ਕੰਜ ਕੰਵਾਰੀਆਂ ਦੇ ਜਤ ਸਤ ਨਾਲ ਖੇਡਣ ਦੀ ਮਰਦ ਜੱਜਾਂ ਦੀ ਬਿਰਤੀ, ਕਲਾਤਮਿਕਤਾ ਤੇ ਆਧੁਨਿਕਤਾ ਦੇ ਨਾਂ 'ਤੇ ਪੋਚਾ ਪਾਚੀ ਨਾਲ ਔਰਤਪਣ ਦਾ ਸ਼ੋਸ਼ਣ। ਇਹ ਹੈਨ ਵਿਸ਼ਵ ਸੁੰਦਰੀ ਮੁਕਾਬਲਿਆਂ ਦੇ ਅਸਲ ਤੱਥ। ਨੰਗੀ ਚਿੱਟੀ ਅਸਲੀਅਤ।

ਕਿਤੇ ਜੈਨ ਸਾਧਵੀਆਂ ਦੇ ਨਾਰੀਤਵ ਨੂੰ ਰੋਲਣ ਦੀਆਂ ਖ਼ਬਰਾ ਹਨ ਤੇ ਕਿਤੇ ਕਾਨੂੰਨ ਘਾੜਿਆਂ ਵਲੋਂ ਦਰਜਨਾਂ ਪਤਨੀਆਂ/ਰਖੇਲਾਂ ਰੱਖਣ ਦੇ ਉਦਾਹਰਣ। ਕਿਧਰੇ ਹੈਲਥ ਕਲਿਨਿਕਾਂ ਵਿਚ ਕੰਮ ਕਰਦੀਆਂ ਯੁਵਤੀਆਂ ਦੀਆਂ ਲਾਸ਼ਾ ਦੀ ਰੁੱਲ ਹੈ, ਤੇ ਕਿਤੇ ਦਿੱਲੀ ਦੰਗਿਆ ਉਪਰੰਤ ਵਿਧਵਾ ਔਰਤਾਂ ਦੇ ਔਰਤਪਣ ਦੀ ਲੁੱਟ ਖਸੁੱਟ ਦੇ ਵੇਰਵੇ ਉਪਲਬਧ ਹਨ। ਕਿਤੇ ਪੰਜਾਬ ਦੇ ਖ਼ੂਨੀ ਦਹਾਕੇ ਦੌਰਾਨ ਪਤੀ ਖੁਹਾ ਚੁੱਕੀਆਂ ਤ੍ਰੀਮਤਾਂ ਦੇ ਵੈਣ ਸੁਣੀਂਦੇ ਹਨ। ਸਵਾਲੋਂ ਸਵਾਲ ਹੋਈ ਪਈ ਹੈ ਲੰਮੀ ਜ਼ਿੰਦਗੀ। ਪ੍ਰਸ਼ਨੋ ਪ੍ਰਸ਼ਨ ਹੋਈ ਦਾਸਤਾਂ। ਗੁੰਝਲਾਦੀ ਜ਼ਿੰਦਗੀ ਦੇ ਚੌਰਾਹੇ 'ਤੇ ਅਮੁਕ ਖੜ੍ਹੀ ਨਾਰੀ। ਕਦੇ ਦਾਜ ਦੀ ਬੇਦੀ ਤੇ ਕੁਰਬਾਨ ਤੇ ਕਦੇ ਆਤਮਘਾਤ ਲਈ ਮਜਬੂਰ। ਕਿਤੇ ਕੋਤੀਆ ਵਾਂਗ ਖ਼ੁਆਰ ਤੇ ਕਿਧਰੇ ਬੰਸਾਂ ਦੀ ਜ਼ਲਾਲਤ ਦਾ ਸ਼ਿਕਾਰ। ਕੋਈ ਜ਼ਾਹਰਾ ਤੌਰ ਤੇ ਖੱਜਲ ਕੋਈ ਅੰਦਰ ਖਾਤੇ ਭੁੱਜਣ। ਸਮਾਜ ਵਲੋਂ ਲਤਾੜੀ ਪਤੀ ਵਲੋਂ ਸਾੜੀ ਨਾਰੀ ਕਿਹੜੇ ਹਮਦਰਦ ਦੀ ਬਾਂਹ ਫੜੇ। ਕਿਹਦੇ ਅੱਗੇ ਜਿਰਾਹ ਕਰੇ। ਦਾਰਸ਼ਨਿਕ ਕਵੀਆਂ ਐਮਰਸਨ, ਕਿਪਲਿੰਗ ਤੇ ਕਈਆਂ ਹੋਰਨਾਂ ਦਾ ਨਿਚੋੜ ਹੈ ਕਿ 'ਜ਼ਿੰਦਗੀ ਦੀ ਸਭ ਤੋਂ ਪਵਿੱਤਰ ਵਸਤੂ ਮਾਂ ਹੈ ਜੋ ਫਾਂਸੀ ਲਟਕ ਰਹੇ ਪੁੱਤਰ ਦਾ ਵੀ ਪਿੱਛਾ ਨਹੀਂ ਛੱਡਦੀ।' ਪਰ ਕੀ ਅਸੀਂ ਆਮ ਲੋਕ ਇਸ ਤੱਥ ਨੂੰ ਪ੍ਰਵਾਨ ਕਰ ਰਹੇ ਹਾਂ ?

ਹਥਲੇ ਲੇਖ ਨੂੰ ਅੰਤਿਮ ਛੂਹਾਂ ਦਿੰਦਿਆਂ ਹੀ ਰੈਨਬੈਕਸੀ ਕੰਪਨੀ ਦਾ ਵੇਰਵਾ ਪ੍ਰਾਪਤ ਹੋ ਗਿਆ। ਡੇਢ ਸੌ ਕਰੋੜ ਰੁਪਏ ਦਾ ਮੁਨਾਫ਼ਾ ਕਮਾਉਣ ਵਾਲੀ ਇਸ ਸੁਪ੍ਰਸਿੱਧ ਕੰਪਨੀ ਦੇ ਮਾਲਕ ਵਲੋਂ ਬੀਵੀ ਦੀ ਮਾਰ ਕੁਟਾਈ ? ਤੋਬਾ ਖ਼ੁਦਾਇਆ। ਬਚੂ ਕਿਹੜੀ ਇੱਥੇ ? ਡਿਆਨਾ ਵਰਗੀ ਸ਼ਹਿਜ਼ਾਦੀ ਦੀ ਵੀ ਕਦੇ ਬਥੇਰੀ ਮਾਰ ਕੁਟਾਈ ਹੁੰਦੀ ਰਹੀ ਹੈ। ਆਪਣੇ ਨਾਰੀ ਧਰਮ ਨੂੰ ਬਚਾਉਂਦੀ ਫਿਲਪੀਨੀ ਮੁਟਿਆਰ ਬਲਬਾਗਨ ਮੌਤ ਦੀ ਸਜ਼ਾ ਦੀ ਅਧਿਕਾਰੀ ਬਣ ਗਈ ਕਿਉਂਕਿ ਉਸਨੇ ਆਪਣੇ ਬਲਾਤਕਾਰੀ ਬੌਸ ਨੂੰ ਵਾਸ਼ਨਾ ਭਰੇ ਪਲਾਂ ਵਿਚ ਹੀ ਮਾਰ ਮੁਕਾ ਦਿੱਤਾ ਸੀ। ਵਿਸ਼ਵ ਭਰ ਦੀਆਂ ਔਰਤ ਜਥੇਬੰਦੀਆਂ ਦੇ ਮੁਜ਼ਾਹਰਿਆਂ ਪਿਛੋਂ ਹੀ ਉਹਦੀ ਸਜ਼ਾਏ-ਮੌਤ ਉਮਰ ਕੈਦ ਵਿਚ ਤਬਦੀਲ ਹੋ ਸਕੀ ਹੈ। ਕੀ ਆਪਣੇ ਨਾਰੀਤਵ ਦਾ ਬਚਾਓ ਅਪਰਾਧ ਹੈ ? ਨਾਰੀ ਕੋਮਲ ਹੈ ਕਮਜ਼ੋਰ ਨਹੀਂ ਇਹ। ਪਲ ਵਿਚ ਮੋਮ ਵਾਂਗ ਪਿਘਲ ਜਾਣ ਵਾਲੀ ਨਾਰੀ ਮੌਤ ਦਾ ਤਾਂਡਵ ਨਾਚ ਵੀ ਕਰਵਾ ਸਕਦੀ ਹੈ। ਅਤੇ ਲੋੜ ਹੈ ਅੱਜ ਇਸ ਅਹਿਸਾਸ ਦੀ। ਇਸ ਵਿਸ਼ਵਾਸ ਦੀ। ਸ੍ਵੈ ਭਰੋਸਾ ਪੈਦਾ ਕਰਨ ਦੀ।

ਵਿਅੰਗਕਾਰ ਐਮਬਰੋਸ ਦਾ ਇਹ ਕਥਨ ਕਿੰਨਾ ਵਿਚਾਰ-ਉਤੇਜਕ ਹੈ, "To man, a man is but a mind. who cares What he wears ? But a woman's body is the woman". ਕੀ ਔਰਤ ਦਾ ਜਿਸਮ ਹੀ ਔਰਤ ਹੈ ? ਨਹੀਂ ਇਹ ਭ੍ਰਾਂਤੀ ਪੂਰਵਲੇ ਯੁਗਾਂ ਦਾ ਸੱਚ ਰਹੀ ਹੋਵੇਗੀ ਪਰੰਤੂ ਅਜੋਕੀ ਔਰਤ ਕੇਵਲ ਸਰੀਰ ਕਰਕੇ ਔਰਤ ਨਹੀਂ ਹੈ। ਉਹਦਾ ਨਾਰੀਤਵ ਸਮੁੱਚੀ ਨਾਰੀ ਦੀ ਤਸਵੀਰਕਸ਼ੀ ਹੈ। ਇਸੇ ਲਈ ਔਰਤਾਂ ਦੇ ਇਕ ਵੱਡੇ ਰਸੀਆ ਵਜੋਂ ਜਾਣੇ ਪਛਾਣੇ ਜਾਂਦੇ ਖੁਸ਼ਵੰਤ ਸਿੰਘ ਨੂੰ ਮਧੂਬਾਲਾ ਜਿਹੀ ਕਲਾਕਾਰ ਸੁੰਦਰੀ ਵੀ ਮਹਿਜ "ਕਾਮੁਕ ਕਾਮਣੀ" ਪ੍ਰਤੀਤ ਹੁੰਦੀ ਹੈ। ਉਹਦੇ ਆਂਤਰਿਕ ਗੁਣ ਖ਼ਵਰੇ ਉਸਨੂੰ ਦਿਖਾਈ ਹੀ ਨਹੀਂ ਦਿੰਦੇ। ਸੂ ਕਾਈ, ਮੇਰੀ ਕਿਊਰੀ, ਮਦਰ ਟੈਰੇਸਾ, ਸਰੋਜਨੀ ਨਾਇਡੂ, ਆਸਫ਼ ਅਲੀ, ਮੇਧਾ ਪਟਕਰ, ਕਿਰਨ ਬੇਦੀ ਅਤੇ ਦੁਨੀਆਂ ਦੀਆਂ ਅਨੇਕ ਹੋਰ ਪ੍ਰਮੁਖ ਨਾਰੀਆਂ ਆਪਣੇ ਨਾਰੀਤਵ ਦੇ ਗੌਰਵ ਨੂੰ ਪਹਿਚਾਣਦਿਆਂ ਹੀ ਬੁਲੰਦੀਆਂ ਤੇ ਪਹੁੰਚੀਆਂ ਹਨ। ਆਓ ਸਖੀਓ ! ਇਸ ਇਸਤਰੀ ਗੌਰਵ ਨੂੰ ਜਾਣੀਏ। ਆਪਣੀ ਦੀਰਘ ਸਮਰੱਥਾ ਨੂੰ ਪਹਿਚਾਣੀਏ। ਆਪਣੀਆਂ ਅਪਾਰ ਸੰਭਾਵਨਾਵਾਂ ਨੂੰ ਸਮਝੀਏ। ਆਪਣੀਆਂ ਪ੍ਰਾਪਤੀਆਂ ਨੂੰ ਬੁਝੀਏ। ਆਪਣੀ ਇਨਸਾਨੀ ਸ੍ਰੇਸ਼ਟਤਾ ਤੇ ਫ਼ਖਰ ਕਰੀਏ।

ਤੇ ਸੁਣੋ ਵੇ ਅਕਲਾਂ ਵਾਲਿਓ ! ਹਾੜਾ ਵੇ ਇਲਮਾਂ ਵਾਲਿਓ ! ਸੁਣੋ ਵੇ ਕਲਮਾਂ ਵਾਲਿਓ ! ਤੌਬਾ ਜੇ ਤਾਕਤ ਵਾਲਿਓ ! ਵਾਸਤਾ ਏ ਹਿੰਮਤ ਵਾਲਿਓ ! ਕੁਝ ਖ਼ੌਫ਼ ਖ਼ੁਦਾਈ ਕਰੋ ਵੇ ! ਕੁਝ ਤਰਸ ਲੁਕਾਈ ਤੇ ਕਰੋ ਵੇ ! ਇੰਵ ਨਾਰੀਤਵ ਨਾ ਰੋਲੀਏ ! ਆਪਣੀ ਮਾਂ ਦੀ ਮਮਤਾ ਨੂੰ ਨਾ ਮਧੋਲੀਏ ! ਕੁਝ ਕਰੋ ਵੇ ਕਾਨੂੰਨ ਘਾੜਿਓ ! ਇੰਵ ਤ੍ਰੀਮਤਪਨ ਨਾ ਸਾੜਿਓ ! ਇੰਵ ਇਸਤਰੀਤਵ ਨਾ ਤਾੜਿਓ ! ਇੰਵ ਨਾਰੀਪਨ ਨਾ ਲਿਤਾੜਿਓ !

❑

ਸਿਮਟਦੀ-ਸਿਸਕਦੀ ਹੋਂਦ ਵਾਲੀ ਔਰਤ

ਮੁੜ ਅੱਠ ਮਾਰਚ ਆਣ ਢੁੱਕੇ। ਕੌਮਾਂਤਰੀ ਨਾਰੀ ਦਿਵਸ। ਇਸਤਰੀ ਉੱਧਾਰ ਦੇ ਵਾਅਦਿਆਂ ਅਤੇ ਦਾਅਵਿਆਂ ਨੂੰ ਨਵੇਂ ਸਿਰਿਓਂ ਚਿਤਾਰਦਾ ਦਿਨ। ਉਲੀਕਦਾ ਤੇ ਵਿਉਂਤਦਾ। ਵੱਡੀਆਂ ਛੋਟੀਆਂ ਸਕੀਮਾਂ ਐਲਾਨਦਾ। ਨਾਰੀ-ਵਿਕਾਸ ਦੇ ਦਮਗਜੇ ਮਾਰਦਾ। ਔਰਤ ਉੱਥਾਨ ਦਾ ਢੰਡੋਰਾ ਪਿੱਟਦਾ।

ਪਰ ਮੇਰੀਓ ਸਾਥਣੋਂ-ਸਹੇਲੀਓ ! ਕੀ ਔਰਤ ਵਰਗ ਦੇ ਸਮੁੱਚੇ ਸਥਾਨ ਵਿਚ ਪਿਛਲੇ ਕਈ ਦਹਾਕਿਆਂ ਵਿਚ ਕੋਈ ਤਬਦੀਲੀ ਆਈ ਹੈ ? ਕੋਈ ਇਨਕਲਾਬੀ ਪਰਿਵਰਤਨ ਆਇਆ ? ਕੁਝ ਸਾਰਥਕ ਹੋਇਐ ? ਕੁਝ ਕਾਰਗਰ ਵਾਪਰਿਐ ? ਕੋਈ ਅਮਲੀ ਬਦਲਾਅ ਆਇਐ ? ਸਤਹੀ ਤੌਰ 'ਤੇ ਤਾਂ ਸਭ ਹੱਛਾ ਜਾਪਦੈ। ਪੰਛੀ ਝਾਤ ਮਾਰਿਆਂ ਤਾਂ ਉਨਤੀ ਦੇ ਅਨਿਕ ਦਵਾਰੇ ਖੁੱਲ੍ਹੇ ਦਿਸਦੇ ਹਨ। ਸਰਸਰੀ ਨਜ਼ਰੇ ਤਾਂ ਇਹ ਅੱਜ ਪੁਲਾੜਾਂ ਦੀ ਹਾਣੀ ਲਗਦੀ ਹੈ। ਓਪਰੀ ਤੱਕਣੀ ਵਿਚ ਤਾਂ ਇਹ ਜਲ ਥਲ ਗਾਹੁੰਦੀ, ਪਰਬਤ, ਸਾਗਰ, ਮੰਥਦੀ, ਊਬੜ ਖਾਬੜ ਰਾਹਾਂ ਦੀ ਹਾਣੀ ਬਣੀ ਜਾਪਦੀ ਹੈ ਪਰ ਸਖੀਓ ! ਸਥਿਤੀ ਬਿਲਕੁਲ ਵੀ ਸੰਤੁਸ਼ਟੀਜਨਕ, ਆਸ਼ਾਪੂਰਨ, ਉਤਸ਼ਾਹਵਰਧਕ, ਹੌਸਲਾ ਵਧਾਊ ਅਤੇ ਸਮੇਂ ਦੀ ਹਾਣੀ ਨਹੀਂ। ਸਗੋਂ ਅੰਦਰਲੀ ਤਸਵੀਰ ਤਾਂ ਨਿਹਾਇਤ ਧੁਆਂਖੀ ਦਿਸਦੀ ਹੈ।

ਇੱਕੀਵੀਂ ਸਦੀ ਦੀਆਂ ਬਰੂਹਾਂ 'ਚ ਖੜ੍ਹੀ ਮੈਂ ਅਤਿਅੰਤ ਚਿੰਤਾਗ੍ਰਸਤ ਹਾਂ ਕਿਉਂਕਿ ਵੀਹਵੀਂ ਸਦੀ ਦੇ ਅੰਤਮ ਦਹਾਕੇ ਤੱਕ ਤਰੱਕੀ ਯਾਫ਼ਤਾ ਅਤੇ ਸੂਝ ਬੂਝ ਵਾਲੀਆਂ ਔਰਤਾਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਦਿਸਦੀ ਹੈ। ਪਿਤਾ, ਪਤੀ ਜਾਂ ਖ਼ਾਨਦਾਨੀ ਵਿਰਾਸਤ ਦੇ ਬੱਲ-ਬੂਤੇ ਜੋ ਅੱਠ ਪ੍ਰਤਿਸ਼ਤ ਔਰਤਾਂ ਪਾਰਲੀਮੈਂਟ ਤੱਕ ਪਹੁੰਚੀਆਂ ਵੀ ਹਨ ਤਾਂ ਉਨ੍ਹਾਂ ਦੀ ਭੂਮਿਕਾ ? ਭੁੱਟੋ, ਸ਼ੇਖ, ਭੰਡਾਰ ਨਾਇਕੇ ਤੇ ਜਗਜੀਵਨ ਰਾਮ ਦੀ ਧੀ (ਮੀਰਾ ਕੁਮਾਰ) ਜਾਂ ਫਿਰ ਸੰਜੇ ਗਾਂਧੀ ਦੀ ਪਤਨੀ (ਮੇਨਿਕਾ ਗਾਂਧੀ) ਜਾਂ ਫਿਰ ਕੁਮਾਰੀ ਸ਼ੈਲਜਾ ਆਦਿ ਜਿਹੀਆਂ ਔਰਤਾਂ ਵਧੇਰੇ ਕਰਕੇ ਵੰਸ਼ਜ-ਪਰੰਪਰਾ ਕਰਕੇ ਹੀ ਸੁਰਖ਼ੀਆਂ ਵਿਚ ਹਨ। ਉਹ ਉਂਗਲਾਂ 'ਤੇ ਗਿਣਨਯੋਗ ਹਨ ਜਿਨ੍ਹਾਂ ਨੇ ਆਪਣੇ ਸਿਰ ਖ਼ੁਦ ਕੋਈ ਮਾਅਰਕਾ ਮਾਰਿਆ ਹੋਵੇਗਾ। ਵਧੇਰੇ ਨਿੱਜੀ ਮੁਫ਼ਾਦਾਂ ਤੋਂ ਉਤਾਂਹ ਨਹੀਂ ਜਾ ਸਕੀਆਂ। ਬਹੁ ਗਿਣਤੀ ਆਪਣੀ ਹੋਂਦ ਤੋਂ ਹੀ ਮੁਨਕਿਰ ਦਿਸਦੀਆਂ ਹਨ। ਮਾਇਆਵਤੀਆਂ, ਫੂਲਨ ਦੇਵੀਆਂ ਅਤੇ ਜੈ ਲਲਿਤਾਵਾਂ ਫ਼ਰਾਇਡ ਦੇ ਉਸ ਕਥਨ ਨੂੰ ਪੁਸ਼ਟ ਕਰੀ ਜਾ ਰਹੀਆਂ ਹਨ ਕਿ "ਮੈਨੂੰ ਆਪਣੇ ਤੀਹ ਸਾਲਾ ਖੋਜ-ਜੀਵਨ ਵਿਚ ਇਹ ਪਤਾ ਨਹੀਂ

ਲੱਗਾ ਕਿ ਔਰਤ ਦਰਅਸਲ ਚਾਹੁੰਦੀ ਕੀ ਹੈ ?"

ਅੱਠ ਮਾਰਚ ਦੇ ਦਿਨ ਅਸੀਂ ਕਿਸੇ ਮਾਇਆਵਤੀ, ਕਿਸੇ ਬੇਨਜ਼ੀਰ, ਕਿਸੇ ਸ਼ੇਖ ਹਸੀਨਾ, ਕਿਸੇ ਕੁਮਾਰਾਤੁੰਗਾ, ਕਿਸੇ ਸੋਨੀਆ ਗਾਂਧੀ, ਕਿਸੇ ਭੱਠਲ ਜਾਂ ਫਿਰ ਸੂ ਕਾਈ ਦੀ ਗੱਲ ਨਹੀਂ ਕਰ ਰਹੇ । ਸਾਡਾ ਸਰੋਕਾਰ ਉਨ੍ਹਾਂ 98% (ਬਹੁ-ਗਿਣਤੀ) ਔਰਤਾਂ ਨਾਲ ਹੈ ਜਿਹੜੀਆਂ ਆਪਣੀ ਸਿਸਕਦੀ ਸਿਮਟਦੀ ਹੋਂਦ ਨੂੰ ਮੁੱਠੀਆ 'ਚ ਮੀਟਦੀਆਂ, ਆਪਣੀਆਂ ਵਲੂੰਧਰੀਆਂ ਸੱਧਰਾਂ ਦੇ ਸਿਵੇ ਸੇਕਦੀਆਂ, ਆਪਣੀ ਜਜ਼ਬਾਤ-ਪੂੰਜੀ ਨੂੰ ਪਰੰਪਰਾ-ਭੱਠੀ ਵਿਚ ਝੋਕਦੀਆਂ, ਆਪਣੀਆਂ ਰੀਝਾਂ ਦੇ ਸਾਲੂ ਨੂੰ ਰੋਕਾਂ ਦੇ ਸੂਈ ਧਾਗੇ ਨਾਲ ਕੱਢਦੀਆਂ, ਹਰ ਪਲ ਵਿਤਕਰਿਆਂ ਦੇ ਡੰਗ-ਚੋਭਾਂ ਸਹਾਰਦੀਆਂ, ਪੱਖਪਾਤ ਦੇ ਪੁੜਾਂ ਵਿਚ ਪਿਸਦੀਆਂ, ਦੁਰਕਾਰ ਫਿਟਕਾਰ ਭਰਿਆ ਜੀਵਨ ਬਸਰ ਕਰਦੀਆਂ ਮਹਿਜ਼ ਵਸਤੂਆਂ ਬਣਕੇ ਵਿਕਦੀਆਂ ਵੱਟਦੀਆਂ ਆਜੀਵਨ ਨਰਕਾਂ ਭਰੀ, ਜ਼ਿਲਤਪੂਰਨ ਅਤੇ ਤ੍ਰਾਸਦਿਕ ਜ਼ਿੰਦਗੀ ਜਿਉਣ ਲਈ ਲਾਚਾਰ ਹਨ । ਅਜਿਹੇ ਦਿਹਾੜੇ ਵੀ ਜਿਨ੍ਹਾਂ ਲਈ ਕੋਈ ਆਸ ਦੀ ਕਿਰਨ ਲੈ ਕੇ ਨਹੀਂ ਆਉਂਦੇ । ਇਹ ਗੱਜ ਵੱਜਕੇ ਮਨਾਏ ਦਿਵਸ ਵੀ ਜਿਨ੍ਹਾਂ ਦੀ ਕਰੁਣਾਮਈ ਜ਼ਿੰਦਗੀ ਦੀ ਕੁੜੱਤਣ 'ਚ ਮਿਠਾਸ ਭਰਨੋਂ ਅਸਮਰੱਥ ਹਨ ਅਤੇ ਤਕਨੀਕੀ ਤੇ ਵਿਗਿਆਨਕ, ਉਦਯੋਗਿਕ ਤੇ ਪੁਲਾੜਕ ਤਰੱਕੀ ਜਿਨ੍ਹਾਂ ਲਈ ਬੇਮਾਅਨਾ 'ਤੇ ਬੇਅਸਰ ਹੈ ।

ਭਾਰਤ ਹੀ ਨਹੀਂ ਸਮੁੱਚਾ ਏਸ਼ੀਆਂ ਪੌਡੂ ਬਹੁਤਾਤ ਵਾਲਾ ਦੀਪ ਹੈ । ਜਿਥੇ ਨਿਮਨ ਵਰਗ ਦੇ ਨਾਲ ਨਾਲ ਮੱਧ ਸ਼੍ਰੇਣਿਕ ਨਾਰੀ ਵੀ ਦੁਸ਼ਵਾਰੀਆਂ ਦੇ ਤਾਣੇ ਬਾਣੇ ਵਿਚ ਉਲਝੀ ਪਈ ਹੈ । ਪਰੰਪਰਿਕ ਰੋਲ (ਜੱਚਾ ਬਚਾ ਤੇ ਘਰ ਪਰਿਵਾਰ ਦੇ ਕੰਮ ਕਾਜ) ਦੇ ਨਾਲ ਨਾਲ ਮਹਿੰਗਾਈ ਦੀ ਮਾਰੋਂ ਬਚਣ ਲਈ ਕੀਤੀ ਨੌਕਰੀ-ਚਾਕਰੀ ਨੇ ਉਸਦੇ ਜੀਵਨ-ਪੱਧਰ ਨੂੰ ਤਾਂ ਨਿਰਸੰਦੇਹ ਉਚਿਆਇਆ ਪਰੰਤੂ ਨਵੇਂ ਅੱਯਾਮਾਂ ਦੇ ਰੂ-ਬ-ਰੂ ਅਣਗਿਣਤ ਨਵੀਆਂ ਮੁਸ਼ਕਲਾਂ ਉਹਦੇ ਰਾਹਾਂ ਵਿਚ ਮੂੰਹ ਟੱਡ ਕੇ ਖੜ੍ਹੋ ਗਈਆਂ । ਜਿਸਮਾਨੀ, ਮਾਨਸਿਕ ਅਤੇ ਆਤਮਿਕ ਤੌਰ ਤੇ ਅਨੇਕ ਸਮੱਸਿਆਵਾਂ ਦੀ ਮਾਰ ਹੇਠ ਆਈ ਅਜੋਕੀ ਪੜ੍ਹੀ ਲਿਖੀ ਔਰਤ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਵਾਲੀ ਮਨੋ ਸਥਿਤੀ ਦੀ ਸ਼ਿਕਾਰ ਹੈ ।

ਸਾਡਾ ਮੁੱਖ ਮੁੱਦਾ ਓਸ ਅਨਪੜ੍ਹ, ਪੇਂਡੂ, ਦੱਬੀ ਕੁਚਲੀ, ਲਿਤਾੜੀ-ਪਛਾੜੀ ਤੇ ਮਧੋਲੀ ਇਸਤਰੀ ਦਾ ਹੈ ਜੋ ਜਾਦੂ ਟੂਣਿਆਂ, ਜੰਤਰਾਂ ਮੰਤਰਾਂ, ਸੰਸਕਾਰਾਂ-ਪਾਖੰਡਾਂ, ਅਤੇ ਭੇਖਾਂ ਵਿਖਾਵਿਆਂ ਦੀ ਗਰਕਣ ਵਿਚ ਖੁੱਭੀ ਪਈ ਹੈ । ਜਿਹਦਾ ਸਮੁੱਚਾ ਸੰਸਾਰ ਅਨਪੜ੍ਹਤਾ, ਅਗਿਆਨਤਾ, ਜਹਾਲਤ, ਗ਼ਰੀਬੀ, ਬੱਚਿਆਂ ਦੇ ਬੋਝ, ਮਹਿੰਗਾਈ, ਭੁੱਖ, ਨੰਗ ਅਤੇ ਨਰਕਮਈ ਪਰਿਸਥਿਤੀਆ ਨਾਲ ਓਤਪੋਤ ਹੈ । ਵਿਸ਼ਵ ਬੈਂਕ ਦੀ ਭਾਰਤ ਸੰਬੰਧੀ ਜੋ ਤਾਜ਼ਾ ਰਿਪੋਰਟ ਛਪੀ ਹੈ ਉਸ ਵਿਚ ਰਿਪੋਰਟਕਾਰ ਐਨੀ ਟਿੰਕਰ ਅਨੁਸਾਰ, "ਭਾਰਤ ਦਾ ਸਮਾਜਿਕ ਢਾਂਚਾ ਔਰਤਾਂ ਪ੍ਰਤਿ ਨਾ ਬਰਾਬਰੀ ਵਾਲਾ ਹੈ ।" ਹਿੰਦੀ ਬੋਲਣ ਵਾਲੀ ਪੱਟੀ (ਬਿਹਾਰ, ਯੂ.ਪੀ., ਰਾਜਿਸਥਾਨ ਅਤੇ ਮੱਧ ਪ੍ਰਦੇਸ਼) ਜਿਸ ਵਿਚ ਭਾਰਤ ਦੀ ਚਾਲੀ

ਪ੍ਰਤਿਸ਼ਤ ਵਸੋਂ ਹੈ, ਵਿਚ ਔਰਤਾਂ ਨਾਲ ਸਭ ਤੋਂ ਵੱਧ ਵਿਤਕਰਾ ਕੀਤਾ ਜਾਂਦਾ ਹੈ। ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿਚ ਮੌਤ ਦਰ ਕਿਤੇ ਵਧੇਰੇ ਹੈ। ਉਹ ਪੌਸ਼ਟਿਕਤਾ ਦੇ ਪੱਖੋਂ ਮਾਰੀਆਂ ਜਾਂਦੀਆਂ ਹਨ। ਉਨ੍ਹਾਂ ਵਿਚ ਬੀਮਾਰੀ ਨਾਲ ਜੂਝਣ ਦੀ ਤਾਕਤ ਨਹੀਂ। ਉਨ੍ਹਾਂ ਦਾ ਇਲਾਜ ਉਦੋਂ ਤੱਕ ਨਹੀਂ ਕੀਤਾ ਜਾਂਦਾ ਜਦੋਂ ਤੱਕ ਬੀਮਾਰੀ ਜ਼ੋਰ ਨਹੀਂ ਫੜ ਲੈਂਦੀ।" ਗੱਲ ਕੀ ਭਾਰਤ ਦੀ ਅੱਧੀ ਨਾਲੋਂ ਵੱਧ ਵੱਸੋਂ ਜ਼ਿੱਲਤਪੂਰਨ ਅਤੇ ਘਿਣਾਉਣਾ ਜੀਵਨ ਜਿਉਣ ਲਈ ਮਜਬੂਰ ਹੈ। ਪਰ ਪਾਠਕੋ ! ਭਾਰਤ ਹੀ ਕਿਉਂ ? ਕੀ ਆਲੇ ਦੁਆਲੇ ਦੇ ਦੇਸ਼ਾਂ ਵਿਚ ਇਹ ਅੰਕੜੇ ਕੋਈ ਵਧੀਆ ਤਸਵੀਰ ਉਭਾਰ ਰਹੇ ਹਨ ? ਚਬੜ ਚਬੜ ਗੱਲਾਂ ਕਰਨ ਵਾਲੀ ਬੇ-ਨਜ਼ੀਰ ਦੀਆਂ ਹਮਵਤਨਾਂ ! ਤੋਬਾ-ਤੋਬਾ ! ਇੱਥੋਂ ਦੇ ਮਨੁੱਖੀ ਅਧਿਕਾਰਾਂ ਦੇ ਕੇਸਾਂ ਨਾਲ ਨਿਪਟਣ ਵਾਲੀ ਵਕੀਲ ਅਸਮਾਂ ਜਹਾਂਗੀਰ ਦਾ ਕਹਿਣਾ ਹੈ ਕਿ "ਪਾਕਿਸਤਾਨ ਵਿਚ ਹਰ ਤੀਜੇ ਘੰਟੇ ਇਕ ਜ਼ਬਰ ਜਿਨਾਹ ਹੁੰਦੈ"। ਅੰਦਰਲੀਆਂ ਬਦਤਰ ਪਰਿਸਥਿਤੀਆਂ ਨੂੰ ਛੁਪਾਉਣ ਲਈ ਬੀਬੀ ਬੇਨਜ਼ੀਰ ਨੇ ਯੂ.ਐਨ.ਓ ਦੀ ਚੌਥੀ ਮਹਿਲਾ ਕਾਨਫਰੰਸ ਵਿਚ ਕਸ਼ਮੀਰ ਵਾਦੀ ਵਿਚ ਕਲਪਿਤ ਬਲਾਤਕਾਰ ਭਾਰਤੀ ਸੁਰੱਖਿਆ ਦਸਤਿਆਂ ਸਿਰ ਮੜ੍ਹ ਦਿੱਤੇ ਸਨ ਪਰ ਅਮਨੈਸਟੀ ਇੰਟਰਨੈਸ਼ਨਲ ਦਾ ਦਾਅਵਾ ਹੈ ਕਿ ਪਾਕਿਸਤਾਨ ਵਿਚ ਬਹੁਤ ਵਾਰ ਔਰਤਾਂ ਦੀ ਗ੍ਰਿਫਤਾਰੀ ਹੀ ਇਸੇ ਕਰਕੇ ਕੀਤੀ ਗਈ ਕਿ ਉਨ੍ਹਾਂ ਨਾਲ ਬਦਫੈਲੀ ਕੀਤੀ ਜਾ ਸਕੇ। ਇਹੋ ਇਕ ਦੇਸ਼ ਹੈ ਸਾਥਣੋ ! ਜਿੱਥੇ ਬਲਾਤਕਾਰ ਦਾ ਗਵਾਹ ਨਾ ਭੁਗਤਾਉਣ ਤੇ ਜ਼ਬਰਦਸਤੀ ਦਾ ਸ਼ਿਕਾਰ ਔਰਤ ਬਦਫੈਲੀ ਦੀ ਸਜ਼ਾ ਖ਼ੁਦ ਭੁਗਤਦੀ ਹੈ। ਇਸਲਾਮੀ ਦੇਸਾਂ ਵਿਚ ਔਰਤ ਦੀ ਹੋ ਰਹੀ ਦੁਰਦਸ਼ਾ ਕਿਸੇ ਤੋਂ ਗੁੱਝੀ ਛਿਪੀ ਨਹੀਂ। ਅਫਗਾਨਿਸਤਾਨ ਵਿਚ ਦਿਨ ਦਿਹਾੜੇ ਕੀ ਹੋ ਰਿਹੈ ? ਉਥੋਂ ਦੀ ਨਾਰੀ ਪੱਥਰ ਯੁੱਗ ਵਿਚ ਵਿਚਰਨ ਲਈ ਬੇਬਸ ਹੈ। ਸਕੂਲਾਂ-ਕਾਲਜਾਂ ਤੋਂ ਜਿਸਨੂੰ ਵਰਜਿਆ ਜਾ ਰਿਹੈ। ਨੌਕਰੀ ਚਾਕਰੀ ਤੋਂ ਜਿਸਨੂੰ ਰੋਕਿਆ ਜਾ ਰਿਹੈ। ਪਰਦੇ ਤੇ ਬੁਰਕੇ ਦੀ ਕੈਦ ਅਤੇ ਬੁਰਕੇ ਅੰਦਰ ਆਪਣੀ ਹੋਂਦ ਨੂੰ ਲੀਰੋ ਲੀਰ ਕਰਨ ਦੀਆਂ ਜਿਸਨੂੰ ਸੱਪਸ਼ਟ ਹਦਾਇਤਾਂ ਹਨ। ਹਾਲ ਹੀ ਵਿਚ ਆਈ ਅਸਗਰ ਅਲੀ ਦੀ ਪੁਸਤਕ (The rights of women in Islam) ਕੁਰਾਨ ਦੇ ਪ੍ਰਸੰਗ ਵਿਚ ਇਸਲਾਮ ਦੀ ਪੁਨਰ ਵਿਆਖਿਆ ਹੈ ਕਿਉਂਕਿ ਕੁਰਾਨ ਔਰਤ ਨੂੰ ਮਰਦ ਦੇ ਬਰਾਬਰ ਅਧਿਕਾਰ ਦਿੰਦੀ ਹੈ ਜਦੋਂ ਕਿ ਕੱਟੜ ਪੰਥੀਆਂ ਨੇ ਆਪਣੇ ਨਿੱਜੀ ਲਾਭਾਂ ਲਈ ਇਸਦੀ ਮਨਚਾਹੀ ਵਿਆਖਿਆ ਕਰ ਲਈ ਤੇ ਇੰਵ ਆਪਣੀ ਔਰਤ ਦਾ ਜਿਉਣਾ ਦੁੱਭਰ ਕਰ ਦਿੱਤਾ।

ਜਦੋਂ ਜਗਨ ਨਾਥ ਮੰਦਰ ਵਿਚ ਦੇਵਦਾਸੀ-ਮੁਖੀ ਪਰਸਮਣੀ ਨੇ ਅੱਗੇ ਤੋਂ ਆਪਣੀ ਕੋਈ ਵੀ ਉੱਤਰ ਅਧਿਕਾਰੀ ਬਣਾਉਣੋਂ ਇਨਕਾਰ ਕਰ ਦਿੱਤਾ ਤਾਂ ਮੰਦਰ ਦੀ ਪ੍ਰਬੰਧਕੀ ਕਮੇਟੀ ਵਿਚ ਖਲਬਲੀ ਮਚ ਗਈ। ਦਰਅਸਲ ਕਰਨਾਟਕ ਸਰਕਾਰ ਦੇਵਦਾਸੀ ਪ੍ਰਥਾ ਨੂੰ ਬੰਦ ਕਰਨ ਲਈ ਕਾਨੂੰਨੀ ਕਦਮ ਚੁੱਕ ਰਹੀ ਹੈ। ਅਮੀਰਾਂ, ਵਜ਼ੀਰਾਂ, ਰਾਜਿਆਂ, ਪਰੋਹਿਤਾਂ ਤੇ ਪੁਜਾਰੀਆਂ ਦੀ ਕਾਮ-ਭੁੱਖ ਮੇਟਣ ਲਈ ਲਾਚਾਰ ਦੇਵਦਾਸੀਆਂ ਹੁਣ ਤੱਕ

ਅਮਾਨਵੀ ਜੀਵਨ ਬਸਰ ਕਰਦੀਆਂ ਰਹੀਆਂ ਹਨ। ਕਦੇ ਉਹ ਨਗਰ-ਬਧੂ ਬਣਾ ਦਿੱਤੀਆਂ ਗਈਆਂ ਤੇ ਕਦੇ ਜੈਨ ਸਾਧਵੀਆਂ। ਕਦੇ ਬ੍ਰਹਮ ਦਾਸੀਆਂ ਤੇ ਕਦੇ ਕੁਝ ਹੋਰ ਵੀ। ਇਸ ਮਰਦ ਪ੍ਰਧਾਨ ਸਮਾਜ ਵਿਚ ਬਦਲਦੇ ਸਮਿਆਂ ਵਿਚ ਨਾਰੀ-ਭੋਗ ਲਈ ਮਾਪਦੰਡ ਬਦਲਦੇ ਰਹੇ। ਮੱਯਾਰ ਅੰਵਸ਼ ਬਦਲਦੇ ਰਹੇ। ਭੋਗੀ ਬਦਲਦੇ ਰਹੇ ਪਰੰਤੂ ਨਾਰੀ ਤਿਲ ਤਿਲ ਕੱਟਕੇ ਹੀ ਮਰਦੀ ਜਿਉਂਦੀ ਰਹੀ। ਗਰੀਕ ਭੂਗੋਲਕਾਰ ਸਟੈਰਬੋ ਲਿਖਦਾ ਹੈ ਕਿ "ਕੇਪਾ-ਡੋਸੀਆ ਦੇ ਸਭ ਤੋਂ ਵੱਧ ਵਿਖਿਆਤ ਨਾਗਰਿਕ ਆਪਣੀਆਂ ਧੀਆਂ ਨੂੰ ਵਿਆਹ ਤੋਂ ਪਹਿਲਾਂ ਪੂਜਯ ਦੇਵੀ ਦੀ ਸੇਵਾ ਵਿਚ ਅਰਪਣ ਕਰਦੇ ਸਨ। ਇਹ ਘਟਨਾ ਉਹ 63 ਈਸਾ ਪੂਰਵਲੇ ਸੰਨ ਨਾਲ ਜੋੜਦਾ ਹੈ। ਇਸੇ ਸਮੇਂ ਤੋਂ ਇਸ ਦੇਵ ਦਾਸੀ ਪ੍ਰਥਾ ਦਾ ਆਗਾਜ਼ ਮੰਨਿਆ ਜਾਂਦਾ ਹੈ।

ਪਿਛਲੇ ਦਿਨੀਂ ਦਸ਼ਮੇਸ਼ ਨਗਰੀ ਪਾਉਂਟਾ ਸਾਹਿਬ ਦੀ ਵੱਖੀ ਵਿਚ ਵੱਸਦੇ ਇਕ ਇਲਾਕੇ (ਜ਼ਿਲਾ ਸਿਰਮੌਰ) ਦੀ ਇਕ ਬਿਰਾਦਰੀ ਦੀ ਅਜਿਹੀ ਰੌਂਗਟੇ ਖੜ੍ਹੇ ਕਰਨ ਵਾਲੀ ਖ਼ਬਰ ਆਈ ਕਿ ਹਰ ਸੰਵੇਦਨਸ਼ੀਲ ਵਿਅਕਤੀ ਆਪਣਾ ਮੱਥਾ ਪਿੱਟ ਕੇ ਰਹਿ ਗਿਆ ਹੈ। ਇਨ੍ਹਾਂ ਮੁਟਿਆਰਾਂ ਦੇ ਮਾਪੇ; ਕਹਿੰਦੇ ਨੇ ਕਿ ਖੁਦ ਪਰੰਪਰਿਕ ਰਵਾਇਤ ਅਨੁਸਾਰ ਆਪਣੀਆਂ ਧੀਆਂ ਨੂੰ ਪਿੰਡ ਦੇ ਹੀ ਗੱਭਰੂਆਂ ਨਾਲ ਹਮ ਬਿਸਤਰੀ ਕਰਨ ਲਈ ਮਜਬੂਰ ਕਰਦੇ ਹਨ। ਲੜਕੀ ਦੇ ਪਰਿਵਾਰ ਵਿਚ ਕਦੇ ਕਿਸੇ ਨੂੰ ਇਤਰਾਜ਼ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਜੇ ਹੋਵੇ ਵੀ ਤਾਂ ਮੁੰਡੇ ਦੀ ਸਜ਼ਾ ਦਾ ਫ਼ੈਸਲਾ ਪਿੰਡ ਦੇ ਮਰਦ ਕਰਦੇ ਹਨ। ਕੁੜੀ ਨੂੰ ਕਦੇ ਨਹੀਂ ਪੁੱਛਿਆ ਜਾਂਦਾ ਕਿ ਉਹਦੀ ਇੱਛਾ ਜਾਂ ਮਰਜ਼ੀ ਕੀ ਹੈ। ਇਸ ਇਲਾਕੇ ਵਿਚ ਉਂਞ ਜ਼ਬਰ ਜਿਨਾਹ ਦਾ ਕਦੇ ਕੋਈ ਕੇਸ ਦਰਜ ਨਹੀਂ ਹੋਇਆ। ਸਜ਼ਾ ਵਜੋਂ ਜਿਹੜੀ ਬੱਕਰੀ ਲੜਕਾ ਦਿੰਦਾ ਹੈ ਉਹ ਰਿੰਨ੍ਹ ਕੇ ਸਾਰੇ ਪਿੰਡ ਵਿਚ ਵਰਤਾਈ ਜਾਂਦੀ ਹੈ। ਕੁੜੀ ਦੀ ਇੱਜ਼ਤ ਦਾ ਮੁੱਲ ਇੱਥੇ ਇਹੀ ਹੈ ਦੋਸਤੋ ! ਸੋ, ਪਹਿਲੀ ਕਾਮ-ਖੇਡ ਆਪਣੇ ਹੀ ਪਿੰਡ, ਆਪਣੇ ਹੀ ਪੇਕੀਂ।। ਨਵੀਂ ਵਿਦਿਆ ਦੀ ਰੋਸ਼ਨੀ ਵਿਚ ਜੇ ਕੋਈ ਪੜ੍ਹੀ ਲਿਖੀ ਧੀ ਜਾਂ ਉਹਦੇ ਮਾਪੇ ਇਸ ਪ੍ਰਥਾ ਦਾ ਵਿਰੋਧ ਕਰਨ ਤਾਂ ਪਿੰਡ ਵਾਲੇ ਉਨ੍ਹਾਂ ਨੂੰ ਛੇਕਣ ਜਾਂ ਬਦਨਾਮ ਕਰਨ ਦਾ ਫ਼ਤਵਾ ਸੁਣਾਉਂਦੇ ਹਨ। ਯੂਨੀਸੈੱਫ ਕੋਲ ਇਸਦੀ ਮੁਕੰਮਲ ਰਿਪੋਰਟ ਪੁੱਜ ਚੁੱਕੀ ਹੈ ਉਂਞ ਪਰ ਲਕੀਰ ਦੇ ਫ਼ਕੀਰ ਲੋਕ ਕਾਹਨੂੰ ਬਦਲਦੇ ਨੇ।

ਨਗਰਾਂ, ਮਹਾਂਨਗਰਾਂ ਤੇ ਜਨਤਕ ਥਾਵਾਂ 'ਤੇ ਬਣੇ ਨਾਰੀ ਸੁਧਾਰ ਘਰ, ਨਾਰੀ ਨਿਕੇਤਨ, ਕੰਮ ਕਾਜੀ ਔਰਤਾਂ ਦੇ ਹੋਸਟਲ, ਨਿਰਮਲ ਛਾਇਆ ਆਸ਼ਰਮ ਅਤੇ ਅਜਿਹੇ ਹੀ ਕਈ ਹੋਰ ਅਦਾਰੇ ਹੁਣ ਆਪਣੇ ਮੰਤਵ ਤੋਂ ਹਟਕੇ ਜਿਸਮ ਫ਼ਰੋਸ਼ੀ ਦੇ ਅੱਡੇ ਬਣ ਚੁੱਕੇ ਹਨ। ਹਾਕਮ ਵਜ਼ੀਰ, ਅਸਰ ਰਸੂਖੀਏ, ਸਰਕਾਰੀਏ, ਦਰਬਾਰੀਏ ਅਤੇ ਹੋਰ ਕਹਿੰਦੇ ਕਹਾਉਂਦੇ ਲੋਕ ਇਨ੍ਹਾਂ ਬੇਬੱਸਾਂ, ਬੇਸਹਾਰਾ, ਮਜ਼ਲੂਮਾਂ, ਲਾਚਾਰਾਂ, ਅਬਲਾਵਾਂ ਅਤੇ ਵਕਤ ਦੀਆਂ ਮਾਰੀਆਂ ਔਰਤਾਂ ਨੂੰ ਨੋਚਦੇ, ਥੋਚਦੇ ਅਤੇ ਖਰੋਚਦੇ ਹਨ। ਇਨ੍ਹਾਂ ਬਦਨਸੀਬਾਂ ਦੀ ਮਾਯੂਸੀ, ਨਿਰਾਸ਼ਾ ਤੇ ਤੜਪ ਕਿਸੇ ਲਈ ਕੋਈ ਅਰਥ ਨਹੀਂ ਰੱਖਦੀ। ਜੇਲ੍ਹਾਂ ਵਿਚ

ਕੈਦੀ ਔਰਤਾਂ ਵਲੋਂ ਬੱਚੇ ਪੈਦਾ ਕਰਨ, ਹਮਲ ਗਿਰਾਉਣ ਅਤੇ ਜ਼ੋਰਾਂ ਜ਼ਬਰੀ ਇਕ ਆਮ ਵਰਤਾਰਾ ਹੋ ਕੇ ਰਹਿ ਗਿਆ ਹੈ। ਹਸਪਤਾਲਾਂ ਵਿਚ ਭਰਤੀ ਮਰੀਜ਼ ਔਰਤਾਂ, ਤੀਮਾਰਦਾਰੀ ਲਈ ਆਈਆਂ ਸਾਥਣਾਂ, ਇੱਥੋਂ ਤੱਕ ਕਿ ਮੁਲਾਜ਼ਮ ਇਸਤਰੀਆਂ ਵੀ ਸੁੱਰਖਿਅਤ ਨਹੀਂ ਇੱਥੇ। ਦਿਨ ਦੀਵੀ ਬਲਾਤਕਾਰ ਦੀਆਂ ਖ਼ਬਰਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ ਆਲੇ ਦੁਆਲੇ ਵਿਚ। ਤੇ ਇਸ ਮਾਮਲੇ ਦੀ ਸਭ ਤੋਂ ਵਧੇਰੇ ਦਿਲ ਦਹਿਲਾ ਦੇਣ ਵਾਲੀ ਉਹ ਘਟਨਾ ਹੈ ਜਿਸ ਵਿਚ ਦਹਾਕਿਆਂ ਤੋਂ ਬੇਹੋਸ਼ੀ ਵਿਚ ਹਸਪਤਾਲ ਪਈ ਨਿਊਯਾਰਕ ਦੀ ਇਕ ਕਾਲਜੀਏਟ ਲੜਕੀ ਨੇ ਪਿਛਲੇ ਦਿਨੀਂ ਇਕ ਲੜਕੇ ਨੂੰ ਜਨਮ ਦਿੱਤਾ। ਸਾਡੇ ਉੱਚ ਮੈਡੀਕਲ ਹਲਕਿਆਂ ਅਤੇ ਸਮਾਜਿਕ ਢਾਂਚੇ ਦੇ ਮੂੰਹ 'ਤੇ ਥੁੱਕਦਾ ਇਹ ਘਿਣਾਉਣਾ ਕਾਰਾ ਉਸ ਬੇਬਸ ਕੁੜੀ ਦੇ ਮਾਪਿਆਂ ਲਈ ਵੀ ਬੜਾ ਦਰਦਨਾਕ ਅਤੇ ਸ਼ਰਮਸਾਰ ਕਾਰਾ ਹੈ ਜੋ ਸਵੇਰੇ ਤ੍ਰਿਕਾਲੀਂ ਆਪਣੀ ਧੀ ਦੀ ਖ਼ਬਰ ਸਾਰ ਲੈਣ ਆਉਂਦੇ ਰਹਿੰਦੇ ਸਨ। ਬਲਾਤਕਾਰ ਦੇ ਹੈਰਤ ਅੰਗੇਜ਼ ਕਿੱਸੇ ਜਿਵੇਂ ਇਕ ਆਮ ਫਹਿਮ ਵਰਤਾਰਾ ਹੋ ਕੇ ਰਹਿ ਗਏ ਹੋਣ। ਹਵਸ ਪੂਰਤੀ ਉਪਰੰਤ ਇਨ੍ਹਾਂ ਲਾਚਾਰਾਂ ਨਾਲ ਅਮਾਨਵੀ ਵਰਤਾਉ, ਕਤਲ, ਖੇਹ ਖ਼ਰਾਬਾਂ ਤੇ ਲਾਸ਼ ਟਿਕਾਣੇ ਲਾਉਣ ਲਈ ਗ਼ੈਰ ਮਨੁੱਖੀ ਢੰਗ-ਤਰੀਕੇ ਕਿਹਦੇ ਤੋਂ ਭੁੱਲੇ ਵਿੱਸਰੇ ਹੋਏ ਹਨ ਭਲਾ ? ਤਿਹਾੜ ਜੇਲ੍ਹ ਦੀ ਵੱਖੀ ਵਿਚ ਵਾਕਿਆ ਦਿੱਲੀ ਸਰਕਾਰ ਦੇ ਸਮਾਜ ਕਲਿਆਣ ਵਿਭਾਗ ਦਾ "ਨਿਰਮਲ ਛਾਇਆ ਆਸ਼ਰਮ" ਅੱਜ ਜਿਸਮ ਫਰੋਸ਼ੀ ਦਾ ਅੱਡਾ ਬਣਕੇ ਰਹਿ ਗਿਆ ਹੈ। ਡੀ.ਟੀ.ਸੀ. ਦਾ ਡਿਪੂ ਲਾਗੇ ਹੋਣ ਕਰਕੇ, ਬੱਸਾਂ ਦੀਆਂ ਛਤਾਂ ਰਾਹੀਂ ਵੀ ਮਨਚਲੇ ਇਸ ਆਸਰਮ ਵਿਚ ਆਣ ਧਮਕਦੇ ਹਨ। ਦਿੱਲੀ ਰਾਜ ਦੇ ਇਕ ਮੰਤਰੀ ਅਤੇ ਇਸ ਆਸ਼ਰਮ ਦੀ ਇਕ ਲੜਕੀ ਦੇ ਗਰਭਵਤੀ ਹੋਣ ਦੀ ਸਨਸਨੀਖੇਜ਼ ਖ਼ਬਰ ਸਾਰੇ ਪਾਠਕ ਜਾਣਦੇ ਹੀ ਹਨ। ਜਲੰਧਰ ਦੇ ਬਾਲ-ਸੁਧਾਰ ਕੇਂਦਰ ਵਿਖੇ ਹਾਮਲਾ ਹੋਈ ਅਜਿਹੀ ਹੀ ਇਕ ਬੇਸਹਾਰਾ ਲੜਕੀ ਸਾਰੇ ਉੱਚ ਦਾਇਰਿਆਂ ਤੇ ਪ੍ਰਸ਼ਨ ਚਿੰਨ੍ਹ ਲਟਕਾਉਂਦੀ ਹੈ। ਕੌਮੀ ਨਾਰੀ ਕਮਿਸ਼ਨ ਕੋਲ ਇਕ ਅਜਿਹਾ ਕੇਸ ਆਇਆ ਹੈ ਜਿਥੇ ਕਿਸੇ ਮਰਦ ਨੂੰ ਪਿਆਰ ਕਰਨ ਦੀ ਸਜ਼ਾ ਵਜੋਂ ਪਿੰਡ ਦੀ ਪੰਚਾਇਤ ਨੇ ਸੰਬੰਧਿਤ ਔਰਤ ਨਾਲ ਸ਼ਰੇਆਮ ਸਮੂਹਿਕ ਬਲਾਤਕਾਰ ਦੀ ਇਜਾਜ਼ਤ ਦਿੱਤੀ। ਸਾਰੇ ਪਿੰਡ ਦੇ ਮੁਸ਼ਟੰਡਿਆਂ ਨੇ ਹਫਤਿਆਂ ਬੱਧੀ ਉਸ ਔਰਤ ਦੀ ਖੇਹ ਖ਼ਰਾਬੀ ਕੀਤੀ ਅਤੇ ਉਸ ਨੂੰ ਸਦਾ ਲਈ ਅਹਿਸਾਸ ਕਰਵਾ ਦਿੱਤਾ ਕਿ ਪਿਆਰ ਦੀ ਖੇਡ ਕੇਵਲ ਮਰਦਾਂ ਦਾ ਏਕਾਧਿਕਾਰ ਹੈ, ਔਰਤ ਕੇਵਲ ਚੰਮ ਦੀ ਗੁੱਡੀ ਤੇ ਵਰਤਣ ਦੀ ਸ਼ੈਅ ਹੈ ਜਿਸ ਨੂੰ ਇਸ ਸਮਾਜ ਵਿਚ ਬਰਾਬਰੀ ਤਾਂ ਇਕ ਪਾਸੇ, ਕੋਈ ਅਧਿਕਾਰ ਹੀ ਨਹੀਂ ਹੈ।

ਨਿੱਤ ਦਿਹਾੜੇ ਪਿਤਾ, ਭਰਾਵਾਂ ਤੇ ਹੋਰ ਸੰਬੰਧੀਆਂ ਵਲੋ ਆਪਣੀਆਂ ਜੰਮੀਆਂ, ਜਾਈਆਂ ਨਾਲ ਮੂੰਹ ਕਾਲਾ ਕਰਨ ਦੀਆਂ ਖ਼ਬਰਾਂ ਆਉਂਦੀਆਂ ਹਨ। ਪਤੀਆਂ ਵਲੋਂ ਨਸ਼ੇ ਦੀ ਲੋਰ ਵਿਚ ਆਪਣੇ ਹਮਪਿਆਲਕਾਂ ਨਾਲ ਆਪਣੀਆਂ ਬੀਵੀਆਂ ਸਾਂਝੀਆਂ ਕਰਨ ਦੇ ਸਮਾਚਾਰ ਵੀ ਹਨ। ਕਿਧਰੇ ਬੌਸਾਂ ਵਲੋਂ ਉਨ੍ਹਾਂ ਦੀ ਇੱਜ਼ਤ ਨਾਲ ਖੇਡਣ

ਦੀਆਂ ਖ਼ਬਰਾਂ ਹਨ, ਕਿਧਰੇ ਸਹੁਰਿਆਂ ਵਲੋਂ ਦਾਜ ਦਹੇਜ ਦੇ ਨਾਂ 'ਤੇ ਬਿੱਲੇ ਲਾਉਣ ਦੀਆਂ ਕਲਿਯੁਗੀ ਘਟਨਾਵਾਂ, ਕਿਧਰੇ ਘਰੇਲੂ ਦਬਾਵਾਂ ਕਾਰਨ ਬੱਚਿਆਂ ਸਮੇਤ ਖ਼ੁਦਕੁਸ਼ੀ ਦੇ ਚੱਕਰ ਹਨ, ਕਿਤੇ ਹਾਲੇ ਵੀ ਸਤੀਆਂ ਦੀ ਪੂਜਾ ਹੈ ਅਤੇ ਕਿਤੇ ਅਜੇ ਵੀ (ਵੱਟੇ ਸੱਟੇ ਵਿਚ) ਮੁਟਿਆਰਾਂ ਧੀਆਂ ਨੂੰ ਨਿਆਣੇ ਵਰਾਂ ਦੇ ਲੜ ਲਾ ਦੇਣ ਦੀ ਪਰੰਪਰਾ ਚੱਲ ਰਹੀ ਹੈ। ਅਜਿਹਾ ਇਕੀਵੀਂ ਸਦੀ ਦੀ ਦਹਿਲੀਜ਼ 'ਤੇ ! !

ਸਟਾਕਹੋਮ ਵਿਚ ਹੋਈ ਆਲਮੀ ਕਾਨਫਰੰਸ (ਜਿਸ ਵਿਚ ਪੂਰੇ 100 ਦੇਸ਼ਾਂ ਨੇ ਸ਼ਮੂਲੀਅਤ ਕੀਤੀ) ਵਿਚ ਬੜੇ ਖ਼ੌਫ਼ਨਾਕ ਅਤੇ ਰਸਾਤਲੀ ਸਿੱਟੇ ਸਾਹਮਣੇ ਆਏ ਹਨ। ਅਜੋਕੇ ਏਡਜ਼-ਗ੍ਰਸਤ ਵਿਸ਼ਵ ਵਿਚ ਹੁਣ ਸ਼ਾਮਤ ਛੋਟੀਆਂ ਬਾਲੜੀਆਂ ਦੀ ਹੈ। ਪੂਰੇ ਯੋਰਪ ਵਿਚ ਬਾਲੜੀਆਂ ਨਾਲ ਬਦਫੈਲੀ ਕਰਕੇ ਉਨ੍ਹਾਂ ਦੇ ਕੰਜ-ਕੁਆਰੇ ਤੇ ਕੱਚੇ-ਕੂਲੇ ਜਿਸਮਾਂ ਨੂੰ ਮਾਰ ਮੁਕਾ ਦੇਣ ਦੇ ਅਨੇਕ ਨੰਗੇ ਚਿੱਟੇ ਕਾਰੇ ਸਭ ਦੇ ਸਾਹਮਣੇ ਹਨ। ਬੈਲਜੀਅਮ ਦੀਆਂ ਅਜਿਹੀਆਂ ਹਿਰਦੇਵੇਧਕ ਘਟਨਾਵਾਂ ਨੇ ਬਲਦੀ 'ਤੇ ਤੇਲ ਪਾਇਆ ਹੈ। ਸਾਡੇ ਮੁਲਕ 'ਚ ਵੀ ਭਲਾ ਕੀ ਨਹੀਂ ਹੋ ਰਿਹਾ ? ਇਸੇ ਵਿਸ਼ਵ ਕਾਨਫਰੰਸ ਦੇ ਅੰਕੜਿਆਂ ਮੁਤਾਬਿਕ ਹੱਸਦੀਆਂ, ਖੇਡਦੀਆਂ ਕਲੀਆਂ ਏਡਜ਼ ਨਾਲ ਮੁਰਝਾ ਰਹੀਆਂ ਹਨ। 20 ਲੱਖ ਮਰ ਚੁੱਕੀਆਂ ਹਨ ਤੇ 10 ਲੱਖ ਪ੍ਰਭਾਵਿਤ ਹੋ ਚੁੱਕੀਆਂ ਹਨ। 50% ਅੰਗਰੇਜ਼ ਬਾਲ ਵੇਸ਼ਵਾਵਾਂ, ਜਿਨ੍ਹਾਂ ਦੇ ਸਰੀਰ ਵਿਸ਼ਾਦ ਰੋਗਾਂ ਨਾਲ ਜੂਝਣ ਤੋਂ ਅਸਮਰਥ ਹਨ, ਏਡਜ਼ ਮਹਾਂਮਾਰੀ ਦੀ ਮਾਰ ਹੇਠ ਆ ਗਏ ਹਨ। ਯੂ.ਐਨ. ਗਲੋਬਲ ਏਡਜ਼ ਏਜੰਸੀ ਡਾਇਰੈਕਟਰ ਪੀਟਰ ਪਾਇਟ ਦੀ ਰਿਪੋਰਟ ਹੌਲਨਾਕ ਕਾਂਡਾਂ ਦੀ ਨਿਸ਼ਾਨਦੇਹੀ ਕਰਦੀ ਹੈ। ਘੱਟ ਲਾਗਤ ਵੱਧ ਮੁਨਾਫ਼ਾ। ਘੱਟ ਖ਼ਤਰਾ ਤੇ ਵੱਧ ਕਮਾਈ। ਸਮੁੱਚੇ ਸੰਸਾਰ ਦੀਆਂ ਕੰਨਿਆਵਾਂ ਏਡਜ਼ ਦੇ ਸਿਆਹ ਕਾਲੇ ਖੱਦਲਾਂ ਹੇਠ ਭੈਭੀਤ ਖੜ੍ਹੀਆਂ ਹਨ। ਜਦੋਂ ਕਿ ਉਨ੍ਹਾਂ ਦੇ ਦਲਾਲ (ਦੱਲੇ) ਕਰੋੜਪਤੀ ਬਣ ਰਹੇ ਹਨ।

ਸੱਜੀਆਂ ਫੱਬੀਆਂ ਔਰਤਾਂ ਭਾਵੇਂ ਅੱਜ ਬਹੁਤ ਉਨੱਤ ਹੋਣ ਦਾ ਭਰਮ ਪਾਉਂਦੀਆਂ ਹਨ ਪਰ ਅੰਦਰਖਾਤੇ ਸਥਿਤੀ ਕਿੰਨੀ ਕੁ ਧਮਾਕਾਖੇਜ਼ ਹੈ ਇਹ ਕੇਵਲ ਉਹੀ ਜਾਣਦੀਆਂ ਹਨ। ਪਿਛਲੇ ਦਿਨੀਂ ਦਿੱਲੀ ਵਿਖੇ ਸੰਪੰਨ ਹੋਈ ਅੰਤਰ ਪਾਰਲੀਮਾਨੀ ਕਾਨਫਰੰਸ ਦਾ ਨਿਸ਼ਕਰਸ਼ ਇਹੀ ਸੀ ਕਿ ਔਰਤ ਪ੍ਰਤੀ ਰੂੜ੍ਹੀਗਤ ਸੋਚ ਵਿਚ ਤਬਦੀਲੀ ਲਿਆਉਂਦਿਆਂ, ਲਿੰਗ ਭੇਦ ਦੇ ਵਿਤਕਰੇ ਮੇਟਦਿਆਂ, ਵਿਦਿਅਕ ਜਾਗਰੂਕਤਾ ਲਿਆਉਂਦਿਆਂ, ਸੰਪੂਰਨ ਵਿਅਕਤੀ ਹੋਣ ਦਾ ਅਹਿਸਾਸ ਕਰਵਾਉਂਦਿਆਂ ਉਸ ਦੀ ਸਿਆਸਤ ਵਿਚ ਬਰਾਬਰ ਭਾਗੀਦਾਰੀ ਰੱਖਣ ਉਪਰੰਤ ਹੀ ਵਾਤਾਵਰਣਕ ਸੰਤੁਲਨ ਹੋ ਸਕੇਗਾ। ਫਿਰ ਉਹ ਇਹ ਨਹੀਂ ਚਿਤਵੇਗੀ ਕਿ:

"ਇਹ ਤਾਂ ਮੇਰੇ ਵੈਣ ਨੇ
ਆਪ ਲਈ ਜੋ ਰਾਗ ਨੇ।"

❑

ਕਣਕਾਂ ਲੰਮੀਆਂ ਧੀਆਂ ਕਿਉਂ ਜੰਮੀਆਂ ਨੀ ਮਾਏ

'ਵਾਸ਼ਿੰਗਟਨ ਪੋਸਟ' ਵਿਚ ਪਿਛਲੇ ਦਿਨੀਂ 'ਵਰਜੀਨੀਆ ਉਪਜਾਇਕਤਾ ਡਾਕਟਰੀ ਖੋਜ ਕੇਂਦਰ' ਦੀ ਜਿਸ ਨਵੀਂ ਖੋਜ ਦਾ ਵੇਰਵਾ ਦਿੱਤਾ ਗਿਆ ਹੈ ਉਹ ਹਰ ਸੰਵੇਦਨਸ਼ੀਲ, ਸੁਹਿਰਦ ਅਤੇ ਮਾਨਵਵਾਦੀ ਸੋਚ ਵਾਲੇ ਵਿਅਕਤੀ ਲਈ ਅਸਮਾਨੀ ਬਿਜਲੀ ਡਿਗਣ ਬਰਾਬਰ ਹੈ। ਵਰਜੀਨੀਆ (ਅਮਰੀਕਾ) ਦੇ ਇਸੇ ਖੋਜ ਕੇਂਦਰ ਨੇ ਜਿੱਥੇ ਪਸ਼ੂਆਂ ਦੀ ਵਧੀਆ ਤੇ ਖ਼ਾਲਸ ਨਸਲ ਤਿਆਰ ਕਰਨ ਦੇ ਇਰਾਦੇ ਨਾਲ ਨਿਰੋਗ ਅਤੇ ਸਿਹਤਮੰਦ ਸ਼ੁਕਰਾਣੂ ਚੁਣਨ ਵਾਲੀ ਇਕ ਨਵੀਂ ਮਸ਼ੀਨ ਤਿਆਰ ਕੀਤੀ ਸੀ ਉੱਥੇ ਹੁਣ ਇਕ ਅਜਿਹੀ ਵਿਗਿਆਨਕ ਪ੍ਰਣਾਲੀ ਈਜਾਦ ਕਰਨ ਵਿਚ ਵੀ ਮੁਹਾਰਿਤ ਹਾਸਲ ਕਰ ਲਈ ਹੈ ਜਿਸ ਦੀ ਸਹਾਇਤਾ ਨਾਲ ਮਨੁੱਖ ਹੁਣ ਮਨ-ਇੱਛਤ ਔਲਾਦ ਪੈਦਾ ਕਰਨ ਦਾ ਲੁਤਫ਼ ਲੈ ਸਕਣਗੇ ਅਰਥਾਤ ਹੁਣ ਮਾਪੇ ਆਪਣੇ ਬੱਚੇ ਦੇ ਲਿੰਗ ਦੀ ਚੋਣ ਉਹਦੇ ਜਨਮ ਤੋਂ ਵੀ ਪੂਰਵ ਕਰ ਸਕਣਗੇ। ਵਿਗਿਆਨ ਦੀ ਦੁਨੀਆ ਵਿਚ ਤਾਂ ਇਹ ਇਕ ਬਹੁਤ ਵੱਡਾ ਮਾਅਰਕਾ ਆਖਿਆ ਜਾ ਸਕਦਾ ਹੈ ਕਿਉਂਕਿ ਖੋਜ ਕੇਂਦਰ ਵਲੋਂ ਕੀਤੇ ਸਤਾਰਾਂ ਤਜਰਬਿਆਂ ਵਿਚੋਂ ਪੰਦਰਾਂ ਕੇਸ ਬਿਲਕੁਲ ਸਫ਼ਲ ਸਿੱਧ ਹੋ ਚੁੱਕੇ ਹਨ। ਤੱਥ-ਆਧਾਰਿਤ ਰਿਪੋਰਟ ਵਿਚ ਇਹ ਸਪਸ਼ਟ ਲਿਖਿਆ ਗਿਆ ਹੈ ਕਿ ਜੇਕਰ ਇਹ ਵਿਧੀ ਲੜਕੇ ਪੈਦਾ ਕਰਨ ਲਈ ਕਿਸੇ ਜੋੜੇ ਵਲੋਂ ਵਾਰ ਵਾਰ ਅਪਣਾਈ ਜਾਵੇ ਤਾਂ ਨਤੀਜੇ ਦੀ ਗਾਰੰਟੀ ਹੋਰ ਵੀ ਵਧ ਜਾਵੇਗੀ। ਦੂਜੇ ਸ਼ਬਦਾਂ ਵਿਚ ਮਨਚਾਹੇ ਲਿੰਗ ਵਾਲਾ ਬੱਚਾ ਪੈਦਾ ਕਰਨ ਦੀ ਇਹ ਨਵੀਂ ਈਜਾਦ ਸਚਮੁੱਚ ਹੀ ਵਰਦਾਨ ਸਾਬਤ ਹੋਵੇਗੀ।

ਪਾਠਕੋ ! ਅਮਰੀਕਾ ਦੇ ਇਸ ਵਿਲੱਖਣ, ਨਿਵੇਕਲੇ ਤੇ ਜ਼ਿਕਰਯੋਗ ਡਾਕਟਰੀ ਖੋਜ-ਕੇਂਦਰ ਨੇ ਭਾਵੇਂ ਇਹ ਨਵੀਂ ਕਾਢ ਕਿਸੇ ਹਾਂਮੁਖੀ ਨਜ਼ਰੀਏ ਤਹਿਤ ਮਨੁੱਖਤਾ ਦੀ ਸੇਵਾ ਦੇ ਇਰਾਦੇ ਨਾਲ ਕੱਢੀ ਹੋਵੇਗੀ ਪਰੰਤੂ ਸਾਡੀਆਂ ਏਸ਼ਿਆਈ ਧਰਤੀਆਂ 'ਤੇ ਇਸ ਦਾ ਪ੍ਰਯੋਗ ਕੇਵਲ ਅਤੇ ਕੇਵਲ ਮੁੰਡਿਆਂ ਦੀ ਪ੍ਰਾਪਤੀ ਲਈ ਹੀ ਹੋਵੇਗਾ— ਅਤਿਅੰਤ ਦੁਖਦ, ਹਿਰਦੇਵੇਧਕ, ਹੌਲਨਾਕ ਅਤੇ ਦਿਲਚੀਰਵਾਂ ਪਹਿਲੂ ਜਿੱਥੇ ਪੁੱਤਰੇਸ਼ਨਾ ਦੇ ਮਾਰੇ ਹਰਲ ਹਰਲ ਲਿੰਗ ਟੈਸਟ ਕੇਂਦਰਾਂ ਵਿਚ ਵਰ੍ਹਿਆਂ ਨਹੀਂ ਕਈ ਵਾਰ ਦਹਾਕਿਆਂ ਤੱਕ ਧੱਕੇ ਖਾਂਦੇ ਅਤੇ ਧੀਆਂ ਦੇ ਭਰੂਣ ਗਿਰਵਾਉਂਦੇ ਮਾਪੇ ਸਮਾਜਵਾਦੀਆਂ ਦੀ ਨਿਰੰਤਰ ਚਿੰਤਾ ਬਣੇ ਰਹਿੰਦੇ ਹਨ। ਚੰਡੀਗੜ੍ਹ ਦੀਆਂ ਤਿੰਨ ਲਾਟਵਾ ਭੈਣਾਂ ਦੀ ਆਤਮ ਹੱਤਿਆ

ਦੀ ਘਟਨਾ ਕੋਈ ਬੀਤੇ ਯੁਗ ਦੀ ਗਾਥਾ ਨਹੀਂ। ਕਾਲਜ ਤੱਕ ਪੁੱਜੀਆਂ ਤੇ ਹਰ ਮੈਦਾਨ ਸਫਲਤਾ ਦੇ ਝੰਡੇ ਗੱਡ ਰਹੀਆਂ ਤਿੰਨ ਹੁਸੀਨ ਤੇ ਜ਼ਹੀਨ ਬੱਚੀਆਂ ਦੇ ਮਾਪੇ ਦਹਾਕਿਆਂ ਤਕ ਗਰਭਪਾਤ ਕਰਵਾਉਂਦੇ ਰਹੇ ਜਦੋਂ ਤੱਕ ਲਿੰਗ ਟੈਸਟ ਰਾਹੀਂ ਇਹ ਸਿੱਧ ਨਾ ਹੋ ਗਿਆ ਕਿ ਹੁਣ ਉਹ 'ਚੰਨ-ਪੁੱਤਰ' ਦੇ 'ਖੁਸ਼ਕਿਸਮਤ ਮਾਪੇ' ਬਣਨ ਜਾ ਰਹੇ ਹਨ। ਗੈਰਤਮੰਦ ਮੁਟਿਆਰਾਂ ਨੇ ਮਾਤਾ ਪਿਤਾ ਦੇ ਨਾਂ ਨੂੰ ਰੁਸ਼ਨਾਉਣ ਲਈ ਕੀ ਕੁਝ ਨਹੀਂ ਕੀਤਾ। ਕਵਿਤਾ ਕਰਦੀਆਂ, ਕਲਾਕਾਰੀ ਕਰਦੀਆਂ ਉਹ ਸਕੂਲ ਕਾਲਜ ਦੀਆਂ ਮੂਹਰੀ ਵਿਦਿਆਰਥਣਾਂ ਬਣ ਕੇ ਵਿਚਰੀਆਂ ਪਰੰਤੂ ਪੁੱਤਰ-ਮੋਹ ਵਿਚ ਅੰਨ੍ਹੇ ਹੋਏ ਮਾਪੇ ਇਹ ਸਵੀਕਾਰਨ ਤੋਂ ਇਨਕਾਰੀ ਹੀ ਰਹੇ ਕਿ ਉਹ ਤਿੰਨ ਸੁਸ਼ੀਲ, ਨੇਕ ਅਤੇ ਲਾਇਕ ਬੱਚੀਆਂ ਦੇ ਮਾਤਾ ਪਿਤਾ ਹਨ। ਹੋਇਆ ਇੰਵ ਕਿ ਜਿਉਂ ਹੀ ਉਨ੍ਹਾਂ ਦੀ ਮਾਂ ਨੇ ਕਿਸੇ ਜੱਚਾ-ਬੱਚਾ ਕੇਂਦਰ ਵਿਚ ਇਕ ਮਰੀਅਲ ਜਿਹੇ ਪੁੱਤਰ ਨੂੰ ਜਨਮ ਦਿੱਤਾ, ਤਿੰਨਾਂ ਹੀ ਭੈਣਾਂ ਨੇ ਗਿਲਾਨੀ, ਬੇਕਦਰੀ ਅਤੇ ਅਣਗੌਲਣਾ ਦੇ ਭਾਵ ਹਿੱਤ ਖ਼ੁਦਕੁਸ਼ੀ ਕਰ ਲਈ। ਮਾਪੇ ਪੁੱਤਰ ਦੀ ਖ਼ੁਸ਼ੀ ਮਨਾਉਣ ਜੋਗੇ ਵੀ ਨਾ ਰਹੇ ਤੇ ਸੁਹਣੀਆਂ ਸੁੱਨਖੀਆਂ, ਪਲੀਆਂ ਪਲਾਈਆਂ ਤੇ ਚੁਸਤ ਫੁਰਤ ਧੀਆਂ ਤੋਂ ਵੀ ਹਮੇਸ਼ਾ ਹਮੇਸ਼ਾ ਲਈ ਵੰਚਿਤ ਹੋ ਗਏ। ਸੱਚਮੁੱਚ ਸੰਵੇਦਨਸ਼ੀਲਾਂ ਨੂੰ ਝੰਜੋੜਣ ਵਾਲਾ ਹਾਦਸਾ ਸੀ ਇਹ।

ਸੁਹਿਰਦ ਪਾਠਕੋ ! ਲਾਟਵਾ ਭੈਣਾਂ ਵਲੋਂ ਲਿਆ ਗਿਆ ਇਹ ਦੁਖਦਾਈ ਫ਼ੈਸਲਾ ਸਾਡੇ ਪੁੱਤਰ ਭਾਲਦੇ ਮਾਪਿਆਂ ਦੇ ਮੂੰਹ 'ਤੇ ਹੀ ਚਪੇੜ ਨਹੀਂ ਸੀ ਸਗੋਂ ਸਾਡੇ ਕੁਲ ਸਮਾਜਿਕ ਪ੍ਰਬੰਧ ਤੇ ਸਮਕਾਲੀ ਸੋਚ 'ਤੇ ਵੀ ਕਰਾਰਾ ਥੱਪੜ ਹੈ। ਆਖਿਰ ਕਿਹੜੀ ਕਮੀ ਹੈ ਧੀ ਵਿਚ। ਕਿਹੜੀ ਘਾਟ। ਸਗੋਂ ਧੀ ਮਾਪਿਆਂ ਦੀ ਵਧੇਰੇ ਹਿਤੈਸ਼ੀ ਹੈ ਅਤੇ ਵਧੇਰੇ ਦੁੱਖ ਸੁੱਖ ਦੀ ਭਾਈਵਾਲ। ਹਾਂ, ਜੇ ਹਾਲੇ ਤੱਕ ਸਮਾਜ ਦੀ ਪਰੰਪਰਿਕ ਸੋਚ ਨਹੀਂ ਬਦਲੀ ਤਾਂ ਇਸ ਵਿਚ ਕਸੂਰ ਧੀਆਂ ਦਾ ਨਹੀਂ ਮਾਪਿਆਂ ਦਾ ਹੈ। ਸਭ ਕੁਝ ਬਦਲ ਗਿਆ ਹੈ, ਬਹੁਤ ਕੁਝ ਬਦਲ ਰਿਹਾ ਹੈ ਪਰ ਬਿਲਕੁਲ ਨਹੀਂ ਬਦਲਿਆ ਤਾਂ ਪੁੱਤਰ-ਪ੍ਰਾਪਤੀ ਦਾ ਮੋਹ। ਕਿਉਂਕਿ 'ਪੁਤੀ ਗੰਢਿ ਪਵੈ ਸੰਸਾਰਿ' ਅਤੇ 'ਪੁਤਰ ਨੀਸ਼ਾਨ ਹੈ' ਜਿਹੇ ਗੁਰਵਾਕਾਂ ਦੀ ਰੋਸ਼ਨੀ ਵਿਚ ਇਹ 'ਪੁੱਤਰੇਸ਼ਨਾ' ਘਟਣ ਦੇ ਆਸਾਰ ਵੀ ਕੋਈ ਨਹੀਂ ਹਨ। ਹਾਲਾਤ ਸਭ ਜਗ੍ਹਾਂ ਇਕੋ ਜਿਹੇ ਹੀ ਨਹੀਂ ਹਨ। ਬਹੁਤ ਸਾਰੇ ਸੂਝਵਾਨ ਮਾਪੇ ਦੋ/ਤਿੰਨ ਧੀਆਂ ਹੋ ਜਾਣ ਤੇ ਸਬਰ ਕਰ ਲੈਂਦੇ ਹਨ ਤੇ ਬੱਚੀਆਂ ਦੀ ਪੜ੍ਹਾਈ ਲਿਖਾਈ 'ਤੇ ਸ਼ਖ਼ਸੀਅਤ-ਉਸਾਰੀ ਤੇ ਪੂਰਾ ਜ਼ੋਰ ਲਾਉਂਦੇ ਹਨ। ਜ਼ਹੀਨ-ਬੁੱਧ ਬੇਟੀਆਂ ਹਰ ਮੈਦਾਨ ਆਪਣੇ ਜਣਨਹਾਰਿਆਂ ਦਾ ਨਾਂ ਰੁਸ਼ਨਾਉਂਦੀਆਂ ਹਨ ਤੇ ਪੁੱਤਰਾਂ ਤੋਂ ਵੱਧ ਜੱਸ ਖੱਟਦੀਆਂ ਹਨ ਪਰ ਅਫ਼ਸੋਸ ਤਾਂ ਇਹੀ ਹੈ ਕਿ ਸਮਾਜ ਦੀ ਕਾਣੀ ਅੱਖ ਉਸਨੂੰ ਵੇਖ ਸਕਣੋਂ ਅਸਮੱਰਥ ਹੈ।

ਪਿਛਲੇ ਦਿਨ ਉੱਘੇ ਨਾਟਕਕਾਰ ਤੇ ਰੰਗ ਕਰਮੀ ਸ੍ਰ. ਗੁਰਸ਼ਰਨ ਸਿੰਘ (ਭਾ ਜੀ) ਨੇ ਇਕ ਵਿਸ਼ੇਸ਼ ਤੌਰ 'ਤੇ ਆਯੋਜਿਤ ਸਮਾਗਮ ਵਿਚ ਇਹ ਬੇਹੱਦ ਲੋੜੀਂਦੀ ਮੰਗ ਸਮਾਜ ਅਤੇ ਸਮਾਜ ਦੇ ਰਖਵਾਲਿਆਂ ਸਾਹਮਣੇ ਰੱਖੀ ਸੀ ਕਿ 'ਗਰਭ' ਚ ਧੀ ਦੇ ਕਤਲ

ਨੂੰ ਕਤਲ ਦੇ ਬਰਾਬਰ ਸਜ਼ਾ ਦਿੱਤੀ ਜਾਵੇ।' ਸਚਮੁੱਚ, ਜੇਕਰ ਅਸੀਂ ਸਮਾਜਿਕ ਸਤੁੰਲਨ ਤੇ ਰੋਲ ਘਚੋਲੇ ਬਾਰੇ ਚਿੰਤਾਤੁਰ ਹਾਂ, ਵਾਕਈ ਚਾਹੁੰਦੇ ਹਾਂ ਕਿ ਅਸੀਂ ਵਿਕਾਸ-ਪੰਧ 'ਤੇ ਸਾਵੇਂ ਸੁਲਝੇ ਢੰਗ ਨਾਲ ਵਿਚਰ ਸਕੀਏ ਅਤੇ ਅਜੋਕਾ ਸਮਾਜਿਕ ਪ੍ਰਦੂਸ਼ਣ ਸਾਡੇ ਜ਼ਿਹਨ ਵਿਚ ਹੋਵੇ ਤਾਂ ਅਸੀਂ ਪੜ੍ਹ ਲਿਖ ਕੇ ਉਹ ਕੁਝ ਨਾ ਕਰੀਏ ਜੋ ਅਸੀਂ ਅਜ ਕਰ ਰਹੇ ਹਾਂ।

ਸੂਝਵਾਨ ਪਾਠਕੋ ! ਕੀ ਅਸੀਂ ਪੰਜਾਬ ਦੇ ਸਿਹਤ ਨਿਰਦੇਸ਼ਕ ਵਲੋਂ ਦਿੱਤੇ ਉਨ੍ਹਾਂ ਅੰਕੜਿਆਂ ਵੱਨੀਂ ਧਿਆਨ ਮਾਰਿਆ ਹੈ ਜੋ ਅੱਜ ਸਾਰੇ ਜ਼ਮਾਨੇ ਵਿਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ ? ਅਰਥਾਤ ਵਿਸ਼ਵ ਪੱਧਰ 'ਤੇ ਜੇਕਰ ਸੌ ਮਰਦਾਂ ਪਿੱਛੇ ਇਕ ਸੌ ਛੇ ਔਰਤਾਂ ਜੀਵੰਤ ਹਨ ਤਾਂ ਪੰਜਾਬ ਵਿਚ ਇਨ੍ਹਾਂ ਦੀ ਅਨੁਪਾਤ ਚੌਰਾਸੀ, ਪਚਾਸੀ ਜਾਂ ਛਿਆਸੀ ਚਲ ਰਹੀ ਹੈ। ਸਮੇਂ ਸਮੇਂ ਜ਼ਿੰਮੇਵਾਰ ਨਿਰਦੇਸ਼ਕ ਇਸ ਪੈ ਰਹੇ ਘਾਪੇ ਪ੍ਰਤਿ ਬਿਆਨ ਦੇ ਕੇ ਉਨ੍ਹਾਂ ਅਨਸਰਾਂ ਨੂੰ ਝੰਜੋੜਨ ਲਈ ਜਤਨਸ਼ੀਲ ਹਨ ਜੋ ਇਸ ਨੂੰ ਠੱਲ੍ਹ ਪਾ ਸਕਦੇ ਹਨ ਪਰੰਤੂ ਇਸ ਅਹਿਮ ਮੁੱਦੇ ਪ੍ਰਤਿ ਅਣਗੌਲਨਾ ਦਾ ਨਤੀਜਾ ਬੜਾ ਮਾਰੂ ਹੋਵੇਗਾ। ਦਿਨ-ਬ-ਦਿਨ ਲਿੰਗ ਟੈਸਟ ਕੇਂਦਰਾਂ ਦੀ ਬਦੌਲਤ ਇਹ ਅੰਕੜੇ ਘਟਦੇ ਜਾ ਰਹੇ ਹਨ ਤੇ ਨਾਲੋ ਨਾਲ ਪੈਦਾ ਹੋ ਰਹੀ ਹੈ ਉਹ ਡੂੰਘੀ ਖਾਈ, ਨੈਤਿਕ ਨਿਘਾਰ ਤੇ ਪਲ ਪਲ ਵਧ ਰਹੇ ਦੁੱਖਦਾਇਕ ਨਾਰੀ-ਹਾਦਸੇ। ਸੂਰਜ ਦੀ ਹਰ ਨਵੀਂ ਟਿੱਕੀ ਨਾਲ ਬਲਾਤਕਾਰਾਂ ਦੀ ਵਧ ਰਹੀ ਸੰਖਿਆ, ਦਿਨ ਦਿਹਾੜੇ ਹੋ ਰਹੇ ਉਧਾਲੇ, ਜ਼ੋਰਾਂ ਜਬਰੀਆਂ, ਕੰਜ ਕੰਵਾਰੀਆਂ ਦੇ ਸ਼ੋਸ਼ਣ, ਅਮੀਰਾਂ ਵਜ਼ੀਰਾਂ ਦੇ ਕਾਕਿਆਂ ਦੀਆਂ ਕਾਲੀਆਂ ਕਰਤੂਤਾਂ, ਦਾਜ ਦਹੇਜ ਖ਼ਾਤਿਰ ਮਚ ਰਹੇ ਸਿਵੇ, ਸਕੂਲਾਂ ਜਾਂ ਵਿਦਿਅਕ ਅਦਾਰਿਆਂ ਵਿਚ ਪਨਪ ਰਹੀ ਅਸ਼ਲੀਲਤਾ, ਪੁਰਾਣੀਆਂ ਕਿੜਾਂ ਕੱਢਣ ਲਈ ਹੋ ਰਹੇ ਨਾਰੀ-ਚੀਰਹਰਨ ਕੀ ਇਕੀਵੀਂ ਸਦੀ ਦੀ ਆਮਦ ਲਈ ਕੋਈ ਸ਼ੁੱਭ ਸ਼ੁਗਨ ਹੋਣਗੇ ? ਗੁਰੂ ਮਹਾਰਾਜ ਦੀ ਬਾਣੀ ਨੇ ਇਹੋ ਜਿਹੀ ਭਵਿੱਖ ਬਾਣੀ ਪਹਿਲਾਂ ਹੀ ਕਰ ਦਿੱਤੀ ਸੀ:—

ਇਸ ਕਲਿਜੁਗ ਮਹਿ ਕਰਮ ਧਰਮ ਨ ਕੋਈ।
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ।

(ਪੰਨਾ 161)

ਓਸ ਵਕਤ ਚੰਡਾਲ ਦੇ ਘਰ ਕਲੀ ਦਾ ਜਨਮ ਤਾਂ ਹੁੰਦਾ ਸੀ ਜਦੋਂ ਕਿ ਅੱਜ ਇਸ ਜਨਮ ਤੋਂ ਹੀ ਇਹ ਕਲੀ ਮਰਹੂਮ ਕੀਤੀ ਜਾ ਰਹੀ ਹੈ। ਪੰਜ ਸਦੀਆਂ ਦੇ ਅੰਤਰਾਲ ਨੇ ਇਸ ਨਿਘਾਰ, ਵਿਘਟਨ, ਕੋਹਜ, ਅਨੈਤਿਕਤਾ ਅਤੇ ਭ੍ਰਿਸ਼ਟਾਚਾਰ ਨੂੰ ਹੋਰ ਪ੍ਰਬਲ ਕਰ ਦਿੱਤੈ। ਹੋਰ ਪੀੜਾ। ਮਾਂ ਦੀ ਕੁੱਖ ਦਾ ਪਿਆਰ-ਦੁਲਾਰ ਮਾਣਨ ਲਈ ਹੁਣ ਧੀਆਂ ਹੋਰ ਵਧੇਰੇ ਤਰਸ ਜਾਣਗੀਆਂ ਕਿਉਂਕਿ ਵਰਜੀਨੀਆਂ ਸਥਿਕ ਇਸ ਖੋਜ ਕੇਂਦਰ ਦੀ ਨਵੀਂ ਕਾਢ ਅਨੁਸਾਰ ਦੇਸਿਆਈ ਮਾਵਾਂ ਦੇ ਪੇਟ ਵਿਚ ਕੇਵਲ ਪੁੱਤਰਾਂ ਦੇ ਭਰੂਣ ਹੀ ਦਾਖ਼ਲ ਹੋਣ ਦਿੱਤੇ ਜਾਣਗੇ ਜਿੱਥੇ ਸਦੀਆਂ ਤੋਂ ਧੀ ਲਈ ਇਹ ਲੋਕ ਗੀਤ ਪ੍ਰਚਲਿਤ ਰਿਹੈ:—

ਗੁੜ ਖਾਈਂ ਪੂਣੀ ਕੱਤੀਂ
ਆਪ ਨਾ ਆਈਂ ਵੀਰ ਨੂੰ ਘੱਤੀਂ ।

ਜਿਸ ਦੇਸ਼ ਵਿਚ ਇਹ ਪ੍ਰਯੋਗ ਅਜਮਾਏ ਗਏ ਹਨ, ਵਾਕਈ ਉੱਥੇ ਧੀ ਪੁੱਤਰ 'ਚ ਫ਼ਰਕ ਹੀ ਕੋਈ ਨਹੀਂ ਕੀਤਾ ਜਾਂਦਾ। ਧੀਆਂ ਦੇ ਜਨਮ ਅਤੇ ਜਨਮ ਦਿਨਾਂ 'ਤੇ ਉਸੇ ਤਰ੍ਹਾਂ ਖ਼ੁਸ਼ੀਆਂ ਮਲਾਰ ਕੀਤੇ ਜਾਂਦੇ ਹਨ ਜਿਵੇਂ ਪੁੱਤਰਾਂ ਦੇ। ਇਸ ਲਈ, ਉੱਥੇ ਇਸ ਖੋਜ ਦੀ ਕੁਵਰਤੋਂ ਦੇ ਮੌਕੇ ਨਾ ਹੋਣ ਬਰਾਬਰ ਹਨ। ਪਰੰਤੂ ਸਾਡੀਆਂ ਪੁੱਤਰ-ਮੋਹ ਵਿਚ ਵਿਆਕੁਲ ਧਰਤੀਆਂ 'ਤੇ ਇਸ ਦੀ ਦੁਰਵਰਤੋਂ ਦੇ ਪੂਰੇ ਮੌਕੇ ਹਨ ਜਿੱਥੇ ਮਾਪਿਆਂ ਦੀ ਅਰਥੀ ਵੀ ਪੁੱਤਰਾਂ ਬਿਨਾਂ ਨਹੀਂ ਉਠ ਸਕਦੀ ਤੇ ਉਨ੍ਹਾਂ ਦੀ ਗਤੀ ਵੀ ਉਨ੍ਹਾਂ ਬਿਨਾਂ ਨਹੀਂ ਹੋ ਸਕਦੀ।

ਆਓ, ਲੋਕੋ। ਉਨ੍ਹਾਂ ਮਾਸੂਮਾਂ, ਬੇਜ਼ੁਬਾਨਾਂ, ਬੇਗੁਨਾਹਾਂ ਅਤੇ ਸਮਾਜ-ਸਿਰਜਕਾਂ ਨੂੰ ਇਸ ਸੰਸਾਰ ਦੀਆਂ ਰੰਗੀਨੀਆਂ ਵੇਖ ਸਕਣੋਂ ਨਾ ਵਰਜੀਏ ਜਿਨ੍ਹਾਂ ਦੇ ਤੋਤਲੇ ਬੋਲ ਘਰ ਨੂੰ ਭਰਪੂਰ ਕਰ ਸਕਦੇ ਹਨ। ਜਿਨ੍ਹਾਂ ਦੇ ਗੁੱਡੀਆਂ ਪਟੋਲੇ ਨਿਰਜਿੰਦ ਘਰ ਨੂੰ ਜਾਨਦਾਰ ਬਣਾ ਸਕਦੇ ਹਨ। ਜਿਨ੍ਹਾਂ ਦੇ ਕੋਮਲ ਹੱਥ ਤੁਹਾਡੀਆਂ ਕਲਾਈਆਂ ਤੇ ਸੁੰਦਰ ਰੱਖੜੀਆਂ ਸਜਾਉਂਦੇ ਹਨ ਤੇ ਜਿਨ੍ਹਾਂ ਦੀਆਂ ਪਾਈਆਂ ਅਸੀਸਾਂ ਤੁਹਾਡੇ ਰਾਹਾਂ ਨੂੰ ਸੁਖੇਰਾ ਬਣਾ ਸਕਦੀਆਂ ਹਨ। ਆਓ, ਲੋਕ ਗੀਤ ਦੀ ਇਸ ਤੁਕ 'ਕਣਕਾਂ ਲੰਮੀਆਂ ਧੀਆਂ ਕਿਉਂ ਜੰਮੀਆਂ ਨੀ ਮਾਏ' ਵਿਚਲੇ ਸ਼ਬਦਾਂ ਨੂੰ ਨਵੇਂ ਅਰਥ ਦੇਈਏ ਤੇ ਧੀਆਂ ਪ੍ਰਤਿ ਨਵੀਂ ਨਿਵੇਕਲੀ ਸੋਚ ਅਪਣਾਈਏ। ਵਿਸ਼ਵ ਸਮਾਜ ਦੇ ਹਾਣ ਦੇ ਬਣੀਏ ਤੇ ਜੈਸਲਮੇਰ ਦੇ ਉਸ ਪਿੰਡ ਤੋਂ ਕੋਈ ਵੱਖਰਾ ਸਬਕ ਸਿੱਖੀਏ ਜਿੱਥੇ ਪੂਰੀ ਇਕ ਸਦੀ ਤੇ ਇਕ ਦਹਾਕੇ ਉਪਰੰਤ ਕਿਸੇ ਮੁਟਿਆਰ ਦੀ ਡੋਲੀ ਨਿਕਲੀ ਹੈ। ਡੋਲੀਆਂ ਤੋਰ ਕੇ ਅਤੇ ਡੋਲੀਆਂ ਲਿਆ ਕੇ "ਧੱਗ ਲੱਥਣ" ਦੀ ਸੋਚ ਨੂੰ ਛੰਡੀਏ।

❑

ਹਸਰਤ ਤੋ ਉਨ ਗੁੰਚੋਂ ਪੇ ਹੈ ਜੋ.....

ਦੇਵੀ ਪੂਜਕ ਮੇਰਾ ਹਿੰਦੁਸਤਾਨ ! ਸੀਤਾ ਪੂਜਕ ਮੇਰਾ ਭਾਰਤ ! ਕੰਜਕ ਪੂਜਕ ਮੇਰੇ ਹਮ-ਵਤਨੀ ! ਦੁਰਗਾ ਧਿਆਊ ਮੇਰੇ ਦੇਸ਼-ਵਾਸੀ ! ਸਰਸਵਤੀ ਆਰਾਧਕ ਮੇਰੇ ਮੁਲਖੀਏ ! ਪਰ ਹੈਂ, ਇਹ ਕੀ ? ਇਸੇ ਦੇਸ਼ ਵਿੱਚ ਕੰਨਿਆਂ ਹੱਤਿਆਵਾਂ ? ਧੀ-ਭਰੂਣਾਂ ਦੀ ਧੜਾ-ਧੜ ਮਾਰ-ਕਾਟ ? ਧੀਆਂ ਦਾ ਦਿਨ ਦਿਹਾੜੇ ਕਤਲ ? ਦਾਜ ਦੀ ਬੇਦੀ 'ਤੇ ਨਿਤ-ਦਿਨ ਇਨ੍ਹਾਂ ਦੀ ਬਲੀ ? ਇੱਕੀਵੀਂ ਸਦੀ ਦੀ ਦਹਿਲੀਜ਼ 'ਤੇ ਇਹ ਘੋਰ ਹਨੇਰ ? ਇਹ ਜ਼ੁਲਮੋ-ਤਸ਼ੱਦਦ ? ਇਹ ਅਣ-ਮਨੁੱਖੀ ਵਿਵਹਾਰ ? ਇਹ ਵਹਿਸ਼ੀਆਨਾ ਕਿਰਦਾਰ ?

ਅੱਜ ਵੀ ਸਗਲੀ ਧਰਤੀ ਦੇ ਲਗ-ਪਗ ਹਰ ਕੋਨੇ ਵਿੱਚ, ਇਸ ਨਾਰੀ ਨੂੰ ਸੰਪੂਰਨ ਮਨੁੱਖ ਨਹੀਂ ਸਵੀਕਾਰਿਆ ਜਾਂਦਾ। ਸੰਵਿਧਾਨ ਭਾਵੇਂ ਕੁਝ ਪਏ ਆਖਣ, ਕਿਤਾਬਾਂ ਭਾਵੇਂ ਕੁਝ ਬਿਆਨਣ, ਗ੍ਰੰਥ ਚਾਹੇ ਕੁਝ ਵੀ ਪ੍ਰਚਾਰਨ ਪਰੰਤੂ ਔਰਤ ਦੇ ਦੁੱਖਾਂ ਦੀ ਕਹਾਣੀ ਸੱਚ-ਮੁੱਚ ਉਹਦੇ ਦੁੱਖਾਂ ਤੋਂ ਵੀ ਲਮੇਰੀ ਹੈ। ਪ੍ਰਾਚੀਨ ਵੀ ਹੈ ਤੇ ਅਕਹਿ ਵੀ। ਏਸ਼ਿਆਈ ਧਰਤੀਆਂ 'ਤੇ ਅੱਜ ਵੀ-

ਗੁੜ ਖਾਈਂ ਪੂਣੀ ਕੱਤੀਂ
ਆਪ ਨਾ ਆਈਂ ਵੀਰ ਨੂੰ ਘੱਤੀਂ।

ਦਾ ਸੁਰ ਬੁਲੰਦ ਹੈ। ਉਸ ਦੇ ਜਨਮ ਸਮੇਂ ਆਹਾਂ ਹਨ, ਰੋਣੇ-ਧੋਣੇ ਤੇ ਤ੍ਰਿਸਕਾਰ ! ਉਸ ਨੂੰ ਪੱਥਰ, ਬਾਘੜ ਬਿੱਲਾ ਤੇ ਮਨਹੂਸ ਕਿਹਾ ਜਾਂਦੈ। ਧੀਆਂ ਜੰਮਦੀ ਮਾਂ ਦੁਰਗਤੀ ਹੰਢਾਉਂਦੀ ਹੈ। ਸੂਲਾਂ ਦੀ ਸੇਜ 'ਤੇ ਸੌਂਦੀ ਹੈ। ਬਹੁਤੀ ਵਾਰ ਛੱਡ ਵੀ ਦਿੱਤੀ ਜਾਂਦੀ ਹੈ ਤੇ ਅਨੇਕ ਵਾਰ ਜ਼ਲੀਲ ਕੀਤੀ ਜਾਂਦੀ ਹੈ। ਖੁੰਬਾਂ ਵਾਂਗ ਉੱਗੇ "ਗਰਭ ਟੈਸਟ ਕੇਂਦਰਾਂ" ਵਿੱਚ 99.9% ਨਤੀਜਿਆਂ 'ਤੇ ਆਧਾਰਤ ਗਰਭਪਾਤ ਕੇਵਲ ਇਨ੍ਹਾਂ ਸੁਹਲ ਕਲੀਆਂ ਦੇ ਹੀ ਹਨ, ਜਿਹਨਾਂ ਨੂੰ ਅਸੀਂ ਦੇਵੀਆਂ ਤੇ ਕੰਜਕਾਂ ਹਾਰ ਮੰਨਦੇ-ਮਨਾਉਂਦੇ ਹਾਂ। ਆਓ, ਅੱਜ ਵਿਚਾਰ ਕਰੀਏ ਕਿ ਬੱਚੀਆਂ ਦਾ ਇਹ ਤ੍ਰਿਸਕਾਰ ਕਿਉਂ ਤੇ ਕਾਹਦੇ ਲਈ ਹੈ ?

ਭਾਰਤੀ ਅੰਕੜੇ ਗਵਾਹ ਹਨ ਕਿ ਨਿੱਤ ਦਿਨ ਭਰੂਣ ਗਿਰਾਉਣ ਦੀਆਂ ਘਟਨਾਵਾਂ ਕਰ ਕੇ ਇਸ ਵੇਲੇ ਦੇਸ਼ ਵਿੱਚ ਬਹੁਤ ਥਾਈਂ ਲੜਕੀਆਂ ਦੀ ਜਨਮ-ਦਰ ਲੜਕਿਆਂ ਦੇ ਮੁਕਾਬਲਤਨ ਦਸ ਪਿੱਛੇ ਕਿਧਰੇ ਸੱਤ ਹੈ ਤੇ ਕਿਧਰੇ ਅੱਠ। ਜੇ ਕਰ ਇਹ ਰੁਝਾਨ ਇਵੇਂ ਪਨਪਦਾ ਗਿਆ ਤਾਂ ਇੱਕੀਵੀਂ ਸਦੀ ਦੇ ਪਰਵੇਸ਼ ਸਮੇਂ ਇਹ ਅੰਸਤ-ਵਿੱਥ ਹੋਰ

ਵਧਦੀ ਚਲੀ ਜਾਵੇਗੀ। ਨਤੀਜਾ ? ਹਰ ਆਦਮੀ ਵਿਆਹ ਲਈ ਕੰਨਿਆਂ-ਪ੍ਰਾਪਤੀ ਤੋਂ ਵੰਚਿਤ ਰਹਿ ਜਾਵੇਗਾ ਤੇ ਅੱਜ ਨਾਲੋਂ ਵੀ ਵੱਧ ਜਾਣਗੇ ਉਧਾਲੇ, ਬਲਾਤਕਾਰ, ਖੋਹਾ-ਖਿੰਝੀ ਅਤੇ ਜ਼ਬਰਦਸਤੀਆਂ। ਹਿੰਦੁਸਤਾਨ ਵਿਚ ਤਾਂ ਅੱਜ ਵੀ ਔਰਤ-ਜ਼ਬਰਾਂ ਦੀਆਂ ਅਜਿਹੀਆਂ ਘਿਣਾਉਣੀਆਂ, ਹਿਰਦੇ-ਵੇਧਕ ਅਤੇ ਦਿਲ-ਕੰਬਾਊ ਘਟਨਾਵਾਂ ਨਿਤ-ਦਿਨ ਵਾਪਰ ਰਹੀਆਂ ਹਨ ਕਿ ਮਨ ਤ੍ਰਾਹ ਉਠਦਾ ਹੈ ਤੇ ਦਿਲ ਕੰਬ ਉਠਦੈ। ਦਰੋਪਤੀ ਦੇ ਚੀਰ-ਹਰਨ ਦੀ ਗਾਥਾ ਸਦੀਆਂ ਪੁਰਾਣੀ ਹੈ ਪਰ ਭਾਰਤ ਦੇ ਨਜ਼ਦੀਕੀ ਪ੍ਰਾਂਤਾਂ ਵਿਚ ਅਜੇ ਪਿਛਲੇ ਦਿਨੀਂ ਦੋ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿੱਥੇ ਆਪਸੀ ਦੁਸ਼ਮਣੀ ਕਾਰਨ ਘਰ ਦੀਆਂ ਨਾਰੀਆਂ ਨੂੰ ਅਲਫ਼ ਨੰਗੀਆਂ ਕਰ ਕੇ ਪਿੰਡਾਂ ਵਿੱਚ ਰੋਲਿਆ ਗਿਆ ਤੇ ਕਾਨੂੰਨ ? ਕਿਹੜਾ ਕਾਨੂੰਨ ? ਸਭ ਅੱਛਾ ਹੈ ਇੱਥੇ— ਲੇਕਿਨ ਪੈਸੇ ਵਾਲਿਆਂ ਲਈ।

ਤੇ ਲਉ, ਹੁਣ ਗੱਲ ਕਰ ਰਹੀ ਹਾਂ ਤਾਮਿਲਨਾਡੂ ਦੀ। ਮਦੁਰਾਈ ਜ਼ਿਲ੍ਹਾ ਇਥੋਂ ਦਾ ਬੜਾ ਪ੍ਰਸਿੱਧ ਜ਼ਿਲ੍ਹਾ ਹੈ, ਜਿਸ ਵਿੱਚ ਜੰਮੀਆਂ (ਅਣ-ਜੰਮੀਆਂ ਨਹੀਂ) ਧੀਆਂ ਨੂੰ ਮਾਰ ਦੇਣਾ ਇੱਕ ਪਰੰਪਰਾ ਹੈ। ਕਾਨੂੰਨ ਜਿਹੀ ਪਰੰਪਰਾ। ਬੜੀ ਹੀ ਕੱਟੜ ਪਰੰਪਰਾ। ਮਾਰਨ ਦਾ ਹਥਿਆਰ ਇੱਕ ਵਿਸ਼ੇਸ਼ ਪ੍ਰਕਾਰ ਦਾ ਚਾਕੂ ਵੀ ਹੋ ਸਕਦੈ (ਜੋ ਹਰ ਖ਼ਾਨਦਾਨ ਵਿਚ ਇੱਕ ਸਦੀਵੀ ਸੰਦ ਸਮਝਿਆ ਜਾਂਦਾ ਹੈ) ਤੇ ਜਾਂ ਫਿਰ ਦੁੱਧ ਵਿਚ ਕਨੇਰ ਦੇ ਬੀਜ ਮਿਲਾ ਕੇ ਪਿਲਾ ਦੇਣ ਨਾਲ। ਮੱਧਕਾਲੀਨ ਭਾਰਤ ਵਿਚ ਅਜਿਹੀਆਂ ਘਟਨਾਵਾਂ ਜ਼ਰੂਰ ਇਤਿਹਾਸ ਦਾ ਅੰਗ ਰਹੀਆਂ ਹਨ। ਸਤੀ-ਪ੍ਰਥਾ, ਜੌਹਰ ਪ੍ਰਥਾ ਅਤੇ ਧੀਆਂ ਮਾਰ ਦੇਣ ਦੀ ਪ੍ਰਥਾ ਵੀ ਪਰੰਤੂ ਇਸ ਤਰੱਕੀ-ਸ਼ੁਦਾ ਵਿਗਿਆਨਕ ਯੁਗ ਵਿਚ ਸਮਾਜ ਦੇ ਇੱਕ ਅਜਿਹੇ ਅੰਗ ਨੂੰ ਇੰਞ ਕੁਹਣਾ ਕਿੰਨਾ ਕੁ ਉਚਿਤ ਹੈ ? ਕਿੰਨਾ ਕੁ ਸਹੀ ? ਕਿੰਨਾ ਕੁ ਜਾਇਜ਼ ?

ਬਾਲਿਕਾਵਾਂ ਦੀ ਹੱਤਿਆ ਦਾ ਕਾਰਨ ? ਨਿਰਸੰਦੇਹ ਪੁੱਤਰ ਮੋਹ। ਸੁਤ ਲਾਲਸਾ। ਧੀ ਨਾਲ ਜੋੜ ਦਿੱਤੀ ਗਈ ਸ਼ਰਮਸਾਰੀ ਤੇ ਅਧੀਨਗੀ ਦੀ ਭਾਵਨਾ। ਧੀ ਕਾਰਨ ਨੀਵੇਂ ਹੋ ਗਏ ਸਮਝਦੇ ਮਾਪੇ। ਵਿਆਹਾਂ ਦੇ ਖ਼ਰਚੇ। ਸਮਾਜਿਕ ਹੀਣਤਾ। ਆਰਥਿਕ ਬੋਝ। ਸੰਸਕਾਰ। ਬੇਸ਼ੱਕ ਧੀ ਦੀ ਬੇਲੋੜਗੀ। ਪਰ ਕੀ ਮਹਾਮਾਈ, ਦੁਰਗਾ, ਪਾਰਵਤੀ, ਲੱਛਮੀ, ਸਰਸਵਤੀ ਅਤੇ ਵੈਸ਼ਨੋ ਮਾਈ ਦੇ ਪੁਜਾਰੀਆਂ ਨੇ ਕਦੇ ਸੋਚਿਐ ਕਿ ਦੇਵੀ ਰੂਪ ਵਿਚ ਉਹ ਜਿਸ ਦੇ ਪੂਜਕ ਹਨ, ਅਸਲ ਮਾਅਨਿਆਂ ਵਿਚ ਉਹ ਉਹਦੇ ਜਾਨੀ ਦੁਸ਼ਮਣ ਕਿਉਂ ਹਨ ? ਆਖ਼ਰ ਵਿਆਹ ਲਈ ਨੂੰਹ ਕਿੱਥੋਂ ਆਵੇਗੀ ? ਘਰ ਕੌਣ ਵਸਾਏਗਾ ? ਪੁੱਤਰਾਂ ਦੇ ਵੰਸ਼ ਕਿਵੇਂ ਵਧਣਗੇ ? ਮਕਾਨਾਂ ਨੂੰ ਘਰਾਂ ਵਿੱਚ ਕੌਣ ਬਦਲੇਗਾ ? ਇਨ੍ਹਾਂ ਵਿਚ ਰੀਝਾਂ ਦੇ ਫੁੱਲ ਕੌਣ ਖਿੜਾਵੇਗਾ ? ਇਨ੍ਹਾਂ ਵਿਚ ਘੋੜੀਆਂ ਸੁਹਾਗ ਕੌਣ ਗਾਵੇਗਾ ? ਇਨ੍ਹਾਂ ਵਿਚ ਸਿਹਰੇ ਕੌਣ ਸਜਾਵੇਗਾ ? ਇਨ੍ਹਾਂ ਵਿਚ ਵੀਰਿਆਂ ਦੀਆਂ ਪ੍ਰਾਪਤੀਆਂ ਤੇ ਕੌਣ ਖਿੜ-ਖਿੜਾਏਗਾ ?

ਹਾਲ ਹੀ ਵਿਚ ਬੱਚਿਆਂ ਦੇ ਕਲਿਆਣ ਮੰਤਰਾਲੇ ਵਲੋਂ ਮਦੁਰਾਈ ਦੇ ਇਕ ਬਲਾਕ

ਦੇ ਲਗ-ਪਗ ਤਿੰਨ ਸੌ ਪਿੰਡਾਂ ਦਾ ਸਰਵੇਖਣ ਕਰਵਾਇਆ ਗਿਆ ਹੈ ਅਤੇ ਜਿਹੜੇ ਤੱਥ ਰਜਿਸਟਰ ਹੋਏ ਹਨ ਉਹ ਡਾਹਢੇ ਨਿਰਾਸ਼ਾਜਨਕ, ਸਨਸਨੀਖੇਜ਼ ਅਤੇ ਰੂਹ-ਹਿਲਾਊ ਹਨ। ਇਕ ਵੱਡੀ ਟੀਮ ਨੇ ਇਕ ਇਕ ਦਿਨ ਵਿਚ ਕੇਵਲ ਪੰਜ ਪੰਜ ਪਿੰਡ ਕਵਰ ਕੀਤੇ। ਕਾਲਾਰ ਕਬੀਲਾ ਸਭ ਤੋਂ ਮੂਹਰੇ, ਪਰ ਬਾਲਕਾ-ਹੱਤਿਆ ਦੇ ਕਲੰਕ ਵਿਚ। ਹੁੰਦਾ ਇਵੇਂ ਹੈ ਕਿ ਇਥੇ ਧੀਆਂ ਜੰਮਦੀਆਂ ਜ਼ਰੂਰ ਹਨ ਪਰੰਤੂ ਜਿਉਂਦੀਆਂ ਨਹੀਂ ਰਹਿਣ ਦਿੱਤੀਆਂ ਜਾਂਦੀਆਂ। ਧੀਆਂ ਦੇ ਮਾਰਨ ਪਿੱਛੇ ਪਰੰਪਾਰਿਕ ਧਾਰਨਾਵਾਂ ਹੀ ਕੰਮ ਕਰ ਰਹੀਆਂ ਹਨ। ਮਾਪਿਆਂ ਨੂੰ ਆਪਣੀ ਜ਼ਲਾਲਤ ਅਤੇ ਹੇਠੀ ਮਹਿਸੂਸ ਹੁੰਦੀ ਹੈ ਇਵੇਂ ਅਤੇ ਪ੍ਰਤਰੇਸ਼ਟਾ ਕਾਰਨ ਵੀ ਧੀ ਨੂੰ ਮਾਰ ਮੁਕਾ ਦਿੱਤਾ ਜਾਂਦਾ ਹੈ। ਇਕ ਵਿਸ਼ੇਸ਼ ਕਿਸਮ ਦੇ ਚਾਕੂ (ਅਰੂਵਲ) ਤੋਂ ਹਰ ਘਰ ਵਿਚ ਇਹ ਕੰਮ ਲਿਆ ਜਾਂਦਾ ਹੈ।

ਨਵੇਂ ਪੋਚ ਵਿਚ ਨਿਰਸੰਦੇਹ ਕੁਝ ਜਾਗ੍ਰਤੀ ਆਈ ਹੈ ਪਰੰਤੂ ਘਰ ਪਰਿਵਾਰ ਦੀਆਂ ਬਜ਼ੁਰਗ ਮਹਿਲਾਵਾਂ ਉਨ੍ਹਾਂ ਦੀ ਪੇਸ਼ ਨਹੀਂ ਚੱਲਣ ਦਿੰਦੀਆਂ। ਕਈ ਵਾਰ ਮਾਂ ਦੇ ਸਖ਼ਤ ਵਿਰੋਧ ਦੇ ਬਾਵਜੂਦ ਦਾਦੀਆਂ ਨਾਨੀਆਂ ਕਨੇਰ ਦੇ ਬੀਜਾਂ ਨੂੰ ਦੁੱਧ ਵਿਚ ਘੋਲ ਕੇ ਇਹ ਕੁਕਰਮ ਕਰਦੀਆਂ ਹਨ। ਮਾਵਾਂ ਦੇ ਰੋਂਦਿਆਂ ਕੁਰਲਾਉਂਦਿਆਂ ਉਨ੍ਹਾਂ ਦੇ ਜਿਗਰ ਦੇ ਟੁਕੜਿਆਂ ਨੂੰ ਸਦਾ ਦੀ ਨੀਂਦੇ ਸੁਲਾ ਦਿੱਤਾ ਜਾਂਦਾ ਹੈ। ਧੀਆਂ ਜੰਮਦੀ ਮਾਂ ਨੂੰ ਛੇਤੀ ਹੀ ਘਰੋਂ ਕੱਢ ਦਿੱਤਾ ਜਾਂਦਾ ਹੈ। ਇਥੋਂ ਦੇ ਇਕ ਇਲਾਕੇ ਦੇ ਅੰਕੜਿਆਂ ਮੁਤਾਬਿਕ ਇਕ ਵਰ੍ਹੇ ਵਿਚ ਪੈਦਾ ਹੋਈਆਂ ਛੇ ਸੌ ਬੱਚੀਆਂ ਵਿਚੋਂ ਪੌਣੇ ਛੇ ਸੌ ਨੂੰ ਹਸਪਤਾਲਾਂ ਵਿਚੋਂ ਹੀ ਗਾਇਬ ਕਰਵਾ ਦਿੱਤਾ ਗਿਆ ਤੇ ਬਾਕੀ ਮਾਰ ਦਿੱਤੀਆਂ ਗਈਆਂ। ਸੈਂਕੜਿਆਂ ਪਿੱਛੋਂ ਇੱਕ ਅੱਧ ਕਿਸਮਤ ਵਾਲੀ ਬੱਚੀ ਪੰਘੂੜਿਆਂ ਦੀ ਨੀਂਦ ਲੈ ਸਕਦੀ ਹੈ। ਜਿਹੜੀ ਕਤਲ ਤੋਂ ਬਚ ਜਾਵੇ ਉਹ ਬਹੁਤ ਵਾਰ ਬੀਮਾਰੀ ਦਾ ਸ਼ਿਕਾਰ ਹੋ ਜਾਂਦੀ ਹੈ। ਹੇ ਖ਼ੁਦਾਇਆ ! ਕੇਹੀ ਵਿਡੰਬਨਾ ਹੈ ! ਇਹ ਕੇਹਾ ਸਿਤਮ ਹੈ !

ਅੱਜ ਦੇ ਵਿਕਸਤ ਵਿਗਿਆਨਕ ਯੁਗ ਵਿਚ ਤਾਮਿਲਨਾਡੂ ਦੇ ਕਈ ਭਾਗਾਂ ਵਿਚ ਵਾਪਰ ਰਹੇ ਅਜਿਹੇ ਘਿਨਾਉਣੇ ਕਾਂਡ ਕੀ ਇਸ ਸੱਭਿਅਕ ਸਮਝੇ ਜਾਂ ਪ੍ਰਚਾਰੇ ਜਾਂਦੇ ਹਿੰਦੁਸਤਾਨ ਦੇ ਮੂੰਹ 'ਤੇ ਕਰਾਰਾ ਥੱਪੜ ਨਹੀਂ ਹਨ ਭਲਾ ? ਬੱਚਾ (ਲੜਕਾ ਹੋਵੇ ਜਾਂ ਲੜਕੀ) ਪਰਮਾਤਮਾ ਦੀ ਦੇਣ ਹੈ, ਓਸੇ ਦਾ ਨੰਨ੍ਹਾ ਰੂਪ। ਲਿੰਗ ਕਰ ਕੇ ਉਸ ਤੇ ਇਹ ਜ਼ੁਲਮ-ਤਸ਼ੱਦਦ ਕਰਨਾ ਇਨਸਾਨੀਅਤ ਤੋਂ ਹੀ ਗਿਰੀ ਹੋਈ ਗੱਲ ਹੈ। ਇਹ ਮਨੁੱਖਤਾ ਦੇ ਨਾਂ 'ਤੇ ਇਕ ਕਾਲਾ ਧੱਬਾ ਹੈ, ਅਮਿੱਟ ਦਾਗ਼, ਕਿਉਂਕਿ ਸਮਾਜ ਦੇ ਪ੍ਰਵਾਹ ਲਈ ਯੋਗਦਾਨ ਹੀ ਮੁਕੰਮਲ ਰੂਪ ਵਿਚ ਨਾਰੀ ਵਲੋਂ ਹੈ। ਬੇਸ਼ੱਕ ਸਾਡੇ ਏਸ਼ੀਆ ਮਹਾਂਦੀਪ ਵਿਚ ਅਨੇਕ ਹੋਰ ਸਮੱਸਿਆਵਾਂ ਵੀ ਵਿਦਮਾਨ ਹਨ ਪਰੰਤੂ ਨਾਰੀ ਮਸਲਿਆਂ ਨਾਲ ਇਹ ਨੱਕੋ-ਨੱਕ ਭਰਿਆ ਪਿਐ। ਕਿਹੜਾ ਥਾਂ ਹੈ ਜਿੱਥੇ ਭਲਾ ਔਰਤ ਮਰਦ ਵਾਂਗ ਨਿਰਵਿਘਨ ਤੁਰ ਸਕਦੀ ਹੈ ? ਬਜਾਇ ਇਹਦੇ, ਜੰਮਣ ਤੋਂ ਵੀ ਪਹਿਲਾਂ, ਮਾਂ ਦੀ ਕੁੱਖ ਵੀ ਕਈ ਵਾਰ ਕਤਲ ਕਰ ਦਿੱਤੀ ਜਾਂਦੀ ਹੈ। ਜੰਮ ਕੇ ਵੀ ਦੁਸ਼ਵਾਰੀਆਂ ਤੇ

ਲਾਹਨਤਾਂ ਅਤੇ ਸਾਰੀ ਉਮਰ ਬੰਧਨਾਂ ਵਿਚ ਬੱਝੀ । ਰਾਮ ਕੁਮਾਰੀ ਵਰਮਾ ਨੇ ਕਿੰਨਾ ਖ਼ੂਬ ਲਿਖਿਆ ਤੇ ਹਿਰਦੇ ਦਾ ਸਮੁੱਚਾ ਦਰਦ ਇਨ੍ਹਾਂ ਸਤਰਾਂ ਵਿਚ ਸਮੋਇਆ:

ਅਬਲਾ ਨਾਰੀ ਹਾਏ ਤੁਮਹਾਰੀ ਯਹੀ ਕਹਾਨੀ ।
ਆਂਚਲ ਮੇਂ ਹੈ ਦੂਧ ਔਰ ਆਂਖੋਂ ਮੇਂ ਪਾਨੀ ।

ਚੁਫੇਰੀਂ ਨਾਰੀ-ਸ਼ੋਸ਼ਣ ਦ੍ਰਿਸ਼ਟੀਗੋਚਰ ਹੈ, ਪੈਰ ਪੈਰ 'ਤੇ ਇਹਦੇ ਨਾਲ ਵਧੀਕੀਆਂ ਹੁੰਦੀਆਂ ਹਨ ਪਰ ਜਦੋਂ ਕੋਈ ਗੁੰਚੇ ਹੀ ਮਰੋੜ ਛੱਡੇ ਤਾਂ ਸੀਨਾ ਪਾਟ ਜਾਂਦੈ । ਹੇ ਖ਼ੁਦਾ ਦੇ ਨੇਕ ਬਖ਼ਤ ਲੋਕੋ, ਆਪਣੀ ਜ਼ਮੀਰ ਦੀ ਆਵਾਜ਼ ਸੁਣੋਂ । ਨੰਨ੍ਹੀਆਂ ਕਲੀਆਂ ਦੀ ਪੁਕਾਰ ਸੁਣੋਂ ਅਤੇ ਇਨ੍ਹਾਂ ਨੂੰ ਜਿਉਣ ਦਾ ਮੁੱਢਲਾ ਹੱਕ ਪ੍ਰਦਾਨ ਕਰੋ । ਮਾਸੂਮ ਬਾਲੜੀਆਂ ਅਕਹਿ ਬੋਲਾਂ ਨਾਲ ਤੁਹਾਡੀ ਆਤਮਾ ਨੂੰ ਕਿਉਂ ਨਹੀਂ ਟੁੰਬ ਰਹੀਆਂ ?

❑

ਆਂਚਲ ਮੇਂ ਹੈ ਦੂਧ ਔਰ ਆਂਖੋਂ ਮੇਂ ਪਾਨੀ

ਅੱਠ ਮਾਰਚ। ਕੌਮਾਂਤਰੀ ਨਾਰੀ ਦਿਵਸ। ਕਈ ਨਵੀਆਂ ਯੋਜਨਾਵਾਂ ਦੀਆਂ ਸਬੀਲਾਂ। ਕਈ ਨਿਸਚਿਤ ਪ੍ਰੋਗਰਾਮਾਂ ਦੇ ਐਲਾਨ। ਕਈ ਦਾਅਵੇ। ਨਵੇਂ ਵਾਅਦੇ। ਕਈ ਇਕੱਠ। ਕਈ ਨੁਮਾਇਸ਼ਾਂ। ਕਈ ਗੋਸ਼ਟੀਆਂ। ਕਈ ਸਮਾਰੋਹ। ਕਈ ਪਰੇਡਾਂ। ਕਈ ਵਿਖਾਵੇ। ਹਾਸਿਲ ਕੀ ? ਕੁਝ ਵੀ ਨਹੀਂ। ਬਿਲਕੁਲ ਹੀ ਨਹੀਂ।

ਇਹਨਾਂ ਵਿਸ਼ੇਸ਼ ਦਿਹਾੜਿਆਂ ਦਾ ਪ੍ਰਯੋਜਨ ਨਿਰਸੰਦੇਹ ਸੰਬੰਧਿਤ ਧਿਰ ਦਾ ਉੱਥਾਨ, ਕਲਿਆਣ ਤੇ ਬਿਹਤਰੀ ਹੁੰਦੇ ਪਰੰਤੂ ਕੀ ਵਾਕਈ ਕਿਸੇ ਮਨੋਰਥ ਦੀ ਪੂਰਤੀ ਹੁੰਦੀ ਹੈ ? ਕੀ ਉਧਾਰ ਦੇ ਨਾਂ ਹੇਠ ਸਚਮੁੱਚ ਕੁਝ ਸਾਰਥਕ ਕੀਤਾ ਜਾਂਦੈ ? ਕੀ ਢੋਲ ਢਮੱਕਿਆਂ ਦੀ ਗੂੰਜ ਵਿਚ ਵਾਕਈ ਕੁਝ ਪ੍ਰਾਪਤੀ ਹੁੰਦੀ ਹੈ ? ਕੀ ਪਰੰਪਰਿਕ ਸੋਚਣੀ ਵਿਚ ਕਿਸੇ ਪ੍ਰਕਾਰ ਦਾ ਪਰਿਵਰਤਨ ਹੁੰਦੈ ? ਕੀ, ਰਵਾਇਤੀ ਕਦਰਾਂ ਕੀਮਤਾਂ ਵਿਚ ਕੁਝ ਉੱਥਲ ਪੁੱਥਲ ਮਚਦੀ ਹੈ ? ਇਸ ਕੌਮਾਂਤਰੀ ਨਾਰੀ ਦਿਹਾੜੇ 'ਤੇ ਆਉ ਝਾਤੀ ਮਾਰੀਏ ਕਿ ਸਾਡੇ ਇਰਦ ਗਿਰਦ, ਖੱਬੇ ਸੱਜੇ, ਦੂਰ ਨੇੜੇ, ਅਤੇ ਪਰ੍ਹੇ ਉਰ੍ਹੇ ਕੀ ਵਾਪਰ ਰਿਹੈ, ਕੀ ਘਟ ਰਿਹੈ ਤੇ ਅਜੋਕੀ ਨਾਰੀ ਕਿਸ ਮੁਕਾਮ ਤੇ ਖੜ੍ਹੀ ਹੈ।

ਦੇਵੀ ਜਾਂ ਦਾਸੀ

ਇੱਥੇ ਨਾਰੀ ਜਾਂ ਦੇਵੀ ਹੈ ਜਾਂ ਦਾਸੀ। ਹੱਡ ਮਾਸ ਦਾ ਜਿਉਂਦਾ ਜਾਗਦਾ ਸਮਾਜ ਦਾ ਸਾਲਮ ਸਬੂਤ ਤੇ ਸੂਝਵਾਨ ਅੰਗ ਕਿਧਰੇ ਨਹੀਂ। ਪ੍ਰਾਚੀਨ ਭਾਰਤੀ ਪਰੰਪਰਾ ਵਿਚ ਉਸ ਦੇ ਦੇਵੀ ਰੂਪ ਦੇ ਦਰਸ਼ਨ ਹੁੰਦੇ ਹਨ। ਮਨੂ ਅਨੁਸਾਰ ਤਾਂ ਜਿੱਥੇ ਔਰਤ ਦਾ ਮਾਣ-ਸਤਿਕਾਰ ਹੈ ਉੱਥੇ ਦੇਵਤਿਆਂ ਦਾ ਵਾਸ ਹੈ ਪਰ ਧਰਤੀ ਤਾਂ ਆਮ ਧਰਤ ਵਾਸੀਆਂ ਦੀ ਹੈ ਇਸ ਲਈ ਨਾ ਇੱਥੇ ਦੇਵਤਿਆਂ ਦਾ ਵਾਸ ਹੈ ਤੇ ਨਾ ਇਸਤਰੀ ਦਾ ਉਹ ਸਥਾਨ ਜਿਸਦੀ ਉਹ ਅਧਿਕਾਰੀ ਹੈ। ਗਰਜ਼ਾਂ ਲਈ ਉਹ ਦੇਵੀ ਬਣਾ ਕੇ ਪੂਜੀ ਗਈ ਪਰ ਹੌਲੀ ਹੌਲੀ ਉਹ ਦਾਸੀ ਬਣਦੀ ਚਲੀ ਗਈ। ਕਦੇ ਦੇਵਦਾਸੀ ਬਣ ਕੇ ਮੰਦਰਾਂ ਵਿਚ ਚੜ੍ਹਾਵੇ ਦੀ ਵਸਤ ਬਣੀ ਤੇ ਕਦੇ ਰਾਗ ਨਾਚ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ। ਕਦੇ ਰਾਜ-ਨਰਤਕੀਆਂ ਦੇ ਰੂਪ ਵਿਚ ਘੁੰਗਰੂਆਂ ਦਾ ਛਣਕਾਟਾ ਤੇ ਕਦੇ ਰਿਸ਼ੀਆਂ ਮੁਨੀਆਂ ਦੀਆਂ ਤਪੱਸਿਆਵਾਂ ਵਿਚ ਵਿਘਨਕਾਰੀ। ਸਮਾਜਿਕ ਗੱਡੀ ਦੇ ਦੋ ਪਹੀਏ, ਦੋ ਸੰਤੁਲਿਤ ਥੰਮ੍ਹ, ਤੇ ਦੋ ਬੇਜੋੜ ਹਿੱਸਿਆਂ ਵਜੋਂ ਇਸਨੂੰ ਕਦੇ ਨਹੀਂ ਲਿਆ ਗਿਆ। ਆਪਣੇ ਮਤਲਬ ਲਈ ਇਸਨੂੰ ਵਿਭਿੰਨ ਰੂਪਾਂ ਵਿਚ ਪ੍ਰਸਤੁਤ ਕਰਨ ਦੀ ਮਰਦ ਦੀ ਚਿਰਕਾਲੀ ਚੇਸ਼ਟਾ ਜ਼ਰੂਰ ਰਹੀ ਹੈ ਪਰੰਤੂ ਇਸਦੇ ਅੰਤਰੀਵੀ ਆਪੇ, ਇਸਦੀਆਂ

ਮਹਾਨ ਸੰਭਾਵਨਾਵਾਂ ਅਤੇ ਇਸਦੀਆਂ ਨਾਯਾਬ ਪ੍ਰਾਪਤੀਆਂ ਦਾ ਕਦੇ ਲੇਖਾ ਜੋਖਾ ਨਹੀਂ ਹੋਇਆ। ਸਾਡੀਆਂ ਜ਼ਿਕਰਯੋਗ ਤੇ ਨਾਮੀ ਨਾਇਕਾਵਾਂ ਦੀ ਉਦਾਹਰਨ ਵੇਖ ਲਉ। ਭਾਰਤੀ ਸੰਸਕ੍ਰਿਤੀ ਵਿਚ ਔਰਤ ਦੇ ਪਤੀਬਰਤਾ ਧਰਮ ਦੀ ਪ੍ਰਤੀਕ ਸੀਤਾ ਮਾਤਾ, ਸੱਸ (ਕੁੰਤੀ) ਦੇ ਬੇਧਿਆਨੇ ਬੋਲਾਂ ਤੇ ਫੁੱਲ ਚੜ੍ਹਾਉਂਦੀ ਪੰਜ ਪਤੀਆਂ ਦੀ ਸੰਤੁਸ਼ਟੀ ਕਰਦੀ ਦਰੋਪਤੀ ਤੇ ਖ਼ਾਲਸਾ ਰਾਜ ਦੇ ਬਚਾਉ ਲਈ ਜਾਨ ਹੂਲਦੀ ਰਾਣੀ ਜਿੰਦਾਂ ਸੰਬੰਧੀ ਸਾਡੇ ਮਹਾਨ ਕਵੀ ਸ਼ਾਹ ਮੁਹੰਮਦ ਦੀ ਇਲਜ਼ਾਮਬਾਜ਼ੀ :–

ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ,
ਲੰਕਾ ਵਿਚ ਤਾਂ ਰਾਵਣ ਕੁਹਾਇ ਦਿੱਤਾ।
ਕੌਰਵਾਂ ਪਾਂਡਵਾਂ ਨਾਲ ਕੀ ਭਲਾ ਕੀਤੀ
ਅਠਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ।
ਰਾਜੇ ਭੋਜ ਦੇ ਮੂੰਹ ਲਗਾਮ ਦਿੱਤੀ।
ਮਾਰ ਅੱਡੀਆਂ ਹੋਸ਼ ਭੁਲਾਇ ਦਿੱਤਾ।
ਸ਼ਾਹ ਮੁਹੰਮਦ ਏਸ ਰਾਣੀ ਜਿੰਦ ਕੌਰਾਂ
ਸਾਰੇ ਦੇਸ਼ ਦਾ ਫ਼ਰਸ਼ ਉਠਾਇ ਦਿੱਤਾ।

ਸਾਰੇ ਗੱਦਾਰ, ਸਾਰੇ ਮਤਲਬਪ੍ਰਸਤ ਅਤੇ ਸਾਰੇ ਦੇਸ਼ ਧਰੋਹੀ ਸ਼ਾਹ ਮੁਹੰਮਦ ਨੇ ਸਾਫ਼ ਬਰੀ ਕਰ ਦਿੱਤੇ ਪਰੰਤੂ ਖ਼ਾਲਸਾ ਰਾਜ ਦੀ ਸਫ਼ ਵਲੇਟਣ ਦੀ ਸਮੁੱਚੀ ਜ਼ਿੰਮੇਵਾਰੀ ਮਹਾਰਾਣੀ ਜਿੰਦਾ ਸਿਰ ਸੁੱਟ ਦਿੱਤੀ ਜਿਸਦੀ ਜਾਂਬਾਜ਼ੀ ਅਤੇ ਬਹਾਦਰੀ ਨੂੰ ਭਾਂਪਦਿਆਂ ਅੰਗਰੇਜ਼ ਹਾਕਮ ਨੇ ਉਸਨੂੰ 'ਪੰਜਾਬ ਦੀ ਇਕੋ ਮਰਦ' ਆਖਿਆ ਸੀ। ਕਿੰਨਾ ਉਲਾਰ ਰਵੱਈਆ ਹੈ ਸ਼ਾਹ ਮੁਹੰਮਦ ਦਾ।

ਮਜ਼ੇਦਾਰ ਸ਼ੈਅ

ਸੁਖਕ ਸਰੀਰੀ। ਸੁਹਲ ਜਿਸਮੀ। ਮਿਰਗ ਨੈਣੀ। ਕੋਮਲ ਭਾਵੀ। ਕਾਲ ਕੇਸਤੀ। ਪਤਲ ਕਮਰੀ। ਕੀ ਕੀ ਨਹੀਂ ਚਿਤਵਿਆ ਮਰਦ ਨੇ? ਜਿਹੋ ਜਿਹਾ ਰੂਪ ਮਾਣਨ ਦੀ ਲੋਚਾ ਹੋਈ ਉਹੋ ਜਿਹੀ ਨਾਇਕਾ ਘੜ ਲਈ। ਉਹਦੇ ਤ੍ਰਿਆ ਚਲਿੱਤਰ ਮਸ਼ਹੂਰ ਕਰ ਦਿੱਤੇ। ਜੀਅ ਕੀਤਾ ਤਾਂ ਉਸਤੀ ਮੱਤ ਨੂੰ ਖੁਰੀਂ ਆਖ ਦਿੱਤਾ। ਕਲਮ ਵੀ ਮਰਦ ਦੇ ਹੱਥ ਤੇ ਤਲਵਾਰ ਵੀ। ਜੋ ਜੀਅ ਆਇਆ ਲਿਖਿਆ। ਜੋ ਮਨ ਆਇਆ ਕੀਤਾ। 'ਮਰਦ ਚਲਿੱਤਰ' ਕਿਉਂ ਨਾ ਪ੍ਰਚਲਿਤ ਹੋਏ ਜਦੋਂ ਕਿ ਔਰਤ ਨੂੰ ਫਸਾਉਣ ਤੋਂ ਲੈ ਕੇ ਹੰਢਾਉਣ ਤੱਕ ਮੋਮੋਠੱਗਣੀਆਂ ਮਰਦ ਮਾਰਦਾ ਆਇਆ ਹੈ। ਉਸਨੂੰ ਮਰਦ-ਭੋਰਿਆਂ ਨਾਲ ਭਰਮਾਉਂਦਾ ਆਇਆ ਹੈ। ਵਾਰਸ ਵਾਚ ਲਓ:–

ਯਾਰਾਂ ਅਸਾਂ ਨੂੰ ਆਣਿ ਸਵਾਲ ਕੀਤਾ
ਇਸ਼ਕ ਹੀਰ ਦਾ ਨਵਾਂ ਬਣਾਈਏ ਜੀ।
....
ਯਾਰਾਂ ਨਾਲ ਮਜਾਲਸਾਂ ਵਿਚ ਬਹਿ ਕੇ

ਮਜ਼ਾ ਹੀਰ ਦੇ ਇਸ਼ਕ ਦਾ ਪਾਈਏ ਜੀ ।

ਇਸੇ ਮਜ਼ੇ ਹਿਤ ਮਰਦ ਨੇ ਔਰਤ ਦਾ ਹੁਸਨ, ਰੂਪ ਬਣਤ-ਬਣਾਉ, ਸ਼ਿੰਗਾਰ ਤੇ ਜਿਸਮ ਚਿਤਰਿਆ । ਇਸ ਵਿਚੋਂ ਸਵਾਦ ਲੈਣ ਖ਼ਾਤਿਰ ਅਸ਼ਲੀਲ ਵਰਣਨ ਵੀ ਕੀਤੇ । ਢਾਣੀਆਂ ਵਿਚ ਬੈਠ ਕੇ ਚਸਕੇ ਲੈ ਲੈ ਨਾਰੀ-ਬਿਰਤਾਂਤ ਸੁਣਾਏ । ਉਸਦੇ ਨਖਸ਼ਿਖ ਤੇ ਸੁਹੱਪਣ ਵਿਚੋਂ ਅਨੋਖਾ ਮਜ਼ਾ ਲਿਆ । ਕੋਠਿਆਂ ਤੋਂ ਵੀ ਅਜਿਹਾ ਹੀ ਸਵਾਦ ਤੇ ਇਕੱਲੀ ਕਾਰੀ ਔਰਤ ਨੂੰ ਤੱਕ ਕੇ ਭੋਗਣ ਦੀ ਵੀ ਚਾਹਨਾ ਕੀਤੀ। ਬਲਾਤਕਾਰੀ ਘਟਨਾਵਾਂ ਦੇ ਦਿਨ-ਬ-ਦਿਨ ਵਧਦੇ ਜਾਣ ਪਿੱਛੇ ਵੀ ਪ੍ਰਵਿਰਤੀ ਅਜਿਹੀ ਹੀ ਹੈ । ਤੇ ਫ਼ਿਲਮਾਂ ਦੀ ਓਟ ਵਿਚ ਅਦਾਕਾਰਾ ਦਾ ਅੰਗ ਪ੍ਰਦਰਸ਼ਨ ਵੀ ਇਸੇ ਇੱਛਾ ਅਧੀਨ । ਮਾਡਲਿੰਗ ਸਮੇਂ ਤਹਿਜ਼ੀਬ ਦੀ ਉਲੰਘਣਾ ਕਰਕੇ ਨਾਰੀ ਨੂੰ ਅਰਧ ਨਗਨ ਕਰਨ ਪਿੱਛੇ ਵੀ ਭਾਵਨਾ ਸਿਰਫ਼ ਮਜ਼ੇ ਦੀ ਹੀ । ਸੱਜ ਸਜਾਵਟ, ਗਹਿਣੇ-ਗੱਟੇ ਤੇ ਹਾਰ ਸ਼ਿੰਗਾਰ ਵੀ ਮਰਦ ਦੀ ਠੋਸੀ ਹੋਈ ਹਕੀਕਤ ਹੈ ਤਾਂ ਜੋ ਉਸਨੂੰ ਵਧੇਰੇ ਰਸ ਪ੍ਰਾਪਤ ਹੋਵੇ । ਭਲਾ ਅਜਿਹਾ ਸਭ ਕੁਝ ਉਸ ਵਾਸਤੇ ਜ਼ਰੂਰੀ ਕਿਉਂ ਨਹੀਂ ? ਗੁਲਾਬੀ ਰਾਤਾਂ ਦੇ ਦੇਸ਼ ਵਿਚ ਵੀ ਮਜ਼ੇ ਮਰਦ ਹੀ ਲੁੱਟਦਾ ਹੈ । ਔਰਤ ਤਾਂ ਜਿਸਮ ਨੋਚਵਾਉਣ ਲਈ ਬੇਬਸ ਹੈ ਕਿਉਂਕਿ ਉਹ ਚਕਲਿਆਂ ਵਿਚ ਬਿਠਾ ਦਿੱਤੀ ਗਈ ਹੈ । ਆਪਣਾ ਵਜੂਦ ਗਵਾ ਕੇ ਵਿਕਣ ਦੀ ਸ਼ੈਅ ਬਣ ਗਈ ਹੈ । ਇਸੇ ਮਜ਼ੇ ਖਾਤਿਰ ਕਈ ਵਾਰ ਮਰਦ ਆਪਣੀ ਹੀ ਬੀਵੀ ਨਾਲ ਬਲਾਤਕਾਰ ਕਰਦਾ ਹੈ ਜਿਸਦੀ ਸਜ਼ਾ ਸਾਡੇ ਸੰਵਿਧਾਨ ਨੇ ਅਜੇ ਨਿਰਧਾਰਿਤ ਨਹੀਂ ਕੀਤੀ (ਜਦੋਂ ਕਿ ਪੱਛਮੀ ਦੇਸ਼ਾਂ ਵਿਚ ਮਰਜ਼ੀ ਤੋਂ ਖਿਲਾਫ਼ ਆਪਣੀ ਹੀ ਬੀਵੀਂ ਨਾਲ ਜ਼ਬਰਦਸਤੀ ਕਰਨ ਦੀ ਸਖ਼ਤ ਸਜ਼ਾ ਨਿਰਧਾਰਿਤ ਹੈ) ਬੋਬਿਟ ਦੰਪਤੀ (ਵਾਸ਼ਿੰਗਟਨ) ਦਾ ਕੇਸ ਪਿਛਲੇ ਦਿਨੀ ਬੜੀ ਵੱਡੀ ਚਰਚਾ ਦਾ ਵਿਸ਼ਾ ਬਣਿਆ ਰਿਹੈ । ਏਸ਼ਿਆਈ ਮੁਲਕਾਂ ਵਿਚ ਆਮ ਕਰਕੇ ਤੇ ਭਾਰਤ ਵਿਚ ਵਿਸ਼ੇਸ਼ ਕਰਕੇ ਜਬਰ ਜਿਨਾਹ ਦੀਆਂ ਜਿਹੋ ਜਿਹੀਆਂ ਭਿਅੰਕਰ, ਘਿਣਾਉਣੀਆਂ, ਹਿਰਦੇ ਵੇਧਕ, ਰੌਂਗਟੇ ਖੜੇ ਕਰ ਦੇਣ ਵਾਲੀਆਂ ਵਚਿੱਤਰ ਘਟਨਾਵਾਂ ਵਾਪਰ ਰਹੀਆਂ ਹਨ ਕਿ ਆਪ ਮੁਹਾਰੇ ਅੰਮ੍ਰਿਤਾ ਪ੍ਰੀਤਮ ਦੀ ਇਕ ਚਿਰ ਪਹਿਲਾਂ ਲਿਖੀ ਕਵਿਤਾ ਜ਼ਿਹਨ ਵਿਚ ਆ ਖੜ੍ਹਦੀ ਹੈ:—

ਵੀਹ ਹਜ਼ਾਰ ਸਾਲ ਹੋਏ,
ਇਸ ਸੱਭਿਅਤਾ ਨੂੰ ਬਣਿਆਂ
ਅੱਜ ਵੀ ਕੱਲੀ ਔਰਤ ਨੂੰ ਤੱਕ ਕੇ
ਖਾਣ ਨੂੰ ਪੈਂਦਾ ਹੈ ਆਦਮੀ
ਭੁੱਖੇ ਦਾ ਭੁੱਖਾ ਉਸੇ ਤਰ੍ਹਾਂ ਵਹਿਸ਼ੀ ।

ਦੋ ਸਾਲ ਦੀ ਮਾਸੂਮ ਬਾਲੜੀ ਤੋਂ ਲੈ ਕੇ ਬਿਰਧ ਅਵਸਥਾ ਵਿਚ ਪੁੱਜੀਆਂ ਮਾਤਾਵਾਂ ਵੀ ਹਵਸ ਦਾ ਸ਼ਿਕਾਰ ਹੋਣੋਂ ਨਹੀਂ ਬਚਦੀਆਂ । ਸਕੂਲਾਂ, ਕਾਲਜਾਂ ਅਤੇ ਯੂਨੀਵਰਸਟੀਆਂ ਵਿਚ ਆਨੀਂ ਬਹਾਨੀਂ ਉਹ ਕਈ ਵਾਰ ਸਹਿਪਾਠੀਆਂ ਤੇ ਉਸਤਾਦਾਂ ਦੀ ਭੇਟ ਚੜ੍ਹਦੀਆਂ ਹਨ । ਜੰਗਲ ਪਾਣੀ ਜਾਂਦੀਆਂ, ਭੱਤਾ ਢੋਂਹਦੀਆਂ, ਚਾਰਾ ਕੱਟਦੀਆਂ, ਹਸਪਤਾਲਾਂ ਵਿਚ

ਡਿਊਟੀ ਕਰਦੀਆਂ, ਸੰਬੰਧੀਆਂ ਦੀ ਤਾਮੀਰਦਾਰੀ ਕਰਦੀਆਂ ਨਾਰੀਆਂ ਕਿਧਰੇ ਵੀ ਬੇਫ਼ਿਕਰ ਹੋ ਕੇ ਨਹੀਂ ਵਿਚਰ ਸਕਦੀਆਂ। ਬਿਆਸ ਵਿਖੇ ਇਕ ਵਹਿਸ਼ੀ ਫੌਜੀ ਵਲੋਂ ਵੱਢ ਵੱਢ ਖਾਧੀ ਗ੍ਰਿਹਸਥਣ ਅਬਲਾ ਦੀ ਦਾਸਤਾਂ ਅਖਬਾਰਾਂ ਵਿਚ ਛਪ ਚੁੱਕੀ ਹੈ। ਮਲੋਟ ਦੀਆਂ ਦੋ ਭੈਣਾਂ ਦਾ ਸਾਮੂਹਿਕ ਬਲਾਤਕਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਗੁਰਦਾਸਪੁਰ ਦੀ ਰਾਜਿਸਥਾਨ ਦੇ ਟੂਰ 'ਤੇ ਗਈ ਲੜਕੀ ਦੀ ਮੌਤ ਦਾ ਕਾਰਨ ਵੀ ਨਿਰਸੰਦੇਹ ਬਲਾਤਕਾਰ ਹੀ ਸੀ। ਮੌਜੂਦਾ ਸਰਕਾਰ ਦੇ ਇਕ ਐਮ. ਐਲ. ਏ. ਵਲੋਂ ਨੌਕਰੀ ਦੇ ਝਾਂਸਿਆਂ ਵਿਚ ਹਵਸ ਦਾ ਸ਼ਿਕਾਰ ਬਣਾਈ ਤੇ ਬਾਪੂ ਦੇ ਸਾਹਮਣੇ ਪੱਤ ਰੋਲਦਿਆਂ ਮਾਰੀ ਨੌਜਵਾਨ ਲੜਕੀ ਨੂੰ ਉਸਦੇ ਬਾਪ ਹੱਥੋਂ ਨਹਿਰ ਵਿਚ ਰੋੜ੍ਹੇ ਜਾਣ ਦੀਆਂ ਵਾਰਦਾਤਾਂ ਅਜੇ ਕੱਲ੍ਹ ਦੀਆਂ ਗੱਲਾਂ ਹਨ।

ਜੰਗ ਹੋਵੇ ਜਾਂ ਅਮਨ; ਬਹਾਰ ਹੋਵੇ ਜਾਂ ਪਤਝੜ; ਵਿਆਹੀ ਹੋਵੇ ਜਾਂ ਕੁਆਰੀ, ਬੋਸਨੀਆਂ 'ਚ ਹੋਵੇ ਜਾਂ ਇਰਾਕ ਵਿਚ, ਭਾਰਤ ਵਿਚ ਹੈ ਜਾਂ ਬੰਗਲਾ ਦੇਸ਼ ਵਿਚ, ਔਰਤ ਦੀ ਖੇਹ ਖ਼ਰਾਬੀ ਹਰ ਥਾਂ ਇਕੋ ਜਿਹੀ ਹੈ। ਸਭ ਤੋਂ ਜ਼ਿਆਦਾ ਬਾਰੂਦ ਸਦਾ ਹੀ ਨਾਰੀਤਵ 'ਤੇ ਡਿਗਦਾ ਆਇਆ ਹੈ। ਆਪਣਿਆਂ ਵਲੋਂ ਵੀ ਤੇ ਬੇਗਾਨਿਆਂ ਵਲੋਂ ਵੀ। ਪਾਕੀਜ਼ ਥਾਵਾਂ ਤੇ ਵੀ ਉਨ੍ਹਾਂ ਤੇ ਇਹ ਕਹਿਰ ਢੱਠਦੇ ਆਏ ਹਨ ਤੇ ਗਲੀਜ਼ ਥਾਵਾਂ ਤੇ ਵੀ। ਬੰਗਲਾ ਦੇਸ਼ ਦੀ ਜਿੱਤ ਉਪਰੰਤ ਡਾ. ਹਰਿਭਜਨ ਸਿੰਘ ਨੇ ਇਕ ਕਵਿਤਾ ਪਦਮਾ (ਨਦੀ) ਬਾਰੇ ਲਿਖੀ ਸੀ ਜਿਸ ਵਿਚ ਫੌਜੀਆਂ ਵਲੋਂ ਸਮੂਹਿਕ ਬਲਾਤਕਾਰਾਂ ਤੋਂ ਠਹਿਰੇ ਗਰਭਾਂ ਵੱਲ ਹਿਰਦੇਵੇਧਕ ਸੰਕੇਤ ਸੀ:—

ਨਗਨ ਯੋਨੀਆਂ ਜੋ ਜਣ ਦਿੱਤੇ
ਕੀੜੇ ਮਕੌੜੇ
ਨਸਲ ਮਨੁੱਖ ਦੀ
ਕੀੜ ਮਕੌੜਾ ਹੋ ਜਾਏਗੀ।

ਇਸਲਾਮ ਅਤੇ ਈਸਾਈ ਮਤਿ ਵਿਚ ਗਰਭਪਾਤ ਦੀ ਮਨਾਹੀ ਹੈ, ਇਸੇ ਲਈ ਲੱਖਾਂ ਅਣਚਾਹੇ ਤੇ ਨਾਜਾਇਜ਼ ਬੱਚਿਆਂ ਦਾ ਜਨਮ ਮਰਦ ਦੇ ਇਸੇ ਮਜ਼ੇ ਦਾ ਪਰਿਣਾਮ ਹੈ। ਵਿਭਿੰਨ ਸੱਭਿਆਚਾਰਾਂ ਵਿਚ ਔਰਤ ਇਸਦੇ ਦੂਰ ਰਸ 'ਪ੍ਰਭਾਵਾਂ' ਨੂੰ ਆਪਣੇ ਤਨ 'ਤੇ, ਮਨ 'ਤੇ ਜਰਦੀ ਹੈ। ਪੂਨੇ ਦੇ ਇਕ ਮਾਨਸਿਕ ਰੋਗਾਂ ਤੋਂ ਪੀੜਤ ਆਸ਼ਰਮ ਵਿਖੇ ਗਿਆਰਾਂ ਔਰਤਾਂ ਦੀਆਂ ਬੱਚੇਦਾਨੀਆਂ ਕੱਢਣ ਦਾ ਮਾਮਲਾ ਉਸ ਪ੍ਰਸੰਗ ਵਿਚ ਲਿਆ ਜਾ ਸਕਦੈ। ਦਲੀਲ ਦਿੱਤੀ ਗਈ ਕਿ ਅਣਚਾਹੇ ਗਰਭਾਂ ਤੋਂ ਬਚਾਉਣ ਲਈ ਇਹ ਕਦਮ ਜ਼ਰੂਰੀ ਸੀ। ਸਵਾਲ ਉੱਠਦਾ ਹੈ ਕਿ ਇਸ ਆਸ਼ਰਮ ਵਿਚ ਵੀ ਝੱਲੀਆਂ ਔਰਤਾਂ ਸੁਰੱਖਿਅਤ ਨਹੀਂ। ਸ਼ਰਾਰਤੀ ਅਨਸਰ ਇਥੇ ਵੀ ਖੁਲ੍ਹ ਖੇਡ ਸਕਦੇ ਹਨ ਅਤੇ ਆਪਣੇ ਮਜ਼ੇ ਦੀ ਖ਼ਾਤਿਰ ਇਹਨਾਂ ਅਬਲਾਵਾਂ ਨੂੰ ਬਲੀ ਦਾ ਬੱਕਰਾ ਬਣਾ ਸਕਦੇ ਹਨ ? ਫਿਲਮ 'ਘਰ' ਵਿਚ ਰੇਖਾ ਦੀ ਬਲਾਤਕਾਰ ਮਗਰਲੀ ਅਦਾਕਾਰੀ ਗਵਾਹ ਹੈ ਕਿ ਇਸਦਾ ਇਕ ਸ਼ਰੀਫ਼ ਔਰਤ 'ਤੇ ਕਿੰਨਾ ਘਾਤਕ ਸਰੀਰਕ, ਮਾਨਸਿਕ ਤੇ ਜ਼ਿਹਨੀ ਅਸਰ ਪੈਂਦਾ

ਹੈ । ਕਈ ਆਤਮਘਾਤ ਕਰ ਬੈਠਦੀਆਂ ਹਨ, ਕਈ ਵੇਸਵਾਗਮਨੀ ਵੱਲ । ਕਈ ਬੱਚੇ ਜੰਮਣ ਲਈ ਮਜਬੂਰ ਤੇ ਕਈ ਜੀਵਨ ਭਰ ਝੂਰ ਝੂਰ ਮਰਨ ਲਈ ਲਾਚਾਰ । ਬਹੁਤੀਆਂ ਘਟਨਾਵਾਂ ਸਾਹਮਣੇ ਵੀ ਨਹੀਂ ਆਉਂਦੀਆਂ ਤੇ ਜਿਹੜੀਆਂ ਆਉਂਦੀਆਂ ਹਨ ਉਹਨਾਂ ਦਾ ਹਸ਼ਰ ? ਸ਼ਰਮਸਾਰੀ ਤੇ ਸਮਾਜਿਕ ਜ਼ਲਾਲਤ ਵਾਧੂ ਦੀ ਤੇ ਪੱਲੇ ਕੁਝ ਵੀ ਨਹੀਂ । ਨਤੀਜਾ ਬਲਾਤਕਾਰੀ ਘਟਨਾਵਾਂ ਵਿਚ ਨਿੱਤ ਦਿਹਾੜੇ ਵਾਧਾ । ਆਪਣੀਆਂ ਧੀਆਂ ਭੈਣਾਂ ਨਾਲ ਮੂੰਹ ਕਾਲਾ ਕਰਦੇ ਇਹ ਆਦਮੀ । ਰੱਬ ਖ਼ੈਰ ਕਰੇ ! ਅੱਜ ਦਾ ਖ਼ਾਸ ਦਿਨ ਕਿਹੜਾ ਸ਼ੁੱਭ ਸੰਦੇਸ਼ ਲਿਆਵੇਗਾ ਇਹਨਾਂ ਕਰਮਾਂ ਮਾਰੀਆਂ ਲਈ ?

ਔਰਤਾਂ ਦਾ ਕੌਮਾਂਤਰੀ ਵਪਾਰ

ਕੇਹੀ ਵਿਡੰਬਨਾ ਹੈ ਕਿ ਔਰਤ ਅੱਜ ਮੰਡੀ ਦੀ ਇਕ ਵੱਡੀ ਵਸਤੂ ਬਣ ਚੁੱਕੀ ਹੈ । ਇਕ ਵਿਕਾਊ ਮਾਲ । ਚੰਮ ਦੀ ਗੁੱਡੀ । ਵਿਕਣ ਵਾਲੀ ਸ਼ੈਅ । ਰਾਜਿਆਂ ਮਹਾਂਰਾਜਿਆਂ ਦੀ ਜਨਮਦਾਤੀ ਤੇ ਮਹਾਂਪੁਰਸ਼ਾਂ ਦੀ ਪਾਲਕ ਅੱਜ ਮਰਦ ਦੀ ਖ਼ੁਸ਼ਨੂਦੀ ਲਈ ਦੇਸ਼ਾਂ ਵਿਦੇਸ਼ਾਂ ਤੇ ਹੱਦਾਂ ਸਰਹੱਦਾਂ ਤੋਂ ਪਾਰ ਪਹੁੰਚਾਈ ਜਾ ਰਹੀ ਹੈ । ਦੱਖਣ ਪੱਛਮੀ ਏਸ਼ੀਅਨ ਔਰਤਾਂ ਦੀ ਜਥੇਬੰਦੀ ਵਲੋਂ 1991 ਤੱਕ ਦੇ ਮੋਟੇ ਜਿਹੇ ਅੰਕੜਿਆਂ ਮੁਤਾਬਿਕ ਪਿਛਲੇ ਦੋ ਦਹਾਕਿਆਂ ਵਿਚ ਤਿੰਨ ਕਰੋੜ ਤੋਂ ਜ਼ਿਆਦਾ ਔਰਤਾਂ ਵਿਕ ਚੁਕੀਆਂ ਹਨ । ਮੁਲਕਾਂ ਦੀਆਂ ਸਰਹੱਦਾਂ ਵੀ ਇਸ ਵਪਾਰ ਵਿਚ ਕੋਈ ਰੁਕਾਵਟ ਨਹੀਂ ਪਾਉਂਦੀਆਂ । ਬੰਬਈ ਦੇ ਚਕਲਿਆਂ ਦੀਆਂ ਅੱਧੀਆਂ ਤੋਂ ਵਧੇਰੇ ਵੇਸਵਾਵਾਂ ਨਿਪਾਲੀ ਹਨ । ਯੂ.ਪੀ. ਦੀਆਂ ਸਮੂਹ ਵੇਸਵਾਵਾਂ ਵਿਚ ਬਹੁਗਿਣਤੀ ਵੀ ਇਹਨਾਂ ਨਿਪਾਲੀ ਕੁੜੀਆਂ ਦੀ ਹੈ । ਪਾਕਿਸਤਾਨ ਵਿਚ ਜਿਸਮ ਫਰੋਸ਼ੀ ਦੇ ਧੰਦੇ ਵਿਚ ਧਕੇਲਣ ਲਈ ਲੱਖਾਂ ਬੰਗਲਾ ਦੇਸ਼ਣਾਂ ਸਾਡੀਆਂ ਕੌਮਾਂਤਰੀ ਸਰਹੱਦਾਂ ਟਪਾ ਕੇ ਲੰਘਾਈਆਂ ਜਾਂਦੀਆਂ ਹਨ । ਜਾਪਾਨ ਵਿਚ ਸੈਲਾਨੀਆਂ ਦੀਆਂ ਜੇਬਾਂ ਖ਼ਾਲੀ ਕਰਵਾਉਣ ਤੋਂ ਉਹਨਾਂ ਦੀਆਂ ਰਾਤਾਂ ਰੰਗੀਨ ਬਣਾਉਣ ਖ਼ਾਤਿਰ ਫਿਲਪਾਈਨ, ਥਾਈਲੈਂਡ, ਸਾਊਥ ਕੋਰੀਆ, ਤਾਇਵਾਨ ਆਦਿ ਦੇਸ਼ਾਂ ਦੀਆਂ ਔਰਤਾਂ ਲਿਆਈਆਂ ਜਾਂਦੀਆਂ ਹਨ । ਯੂਰਪ, ਜਰਮਨੀ, ਅਮਰੀਕਾ, ਰੂਸ ਤੇ ਅਸਟਰੇਲੀਆ ਸੰਬੰਧੀ ਅਜਿਹੇ ਤੱਥ ਹੈਰਤਅੰਗੇਜ਼ ਕਰ ਦੇਣ ਵਾਲੇ ਹਨ । ਸਰਵੇਖਣਾਂ ਤੋਂ ਸਾਹਮਣੇ ਆਇਆ ਹੈ ਕਿ ਕਈ ਵਾਰ ਇਕ ਇਕ ਔਰਤ ਨੂੰ ਜੀਵਨ ਵਿਚ ਦਸ-ਦਸ ਵਾਰ ਵਿਕਣਾ ਪੈਂਦੈ । ਜਬਰੀ ਇਸ ਪੇਸ਼ੇ ਵਲ ਧਕੇਲੀਆਂ ਬੱਚੀਆਂ ਨੇ ਬਹੁਤ ਵਾਰ ਬਚਪਨ ਵੀ ਬਿਤਾਇਆ ਨਹੀਂ ਹੁੰਦਾ । ਕਈ ਵਾਰ 9-10 ਵਰ੍ਹਿਆਂ ਦੀਆਂ ਬਾਲੜੀਆਂ ਨੂੰ ਇਸ ਪਾਸੇ ਲਾ ਲਿਆ ਜਾਂਦਾ ਹੈ ।

ਹੈਦਰਾਬਾਦ ਵਿਚ ਵਾਪਰੇ ਕਈ ਕਾਂਡ (ਅਮੀਨਾ ਕਾਂਡ ਤੇ ਕਨੀਜ਼ਾ ਕਾਂਡ) ਸਭ ਦੇ ਸਾਹਮਣੇ ਨਸ਼ਰ ਹੋ ਚੁੱਕੇ ਹਨ ਜਿੱਥੇ ਅਰਬ ਦੇ ਅਮੀਰ ਸ਼ੇਖ਼ ਇਹਨਾਂ ਸੁਹਲ ਕਲੀਆਂ ਦੇ ਟਕੇ ਤਾਰ ਕੇ ਇਹਨਾਂ ਦੇ ਮਾਪਿਆਂ ਦੀ ਰਜ਼ਾਮੰਦੀ ਨਾਲ ਇਹਨਾਂ ਨੂੰ ਮਸਲਨ ਲਈ ਲਿਜਾਂਦੇ ਫੜੇ ਗਏ ਹਨ । ਵੇਸਵਾਗਮਨੀ ਦਾ ਪ੍ਰਮੁੱਖ ਆਧਾਰ ਆਰਥਿਕ ਮੰਦਹਾਲੀ ਹੈ । ਇਸ ਲਈ ਨੌਕਰੀਆਂ ਦੇ ਝਾਂਸੇ ਦੇ ਕੇ, ਵਧੀਆ ਜ਼ਿੰਦਗੀ ਦੇ ਸਬਜ਼ ਬਾਗ਼ ਵਿਖਾ

ਕੇ, ਗਰੀਬੀ ਦੀ ਦਲਦਲ ਵਿਚੋਂ ਕੱਢਣ ਦੇ ਵਾਅਦੇ ਕਰਕੇ, ਵਿਆਹ ਦੇ ਲਾਰੇ ਲਾ ਕੇ ਤੇ ਕਈ ਵਾਰ ਡਰਾ ਧਮਕਾ ਅਤੇ ਉਧਾਲ ਕੇ ਇਹ ਲੜਕੀਆਂ ਲਿਜਾਈਆਂ ਜਾਂਦੀਆਂ ਹਨ। ਅਣਵਿਆਹੀਆਂ ਮਾਵਾਂ, ਜਬਰ ਜਿਨਾਹ ਦੀਆਂ ਸ਼ਿਕਾਰ ਔਰਤਾਂ ਤੇ ਮਹਿੰਗਾਈ ਦੀ ਚੱਕੀ ਵਿਚ ਪਿਸ ਰਹੀਆਂ ਲੜਕੀਆਂ ਖ਼ੁਦ ਵੀ ਉਧਰ ਆ ਜਾਂਦੀਆਂ ਹਨ ਪਰ ਸਭ ਦੀ ਤੈਅ ਵਿਚ ਵਧੀਕੀ ਮਰਦ ਵਲੋਂ ਹੈ, ਕਹਿਰ ਉਸੇ ਵਲੋਂ ਢਾਇਆ ਜਾਂਦੈ। ਹਰ ਵੇਸਵਾ ਦੀ ਇਕ ਆਪਣੀ ਹੀ ਵਿਲੱਖਣ ਦਰਦ ਕਹਾਣੀ ਹੋਇਆ ਕਰਦੀ ਹੈ — ਦੁੱਖਾਂ ਭਰਿਆ ਭਵਿੱਖ। ਸੰਸਿਆਂ ਭਰਿਆ ਜੀਵਨ। ਕਸ਼ਟਾਂ ਭਰੀਆਂ ਰਾਤਾਂ। ਦੋਜ਼ਖ਼ਮਈ ਸਮਾਂ। ਹਰ ਰਾਤ ਯਾਤਨਾ ਦੀ ਰਾਤ। ਕਈ ਵਾਰ ਸੱਤ ਸੱਤ ਖਸਮਾਂ ਦੀ ਦਰਿੰਦਗੀ ਦੀ ਸ਼ਿਕਾਰ। ਗੁਰਮਤਿ ਤਾਂ ਪਰਨਾਰੀ ਦੀ ਪਰਛਾਈ ਤੋਂ ਵੀ ਵਰਜਦੀ ਹੈ ਅਤੇ ਬਾਬਰਬਾਣੀ ਦੇ ਸੰਦਰਭ ਵਿਚ ਬਹੁਤ ਸੁੰਦਰ ਚਿੱਤਰ ਉਲੀਕਦੀ ਹੈ ਪਰੰਤੂ ਇਸ ਮਹਾਂ ਸਮੱਸਿਆ ਦਾ ਹੱਲ ਢੂੰਡਣ ਲਈ ਕੌਮਾਂ ਦੇ ਰਾਖਿਆਂ ਅਤੇ ਆਗੂਆਂ ਨੂੰ ਅੱਗੇ ਆਉਣਾ ਪਵੇਗਾ ਤਾਂ ਜੋ ਔਰਤ ਨੂੰ ਮਹਿਜ਼ ਵਰਤਣ ਦੀ ਸ਼ੈਅ ਹੀ ਨਾ ਬਣਾਇਆ ਜਾਵੇ।

ਜੇਬਕਤਰੀ ਕੌਣ ?

ਕੀ ਮਾਨਵ ਦੀ ਜਨਮਦਾਤੀ, ਪਾਲਕ ਤੇ ਰੱਖਿਅਕ ਜੇਬਕਤਰੀ ਵੀ ਹੋ ਸਕਦੀ ਹੈ ? ਜਿੱਥੇ ਦੇਸ਼ਾਂ ਕੌਮਾਂ ਦੇ ਆਹਲਾ ਤੋਂ ਅਦਨੇ ਅਫ਼ਸਰ ਵੱਡੇ ਤੋਂ ਛੋਟੇ ਲੋਕ ਦਿਨ ਰਾਤ ਪ੍ਰਤੱਖ ਪਰੋਖ ਢੰਗ ਨਾਲ ਲੋਕਾਂ ਦੀਆਂ ਜੇਬਾਂ ਕਤਰਨ 'ਤੇ ਲੱਗੇ ਹੋਏ ਹਨ, ਉਥੇ ਤੀਰਥ-ਯਾਤਰਾ ਤੇ ਘਰੋਂ ਤੁਰੀਆਂ ਚਾਰ ਔਰਤਾਂ ਹੀ ਕਿਉਂ ਪੁਲਿਸ ਕਰਮਚਾਰੀਆਂ ਨੂੰ ਜੇਬਕਤਰੀਆਂ ਜਾਪੀਆਂ ? ਬੰਦਾ ਗੁਨਾਹਗਾਰ ਹੈ ਤੇ ਭੁੱਲਣਹਾਰ ਵੀ। ਮਰਦ ਲੋਕ ਕਿੰਨੀ ਚੁਸਤੀ ਚਲਾਕੀ ਨਾਲ ਸਾਡੀਆਂ ਜੇਬਾਂ ਕਤਰਦੇ ਆ ਰਹੇ ਹਨ ਪਰ ਕਦੇ ਕਿਸੇ ਮਰਦ ਦੇ ਮੱਥੇ ਤੇ 'ਜੇਬਕਤਰਾ' ਖੁਣਵਾਇਆ ਨਹੀਂ ਦਿਸਿਆ। ਇਹ ਪੰਜ ਅੱਖਰਾਂ ਖ਼ਤਰਨਾਕ ਸ਼ਬਦ ਇਹਨਾਂ ਔਰਤਾਂ ਦੇ ਹੀ ਮੱਥੇ ਤੇ ਭਲਾ ਕਿਉਂ ਉੱਕਰਿਆ ਗਿਆ ? ਲਾਹਨਤ ਹੈ ਐਸੇ ਪੁਲਿਸ ਸਭਿਆਚਾਰ 'ਤੇ। ਧਿਰਕਾਰ ਹੈ ਐਸੀ ਤਾਨਾਸ਼ਾਹੀ 'ਤੇ ਜਿਥੇ ਮਾਵਾਂ ਭੈਣਾਂ ਨੂੰ ਸੋਚੀ ਸਮਝੀ ਸਾਜ਼ਿਸ਼ ਅਧੀਨ ਇਸ ਕਦਰ ਬੇਪੱਤ ਕੀਤਾ ਜਾਂਦੈ। ਕੀ ਬੀਤਦੀ ਹੈ ਇਹਨਾਂ ਮਾਵਾਂ 'ਤੇ ? ਕੀ ਹਸ਼ਰ ਹੈ ਇਹਨਾਂ ਬੀਵੀਆਂ ਦਾ ? ਪਲਾਸਟਿਕ ਸਰਜਰੀ ਭਾਵੇਂ ਇਹਨਾਂ ਦੇ ਖੁਣਵਾਏ ਅੱਖਰ ਮਿਟਾ ਦੇਵੇ ਪਰ ਔਰਤ ਜਾਤੀ ਨਾਲ ਕੀਤੇ ਇਸ ਕੋਝੇ, ਭੱਦੇ ਤੇ ਖ਼ਤਰਨਾਕ ਮਜ਼ਾਕ 'ਤੇ ਇਹਨਾਂ ਬੇਬਸ ਔਰਤਾਂ ਦੀਆਂ ਆਹਾਂ ਪੱਥਰਾਂ ਨੂੰ ਭਸਮ ਕਰ ਦੇਣਗੀਆਂ। ਕੌਮਾਂਤਰੀ ਨਾਰੀ ਦਿਵਸ ਅਜਿਹੀਆਂ ਮਾਸੂਮਾਂ ਲਈ ਕੀ ਕਰ ਸਕੇਗਾ ?

ਪੁਤੀ ਗੰਢਿ ਪਵੈ ਸੰਸਾਰਿ

ਗੁਰਬਾਣੀ ਨੇ ਇਸੇ ਨੂੰ ਸਵੀਕ੍ਰਿਤੀ ਦਿੱਤੀ ਹੈ। ਫਲਸਰੂਪ, ਪੁੱਤਰੇਸ਼ਨਾ ਕਰਕੇ ਧੀਆਂ ਨੂੰ ਕਦੇ ਵੀ ਪਿਆਰ ਦੁਲਾਰ ਤੇ ਸਹੀ ਸਥਾਨ ਨਹੀਂ ਮਿਲ ਸਕਿਆ। ਭਾਵੇਂ ਸੱਭਿਆਚਾਰਕ ਕਦਰਾਂ ਕੀਮਤਾਂ ਬਦਲ ਰਹੀਆਂ ਹਨ, ਪੱਛਮੀ ਤਰਜ਼ੇ ਜੀਵਨ ਦਾ ਅਮਿਟ ਪ੍ਰਭਾਵ ਪੈ

ਰਿਹੈ ਪਰ ਏਸ਼ਿਆਈ ਧਰਤੀਆਂ ਤੇ ਅੱਜ ਵੀ, ਲੜਕੀ ਦਾ ਜਨਮ ਸ਼ਗਨਾਂ-ਮਲਾਰਾਂ ਦੀ ਥਾਂ ਰੋਣ ਧੋਣ ਦਾ ਸਮਾਂ ਹੁੰਦੈ।

ਜੰਮੀ ਧੀ ਵੰਡੋ ਮਠਿਆਈ
ਇਹ ਸਾਕਾਰ ਲੱਛਮੀ ਆਈ।

ਮਹਿਜ ਇਕ ਸਰਕਾਰੀ ਨਾਅਰਾ ਹੈ। ਜਦੋਂ ਤੱਕ ਸਮਾਜ ਧੀ ਨੂੰ ਬਰਾਬਰੀ ਨਹੀਂ ਦਿੰਦਾ, ਜਦੋਂ ਤੱਕ ਲੋਕ ਇਸ ਨੂੰ ਸਮਾਨ ਨਹੀਂ ਸਮਝਦੇ, ਉਦੋਂ ਤੱਕ ਧੀਆਂ ਦੇ ਭਰੂਣ ਗਿਰਾਏ ਜਾਂਦੇ ਰਹਿਣਗੇ। ਉਦੋਂ ਤਕ ਅਣਜੰਮੀਆਂ ਬੱਚੀਆਂ ਦੇ ਕਤਲ ਹੁੰਦੇ ਜਾਣਗੇ। ਉਦੋਂ ਤੱਕ ਲਿੰਗ ਦੱਸਣ ਵਾਲੇ ਕਲਿਨਿਕ ਫਲਦੇ ਫੂਲਦੇ ਹੀ ਰਹਿਣਗੇ। ਤੇ ਛੇਤੀਂ ਹੀ ਕਦੇ ਉਹ ਵੀ ਸਮਾਂ ਆ ਢੁੱਕੇਗਾ ਜਦੋਂ ਪੁੱਤਰਾਂ ਦੇ ਵਿਆਹਾਂ ਲਈ ਲੜਕੀ ਮਿਲਣੀ ਕਠਿਨ ਹੋ ਜਾਵੇਗੀ। ਪੰਜਾਬ ਵਿਚ ਲੜਕੀਆਂ ਦੀ, ਜਨਮ ਦਰ ਦਸਾਂ ਪਿਛੇ ਸੱਤ ਚਲ ਰਹੀ ਹੈ। ਪਿਛਲੇ ਵਰ੍ਹਿਆਂ ਵਿਚ ਚੰਡੀਗੜ੍ਹ ਦੀਆਂ ਤਿੰਨ ਜਵਾਨ ਜਹਾਨ ਲਾਣਵਾ ਲੜਕੀਆਂ ਨੇ ਉਸ ਦਿਨ ਇਕੱਠੀਆਂ ਖ਼ੁਦਕਸ਼ੀ ਕਰ ਲਈ ਜਿਸ ਦਿਨ ਉਨ੍ਹਾਂ ਨੂੰ ਆਪਣੇ ਭਰਾ ਦੀ ਪੈਦਾਇਸ਼ ਦੀ ਹਸਪਤਾਲੋਂ ਖ਼ਬਰ ਪੁੱਜੀ। ਦਹਾਕਿਆਂ ਤੱਕ ਮਾਪਿਆਂ ਨੂੰ ਪੁੱਤਰ-ਆਸ ਵਿਚ ਭਟਕਦਿਆਂ ਤੇ ਗਰਭ ਗਿਰਾਉਂਦਿਆਂ ਵੇਖ ਵੇਖ ਧੀਆਂ ਮਰਨਹਾਕੀਆਂ ਹੁੰਦੀਆਂ ਰਹੀਆਂ ਸਨ ਕਿ ਆਖ਼ਰ ਐਨੀਆਂ ਲਾਇਕ ਹੁੰਦਿਆਂ ਉਹਨਾਂ ਵਿਚ ਕੀ ਕਮੀ ਸੀ ਕਿ ਉਹਨਾਂ ਦੇ ਮਾਪੇ ਪੁੱਤਰ ਲਈ ਇਸ ਕਦਰ ਬਿਹਬਲ ਹਨ। ਪਿਛਲੇ ਹੀ ਦਿਨੀਂ ਰਾਜਧਾਨੀ ਦੇ ਕੂੜੀ ਦੇ ਇਕ ਢੇਰ ਤੋਂ ਮਿਲੇ ਕਿਸੇ ਨਾਜਾਇਜ਼ ਲੜਕੇ ਨੂੰ ਗੋਦ ਲੈਣ ਲਈ ਜਿੱਥੇ ਕਈ ਬੇ-ਔਲਾਦ ਜੋੜੇ ਪੁੱਜੇ ਉਥੇ ਦੋ ਧੀਆਂ ਦੇ ਮਾਪੇ ਵੀ ਆਏ। ਹਾਲੇ ਤੱਕ ਮਾਪਿਆਂ ਦੀ ਚਿਖਾ ਨੂੰ ਅਗਨੀ ਦੇਣ ਲਈ ਪੁੱਤਰ ਅੱਗੇ ਆਉਂਦਾ ਹੈ। ਪੁੱਤਰ ਨਹੀਂ ਤਾਂ ਭਾਈ ਭਤੀਜੇ ਪਰ ਧੀ ਨਹੀਂ ਅੱਗੇ ਆ ਸਕਦੀ। ਕਿਉਂ ? ਕੀ ਕਮੀ ਹੈ ਉਸ ਵਿਚ ? ਧੀ ਤਾਂ ਮਾਪਿਆਂ ਦੀ ਸਭ ਤੋਂ ਵੱਧ ਖ਼ੈਰ ਖ਼ਵਾਹ ਹੈ ਸਗੋਂ। ਕਦੇ ਕਿਸੇ ਦੀ ਧੀ ਨੇ ਮਾਪੇ ਕਤਲ ਨਹੀਂ ਕੀਤੇ। ਮਾਪਿਆਂ ਨੂੰ ਉਸ ਕਦਰ ਦੁੱਖ ਦਰਦ ਨਹੀਂ ਦਿੱਤੇ ਜਿਵੇਂ ਪੁੱਤਰ ਦਿੰਦੇ ਹਨ। ਫਿਰ ਕਿਉਂ ਅਸੀਂ ਧੀ ਨੂੰ ਹਾਲੇ ਵੀ ਖਿੜੇ ਮੱਥੇ ਸਵੀਕਾਰ ਨਹੀਂ ਕਰਦੇ। ਉਸ ਨੂੰ ਪੱਥਰ, ਵੱਟਾ, ਬਾਘੜ ਬਿੱਲਾ ਤੇ ਕਈ ਹੋਰ ਦੁਰ-ਵਿਸ਼ੇਸ਼ਣਾਂ ਨਾਲ ਸੰਬੋਧਿਤ ਹੁੰਦੇ ਹਾਂ। ਧੀ ਮਰਨ ਤੇ ਲਾਸ਼ ਨਾਲ ਗੜ ਤੇ ਪੂਣੀ ਰੱਖਣ ਦਾ ਰਿਵਾਜ ਹਾਲੇ ਤੱਕ ਵੀ ਕਈ ਥਾਈਂ ਪ੍ਰਚੱਲਿਤ ਹੈ:—

ਗੁੜ ਖਾਈਂ ਪੂਣੀ ਕੱਤੀਂ
ਆਪ ਨਾ ਆਈਂ ਵੀਰ ਨੂੰ ਘੱਤੀਂ।

ਧੀਆਂ ਜੰਮਦੀਆਂ ਮਾਂ ਸੂਲੀ ਹੰਢਾਉਂਦੀ ਹੈ, ਸੂਲਾਂ ਦੀ ਸੇਜ ਤੇ ਸੌਂਦੀ ਹੈ ਤੇ ਮਿਹਣੇ ਤਾਹਨੇ ਸੁਣਦੀ ਹੈ। ਕਈ ਵਾਰੀ ਛੱਡ ਦਿੱਤੀ ਜਾਂਦੀ ਹੈ ਤੇ ਕਈ ਵਾਰ ਕੁਟੀ ਮਾਰੀ ਜਾਂਦੀ ਹੈ। ਵਿਗਿਆਨ ਗਵਾਹ ਹੈ ਕਿ ਧੀ ਤੇ ਪੁੱਤਰ ਦੇ ਲਿੰਗ ਦਾ ਫੈਸਲਾ ਮਾਂ ਆਧਾਰਿਤ ਬਿਲਕੁਲ ਨਹੀਂ ਬਾਪ ਆਧਾਰਿਤ ਹੁੰਦੈ ਪਰ ਕਮਜ਼ੋਰ ਸ਼੍ਰੇਣੀ ਸਮਝੀ ਜਾਣ ਕਰਕੇ ਖਾਹਮਖਾਹ

ਨਜ਼ਲਾ ਔਰਤ 'ਤੇ ਹੀ ਗਿਰਦੈ। ਪੁੱਤਰ ਲੋਚਾ ਅਧੀਨ ਕਈ ਵਾਰ ਉਹ ਛੇ ਛੇ ਧੀਆਂ ਜੰਮਣ ਲਈ ਮਜਬੂਰ ਕੀਤੀ ਜਾਂਦੀ ਹੈ। ਕਈ ਵਾਰ ਜਣੇਪੇ ਉਸਦੀ ਜਾਨ ਦਾ ਖੌਅ ਬਣ ਜਾਂਦੇ ਹਨ। ਕੌਮਾਂਤਰੀ ਨਾਰੀ ਦਿਵਸ ਅਜਿਹੀਆਂ ਅਭਾਗੀਆਂ ਲਈ ਕੀ ਸੰਦੇਸ਼ ਲਿਆ ਰਿਹੈ ਕਿਉਂਕਿ ਇਸ ਸੋਚ ਵਿਚ ਤਾਂ ਵੱਡੀਆਂ ਵੱਡੀਆਂ ਮਹਾਰਾਣੀਆਂ ਤੇ ਹੋਰ ਵੱਡੇ ਲੋਕ ਵੀ ਗ੍ਰਸੇ ਪਏ ਹਨ। ਇੰਗਲੈਂਡ ਦੀ ਮਹਾਰਾਣੀ ਦਾ ਕੇਸ ਸਭ ਦੇ ਸਾਹਮਣੇ ਹੈ ਕਿ ਪੁੱਤਰ ਨੂੰ ਬਾਦਸ਼ਾਹ ਬਣਾਉਣ ਦੀ ਲਾਲਸਾ ਵਿਚ ਨੂੰਹ ਨੂੰ ਚਾਹੁੰਦਿਆਂ ਵੀ ਤਲਾਕ ਨਹੀਂ ਦੇਣ ਦਿੱਤਾ ਜਾ ਰਿਹੈ। ਨੁਸਰਤ ਭੁੱਟੋ ਦਾ ਜਾਗਿਆ ਪੁੱਤਰ-ਮੋਹ ਬੇਨਜ਼ੀਰ ਦੀ ਸਭ ਤੋਂ ਵੱਡੀ ਪਰੇਸ਼ਾਨੀ ਬਣ ਗਈ ਹੈ।

ਔਰਤ ਔਰਤ ਦੀ ਦੁਸ਼ਮਣ

ਮਰਦ ਵਲੋਂ ਬਣਾਏ ਸੰਸਕਾਰਾਂ ਵੱਸ ਔਰਤ ਔਰਤ ਦਾ ਵਿਰੋਧ ਕਰਦੀ ਹੈ ਰੂਪ ਚਾਹੇ ਕੋਈ ਵੀ ਧਾਰਨ ਕਰੇ। ਆਪੂੰ ਪ੍ਰੇਮਿਕਾ ਬਣਕੇ ਵਿਚਰੀ ਮਾਂ ਆਪਣੀ ਹੀ ਧੀ ਦਾ ਡੱਟਵਾਂ ਵਿਰੋਧ ਕਰਦੀ ਹੈ। ਆਪਣੀ ਸੌੜੀ ਸੋਚ ਤੇ ਮਾਇਕ ਨਿਰਭਰਤਾ ਕਾਰਨ ਉਹ ਮਰਦ ਦੀ ਗ਼ਲਤ ਹਾਂ ਵਿਚ ਹਾਂ ਮਿਲਾਉਂਦੀ ਹੈ। ਧੀ ਦੇ ਭਰੂਣ ਨੂੰ ਗਲੋਂ ਲਾਹੁਣ ਤੋਂ ਵੀ ਹਿਚਕਚਾਉਂਦੀ ਨਹੀਂ। ਵੇਸਵਾਗਮਨੀ ਵਿਚ ਵੀ ਲੜਕੀਆਂ ਨੂੰ ਫਾਹੁਣ ਲਈ ਔਰਤਾਂ ਹੀ ਮੁੱਖ ਭੂਮਿਕਾ ਨਿਭਾਉਂਦੀਆਂ ਹਨ। ਮੰਡੀ ਦੀ ਵਸਤ ਬਣਨ ਅਤੇ ਫੈਸ਼ਨ ਦੀ ਦਿਲਦਾਦਾ ਬਣਨ ਵਿਚ ਵੀ ਔਰਤ ਬੇਕਸੂਰ ਨਹੀਂ ਕਹੀ ਜਾ ਸਕਦੀ।

ਦਾਜ ਦੀ ਵੇਦੀ 'ਤੇ

ਕਿਹੜਾ ਦਿਨ ਹੈ ਜਦੋਂ ਦਾਜ ਖਾਤਿਰ ਮਾਰੀਆਂ ਸਾੜੀਆਂ ਨੂੰਹਾਂ-ਧੀਆਂ ਦੀਆਂ ਭਿਅੰਕਰ ਖਬਰਾਂ ਨਹੀਂ ਛਪਦੀਆਂ ? ਸਰਕਾਰੀ ਅੰਕੜਿਆਂ ਅਨੁਸਾਰ ਹਜ਼ਾਰਾਂ ਲੜਕੀਆਂ ਦਾਜ ਦੇ ਨਾਂ 'ਤੇ ਕੋਹੀਆਂ ਜਾ ਰਹੀਆਂ ਹਨ। ਕੀ ਇਹ ਸਭਿਅਕ ਸਮਾਜ ਲਈ ਡੁੱਬ ਮਰਨ ਵਾਲੀ ਗੱਲ ਨਹੀਂ ? ਮਰਨਾ ਕਿੰਨਾ ਦੁਖਦਾਈ ਹੈ ? ਤੇ ਔਰਤ ਮਰਨ ਲਈ ਉਦੋਂ ਹੀ ਤਿਆਰ ਹੁੰਦੀ ਹੈ ਜਦੋਂ ਜਿਉਣ ਦੇ ਸਾਰੇ ਸਾਧਨ ਤੇ ਬਹਾਨੇ ਮੁੱਕ ਜਾਣ। ਰਿਸ਼ਵਤਖੋਰ ਢਾਂਚੇ ਵਿਚ ਦੇ ਲੈ ਕੇ ਕੇਸ ਰਫ਼ਾ ਦਫ਼ਾ ਕਰਵਾਏ ਜਾਂਦੇ ਹਨ। ਮਾਪਿਆਂ ਦੀ ਧੀ ਤੋਰ ਜਾਂਦੀ ਹੈ, ਸਹੁਰਿਆਂ ਦੇ ਕੁਝ ਵਕਫੇ ਬਾਅਦ ਸਭ ਅੱਛਾ ਹੋ ਜਾਂਦੈ। ਸ਼ਰੀਫ ਲੋਕਾਂ ਦੀ ਖੱਜਲ ਖਰਾਬੀ ਜ਼ਰੂਰ ਹੁੰਦੀ ਹੈ। ਪਰ ਫੈਸਲਾ ਡਾਹਢਿਆਂ ਦੇ ਹੀ ਹੱਕ ਵਿਚ ਹੁੰਦੈ। ਇਸ ਵਰ੍ਹੇ ਦੇ ਇਸ ਖ਼ਾਸ ਦਿਨ 'ਤੇ ਇਸ ਕਰੂਰ ਸਮੱਸਿਆ ਸੰਬੰਧੀ ਕੀ ਫ਼ਰਮਾਨ ਹੈ ?

ਚੰਗੇ ਜਿਨ੍ਹਾਂ ਨੇ ਸਿਰਾਂ ਦੇ ਮੋਏ ਵਾਲੀ

ਪੱਛਮੀ ਦੇਸ਼ਾਂ ਦੇ ਉਲਟ ਸਾਡੇ ਪਾਸੇ ਹਾਲੇ ਵੀ ਬਹੁਗਿਣਤੀ ਔਰਤਾਂ ਸਵੈਨਿਰਭਰ ਨਹੀਂ। ਉਹ ਧੇਲੇ ਧੇਲੇ ਲਈ ਮਰਦ ਦੀ ਮੁਥਾਜ ਹੈ। ਇਸੇ ਮੁਥਾਜੀ ਨੇ ਅਨੇਕ ਵੱਡੀਆਂ ਸਮੱਸਿਆਵਾਂ ਨੂੰ ਜਨਮ ਦਿੱਤਾ। ਵਿਧਵਾ ਹੋਈ ਔਰਤ ਦੀਆਂ ਮੁਸ਼ਕਲਾਂ ਦੀ ਕਹਾਣੀ ਹੋਰ ਲਮੇਰੀ ਹੋ ਜਾਂਦੀ ਹੈ। ਰੰਡੀ ਤਾਂ ਰੰਡੇਪਾ ਕੱਟ ਲਵੇ ਪਰ ਮੁਸ਼ਟੰਡੇ ਜਿਉਣ ਨਹੀਂ

ਦਿੰਦੇ ਕੁਰਾਹੇ ਪਾ ਦਿੰਦੇ ਹਨ। ਗ਼ਲਤ ਰਾਹਾਂ ਤੇ ਤੁਰਨ ਲਈ ਬੇਬਸ ਕਰ ਦਿੰਦੇ ਹਨ। ਪਿਛਲਾ ਦਹਾਕਾ ਪੰਜਾਬ 'ਤੇ ਕਹਿਰੀ ਹਵਾਵਾਂ ਝੁਲੀਆਂ। ਹਜ਼ਾਰਾਂ ਔਰਤਾਂ ਵਿਧਵਾ ਬਣਾ ਦਿੱਤੀਆਂ ਗਈਆਂ — ਕਿਤੇ ਖਾੜਕੂਆਂ ਤੇ ਕਿਤੇ ਪੁਲਿਸ ਨੇ। ਦੋਵੇਂ ਵੱਨੇ ਕੁੜਿਕੀ ਵਿਚ ਨਾਰੀ ਹੀ ਫਸੀ। ਮੁਸੀਬਤਾਂ ਦੇ ਪਹਾੜ ਜਰਨ ਲਈ, ਮਾਸੂਮਾਂ ਦੀਆਂ ਆਹਾਂ ਸੁਣਨ ਲਈ। ਮਰਦ ਤਾਂ ਦੂਜਾ ਵਿਆਹ ਰਚਾਉਣੋਂ ਪਲ ਨਾ ਰੁਕੇ, ਪਰ ਔਰਤ ਸਾਰਾ ਸਾਰਾ ਜੀਵਨ ਆਪਣੇ ਬੱਚਿਆਂ ਲਈ ਨਿਛਾਵਰ ਕਰ ਦਿੰਦੀ ਹੈ। ਆਪਣੀਆਂ ਸੱਧਰਾਂ ਨੂੰ ਲਾਂਬੂ ਲਾ ਦਿੰਦੀ ਹੈ। ਤੇਵਾ ਔਰਤਾਂ ਲਈ ਅਜਿਹੇ ਦਿਨਾਂ 'ਤੇ ਵਿਸ਼ੇਸ਼ ਸਕੀਮਾਂ ਚਲਾਉਣ ਦੀ ਸਰਕਾਰੇ, ਦਰਬਾਰੇ ਵੱਡੀ ਜ਼ਿੰਮੇਵਾਰੀ ਹੈ।

ਪਰਿਵਾਰ ਨਿਯੋਜਨ ਅਮਲਾਂ ਲਈ ਬਲਾ ਦਾ ਬੱਕਰਾ

ਚਾਹੇ ਪਰਿਵਾਰ ਨਿਯੋਜਨ ਉਪਰੇਸ਼ਨ ਲਈ ਮਰਦ ਨੂੰ ਘੱਟ ਤਕਲੀਫ ਤੇ ਸਮੇਂ ਵਿਚੋਂ ਗੁਜ਼ਰਨਾ ਪੈਂਦਾ ਹੈ ਪਰ ਬਹੁਤੀਆਂ ਹਾਲਤਾਂ ਵਿਚ ਇਹ ਔਰਤ ਤੇ ਹੀ ਥੋਪਿਆ ਜਾਂਦੇ ਕਿਉਂਕਿ ਔਰਤ ਦੁੱਖਾਂ ਤਕਲੀਫਾਂ ਜਰਨ ਵਾਸਤੇ ਹੀ ਪੈਦਾ ਹੋਈ ਸਮਝੀ ਜਾਂਦੀ ਹੈ। ਜਣੇਪਿਆਂ ਦੇ ਕਸ਼ਟ ਝੱਲਦਿਆਂ ਜੇ ਉਹ ਸੀਅ ਨਹੀਂ ਕਰਦੀ ਤਾਂ ਅਜਿਹੇ ਮੌਕੇ ਉਹ ਕਿਉਂ ਚੂੰ ਕਰੇਗੀ ? ਇਹ ਸਾਡੀ ਮਰਦਾਨਗੀ ਸੋਚ ਹੈ ਜਿਸਨੂੰ ਫੌਰੀ ਬਦਲਣ ਦੀ ਲੋੜ ਹੈ।

ਨਾਰੀ ਵਿਦਿਆ ਦੀ ਲੋੜ

ਭਾਰਤ ਪਿੰਡਾਂ ਦਾ ਦੇਸ਼ ਹੈ। ਹਾਲੇ ਵੀ ਇਸ ਦੀ ਅੱਸੀ ਪ੍ਰਤੀਸ਼ਤ ਤੋਂ ਵਧੇਰੇ ਵੱਸੋਂ ਅਨਪੜ੍ਹਤਾ ਦੀ ਜਹਾਲਤ ਵਿਚ ਫਸੀ ਹੋਈ ਹੈ। ਅਜੇ ਵੀ ਲੜਕੀਆਂ ਨੂੰ ਜ਼ਿਆਦਾ ਕਰਕੇ ਗੋਹੇ ਕੂੜੇ, ਪੱਠੇ ਦੱਥੇ ਜਾਂ ਫਿਰ ਸਿਉਣ ਪਰੋਣ ਤਕ ਸੀਮਤ ਰੱਖਿਆ ਜਾਂਦਾ ਹੈ। ਪਿੰਡਾਂ ਵਿਚ ਨਾਰੀ ਵਿਦਿਆ ਪ੍ਰਤਿ ਉਹ ਜਾਗਰੂਕਤਾ ਹਾਲੇ ਵੀ ਨਹੀਂ ਆ ਸਕੀ ਜੋ ਆਜ਼ਾਦੀ ਦੀ ਅੱਧੀ ਸਦੀ ਉਪਰੰਤ ਆਉਣੀ ਲਾਜ਼ਮੀ ਸੀ। ਪਿੰਡ ਕੀ ਸ਼ਹਿਰਾਂ ਦੀ ਹਾਲਤ ਵੀ ਸਰਾਹਨਾਯੋਗ ਨਹੀਂ। ਲੜਕੇ ਦੇ ਮੁਕਾਬਲੇ ਹਾਲੇ ਵੀ ਅਸੀਂ ਲੜਕੀ ਨੂੰ ਪੜ੍ਹਾਉਣਾ ਪੈਸੇ ਦੀ ਬਰਬਾਦੀ ਸਮਝਦੇ ਹਾਂ। ਕਿਉਂਕਿ ਦਾਜ ਦੀ ਵਿਕਰਾਲਤਾ ਕਾਰਨ ਮਾਪੇ ਪੜ੍ਹਾਈ ਤੇ ਪੈਸੇ ਖਰਚਣ ਨਾਲੋਂ ਦਾਜ ਜੁਟਾਉਣਾ ਬਿਹਤਰ ਸਮਝਦੇ ਹਨ। ਅਗਿਆਨਤਾ ਤੇ ਅਵਿਦਿਆ ਵੱਸ ਮਾਵਾਂ ਧੀਆਂ ਨੂੰ ਪੁੱਤਰਾਂ ਨਾਲੋਂ ਘਟੀਆਂ ਸਮਝਦੀਆਂ ਹੋਈਆਂ ਪੈਰ ਪੈਰ ਤੇ ਵਿਤਕਰਾ ਕਰਦੀਆਂ ਹਨ। ਪਰ ਕੀ ਬੱਚੀਆਂ ਰੂੜੀਆਂ ਉਠਾਉਣ ਜੋਗੀਆਂ ਹੀ ਹਨ ? ਸਾਰੀ ਉਮਰ ਟੋਕਰੀਆਂ ਢੋਣ ਲਈ ? ਪਿਤਾ, ਪਤੀ ਤੇ ਪੁੱਤਰਾਂ ਦੀ ਨਜ਼ਰਬੰਦੀ ਲਈ ? ਅੱਜ ਦੇ ਦਿਨ ਅਜਿਹੀ ਵਿਚਾਰ ਚਰਚਾ ਬੇਹੱਦ ਲਾਜ਼ਮੀ ਹੈ।

ਕਈ ਡੋਬੇ ਘਰ ਸ਼ਰਾਬੀਆਂ ਨੇ

ਸ਼ਰਾਬੀ ਕਬਾਬੀ ਪਤੀ ਨੂੰ ਹੋੜਦੀ ਮੋੜਦੀ ਬੀਵੀ ਉਹਦੇ ਟੱਬੇ ਖਾਂਦੀ, ਡੰਡੇ ਖਾਂਦੀ ਕਈ ਵਾਰ ਫੁੱਲਾਂ ਜਿਹੇ ਬੱਚਿਆਂ ਸਾਹਮਣੇ ਦਮ ਤੋੜ ਜਾਂਦੀ ਹੈ। ਸ਼ਰਾਬ ਨੇ ਕਈ ਘਰ ਡੋਬੇ ਹਨ। ਨਸ਼ਿਆਂ ਨੇ ਮਹਿੰਗਾਈ ਦੇ ਯੁਗ ਵਿਚ ਗ੍ਰਿਹਣੀ ਦਾ ਰਹਿੰਦਾ ਵੀ

ਲੱਕ ਤੋੜ ਦਿੱਤੇ ਕਿਉਂਕਿ ਨਸ਼ਈ ਨੂੰ ਤਾਂ ਨਸ਼ੇ ਲੋੜੀਂਦੇ ਹਨ ਚਾਹੇ ਘਰ ਦੇ ਭਾਂਡੇ ਤੇ ਬੀਵੀ ਗਹਿਣੇ ਧਰੇ ਜਾਣ। ਕੀ ਕੌਮਾਂਤਰੀ ਨਾਰੀ ਦਿਵਸ ਅਜਿਹੀਆਂ ਦੁਖਿਆਰੀਆਂ ਲਈ ਆਸ ਦੀ ਕੋਈ ਕਿਰਨ ਵਿਖਾ ਸਕੇਗਾ ?

ਨਾਰੀ ਦੇ ਦੁੱਖਾਂ ਦੀ ਕਹਾਣੀ ਦੁੱਖਾਂ ਨਾਲੋਂ ਵੀ ਲੰਮੀ ਹੈ। ਇਸ ਕੌਮਾਂਤਰੀ ਨਾਰੀ ਦਿਹਾੜੇ 'ਤੇ ਆਓ ਅੱਜ ਇਸ ਪੀੜਾਂ ਮਾਰੀ ਦੀ ਪੀੜ ਨੂੰ ਸਮਝਣ ਦਾ ਕੋਈ ਚਾਰਾ ਕਰੀਏ। ਇਸ ਨੂੰ 'ਅਰਧ ਸ਼ਰੀਰੀ' ਨਹੀਂ ਪੂਰਨ ਵਿਅਕਤੀ ਸਮਝਣ ਤੇ ਸਵੀਕਾਰਨ ਦਾ ਪ੍ਰਣ ਕਰੀਏ। ਐ ਮਰਦ ਸਾਥੀਓ, ਇਸ ਸਮਾਜ ਰੂਪੀ ਗੱਡੀ ਦੇ ਰਥਵਾਨੋ ! ਇਸਦੀਆਂ ਸੰਭਾਵਨਾਵਾਂ ਨੂੰ ਪਹਿਚਾਣੋ। ਇਸ ਨੂੰ ਆਪਣੇ ਕਦਮਾਂ ਨਾਲ ਕਦਮ ਮੇਲਣ ਲਈ ਅਵਸਰ ਪ੍ਰਦਾਨੋ। ਇਸ ਮਮਤਾਮਾਰੀ ਦੀਆਂ ਕਮਜ਼ੋਰੀਆਂ ਦਾ ਨਾਜਾਇਜ਼ ਫ਼ਾਇਦਾ ਨਾ ਉਠਾਵੋ। ਇਸਨੂੰ ਮਹਿਜ ਚੰਮ ਦੀ ਗੁੱਡੀ ਨਾ ਸਮਝੋ। ਇਸ ਦੀ ਆਤਮਾ ਨੂੰ ਜਾਣੋ। ਗੁਰਬਖ਼ਸ਼ ਸਿੰਘ ਅਨੁਸਾਰ ਇਸਤਰੀ ਦਾ ਆਦਰ ਕਿਸੇ ਕੌਮ ਦੇ ਸੱਭਿਆਚਾਰ ਦਾ ਨਾਪ ਹੁੰਦਾ ਹੈ। ਆਓ, ਆਪਾਂ ਕੌਮ ਦੇ ਸੱਭਿਆਚਾਰ ਨੂੰ ਪਹਿਚਾਨਣ ਦਾ ਜਤਨ ਕਰੀਏ।



ਤਾਰਿਆਂ ਨੂੰ ਤੋੜ ਕੇ ਜ਼ੁਲਫ਼ਾਂ 'ਚ ਟੰਗਣ ਵਾਲਿਓ

ਦੇਵੀ-ਪੂਜ ਇਸ ਧਰਤੀ 'ਤੇ ਜਦੋਂ ਵੀ ਵਹਿਸ਼ਤ ਦਾ ਨੰਗਾ ਨਾਚ ਨੱਚਿਆ ਜਾਂਦਾ ਹੈ ਹਰ ਸੁਹਿਰਦ ਤੇ ਸੰਵੇਦਨਸ਼ੀਲ ਪ੍ਰਾਣੀ ਤੜਪ ਉੱਠਦੈ। ਕੰਜਕ-ਪੂਜਕ ਇਸ ਦੇਸ਼ ਵਿਚ ਜਦੋਂ ਵੀ ਹੈਵਾਨੀਅਤ ਦਾ ਬੋਲ ਬਾਲਾ ਹੁੰਦੈ ਹਰ ਨਾਰੀ-ਸ਼ੁੱਭਚਿੰਤਕ ਦੀ ਰੂਹ ਕੰਬ ਜਾਂਦੀ ਹੈ। ਦੁਰਗਾ-ਪੂਜਕ ਹਿੰਦਵਾਸੀਆਂ ਵਲੋਂ ਜਦੋਂ ਵੀ ਮਾਸੂਮ ਕਲੀਆਂ ਦੀ ਹਯਾ ਰੋਲੀ ਜਾਂਦੀ ਹੈ ਜ਼ਿਮੀਂ ਅਸਮਾਨ ਕੰਬ ਉੱਠਦੇ ਹਨ। ਸੀਤਾ ਮਾਤਾ ਦੀ ਇਸ ਪਾਵਨ-ਭੂਮੀ 'ਤੇ ਜਦੋਂ ਵੀ ਸ਼ਰੇ-ਬਾਜ਼ਾਰ ਨਾਰੀਤਵ ਮਧੋਲਿਆ ਜਾਂਦੈ ਹਰ ਪ੍ਰਭੂ-ਨਾਮ ਲੇਵਾ ਮਰਨਹਾਕਾ ਹੋ ਜਾਂਦੈ ਅਤੇ ਰਿਸ਼ੀਆਂ ਮੁਨਿਆਂ ਤੇ ਪੀਰਾਂ ਪੈਗੰਬਰਾਂ ਦੀ ਵਰੋਸਾਈ ਭਾਰਤ-ਭੂਮੀ ਵਿਚ ਜਿਦਣ ਵੀ ਇਸਤਰੀਤਵ ਦਾ ਜਨਾਜ਼ਾ ਨਿਕਲਦੈ, ਇਸ ਦੀ ਸਭਿਅਤਾ ਅਤੇ ਸਭਿਆਚਾਰ ਖ਼ੁਦ-ਬ-ਖ਼ੁਦ ਦਾਗੋ ਦਾਗ਼ ਹੋ ਜਾਂਦੀ ਹੈ।

ਨਾਰੀਤਵ 'ਤੇ ਹੱਲਾ

ਵਿਚਾਰ ਖੰਡ ਵਿਚ ਪ੍ਰਵਿਸ਼ਟ ਹੁੰਦਿਆਂ ਆਪ ਮੁਹਾਰੇ ਇਹ ਗੱਲ ਜ਼ਿਹਨ ਵਿਚ ਉੱਭਰਦੀ ਹੈ ਕਿ ਨਾਰੀਤਵ 'ਤੇ ਇਹ ਹੱਲੇ ਕੇਵਲ ਅਜੋਕੇ ਸਮੇਂ ਦਾ ਹੀ ਵਰਤਾਰਾ ਨਹੀਂ। ਬਹੁਤ ਪਿਛਾਂਹ ਨਾ ਵੀ ਵੇਖੀਏ, ਤਾਂ ਵੀ ਬਾਬਰਬਾਣੀ ਕੁਝ ਸਪੱਸ਼ਟਿਆ ਦਿੰਦੀ ਹੈ:

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ।
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ।
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ....।

ਕੌਮੀ ਹੀ ਨਹੀਂ ਕੌਮਾਂਤਰੀ ਪੱਧਰ ਤੱਕ ਝਾਤ ਮਾਰਿਆਂ ਸਥਿਤੀ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਵਧੇਰੇ ਨਾਰੀ ਅਜੇ ਵੀ ਇਕ ਚੀਜ਼ (ਤੂੰ ਚੀਜ਼ ਬੜੀ ਹੈ ਮਸਤ ਮਸਤ) ਸਮਝੀ ਜਾ ਰਹੀ ਹੈ। ਮਹਿਜ਼ ਵਰਤਣ ਦੀ ਸ਼ੈਅ। ਆਤਮ-ਵਿਹੂਣਾ ਵਜੂਦ। ਮੰਡੀ ਦਾ ਇਕ ਇਸ਼ਤਿਹਾਰ। ਮਰਦ ਦੀ ਅੱਯਾਸ਼ੀ ਦਾ ਸਾਮਾਨ। ਉਹਦੀ ਖ਼ੁਸ਼ਨੂਦੀ ਦੀ

ਸਾਮੱਗਰੀ। ਉਹਦੇ ਮਨੋਰੰਜਨ ਦੀ ਵਸਤੂ। ਆਦਮੀ ਨੂੰ ਰਿਝਾਉਣ ਵਾਲਾ ਪਹਿਲਾ ਤੇ ਅੰਤਿਮ ਸਾਜ਼-ਸਾਮਾਨ।

ਕਦੇ ਬੋਸਨੀਆਂ ਦੀਆਂ ਖ਼ਬਰਾਂ ਛਪਦੀਆਂ ਹਨ ਅਤੇ ਕਦੇ ਇਰਾਕ ਦੀਆਂ। ਕਦੇ ਅਮਰੀਕਾ ਦੀਆਂ ਤੇ ਕਦੇ ਰੂਸ ਦੀਆਂ। ਕਦੇ ਅਫਰੀਕਾ ਦੀਆਂ ਤੇ ਕਦੇ ਥਾਈਲੈਂਡ ਦੀਆਂ। ਮੂਲ ਮੁੱਦਾ ਨਾਰੀਤਵ ਦੀ ਲੁੱਟ ਖਸੁੱਟ ਹੀ ਹੁੰਦੈ। ਮੁੱਖ ਵਿਸ਼ਾ ਬਲਾਤਕਾਰੀ ਘਟਨਾਵਾਂ ਹੀ ਹੁੰਦੀਆਂ ਹੈਨ। ਅਸਲ ਸਮੱਸਿਆ ਅਣਚਾਹੇ ਗਰਭ ਅਤੇ ਗਰਭਪਾਤ ਹੀ ਹੁੰਦੀ ਹੈ। ਹਕੀਕਤ ਨਾਰੀ ਸ਼ੋਸ਼ਣ ਹੀ ਹੈ ਭਾਵੇਂ ਭੂਖੰਡ ਕੋਈ ਹੋਵੇ। ਪਹਿਲਾ ਤੇ ਆਖ਼ਰੀ ਹੱਲਾ ਨਾਰੀਤਵ 'ਤੇ ਹੀ ਹੁੰਦੈ ਭਾਵੇਂ ਯੁੱਧ ਭੂਮੀ ਇਰਾਕੀ ਹੈ ਜਾਂ ਬੋਸਨੀਆਈ।

ਇੱਕੀਵੀ ਸਦੀ ਦੀ ਨਾਰੀ

ਇੱਕੀਵੀਂ ਸਦੀ ਦੀ ਦਹਿਲੀਜ਼ 'ਤੇ ਖੜ੍ਹੀ ਔਰਤ ਦਾ ਪੈਂਡਾ ਬੜਾ ਦੁਸ਼ਵਾਰ ਹੈ। ਇਕ ਪਾਸੇ ਮਰਦ ਅਜਾਰੇਦਾਰੀ ਨੂੰ ਢਹਿ ਢੇਰੀ ਕਰਨ ਲਈ ਉਸਨੇ ਲਾਮਬੰਦ ਹੋਣੈ ਅਤੇ ਦੂਜੇ ਪਾਸੇ ਪ੍ਰਚਲਿਤ ਧਾਰਨਾਵਾਂ, ਵਰਤਮਾਨ ਰੁਚੀਆਂ ਅਤੇ ਖਰੋਤਮੁਖੀ ਸੰਸਕਾਰਾਂ ਨਾਲ ਟੱਕਰ ਲੈਣੀ ਹੈ। ਔਰਤ ਦੀ ਔਰਤ ਵਿਰੋਧੀ ਸੋਚ ਵੀ ਉਹਦਾ ਰਾਹ ਰੋਕੀ ਖੜ੍ਹੀ ਹੈ ਭਾਵੇਂ ਪਿਛੋਕੜ ਵਿਚ ਦੂਰ ਕਿਤੇ, ਕਿਸੇ ਨਾ ਕਿਸੇ ਰੂਪ ਵਿਚ, ਮਰਦ ਹੀ ਛੁਪਿਆ ਬੈਠੈ। ਔਰਤ-ਚੇਤਨਾ, ਨਿਰਸੰਦੇਹ, ਵਕਤ ਦੀ ਪੁਕਾਰ ਹੈ ਕਿਉਂਕਿ ਆਗਾਮੀ ਵਰ੍ਹਿਆਂ ਵਿਚ ਆਪਣੀਆਂ ਸੰਭਾਵਨਾਵਾਂ ਅਤੇ ਹੱਕਾਂ ਪ੍ਰਤਿ ਕਿਸੇ ਤਰ੍ਹਾਂ ਦੀ ਵੀ ਲਾਪ੍ਰਵਾਹੀ ਉਸਨੂੰ ਰਸਾਤਲ ਦੀ ਹਨੇਰੀ ਖੱਡ ਵੱਲ ਧਕੇਲ ਸੁਟੇਗੀ। ਨਤੀਜਾ ! ਖੋਹਾ ਖਿੰਝੀ, ਏਡਜ਼ ਦੀ ਮਹਾਂਮਾਰੀ, ਲੜਕੀ-ਭਰੂਣਾਂ ਦੀ ਹੱਤਿਆ ਅਤੇ ਬਾਲ ਵੇਸਵਾਪਨ।

ਸਰਬਗੁਣ ਸੰਪੰਨਤਾ

ਨਾਰੀ ਸਰਬਗੁਣ ਸੰਪੰਨ ਹੈ। ਹਰ ਕ੍ਰਿਸ਼ਮਾ ਕਰਨ ਦੇ ਸਮਰੱਥ। ਹਰ ਵੰਗਾਰ ਨਾਲ ਮੱਥਾ ਲਾਉਣ ਦੇ ਯੋਗ ਹੈ। ਹਰ ਹੋਣੀ ਨਾਲ ਦੋ ਹੱਥ ਕਰਨ 'ਚ ਨਿਪੁੰਨ। ਪੁਲਾੜਾਂ 'ਚ ਸਾਥ ਨਿਭਾਉਣ ਵਾਲੀ। ਬਰਫ਼-ਧਰਤੀਆਂ ਤੇ ਪ੍ਰਯੋਗ ਕਰਨ ਵਾਲੀ। ਹਵਾਈ ਉਡਾਨਾਂ ਉਡਾਉਣ ਵਾਲੀ। ਸਾਗਰਾਂ ਦੀ ਹਿੱਕ ਚੀਰਨ ਵਾਲੀ। ਪਹਾੜਾਂ ਨੂੰ ਸਰ ਕਰਨ ਵਾਲੀ। ਜੰਗਲਾਂ ਨੂੰ ਗਾਹੁਣ ਵਾਲੀ। ਬੀਆਬਾਨਾਂ ਨੂੰ ਹਰਿਆਵਲਾ ਕਰਨ ਵਾਲੀ। ਫ਼ਿਲਮਾਂ ਨੂੰ ਜੀਵੰਤ ਕਰਨ ਵਾਲੀ। ਦਰਸ਼ਕਾਂ ਨੂੰ ਲੋਟਪੋਟ ਕਰਨ ਵਾਲੀ। ਫ਼ਨ ਦੀ ਦੁਨੀਆਂ ਵਿਚ ਤਹਿਲਕਾ ਮਚਾਉਣ ਵਾਲੀ। ਸਾਹਿਤ ਦੀ ਦੁਨੀਆ ਵਿਚ ਅਮਰਤਾ ਪ੍ਰਾਪਤ ਕਰਨ ਵਾਲੀ। ਗੱਲ ਕੀ ਹਰ ਮੈਦਾਨ ਅਣਹੋਣੀਆਂ ਨੂੰ ਹੋਣੀਆਂ ਵਿਚ ਬਦਲਣ ਲਈ ਤਤਪਰ। ਘਰ-ਗ੍ਰਿਹਸਥੀ ਦੇ ਨਾਲ ਨਾਲ ਮਰਦ-ਮੋਢੇ ਨਾਲ ਹਰ ਪਹਿਲੂ ਤੇ ਜੁੜ ਕੇ ਚੱਲਣ ਲਈ ਜਤਨਸ਼ੀਲ।

ਮੈਂ ਨਾ ਮਾਨੂੰ

ਔਰਤ ਦੀਆਂ ਫ਼ਖ਼ਰਯੋਗ, ਜ਼ਿਕਰਯੋਗ ਅਤੇ ਸ਼ਲਾਘਾਯੋਗ ਉਪਲਬਧੀਆਂ ਦੇ ਬਾਵਜੂਦ

ਅਜੇ ਵੀ ਮਰਦ ਸੰਸਾਰ ਵਿਚ 'ਮੈਂ ਨਾ ਮਾਨੂੰ' ਵਾਲੀ ਮੁਹਾਰਨੀ ਪੜ੍ਹੀ ਜਾ ਰਹੀ ਹੈ। ਉਹਦੀਆਂ ਪ੍ਰਾਪਤੀਆਂ 'ਤੇ ਸ਼ੰਕੇ-ਸੰਸੇ ਕੀਤੇ ਜਾਂਦੇ ਹਨ ਅਤੇ ਉਹਦੀ ਗੁੱਤ ਪਿਛੇ ਮੱਤ ਵਾਲਾ ਮੁਹਾਵਰਾ ਵਰਤਿਆ ਜਾਂਦੈ। ਉਹਦੀਆਂ ਬੇਵੱਸੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਜਾਂਦੈ। ਉਹਦੀਆਂ ਲਾਚਾਰੀਆਂ ਨੂੰ ਮਰਦਊਪੁਣੇ ਦੀ ਸ਼ਾਨ। ਉਹਦੇ ਤਰੀਮਤਪਣ ਨੂੰ ਆਪਣੀ ਝੂਠੀ ਚੋਧਰ ਦਾ ਚਿੰਨ੍ਹ। ਕਦੇ ਇਹ ਤਸਲੀਮਾ ਦੇ ਰੂਪ ਵਿਚ ਦਿਸਦੈ ਤੇ ਕਦੇ ਫੂਲਾਂ ਦੇਵੀ ਦੇ ਰੂਪ ਵਿਚ। ਕਦੇ ਇਹ ਜੇਬਕਤਰੀਆਂ ਬਣਾ ਮਮਤਾ ਰੋਲਦਿਆਂ ਅਤੇ ਕਦੇ ਅਮੀਨਾ ਤੇ ਹਸੀਨਾ (ਹੈਦਰਾਬਾਦੀ ਕੁੜੀਆ) ਰਾਹੀਂ ਧੀਆਂ ਵੇਚਦਿਆਂ। ਕਦੇ ਇਹ ਕੇਤੀਆ-ਕਾਂਡ ਬਣਕੇ ਜੱਗ ਹਸਾਈ ਕਰਵਾਉਂਦੈ ਤੇ ਕਦੇ ਅਸਟਰੇਲੀਅਨ ਯੁਵਤੀ ਗਬਰੀਲਾ ਦੀ ਖੇਹ ਖ਼ਰਾਬੀ ਕਰਕੇ ਦੱਬਦਿਆਂ। ਇਸ ਮੌਕੇ ਮੈਨੂੰ ਜ਼ਿਹਨ ਵਿਚ ਪਏ ਇਹ ਬੋਲ ਟੁੰਬਦੇ ਹਨ:—

ਖਵਰੇ ਬੇਹੋਸ਼ੀ ਵਿਚ
ਕੀ ਕੀ ਵਾਰਤਾ ਬੋਲੀ ਗਈ।
ਅੱਜ ਦੇ ਇਨਸਾਨ ਦੀ
ਜੀਵਨ ਕਥਾ ਫੋਲੀ ਗਈ।
ਮੰਜ਼ਿਲ ਇਸ਼ਕ ਦੀ ਸਮਝ ਕੇ ਕਵੀਆਂ ਨੇ ਲਿਖ ਲਏ ਗੀਤ।
ਜਦ ਕਦੀ ਮਾਸੂਮ ਕਲੀਆਂ ਦੀ
ਹਯਾ ਰੋਲੀ ਗਈ।
ਤਾਰਿਆਂ ਨੂੰ ਤੋੜ ਕੇ
ਜ਼ੁਲਫ਼ਾਂ 'ਚ ਟੰਗਣ ਵਾਲਿਓ,
ਜ਼ੁਲਫ਼ ਕਿਸੇ ਮੁਟਿਆਰ ਦੀ
ਬਾਜ਼ਾਰ 'ਚ ਖੋਲ੍ਹੀ ਗਈ।
ਅਹੁ ਕੋਈ ਪੂੰਜੀਪਤੀ ਬੁੱਢੜਾ
ਵਿਆਹਿਆ ਜਾ ਰਿਹੈ।
ਅਹੁ ਕਿਸੇ ਸ਼ਮਸ਼ਾਨ ਵਲ
ਮੁਟਿਆਰ ਦੀ ਡੋਲੀ ਗਈ।

ਮਰਦਾਨਗੀ ?

ਕੀ ਮਰਦਾਨਗੀ ਤਕੜੇ ਡੀਲ ਡੋਲ, ਤਾਕਤਵਰ ਜੁੱਸੇ ਅਤੇ ਵੱਧ ਜਾਨ ਵਾਲੇ ਸਰੀਰ ਨੂੰ ਕਿਹਾ ਜਾ ਸਕਦੈ ? ਕੀ ਮਰਦਾਨਗੀ ਵਧੇਰੇ ਜਿਸਮਾਨੀ ਸ਼ਕਤੀ ਨੂੰ ਆਖਿਆ ਜਾ ਸਕਦੈ ? ਕੀ ਮਰਦਾਨਗੀ ਜ਼ੋਰ ਜਬਰੀਪਨ ਨੂੰ ਕਿਹਾ ਜਾ ਸਕਦੈ ? ਕੀ ਮਰਦਊਪਨ ਦੇ ਅਰਥ ਨਾਰੀ ਸ਼ੋਸ਼ਣ ਹੀ ਹਨ ? ਜੀ ਹਾਂ ! ਸਾਡੀ ਜਾਚੇ, ਅਜੋਕੇ ਸਮਿਆਂ ਵਿਚ ਇਸ ਪਦ ਦਾ ਅਰਥ ਪਰਿਵਰਤਨ ਹੋ ਗਿਆ ਹੈ ਕਿਉਂਕਿ ਕੋਈ ਵੀ ਜ਼ਹੀਨ ਮਹੀਨ, ਪੜ੍ਹੀ ਅਨਪੜ੍ਹ, ਬਾਲਗ ਨਾਬਾਲਗ, ਪ੍ਰਬੁੱਧ-ਦੁਰਬੁੱਧ ਅਤੇ ਬੱਚੀ ਬੁੱਢੀ ਹੁਣਵੇਂ ਸਮੇਂ

ਵਿਚ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੀ। ਉਹ ਮਰਦ ਦੀ ਹਵਸ ਤੋਂ ਆਤੰਕਿਤ ਹੈ। ਆਦਮੀ ਦੇ ਕੱਟੜਪਨ ਤੋਂ ਭੈਭੀਤ। ਉਹਦੀ ਬਲਾਤਕਾਰੀ ਰੁਚੀ ਤੋਂ ਤ੍ਰਾਹੁੰਦੀ। ਅੱਜ ਵੀ ਇਕੱਲੀ ਤੁਰਨੋਂ ਨਾਬਰ। ਮੰਡੀ ਦੀ ਹੀ ਬਣਾ ਦਿੱਤੀ ਇਕ ਵਸਤੂ। ਸਾਬੁਣ, ਤੇਲ, ਚਾਹਪੱਤੀ ਅਤੇ ਮਸਾਲਿਆਂ ਵਾਂਗ ਵੇਚਣ ਦੀ ਇਕ ਖੁੱਲੀ ਸ਼ੈਅ। ਬਾਜ਼ਾਰ ਦੀ ਇਕ ਆਮ ਚੀਜ਼। ਰੂਹ ਵਿਹੂਣਾ ਇਕ ਜਿਸਮਾਨੀ ਢਾਂਚਾ।

ਹਮਦਰਦਾਂ ਦੀ ਢੂੰਡ

ਸਦੀਆਂ ਪਹਿਲੋਂ ਗੁਰੂ ਨਾਨਕ ਨੇ ਇਹਦੀ ਬੇਹੁਰਮਤੀ ਵੇਖਦਿਆਂ ਇਹਦੇ ਹੱਕ ਵਿਚ ਲਿਖਿਆ ਸੀ:

ਸੋ ਕਿਉਂ ਮੰਦਾ ਆਖੀਐ
ਜਿਤੁ ਜੰਮੈ ਰਾਜਾਨੁ।

ਅਰਥਾਤ ਸਮਾਜ ਦੀ ਸਿਰਜਕ, ਪਾਲਕ ਅਤੇ ਪੋਸ਼ਕ ਔਰਤ ਪ੍ਰਤਿ ਅਜਿਹਾ ਜ਼ਾਲਮਾਨਾ ਰਵੱਈਆ ਕਾਹਦੇ ਲਈ ? ਸਰੀਰਕ ਪੱਖੋਂ ਮਰਦ ਨਾਲੋਂ ਘੱਟ ਤਾਕਤਵਰ ਔਰਤ ਉਂਞ ਉਹਦੇ ਨਾਲੋਂ ਕਿੰਨੀ ਵੱਧ ਸੁਹਿਰਦ, ਸੂਖਮ, ਕੋਮਲ, ਨਿਡਰ, ਤਿਆਗੀ, ਸੂਝਵਾਨ, ਸਮਰਪਿਤ ਅਤੇ ਸੰਜਮੀ ਹੈ, ਇਹ ਸਾਰਾ ਆਲਮ ਜਾਣਦੈ ਭਾਵੇਂ ਇਹਨੂੰ ਪਛਾਣਨ ਪ੍ਰਤਿ ਉਹਦੀ ਕੋਈ ਦਿਲਚਸਪੀ ਨਹੀਂ। ਜੰਮਣ ਤੋਂ ਵੀ ਪਹਿਲੋਂ, ਮਾਂ ਦੇ ਪੇਟ ਤੋਂ ਸ਼ੁਰੂ ਹੋਇਆ ਇਹ ਵਿਤਕਰਾ ਕਿੰਨੇ ਘਿਨਾਉਣੇ ਰੂਪ ਧਾਰਨ ਕਰਦਾ ਉਹਦੇ ਸਿਵੇ ਤੱਕ ਉਹਦਾ ਪਿੱਛਾ ਕਰਦੈ। ਉਹਦੇ ਅੰਦਰੋਂ ਇਕ ਹੂਕ ਨਿਕਲਦੀ ਹੈ, ਇਕ ਆਹ ਜਨਮ ਲੈਂਦੀ ਹੈ ਅਤੇ ਇਕ ਸਿਸਕੀ ਉਭਰਦੀ ਹੈ ਕਿ:

ਜ਼ਖਮੋਂ ਕੀ ਮਹਿਕ ਹੈ ਸੀਨੇ ਮੇਂ
ਦਿਲ ਰੋਤਾ ਹੈ ਮੈਂ ਹੰਸਤੀ ਹੂੰ।
ਤੂੰ ਮਰਦ ਹੈ ਇਸ ਲਿਯੇ ਮਹਿੰਗਾ ਹੈ
ਮੈਂ ਔਰਤ ਇਸ ਲਿਯੇ ਸਸਤੀ ਹੂੰ।

ਵਿਸ਼ਵ ਦੇ ਕੋਨੇ ਕੋਨੇ ਵਿਚ ਚੰਦ ਟਕਿਆਂ ਲਈ ਵਿਕ ਰਹੀਆਂ, ਆਪਣੀ ਹਯਾ ਵੇਚ ਰਹੀਆਂ, ਆਪਣੇ ਆਕਾਵਾਂ ਦੀਆਂ ਤਜੌਰੀਆਂ ਭਰ ਰਹੀਆਂ, ਆਪਣੇ ਜਣਦਿਆਂ ਨੂੰ ਰੋ ਰਹੀਆਂ, ਆਪਣੀਆਂ ਖੁਸ਼ੀਆਂ ਲੁਟਾ ਰਹੀਆਂ ਅਤੇ ਹਰ ਪਲ ਇਕ ਨਵੀਂ ਮੌਤ ਮਰ ਰਹੀਆਂ ਵੇਸ਼ਵਾਵਾਂ ਦੀ ਦਰਦ ਕਹਾਣੀ ਕੌਣ ਜਾਣੇ:

ਹਰ ਸ਼ਾਮ ਕੋ ਦੁਲਹਨ ਸਜਤੀ ਹੂੰ
ਹਰ ਸੁਬ੍ਹਾ ਜਨਾਜ਼ਾ ਹੋਤਾ ਹੈ।
ਮੇਰੇ ਘੁੰਗਰੂ ਸੋਨੇ ਨਹੀਂ ਦੇਤੇ,
ਜਬ ਸਾਰਾ ਆਲਮ ਸੋਤਾ ਹੈ।

ਨਾਰੀ ਨੂੰ ਅੱਜ ਅਜਿਹੇ ਹਮਦਰਦਾਂ ਦੀ ਤਲਾਸ਼ ਹੈ ਜਿਹੜੇ ਉਹਦੀ ਨੀਲਾਮੀ ਰੁਕਵਾ ਸਕਣ, ਉਹਦੀ ਲੱਜਾ ਬਚਾ ਸਕਣ। ਉਹਨੂੰ ਹਮਦਰਦੀ ਦਿਵਾ ਸਕਣ। ਅਤੇ ਉਹਨੂੰ ਉਹਦਾ ਉਚਿਤ ਸਥਾਨ ਦਿਵਾ ਸਕਣ।

ਗਲੋਬਲ ਵਰਤਾਰਾ

ਨਾਰੀ ਦੀ ਹਿਰਦੇਵੇਧਕ ਗਾਥਾ ਕੇਵਲ ਏਸ਼ਿਆਈ ਧਰਤੀਆਂ 'ਤੇ ਹੀ ਨਹੀਂ ਸਗੋਂ ਇਹ ਇਕ ਗਲੋਬਲ ਵਰਤਾਰਾ ਹੈ। ਮੁੱਠੀ ਭਰ ਔਰਤਾਂ ਉੱਚਤਮ ਪਦਵੀਆਂ 'ਤੇ ਪੁੱਜ ਵੀ ਗਈਆਂ ਹਨ ਤਾਂ ਇਸ ਨਾਲ ਸਥਿਤੀ ਵਿਚ ਬਹੁਤੀ ਤਬਦੀਲੀ ਨਹੀਂ ਆ ਜਾਂਦੀ। ਵਿਕਸਿਤ ਤੋਂ ਵਿਕਸਿਤ ਦੇਸ਼ਾਂ ਵਿਚ ਵੀ ਨਾਰੀ-ਮਾਰੂ ਕੰਮ ਹੋ ਰਹੇ ਹਨ। ਸਰੀਰੋਂ ਕੱਪੜੇ ਉਤਾਰ ਕੇ ਜਾਂ ਕੇਵਲ ਗੁਪਤ ਅੰਗਾਂ ਨੂੰ ਕੱਜਣ ਨਾਲ ਔਰਤ-ਸੁਤੰਤਰਤਾ ਨਹੀਂ ਆ ਜਾਂਦੀ। ਜਿਹੋ ਜਿਹੀਆਂ ਕਮੀਨੀਆਂ ਘਟਨਾਵਾਂ ਸਗੋਂ ਵਧੇਰੇ ਵਿਕਸਿਤ ਦੇਸ਼ਾਂ ਵਿਚ ਘਟ ਰਹੀਆਂ ਹਨ ਉਹੋ ਜਿਹੀਆਂ ਦਾ ਕਿਆਸ ਵੀ ਅਸੀਂ ਨਹੀਂ ਕਰ ਸਕਦੇ। ਅੰਦਰਖਾਤੇ ਅਜਿਹਾ ਕੁਝ ਵਾਪਰ ਰਿਹੈ ਜਿਸਨੂੰ ਸੁਣਦਿਆਂ ਰੌਂਗਟੇ ਖੜੇ ਹੋ ਜਾਂਦੇ ਹਨ, ਆਤਮਾ ਝੁਣਝੁਣਾ ਜਾਂਦੀ ਹੈ। ਏਸ਼ਿਆਈ (ਚਾਹੇ ਉਹ ਦੁਨੀਆ ਦੇ ਕਿਸੇ ਕੋਨੇ ਵੱਸਦੇ, ਖਾਂਦੇ, ਪੀਂਦੇ ਤੇ ਹੁਲਾਸਦੇ ਹੋਣ) ਲੋਕਾਂ ਦਾ ਤਾਂ ਬਾਬਾ ਆਦਮ ਹੀ ਨਿਰਾਲਾ ਹੈ। ਅਜੇ ਪਿਛਲੇ ਦਿਨੀਂ ਮਨੀਲਾ ਦੇ ਇਕ ਗਭਰੂ ਨੇ ਆਪਣੀ ਮਾਂ ਨੂੰ ਤੇਜ਼ ਹਥਿਆਰਾਂ ਨਾਲ ਕਤਲ ਕਰਕੇ ਉਸਦਾ ਦਿਲ ਤੇ ਫੇਫੜੇ ਖਾ ਲਏ ਤਾਂ ਜੋ ਉਹ ਕੌਮਿਕ ਕਹਾਣੀਆਂ ਵਿਚਲੇ ਪਾਤਰਾਂ ਵਾਂਗ ਵਧੇਰੇ ਕਾਮੁਕਤਾ ਵਿਖਾ ਸਕੇ। ਸਿੰਘਾਪੁਰੀ ਅੱਬੂ ਤਾਲਿਬ ਵਰਗੇ ਸਾਧਾਰਨ ਸ਼ਹਿਰੀ ਵੀ ਦਸ ਜਿਉਂਦੀਆਂ ਬੀਵੀਆਂ ਰੱਖਣ ਨੂੰ ਅਦਾਲਤੀ ਤੌਰ ਤੇ ਜਾਇਜ਼ ਠਹਿਰਾ ਰਹੇ ਹਨ। ਹਾਂਗਕਾਂਗ ਵੱਸੇ ਪੰਜਾਬੀਆਂ ਦੀ ਲਾਡੋ ਧੀ ਰਾਜਵਿੰਦਰ ਭਾਖੜਾ ਨਹਿਰ ਵਿਚ ਰੋੜ੍ਹੀ ਜਾ ਸਕਦੀ ਹੈ ਤਾਂ ਜੋ ਝੂਠੀ ਸ਼ਾਨੋ-ਸ਼ੌਕਤ ਖ਼ਾਤਿਰ ਉਹ ਪਿਤਾ ਦੀ ਮਰਜ਼ੀ ਵਿਰੁਧ ਵਿਆਹ ਨਾ ਕਰਾ ਸਕੇ। ਪੱਛਮੀ ਦਿੱਲੀ ਦੇ ਇਕ ਕਾਮ ਮੱਤੇ ਨੌਜਵਾਨ ਨੇ ਕ੍ਰੋਧਵਾਨ ਹੋ ਕੇ ਤਿੰਨਾਂ ਭੈਣਾਂ ਨੂੰ ਅੱਗ ਲਾ ਕੇ ਉਦੋਂ ਮਾਰ ਦਿੱਤਾ ਜਦੋਂ ਵੱਡੀ ਨੇ ਉਸ ਨਾਲ ਉਧਲਣਾ ਪ੍ਰਵਾਨ ਨਾ ਕੀਤਾ। ਲੁਧਿਆਣੇ ਦੇ ਹੀ ਇਕ ਕਲਿਯੁਗੀ ਬਾਪ (ਬਾਪ ਕਹਿੰਦਿਆਂ ਜਿਹਨੂੰ ਕਲਮ ਠਠੰਬਰਦੀ ਹੈ) ਨੇ ਆਪਣੀ ਹੀ ਨਾਬਾਲਗ ਧੀ ਨੂੰ ਸ਼ਰਾਬ ਪਿਲਾ ਕੇ ਛੇ ਹੋਰਨਾਂ ਮੁਸ਼ਟੰਡਿਆਂ ਨਾਲ ਮਿਲਕੇ ਉਹਦੀ ਪੱਤ ਲੁੱਟੀ। ਅਸਟਰੇਲੀਅਨ ਯੁਵਤੀ ਗਬਰੀਲ ਗੋਸੀ ਚਲਦੀ ਫਿਰਦੀ ਵੈਨ ਵਿਚ ਯੁਵਕਾਂ... ਵਲੋਂ ਖੇਹ-ਖ਼ਰਾਬਾ ਹੁੰਦੀ ਰਹੀ ਤੇ ਇਹ ਵਾਕਿਆ ਐਨ ਦਿੱਲੀ ਸ਼ਹਿਰ ਦਾ ਹੈ ਤੇ ਅੱਜ ਕੱਲ ਤੂਲ ਫੜ ਚੁੱਕਾ ਕੇਤੀਆ ਕਾਂਡ ! ਹਯਾ ਦਾ ਜਨਾਜ਼ਾ ! ਸੱਚਮੁੱਚ ਪ੍ਰਤਿਸ਼ਠਤਾ ਦੇ ਮੂੰਹ 'ਤੇ ਥੁੱਕਦਾ ਹਾਦਸਾ। ਵੱਡਿਆਂ ਘਰਾਂ ਦੇ ਕਾਕਿਆਂ ਦੀ ਗੁੰਡਾਗਰਦੀ ਦੀ ਪੂਰਨ ਤਸਵੀਰ। ਪੰਜਾਬ ਦੀ ਪਰੰਪਰਿਕ ਮਹਿਮਾਨ ਨਿਮਾਜ਼ੀ 'ਤੇ ਪ੍ਰਸ਼ਨ ਚਿੰਨ੍ਹ ਲਾਉਂਦੀ ਦੁਰਘਟਨਾ। ਸਹੁਰਿਆਂ ਵਲੋਂ ਜਾਲੀਆਂ, ਪਤੀਆਂ ਵਲੋਂ ਦੁਰਕਾਰੀਆਂ ਅਤੇ ਵਿਹਲੜ ਗੁੰਡਿਆਂ ਵਲੋਂ ਸਤਾਈਆਂ ਲੜਕੀਆਂ/ਔਰਤਾਂ ਦੀ ਸੂਚੀ ਦਿਨ-ਬ-ਦਿਨ ਲੰਮੀ ਹੋ ਰਹੀ ਹੈ। ਨੌਕਰੀਆਂ ਦੇ ਝਾਂਸੇ, ਚੰਗੀ ਗੁਜ਼ਰ ਦੇ ਲਾਰੇ ਅਤੇ ਕਈ ਹੋਰ ਲਾਲਚਾਂ ਰਾਹੀਂ ਮਾਸੂਮ ਕੁੜੀਆਂ ਨੂੰ ਬੇਪੱਤ ਕਰਨ ਦੀਆਂ ਘਟਨਾਵਾਂ ਹਰ ਚੜ੍ਹਦੇ ਸੂਰਜ ਵਧ ਰਹੀਆਂ ਹਨ। ਹੈ ਕੋਈ ਅੰਤ ਇਨ੍ਹਾਂ ਦਾ ?

ਅਜੋਕੀ ਔਰਤ

ਅਜੋਕੀ ਔਰਤ ਮਰਦ ਦੀ ਹਰ ਅਜਾਰੇਦਾਰੀ ਵਿਰੁੱਧ ਡੱਟੀ ਹੋਈ ਹੈ। ਮਰਦ ਗੋਚਰਾ ਸਮਝਿਆ ਜਾਂਦਾ ਹਰ ਬਿਖਮ ਕੰਮ ਕਰਨ ਲਈ ਉਹ ਉਤਸੁਕ ਹੈ। ਹਿੰਦੁਸਤਾਨ ਦੇ ਸਭਿਅਕ ਇਤਿਹਾਸ ਦਾ ਇਕ ਹੋਰ ਪੰਨਾ ਚੰਡੀਗੜ੍ਹ ਦੀ ਪਹਿਲੀ ਮਹਿਲਾ ਪਾਇਲਟ ਹਰੀਤਾ ਦਿਓਲ ਇਕੱਲਿਆਂ ਹਵਾਈ ਜਹਾਜ਼ ਉਡਾ ਕੇ ਲਿਖ ਰਹੀ ਹੈ। ਉਹਦੀਆਂ ਸੱਤ ਹੋਰ ਪਾਇਲਟ ਸਾਥਣਾਂ ਛੇਤੀ ਹੀ ਹੁਣ ਤਕ ਆਦਮੀਆਂ ਦਾ ਕਿੱਤਾ ਸਮਝੇ ਜਾਂਦੇ ਉਡਾਨ-ਕਾਰਜ ਵਿਚ ਸ਼ਰੀਕ ਹੋ ਰਹੀਆਂ ਹਨ। ਸ੍ਰੀਲੰਕਾ, ਬੰਗਲਾਦੇਸ਼ ਅਤੇ ਪਾਕਿਸਤਾਨ ਦੀਆਂ ਸਰਬਰਾਹ ਔਰਤਾਂ ਆਪੋ ਆਪਣੀ ਕਾਬਲੀਅਤ ਦਾ ਸਿੱਕਾ ਮੰਨਵਾ ਰਹੀਆਂ ਹਨ ਭਾਵੇਂ ਸ਼ਰਈ ਕਾਇਦੇ ਕਾਨੂੰਨ ਹਾਲੇ ਵੀ ਉਨ੍ਹਾਂ ਦੀ ਸੁਤੰਤਰ ਹਸਤੀ ਦੇ ਵਿਚ ਰੋੜੇ ਅਟਕਾ ਰਹੇ ਹਨ। ਖ਼ਤਰਿਆਂ ਭਰਿਆ, ਹਰ ਕਠਿਨ ਮਾਰਗ, ਅਜੋਕੀ ਔਰਤ ਲਈ ਪ੍ਰਤੱਖ ਵੰਗਾਰ ਹੈ। ਸੀਮਾਵਾਂ ਦੇ ਬਾਵਜੂਦ ਦਾਇਰਿਆਂ ਤੋਂ ਬਾਹਰ ਫੈਲਣ ਦੀ ਲੋਚਾ। ਆਪਣੇ ਅੰਦਰਲੀ ਮਹਾਂਸ਼ਕਤੀ ਨੂੰ ਕਾਰਜਸ਼ੀਲ ਕਰਨ ਦੀ ਚੇਸ਼ਟਾ।

ਬਾਵਜੂਦ ਇਹਦੇ, ਆਮ ਔਰਤ ਇੱਥੇ ਹਾਲੇ ਵੀ ਅਸੁਰੱਖਿਅਤ ਹੈ। ਅੰਮ੍ਰਿਤਾ ਪ੍ਰੀਤਮ ਦੇ ਕਹਿਣ ਮੁਤਾਬਿਕ ਵੀਹ ਹਜ਼ਾਰ ਸਾਲ ਪੁਰਾਣੀ ਸਭਿਅਤਾ ਦੇ ਵਾਰਿਸ ਹੁਣ ਵੀ ਇਕੱਲੀ ਔਰਤ ਨੂੰ ਤੱਕ ਕੇ ਹੜੱਪ ਜਾਣਾ ਚਾਹੁੰਦੇ ਹਨ। ਸਭਿਅਕ ਅਖਵਾਉਂਦੇ ਸਮਾਜ ਦੇ ਵਾਸੀ ਮਰਦ ਨੂੰ ਆਪਣੀ ਸੋਚ, ਦ੍ਰਿਸ਼ਟੀਕੋਣ ਅਤੇ ਵਤੀਰਾ ਬਦਲਣਾ ਹੋਵੇਗਾ ਅਤੇ ਨਾਰੀ ਦਾ ਹਰ ਪੱਖੋਂ ਸਹਿਯੋਗੀ ਹੁੰਦਿਆਂ ਉਸਨੂੰ ਸੰਪੂਰਨ ਮਨੁੱਖ ਸਵੀਕਾਰਨਾ ਹੋਵੇਗਾ।

❑

ਅੰਬਰ ਕਾਲਾ ਕਿਤ ਬਿਧ ਹੋਇਆ ਅਸਾਂ ਦਰਦਮੰਦਾਂ ਦੀਆਂ ਆਹੀਂ

ਅੱਜ ਫਿਰ ਅੱਠ ਮਾਰਚ ਹੈ। ਕੌਮਾਂਤਰੀ ਨਾਰੀ ਦਿਵਸ। ਸਾਲ ਭਰ ਦੇ 365 ਦਿਨਾਂ ਵਿਚੋਂ ਔਰਤਾਂ ਲਈ ਰਾਖਵਾਂ ਰੱਖਿਆ ਇਕੋ-ਇਕ ਦਿਹਾੜਾ। ਖਵਰੇ ਤਾਹੀਓ ਕਿਸੇ ਸਖੀ ਨਾਲ ਟੈਲੀਫੂਨ 'ਤੇ ਮੈਨੂੰ ਗੱਲਾਂ ਕਰਦਿਆਂ ਸੁਣ ਕੇ ਮੇਰਾ ਅੰਞਾਣਾ ਬਾਲ ਪੁਛਦੈ, "ਪਾਪਾ ਦਾ ਦਿਨ ਕਦੋਂ ਆਊ ਮੰਮੀ ?"

"ਸੱਭੇ ਦਿਨ ਪਾਪਾ ਦੇ ਹੀ ਨੇ।" ਮੇਰੇ ਕਾਲਜਿਓ ਇਕ ਹੂਕ ਨਿਕਲਦੀ ਹੈ। ਇਕ ਸਿਸਕੀ ਉੱਭਰਦੀ ਹੈ ਤੇ ਮੈਂ ਅਤੀਤ ਦੀਆਂ ਉਨ੍ਹਾਂ ਉਜਾੜ-ਬੀਆਬਾਨਾਂ ਵਿਚ ਜਾ ਨਿਕਲਦੀ ਹਾਂ, ਜਿੱਥੇ ਚਾਰ ਚੁਫੇਰੇ ਇਕ ਸੰਤਾਪ ਹੈ। ਚੌਗਿਰਦੀ ਇਕ ਸਰਾਪ। ਜਿੱਥੇ ਨਾਰੀ ਦੀਆਂ ਆਹਾਂ ਹਨ ਤੇ ਚੁਪਾਸੀਂ ਪੱਸਰਿਆ ਹੈ ਘੋਰ ਹਨੇਰਾ, ਜ਼ੁਲਮੋ-ਤਸ਼ੱਦਦ ਜ਼ੋਰ-ਜਬਰੀਆਂ ਤੇ ਉਹਦਾ ਖੰਭੜੀ-ਖੰਭੜੀ ਹੋਇਆ ਵਜੂਦ।

ਤੇ ਆਓ ਸਹੀਓ ! ਬੀਤੇ ਦੀ ਦਹਿਲੀਜ਼ ਖੜ੍ਹ ਕੇ ਜ਼ਰਾ ਤੱਕੀਏ ਤਾਂ ਸਹੀ ਕਿ ਪਿਛਲੇ ਵਰ੍ਹੇ ਕਿਹੜਾ ਮਾਂਦਰੀ ਸਾਡੇ ਨਸੀਬਾਂ ਦੇ ਨਾਗ ਲਈ ਕੋਈ ਝਾੜਾ ਕਰ ਗਿਐ। ਕਿਹੜਾ ਧਨੰਤਰ ਸਾਡੇ ਫੁੱਟੇ ਭਾਗਾਂ ਦਾ ਕੋਈ ਦਾਰੂ ਦੇ ਗਿਐ। ਕਿਹੜਾ ਮੰਡੇਲਾ ਦਹਾਕਿਆਂ ਤੋਂ ਸੁਲਾਈ ਸਾਡੀ ਜ਼ਮੀਰ ਨੂੰ ਹਲੂਣ ਗਿਐ ! ਕਿਹੜਾ ਟਿੱਲੇ ਵਾਲਾ ਸਾਡੀ ਰੁੱਸੀ ਤਕਦੀਰ ਲਈ ਕੋਈ ਜੋਗ ਦੇ ਗਿਐ, ਤੇ ਕਿਹੜਾ ਕੋਈ ਮੁਰਸ਼ਦ ਬਣ 'ਏਕ ਜੋਤਿ ਦੋਇ ਮੂਰਤੀ' ਨੂੰ ਪ੍ਰਚਾਰ ਤੇ ਪ੍ਰਸਾਰ ਗਿਐ।

ਮੇਰੇ ਵੱਡ ਪੜ੍ਹਨ ਮੇਜ਼ 'ਤੇ ਇੱਧਰ-ਉਧਰ ਬਿਖਰੀਆਂ ਪਈਆਂ ਹਨ ਬੇਸ਼ੁਮਾਰ ਕਟਿੰਗਜ਼। ਨਾਰੀ-ਖ਼ਬਰਾਂ ਦੇ ਸੱਥਰ। ਨਿੱਤ ਘਟਦੇ ਨਾਰੀ ਦੁਖਾਂਤਾਂ ਦੇ ਜਿਉਂਦੇ ਜਾਗਦੇ ਸਬੂਤ। ਜ਼ਮੀਨ-ਆਸਮਾਨ ਕੰਬਾਉਂਦੇ ਹਾਦਸੇ। ਮਰਦ ਦੀਆਂ ਕਾਲੀਆਂ ਕਰਤੂਤਾਂ ਦੇ ਮੂੰਹ ਬੋਲਦੇ ਕੁਝ ਚਿੱਤਰ। ਮੁੜ-ਮੁੜ ਤੱਕਦੀ ਹਾਂ ਇਨ੍ਹਾਂ ਵੱਨੀਂ। ਮੁੜ-ਮੁੜ ਸੋਚਦੀ ਹਾਂ ਇਨ੍ਹਾਂ ਬਾਰੇ। ਮੁੜ-ਮੁੜ ਵਿਚਾਰਦੀ ਹਾਂ ਇਨ੍ਹਾਂ ਦੀ ਕਰੂਪਤਾ ਨੂੰ। ਮੁੜ-ਮੁੜ ਜਜ਼ਬਾਤੀ ਹੋ ਠਠੰਬਰ ਜਾਂਦੀ ਹਾਂ। ਕਦੇ ਟਾਲਸਟਾਇ ਦੀ ਸਤਾਈ ਬੀਵੀਂ ਸੋਨੀਆ ਮੇਰੇ ਚੇਤਿਆਂ 'ਚ ਦਸਤਕ ਦਿੰਦੀ ਹੈ ਤੇ ਕਦੇ ਸ਼ੇਕਸਪੀਅਰ ਦੀ ਸੁਪਤਨੀ ਐਨੀ। ਕਦੇ 'ਏਹ ਹਮਾਰਾ ਜੀਵਨਾ' ਦੀ ਭਾਨੋ, ਮੇਰੇ ਮਨ-ਮਸਤਕ ਨੂੰ ਕਲਵਲਾਉਂਦੀ ਹੈ ਤੇ ਕਦੇ ਕੁਵੇਲਾ 'ਨਾਵਲ' ਦੀ ਹਾਰੀ-ਹੰਭੀ ਹੀਰਾ ਦੇਵੀ, ਕਿਤੇ ਜਲਾਵਤਨੀ ਹੰਢਾ ਰਹੀ ਤਸਲੀਮਾ ਮੈਨੂੰ ਵੈਣ ਪਾਉਂਦੀ

ਸੁਣਦੀ ਹੈ ਤੇ ਕਿਤੇ ਵਰਜੀਨੀਆ ਵੁਲਫ (ਜਿਹਦੇ ਮਤਰੇਏ ਭਰਾ ਨੇ ਛੇਵੇਂ ਵਰ੍ਹੇ ਉਹਦਾ ਸਤ ਰੋਲਿਆ ਸੀ) ਕਿਧਰੇ ਨੌਵੇਂ ਵਰ੍ਹੇ ਬਲਾਤਕਾਰ ਦਾ ਸ਼ਿਕਾਰ ਹੋਈ ਹੌਲੀਵੁਡ ਅਦਾਕਾਰਾ ਮਾਰਲਿਨ ਮੁਨਰੋ ਮੈਨੂੰ ਆਪਣੀ ਸੰਤਪਿਤ ਗਾਥਾ ਸੁਣਾਉਂਦੀ ਹੈ ਤੇ ਕਿਧਰੇ ਸਾਈਂ ਬਾਬਿਆਂ ਦੇ ਡੇਰਿਆਂ ਤੱਕ ਪੁੱਜ ਕੇ ਆਪਣੇ ਗਵਾਚੇ ਮਹਿਬੂਬ ਦਾ ਪਰਛਾਵਾਂ ਢੂੰਡਦੀ ਅਜੀਤ ਕੌਰ। ਇਥੇ ਵਲੈਤੀ ਲੇਖਕ ਰਣਜੀਤ ਧੀਰ ਦੀ ਗੱਲ ਮੈਨੂੰ ਬੜੀ ਅਰਥਗਰਭਿਤ ਜਾਪਦੀ ਹੈ ਕਿ 'ਜਿਹੜੇ ਕੰਮ ਮਰਦ ਕਰਦੇ ਹਨ, ਉਨ੍ਹਾਂ ਰਾਹੀਂ ਸਮਾਜ ਦੀ ਪ੍ਰੀਭਾਸ਼ਾ ਹੁੰਦੀ ਹੈ। ਸਮਾਜ ਦਾ ਕੰਟਰੋਲ। ਇਹੋ ਕੰਮ ਨੋਟ ਕਰਨ ਵਾਲਾ ਕਾਰਨਾਵੇਂ ਬਣਦੇ ਹਨ। ਔਰਤ ਦਾ ਕੰਮ ਘਰੇਲੂ ਹੈ/ਰਿਹਾ ਹੈ ਨਿਗੂਣਾਂ। ਇਹਦਾ ਮੁੱਲ ਇਤਿਹਾਸ ਵਿਚ ਦਰਜ ਛੋਟੇ-ਛੋਟੇ ਫੁੱਟ ਨੋਟਾਂ ਤੋਂ ਵਧੇਰੇ ਨਹੀਂ।'

ਇਸ ਲਈ, ਇਹ ਇਕ ਕਰੂਰ ਯਥਾਰਥ ਹੈ ਕਿ ਔਰਤ ਚਾਹੇ ਕੁਝ ਵੀ ਹੈ, ਕੁਝ ਵੀ ਬਣ ਰਹੀ ਹੈ, ਕੁਝ ਵੀ ਬਣ ਗਈ ਹੈ, ਉਹਦੀ ਪਹਿਚਾਣ ਹਾਲੇ ਤੱਕ ਮਿਸਿਜ਼ ਫਲਾਣੀ, ਮਿਸਿਜ਼ ਢਿਮਕੀ ਅਤੇ ਸ੍ਰੀਮਤੀ ਅਮਕੀ ਕਾਰਨ ਹੀ ਹੈ। ਉਹ ਚਾਹੇ ਮੁਲਕਾਂ ਦੀ ਸਰਬਰਾਹ ਹੋਵੇ, ਦੇਸ਼ਾਂ ਦੀ ਰੂਹੇ ਰਵਾਂ, ਮੰਤਰੀ, ਵਜ਼ੀਰ, ਅਫਸਰ, ਮਾਲਕਣ ਪ੍ਰੰਤੂ ਉਹਦਾ ਸਥਾਨ ਹਾਲੇ ਤੱਕ ਪ੍ਰਾਥਮਿਕ ਨਹੀਂ ਦੁਜੈਲਾ ਹੈ। ਕਿਤੇ ਨਾ ਕਿਤੇ ਉਹਦੇ ਖ਼ਾਵੰਦ ਦਾ ਕੁੰਡਾ ਉਹਦੇ 'ਤੇ ਹਾਵੀ ਹੈ, ਉਹਦੀ ਅਧੀਨਗੀ ਉਹਨੂੰ ਮੰਨਣੀ ਪੈਂਦੀ ਹੈ ਤੇ ਘਰ ਦੀ ਸ਼ਾਂਤੀ ਬਣਾਈ ਰੱਖਣ ਲਈ ਉਸ ਨੂੰ ਵਾਰ-ਵਾਰ, ਚਾਹੇ-ਅਣਚਾਹੇ ਗ਼ਲਤ ਪ੍ਰਸਥਿਤੀਆਂ ਨਾਲ ਸਮਝੌਤਾ ਕਰਨਾ ਪੈਂਦਾ ਹੈ ਤੇ ਸਬਰ ਦਾ ਘੁੱਟ ਭਰਨਾ ਪੈਂਦਾ ਹੈ। ਕੀ ਦਰੋਪਤੀ, ਕੀ ਸੀਤਾ, ਕੀ ਤਾਰਾਮਤੀ, ਕੀ ਭਾਨੋ ਤੇ ਕੀ ਸੋਨੀਆ ਟਾਲਸਟਾਇ ਸਭਨਾਂ ਦਾ ਅੰਤਮ ਸੱਚ ਇਕ ਹੈ, ਸਭਨਾਂ ਦੀ ਹੋਣੀ ਸਮਾਨ ਹੈ। ਇਹ ਹੋਣੀ ਤਾਂ ਗਿਣੀਆਂ ਚੁਣੀਆਂ ਔਰਤਾਂ ਦੀ ਹੈ, ਹਿਸਾਬ ਲਾਓ ਜੋ ਇਸ ਦੋ ਪ੍ਰਤੀਸ਼ਤ ਗਿਣਤੀ ਵਿਚ ਨਹੀਂ ਆਉਂਦੀਆਂ। ਤੋਬਾ ! ਤੋਬਾ ! ਉਨ੍ਹਾਂ ਦੀ ਹੋਣੀ ! ਇਕ ਨਿੱਕਾਰੀ-ਫਿਟਕਾਰੀ ਵਸਤੂ ਤੋਂ ਵੱਧ ਕਦੇ ਵੀ ਨਹੀਂ। ਉਹ ਅੱਜ ਤੱਕ ਉਹੀ ਹਨ, ਜੋ ਉਨ੍ਹਾਂ ਦੇ ਮਰਦਾਂ ਨੇ ਚਾਹਿਆ। ਉਹ ਉਹੀ ਕੁਝ ਕਰਨ ਲਈ ਬੇਬਸ ਹਨ ਜੋ ਉਨ੍ਹਾਂ ਦੇ ਖ਼ਾਵੰਦ ਲੋਚਦੇ ਹਨ। ਸਚਮੁੱਚ ਹੈਨ ਰੂਹ ਵਿਹੂਣੀਆਂ ਖੋਖਲੀਆਂ ਜਿੰਦਾਂ ! ਆਤਮਵਿਹੂਣੇ ਸੰਤਾਪੇ ਜਿਸਮ। ਜਿਸਮਾਂ ਤੱਕ ਹੀ ਵਜੂਦ ਹੈ ਜਿਨ੍ਹਾਂ ਦਾ ਹੁਣ ਤੱਕ ਜਿਸਮਾਂ ਤੱਕ ਹੀ ਪੁੱਜਤ ਹੈ ਜਿਨ੍ਹਾਂ ਦੀ। ਹਾਂ, ਕਦੇ-ਕਦਾਈਂ ਨਿਰਮਲੇ ਅੰਬਰੀਂ ਬਿਜਲੀ ਦੀ ਲਿਸ਼ਕੋਰ ਪੈ ਜਾਵੇ ਤਾਂ ਗੱਲ ਅਲੱਗ ਹੈ। ਸਹਿਰਾਅ ਵਿਚ ਨਖਲਿਸਤਾਨ ਦੀ ਝਲਕ ਪੈ ਜਾਵੇ ਤਾਂ ਕੋਈ ਰੱਬੀ ਕ੍ਰਿਸ਼ਮਾ ਸਮਝੋ।

'ਛੱਤ' ਦੀ ਢੂੰਡ

ਘਰ ਵਿਚ ਕੰਮ ਲਈ ਸਹਾਇਕ ਵਿਮਲਾ ਦਾ ਚਰੂੰਡਿਆ ਵਜੂਦ ਮੇਰੀ ਰੂਹ ਦਾ ਚੈਨ ਖੋਹ ਲਿਜਾਂਦਾ ਹੈ ਜਦੋਂ ਉਹ ਮੈਨੂੰ ਆਪਣੇ ਮਰਦ ਦੇ ਕਾਮੀ ਤੇ ਸ਼ਰਾਬੀ-ਕਬਾਬੀ ਹੋਣ ਦੀਆਂ ਘਟਨਾਵਾਂ ਸੁਣਾਉਂਦੀ ਹੈ। ਰੋਜ਼ ਪਤੀ ਦੇ ਘੋਟਣੇ ਤੇ ਜੁੱਤੀਆਂ ਖਾ ਕੇ

ਵੀ ਉਹ ਉਸੇ ਮਰਦ ਨਾਲ ਰਹੀ ਤੁਰੀ ਜਾ ਰਹੀ ਹੈ। ਉਹਦੇ ਛੇ ਬੱਚਿਆਂ ਦੀ ਮਰਨ ਕੰਢੇ ਪੁੱਜੀ ਮਾਂ। 'ਤੂੰ ਉਸ ਨੂੰ ਛੱਡ ਕਿਉਂ ਨਹੀਂ ਦਿੰਦੀ, ਵਿਮਲਾ ?'

"ਜਾਵਾਂ ਕਿੱਥੇ ਜੀ ? ਇਥੇ ਛੱਤ ਤਾਂ ਹੈ ਬੀਬੀ ਜੀ। ਛੱਤ ਤੋਂ ਬਿਨਾਂ ਜ਼ਨਾਨੀ ਨੰਗੀ ਹੈ ਜੀ।" ਉਹਦੀ ਇਹ ਗੱਲ ਮੈਨੂੰ ਵਿਚਾਰ-ਸਾਗਰਾਂ ਵਿਚ ਡੋਬ ਜਾਂਦੀ ਹੈ, ਕਿਉਂਕਿ ਵਿਮਲਾ ਅਕਸਰ ਸ਼ਿਕਾਇਤ ਕਰਦੀ ਰਹਿੰਦੀ ਹੈ ਕਿ ਕੁਝ ਬਾਹਰਲੇ ਮਰਦ ਉਸ ਦੀ ਬੇਹੁਰਮਤੀ ਦੀ ਆੜ ਵਿਚ ਉਸ ਨੂੰ ਦਬੋਚਣ ਦੀ ਤਾਕ ਵਿਚ ਰਹਿੰਦੇ ਹਨ। ਕੀ ਕਰੇ ਗ਼ਰੀਬਣੀ ਵਿਮਲਾ ਤੇ ਵਿਮਲਾ ਜਿਹੀਆਂ ਲੱਖਾਂ-ਕਰੋੜਾਂ ਹੋਰ ਔਰਤਾਂ, ਜੋ ਅਣਚਾਹੇ ਬੱਚੇ ਵੀ ਜਣੀ ਜਾ ਰਹੀਆਂ ਹਨ ਤੇ ਸਾਰਾ-ਸਾਰਾ ਦਿਨ ਮਿਹਨਤ-ਮਜ਼ਦੂਰੀ ਕਰਕੇ ਵਿਲਕਦੇ ਮੂੰਹਾਂ 'ਚ ਚੋਗਾ ਵੀ ਪਾਈ ਜਾ ਰਹੀਆਂ ਹਨ। ਔਰਤ ਦੀ ਆਤਮ-ਨਿਰਭਰਤਾ ਤੇ ਔਰਤ-ਆਜ਼ਾਦੀ ਕੁਝ ਮੁੱਠੀ ਭਰ ਔਰਤਾਂ ਤੱਕ ਹੀ ਸੀਮਤ ਹੈ। ਬਹੁਗਿਣਤੀ ਅਜੇ ਤੱਕ ਕੁੰਭੀ ਨਰਕ ਵਿਚ ਗ਼ਲਤਾਨ ਹੈ, ਲੱਕ-ਲੱਕ ਤੱਕ ਧਸੀ ਹੋਈ। ਸਦਾ 'ਛੱਤ' ਦੀ ਢੂੰਡ ਵਿਚ।

ਇਤਿਹਾਸਕ ਪ੍ਰਸੰਗ

ਆਓ, ਇਸ ਯਾਦਗਾਰੀ ਦਿਹਾੜੇ ਵਿਚਾਰੀਏ ਕਿ ਸਾਡੇ ਵੱਡੇ-ਵੱਡੇ ਦਾਰਸ਼ਨਿਕ, ਵਿਚਾਰਵਾਨ, ਚਿੰਤਕ ਤੇ ਪੀਰ-ਪੈਗ਼ੰਬਰ ਕਿਹੋ ਜਿਹਾ ਪੈਗ਼ਾਮ ਦੇ ਕੇ ਗਏ ਹਨ। ਸੁਕਰਾਤ ਜਿਹਾ ਸਾਡਾ ਮਹਾਨ ਚਿੰਤਕ ਕਹਿੰਦੈ, 'ਪ੍ਰਕ੍ਰਿਤੀ ਦੇ ਨਿਯਮਾਂ ਅਨੁਸਾਰ ਇਕ ਹਾਕਮ ਧਿਰ ਹੁੰਦੀ ਹੈ, ਦੂਜੀ ਹੁਕਮ ਚਲਾਏ ਜਾਣ ਵਾਲੀ। ਜਿਵੇਂ ਆਜ਼ਾਦ ਵਿਅਕਤੀ ਦੀ ਗ਼ੁਲਾਮ ਉੱਤੇ ਹਕੂਮਤ। .... ਮਰਦ ਦੀ ਔਰਤ ਉੱਤੇ ਹਕੂਮਤ...' ਰੂਸੋ ਜਿਹੇ ਵਿਖਿਆਤ ਕ੍ਰਾਂਤੀਕਾਰੀ ਵਿਦਵਾਨ ਦੇ ਸ਼ਬਦਾਂ ਵਿਚ 'ਔਰਤ ਦਾ ਕੰਮ ਹੈ ਮਰਦ ਨੂੰ ਪਾਲਣਾ, ਮਰਦ ਦੇ ਕੰਮ ਆਉਣਾ ਤੇ ਹਰ ਹਾਲਤ ਵਿਚ ਮਰਦ ਨੂੰ ਖ਼ੁਸ਼ ਕਰਨਾ।' ਮਨੂ ਅਨੁਸਾਰ ਕੀ ਬਚਪਨ, ਕੀ ਜਵਾਨੀ ਤੇ ਕੀ ਬੁਢੇਪਾ ਉਸ ਨੂੰ ਹਰ ਹਾਲ ਪਿਤਾ, ਪਤੀ ਤੇ ਪੁੱਤਰ ਦੀ ਅਧੀਨਗੀ ਵਿਚ ਰਹਿਣਾ ਜ਼ਰੂਰੀ ਹੈ। ਇਕ ਮਾਓ-ਸੇ-ਤੁੰਗ ਹੀ ਹੈ ਜੋ ਬੜੀ ਨਿਰਪੱਖਤਾ ਨਾਲ ਲਿਖਦੈ, 'ਕੁਦਰਤ ਦੇ ਸੰਘਰਸ਼ ਵਿਰੁੱਧ ਮਰਦ ਤੇ ਔਰਤ ਦੋਵੇਂ ਇਕੱਠੇ ਜੂਝਦੇ ਹਨ। ਸਮਾਜਿਕ ਘੋਲ ਵਿਚ ਇਸਤਰੀ ਪੁਰਸ਼ ਦੋਹਾਂ ਦਾ ਸਾਂਝਾ ਯੋਗਦਾਨ ਹੈ, ਪ੍ਰੰਤੂ ਮਰਦ ਵਿਰੁੱਧ ਸੰਘਰਸ਼ ਵਿਚ ਔਰਤ ਬਿਲਕੁਲ ਇਕੱਲੀ-ਕਾਰੀ ਹੈ।' ਕੇਹੀ ਵਿਡੰਬਨਾ ਹੈ ਇਹ ! ਕੇਹੀ ਕਰੂਰਤਾ ਕਿ ਅਜੀਵਨ ਆਪਣੀ ਹੋਂਦ ਦੀਆਂ ਤੰਦਾਂ ਸਮੇਟਣ ਲਈ ਇਸਤਰੀ ਜੂਝਦੀ ਹੈ, ਲੜਦੀ ਹੈ ਤੇ ਸਾਰੇ-ਮਾਹੀ ਕਦੇ ਪ੍ਰਕਿਰਤੀ ਦੀਆਂ ਵਧਾਵਾਂ ਵਿਰੁੱਧ, ਕਦੇ ਸਮਾਜਿਕ ਵਧੀਕੀਆਂ ਵਿਰੁੱਧ ਤੇ ਹਰ ਵੇਲੇ ਹਰਜਾਈ ਮਰਦ ਦੀ ਹਉਮੈ ਵਿਰੁੱਧ ਜੋ ਘਰ, ਬਾਹਰ, ਗਲੀ ਦੇ ਮੋੜ, ਸਕੂਲ, ਕਾਲਜ, ਦਫ਼ਤਰ ਭਾਵ ਜੀਵਨ ਦੇ ਹਰ ਪਹਿਲੂ 'ਤੇ ਉਹਦੇ ਵੱਲੀ ਸੰਗੀਨਾਂ ਤਾਣੀ ਖੜ੍ਹੀ ਹੈ। ਉਹਨੂੰ ਨਿਗਲ ਜਾਣਾ ਲੋਚਦੀ ਹੈ।

ਅਜੇ ਗੱਲ ਇਥੇ ਹੀ ਮੁੱਕ ਨਹੀਂ ਜਾਂਦੀ। ਯਹੂਦੀ ਧਰਮ ਵਾਲੇ ਅਰਦਾਸ ਸਮੇਂ

ਆਖਦੇ ਹਨ, 'ਸ਼ੁਕਰ ਹੈ ਮਾਲਕ ਕਿ ਤੂੰ ਸਾਨੂੰ ਯਹੂਦੀ ਧਰਮ ਤੋਂ ਬਾਹਰ ਪੈਦਾ ਨਹੀਂ ਕੀਤਾ। ਲੱਖ-ਵਾਰ ਸ਼ੁਕਰ ਹੈ ਕਿ ਤੂੰ ਸਾਨੂੰ ਗ਼ੁਲਾਮ ਪੈਦਾ ਨਹੀਂ ਕੀਤਾ। ਲੱਖ-ਲੱਖ ਸ਼ੁਕਰ ਹੈ ਕਿ ਤੂੰ ਸਾਨੂੰ ਔਰਤ ਦੀ ਜੂਨੇ ਪੈਦਾ ਨਹੀਂ ਕੀਤਾ।' ਕੁਰਾਨ ਸ਼ਰੀਫ਼ ਦਾ ਇੰਦਰਾਜ਼ ਹੈ, 'ਮਰਦ ਆਪਣੇ ਗੁਣਾਂ ਸਦਕਾ ਔਰਤ ਤੋਂ ਉਤਾਂਹ ਹੈ।' ਤੇ ਬਾਈਬਲ ਅਨੁਸਾਰ ਔਰਤ ਵਲੋਂ ਸੇਬ ਖਾਣ ਦੀ ਪੁਸ਼ਟੀ ਅਤੇ ਸੱਪ ਦੇ ਧੋਖੇ ਦੀ ਗੱਲ ਸੁਣ ਕੇ ਖ਼ੁਦਾ ਨੇ ਉਸ ਨੂੰ ਸਰਾਪ ਦਿੰਦਿਆਂ ਫ਼ਰਮਾਇਆ, 'ਜਾਹ, ਰਹਿੰਦੀ ਦੁਨੀਆ ਤੱਕ ਬੱਚੇ ਜਮਣ ਦੀ ਪੀੜ ਵੀ ਜਰ ਤੇ ਮਰਦ ਦੀ ਅਧੀਨਗੀ ਵੀ ਸਹਿ।' ਈਸਾਈ ਜਗਤ ਲੱਖ ਬਰਾਬਰੀਆਂ ਦੀ ਗੱਲ ਕਰੇ ਭਾਵੇਂ, ਪ੍ਰੰਤੂ ਜਦੋਂ ਤੱਕ ਮਨੁੱਖੀ ਵਿਹਾਰ ਤੇ ਮਾਨਵੀ ਸੋਚ ਵਿਚ ਪਰਿਵਰਤਨ ਨਹੀਂ ਆ ਜਾਂਦਾ, ਉਦੋਂ ਤੱਕ ਵਾਰਿਸ ਤੇ ਪੀਲੂ ਦੇ ਇਹ ਘਟੀਆ ਕਾਵਿ-ਬੋਲ ਸਾਡੇ ਮਰਦਾਂ ਦੀ ਹਉਂ ਨੂੰ ਪੱਠੇ ਪਾਉਂਦੇ ਰਹਿਣਗੇ:

ਵਾਰਿਸ ਰੰਨ, ਫਕੀਰ, ਤਲਵਾਰ, ਘੋੜਾ।
ਚਾਰੇ ਥੋਕ ਇਹ ਕਿਸੇ ਦੇ ਯਾਰ ਨਹੀਂ।

ਅਤੇ

ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ।
ਹੱਸ ਕੇ ਲਾਵਣ ਯਾਰੀਆਂ ਰੋ ਕੇ ਦੇਂਦੀਆਂ ਦੱਸ।

ਮੇਰੇ ਸਾਹਮਣੇ ਮੌਜੂਦ ਹੈ ਮਨੀਲਾ (ਫਿਲਪਾਈਨ) ਦੀ ਇਕ ਅਖਬਾਰੀ ਕਟਿੰਗ ਜਿਸ ਵਿਚ ਦੱਸਿਆ ਗਿਆ ਹੈ ਕਿ ਇਕ ਮਨਚਲੇ ਗੱਭਰੂ ਨੇ ਆਪਣੀ ਬੁੱਢੀ ਮਾਂ ਨੂੰ ਮਾਰ ਕੇ ਉਸ ਦਾ ਦਿਲ ਅਤੇ ਫੇਫੜੇ ਇਸ ਲਈ ਨਿਗਲ ਲਏ ਤਾਂ ਜੋ ਉਹਦੀ ਮਰਦਾਨਗੀ ਹੋਰ ਮਜ਼ਬੂਤ ਹੋ ਜਾਵੇ। ਤੇ ਐਨ ਨਾਲ ਹੀ ਪਈ ਹੈ ਉਹ ਕਟਿੰਗ ਜਿਸ ਵਿਚ ਹਾਦਸੇ ਦਾ ਸ਼ਿਕਾਰ ਹੋਏ ਇਕਲੌਤੇ ਪੁੱਤ ਦੀ ਲਾਸ਼ ਵੇਖਦਿਆਂ ਮਾਂ ਵੀ ਚਲ ਵਸਦੀ ਹੈ। ਖ਼ਵਰੇ ਵਾਰਿਸ ਤੇ ਪੀਲੂ ਵਰਗਿਆਂ ਦਾ ਨਿੱਜੀ ਤਜਰਬਾ ਕੇਡਾ ਕੁ ਕੌੜਾ-ਕਸੈਲਾ ਹੋਵੇਗਾ, ਜਿਹਦੀ ਭੇਟ ਉਨ੍ਹਾਂ ਸਾਰੀ ਔਰਤ ਜਾਤ ਨੂੰ ਹੀ ਚੜ੍ਹਾ ਦਿੱਤਾ। ਕਲੰਕ ਲਾ ਦਿੱਤਾ ਮਾਂ ਦੇ ਪਵਿੱਤਰ ਦੁੱਧ ਨੂੰ। ਦਾਗ਼ੀ ਕਰ ਦਿੱਤਾ ਉਹਦੀ ਨਿਰਛਲ ਮਮਤਾ ਨੂੰ। ਤੇ ਸਾਡੇ ਜ਼ਿਹਨ ਵਿਚ ਇਕ ਉਹ ਮਹਾਨ ਧਰਮ ਵੀ ਵਸਦੈ ਜਿਹਦਾ ਵੰਗਾਰਵਾਂ ਫ਼ਰਮਾਨ ਸੀ–

ਭੰਡੁ ਮੁਆ, ਭੰਡੁ ਭਾਲੀਐ, ਭੰਡਿ ਹੋਵੈ ਬੰਧਾਨ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।
ਕਿਉਂਕਿ ਉਨ੍ਹਾਂ ਮਹਾਂਪੁਰਖਾਂ ਅਨੁਸਾਰ –
ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ।
ਜੀਓ ਪਾਇ ਮਾਸੁ ਮੁਹਿ ਮਿਲਿਆ, ਹਡੁ ਚੰਮੁ ਤਨੁ ਮਾਸੁ।
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ।
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਮਾਸੁ।

ਵਡਾ ਹੋਆ ਵੀਆਹਿਆ, ਘਰਿ ਲੈ ਆਇਆ ਮਾਸੁ ।
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ।
(ਆਦਿ ਗ੍ਰੰਥ, ਪੰਨਾ 1289)

ਹੈ ਕਿਤੇ ਗਤੀ ਇਸ ਆਦਮੀ ਦੀ ਔਰਤ ਤੋਂ ਬਿਨਾਂ ? ਇਸੇ ਹਿਤ ਸਮੁੱਚੀ ਗੁਰਬਾਣੀ ਜੀਵ ਆਤਮਾ ਤੇ ਪਰਮਾਤਮਾ ਦੇ ਦੈਵੀ ਤੇ ਸੂਖਮ ਸੰਬੰਧਾਂ ਨੂੰ ਨਾਰੀ-ਮਰਦ ਦੇ ਪ੍ਰਤੀਕ ਰਾਹੀਂ ਚਿਤਰਦੀ ਹੈ । ਦਸਮ ਗੁਰੂ ਦੇਵ-ਦਾਨਵੀ ਸੰਘਰਸ਼ ਦਾ ਨਿਪਟਾਰਾ ਜਗਮਾਤ (ਦੁਰਗਾ) ਅਰਥਾਤ ਔਰਤ ਰੂਪ ਨੂੰ ਉਰਿਆਉਂਦਿਆਂ ਉਸ ਰਾਹੀਂ ਕਰਵਾਉਂਦੇ ਹਨ :-

ਦੁਰਗਾ ਦੀ ਸਾਮ ਤਕਾਈ ਦੇਵਾ ਡਰਦਿਆਂ
ਆਂਦੀ ਚੰਡਿ ਚੜ੍ਹਾਈ ਉੱਤੇ ਰਾਕਸਾਂ ।
ਆਈ ਫੇਰ ਭਵਾਨੀ ਖ਼ਬਰੀ ਪਾਈਆਂ ।
ਦੈਂਤ ਵਡੇ ਅਭਿਮਾਨੀ ਹੋਏ ਇਕਠੇ ।

ਪਰ ! ਪਰ ਤਸਵੀਰ ਦਾ ਦੂਜਾ ਪਾਸਾ ਕਿੰਨਾ ਸਿਆਹ ਹੈ, ਕਿੰਨਾ ਹੌਲਨਾਕ ! ਕਿੰਨਾ ਦਿਲਚੀਰਵਾਂ ! ਕਿੰਨਾ ਭਿਅੰਕਰ ! ਇਹ ਕਾਵਿ-ਬੋਲ ਕਿੰਨੀ ਸਹੀ ਤਰਜਮਾਨੀ ਕਰਦੇ ਹਨ —

ਜ਼ਖਮੋਂ ਕੀ ਮਹਿਕ ਹੈ ਸੀਨੇ ਮੇਂ
ਦਿਲ ਰੋਤਾ ਹੈ ਮੈਂ ਹੰਸਤੀ ਹੂੰ ।
ਤੂੰ ਮਰਦ ਹੇ ਇਸ ਲੀਏ ਮਹਿੰਗਾ ਹੈ
ਮੈਂ ਔਰਤ ਇਸ ਲੀਏ ਸਸਤੀ ਹੂੰ ।

ਤੇ ਨਾਰੀਤਵ ਦਾ ਜਨਾਜ਼ਾ ਕੱਢਦੀ ਜ਼ਿਹਨੀਅਤ ਵੀ ਵਾਚਣਯੋਗ ਹੈ

ਹਰ ਸ਼ਾਮ ਕੋ ਦੁਲਹਨ ਸਜਤੀ ਹੂੰ,
ਹਰ ਸੁਬਹਾ ਜਨਾਜ਼ਾ ਹੋਤਾ ਹੈ ।
ਮੇਰੇ ਘੁੰਗਰੂ ਸੋਨੇ ਨਹੀਂ ਦੇਤੇ,
ਜਬ ਸਾਰਾ ਆਲਮ ਸੋਤਾ ਹੈ ।

ਪ੍ਰਸਿੱਧ ਸ਼ਾਇਰਾ ਸਾਰਾ ਸ਼ਗੁਫਤਾ ਅਨੁਸਾਰ :-

ਬੀਨ ਬਜਾਓ—
ਔਰਤ ਆਪਣੀ ਖੁੱਡ ਵਿਚੋਂ ਨਿਕਲ ਆਵੇਗੀ ।
ਅਜੇ ਔਰਤ ਨੇ ਏਨਾ ਹੀ ਰੋਣਾ ਸਿੱਖਿਆ ਏ ।
ਔਰਤ ਆਪਣੇ ਹੰਝੂਆਂ ਨਾਲ ਵੁਜ਼ੂ ਕਰ ਲੈਂਦੀ ਏ ।
ਅੱਖ ਨੰਗੀ ਚੰਗੀ.... ਅੱਖ ਰੰਗੀ ਚੰਗੀ... ਮੈਂ ਨੰਗੀ ਚੰਗੀ ।

ਸਮਕਾਲੀ ਸੋਚ

ਕੁਝ ਨੰਗੇ ਸੱਚ ਤੁਹਾਡੇ ਰੂਬਰੂ ਕੀਤੇ ਬਿਨਾਂ ਗੱਲ ਅਧੂਰੀ ਤੇ ਸਿਧਾਂਤਕ ਜਿਹੀ ਜਾਪੇਗੀ । ਸ਼ੁਰੂਆਤ ਕਰਦੀ ਹਾਂ ਉਸ ਸ਼ਰਮਨਾਕ ਤੇ ਅਫ਼ਸੋਸਨਾਕ ਵਾਕਿਆ ਨਾਲ

ਜਿੱਥੇ ਨਾਰੀ ਨਹੀਂ ਨਾਰੀਤਵ ਰੋਲਿਆ ਗਿਆ। ਸ਼ਰੇਆਮ ਸੜਕਾਂ, ਬਾਜ਼ਾਰਾਂ, ਗਲੀਆਂ ਤੇ ਮੁਹੱਲਿਆਂ ਵਿਚ ਅਲਫ਼ ਨੰਗੀ ਕਰਕੇ ਆਪਣੇ ਹੀ ਜੰਮਿਆਂ-ਜਾਇਆਂ ਸਾਹਮਣੇ ਬੇਪੱਤ ਕੀਤੀ ਵਿਆਹੀ ਵਰੀ ਪੁਸ਼ਪਾ (ਹਿਸਾਰ ਲਾਗੇ), ਵਿਧਵਾ ਭਰਾਵਾਂ ਦੇਵੀ (ਫ਼ਾਜ਼ਿਲਕਾ) ਅਤੇ ਮੱਧਪ੍ਰਦੇਸ਼ ਦੇ ਧਾਰ ਵਿਚਲੀ ਇਕ ਹੋਰ ਵਿਧਵਾ। ਕਦੇ ਦਰੋਪਤੀ ਨਾਲ ਬੀਤੀ ਅਜਿਹੀ ਹੋਣੀ ਕੀ ਅੱਜ ਵੀ ਕਬਾਇਲੀ ਸਮਾਜ ਦੀ ਬਦਲਾ-ਲਊ ਤੇ ਮਰਦ ਹੰਗਤਾ ਦੀ ਸ਼ਾਹਦੀ ਭਰਦੀ ਇਹ ਵਾਰਦਾਤ ਆਧੁਨਿਕ ਸੱਭਿਅਤਾ ਦੇ ਦਾਅਵੇਦਾਰਾਂ ਦੇ ਮੂੰਹ 'ਤੇ ਥੁੱਕਦੀ ਨਹੀਂ ਭਲਾ ?

ਅਬਲਾ ਜੀਵਨ ! ਹਾਏ ਤੇਰੀ ਯਹੀ ਕਹਾਣੀ

ਬਲਾਤਕਾਰਾਂ, ਜ਼ੋਰ-ਜ਼ਬਰੀਆਂ, ਜਬਰ-ਜਿਨਾਹ ਤੇ ਛੇੜ-ਛਾੜ ਦੀਆਂ ਘਟਨਾਵਾਂ ਤਾਂ ਸ਼ੈਤਾਨ ਦੀ ਆਂਦਰ ਵਾਂਗ ਵਧੀ ਜਾ ਰਹੀਆਂ ਹਨ। ਅੰਕੜਿਆਂ ਮੁਤਾਬਕ ਭਾਰਤ ਵਿਚ ਹਰ 52ਵੇਂ ਮਿੰਟ ਬਲਾਤਕਾਰ ਤੇ ਹਰ 26ਵੇਂ ਮਿੰਟ ਛੇੜ-ਛਾੜ ਹੋ ਰਹੀ ਹੈ। ਗ਼ਜ਼ਬ ਸਾਈਂ ਦਾ ਕਿ ਬਲਾਤਕਾਰੀਆਂ ਦੇ ਕਟਹਿਰੇ ਵਿਚ ਸਿਰਫ਼ ਦੁਰਾਡੇ ਰਿਸ਼ਤੇਦਾਰ ਤੇ ਬੇਗਾਨੇ ਮਰਦ ਹੀ ਨਹੀਂ, ਸਕੇ ਪਿਉ ਵੀ ਹਨ ਤੇ ਮਤਰੇਏ ਵੀ। ਸਕੇ-ਸੰਬੰਧੀ ਵੀ ਹਨ ਤੇ ਬਾਹਰਲੇ ਲੋਕ ਵੀ। ਵਿਦੇਸ਼ਾਂ ਵਿਚ ਵੀ ਇਹ ਹਿਰਦੇਵੇਧਕ ਸਾਕੇ ਵਰਤ ਰਹੇ ਹਨ ਤੇ ਦੇਸ਼ ਵਿਚ ਵੀ। ਲੰਡਨ ਦੀ ਪਿਛਲੇ ਦਿਨਾਂ ਦੀ ਖ਼ਬਰ ਹੈ ਕਿ ਬੀਵੀ ਨੂੰ ਘਰੋਂ ਬਾਹਰ ਕੱਢ ਕੇ ਆਪਣੀ ਤੇਰ੍ਹਾਂ ਮਹੀਨਿਆਂ ਦੀ ਸਕੀ ਧੀ ਨਾਲ ਮੂੰਹ ਕਾਲਾ ਕਰਦਾ ਬਾਪ ਰੰਗੇ ਹੱਥੀਂ ਫੜਿਆ ਗਿਆ। ਹਰਾਰੇ ਵਿਖੇ ਮੋਈਂ ਭੈਣ ਦੀ ਕਬਰ 'ਤੇ ਉਹਦੀ ਆਤਮਾ ਦੀ ਸ਼ਾਂਤੀ ਲਈ ਆਪਣੀ ਜੰਮੀ ਜਾਈ ਦੀ ਪੱਤ ਰੋਲਦਾ ਬਾਪ ਵੀ ਕਾਬੂ ਕਰ ਲਿਆ ਗਿਆ ਤੇ ਮੰਡੀ ਗੋਬਿੰਦਗੜ੍ਹ ਲਾਗੇ ਨਾ ਕੇਵਲ ਖ਼ੁਦ ਸਗੋਂ 6-7 ਵਹਿਸ਼ੀ ਦੋਸਤਾਂ ਦੀ ਕਾਮ-ਤ੍ਰਿਪਤੀ ਕਰਾਉਂਦੇ ਪਿਤਾ ਦੀ ਕਾਲੀ ਕਰਤੂਤ ਸਾਰੇ ਪੇਪਰਾਂ ਵਿਚ ਨਸ਼ਰ ਹੋ ਚੁੱਕੀ ਹੈ। ਪਾਠਕੋ ! ਬਲਾਤਕਾਰ ਦਾ ਘਿਨਾਉਣਾ ਰਿਕਾਰਡ ਦਿੱਲੀ ਦੀ ਚਾਲੀ ਦਿਨਾਂ ਦੀ ਦੁੱਧ ਚੁੰਘਦੀ ਪੰਘੂੜੇ ਪਈ ਬੱਚੀ ਦਾ ਹੈ। ਕਿਹਦੇ 'ਤੇ ਭਰੋਸਾ ਕਰੇ ਲੜਕੀ ! ਕਿਹਦੇ ਤੋਂ ਮੱਦਦ ਮੰਗੇ ਔਰਤ ! ਵਧੇਰੇ ਨਜ਼ਰਾਂ ਪਾੜ ਖਾਣੀਆਂ ਤੇ ਅੱਖਾਂ ਨਾਲ ਹੀ ਨੋਚਦੀਆਂ ਜਾਪਣ। ਕਿਤੇ ਅਧਿਆਪਕ ਖੇਡਾਂ ਦੇ ਨਾਂ 'ਤੇ ਪ੍ਰੇਰ ਕੇ (ਫਤਹਿਗੜ੍ਹ ਸਾਹਿਬ ਦੀ ਘਟਨਾ), ਕਿਤੇ ਇਮਤਿਹਾਨ ਦੇ ਨਾਂ 'ਤੇ ਕੋਚਿੰਗ ਦੇ ਬਹਾਨੇ (ਚੰਡੀਗੜ੍ਹ ਲਾਗੇ), ਕਿਤੇ ਜੱਚਾ-ਬੱਚਾ ਦੀ ਸਾਂਭ-ਸੰਭਾਲ ਦੇ ਨਾਂ 'ਤੇ (ਦੇਵੀਗੜ੍ਹ), ਕਿਤੇ ਅਤਿਵਾਦੀ ਨਕਾਬਪੋਸ਼ਾਂ ਦੀ ਸਹਾਇਤਾ ਦੇ ਰੂਪ ਵਿਚ (ਕਸ਼ਮੀਰ) ਔਰਤ ਦੇ ਜਤ-ਸਤ ਨੂੰ ਰੋਲਿਆ ਜਾ ਰਿਹੈ। 65 ਸਾਲਾਂ ਦੇ ਬੁੱਢੇ ਜਿੱਥੇ ਅੱਸੀ ਵਰ੍ਹਿਆਂ ਦੀਆਂ ਦਾਈਆਂ (ਨਰਸਾਂ) ਨੂੰ ਨੂੰਹ ਦੇ ਜਣੇਪੇ ਬਹਾਨੇ ਆਪਣੀ ਹਵਸ ਦਾ ਸ਼ਿਕਾਰ ਬਣਾ ਲੈਣ, ਉਸ ਸਮਾਜ ਦਾ ਰੱਬ ਹੀ ਰਾਖਾ ! ਬੰਗਾ ਦੀ ਰਾਜਿੰਦਰ ਕੌਰ ਵਰਗੀਆਂ ਵਿਆਹੀਆਂ ਔਰਤਾਂ ਜਿੱਥੇ 15-15 ਬੰਦਿਆਂ ਦੀ ਕਾਮ ਵਾਸਨਾ ਦਾ ਸ਼ਿਕਾਰ ਹੋ ਜਾਣ ਤਾਂ ਔਰਤ ਦੀ ਤਰੱਕੀ ਦੇ ਕੀ ਮਾਅਨੇ ?

ਕੇਤੀਆ ਜਿਹੀਆਂ ਬਦਨਸੀਬ ਜਿੱਥੇ ਸਿਰਕਰਦਾ ਲੋਕਾਂ ਦੀ ਜ਼ਲਾਲਤ ਦਾ ਸ਼ਿਕਾਰ ਹੋ ਜਾਣ, ਗਬਰੀਲਾ (ਆਸਟਰੇਲੀਅਨ) ਤੇ ਧਰਮਸ਼ਾਲਾ ਦੇ ਪਹਾੜੀ ਖੇਤਰਾਂ ਵਿਚ ਜਿੱਥੇ ਨਿੱਤ ਦਿਨ ਬਲਾਤਕਾਰਾਂ ਦੀਆਂ ਕਨਸੋਆਂ ਆਉਣ, ਬੋਸਨੀਆਂ ਵਰਗੇ ਦੇਸ਼ਾਂ ਵਿਚ ਜਿੱਥੇ ਲੱਖਾਂ ਨਾਰੀਆਂ ਦਾ ਇਸਤਰੀਤਵ-ਕਰਤਿਆਂ ਵਲੋਂ ਜਦੋਂ ਜੰਗਲ ਦਾ ਕਾਨੂੰਨ ਲਾਗੂ ਹੋਵੇ ਤਾਂ ਕਿਹੜੀ ਉਮਰ ਦੀ ਨਾਰੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸੇਗੀ ? ਹਾਂ, ਵਕਤ ਦੇ ਤੇਵਰ ਕੁਝ ਬਦਲਣ ਲੱਗੇ ਹਨ, ਔਰਤ ਸ਼ਕਤੀ ਸੁਚੇਤ ਹੋ ਰਹੀ ਹੈ ਤੇ ਅਜਿਹੇ ਕੁਕਰਮੀਆ ਦੇ ਲਿੰਗ ਅੰਗ ਕੱਟ ਜਾਣ ਦੀਆਂ ਖ਼ਬਰਾਂ ਆਉਣ ਲੱਗੀਆਂ ਹਨ (ਭਾਵੇਂ ਉਹ ਪਟਨੇ ਦਾ ਕੋਈ ਐਮ. ਐਲ. ਏ. ਹੀ ਕਿਉਂ ਨਾ ਹੋਵੇ) ਕਾਨੂੰਨੀ ਢਿੱਲ ਤੇ ਘੁਣਤਰਬਾਜ਼ੀਆਂ ਨੇ ਸਭ ਤੋਂ ਵੱਧ ਬਲਦੀ 'ਤੇ ਤੇਲ ਪਾਇਆ ਹੈ।

ਮੈਂ ਦਰਦ ਕਹਾਣੀ ਰਾਤਾਂ ਦੀ

ਹਾਲੇ ਵੀ ਔਰਤ ਰਾਤਾਂ ਦੀ ਹੀ ਦਰਦ ਕਹਾਣੀ ਹੈ। ਅੱਜ ਤਾਂ ਸਗੋਂ 'ਸੈਕਸ' ਇਕ ਇੰਡਸਟਰੀ ਵਜੋਂ ਪ੍ਰਫੁੱਲਿਤ ਹੋ ਰਿਹੈ। ਟੂਰਿਜ਼ਮ ਤੇ ਸੈਰ-ਸਪਾਟਿਆਂ ਦੀ ਓਟ ਵਿਚ, ਜੂਏ ਘਰਾਂ, ਬੀਚਾਂ, ਪਾਰਕਾਂ ਤੇ ਆਧੁਨਿਕ ਵੇਸਵਾ ਘਰਾਂ ਦੇ ਉਹਲੇ ਵਿਚ। ਕਦੇ ਪੋਪ ਵਲੋਂ ਐਲਾਨਿਆ ਸੰਸਾਰ ਦਾ ਪਵਿੱਤਰ ਦੇਸ਼ ਰੂਸ ਅੱਜ ਵਿਸ਼ਵ ਦੀ ਸਭ ਤੋਂ ਵੱਡੀ ਫਲੈੱਸ਼ ਮਾਰਕਿਟ ਹੈ। ਸੰਸਾਰ ਦੀ ਸਭ ਤੋਂ ਪਹਿਲੀ ਪੁਲਾੜਯਾਨ ਔਰਤ ਵਲਾਂਤੀਨਾ ਤ੍ਰਿਸ਼ਕੋਵਾ ਦੀਆਂ ਮਾਯੂਸ ਸਖੀਆਂ-ਸਹੇਲੀਆਂ ਸੋਵੀਯਤ ਯੂਨੀਅਨ ਦੀ ਟੁੱਟ-ਭੱਜ ਉਪਰੰਤ ਭੁੱਖਮਰੀ, ਮਹਿੰਗਾਈਂ ਕਾਰਨ ਚਕਲਿਆਂ ਵਿਚ ਬੈਠਣ ਲਈ ਬੇਵੱਸ ਹਨ। ਗਲੋਬਲ ਇਕਾਨਮੀ ਸੰਕਲਪ ਤੇ ਆਰਥਿਕ ਮੰਦਵਾੜੇ ਦਾ ਸਭ ਤੋਂ ਭਿਅੰਕਰ ਅਸਰ ਨਾਰੀਤਵ 'ਤੇ ਪਿਐ। ਪੁਲਾੜਾਂ ਵਿਚੋਂ ਉਡਦੀ ਇਹ ਕੋਠਿਆਂ 'ਤੇ ਜਾ ਡਿੱਗੀ ਹੈ। ਵੇਸਵਾਗਮਨੀ ਦਾ ਸੰਬੰਧ ਇੰਡਸ ਵੈਲੀ ਸੱਭਿਅਤਾ ਨਾਲ ਜਾ ਜੁੜਦੈ। ਦੇਵ ਦਾਸੀ ਕਲਟ ਦਾ ਲੇਖਕ ਜੋਗਾ ਸ਼ੰਕਰ ਸੈਕਰਡ ਵੇਸਵਾਗਮਨੀ ਦੇ ਤਹਿਤ ਵਿਚਾਰਦੈ ਕਿ ਨੀਚ ਸ਼੍ਰੇਣੀਆਂ ਦੀਆਂ ਔਰਤਾਂ ਦਾ ਜਿਸਮਾਨੀ ਸ਼ੋਸ਼ਣ ਬ੍ਰਾਹਮਣ ਵਰਗ ਦੀ ਅਜਾਰੇਦਾਰੀ ਸੀ ਜੋ ਉਨ੍ਹਾਂ ਦੇ ਹੱਥੋਂ ਖਾਣ 'ਤੇ ਤਾਂ ਭ੍ਰਿਸ਼ਟੇ ਜਾਂਦੇ ਪ੍ਰੰਤੂ ਉਨ੍ਹਾਂ ਨਾਲ ਸੰਭੋਗ ਕਰਕੇ ਹੁਲਾਰੇ ਜਾਂਦੇ। ਜ਼ਿਹਨੀ ਤੇ ਜਿਸਮਾਨੀ ਅੱਯਾਸ਼ੀ ਰਾਜਿਆਂ-ਮਹਾਰਾਜਿਆਂ, ਅਮੀਰਾਂ-ਵਜ਼ੀਰਾਂ ਤੇ ਸਰਦੇ-ਪੁੱਜਦੇ ਲੋਕਾਂ ਦਾ ਦੈਨਿਕ ਕਰਮ ਰਿਹੈ ਤੇ ਹੈ ਵੀ। ਐਮਨੈਸਟੀ ਇੰਟਰਨੈਸ਼ਨਲ ਨੇ ਪਾਕਿਸਤਾਨ ਵਿਚ ਖੋਖਰ ਆਦਿ ਵਿਖੇ ਬਲਾਤਕਾਰੀ ਜੇਲ੍ਹਾਂ ਦਾ ਪਤਾ ਲਾਇਆ, ਜਿੱਥੇ ਮਾਮੂਲੀ ਗੁਨਾਹਾਂ ਕਰਕੇ ਬੰਦੀ ਬਣਾਈਆਂ ਸੈਂਕੜੇ ਔਰਤਾਂ ਨਾਲ ਸ਼ਰੇਆਮ ਦਿਨ-ਦਿਹਾੜੇ ਮੂੰਹ ਕਾਲਾ ਕਰਦੇ ਹਨ ਪ੍ਰਬੰਧਕ। ਦੁਨੀਆਂ ਦੇ ਹਰ ਵਿਕਸਿਤ/ਅਵਿਕਸਿਤ ਦੇਸ਼ ਵਿਚ ਵੇਸਵਾਗਮਨੀ ਜ਼ੋਰਾਂ 'ਤੇ ਹੈ। ਆਸਟਰੇਲੀਆ ਵਿਚ ਮੇਲ ਆਰਡਰ ਬਰਾਈਡਜ਼ ਉਪਲਬਧ ਹਨ। ਪਾਕਿਸਤਾਨੀ ਪੱਤਰਕਾਰ ਅੰਜੁਮ ਆਪਣੀ ਕਿਤਾਬ 'ਹੱਵਾ ਕੀ ਬੇਟੀ ਵਿਕਤੀ ਹੈ' ਵਿਚ ਸਨਸਨੀਖੇਜ ਪ੍ਰਗਟਾਵੇ ਕਰਦੀ ਹੈ ਕਿ ਸਾਡੇ ਲੱਖਾਂ ਕੁੜੀਆਂ ਹਰ ਸਾਲ ਵੇਚੀਆਂ ਜਾਂਦੀਆਂ ਹਨ ਤੇ ਕਈ ਤਾਂ ਕਈ-ਕਈ ਵਾਰ ਵੀ। ਇਕੱਲੇ ਏਸ਼ੀਆ ਮਹਾਂਦੀਪ ਵਿਚ

ਲੱਖਾਂ ਬਾਲ ਵੇਸਵਾਗਮਨੀ ਲਈ ਮਜਬੂਰ ਕੀਤੀਆਂ ਜਾਂਦੀਆਂ ਹਨ। ਹੁਣ ਅਲੂਏ ਮੁੰਡੇ ਵੀ ਇਸ ਵਿਚ ਸ਼ਾਮਲ ਕਰ ਲਏ ਗਏ ਹਨ। ਸਵੀਡਨ ਤੇ ਡੈਨਮਾਰਕ ਵਿਚ ਸਮਲਿੰਗੀ ਵਿਆਹਾਂ ਨੂੰ ਕਾਨੂੰਨੀ ਪ੍ਰਵਾਨਗੀ ਮਿਲ ਜਾਣ ਨਾਲ ਗੁਰਬਾਣੀ ਦੇ ਉਹ ਮਹਾਂਵਾਕ ਜਿਵੇਂ ਛੁਟਿਆਏ ਜਾ ਰਹੇ ਹੋਣ—

ਧਨੁ ਪਿਰ ਇਹੁ ਨਾ ਆਖੀਅਨ ਬਹਨਿ ਇਕਠੇ ਹੋਇ।
ਏਕ ਜੋਤਿ ਦੁਇ ਮੂਰਤੀ ਧਨੁ ਪਿਰੁ ਕਹੀਅਨਿ ਸੋਇ।

ਸੈਕਸ ਇੰਡਸਟਰੀ ਦੇ ਆਯੋਜਕ ਚਾਹੇ ਪੈਸੇ ਵਿਚ ਖੇਡਦੇ ਹੋਣ, ਪ੍ਰੰਤੂ ਇਸ ਭੱਠ ਵਿਚ ਆਪਣਾ ਵਜੂਦ ਤੇ ਸਕੂਨ ਝੋਕਦੀਆਂ ਬੇਗੁਨਾਹਾਂ ਦੀਆਂ ਆਹਾਂ ਜ਼ਿਮੀਂ ਅਸਮਾਨ ਕੰਬਾ ਦੇਣਗੀਆਂ। ਅਜੋਕੀ ਸੱਭਿਅਤਾ 'ਤੇ ਇਕ ਬਦਨੁਮਾ ਧੱਬਾ ਹੈ ਇਹ।

ਇੱਥੇ ਲੋਭੀ ਮੰਗਣ ਦਾਜ ਵੇ

ਦਾਜ ਦੀ ਵੇਦੀ 'ਤੇ ਕੋਹੀਆਂ ਜਾਂਦੀਆਂ, ਸਾੜੀਆਂ ਲਿਤਾੜੀਆਂ ਦੇ ਅੱਲ੍ਹੇ ਜ਼ਖ਼ਮਾਂ ਨੂੰ ਕੌਣ ਸਹਿਲਾਏ ! ਸੰਸਦ ਵਿਚ ਐਲਾਨੀਆਂ ਅਜਿਹੀਆਂ ਮੌਤਾਂ ਜਿੱਥੇ ਪਿਛਲੇ ਵਰ੍ਹੇ ਪਚਵੰਜਾ ਸੌ ਸਨ, ਹੁਣ ਵਧ ਕੇ ਵੀਹ ਹਜ਼ਾਰ ਤੋਂ ਟੱਪ ਗਈਆਂ ਹਨ। ਲਗਪਗ ਛਿਆਹਟ ਹਜ਼ਾਰ ਦੋਖੀਆਂ ਦੇ ਕੇਸ ਅਦਾਲਤਾਂ ਵਿਚ ਲਟਕ ਰਹੇ ਹਨ। ਕਿਹੜਾ ਜੰਗਲ ਦਾ ਰਾਜ ਹੈ ਇਸ ਦੇਸ਼ ਵਿਚ ਜਿੱਥੇ ਬਹੂ-ਬੇਟੀਆਂ ਰੋਜ਼ ਸਲਾਖਾਂ ਨਾਲ ਕੋਹੀਆਂ ਜਾ ਰਹੀਆਂ ਹਨ, ਨਹਿਰਾਂ ਵਿਚ ਸੁੱਟੀਆਂ ਜਾ ਰਹੀਆਂ ਹਨ, ਖ਼ੁਦਕਸ਼ੀਆਂ ਲਈ ਮਜਬੂਰ ਹਨ ? ਕੰਜਕ-ਪੂਜ ਤੇ ਦੇਵੀ-ਪੂਜ ਸਾਡੇ ਉਪਾਸਕਾਂ ਨੂੰ ਕਿਹੜੀ ਸਰਾਲ੍ਹ ਡੰਗ ਗਈ ਹੈ ? ਕਿਸ ਸਰਾਪੇ ਸਮਾਜ ਦੀ ਤਸਵੀਰ ਕਸ਼ੀ ਹੈ ਇਹ ?

ਮੈਨੂੰ ਏਦਾਂ ਰੋਲੇ ਨਾ

ਇੱਕੀਵੀਂ ਸਦੀ ਦੇ ਪਹੁਫੁਟਾਲੇ 'ਤੇ ਜਦੋਂ ਇਕ ਪਾਸੇ ਗਲੋਬਲ ਚੇਤਨਤਾ ਦਾ ਬੋਲਬਾਲਾ ਹੈ ਤਾਂ ਦੂਜੇ ਪਾਸੇ ਅਸੀਂ ਧੜਾਧੜ ਜੰਮੀਆਂ/ਅਣਜੰਮੀਆਂ ਧੀਆਂ ਦਾ ਘਾਤ ਕਰਦੇ ਭੱਜੇ ਜਾ ਰਹੇ ਹਾਂ। ਤਾਮਿਲਨਾਡੂ ਵਰਗੇ ਪ੍ਰਦੇਸ਼ਾਂ ਵਿਚ ਜੰਮਦੀ ਧੀ ਨੂੰ ਅੱਕ ਦਾ ਦੁੱਧ, ਚਾਵਲ, ਇਕ ਵਿਸ਼ੇਸ਼ ਚਾਕੂ ਤੇ ਗਲਾ ਘੁੱਟ ਕੇ ਮਾਰਨ ਦੀਆਂ ਘਿਨਾਉਣੀਆਂ ਘਟਨਾਵਾਂ ਅੱਜ ਵੀ ਘਟ ਰਹੀਆਂ ਹਨ। ਜੰਮੀਆਂ ਨਾਲੋਂ ਅਣਜੰਮੀਆਂ ਨੂੰ ਮੁਕਾਉਣਾ ਹੋਰ ਵੀ ਆਸਾਨ ਹੈ ਵੈਸੇ। ਹਿੰਗ ਲੱਗੇ ਨਾ ਫਿਟਕੜੀ ਰੰਗ ਵੀ ਚੋਖਾ ਆਵੇ। ਰਮਾ ਰਤਨ ਦੇ ਇਹ ਕਾਵਿ-ਬੋਲ ਕਿੰਨੇ ਪ੍ਰਭਾਵੀ ਹਨ—

ਨਾਨੀ ਨਾਨੀ ਨਾਨੀ ਨਾਨੀ, ਕੌੜਾ-ਕੌੜਾ ਬੋਲ ਨਾ।
ਮੈਂ ਤਾਂ ਸੋਹਣੀ ਦੋਹਤੀ ਤੇਰੀ, ਮੈਨੂੰ ਏਦਾਂ ਰੋਲ ਨਾ।

ਅੱਜ ਵੀ ਜੰਮਦੀ ਧੀ ਦਾ ਸਵਾਗਤ ਹੰਝੂਆਂ-ਝੋਰਿਆਂ ਨਾਲ ਹੀ ਹੁੰਦੈ, ਅੱਜ ਵੀ ਮੱਥੇ ਵੱਟ ਪਾ ਕੇ ਉਸ ਨੂੰ ਤੱਕਦੇ ਹਾਂ। ਇਸੇ ਲਈ ਕਮਲਜੀਤ ਨੀਲੋਂ ਕਹਿੰਦੇ—

ਬਹੁਤੀਆਂ ਨਹੀਂ ਸੀ ਤਾਂ ਦੇ ਦਿੰਦੀ ਥੋੜ੍ਹੀਆਂ।
ਕਿੱਥੇ ਗਈਆਂ ਮਾਂ ਸਾਡੇ ਹਿੱਸੇ ਦੀਆਂ ਲੋਰੀਆਂ।

ਏਸ਼ਿਆਈ ਧਰਤੀਆਂ 'ਤੇ ਅਤੇ ਏਸ਼ਿਆਈ ਜ਼ਹਿਨੀਅਤ ਵਿਚ ਧੀ ਅੱਜ ਵੀ ਇਕ ਬੋਝ ਹੈ, ਇਕ ਸਰਾਪ ਤੇ ਇਕ ਵਾਧੂ ਜੀਅ। ਪੰਜਾਬ ਅਸੈਂਬਲੀ ਵਿਚਲੇ ਤਾਜ਼ਾ ਬਿਆਨ ਵਿਚ ਇਹ ਅਨੁਪਾਤ 1000 ਪਿੱਛੇ 844 ਦੱਸੀ ਗਈ ਹੈ। ਪਹਿਲਾਂ ਇਹ ਕਦੇ 793 ਵੀ ਹੋ ਗਈ ਸੀ। ਗਰਭ ਟੈਸਟ ਕੇਂਦਰਾਂ ਤੇ ਪਾਬੰਦੀਆਂ ਲਾਉਣ 'ਤੇ ਟੀ.ਵੀ. 'ਤੇ ਲਾਏ ਜਾਂਦੇ ਨਾਅਰਿਆਂ ਦਾ ਉੱਕਾ ਕੋਈ ਅਸਰ ਨਹੀਂ। ਚੋਰ-ਰਾਹ ਸਦਾ ਪਹਿਲੋਂ ਹੀ ਬਣਾਏ ਗਏ ਹੁੰਦੇ ਹਨ। ਲੋੜ ਹੈ ਸਾਡੇ ਵਿਹਾਰ ਵਿਚਲੀ ਤਬਦੀਲੀ ਦੀ। ਜ਼ਰੂਰਤ ਹੈ ਸਾਡੇ ਵਿਚਾਰ ਪਰਿਵਰਤਨ ਦੀ ! ਅਵੱਸ਼ਕਤਾ ਹੈ ਅਮਲੀ ਤੌਰ 'ਤੇ ਬਦਲਣ ਦੀ।

ਬਰਾਬਰੀ ?

ਲੰਡਨ ਫੇਰੀ ਸਮੇਂ ਈਕੁਅਲ ਆਪਰਚੂਨਿਟੀ ਕਮਿਸ਼ਨ ਦੀ ਮੁਖੀ ਸ੍ਰੀਮਤੀ ਕਮਲੇਸ਼ ਬਹਿਲ ਨੇ ਦੱਸਿਆ ਕਿ ਬਰਾਬਰ ਤਨਖ਼ਾਹ ਦੇ ਐਕਟ ਦੇ ਵੀਹ ਸਾਲਾਂ ਬਾਅਦ ਵੀ ਇੱਥੇ ਔਰਤ ਦੀ ਤਨਖ਼ਾਹ ਮਰਦ ਦੇ ਬਰਾਬਰ ਨਹੀਂ, ਸਗੋਂ ਇਹ 79% ਹੈ। ਇਹੋ ਜਿਹਾ ਹੀ ਕੁਝ ਸਾਡੀਆਂ ਧਰਤੀਆਂ 'ਤੇ ਵੀ ਵਾਪਰ ਰਿਹੈ।

ਤੂੰ ਚੀਜ਼ ਬੜੀ ਹੈ ਮਸਤ ਮਸਤ

ਔਰਤ ਅੱਜ ਵਾਕਈ ਇਕ 'ਚੀਜ਼' ਬਣਾ ਦਿੱਤੀ ਗਈ ਹੈ — ਮੰਡੀਕਰਨ ਲਈ ਮਰਦ ਨੂੰ ਮਸਤ ਕਰਨ ਵਾਲੀ। ਮਾਡਲਿੰਗ ਤੇ ਇਸ਼ਤਿਹਾਰਬਾਜ਼ੀ ਲਈ ਮਾਸ ਦਾ ਨਿਰਭਾਵੀ ਲੋਥੜਾ। ਸਾਬਣ ਤੇਲਾਂ ਵਰਗੀ ਇਕ ਨਿਰਜਿੰਦ ਚੀਜ਼। ਪੈਸੇ ਖ਼ਾਤਰ ਆਪਣੀ ਜ਼ਮੀਰ ਵੇਚਣ 'ਤੇ ਤੁਲੀ ਅਜੋਕੀ ਔਰਤ ! ਕਲਾ ਦੇ ਨਾਂ 'ਤੇ ਜਿਸਮਾਂ ਦੀ ਨੁਮਾਇਸ਼ ! ਅਭਿਨੈ ਦੇ ਨਾਂ 'ਤੇ ਨਗਨਤਾ ਦਾ ਪ੍ਰਦਰਸ਼ਨ ! ਕਲਾਕਾਰੀ ਦੇ ਨਾਂ 'ਤੇ ਨਾਰੀਤਵ ਦਾ ਜਨਾਜ਼ਾ ਕੱਢਦੀ ਇਹ ਮਰਦ ਜ਼ਹਿਨੀਅਤ ! ਇਸ ਗੁੱਝੇ ਤੇ ਜ਼ਾਹਰਾ ਵਾਰ ਨੂੰ ਬੁੱਝਣਾ, ਪਹਿਚਾਨਣਾ ਤੇ ਰੋਕਣਾ ਅੱਜ ਸਾਡੀ ਸੰਯੁਕਤ ਜ਼ਿੰਮੇਵਾਰੀ ਹੈ, ਕਿਉਂਕਿ ਬੱਸ ਅਧੀਨ ਨਾਰੀਆਂ ਦਾ, ਮੁਖੀ ਮਾਤਹਿਤਾਂ ਦਾ, ਸਾਂਝੇ ਦਫ਼ਤਰਾਂ, ਸਾਂਝੀਆਂ ਸੰਸਥਾਵਾਂ ਵਿਚ ਲੜਕੀਆਂ ਤੇ ਔਰਤ ਕਰਮਚਾਰੀਆਂ ਦਾ ਸ਼ੋਸ਼ਣ ਅੱਜ ਵੀ ਉਵੇਂ ਹੈ, ਅੱਜ ਵੀ ਜਾਰੀ ਹੈ। ਘਰ ਵਿਚ ਵੀ ਤੇ ਘਰੋਂ ਬਾਹਰ ਤਸ਼ੱਦਦ ਨਿਰੰਤਰ ਜਾਰੀ ਹੈ, ਨਿਰੰਤਰ ਜਾਰੀ ਹੈ। ਸੋ, ਆਓ ਸਖੀਓ ! ਐਵੇਂ ਕਲਾਬਾਜ਼ੀਆਂ ਵਿਚ ਹੀ ਨਾ ਉਲਝੇ ਰਹੀਏ। ਆਪਣੀ ਜ਼ਮੀਰ ਨੂੰ ਜਗਾਓ। ਆਪਣੀ ਸਮਰੱਥਾ ਨੂੰ ਨਿਹਾਰੋ। ਆਪਣੀ ਹਸਤੀ ਨੂੰ ਪਹਿਚਾਣੋ ਉਠੋ, ਜਾਗੋ ! ਆਪਣੇ ਹੱਕਾਂ ਲਈ ਲਾਮਬੰਦ ਹੋਵੋ। ਓਸ਼ੋ ਰਜਨੀਸ਼ ਦੇ ਕਥਨ ਨਾਲ ਇਸ ਵਿਚਾਰ-ਲੜੀ ਦਾ ਅੰਤ ਕਰਨਾ ਚਾਹਾਂਗੀ ਕਿ 'ਇਹ ਪੁਰਖਾਂ ਦੀ ਬਣਾਈ ਹੋਈ ਦੁਨੀਆ ਹੈ, ਪਰ ਇਹ ਹਾਰ ਚੁੱਕੀ ਹੈ। ਇਸ ਦੁਨੀਆਂ ਨੂੰ ਤਬਾਹ ਕਰਨ ਲਈ ਸਿਰਫ ਪੁਰਖ ਹੀ ਕਾਫ਼ੀ ਹਨ। ... ਅਜੇ ਤੱਕ ਅਸੀਂ ਔਰਤ ਦੀ ਅੰਦਰਲੀ ਸ਼ਕਤੀ ਦਾ ਪ੍ਰਯੋਗ ਨਹੀਂ ਕੀਤਾ। ਹੁਣ ਤਕ ਔਰਤ ਜਿਸ ਸੰਚੇ ਵਿਚ ਢਲੀ ਹੈ, ਉਹ ਮਰਦ ਦੀ ਨਕਲ ਕੀਤੀ ਹੋਈ ਹੈ।

❑

'ਧੀਆਂ ਦੇ ਦੁੱਖ ਡਾਹਢੇ ਵੇ ਰੱਬਾ'

ਦੇਵੀ ਦੇਵਤਿਆਂ, ਗੁਰੂਆਂ ਪੀਰਾਂ ਅਤੇ ਰਿਸ਼ੀਆਂ ਮੁਨੀਆਂ ਦੀ ਪਾਕਿ ਪਵਿੱਤਰ ਇਸ ਧਰਤੀ 'ਤੇ ਕੋਈ ਵੀ ਦਿਨ ਅਜਿਹਾ ਨਹੀਂ ਲੰਘਦਾ ਜਦੋਂ ਇਹਦੀਆਂ ਜੰਮੀਆਂ ਜਾਈਆਂ ਨਾਲ ਕੋਈ ਨਾ ਕੋਈ ਘਿਨਾਉਣੀ, ਖ਼ੌਫ਼ਨਾਕ, ਹੌਲਨਾਕ ਅਤੇ ਸ਼ਰਮਨਾਕ ਤ੍ਰਾਸਦੀ ਨਹੀਂ ਵਾਪਰਦੀ। ਕਿਤੇ ਪੱਤ ਲੁੱਟਣ ਦੀਆਂ ਖ਼ਬਰਾਂ ਹਨ ਤੇ ਕਿਤੇ ਦਾਜ ਵੇਦੀ ਤੇ ਮਾਰਨ-ਜਾਲਣ ਦੀਆਂ ਘਟਨਾਵਾਂ। ਕਿੱਤੇ ਪਤੀਆਂ ਵੱਲੋਂ ਕੁੱਟਣ ਮਾਰਨ ਦੀਆਂ ਸੂਚਨਾਵਾਂ ਅਤੇ ਕਿਤੇ ਸਰਮਾਏਦਾਰਾਂ ਵੱਲੋ ਰੋਲਣ-ਮਧੋਲਣ ਦੀਆਂ ਕਹਾਣੀਆਂ। ਕਿਤੇ ਮਜ਼ਬੀ ਜਨੂੰਨੀਆਂ ਵੱਲੋਂ ਬੇਪੱਤ ਕੀਤੇ ਜਾਣ ਦੇ ਹਾਦਸੇ ਹਨ ਅਤੇ ਕਿਤੇ ਸੰਸਕਾਰਾਂ ਤੇ ਪਰੰਪਰਾਵਾਂ ਕਾਰਨ ਕੰਜ ਕੁਆਰੀਆਂ ਦੇ ਜਤ-ਸਤ ਨੂੰ ਪਲੀਤ ਕਰਨ ਦੀਆਂ ਦੁੱਖਦਾਇਕ ਖ਼ਬਰਾਂ। ਇੱਕੀਵੀਂ ਸਦੀ ਦੀਆਂ ਬਰੂਹਾਂ 'ਤੇ ਜਿੱਥੇ ਇਕ ਪਾਸੇ ਕਲਪਨਾ ਚਾਵਲਾ ਪੁਲਾੜਾਂ ਨੂੰ ਚੀਰਦੀ ਦਿਖਾਈ ਦਿੰਦੀ ਹੈ, ਉੱਥੇ ਰੋਜ਼ ਦਿਹਾੜੇ ਅਜਿਹੇ ਵੀ ਅਣਗਿਣਤ ਵਾਕਿਆ ਵਾਪਰ ਰਹੇ ਹਨ, ਜਿਨ੍ਹਾਂ ਵਿਚ ਨਾਰੀ ਗੌਰਵ ਦਾ ਸ਼ਰੇਆਮ ਸ਼ੋਸ਼ਣ ਹੋ ਰਿਹਾ ਹੈ। ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਵਿਕਾਸ ਦੇ ਪੰਧਾਂ ਦੀਆਂ ਹਾਣੀ ਬਣਦੀਆਂ ਮੁੱਠੀ ਭਰ ਔਰਤਾਂ ਵਾਕਈ ਹੀ ਆਟੇ ਵਿਚ ਲੂਣ ਬਰਾਬਰ ਹਨ। ਬੇਸ਼ਕ ਅੱਜ ਵੀ ਵੱਡੀ ਗਿਣਤੀ ਤਾਂ ਉਨ੍ਹਾਂ ਦੀ ਹੀ ਹੈ ਜੋ ਆਮ ਜੀਵਨ ਵਿਚ ਵੀ ਤਿਲ ਤਿਲ ਕੱਟ ਕੇ ਮਰਨ ਲਈ ਮਜਬੂਰ ਹਨ। ਆਓ ! ਕੌਮਾਂਤਰੀ ਔਰਤ ਦਿਵਸ 'ਤੇ ਕੁਝ ਵਿਚਾਰ ਕਰੀਏ। ਇਸ ਮੌਕੇ ਮੈਨੂੰ ਪੰਜਾਬੀ ਦਾ ਅਮਰ ਸ਼ਾਇਰ ਸ਼ਿਵ ਚੇਤੇ ਆ ਜਾਵੇ:

ਕਿਹੜੇ ਕੰਮ ਇਹ ਮਿਲਖ ਜਗੀਰਾਂ
ਜੇ ਧੀਆਂ ਕੁਮਲਾਈਆਂ।
ਕਿਹੜੇ ਕੰਮ ਤੇਰੇ ਮਾਨ ਸਰੋਵਰ
ਹੰਸਨੀਆਂ ਤਿਰਹਾਈਆਂ।
ਕਿਹੜੇ ਕੰਮ ਖਿਲਾਰੀ ਤੇਰੀ
ਚੋਗ ਮੋਤੀਆਂ ਤੁੱਲ
ਵੇ ਧਰਮੀ ਬਾਬਲਾ।

ਤੇ ਇਹ ਸ਼ਿਵ ਹੀ ਸੀ ਜਿਸ ਨੇ ਭਰੇ ਮਨ ਨਾਲ ਇਹ ਲਿਖਿਆ ਸੀ:

ਧੀਆਂ ਦੇ ਦੁੱਖ ਡਾਹਢੇ ਵੇ ਰੱਬਾ

ਧੀਆਂ ਨਾ ਜੰਮੇ ਕੋਈ।

ਤੇ ਅੱਜ ਮੈਂ ਅਤੀਤ ਦੀਆਂ ਪੈੜਾਂ ਤੇ ਝਾਕਦੀ ਮਹਿਸੂਸ ਕਰ ਰਹੀ ਹਾਂ ਕਿ ਖ਼ਵਰੇ ਧੀਆਂ ਦੀ ਦੁਰਗਤੀ ਚਿਤਵਦਿਆਂ ਹੀ ਸਮਾਜ ਇਹਨੂੰ ਗਰਭ ਵਿਚ ਮਾਰ ਮੁਕਾਉਣ ਦਾ ਉਪਰਾਲਾ ਕਰ ਰਿਹਾ ਹੈ। (ਭਾਵੇਂ ਮੇਰੀ ਜਾਚੇ ਇਹ ਅਣਮਨੁੱਖੀ ਤੇ ਮਹਾਂਨੀਚ ਕਾਰਾ ਹੈ)

ਸੂਝਵਾਨ ਪਾਠਕੋ ! ਨਿੱਤ ਦਿਨ ਵਾਪਰ ਰਹੀਆਂ ਇਹ ਦੁੱਖਦਾਇਕ ਅਣਹੋਣੀਆਂ ਸ਼ੈਤਾਨ ਦੀ ਆਂਦਰ ਵਾਂਗ ਵਧਦੀਆਂ ਹੀ ਜਾ ਰਹੀਆਂ ਹਨ। ਕਰੜਾ ਕਾਨੂੰਨ ਵੀ ਇਹਦੇ ਪੰਜਿਆਂ ਤੋਂ ਹੇਰ ਜਾਪਦੇ ਤੇ ਨਾਰੀ ਜਥੇਬੰਦੀਆਂ ਪੂਰੀ ਵਾਹ ਲਾਉਂਦੀਆਂ ਹੋਈਆਂ ਵੀ ਕੁਝ ਕਾਰਗਰ ਕਰਨੋਂ ਅਸਮਰੱਥ ਹਨ। ਇਥੋਂ ਤੱਕ ਕਿ ਬਹੁਤੇ ਕੇਸਾਂ ਵਿਚ ਰਾਸ਼ਟਰੀ ਮਹਿਲਾ ਕਮਿਸ਼ਨ ਵੀ ਆਪਣੀ ਬੇਬਸੀ ਸਵੀਕਾਰ ਰਿਹੈ। ਪ੍ਰੰਤੂ ਸੰਵੇਦਨਸ਼ੀਲ ਕਲਮ ਭਾਈ ਵੀਰ ਸਿੰਘ ਦੀ ਕਵਿਤਾ ਅਨੁਸਾਰ ਚੁੱਪੀ ਨਹੀਂ ਸਾਧ ਸਕਦੀ ਅਤੇ ਸੂਖਮਭਾਵੀ ਕਲਮਕਾਰ ਪੱਥਰ ਦਿਲ ਬਣ ਕੇ ਨਹੀਂ ਵਿਚਰ ਸਕਦਾ। ਉਹ ਖ਼ੂਨ ਦੇ ਅੱਥਰੂ ਵਹਾਉਂਦੇ ਜਦੋਂ ਵੀ ਕਿਸੇ ਬਾਬਲ ਦੀ ਬੇਟੜੀ ਦੀ ਅਰਥੀ ਉਹਦੇ ਸਸੁਰਾਲ ਦੀ ਬਜਾਇ ਪੇਕਿਆਂ ਘਰੋਂ ਨਿਕਲਦੀ ਹੈ। ਬੇਟੀ ਤਾਂ ਹਰ ਬਾਪ ਨੂੰ ਹੀ ਆਪਣੀਆਂ ਆਂਦਰਾਂ ਜਾਪਦੀ ਹੈ ਪ੍ਰੰਤੂ ਕਲਾਕਾਰ, ਸਮਾਜ ਸੇਵਕ, ਪੱਤਰਕਾਰ ਅਤੇ ਕਲਮੀ ਯੋਧਿਆਂ ਨਾਲ ਜਦੋਂ ਇਹ ਦਿਲ ਕੰਬਾਊਂ ਹਾਦਸੇ ਵਾਪਰਦੇ ਹਨ ਤਾਂ ਜ਼ਮੀਨ ਅਸਮਾਨ ਕੰਬਦੇ ਮਹਿਸੂਸ ਹੋਣ ਲੱਗਦੇ ਹਨ। ਚਿਰ ਪਹਿਲੋਂ ਪੰਜਾਬ ਦੀ ਕੋਇਲ ਨਰਿੰਦਰ ਬੀਬਾ ਦੀ ਧੀ ਉਹਦੇ ਨਿਰਦਈ ਸੁਹਰਿਆਂ ਨੇ ਮਾਰ ਮੁਕਾਈ ਸੀ ਤਾਂ ਜ਼ਮਾਨੇ ਨੂੰ ਜਿਵੇਂ ਅੱਗ ਲੱਗ ਗਈ ਸੀ। ਬਜ਼ੁਰਗ ਪੱਤਰਕਾਰ ਤੇ ਸੁਘੜ ਸਿਆਣੇ ਨੇਤਾ ਸ. ਰਵੇਲ ਸਿੰਘ ਐਡਵੋਕੇਟ ਦੀ ਬੱਚੀ ਦੀ ਵੀ ਹੋਣੀ ਇਵੇਂ ਕਿਵੇਂ ਹੀ ਆਈ ਸੀ। ਬੜਾ ਚਿਰ ਚਰਚਾ ਹੁੰਦੀ ਰਹੀ ਪਰ ਬਣਿਆ ਕੁਝ ਨਾ। ਤੇ ਅਜੇ ਕੱਲ੍ਹ ਦੀ ਗੱਲ ਹੈ ਕਿ ਸਾਡੇ ਜਾਣੇ ਪਹਿਚਾਣੇ ਪੱਤਰਕਾਰ ਵੀਰ ਵੈਦ ਗੁਰਭਜਨ ਸਿੰਘ ਸੰਨਿਆਸੀ ਦੇ ਪਰਿਵਾਰ ਨੂੰ ਆਪਣੀ ਲਾਡਲੀ ਧੀ ਦੀ ਇਸ ਦਿਲ ਲੂਹਣੀ ਹੋਣੀ ਦੇ ਰੂ-ਬ-ਰੂ ਹੋਣਾ ਪਿਐ। ਅਖ਼ਬਾਰਾਂ ਵਿਚ ਨਿੱਤ ਦਿਹਾੜੇ ਇਹ ਘਟਨਾਵਾਂ ਵਾਪਰਨ ਦੀਆਂ ਖ਼ਬਰਾਂ ਛਪਦੀਆਂ ਹਨ। ਹਾਦਸਿਆਂ ਵਾਂਗ ਇਹ ਵੀ ਦੈਨਿਕ ਵਰਤਾਰਾ ਬਣ ਕੇ ਰਹਿ ਗਿਆ ਹੈ। ਜਿਨ੍ਹਾਂ ਦੀ ਧੀ ਵਿੱਛੜਦੀ ਹੈ ਤੇ ਜਿਨ੍ਹਾਂ ਮਾਸੂਮਾਂ ਦੀ ਮਾਂ ਤੁਰਦੀ ਹੈ ਸਿਵਾਇ ਉਨ੍ਹਾਂ ਦੇ ਇਸ ਦੁੱਖ ਦੀ ਇੰਤਹਾ ਕੌਣ ਜਾਣ ਸਕਦੈ ਭਲਾ ? ਕੀ ਪੜ੍ਹੀਆਂ ਲਿਖੀਆਂ ਤੇ ਕੀ ਅਨਪੜ੍ਹ, ਕੀ ਦੇਸ ਤੇ ਕੀ ਪ੍ਰਦੇਸ ਵਿਚ, ਕੀ ਨੌਕਰੀ ਸ਼ੁਦਾ ਤੇ ਕੀ ਘਰੇਗੀ, ਕੀ ਅਮੀਰ ਤੇ ਕੀ ਗਰੀਬ ਮਾਪਿਆਂ ਦੀਆਂ ਧੀਆਂ ਅਤੇ ਕੀ ਪਿੰਡਾਂ ਦੀਆਂ ਤੇ ਕੀ ਸ਼ਹਿਰਾਂ ਦੀਆਂ ਸਭ ਦੀਆਂ ਸਭ ਧੀਆਂ ਇਕ ਸਦੀਵੀ ਖ਼ੌਫ਼ ਵਿਚੋਂ ਵਿਚਰਦੀਆਂ ਜਾਪਦੀਆਂ ਹਨ ਕਿਉਂਕਿ ਪਤਾ ਨਹੀਂ ਕਦੋਂ ਉਨ੍ਹਾਂ ਨੇ ਬਦਸਲੂਕੀ ਤੇ ਦੁਰਵਿਵਹਾਰ ਦੀਆਂ ਸ਼ਿਕਾਰ ਹੋ ਜਾਣੈ। ਇਸ ਬਾਰੇ ਉਹ ਆਪ ਅਣਜਾਣ ਹਨ। ਇਹ ਪਲ ਕਦੇ ਵੀ ਆ ਸਕਦੇ ਹਨ। ਇਹ ਜ਼ੁਲਮ ਕਿਤੇ ਵੀ ਵਾਪਰ ਸਕਦਾ

ਹੈ ਅਤੇ ਇਹ ਵਧੀਕੀਆਂ ਕਿਸੇ ਵੀ ਉਮਰੇ ਸੰਭਵ ਹਨ। ਮੇਰੇ ਚੇਤਿਆਂ ਵਿਚ ਅੱਜ ਵੀ ਰਾਜਿੰਦਰਾ ਹਸਪਤਾਲ ਵਿਖੇ ਆਖਰੀ ਦਮਾਂ ਤੇ ਪੁੱਜੀ ਨਿਰਮਲਾ ਦਸਤਕ ਦੇ ਰਹੀ ਹੈ ਜਿਸ ਨੂੰ ਦਾਜ ਦੇ ਲੋਭੀ ਸਹੁਰਿਆਂ ਨੇ ਸਾੜ ਵੀ ਦਿੱਤਾ ਤੇ ਮੁੜ ਆਪਣੇ ਹੱਕ ਵਿਚ ਬਿਆਨ ਵੀ ਲਿਖਵਾ ਲਿਆ। ਉਹਦੇ ਝੁਲਸੇ ਚਿਹਰੇ ਵਿਚਲੀ ਅੱਖਾਂ ਦੀ ਲਿਸ਼ਕ ਮੈਨੂੰ ਅੱਜ ਵੀ ਪੁੱਛਦੀ ਪ੍ਰਤੀਤ ਹੁੰਦੀ ਹੈ ਕਿ 'ਨਾਰੀ ਚੇਤਨਾ ਦਾ ਢੋਲ ਵਜਾਉਂਦੀ ਫਿਰਦੀ ਏਂ। ਤੂੰ ਵੀ ਮੇਰੇ ਲਈ ਕੀ ਕੀਤਾ ਹੈ ?" ਉਹਦੀ ਭੋਲੀ ਭਾਲੀ ਬੱਚੀ ਪੂਜਾ ਦਾ ਭਵਿੱਖ ਉਹਦੇ ਮਰਨ 'ਚ ਦੇਰੀ ਕਰ ਰਿਹਾ ਸੀ ਤੇ ਪ੍ਰੋ. ਗੁਰਦਿਆਲ ਸਿੰਘ ਦੇ ਨਾਵਲ 'ਕੁਵੇਲਾ' ਦੀ ਨਾਇਕਾ ਦੇ ਮੂਕ ਬੋਲਾਂ ਵਾਂਗ ਨਿਰਮਲਾ ਵੀ ਪੂਜਾ ਦੀ ਹੋਣੀ ਲਈ ਚਿੰਤਾਤੁਰ ਸੀ। ਉਹਦੇ ਮਾਪਿਆਂ ਦੀ ਛੋਟੀ ਹੈਸੀਅਤ ਤੇ ਗ਼ਰੀਬੀ ਅਤੇ ਸਾਡੇ ਕਾਨੂੰਨੀ ਢਾਂਚੇ ਦਾ ਨਾਕਸਪਨ ਅਣਗਿਣਤ ਨਿਰਮਲਾ ਤੇ ਹੋਰ ਬੇਟੀਆਂ ਨੂੰ ਸਮੇਂ ਦੀ ਧੂੜ ਥੱਲੇ ਦੱਬ ਤੇ ਭੁਲਾ ਦਿੰਦਾ ਹੈ।

ਪਾਠਕੋ ! ਕੇਹੇ ਚੰਦਰੇ ਸਮੇਂ ਆ ਗਏ ਹਨ ਕਿ ਜਿੱਥੇ ਡੋਲੀ ਅੱਪੜਦੀ ਹੈ ਉੱਥੇ ਅਰਥੀ ਨਹੀਂ ਉੱਠਦੀ। ਸ਼ਰਮ ਤੇ ਧਰਮ ਦੋਵੇਂ ਖੰਭ ਲਾ ਕੇ ਉੱਡ ਪੁੱਡ ਗਏ ਹਨ। ਰਾਜਾ ਪਰਜਾ ਸਭ ਦੇ ਖ਼ੂਨ ਸਫੈਦ ਹੋ ਗਏ ਹਨ। ਲੋਕਾਂ ਦੀ ਰੀਸੋ ਰੀਸੇ ਸ਼ਹਾਨਾ ਢੰਗ ਨਾਲ ਜਿਊਣ ਦੀ ਲਾਲਸਾ, ਪਦਾਰਥਵਾਦ ਦੀ ਅੰਨ੍ਹੀ ਹੋੜ, ਕਬਜ਼ੇ ਦੀ ਭਾਵਨਾ ਤੇ ਰਾਤੋ ਰਾਤ ਅਮੀਰ ਹੋ ਜਾਣ ਦੀ ਖ਼ਾਹਿਸ਼ ਅੱਜ ਧੀਆਂ ਤੇ ਧੀਆਂ ਦੇ ਮਾਪਿਆਂ ਦਾ ਜਿਊਣਾ ਦੁੱਭਰ ਕਰ ਰਹੀ ਹੈ। ਦਿਨ ਰਾਤ ਇਹੋ ਜਿਹੇ ਕਹਿਰ ਵਾਪਰ ਰਹੇ ਹਨ। ਅਜਿਹੇ ਕੇਸਾਂ ਵਿਚ ਨਿੱਤ ਦਿਨ ਵਾਧਾ ਹੋ ਰਿਹਾ ਹੈ। ਰੋਜ਼ ਰੋਜ਼ ਇਹ ਘਟਨਾਵਾਂ ਸੁਰਖ਼ੀਆਂ ਬਣ ਰਹੀਆਂ ਹਨ ਪਰ ਕੋਈ ਕਾਨੂੰਨ ਇਸ ਨੂੰ ਠੱਲ੍ਹ ਕਿਉਂ ਨਹੀਂ ਪਾ ਰਿਹਾ ? ਭਾਰਤ ਦੇ ਇਕ ਸੁਘੜ ਨੇਤਾ (ਵਾਜਪਾਈ ਜੀ) ਬਲਾਤਕਾਰੀ ਦੀ ਸਜ਼ਾ ਮੌਤ ਨਿਰਧਾਰਤ ਕਰਨ ਦੇ ਹੱਕ ਵਿਚ ਹਨ ਪਰ ਉਹ ਪਹਿਲਾਂ ਸਹੁਰਿਆਂ ਦੇ ਜ਼ੁਲਮਾਂ ਦੀਆਂ ਸ਼ਿਕਾਰ ਬਹੂ ਬੇਟੀਆਂ ਲਈ ਵੀ ਅਜਿਹੀ ਸਜ਼ਾ ਦੀ ਵਕਾਲਤ ਕਿਉਂ ਨਹੀਂ ਕਰ ਰਹੇ ?

ਪਾਠਕੋ ! ਮੇਰੀ ਜਾਚੇ ਸਹੁਰੇ ਘਰਾਂ ਵਿਚ ਖ਼ੁਦ ਸੜ ਮਰ ਜਾਣ ਵਾਲੀਆਂ ਬਹੂਆਂ ਦੂਹਰੀ ਮਾਰ ਦੀਆਂ ਸ਼ਿਕਾਰ ਹਨ। ਮਾਪੇ ਉਨ੍ਹਾਂ ਨੂੰ ਝੱਲਦੇ ਨਹੀਂ ਜਾਂ ਝੱਲਣ ਲਈ ਤਿਆਰ ਨਹੀਂ ਤੇ ਸਹੁਰੇ ਗ਼ਲਤ ਸਹੀ ਢੰਗ ਵਰਤ ਕੇ ਮਜਬੂਰ ਕਰਦੇ ਹਨ। ਲੜਕੀਆਂ ਜਾਣ ਤਾਂ ਕਿੱਥੇ ਜਾਣ ? ਨਾ ਕੋਈ ਅੱਗੇ ਸਾਂਭੇ ਤੇ ਨਾ ਕੋਈ ਪਿੱਛੇ। ਕੇਵਲ ਮੌਤ ਦੀ ਗੋਦ ਹੀ ਉਨ੍ਹਾਂ ਦਾ ਨਸੀਬ ਬਣਦੀ ਹੈ। ਅੱਜ ਸਮੇਂ ਦੀ ਲੋੜ ਹੈ ਕਿ ਬੱਚੀਆਂ ਨੂੰ ਪੂਰੀ ਤਰ੍ਹਾਂ ਪੈਰਾਂ ਤੇ ਖੜ੍ਹੇ ਕਰੋ। ਉਨ੍ਹਾਂ ਨੂੰ ਨੌਕਰੀ ਯੋਗ ਬਣਾਓ, ਅਮਲੀ ਸਿੱਖਿਆ ਦਿਵਾਓ। ਉਨ੍ਹਾਂ ਦੇ ਭਵਿੱਖ ਬਾਰੇ ਵਰਤਮਾਨ 'ਚ ਸੋਚੋ। ਵਸਤਾਂ ਦੇ ਦਾਜ ਦੀ ਬਜਾਏ ਵਿੱਦਿਆ ਤੇ ਗੁਣਾਂ ਦਾ ਦਾਜ ਦਿਓ। ਫਿਰ ਵੀ ਜੇ ਬੇਟੀ 'ਤੇ ਮੁਸੀਬਤ ਆਵੇ, ਉਨ੍ਹਾਂ ਨੂੰ ਛਾਤੀ ਨਾਲ ਲਾਓ। ਉਹਦਾ ਸਿਰ ਪਲੋਸੋ। ਉਸ ਨੂੰ ਬੇਗਾਨੀ ਨਾ

ਸਮਝੇ। ਬਹੂ ਨੂੰ ਆਪਣੀ ਧੀ ਜਾਣੇਂ। ਅਖੀਰ ਵਿਚ ਮੈਨੂੰ ਅਜੋਕੇ ਸਮੇਂ ਦੀ ਗਾਥਾ ਬਣ ਚੁੱਕੀ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਯਾਦ ਆ ਰਹੀ ਹੈ ਜਿਸ ਨੇ ਕਿੱਡਾ ਸਹੀ ਲਿਖਿਆ ਸੀ:

ਲਾਵੀਂ ਤੇ ਲਾਵੀਂ ਨੀ ਕਲੇਜੇ ਦੇ ਨਾਲ ਮਾਏਂ।
ਦੱਸੀਂ ਤਾਂ ਦੱਸੀਂ ਇਕ ਬਾਤ ਨੀ।
ਬਾਤਾਂ ਤੇ ਲੰਮੀਆਂ ਨੀ ਧੀਆਂ ਕਿਉਂ ਜੰਮੀਆਂ ਨੀ?
ਅੱਜ ਵਿਛੋੜੇ ਵਾਲੀ ਰਾਤ ਨੀ!
ਰੱਖੀਂ ਨੀ ਰੱਖੀਂ ਸਾਨੂੰ ਅੱਜ ਦੀ ਰਾਤ ਮਾਏਂ।
ਸਦਾ ਵਸਣ ਤੇਰੇ ਭਾਲ ਨੀ।
ਚਰਖਾ ਜੁ ਡਾਹਨੀ ਆ ਮੈਂ,
ਛੋਪੇ ਜੁ ਪਾਨੀ ਆ ਮੈਂ।
ਪਿੜੀਆਂ ਦੇ ਵਾਲੇ ਮੇਰੇ ਖੇਸ ਨੀ।
ਪੁੱਤਰਾਂ ਨੂੰ ਦਿੱਤੇ ਉੱਚੇ ਮਹਿਲ ਤੇ ਮਾੜੀਆਂ
ਧੀਆਂ ਨੂੰ ਦਿੱਤਾ ਪ੍ਰਦੇਸ ਨੀ।

ਪ੍ਰਦੇਸੀ ਹੋਈ ਧੀ ਕਿਸ ਹੋਣੀ ਦੇ ਪੱਲੇ ਪੈਂਦੀ ਹੈ, ਉਸ ਨਾਲ ਪੂਰਾ ਸਰੋਕਾਰ ਰੱਖਣ ਦੀ ਲੋੜ ਹੈ। ਹੁਣ ਦੇ ਸਮੇਂ ਦੀ ਇਹ ਵੀ ਫੌਰੀ ਲੋੜ ਹੈ ਕਿ ਬੱਚੀਆਂ ਦੇ ਭਵਿੱਖ ਬਾਰੇ ਅਸੀਂ ਬੇਹੱਦ ਸੁਚੇਤ ਹੋ ਕੇ ਤੁਰੀਏ। ਨੌਜਵਾਨ ਮੁੰਡੇ ਕੁੜੀਆਂ ਦਾ ਦਲੇਰਾਨਾ ਸਟੈਂਡ ਵੀ ਵਕਤ ਦੀ ਮੰਗ ਹੈ। ਪੁਰਾਤਨਪੰਥੀ ਵਿਚਾਰਾਂ ਵਾਲੇ ਮਾਪਿਆਂ ਦੀ ਸੋਚ ਨੂੰ ਜੁੰਬਸ਼ ਦੇਣ ਲਈ ਅੱਜ ਉਨ੍ਹਾਂ ਦੇ ਧੀਆਂ ਪੁੱਤਰਾਂ ਦਾ ਵਿਸ਼ੇਸ਼ ਰੋਲ ਹੈ। ਆਓ! ਅਜਿਹੀ ਕਰਨੀ ਕਰ ਸਕਣ ਦੇ ਕਾਬਿਲ ਹੋਈਏ ਕਿ ਕੋਈ ਵੀ ਮਾਪਾ ਇਹ ਨਾ ਸੋਚੇ:

'ਧੀਆਂ ਦੇ ਦੁੱਖ ਡਾਹਢੇ ਵੇ ਰੱਬਾ
ਧੀਆਂ ਨਾ ਜੰਮੇ ਕੋਈ।

❑

'ਖੁੱਲ੍ਹ ਕੇ ਕਹੂੰ ਤੋ ਹੂਈ ਹੈ ਰੁਸਵਾਈ'

ਮਾਯੂਸੀਆਂ ਦੇ ਇਕ ਧੁੰਦਲੇ ਆਲਮ ਵਿਚ ਬੇਗਮ ਅਖ਼ਤਰ ਦੇ ਇਹ ਤਰੰਨਮਾਏ ਬੋਲ ਮੇਰਾ ਕਲੇਜਾ ਚਾਕ ਕਰਦੇ ਜਾ ਰਹੇ ਸਨ:

ਖੁੱਲ੍ਹ ਕੇ ਕਹੂੰ ਤੋ ਹੂਈ ਹੈ ਰੁਸਵਾਈ
ਚੁੱਪ ਸਾ ਜੀਅਰਾ ਭਸਮ ਹੂਆ ਜਾਈ ਰੇ ।

ਕਿੰਨੀ ਪੀੜਾ ਹੈ ਇਸ ਸ਼ਿਅਰ ਵਿਚ ! ਕਿੰਨਾ ਦਰਦ ! ਤੇ ਕਿੰਨਾ ਵੱਡਾ ਅਰਥ ਹੈ ਇਸਦਾ ! ਦਰਦਮੰਦਾਂ ਦੀਆਂ ਆਹਾਂ ਅੰਬਰਾਂ ਨੂੰ ਸਿਆਹ ਕਰ ਸਕਦੀਆਂ ਹਨ । ਦੁਖਿਆਰਿਆਂ ਦੀਆਂ ਬਦਦੁਆਵਾਂ ਪੱਥਰਾਂ ਨੂੰ ਭਸਮ ਕਰ ਸਕਦੀਆਂ ਹਨ । ਤੇ ਬੇਗੁਨਾਹਾਂ ਦੀਆਂ ਕੁਰਲਾਹਟਾਂ ਜ਼ਿਮੀ ਅਸਮਾਨ ਕੰਬਾ ਸਕਦੀਆਂ ਹਨ । ਪਰੰਤੂ ! ਸ਼ਾਇਦ ਇਹ ਕਿਸੇ ਕਥਿਤ ਸਤਿਯੁਗ ਦੇ ਸਮੇਂ ਦੀਆਂ ਗੱਲਾਂ ਹਨ ! ਅੱਜ ਦਾ ਸੱਚ ਤਾਂ ਡਾਹਢਾ ਕਰੂਰ ਹੈ। ਨਿਹਾਇਤ ਕੌੜਾ। ਇਸਨੂੰ ਸੁਣ ਵੇਖਕੇ ਹਰ ਸੁਹਿਰਦ, ਸੰਵੇਦਨਸ਼ੀਲ ਅਤੇ ਦਰਦਮੰਦ ਪ੍ਰਾਣੀ ਇਕ ਹਉਕਾ ਭਰ ਕੇ ਰਹਿ ਜਾਵੇ, ਇਕ ਸਿਸਕੀ ਲੈ ਕੇ ਚੁੱਪ ਕਰ ਜਾਵੇ ਤੇ ਲਾਚਾਰੀ ਉਹਦੀਆਂ ਬਾਹਾਂ ਫੜ ਲਵੇ ।

'ਵਿਆਹ' ਸ਼ਬਦ ਸਾਡੇ ਮਨ-ਆਂਗਣ ਵਿਚ ਸ਼ਹਿਨਾਈਆਂ ਛੇੜ ਦਿੰਦੈ। ਗੁਦਗੁਦਾਰੀਆਂ ਕੱਢਣ ਲੱਗ ਪੈਂਦੇ। ਸਾਡੇ ਪੈਰਾਂ ਨੂੰ ਥਿਰਕਾ ਦਿੰਦੈ। ਪਰੰਤੂ ਜਦੋਂ ਕੋਈ ਇਨਸਾਨ ਅਚਨਚੇਤੀ ਇਹੋ ਜਿਹੀ ਕੋਈ ਚਕਾਚੌਂਧੀ ਖ਼ਬਰ ਪੜ੍ਹ ਉੱਠੇ ਕਿ "ਨਵ ਵਿਆਹੁਤਾ ਦੀ ਸਮੂਹਿਕ ਬਲਾਤਕਾਰ ਉਪਰੰਤ ਸਹੁਰਿਆਂ ਵਲੋਂ ਹੱਤਿਆ" ਤਾਂ ਮਨ ਦਾ ਤਵਾਜ਼ਨ ਰੱਖਣਾ ਮੁਸ਼ਕਿਲ ਹੋ ਜਾਂਦੈ । ਦਿਲ ਨੂੰ ਟਿਕਾਉਣਾ ਔਖਾ ਜਾਪਦੈ । ਰੂਹ ਦਾ ਸਕੂਨ ਜਾਂਦਾ ਰਹਿੰਦੈ । 'ਸਰਮੁ ਧਰਮੁ ਦੁਇ ਛਪਿ ਖਲੋਇ' ਦੀ ਸਾਰਥਿਕਤਾ ਹੋਰ ਵਧੇਰੇ ਪ੍ਰਘਟ ਹੋ ਜਾਂਦੀ ਹੈ । ਧਰਮਸ਼ਾਲਾ ਇਲਾਕੇ ਵਿਚ ਵਿਆਹੀ ਆਈ ਇਕ ਨਾਬਾਲਗ (17 ਵਰ੍ਹਿਆਂ ਦੀ) ਮੁਟਿਆਰ ਸਵਰਨਾ ਦੇਵੀ ਨੇ ਮਹਿੰਦੀ ਰਚਾਉਂਦਿਆਂ, ਕਲੀਰੇ ਬੰਨ੍ਹਦਿਆ ਤੇ ਸੁਹਾਗ-ਭਾਗ ਦੀਆਂ ਚਿਰਜੀਵੀ ਸੁੱਖਾਂ ਸੱਖਦਿਆਂ ਅਜਿਹਾ ਮਨਹੂਸ ਤਸੱਵਰ ਕਦੇ ਨਹੀਂ ਕੀਤਾ ਹੋਣਾ ਕਿ ਜਿਸ ਘਰ ਉਹਦੀ ਡੋਲੀ ਜਾ ਰਹੀ ਹੈ ਉਹੀ ਘਰ ਉਸ ਨਾਲ ਅਣਮਨੁੱਖੀ, ਕੋਹਜੀ ਤੇ ਨੀਚ ਹਰਕਤ ਕਰਕੇ ਤੇ ਉਸਨੂੰ ਬੇਪੱਤ ਕਰਕੇ ਉਸਦਾ ਕਾਤਲ ਬਣ ਨਿਬੜੇਗਾ । ਦਾਜ ਦਹੇਜ ਪਿੱਛੇ ਅਜਿਹੀਆਂ ਹੌਲਨਾਕ ਮੌਤਾਂ ਸਾਡੇ ਸਮਾਜ ਦਾ ਨਿੱਤ ਦਾ ਵਰਤਾਰਾ ਬਣ ਗਈਆਂ ਹਨ ਪਰੰਤੂ ਬਹੂ ਦੀ ਡੋਲੀ ਆਉਂਦਿਆਂ ਹੀ ਉਸ 'ਤੇ ਗਿਰਝਾਂ ਵਾਂਗ ਝਪਟ ਕੇ ਉਸਦਾ ਅੰਗ ਅੰਗ ਨੋਚ ਦੇਣਾ, ਉਸ ਨਾਲ ਕਥਿਤ ਪਤੀ

(ਲਾਵਾਂ ਫੇਰੇ ਜੁ ਲੈ ਕੇ ਆਇਆ ਸੀ) ਉਸਦੇ ਵੱਡੇ, ਛੋਟੇ ਭਰਾਵਾਂ ਅਤੇ ਹੋਰ ਰਿਸ਼ਤੇਦਾਰਾਂ ਵਲੋਂ ਸਮੂਹਿਕ ਬਲਾਤਕਾਰ ਸ਼ਾਇਦ ਸਾਡੇ ਇਸ ਸਭਿਅਕ ਅਖਵਾਉਂਦੇ ਸਮਾਜ ਵਿਚ ਇਕ ਨਿਹਾਇਤ ਘਿਣਾਉਣੀ, ਹੋਲਨਾਕ ਅਤੇ ਦਿਲਚੀਰਵੀਂ ਘਟਨਾ ਹੀ ਨਹੀਂ ਹੈ ਸਗੋਂ ਆਪਣੇ ਕਿਸਮ ਦੀ ਖ਼ਵਰੇ ਪਹਿਲੀ ਘਟਨਾ ਵੀ ਹੋਵੇ ਕਿਉਂਕਿ ਜਬਰ ਜਿਨਾਹ ਉਪਰੰਤ ਮਾਸੂਮ ਸਵਰਨਾ ਦੇਵੀ ਨੂੰ ਨਜ਼ਦੀਕੀ ਨਾਲੇ ਵਿਚ ਸੁੱਟ ਦਿੱਤਾ ਗਿਆ ਜਿਥੋਂ ਕੁਝ ਰਾਹਗੁਜ਼ਰ ਪੇਂਡੂਆਂ ਨੇ ਉਸਨੂੰ ਹਸਪਤਾਲ ਪਹੁੰਚਾਇਆ। ਪਰ ਇਨ੍ਹਾਂ ਅਵੱਲੀਆਂ ਪੀੜਾਂ ਦਾ ਦਰਦ ਨਾ ਸਹਿ ਸਕਦਿਆਂ ਉਹ ਮਾਪਿਆਂ ਦੇ ਜਿਗਰ ਦਾ ਟੋਟਾ ਵਿਆਹ ਦੇ ਅਗਲੇ ਹੀ ਦਿਨ ਇਸ ਜਹਾਂ ਨੂੰ ਅਲਵਿਦਾ ਕਹਿ ਗਈ।

ਲੂੰ ਕੰਡੇ ਖੜ੍ਹੇ ਕਰਨ ਵਾਲੀ ਇਹ ਦੁਰਘਟਨਾ ਪੜ੍ਹ-ਸੁਣ ਕੇ ਕਿਹੜਾ ਸੰਵੇਦਨਸ਼ੀਲ ਇਨਸਾਨ ਸਵਰਨਾ ਲਈ ਆਹ ਨਹੀਂ ਭਰੇਗਾ ਭਲਾ ? ਤੇ ਉਹਦੇ ਸੁਸਰਾਲ ਵਾਲਿਆਂ 'ਤੇ ਨਹੀਂ ਥੁੱਕੇਗਾ ? ਕਿਹੜਾ ਮਾਨਵਤਾਵਾਦੀ ਇਸ ਹਾਦਸੇ 'ਤੇ ਹੰਝੂ ਨਹੀਂ ਕੇਰੇਗਾ ? ਕਲੀਰੇ-ਬੱਧੀ ਦੁਲਹਨ ਦੇ ਚਾਵਾਂ ਮਲਾਰਾਂ ਤੋਂ ਬੇਨਿਆਜ਼, ਹਵਸ ਦਾ ਮਾਰਿਆ ਇਕ ਅੰਨ੍ਹਾ ਕਾਮੀ ਪਤੀ ਤੇ ਕਾਮ ਵਾਸਨਾ ਨਾਲ ਲਬਰੇਜ਼ ਉਹਦੇ ਭਾਈਬੰਦ ਇਕ ਅਜਿਹਾ ਚਿੱਤਰ ਪੇਸ਼ ਕਰਦੇ ਹਨ ਜਿੱਥੇ ਲੁੱਟ ਖਸੁੱਟ ਮਚੀ ਹੋਈ ਹੋਵੇ, ਚਾਰੇ ਪਾਸੇ ਆਪੋ ਧਾਪੀ ਫੈਲੀ ਹੋਵੇ ਤੇ ਕਿਸੇ ਦੀ ਇਜ਼ਤ-ਆਬਰੂ ਦਾ ਕਿਸੇ ਦੂਜੇ ਨੂੰ ਕੋਈ ਖ਼ਿਆਲ ਤੱਕ ਨਾ ਹੋਵੇ। ਅਜੀਵਨ ਰੱਖਿਆ ਦਾ ਪ੍ਰਣ ਕਰਕੇ ਪਰਤਿਆ, ਪੱਲੇ ਨਾਲ ਗੰਢ-ਚਤਰਾਵਾ ਕਰਕੇ ਲਿਆਇਆ ਤੇ ਸ਼ਗਨਾਂ ਮਲਾਰਾਂ ਸੰਗ ਘਰ ਪੁੱਜਦਿਆਂ ਹੀ ਇਕ ਇਨਸਾਨ ਹੈਵਾਨ ਵੀ ਬਣ ਸਕਦੈ, ਇਹ ਕੋਈ ਅਣਹੋਣੀ ਗੱਲ ਨਹੀਂ ਪਰੰਤੂ ਸਾਡੇ ਵਿਧਾਨ ਅਤੇ ਪਰੰਪਰਾ ਵਿਚ 'ਵਿਆਹ' ਦੇ ਬੜੇ ਪਵਿੱਤਰ ਭਾਵ ਹਨ-ਤਨ ਤੋਂ ਇਲਾਵਾ ਮਨ ਦਾ ਮਿਲਣਾ। ਤਨ, ਮਨ ਤੇ ਆਤਮਾ ਦਾ ਮਿਲਣ—

ਧਨੁ, ਪਿਰੁ ਇਹੁ ਨ ਆਖੀਅਨ ਬਹਨਿ ਇਕੱਠੇ ਹੋਇ।
ਏਕੁ ਜੋਤਿ ਦੁਇ ਮੂਰਤੀ ਧਨੁ ਪਿਰੁ ਕਹੀਅਹਿ ਸੋਇ।

ਵਿਆਹ ਉਪਰੰਤ ਨਾਰੀ 'ਚ ਇਕੋ ਭਰੋਸਾ ਹੁੰਦੈ 'ਵਿਆਹੁ ਹੋਆ ਮੇਰੇ ਬਾਬਲਾ ਗੁਰਮੁਖੇ ਵਰ ਪਾਇਆ।' ਇੰਞ, 'ਗੁਰਮੁਖ ਵਰ' ਦੀ ਬਜਾਇ ਜਿਸ ਚੰਡਾਲ ਪਤੀ ਤੇ ਦੁਸ਼ਟ ਸੁਸਰਾਲ ਨਾਲ ਤਿਤਲੀ ਵਰਗੀ ਬੇਪਰਵਾਹ ਸਵਰਨਾ ਦਾ ਵਾਹ ਪਿਆ, ਉਹ ਸਾਡੇ ਸਾਰਿਆ ਦੀ ਚਿੰਤਾ ਦਾ ਵਿਸ਼ਾ ਹੈ। ਬੇਗਾਨੀਆਂ ਧੀਆਂ ਦੀ ਪੱਤ ਰੋਲਣ ਦੀ ਗਾਥਾ ਹੈ ਇਹ। ਮਾਸੂਮ ਕਲੀਆਂ ਦੀ ਹਯਾ ਰੋਲਣ ਵਾਲੀ ਗੱਲ ਹੈ। ਜੇਲ੍ਹ ਦੀਆਂ ਕੋਠੜੀਆਂ ਵਿਚ ਡੱਕੇ ਅਜਿਹੇ ਦੋਸ਼ੀ ਵੀ ਉਸ ਬੇਕਸੂਰ ਮਾਰੀ ਗਈ ਸਵਰਨਾ ਤੇ ਉਹਦੇ ਬੇਬਸ ਮਾਪਿਆਂ ਨੂੰ ਕੋਈ ਧਰਵਾਸ ਨਹੀਂ ਦੇ ਸਕਣਗੇ। ਜਿਨ੍ਹਾਂ ਨੇ ਵਿਆਹ ਦੇ ਪਵਿੱਤਰ ਨਾਂ ਨੂੰ ਕਲੰਕਿਤ ਕੀਤਾ ਹੈ।

ਇਸ ਦਿਲਚੀਰਵੀਂ ਘਟਨਾ ਦਾ ਵਰਣਨ ਕਰਦਿਆਂ ਮੈਨੂੰ ਫਰਾਂਸੀਸੀ ਲੇਖਕਾ ਸੀਮੋਨ ਦੀਬੋਵਾ ਦਾ ਇਹ ਕਥਨ ਸ਼ਿੱਦਤ ਨਾਲ ਟੁੰਬਣ ਲਗਦਾ ਹੈ ਕਿ 'ਇਹ ਅਜੇ ਤੱਕ ਮਰਦਾਂ

ਦੀ ਹੀ ਦੁਨੀਆ ਹੈ। ਪੁਰਖਾਂ ਨੂੰ ਇਹਦੇ ਬਾਰੇ ਕੋਈ ਭੁਲੇਖਾ ਨਹੀਂ ਪਰੰਤੂ ਔਰਤ ਦਾ ਕੋਈ ਸੰਸਾਰ ਨਹੀਂ (ਘਰ ਨਹੀਂ)' ਕੇਹਾ ਕਰੂਰ ਯਥਾਰਥ ਬਿਆਨਿਐ ਦੀਬੇਵਾ ਨੇ ਕਿਉਂਕਿ ਜਦੋਂ ਤੋਂ ਲੜਕੀ ਨੂੰ ਸਮਝ ਆਉਣੀ ਸ਼ੁਰੂ ਹੁੰਦੀ ਹੈ ਉਦੋਂ ਤੋਂ ਜਿਹੜੀ ਗੱਲ ਉਹਦੇ ਕੰਨੀਂ ਪਾਈ ਜਾਂਦੀ ਹੈ ਉਹ ਇਹੀ ਹੈ ਕਿ ਉਹ ਬੇਗਾਨੀ ਹੈ। ਪਰਾਈ ਅਮਾਨਤ ਤੇ ਉਹਦਾ ਘਰ ਇਹ ਨਹੀਂ ਜਿਸਨੂੰ ਉਹ ਜੀ ਜਾਨ ਨਾਲ ਪਿਆਰਦੀ ਤੇ ਸ਼ਿੰਗਾਰਦੀ ਹੈ। ਬਚਪਨ ਦੀਆਂ ਗਲੀਆਂ ਛੱਡ ਤੇ ਬਾਬਲ ਅੰਮੜੀ ਦੇ ਵਿਹੜੇ ਨੂੰ ਅਲਵਿਦਾ ਕਹਿ ਜਦੋਂ ਉਹ ਬੇਗਾਨੇ (ਆਪਣੇ ਅਸਲੀ) ਘਰ ਪਹੁੰਚਦੀ ਹੈ ਤਾਂ ਜੇਕਰ ਸਵਾਗਤ ਬਦਨਸੀਬ ਸਵਰਨਾ ਜਿਹਾ ਹੋਵੇ ਤਾਂ ਧੀ ਦਾ ਕਿਹੜਾ ਘਰ ਹੋਇਆ ? ਮਾਪੇ ਕਿਹੜੇ ਕਾਨੂੰਨ ਅੱਗੇ ਚਾਰਾਜੋਈ ਕਰਨ ? ਕਿਥੋਂ ਆਪਣੀ ਲਾਡੋ ਰਾਣੀ ਨੂੰ ਲੱਭ ਲਿਆਉਣ ? ਕਿਧਰੇ ਚਾਕੂ, ਕਿਤੇ ਤੇਲ, ਕਿਤੇ ਜ਼ਹਿਰ, ਕਿਤੇ ਨਹਿਰ ਅਤੇ ਕਿਧਰੇ ਕੋਈ ਜ਼ਹਿਰੀਲਾ ਡੰਗ ਇਨ੍ਹਾਂ ਧੀਆਂ ਦਾ ਹਾਣੀ ਬਣਦੇ। ਐਵੇਂ ਤਾਂ ਨਹੀਂ ਧੀ ਦੇ ਵਿਦਾ ਹੁੰਦਿਆਂ ਘਰ ਦੀਆਂ ਚਾਰੇ ਕੰਧਾਂ ਹਿੱਲਦੀਆਂ।

ਜਿਸਮਾਨੀ ਤੌਰ 'ਤੇ ਮਰਦ ਦੇ ਮੁਕਾਬਲੇ ਕਮਜ਼ੋਰ ਹੋਣ ਕਰਕੇ ਹੀ ਬਹੂ ਬੇਟੀਆਂ ਇਨ੍ਹਾਂ ਕਹਿਰਾਂ ਦਾ ਸ਼ਿਕਾਰ ਹੁੰਦੀਆਂ ਹਨ। ਕੁਝ ਸਾਡੀ ਸੋਚ ਤੇ ਕਰਮਾਂ ਵਿਚ ਮਰਦ-ਪ੍ਰਮੁਖਤਾ ਹੈ ਜਿਸ ਕਰਕੇ ਥੋੜ੍ਹੇ ਕੀਤੇ ਔਰਤ ਪਹਿਲ ਨਹੀਂ ਕਰਦੀ। ਉਂਵ ਕਿਹੜੇ ਅੰਬਰ ਇਸ ਔਰਤ ਨੇ ਨਹੀਂ ਛੂਹੇ ? ਕਿਹੜੇ ਪੰਧ ਇਸਨੇ ਨਹੀਂ ਮੁਕਾਏ ? ਕਿਹੜੇ ਪਾਤਾਲ ਨਹੀਂ ਗਾਹੇ ਇਸਨੇ ? ਕਿਹੜੇ ਸਾਗਰੀਂ ਨਹੀਂ ਉੱਤਰੀ ਇਹ ? ਕਿਹੜੇ ਪੁਲਾੜ ਨਹੀਂ ਘੁੰਮੇ ਇਸਨੇ ? ਕਿਹੜਾ ਖੇਤਰ ਨਹੀਂ ਛੁਹਿਆ ਨਾਰੀ ਨੇ ? ਕਿਹੜੀ ਕਾਮਯਾਬੀ ਨਹੀਂ ਪਾਈ ਇਸਨੇ ? ਪਰੰਤੂ ਇਹ ਉਪਲਬਧੀਆਂ ਕੁਝ ਚੋਣਵੀਆਂ ਔਰਤਾਂ ਦੀਆਂ ਹਨ। ਇਹ ਪ੍ਰਾਪਤੀਆਂ ਕੁਝ ਉਂਗਲਾਂ ਤੇ ਗਿਣੀਆਂ ਜਾ ਸਕਦੀਆਂ ਮਹਿਲਾਵਾਂ ਦੀਆਂ ਹੀ ਹਨ-ਵਧੇਰੇ ਸਵਰਨਾ ਵਾਂਗ ਕੁੰਭੀ ਨਰਕ ਭੋਗਦੀਆਂ ਹੀ ਤੁਰ ਜਾਂਦੀਆਂ ਹਨ। ਬਹੁਤੀਆ ਗੋਹਾ-ਕੂੜਾ, ਭਾਂਡਾ-ਟੀਂਡਾ, ਮੈਲਾ-ਕੁਚੈਲਾ ਢੋਂਦੀਆਂ ਅਤੇ ਖ਼ਾਵੰਦਾਂ ਦੀ ਮਰਜ਼ੀ ਅਨੁਸਾਰ ਜਿਉਂਦੀਆਂ ਹੀ ਜਹਾਨੋਂ ਕੂਚ ਕਰਦੀਆਂ ਹਨ। ਬੀ.ਬੀ.ਸੀ. ਦੇ 'ਮਾਨਵੀ' ਸੀਰੀਅਲ ਦੀ ਇਕ ਮਾਂ ਦੇ ਇਹ ਬੋਲ, 'ਕਾਸ਼ ਕਿ ਮੈਂ ਆਪਣੇ ਪੁੱਤ ਤੇ ਧੀ ਦੋਹਾਂ ਨੂੰ ਹੀ ਦੁੱਧ ਦੇ ਸਕਦੀ। ਹੁਣ ਉਹ ਕੇਵਲ ਪੁੱਤਰ ਨੂੰ ਹੀ ਦੁੱਧ ਦੇ ਸਕਦੀ ਹੈ।' ਸਾਡੇ ਸਮਾਜ ਦੇ ਇਸ ਅੱਧ ਦੀ ਹੋਣੀ ਨੂੰ ਸਾਡੇ ਸਾਹਮਣੇ ਸਾਕਾਰਦੇ ਹਨ। ਇਵੇਂ ਹੀ ਟੀ.ਵੀ. ਮੁਲਾਕਾਤ ਵਿਚ ਇਕ ਬਾਪ ਦਾ ਸਪੱਸ਼ਟੀਕਰਨ ਸੀ ਕਿ 'ਗਰਭ ਟੈਸਟਾਂ ਉਪਰੰਤ ਧੀ ਦੇ ਭਰੂਣ ਗਿਰਾਉਣ ਦਾ ਮੁਖ ਕਾਰਨ ਵੀ ਇਹੀ ਹੈ ਕਿ ਭਾਰਤੀ ਸਮਾਜ ਵਿਚ ਧੀ ਦੇ ਬਾਪ ਦੀ ਜ਼ਿੰਮੇਵਾਰੀ ਕਦੀ ਨਹੀਂ ਮੁੱਕਦੀ।'

ਪ੍ਰਸੰਗਵਸ, ਧੀ ਦੇ ਭਰੂਣਾਂ ਦਾ ਜ਼ਿਕਰ ਆਇਆ ਹੈ ਤਾਂ ਪਿਛਲੇ ਦਿਨੀਂ ਹਾਂਗਕਾਂਗ ਵਿਚ ਛਪੀ ਇਕ ਅਤਿਅੰਤ ਹੌਲਨਾਕ ਖ਼ਬਰ ਨੂੰ ਆਪਣੇ ਸੁਹਿਰਦ ਪਾਠਕਾਂ ਨਾਲ ਸਾਂਝੇ ਕੀਤੇ ਬਿਨਾਂ ਮੈਂ ਅਗਾਂਹ ਨਹੀਂ ਤੁਰ ਸਕਾਂਗੀ। ਚੀਨ ਵਿਚ 'ਅਸੀਂ ਇਕ ਸਾਡਾ

ਇਕ' ਦੀ ਨੀਤੀ ਲਾਗੂ ਹੈ। ਪੁੱਤਰ-ਮੋਹ ਵਿਚ ਖੁੱਭੇ ਮਾਪੇ ਬਹੁਤ ਵਾਰ ਗਰਭਪਾਤ ਕਰਵਾਉਂਦੇ ਤੁਰੇ ਰਹਿੰਦੇ ਹਨ ਜਦੋਂ ਤੱਕ ਕਿ ਗਰਭ ਵਿਚਲਾ ਭਰੂਣ ਪੁੱਤਰ ਸਿੱਧ ਨਹੀਂ ਹੋ ਜਾਂਦਾ। ਤੇ ਧੀ ਦੇ ਭਰੂਣ ਹੁਣ ਉਥੋਂ ਦੀ ਖ਼ਾਧ-ਖ਼ੁਰਾਕ ਦਾ ਅੰਗ ਬਣ ਗਏ ਹਨ। ਪ੍ਰਾਈਵੇਟ ਕਲਿਨਿਕਾਂ ਵਿਚ ਇਹ ਇਕ ਤੋਂ ਦੋ ਪੌਂਡ ਦੀ ਕੀਮਤ ਤਾਰ ਕੇ ਅਕਸਰ ਖ਼ਰੀਦੇ ਤੇ ਵੇਚੇ ਜਾਂਦੇ ਹਨ ਅਤੇ ਬੜੇ ਚਟਖਾਰੇ ਲਾ ਕੇ ਖਾਧੇ ਜਾਂਦੇ ਹਨ। ਕੌਣ ਪ੍ਰਵਾਹ ਕਰਦੈ ਕਿ (ਮਹਾਨ ਕੋਸ਼ ਅਨੁਸਾਰ ਹੀ) ਜੀਵਨ ਦੇ ਸੱਤ ਵੱਡੇ ਕੁਕਰਮਾਂ ਵਿਚੋਂ ਗਰਭ ਹਤਯਾ ਇਕ ਮਹਾਂ ਕੁਕਰਮ ਹੈ। ਇੰਞ ਅਣਜੰਮੀਆਂ ਧੀਆਂ ਵੀ ਖ਼ੇਹ-ਖ਼ਰਾਬੀ ਦਾ ਸ਼ਿਕਾਰ ਹਨ ਤੇ ਜੰਮੀਆਂ ਵੀ। ਕਹਿੰਦੇ ਹਨ ਕਿ ਰਾਜਿਸਥਾਨ ਦੇ ਜੈਸਲਮੇਰ ਜ਼ਿਲੇ ਵਿਚ ਸਦੀਆਂ ਤੋਂ ਹੀ ਕਦੇ ਕੋਈ ਬਰਾਤ ਨਹੀਂ ਆਈ। ਕਾਰਨ ? ਉਥੇ ਕੋਈ ਧੀ ਹੀ ਨਹੀਂ ਜੰਮਣ ਦਿੱਤੀ ਜਾਂਦੀ। ਭੱਟੀ ਰਾਜਪੂਤ ਮਰਦ ਲੜਕੇ ਵਾਲਿਆਂ ਅੱਗੇ ਨਿਵਣਾ ਗਵਾਰਾ ਨਹੀਂ ਕਰਦੇ। ਇਸ ਲਈ, ਉਹ ਜੰਮਦੇ ਸਾਰ, ਮਾਂ ਦੇ ਹੱਥੀਂ, ਅਫ਼ੀਮ ਦੇ ਕੇ, ਗਲਾ ਘੁੱਟ ਕੇ ਜਾਂ ਰੇਤ ਦੀ ਬੋਰੀ ਥੱਲੇ ਨਵਜਾਤ ਬੱਚੀ ਨੂੰ ਰੱਖ ਕੇ ਇਸ ਸਮਾਜ ਵਿਚ 'ਸਿਰ ਉੱਚਾ ਕਰਕੇ' ਤੁਰਨ ਦੇ ਕਾਬਲ ਬਣੇ ਰਹਿੰਦੇ ਹਨ। ਇਨ੍ਹਾਂ ਕਾਤਲਾਂ ਵਿਰੁੱਧ ਕੌਣ ਅਪੀਲ ਕਰੇ, ਕੌਣ ਦਲੀਲ ਸੁਣੇ, ਕੌਣ ਜ਼ਲੀਲ ਹੋਵੇ ?

ਵੈਸੇ ਤਾਂ ਧੀ ਦਾ ਜਨਮ, ਏਸ਼ਿਆਈ ਧਰਤੀਆਂ 'ਤੇ ਹੁਣ ਮਾਪਿਆਂ ਤੇ ਚਾਹੁਣ ਵਾਲਿਆਂ ਦੀ ਇੱਛਾ ਵਿਰੁੱਧ ਬਹੁਤ ਘੱਟ ਹੀ ਹੁੰਦਾ ਹੈ ਪਰ ਜਿਨ੍ਹਾਂ ਦਾ ਹੁੰਦਾ ਹੈ ਉਹ ਮੁੜ ਹੋਰ ਅਨੇਕ ਵਬਾਵਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ ਜਿੰਨ੍ਹਾਂ ਵਿਚ ਸਭ ਤੋਂ ਭਿਅੰਕਰ ਹੈ ਬਲਾਤਕਾਰ। ਸੁਪ੍ਰਸਿੱਧ ਬਰਤਾਨਵੀ ਲੇਖਕਾ ਜਰਮੇਨ ਗਰੀਅਰ (ਜਿਸਨੇ ਆਪਣੇ ਬਲਾਤਕਾਰ ਦੀ ਗੱਲ ਪੂਰੇ ਸੈਂਤੀ ਵਰ੍ਹੇ ਛੁਪਾਈ ਰੱਖੀ) ਅਖ਼ੀਰ 'ਗਾਰਡੀਅਨ' ਨੂੰ ਇਕ ਮੁਲਾਕਾਤ ਵਿਚ ਦੱਸਦੀ ਹੈ:

"ਮੈਂ ਪੁਲਿਸ ਨੂੰ ਰਿਪੋਰਟ ਇਸ ਲਈ ਨਹੀਂ ਸੀ ਲਿਖਵਾਈ ਕਿਉਂਕਿ ਉਹ ਅਦਾਲਤਾਂ ਵਿਚ ਮਰਦਾਂ ਦੀ ਜਬਰੀ ਹਵਸਪ੍ਰਸਤੀ ਦੇ ਮੁੱਕਦਮਿਆਂ ਦੇ ਹਸ਼ਰ ਤੋਂ ਜਾਣੂ ਸੀ।" ਗਰੀਅਰ ਇਨ੍ਹਾਂ ਬਲਾਤਕਾਰੀਆਂ ਦੇ ਮੱਥਿਆਂ 'ਤੇ "ਜਬਰ ਜਿਨਾਹਕਾਰ" ਉੱਕਰਨ ਦੇ ਹੱਕ ਵਿਚ ਹੈ। ਪੈਰਿਸ ਦੇ ਇਕ ਤੇਲ ਸੋਧਕ ਕਾਰਖਾਨੇ ਦੇ ਵਰਕਰ (ਜੋ ਇਕ ਬੀਮਾਰ ਬੀਵੀ ਦਾ ਪਤੀ ਤੇ ਦੋ ਜਵਾਨ ਬੱਚਿਆਂ ਦਾ 53 ਵਰ੍ਹਿਆਂ ਦਾ ਬਾਪ ਹੈ) ਪੂਰੇ ਸੌ ਬਲਾਤਕਾਰਾਂ ਲਈ ਇਸ ਵੇਲੇ ਜੇਲ੍ਹ ਵਿਚ ਬੰਦ ਹੈ। ਡਾਕਟਰੀ ਜਾਂਚ ਅਨੁਸਾਰ ਇਕਦਮ ਹੱਟਾ ਕੱਟਾ ਉਹ ਅਜੀਬੋ ਗਰੀਬ ਢੰਗਾਂ ਰਾਹੀਂ ਮੁਟਿਆਰ ਕੁੜੀਆਂ ਨੂੰ ਹਵਸ ਪੂਰਤੀ ਦਾ ਸ਼ਿਕਾਰ ਬਣਾਉਂਦਾ ਰਿਹੈ। ਨੀਮ ਫ਼ੌਜੀ ਬਲਾਂ ਵਲੋਂ ਗਯਾ ਵਿਚ 100 ਔਰਤਾਂ ਦੇ ਸਮੂਹਿਕ ਬਲਾਤਕਾਰ ਦੀ ਖ਼ਬਰ ਤਾਂ ਪਿਛਲੇ ਦਿਨੀਂ ਰਾਜ ਸਭਾ ਵਿਚ ਗੂੰਜਦੀ ਰਹੀ ਹੈ। ਤੇ ਉੱਤਰਖੰਡੀ ਮਹਿਲਾ ਵਰਕਰਾਂ ਦਾ ਉਨ੍ਹਾਂ ਦੇ ਪੁਰਖ ਵਰਕਰਾਂ ਵਲੋਂ ਸ਼ਰੇਆਮ ਬਲਾਤਕਾਰ ਕਿਸਨੇ ਨਹੀਂ ਸੁਣਿਆ ? ਅਜੇ ਪਿਛਲੇ ਦਿਨੀਂ ਲੰਕਾ ਦੀ ਇਕ ਯੁਵਤੀ ਨੇ ਅਜਿਹੇ ਬਲਾਤਕਾਰੀ (ਸੱਠ ਵਰ੍ਹਿਆਂ ਦੇ ਬੁੱਢੇ) ਦਾ ਲਿੰਗ ਕੱਟਕੇ

ਆਪਣੀ ਨਾਰੀ-ਜਾਗਰੂਕਤਾ ਦਾ ਪ੍ਰਮਾਣ ਦਿੱਤਾ ਹੈ ।

ਸਾਡਾ ਇਲਜ਼ਾਮ ਇਹ ਨਹੀਂ ਕਿ ਸਾਰੇ ਹੀ ਪੁਰਖ ਅਜਿਹੀ ਘਿਣਾਉਣੀ ਬਿਰਤੀ ਵਾਲੇ ਹੁੰਦੇ ਹਨ ਪਰੰਤੂ ਇਕ ਗੰਦੀ ਮੱਛੀ ਸਾਰੇ ਤਾਲਾਬ ਦੇ ਸੁੱਚ ਪਾਣੀ ਨੂੰ ਗੰਧਲਾ ਸੁਟਦੀ ਹੈ । ਇਕੋ ਸੜਿਆ ਸੇਬ ਸਾਰੀ ਟੋਕਰੀ ਨੂੰ ਨਸ਼ਟ-ਭ੍ਰਸ਼ਟ ਕਰ ਦਿੰਦਾ ਹੈ । ਤੇ ਆਮ ਅਖਾਣ ਵੀ ਹੈ ਕਿ ਰੁਆਏ ਦਾ ਨਾਂ ਹੁੰਦੈ ਹਸਾਏ ਦਾ ਨਹੀਂ । ਇਸ ਲਈ, 'ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ', ਵਾਲੀ ਸਥਿਤੀ ਪੈਦਾ ਹੋ ਰਹੀ ਹੈ । ਨਾ ਕੇਵਲ ਸਾਡੇ ਮੁਲਕੀਂ ਬਲਕਿ ਬੇਗਾਨੀਆਂ ਧਰਤੀਆਂ 'ਤੇ ਵੀ ਇਹੋ ਕੜ੍ਹੀ ਘੁਲ ਰਹੀ ਹੈ । 'ਇੰਡੋ ਕੈਨੇਡੀਅਨ ਟਾਈਮਜ਼' ਨੇ ਪਿਛਲੇ ਸਮੇਂ ਵਿਚ ਜਲੰਧਰ ਜ਼ਿਲੇ ਦੇ ਜਮਸ਼ੇਰ ਦੇ ਇਕ ਹਤਿਆਰੇ ਬਾਜ ਸਿੰਘ ਨਿੱਜਰ ਦਾ ਸਕੈਂਡਲ ਨਸ਼ਰ ਕੀਤੇ ਜਿਸਨੇ ਧੋਖਾਦੇਹੀ ਨਾਲ ਵਿਆਹੀਆਂ, ਉਧਾਲੀਆਂ ਤੇ ਮਾਰੀਆਂ ਕਈ ਔਰਤਾਂ ਦੀ ਜ਼ਿੰਦਗੀ ਬਰਬਾਦ ਕੀਤੀ ਹੈ । ਇਸ ਚੜ੍ਹਦੇ ਵਰ੍ਹੇ ਹਾਲ ਹੀ ਵਿਚ ਇਧਰੋਂ ਵਿਆਹ ਕੇ ਲਿਆਂਦੀ ਹਰਜਿੰਦਰ ਕੌਰ ਦੀ ਲਾਸ਼ ਬੁਲਡੋਜ਼ਰ ਨਾਲ ਇਕੱਠਾ ਕੀਤਾ ਕੂੜਾ-ਢੋਲ ਚੁਕਦਿਆਂ ਮਿਲੀ । ਇਸ ਤੋਂ ਪਹਿਲੀਆਂ ਕਈ ਪਤਨੀਆਂ ਉਹ ਪਹਿਲੋਂ ਹੀ ਗ਼ਾਇਬ ਕਰ ਚੁਕੇ ਜਾਣੀ ਨਿਗਲ ਚੁਕੇ ।

ਪਿਛਲੇ ਮਹੀਨਿਆਂ ਵਿਚ ਸਾਡੇ ਮੁਲਕਾਂ ਦੇ ਤੂਫ਼ਾਨੀ ਦੌਰੇ 'ਤੇ ਆਈ ਹਿਲੇਰੀ ਕਲਿੰਟਨ ਦਾ ਮੁੱਖ ਸਰੋਕਾਰ ਵੀ ਇੱਧਰਲੀ ਨਾਰੀ ਦੀ ਅਤਿਅੰਤ ਦਿਲਵਿੰਨ੍ਹਵੀ ਹਾਲਾਤ ਦਾ ਜਾਇਜ਼ਾ ਲੈਣਾ ਤੇ ਕੁਝ ਸਾਰਥਕ ਕਦਮ ਉਲੀਕਣਾ ਹੀ ਸੀ । ਬਾਲ ਵੇਸਵਾਗਮਨੀ ਵਿਚ ਵੀ ਏਸ਼ੀਆ ਮੂਹਰਲੀ ਕਤਾਰ ਵਿਚ ਹੈ ਜਿਸ ਸੰਬੰਧੀ 1996 ਵਿਚ ਸਟਾਕਹੋਮ ਵਿਖੇ ਇਕ ਕੌਮਾਂਤਰੀ ਸੰਮੇਲਨ ਹੋ ਰਿਹੈ । ਗੁਰਬਾਣੀ ਦਾ ਵਾਕ ਹੈ:

ਜਿਉ ਬੇਸੁਆ ਕੇ ਘਰ ਪੂਤੁ ਜਮਤੁ ਹੈ
ਤਿਸ ਨਾਮੁ ਪਰਿਓ ਹੈ ਧ੍ਰਕਟੀ ।

ਹੁਣ ਵੇਸਵਾਵਾਂ ਵੀ ਜਾਗਰੂਕ ਹੋਈਆਂ ਹਨ ਤੇ ਉਨ੍ਹਾਂ ਨੇ ਪਛੜੀਆਂ ਸ਼੍ਰੇਣੀਆਂ ਦੇ ਕਮਿਸ਼ਨ ਕੋਲ ਆਪਣਾ ਮੰਗ ਪੱਤਰ ਜਮ੍ਹਾ ਕਰਵਾਇਆ ਹੈ ਕਿ ਸਾਡੇ ਦੁਰਕਾਰੇ, ਫਿਟਕਾਰੇ ਤੇ ਅਣਚਾਹੇ ਬੱਚਿਆਂ ਲਈ ਸੀਟਾਂ ਰਾਖਵੀਆਂ ਕੀਤੀਆਂ ਜਾਣ । ਆਖ਼ਰ ਸਮਾਜ ਦੇ ਇਕ ਵੱਡੇ ਵਰਗ ਦੀ 'ਖ਼ਿਦਮਤ' ਕਰ ਰਹੀਆਂ ਇਹ ਅਭਾਗੀਆਂ ਵੇਸਵਾਵਾਂ ਆਪਣੀਆਂ ਧੀਆਂ ਨੂੰ ਮੁੜ ਵੇਸਵਾਵਾਂ ਤੇ ਪੁੱਤਾਂ ਨੂੰ ਚੋਰ ਉੱਚਕੇ ਬਣਦੇ ਕਦੋਂ ਤੱਕ ਦੇਖਦੀਆਂ ਰਹਿਣਗੀਆਂ ? ਬੇਗ਼ਮ ਅਖ਼ਤਰ ਦੇ ਉਹੀ ਬੋਲੀ ਮੈਨੂੰ ਹੁਣ ਵੀ ਟੁੰਬਦੇ ਜਾ ਰਹੇ ਹਨ । ਮੇਰਾ ਕਲੇਜਾ ਚਾਕ ਕਰਦੇ ਜਾ ਰਹੇ ਹਨ ਕਿ 'ਖੁੱਲ੍ਹ ਕੇ ਕਹੂੰ ਤੋ.....'

❑

"ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ"

ਹਰ ਮਹਾਨ ਪੁਰਖ ਸਮਾਜਿਕ ਕਦਰਾਂ ਕੀਮਤਾਂ ਨੂੰ ਧਿਆਨ-ਗੋਚਰ ਰੱਖਦਿਆਂ ਕਾਰਜ-ਸ਼ੀਲ ਹੁੰਦੇ ਭਾਵੇਂ ਉਸਦੀ ਕਾਰਜ-ਵਿਧੀ ਕਿਸੇ ਵੀ ਖੇਤਰ ਵਿਚ ਕੇਂਦਰਿਤ ਕਿਉ ਨਾ ਹੋਵੇ। ਇਸ ਸੰਬੰਧ ਵਿਚ ਜਦੋਂ ਅਸੀਂ ਯੁਗ ਪਰਿਵਰਤਕ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ ਵਾਚਦੇ ਹਾਂ ਤਾਂ ਸਾਡੇ ਸੰਪੂਰਨ ਜੀਵਨ ਦਾ ਕੋਈ ਐਸਾ ਮੁੱਦਾ ਬਾਕੀ ਨਹੀਂ ਰਹਿ ਜਾਂਦਾ ਜਿਸ ਬਾਰੇ ਇਹ ਰੂਹਾਨੀ ਕਲਮ ਨਾ ਵੱਗੀ ਹੋਵੇ ਜਿਵੇਂ:-

ਜਿਨ੍ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ।
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ
— —   — —   — —
ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ੀ ਰਖੇ ਰੰਗੁ ਲਾਇ
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ।

(ਪੰਨਾ 417)

ਬਾਬਰ ਵਾਣੀ ਵਿਚ ਸਾਹਿਬਾਂ ਨੇ ਔਰਤ ਜਾਤ ਸੰਬੰਧੀ ਜਿਵੇਂ 'ਰੱਤ ਕਾ ਕੁੰਗੂ' ਪਾ ਕੇ 'ਖ਼ੂਨ ਕੇ ਸੋਹਿਲੇ' ਗਾਏ ਹਨ ਉਹ ਸਮੁੱਚੇ ਜਗਤ ਵਿਚ ਲਾਜਵਾਬ ਅਤੇ ਬੇਮਿਸਾਲ ਉਦਾਹਰਨ ਹੈ। ਨਾ ਕੇਵਲ ਬਾਬਰ ਵਾਣੀ ਵਿਚ ਹੀ ਸਗੋਂ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਔਰਤ ਦੀ ਉੱਚਤਾ, ਵਡਿਆਈ, ਮਹਾਨਤਾ ਅਤੇ ਗੌਰਵ ਲਈ ਜੋ ਕੁਝ ਗੁਰੂ ਸਾਹਿਬਾਨ ਅਤੇ ਦੂਸਰੇ ਪਰਮ ਪੁਰਸ਼ਾਂ ਨੇ ਕੀਤਾ ਹੈ ਇਸ ਦਾ ਜਿੰਨਾ ਵੀ ਜ਼ਿਕਰ ਕਰ ਲਿਆ ਜਾਵੇ ਘੱਟ ਹੈ। ਇਸ ਸਮਾਜ ਰੂਪੀ ਗੱਡੀ ਦੀ ਸਤੁੰਲਿਤ ਤੋਰ ਲਈ ਦੋਹਾਂ ਧਿਰਾਂ ਦੀ ਬਰਾਬਰੀ, ਸਮਤਾ ਅਤੇ ਸਾਂਝੀ ਸੁਰ ਅਤਿਅੰਤ ਲਾਜ਼ਮੀ ਹੈ ਜਿਸਦੀ ਅਣਹੋਂਦ ਵਿਚ ਵੀ ਸਤਿਗੁਰੂ ਨੂੰ ਇਹ ਲਿਖਣ ਤੇ ਮਜਬੂਰ ਹੋਣਾ ਪਿਆ:-

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨ ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।

(ਪੰਨਾ 473)

ਸੋ, ਜਿਸ ਪੁਰਖ ਦਾ ਔਰਤ ਤੋਂ ਬਿਨਾਂ ਇਕ ਪਲ ਵੀ ਗੁਜ਼ਾਰਾ ਨਹੀਂ, ਉਹੀ ਉਸਨੂੰ ਜ਼ਲੀਲ, ਸ਼ੋਸ਼ਤ ਅਤੇ ਦੁਰਕਾਰਨ ਦੀ ਹਿਮਾਕਤ ਕਰਦਾ ਹੈ। ਸਦੀਆਂ ਤੋਂ ਔਰਤ, ਮਰਦ ਦੇ ਜ਼ੁਲਮਾਂ, ਹੁਕਮਾਂ ਅਤੇ ਜ਼ੋਰਾ ਜ਼ਬਰਦਸਤੀਆਂ ਦੀ ਇਕ ਅਮੁੱਕ ਕਹਾਣੀ ਬਣੀ ਆ ਰਹੀ ਹੈ। ਆਪਣੇ ਬਲ ਬੁੱਤੇ ਜੇਕਰ ਇਸਨੇ ਉਨਤੀ ਦੀਆਂ ਕੁਝ ਪੌੜੀਆਂ ਚੜ੍ਹੀਆਂ ਹਨ ਤਾਂ ਉਹ ਮਿਸਾਲਾਂ ਹਾਲੇ ਸਮੁੱਚੀ ਔਰਤ ਜਾਤ ਵਿਚ ਆਟੇ ਵਿਚ ਲੂਣ ਬਰਾਬਰ ਹਨ। ਡੇਢ ਦੋ ਪ੍ਰਤਿਸ਼ਤ ਇਸਤਰੀਆਂ ਦਾ ਉਚੇਰੇ ਅਹੁਦਿਆਂ 'ਤੇ ਪਹੁੰਚ ਜਾਣਾ ਜਾਂ ਗਿਣੀਆਂ ਚੁਣੀਆਂ ਔਰਤਾਂ ਦਾ ਦੇਸ਼ਾਂ-ਮੁਲਕਾਂ ਦੀਆਂ ਸਰਬਰਾਹ ਬਣ ਜਾਣਾ ਔਰਤ ਦੀ ਸਮੁੱਚੀ ਮੰਦਹਾਲੀ, ਦੁਰਦਸ਼ਾ, ਅਣਗੌਲੇਪਨ ਜਾਂ ਤ੍ਰਾਸਦਿਕ (ਟਰੈਜਿਕ) ਸਥਿਤੀ ਵਿਚ ਕੋਈ ਫ਼ਰਕ ਨਹੀਂ ਪਾ ਦਿੰਦਾ।

ਅਜੋਕੇ ਅੰਕੜੇ, ਮੌਜੂਦਾ ਵੇਰਵੇ, ਨਿੱਤ ਨਵੇਂ ਸੂਰਜ ਵਾਪਰ ਰਹੀਆਂ ਅਤਿ ਘਿਣਾਉਣੀਆਂ, ਹੌਲਨਾਕ, ਹਿਰਦੇਵੇਧਕ ਅਤੇ ਹੈਰਾਨਕੁਨ ਖ਼ਬਰਾਂ ਸਾਡਾ ਆਸਮਾਨ ਹਿਲਾ ਦੇਣ ਵਾਲੀਆਂ ਹੀ ਨਹੀਂ ਹਨ ਸਗੋਂ ਧਰਤੀ ਕੰਬਾ ਦੇਣ ਵਾਲੀਆਂ ਅਤੇ ਸੀਨਾ ਛਲਣੀ ਛਲਣੀ ਕਰ ਦੇਣ ਵਾਲੀਆਂ ਵੀ ਹਨ। ਇਕ ਪਾਸੇ ਸਾਗਰਾਂ ਪਰਬਤਾਂ ਦਾ ਮੰਥਨ ਕਰਨ ਵਾਲੀ, ਜੰਗਲਾਂ ਮੰਗਲਾਂ ਨੂੰ ਸਰ ਕਰਨ ਵਾਲੀ, ਅੰਬਰਾਂ ਪਾਤਾਲਾਂ ਵਿਚ ਪਰਵਾਜ਼ ਕਰਨ ਵਾਲੀ ਅਤੇ ਜੀਵਨ ਦੇ ਹਰ ਖੇਤਰ ਵਿਚ ਕਾਮਯਾਬੀ ਦੇ ਨਿਰੰਤਰ ਝੰਡੇ ਗੱਡਣ ਵਾਲੀ ਔਰਤ ਨਾਲ ਦੀ ਨਾਲ ਕਿਸ ਕਦਰ ਅਣਹੋਣੀਆਂ ਦੀ ਲਗਾਤਾਰ ਸ਼ਿਕਾਰ ਹੋ ਰਹੀ ਹੈ ਉਹੀ ਮੁੱਦਾ ਇਨ੍ਹਾਂ ਕਾਲਮਾਂ ਦਾ ਕੇਂਦਰ ਬਿੰਦੂ ਹੈ।

ਸਾਡੇ ਲੋਕਪ੍ਰਿਯ ਸ਼ਾਇਰ ਸ਼ਿਵ ਨੇ ਇਸ ਦੁੱਖਦਾਇਕਤਾ ਸੰਬੰਧੀ ਸੰਕੇਤ ਕਰਦਿਆਂ ਕਦੇ ਲਿਖਿਆ ਸੀ:—

ਦੁੱਧ ਦੀ ਰੁੱਤੇ ਅੰਮੜੀ ਮੋਈ
ਬਾਬਲ ਬਾਲ ਵਰੇਸੇ।
ਜੋਬਨ ਰੁੱਤੇ ਸੱਜਣ ਮਰਿਆ
ਮੋਏ ਗੀਤ ਪਲੇਠੇ।

ਪਾਠਕੋ! ਅੱਜ ਅੰਮੜੀ ਬਾਬਲ ਦੇ ਹੁੰਦਿਆਂ ਸੁੰਦਿਆਂ ਤੇ ਸੱਜਣਾਂ ਦੇ ਹਾਜ਼ਰ ਨਾਜ਼ਰ ਹੁੰਦਿਆਂ ਜੋ ਕਹਿਰ ਸਾਡੀਆਂ ਜੰਮੀਆਂ ਜਾਈਆਂ 'ਤੇ ਢਾਇਆ ਜਾ ਰਿਹਾ ਹੈ, ਉਸ ਬਾਰੇ ਲਿਖਦਿਆਂ ਕਲਮ ਤਰਾਹੁੰਦੀ ਹੀ ਨਹੀਂ ਥਰ ਥਰ ਕੰਬਦੀ ਵੀ ਹੈ। ਅਜਿਹੇ ਵਾਕਿਆ ਹਰ ਰੋਜ਼ ਸ਼ੈਤਾਨ ਦੀ ਆਂਦਰ ਵਾਂਗ ਵਧਦੇ ਜਾ ਰਹੇ ਹਨ। ਦਿਹੋ ਜਿਹੀਆਂ ਵਲੂੰਧਰਨੀਆਂ ਘਟਨਾਵਾਂ ਦੀਆਂ ਰਿਪੋਰਟਾਂ ਪੁੱਜ ਰਹੀਆਂ ਹਨ ਕਿ ਰਿਸ਼ਤਿਆਂ, ਨਾਤਿਆਂ ਤੇ ਸਾਕਾਂ ਸੰਬੰਧੀਆਂ ਦੀਆਂ ਪਰਿਭਾਸ਼ਾਵਾਂ ਬਦਲ ਗਈਆਂ ਹਨ ਅਤੇ ਸਭਿਆਚਾਰਕ ਜਾਂ ਸਮਾਜਿਕ ਤੌਰ ਤੇ ਵਿਵਰਜਿਤ ਕਰਾਰ ਦਿੱਤੇ ਸੰਬੰਧਾਂ ਦੀ ਸ਼ਰੇਆਮ ਖਿੱਲੀ ਉਡਾਈ ਜਾ ਰਹੀ ਹੈ।

ਮੇਰੇ ਪੜ੍ਹਨ-ਮੇਜ਼ 'ਤੇ ਸੈਂਕੜੇ ਕਤਰਨਾਂ ਪਈਆਂ ਹਨ—ਦੁੱਧ ਚੁੰਘਦੀਆਂ ਬਾਲੜੀਆਂ

ਤੋਂ ਲੈ ਕੇ ਇਕ ਸੌ ਛੇ ਵਰ੍ਹਿਆਂ ਦੀ ਬੁੱਢੀ ਪੜਦਾਦੀ ਦੇ ਬਲਾਤਕਾਰ ਤੱਕ ਦੀਆਂ। ਅੱਜ ਇਨ੍ਹਾਂ ਕਾਲਮਾਂ ਵਿਚ ਕੇਵਲ ਪੱਤ ਲੁੱਟਣ, ਜ਼ੋਰਾ ਜ਼ਬਰੀ ਕਰਨ, ਇੱਜ਼ਤ ਰੋਲਣ ਜਾਂ ਬਲਾਤਕਾਰ ਸੰਬੰਧੀ ਰੋਂਗਟੇ ਖੜ੍ਹੇ ਕਰਨ ਵਾਲੀਆਂ ਕੁਝ ਅਤਿ ਖ਼ੌਫ਼ਨਾਕ ਵਾਰਦਾਤਾਂ ਦਾ ਹੀ ਜ਼ਿਕਰ ਕਰਾਂਗੀ ਭਾਵੇਂ ਚਰਚਾ-ਯੋਗ ਮੁੱਦੇ ਹੋਰ ਵੀ ਬੇਅੰਤ ਹਨ।

ਪਿਛਲੇ ਦਿਨੀਂ ਜਦੋਂ ਸਾਰੇ ਮੀਡੀਏ ਵਿਚ ਇਹ ਅਣਮਨੁੱਖੀ ਖ਼ਬਰ ਛਪੀ ਕਿ ਫਗਵਾੜੇ (ਪੰਜਾਬ) ਨੇੜੇ ਇਕ ਗਿਆਰਾਂ ਮਹੀਨਿਆਂ ਦੀ ਦੁੱਧ ਚੁੰਘਦੀ ਬੱਚੀ ਦਾ ਖੇਹ ਖ਼ਰਾਬਾ ਉਹਦੇ ਪਿਤਾ ਦੇ ਹੀ 'ਦੋਸਤ' ਵਲੋਂ ਕੀਤਾ ਗਿਆ ਹੈ ਤਾਂ ਮਨ ਰੋਹ ਤੇ ਸਦਮੇ ਨਾਲ ਕੁਰਲਾ ਉਠਿਆ। ਮਾਂ ਦੇ ਹਸਪਤਾਲ ਵਿਚ ਭਰਤੀ ਹੋਣ ਅਤੇ ਪਿਤਾ ਵਲੋਂ ਉਸਦੇ ਖਾਣ ਪੀਣ ਦੇ ਇੰਤਜ਼ਾਮ ਵਿਚ ਰੁੱਝੇ ਹੋਣ ਕਾਰਨ ਨੰਨ੍ਹੀ ਬਾਲੜੀ ਨੂੰ ਆਪਣੇ ਕਰੀਬੀ ਦੋਸਤ ਹੱਥ ਘੜੀਆਂ-ਪਲਾਂ ਲਈ ਸੌਂਪਦਿਆਂ ਭੋਲੇ ਬਾਪ ਨੇ ਕਿਆਸਿਆਂ ਵੀ ਨਹੀਂ ਹੋਣਾ ਕਿ ਇਹੀ ਦੋਸਤ 'ਸ਼ੈਤਾਨ' ਦਾ ਰੂਪ ਧਾਰ ਕੇ ਇਸ ਨੰਨ੍ਹੀ ਜਿੰਦ ਨੂੰ ਕੋਹ ਸੁੱਟੇਗਾ। ਪਰ ਕੀ ਨੰਨੀ-ਮੁੰਨੀ ਧੀ ਧਿਆਣੀ ਨੂੰ ਇਕੱਲੀ ਤੱਕਦਿਆਂ ਹੀ ਇਸ ਹਵਸੀ ਬੰਦੇ ਦੀ ਹਵਸ ਜਾਗ ਪਈ ? ਕੀ ਨਾਰੀ ਰੂਪ ਇਸ ਹਵਸ-ਪੂਰਤੀ ਦਾ ਹੀ ਸਬੱਬ ਹੈ ? ਕੀ ਸੱਚਮੁੱਚ ਅੰਨ੍ਹੀ ਨਹੀਂ ਮਚ ਗਈ ?

ਜਦੋਂ ਪਿਛਲੇ ਮਹੀਨੇ ਦਿਲੀ ਦੇ ਪੱਛਮੀ ਹਿੱਸੇ ਵਿਚੋਂ ਇਹ ਖ਼ਬਰ ਆਈ ਸੀ ਕਿ ਇਕ ਸੌ ਛੇ ਵਰ੍ਹਿਆਂ ਦੀ ਪੜਦਾਦੀ/ਪੜਨਾਨੀ ਨਾਲ ਪੰਜਾਹ ਕੁ ਸਾਲਾ ਗਵਾਂਢੀ ਵਲੋਂ ਜ਼ੋਰਾ ਜ਼ਬਰੀ ਕੀਤੀ ਗਈ ਤਾਂ ਨਾਂ ਮਨ ਇਸ ਗੱਲ ਦੀ ਸੱਚਾਈ ਨਾਲ ਸਹਿਮਤ ਹੁੰਦਾ ਸੀ ਤੇ ਨਾ ਸੋਚ ਪਰ ਇਹ ਚਿੱਟੇ ਦਿਨ ਵਾਂਗ ਸੱਚ ਸੀ। ਆਖ਼ਰ ਔਰਤ (ਕਿਸੇ ਵੀ ਉਮਰ ਵਿਚ) ਇਕ 'ਸਰੀਰ' ਦਾ ਹੀ ਨਾਂ ਹੈ; ਆਤਮਾ ਦਾ ਨਹੀਂ ? ਅਜਿਹੀਆਂ ਹਿਰਦੇਵੇਧਕ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਵਾਸਤੇ ਅੱਜ ਸੰਵਿਧਾਨ ਦੀਆਂ ਧਾਰਾਵਾਂ ਬਦਲਣ ਦੀ ਫੌਰੀ ਲੋੜ ਹੈ। ਕਾਹਦਾ ਦੋਸ਼। ਕਾਹਦੀ ਕਾਨੂੰਨੀ ਲੜਾਈ ? ਚੌਰਾਹੇ ਵਿਚ ਖੜ੍ਹਾ ਕਰਕੇ ਸ਼ਰੇਆਮ ਗੋਲੀ ਨਾਲ ਉੜਾ ਦੇਣ ਦੀ ਸਜ਼ਾ ਦੀ ਲੋੜ ਹੈ ਅਜਿਹੇ ਪਾਪੀ ਲੋਕਾਂ ਨੂੰ ਜਿਨ੍ਹਾਂ ਨੇ ਮਨੁੱਖਤਾ ਪਲੀਤ ਕਰ ਦੇਣ ਦੀ ਠਾਣ ਲਈ ਹੈ। ਇਨਸਾਨੀਅਤ ਦਾਗੋ ਦਾਗ ਕਰਨ ਦੀ। ਦਰਿੰਦਗੀ ਜਿਨ੍ਹਾਂ ਦੀ ਇਕੋ ਇਕ ਪਛਾਣ ਹੈ ਅਤੇ ਕਾਮੁਕਤਾ ਜਿਨ੍ਹਾਂ ਦਾ ਇਕੋ ਇਕ ਲਕਸ਼।

ਜੰਗ ਹੋਵੇ ਜਾਂ ਅਮਨ, ਗਿਰਾਂ ਹੋਵੇ ਜਾਂ ਨਗਰ, ਪੜ੍ਹਿਆ ਹੋਵੇ ਜਾਂ ਅਨਪੜ੍ਹ, ਆਪਣਾ ਹੋਵੇ ਜਾਂ ਬੇਗਾਨਾ, ਗੱਲ ਕੀ ਅੱਜ ਹਰ ਪਾਸੇ ਇਸ ਪਸ਼ੂ ਬਿਰਤੀ ਦੀਆਂ ਘਟਨਾਵਾਂ ਦਾ ਬੋਲਬਾਲਾ ਹੈ। ਸਕੇ ਪਿਤਾਵਾਂ ਵਲੋਂ ਆਪਣੀਆਂ ਹੀ ਜੰਮੀਆਂ ਜਾਈਆਂ ਨਾਲ ਖੇਹ ਖਾਣ ਦੀਆਂ ਸੈਂਕੜੇ ਵਾਰਦਾਤਾਂ ਹਨ, ਮਤਰੇਏ ਪਿਉਆਂ ਦੀ ਤਾਂ ਗੱਲ ਹੀ ਹੁਣ ਪਿੱਛੇ ਰਹਿ ਗਈ ਹੈ। ਸਕੇ ਭਰਾਵਾਂ ਵਲੋਂ (ਕਜ਼ਨਜ਼ ਦੀ ਤਾਂ ਗੱਲ ਹੀ ਵੱਖਰੀ ਹੈ) ਕੀਤੇ ਅਜਿਹੇ ਮੰਦ ਕਾਰੇ ਸਾਨੂੰ ਆਪਣਾ ਸਿਰ ਪਿੱਟਣ ਲਈ ਮਜਬੂਰ ਕਰ ਰਹੇ

ਹਨ। ਹੋਰ ਕਿਹੜੇ ਰਿਸ਼ਤੇ ਦੀ ਗੱਲ ਕੀਤੀ ਜਾਵੇ। ਪਤੀਆਂ ਵਲੋਂ ਜਤ ਸਤ ਰੋਲਣ ਦੀਆਂ ਵਾਰਦਾਤਾਂ ਜਾਂ ਆਪਣੇ ਜੁੰਡਲੀ ਯਾਰਾਂ ਨੂੰ ਆਪਣੀ ਬੀਵੀ ਨਾਲ ਖੁੱਲੇਆਮ ਭੋਗ-ਸੰਜੋਗ ਦੀ ਖੁੱਲ੍ਹ ਕਈ ਅਣਹੋਣੀਆਂ ਵਰਤਾ ਚੁੱਕੀਆਂ ਹਨ। ਮਨਮਰਜ਼ੀ ਨਾਲ ਕੀਤੇ ਸ਼ਾਦੀਆਂ ਵਿਆਹਾਂ ਉਪਰੰਤ, ਇਨ੍ਹਾਂ ਅਗਾਂਹ ਵਧੂ ਕੁੜੀਆਂ ਨਾਲ ਜੋ ਹੋਣੀ ਕਈ ਥਾਈਂ ਘਟੀ ਹੈ ਉਹ ਤਾਂ ਸਚਮੁੱਚ ਇੱਕੀਵੀਂ ਸਦੀ ਦੀਆਂ ਬਰੂਹਾਂ 'ਤੇ ਜ਼ਹਿਰ ਘੋਲਣ ਤੁੱਲ ਹੈ। ਗੁੜਗਾਓਂ ਦੀ ਅਜਿਹੀ ਹੀ ਮੁਟਿਆਰ ਨੂੰ ਆਪਣੇ ਆਪੇ ਸਹੇੜੇ ਪਤੀ ਦਾ ਸਬਕ ਸਿਖਾਉਣ ਲਈ ਉਹਦੇ ਆਪਣੇ ਸਕੇ ਭਰਾਵਾਂ ਨੇ ਦਰਜਨ ਤੋਂ ਵੀ ਵੱਧ ਗੁੰਡੇ ਨਾਲ ਲੈ ਕੇ ਕਈ ਦਿਨ ਓਸ ਮੁਟਿਆਰ ਦਾ ਸ਼ੋਸ਼ਣ ਕੀਤਾ ਤੇ ਲਾਸ਼ ਜਾਣਦਿਆਂ ਝਾੜੀਆਂ 'ਚ ਲਿਜਾ ਸੁੱਟਿਆ। ਖੁਸ਼ਕਿਸਮਤੀ ਨੂੰ ਲੜਕੀ ਬਚ ਗਈ ਤੇ ਇਹ ਕੇਸ ਔਰਤਾਂ ਦੇ ਕੌਮੀ ਕਮਿਸ਼ਨ ਕੋਲ ਪੁੱਜ ਗਿਆ। ਅਜੇ ਹੁਣੇ ਹੁਣੇ ਇਕ ਤਾਜ਼ਾ ਖ਼ਬਰ ਪੜ੍ਹੀ ਹੈ ਕਿ ਅਜਿਹੇ ਵਿਆਹੇ ਜੋੜੇ ਦੇ ਕੱਟੇ ਹੋਏ ਸਿਰ (ਭਰਾਵਾਂ ਵਲੋਂ) ਕਿਸੇ ਉਜਾੜ ਥਾਵੋਂ ਮਿਲੇ ਹਨ। ਅਜਿਹੇ ਕਾਰੇ ਕੱਲੇ ਕਾਰੇ ਨਹੀਂ ਅਨੇਕ ਹਨ ਤੇ ਹੈਨ ਵੀ ਵਧ ਤੋ ਵਧ ਦਿਲਚੀਰਵੇਂ। ਅਜੋਕੇ ਜੀਵਨ ਦੀਆਂ ਨਿਰਾਸ਼ਤਾਵਾਂ, ਵਿਭਿੰਨ ਅਸਫਲਤਾਵਾਂ, ਵਿਵਿਧ ਨਾਕਾਮਯਾਬੀਆਂ ਅਤੇ ਵਿਸ਼ਾਲ ਜਗਤ ਵਿਚ ਨਿਗੂਣੇਪਨ ਦੇ ਅਹਿਸਾਸ ਨੇ ਦੁਨੀਆਂ ਨੂੰ ਸਿਰਜਣਾਤਮਿਕਤਾ ਦੀ ਬਜਾਇ ਵਿਨਾਸ਼ ਵੱਲ ਮੋੜ ਦਿੱਤਾ ਹੈ। ਸੂਰਜ ਦੀ ਹਰ ਟਿੱਕੀ ਨਾਲ ਬੇਪੱਤੀ ਦੀਆਂ ਇਹ ਅਮਾਨਵੀ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ। ਕੋਈ ਵੀ ਔਰਤ ਕਿਤੇ ਵੀ ਅੱਜ ਸੁੱਰਖਿਅਤ ਮਹਿਸੂਸ ਨਹੀਂ ਕਰ ਰਹੀ ਚਾਹੇ ਉਹ ਕੋਈ ਵਿਦਿਅਕ ਅਦਾਰਾ ਹੈ, ਜਾਂ ਕੰਮ ਕਾਜੀ ਥਾਂ। ਪੁਲਿਸ ਸਟੇਸ਼ਨ ਹੈ ਜਾਂ ਰੱਸਦੀਆਂ ਵੱਸਦੀਆਂ ਬਸਤੀਆਂ। ਹਸਪਤਾਲ ਹਨ ਜਾਂ ਬਸ ਸਟੈਂਡ। ਪਿੰਡ ਹਨ ਜਾਂ ਸ਼ਹਿਰ। ਗਲੀਆਂ ਮੁਹੱਲੇ ਹਨ ਜਾਂ ਉਜਾੜੀਆਂ ਵੀਰਾਨੀਆਂ ਥਾਵਾਂ। ਆਖ਼ਰ ਇਨ੍ਹਾਂ ਦੀ ਗਿਣਤੀ ਕਿਉਂ ਵਧਦੀ ਜਾ ਰਹੀ ਹੈ, ਇਹ ਗੱਲ ਵਧੇਰੇ ਗੌਰ ਦੀ ਮੰਗ ਕਰਦੀ ਹੈ। ਸਾਡੀ ਜਾਚੇ, ਪੁਲਿਸ ਵਿਭਾਗ ਦੀ ਮਿਲੀ ਭੁਗਤ, ਕਾਨੂੰਨ ਦੀ ਢਿੱਲ, ਪੈਸੇ ਦੇ ਜ਼ੋਰ ਕਾਨੂੰਨ ਹੱਥ ਵਿਚ ਲੈਣ ਦੀ ਪ੍ਰਵਿਰਤੀ ਚੁਫੇਰੇ ਫੈਲਿਆ ਅਨੈਤਿਕ ਮਾਹੌਲ, ਲੁੱਟ ਖਸੁੱਟ ਤੇ ਭ੍ਰਿਸ਼ਟਾਚਾਰ ਇਨ੍ਹਾਂ ਘਟਨਾਵਾਂ ਦੇ ਵਧਣ ਵਿਚ ਖਾਦ ਦਾ ਕੰਮ ਕਰ ਰਿਹੇ।

'ਏਕ ਜੋਤਿ ਦੋਇ ਮੂਰਤੀ' ਦਾ ਪੈਗਾਮ ਦੇਂਦੀ ਗੁਰਬਾਣੀ, ਮਹਾਂਪੁਰਸ਼ਾਂ ਦੀ ਜਤ ਸਤ ਦੀ ਸਿੱਖਿਆ, ਸਮਾਜਵਾਦੀ ਸੰਸਥਾਵਾਂ ਦੀ ਭੂਮਿਕਾ ਮਾਨਵਤਾ, ਦਾ ਸੱਚਾ-ਸੁੱਚਾ ਸੁਨੇਹਾ ਦਿੰਦੇ ਵਿਚਾਰ ਤੇ ਕਾਨੂੰਨ ਦੀ ਸਖ਼ਤੀ ਹੀ ਇਸ ਅਮਾਨਵੀ ਵਰਤਾਰੇ ਨੂੰ ਠੱਲ੍ਹ ਪਾ ਸਕਦੀ ਹੈ ਕਿਉਂਕਿ

ਜੇ ਲਖ ਇਸਤਰੀਆਂ ਭੋਗ ਕਰਹਿ ਨਵਖੰਡ ਰਾਜੁ ਕਮਾਹਿ।
ਬਿਨੁ ਸਤਿਗੁਰ ਸੁਖ ਨਾ ਪਾਵਈ ਫਿਰਿ ਫਿਰਿ ਜੋਨੀ ਪਾਹਿ।

(ਪੰਨਾ 26)



ਹੁਸਨ ਇਸ਼ਕ ਦੀਆਂ ਗੱਲਾਂ ਵੇ ਬੀਬਾ ਵਿਹਲੇ ਵੇਲੇ ਦੀਆਂ ਗੱਲਾਂ

ਅੱਜ ਦੁਨੀਆ ਭਰ ਵਿਚ ਭਾਰਤ ਦੀ ਚਰਚਾ ਹੈ। ਵਿਸ਼ਵ ਭਰ ਵਿਚ ਇਸੇ ਦੀਆਂ ਗੱਲਾਂ। ਪੂਰੇ ਸੰਸਾਰ ਦੀਆਂ ਨਜ਼ਰਾਂ ਬੰਗਲੌਰ ਵੱਲ੍ਹੀਂ। ਪਰ ਸਾਥੀਓ ! ਇਸ ਵਾਰ ਇਹ ਚਰਚਾ ਪਲੇਗ ਦੀ ਮਹਾਂ ਮਾਰੀ ਕਰਕੇ ਨਹੀਂ। ਨਾ ਹੀ ਅੰਤੜੀ ਰੋਗਾਂ ਨਾਲ ਮਾਰੋ ਮਾਰੀ ਕਰਕੇ। ਨਾ ਇਹ ਜ਼ਿਕਰ ਡੇਂਗੂ ਬੁਖਾਰ ਕਰਕੇ ਹੈ ਨਾ ਹੀ ਫਲੇਰੀਏ ਰੋਗ ਕਰਕੇ। ਇਸ ਵਾਰ ਇਸ ਚਰਚਾ ਦਾ ਕਾਰਨ ਕੌਮਾਂਤਰੀ ਕ੍ਰਿਕਟ ਮੈਚ, ਹਿੰਸਕ ਦੰਗੇ ਜਾਂ ਵੱਡੇ ਘਪਲੇ ਜਾਂ ਘਿਣਾਉਣੇ ਸਕੈਂਡਲ ਵੀ ਨਹੀਂ ਹਨ। ਹਾਂ, ਦੁਨੀਆ ਦੀਆਂ ਨਜ਼ਰਾਂ ਇੱਧਰ ਕੇਂਦਰਿਤ ਹੋਣ ਦੀ ਖ਼ਾਸ ਵਜਾਹ ਹੈ ਦੋਸਤੋ ! ਆਪਾਂ ਸੱਭੇ ਹੀ ਜਾਣਦੇ ਹਾਂ ਕਿ ਸਾਡੇ ਕ੍ਰਿਸਾਨੀ ਪਿਛੋਕੜ ਵਾਲੇ ਚਰਚਿਤ ਪ੍ਰਧਾਨ ਮੰਤਰੀ ਦੇ ਆਪਣੇ ਸੂਬੇ (ਕਰਨਾਟਕ) ਦੇ ਇਕ ਮਹਾਂਨਗਰ ਬੰਗਲੌਰ ਨੂੰ 'ਵਿਸ਼ਵ ਸੁੰਦਰੀ' ਮੁਕਾਬਲੇ ਕਾਰਨ 'ਸਨਸਿਟੀ' ਜਿਹਾ 'ਫ਼ਖ਼ਰ' ਹਾਸਿਲ ਹੋ ਰਿਹੈ ਤੇ ਇਹਦਾ ਅਕਸ ਸਾਡੀ ਮੌਜੂਦਾ ਸਰਕਾਰ ਤੇ ਵੀ ਦੇਰ ਸਵੇਰ ਅਵੱਸ਼ ਪਵੇਗਾ।

ਸਾਡੇ ਇਕ ਅਜ਼ੀਮ ਸ਼ਾਇਰ ਨੇ 'ਹੁਸਨ ਇਸ਼ਕ ਦੀਆਂ ਇਨ੍ਹਾਂ ਗੱਲਾਂ ਨੂੰ 'ਵਿਹਲੇ ਵੇਲੇ ਦੀਆਂ ਗੱਲਾਂ' ਗਰਦਾਨਿਆ ਸੀ। ਜਿਹਨੂੰ ਸਾਡੇ ਮਹਾਨ ਬਾਣੀ ਸਿਰਜਕਾਂ ਨੇ 'ਰਾਜ ਕਪਟੰ ਰੂਪ ਕਪਟੰ' ਫ਼ਰਮਾਇਆ ਹੈ।

ਗੁਰੂ ਸਾਹਿਬ ਸਮਝਾਉਂਦੇ ਹਨ:—

ਸਾ ਗੁਣਵੰਤੀ ਸਾ ਵਡਭਾਗਣਿ
ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ।
ਰੂਪਵੰਤਿ ਸਾ ਸੁਘੜਿ ਬਿਚਖਣਿ
ਜੋ ਧੰਨ ਕੰਤ ਪਿਆਰੀ ਜਿਉ ।

(ਪੰਨਾ 97)

'ਜੋਬਨਵੰਤ' ਨੂੰ 'ਬਿਸਟਾ ਕਾ ਜੰਤੁ' ਫ਼ਰਮਾਉਣ ਵਾਲੇ ਅਤੇ 'ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ' ਦੀ ਸੋਝੀ ਕਰਵਾਉਣ ਵਾਲੇ ਮਹਾਂਪੁਰਖਾਂ ਦੀ ਕਾਰਜ-ਭੂਮੀ 'ਤੇ ਅਜਿਹੇ 'ਵਿਸ਼ਵ ਸੁੰਦਰੀ' ਆਯੋਜਨ ? ਦੀਰਘ ਵਿਚਾਰ ਗੋਚਰੀ ਗੱਲ ਹੈ। ਗੁਰਮਤਿ ਦੇ ਸੰਕਲਪ ਨੂੰ ਨਾ ਸਵੀਕਾਰਨ ਵਾਲੇ ਸੰਗਠਨ, ਅਦਾਰੇ, ਸਭਾਵਾਂ ਅਤੇ

ਲੋਕ ਵੀ ਜੇ ਅੱਜ ਇਸ ਮੁਕਾਬਲੇ ਦਾ ਤੂਫ਼ਾਨੀ ਵਿਰੋਧ ਕਰ ਰਹੇ ਹਨ, ਜਲਸੇ ਜਲੂਸ ਕੱਢ ਰਹੇ ਹਨ, ਆਤਮਦਾਹ ਕਰ ਰਹੇ ਹਨ ਆਪਣਾ ਸਰੋਕਾਰ ਵਿਖਾ ਰਹੇ ਹਨ ਤਾਂ ਗੱਲ ਅਵੱਸ਼ ਹੀ ਗੰਭੀਰ ਹੈ। ਮਮਲਾ ਸਚਮੁੱਚ ਹੀ ਪੇਚੀਦਾ ਹੈ। ਸਮੱਸਿਆ ਵਾਕਈ ਹੀ ਸਰਲ ਨਹੀਂ ਹੈ। 'ਮਿਸ ਵਰਅਲਡ' ਮੁਕਾਬਲੇ ਦੀ ਮਹਾਂ ਪ੍ਰਬੰਧਕ ਜੂਲੀਆ ਮੋਰਲੇ ਐਵੇਂ ਹੈਰਾਨ ਪਰੇਸ਼ਾਨ ਹੈ ਕਿ ਦਿਨ ਰਾਤ ਇਸ ਖ਼ਾਸ 'ਸੁੰਦਰ ਨਗਰੀ (ਬੰਗਲੌਰ) ਦਾ 'ਵਿੰਡਸਰ ਮੈਨਰ ਹੋਟਲ' ਕਿਉਂ ਜ਼ਬਰਦਸਤ ਵਿਰੋਧ ਦਾ ਮੁੱਦਾ ਬਣਾਇਆ ਜਾ ਰਿਹੈ ? ਅੰਗਰੇਜ਼ਾਂ ਦੀ ਅਤਿ ਵਿਕਸਿਤ (ਅਤੇ ਸਾਡੀ ਜਾਰੇ ਨਿੱਘਰੀ) ਸਭਿਅਤਾ ਵਿਚ ਪਲਣ ਅਤੇ ਪਰਵਰਿਸ਼ ਪਾਉਣ ਵਾਲੀ ਜੂਲੀਆ ਕੀ ਜਾਣੇ ਕਿ ਜਿਸ ਧਰਤੀ ਨੂੰ 'ਬੁਲੰਦੀਆਂ ਦੇਣ ਲਈ ਉਹ ਸਾਰਾ 'ਜਹਾਨ' ਲੈ ਕੇ ਇੱਥੇ ਪਧਾਰੀ ਹੈ ਇੱਥੋਂ ਦੀ ਆਪਣੀ ਨਾਰੀ ਦੀ ਕੀ ਦਸ਼ਾ ਹੈ। ਕੀ ਸਥਾਨ ਹੈ ਓਹਦਾ ? ਕੀ ਹਾਲ ਹੈ ਓਹਦਾ ! ਕੀ ਸਿਤਮ ਹੋ ਰਹੇ ਨੇ ਉਹਦੇ ਤੇ। ਕੀ ਤਸ਼ੱਦਦ ਝੇਲ ਰਹੀ ਹੈ ਓਹ। ਕਿਵੇਂ ਗੁਦੜੀਆਂ ਹੰਢਾ ਰਹੀ ਹੈ ਉਹ। ਕਿਵੇਂ ਕਚਰੇ ਉਠਾ ਰਹੀ ਹੈ ਉਹ। ਕਿਵੇਂ ਲਤਾੜੀ ਜਾ ਰਹੀ ਹੈ ਉਹ। ਕਿਵੇਂ ਨਪੀੜੀ ਜਾ ਰਹੀ ਹੈ ਉਹ। ਕਿਵੇਂ ਸਾੜੀ ਮਾਰੀ ਜਾ ਰਹੀ ਹੈ ਉਹ।

ਭਾਰਤ ਵਰਗੇ ਲੱਕ ਲੱਕ ਕਰਜ਼ੇ ਦੀ ਜਿੱਲਣ ਵਿਚ ਖੁੱਭੇ, ਗੁਰਬਤ ਦੀ ਗਾਰ ਵਿਚ ਫਸੇ, ਅਨਪੜ੍ਹਤਾ ਦੇ ਜਾਲ ਵਿਚ ਫਾਥੇ, ਅਗਿਆਨਤਾ ਦੀ ਫਾਹੀ ਨਾਲ ਬੰਨ੍ਹੇ, ਕਰਮ ਕਾਂਡਾਂ ਦੇ ਰੱਸੇ ਵਿਚ ਨਪੀੜੇ ਅਤੇ ਸੰਸਕਾਰਾਂ ਦੀ ਗਰਕਣ ਵਿਚ ਧੱਸੇ ਦੇਸ਼; ਜਿਹਨੂੰ ਬੇਗਾਨਿਆਂ ਵੀ ਲੁੱਟਿਆ ਤੇ ਆਪਣਿਆਂ ਵੀ ਨੂੰ ਕੀ ਆਖ ਇਹੋ ਜਿਹੀ ਚੋਜੀ, ਅੱਯਾਸ਼ੀ ਅਤੇ ਵਿਲਾਸੀ ਪ੍ਰਤਿਯੋਗਤਾ। ਜਿਹਦੇ ਲਈ ਰਾਜ ਸਰਕਾਰ ਕੇਂਦਰੀ ਸਰਕਾਰ ਅੱਗੇ ਕਰੋੜਾਂ ਰੁਪਏ ਲਈ ਲੇਲੜੀਆਂ ਕੱਢ ਰਹੀ ਹੈ। ਪੂਰੇ ਕਰਨਾਟਕ ਰਾਜ ਦੀ ਪ੍ਰਸ਼ਾਸਨਿਕ ਮਸ਼ੀਨਰੀ ਇਸ ਵੇਲੇ ਕੇਵਲ ਇਸੇ ਪਾਸੇ ਕੇਂਦਰਿਤ ਹੈ। ਬੇਸ਼ੁਮਾਰ ਪੁਲਿਸ ਬੰਦੋਬਸਤ ਕਰਨੇ ਪੈ ਰਹੇ ਹਨ। ਗਲਤ ਅਨਸਰ ਕੋਈ ਵੀ ਸ਼ਰਾਰਤ ਕਰ ਸਕਦੇ ਹਨ। ਆਖ਼ਰ, ਬਹੁ ਰਾਸ਼ਟਰੀ ਕੰਪਨੀਆਂ ਨੂੰ ਆਪਣੀ ਤਜਾਰਤ ਲਈ ਤੇ ਸ਼ਿੰਗਾਰ-ਸਮੱਗਰੀ ਦੀ ਵੇਚ-ਵੱਟ ਲਈ ਇਹ ਕੰਗਾਲ ਮੁਲਕ ਹੀ ਕਿਉਂ ਨਜ਼ਰ ਆਇਆ ? ਕੀ ਇਸ ਲਈ ਕਿ 1951 ਵਿਚ ਵਿਸ਼ਵ ਸੁੰਦਰੀ' ਮੁਕਾਬਲੇ ਦਾ ਸੁਪਨਾ ਵੇਖਣ ਵਾਲਾ ਮੋਰਲੇ ਇਸ ਸੰਸਾਰ ਵਿਚ ਆਪਣੇ ਅਨੇਕ ਵਾਰਿਸ ਪੈਦਾ ਕਰ ਚੁੱਕੇ ? ਸਾਡਾ ਅਜੋਕਾ ਮੋਰਲੇ (ਅਮਿਤਾਭ ਬਚਨ) ਆਪਣੀ ਕਾਰਪੋਰੇਸ਼ਨ ਨੂੰ ਦੇਸ਼ ਦੀ ਗ਼ਰੀਬ ਘਟਾਉਣ ਦੇ ਉਪਰਾਲੇ ਵਜੋਂ ਵਰਤਦਾ ਤਾਂ ਇਤਿਹਾਸ ਉਸਦਾ ਰਿਣੀ ਹੁੰਦਾ ਪਰੰਤੂ ਪਲੀ ਪਲੀ ਲਈ ਤਰਸਦੇ ਸਹਿਕਦੇ ਭਾਰਤੀਆਂ ਸਾਹਮਣੇ ਪੂਰਾ ਕੁੱਪਾ ਹੀ ਰੁੜ੍ਹਾਇਆ ਜਾ ਰਿਹਾ ਹੋਵੇ ਤਾਂ ਬੁਰਕੀ ਬੁਰਕੀ ਲਈ ਆਤੁਰ ਦੇਸ਼-ਵਾਸੀ 'ਵਿਸ਼ਵ-ਸੁੰਦਰੀ' ਮੁਕਾਬਲੇ ਦਾ ਡੱਟਵਾਂ ਵਿਰੋਧ ਨਾ ਕਰਨ ਤਾਂ ਹੋਰ ਕੀ ਕਰਨ ? ਪ੍ਰਬੰਧਕਾਂ ਦੀ ਜਾਨ ਨੂੰ ਨਾ ਰੋਣ ਤਾ ਕੀ ਕਰਨ।

'ਔਰਤ' ਤਾਂ ਲਟ ਲਟ ਬਲਦੀ ਸ਼ਕਤੀ ਦਾ ਨਾਂ ਹੈ। ਹਿਮਾਲਾ ਸਰ ਕਰਨ ਵਾਲੀ ਅਤੇ ਪੁਲਾੜਯਾਨਾਂ ਵਿਚ ਵਿਚਰਨ ਵਾਲੀ ਤਾਕਤ ਦਾ ਨਾਂ ਹੈ। ਸਾਗਰ ਸਮੁੰਦਰ ਮੰਥਨ

ਕਰਨ ਵਾਲੀ। ਆਕਾਸ਼ਾਂ ਵਿਚ ਉਡਣ ਵਾਲੀ। ਜੰਗਾਂ ਵਿਚ ਜੂਝਣ ਵਾਲੀ। ਆਗਨਾਂ ਵਿਚ ਲੋਰੀਆਂ ਦੇਣ ਵਾਲੀ। ਭੁੱਖਿਆਂ ਨੂੰ ਰਜਾਉਣ ਵਾਲੀ। ਨਿਮਾਣਿਆਂ ਨੂੰ ਸੀਨੇ ਲਾਉਣ ਵਾਲੀ। ਸਭਿਅਤਾ ਦੇ ਵਿਕਾਸ ਵਿਚ ਬੇਹੱਦ ਹਿੱਸਾ ਪਾਉਣ ਵਾਲੀ ਪਰ ਸਾਥੀਓ ! ਉਹਨੂੰ ਗਿਆਨ ਵਿਗਿਆਨ ਤੋਂ ਨਿਖੇੜ ਕੇ, ਉਹਨੂੰ ਕਿਤਾਬਾਂ ਤੋਂ ਖਦੇੜ ਕੇ, ਉਸਨੂੰ ਨਵੀਆਂ ਸੰਭਾਵਨਾਵਾਂ ਨਾਲੋਂ ਅਲੱਗ ਥਲੱਗ ਕਰਕੇ ਕਿਉਂ ਨੰਗਿਆਂ (ਅਰਧ ਨੰਗਿਆਂ) ਕਰਕੇ ਮਨੁੱਖਤਾ ਦਾ ਦੀਵਾਲਾ ਕੱਢਣ ਤੇ ਤੁਲੇ ਹੋ ? ਕਿਉਂ 'ਚੰਮ ਦੀ ਗੁੱਡੀ' ਬਣਾਈ ਰੱਖਣਾ ਚਾਹੁੰਦੇ ਹੋ ਇਸਨੂੰ। ਕਿਉਂ 'ਵਰਤਣ ਦੀ ਸ਼ੈਅ' ਗਰਦਾਨਣਾ ਚਾਹੁੰਦੇ ਹੋ ਇਸਨੂੰ। ਕਿਉਂ ਇਹਦੀਆਂ ਗੋਲਾਈਆਂ ਨੂੰ ਸ਼ਰੇਆਮ ਭੋਗਣਾ ਚਾਹੁੰਦੇ ਹੋ। ਕਿਉਂ ਇਹਨੂੰ 'ਹੁਸਨ' ਦਾ ਨਾ ਦੇ ਕੇ ਸੱਚੇ ਹੁਸਨ ਦੀ ਤੌਹੀਨ 'ਤੇ ਤੁਲੇ ਹੋਏ ਹੋ ? ਕਿਹੜਾ ਹੁਸਨ ! ਕਾਹਦਾ ਹੁਸਨ ! ਪਲਾਂ ਮਿੰਟਾਂ ਵਿਚ ਕਿਸ ਹੁਸਨ ਦੀ ਪਰਖ ਸੰਭਵ ਹੈ ਭਲਾ। ਹੁਸਨ ਤੇ ਉਂਵ ਵੀ ਪਰਖ ਦੇ ਹਰ ਸਭਿਆਚਾਰ ਦੇ ਆਪਣੇ ਅਲੱਗ ਅਲੱਗ ਮੇਅਾਰ ਹਨ। ਜਿਹੜਾ ਦੇਸ਼ ਵਾਕਈ ਕੌਮਾਂਤਰੀ ਦਲਾਲਾਂ ਅੱਗੇ ਵਧੇਰੇ ਗਿੜਗਿੜਾਵੇਗਾ ਉਸੇ ਦੇਸ਼ ਦੀ ਸੁੰਦਰੀ 'ਵਿਸ਼ਵ ਸੁੰਦਰੀ' ਬਣ ਜਾਂਦੀ ਹੈ ਇਹ ਤੱਥ ਉਂਵ ਜੱਗ ਤੋਂ ਭੁੱਲਿਆ ਵਿੱਸਰਿਆ ਨਹੀਂ ਹੈ।

ਅੱਜ ਬੰਗਲੌਰ ਦੀ ਧਰਤੀ ਭਾਵੇਂ ਪਰੀਆਂ ਦੇ ਹੁਸਨ ਨਾਲ ਮਾਲਾਮਾਲ ਹੈ ਪਰੰਤੂ ਥਾਂ ਥਾਂ, ਰੋਕਾਂ, ਜਗ੍ਹਾ ਜਗ੍ਹਾ ਅੜਿੱਕੇ ਤੇ ਮੋੜ ਮੋੜ 'ਤੇ ਤਣੀਆਂ ਸੰਗੀਨਾ ਇਸ ਖ਼ੁਸ਼ਗਵਾਰ ਮਾਹੌਲ ਨੂੰ ਕਲੰਕਿਤ ਕਰ ਰਹੀਆਂ ਹਨ। ਸੁੰਦਰੀਆਂ ਵਿਚਾਰੀਆਂ ਵੱਖ ਹੋਟਲਾਂ ਵਿਚ ਡੱਕੀਆਂ ਪਈਆਂ ਹਨ। ਉਹ ਪੂਰਨ ਸੁਤੰਤਰਤਾ ਨਾਲ ਬਾਗ਼ਾਂ ਦੇ ਸ਼ਹਿਰ ਵਿਚ ਘੁੱਮ ਨਹੀਂ ਸਕਦੀਆਂ। ਸ਼ਾਪਿੰਗ ਨਹੀਂ ਕਰ ਸਕਦੀਆਂ। ਮਨਮਰਜ਼ੀ ਨਾਲ ਕਿਤੇ ਚਹਿਲ ਕਦਮੀ ਨਹੀਂ ਕਰ ਸਕਦੀਆਂ। ਹੁਸੀਨ ਅਦਾਵਾਂ ਨਾਲ ਪ੍ਰੇਮੀਜਨਾਂ ਨੂੰ ਸਰਸ਼ਾਰ ਨਹੀਂ ਕਰ ਸਕਦੀਆਂ। ਦਿਲਫੇਂਕ ਇਸ਼ਾਰਿਆਂ ਨਾਲ ਮਨਚਲਿਆਂ ਦਾ ਚੈਨ ਨਹੀਂ ਲੁੱਟ ਸਕਦੀਆਂ।

ਗਲੈਮਰ, ਨੰਗੇਜ, ਕਾਮੁਕਤਾ, ਅਸ਼ਲੀਲਤਾ ਅਤੇ ਅੱਯਾਸ਼ੀ ਦੇ ਇਸ ਸੰਸਾਰ ਬਾਰੇ ਚਿਤਵਦਿਆਂ ਜ਼ਿਹਨ ਵਿਚ ਆਪ ਮੁਹਾਰੇ ਪ੍ਰੋ. ਮੋਹਨ ਸਿੰਘ ਦੇ ਇਹ ਦਿਲ ਵਿੰਨ੍ਹਵੇ ਬੋਲ ਗੂੰਜਣ ਲਗਦੇ ਹਨ:—

ਕੀ ਇਹ ਹੁਸਨ ਹੁਸਨ ਹੈ ਸਚਮੁੱਚ
ਜਾਂ ਉਂਵੇ ਹੀ ਛਲਕਾ ?
ਲੱਖ ਗ਼ਰੀਬਾਂ ਮਜ਼ਦੂਰਾਂ ਦੇ
ਹੰਝੂਆਂ 'ਤੇ ਜੋ ਪਲਦਾ।

ਜੀਵਨ ਵਿਚ ਨੰਬਰ ਇਕ ਦਾ ਸਿੰਘਾਸਨ ਪ੍ਰਾਪਤ ਕਰਨਾ ਐਡਾ ਸਹਿਲ ਕਾਰਜ ਨਹੀਂ। ਸੰਸਾਰ ਪੱਧਰ ਤੇ ਇਸਨੂੰ ਹਥਿਆਉਣਾ ਹੋਰ ਵੀ ਕਠਿਨ ਕੰਮ ਹੈ। ਸਾਧਨਾ ਦੀ ਕੁਠਾਲੀ ਵਿਚ ਸ੍ਵੈ-ਸ਼ੋਧ ਉਪਰੰਤ ਇਹ ਉਪਲਬਧੀ ਸੰਭਵ ਹੈ ਪਰੰਤੂ 'ਵਿਸ਼ਵ ਸੁੰਦਰੀ

ਮੁਕਾਬਲੇ' ਇਕ ਕੋਹਜਾ ਮਜ਼ਾਕ ਬਣਕੇ ਰਹਿ ਗਏ ਹਨ। ਸੱਭਿਅਕ ਇਨਸਾਨਾਂ ਲਈ ਬਦਨੁਮਾ ਦਾਗ਼। ਫਿਰ ਉਸ ਧਰਤੀ 'ਤੇ ਜਿੱਥੇ ਔਰਤ ਹਾਲੇ ਤੱਕ ਵੀ ਘੁੰਡ ਵਿਚ ਡੱਕੀ ਹੋਈ ਹੈ ਜਾਂ ਪਰਦੇ/ਬੁਰਕੇ ਵਿਚ ਸਮਿਤ। ਜਿਸ ਪੂਰਬਲੀ ਸਭਿਅਤਾ ਦੇ ਆਪਣੇ ਕੁਝ ਨਿਵੇਕਲੇ ਸਦਾਚਾਰਕ ਨੇਮ ਰਹੇ ਹਨ, ਜਿੱਥੇ, ਨੇਕੀ, ਚੰਗਿਆਈ, ਸੱਦਭਾਵਨਾ ਦੇ ਹੱਕ ਵਿਚ ਅਤੇ ਭੇਖ ਪਾਖੰਡ ਦੇ ਖ਼ਿਲਾਫ਼ ਨਾਅਰੇ ਗੂੰਜਦੇ ਰਹੇ ਹਨ। ਉਸ ਪੀਰਾਂ ਫਕੀਰਾਂ ਦੀ ਧਰਤੀ ਤੇ ਜਿਸਮਾਂ ਦੀ ਇਹ ਨਗਨ ਪ੍ਰਦਰਸ਼ਨੀ, ਕਾਮੁਕ ਅਦਾਵਾਂ ਦੀ ਸ਼ਰੇਆਮ ਬਾਰਿਸ਼, ਉਤੇਜਨਾ ਦਾ ਖੁੱਲ੍ਹਾ ਵਿਖਾਲਾ, ਅਤੇ ਅਸ਼ਲੀਲਤਾ ਦੀ ਸਰੇਬਾਜ਼ਾਰ ਨੁਮਾਇਸ਼ ਸਾਡੀਆਂ ਉਨ੍ਹਾਂ ਕਰੋੜਾਂ ਭੈਣਾਂ (ਸਾਥਣਾਂ) ਦੇ ਮੂੰਹ 'ਤੇ ਕਰਾਰੀ ਚੁਪੇੜ ਹੈ ਜਿਨ੍ਹਾਂ ਨੂੰ ਜੀਵਨ ਜਿਉਣ ਦਾ ਇਹੀ ਅਰਥ ਸਮਝ ਆਇਆ ਹੈ ਕਿ ਕਚਰਾ ਫੋਲਣਾ, ਰੂੜੀਆਂ ਚੁੱਕਣੀਆਂ, ਰੋੜੀਆਂ ਕੁੱਟਣੀਆਂ, ਪੱਥਰ ਤੋੜਨੇ, ਹੱਲ ਚਲਾਉਣੇ, ਪੱਠੇ ਵੱਢਣੇ, ਪਸ਼ੂ ਚਾਰਨੇ, ਭੱਥੇ ਢੋਣੇ, ਬੱਚੇ ਜਣਨੇ ਤੇ ਦਿਨ ਭਰ ਹੱਡ ਤੋੜਵੀਂ ਘਾਲ ਕਮਾਈ ਕਰਨੀ ਉਨ੍ਹਾਂ ਦੀ ਹੋਣੀ ਹੈ।

ਦੋਸਤੋ ! ਅੱਜ ਪੁਸਤਕਾਂ ਦੀ ਥਾਂ ਸ਼ਿੰਗਾਰ-ਬਕਸੇ ਚੁੱਕੀ ਫਿਰਦੀਆਂ ਇਹ 'ਪਰੀਆਂ' ਮਨੁੱਖਤਾ ਨੂੰ ਕੀ ਸੰਦੇਸ਼ ਦੇਣਗੀਆਂ ? ਗਿਆਨ ਵਿਗਿਆਨ ਦੀ ਬਜਾਇ ਜਹਾਲਤ ਹੰਢਾਉਂਦੀਆਂ ਇਹ ਸੁੰਦਰੀਆਂ ਜਲ ਰਹੀ ਮਨੁੱਖਤਾ ਦਾ ਕੀ ਸੰਵਾਰ ਸਕਣਗੀਆਂ ? ਸੁੰਦਰਤਾ ਦੇ ਕਿਸ ਮਕਸਦ ਦਾ ਪ੍ਰਚਾਰ ਕਰਨਾ ਹੈ ਇਨ੍ਹਾਂ ਨੇ ? ਪਟੋਲੇ ਬਣੀ ਫਿਰਦੀਆਂ ਇਹ ਨਾਰਾਂ ਕਿਸ ਮਦਰ ਟੈਰੇਸਾ, ਫਲੋਰੈਂਸ ਨਾਇਟਿੰਗੇਲ ਜਾਂ ਰਾਣੀ ਝਾਂਸੀ ਦਾ ਬਦਲ ਬਣ ਸਕਣਗੀਆਂ। ਕੁਝ ਸਰਦੇ ਪੁੱਜਦੇ ਘਰਾਂ ਦੀਆਂ ਕੁੜੀਆਂ ਨੂੰ ਤਾਂ ਹੁਣ ਬੱਸ ਇਕੋ ਕੰਮ ਹੀ ਇਕੋ ਸੁੱਝ ਰਿਹੈ। ਸੁੰਦਰਤਾ ਕਾਇਮ ਰੱਖਣ ਦੇ ਨੁਸਖ਼ੇ ਲੱਭਣੇ ਤੇ ਮਾਪਿਆਂ ਦੀ ਨੀਂਦ ਹਰਾਮ ਕਰਨੀ।

ਆਓ ! ਇਸ ਮੌਕੇ ਤੇ ਡਾ. ਹਰਿਭਜਨ ਸਿੰਘ ਦੇ ਇਹ ਕਾਵਿ ਬੋਲ ਵਿਚਾਰੀਏ:—

ਹੁਣ ਤਾਂ ਮੈਂ ਔਰਤ ਨਹੀਂ ਰਹੀ
ਪਿੰਡੇ ਦੀ ਕਿਰਤੀ ਥਾਂ ਲੱਜਿਆ
ਕਿਰਤੀ ਨਿਰ ਲੱਜਿਆ
ਫ਼ਰਕ ਮਿਟ ਚੁੱਕੇ ਨੇ
ਕੁਝ ਵੀ ਕੱਜਿਆ ਨਹੀਂ ਰਿਹਾ।

ਰਿਸ਼ੀਆਂ ਮੁਨੀਆਂ ਦੇ ਵਾਰਸੋ ! ਆਪਣੇ ਹਾਲਾਤ ਦੇ ਮੱਦੇ ਨਜ਼ਰ, ਆਪਣੀ ਖ਼ਲਕਤ ਨੂੰ ਧਿਆਨਗੋਚਰ ਰਖਦਿਆਂ ਤੇ ਆਪਣੀ ਮੰਦ ਹਾਲੀ ਦੇ ਰੂ-ਬ-ਰੂ ਆਓ, ਅੱਜ ਵਿਚਾਰੀਏ ਕਿ ਇਹ 'ਵਿਸ਼ਵ ਸੁੰਦਰੀ ਮੁਕਾਬਲੇ ਸਾਡੀ ਸਭਿਅਤਾ ਤੇ ਧਰਤੀ ਦੇ ਕਿੰਨੇ ਕੁ ਮੁਆਫ਼ਿਕ ਹਨ ! ਕਿੰਨੇ ਕੁ ਹਾਣੀ !

❑

ਸਾਡੀ ਹਉਕੇ ਵਰਗੀ ਜ਼ਿੰਦਗੀ ਤੇ ਹੰਝੂ ਜਿਹਾ ਜਹਾਨ

'ਆਜ਼ਾਦ ਭਾਰਤ' ਦੀ ਘੁੱਗ ਵੱਸਦੀ ਰਾਜਧਾਨੀ ਦਿੱਲੀ ਵਿਖੇ ਵਾਪਰੇ ਇਕ ਅਤਿਅੰਤ ਹੌਲਨਾਕ, ਦਿਲਚੀਰਵੇਂ, ਤ੍ਰਾਸਦਿਕ, ਭਿਅੰਕਰ ਅਤੇ ਤ੍ਰਾਹ ਕੱਢਦੇ ਘੱਲੂਘਾਰੇ ਨੂੰ ਬਾਰਾਂ ਵਰ੍ਹੇ ਤੋਂ ਵੱਧ ਅਰਸਾਂ ਬੀਤ ਚੁੱਕੇ ਪਰੰਤੂ 'ਤਖ਼ਤ' ਤੋਂ 'ਤਖ਼ਤੇ' 'ਤੇ ਪਟਕਾਈਆਂ ਅਤੇ ਯੋਜਨਾਬੱਧ ਗੁੰਡਾ ਅਨਸਰਾਂ, ਜ਼ਾਬਰ ਲੀਡਰਾਂ, ਬੇਗਾਨੀ ਛਾਹ 'ਤੇ ਮੁੱਛਾਂ ਮਨਾਉਂਦੇ ਝੋਲੀ ਚੁੱਕਾਂ ਅਤੇ ਹੈਵਾਨੀਅਤ ਤੇ ਸ਼ੈਤਾਨੀਅਤ ਦਾ ਤਾਂਡਵ ਨਾਚ ਨੱਚਦੇ ਟੁੱਕੜ ਬੋਚਾਂ ਦੀਆਂ ਸਤਾਈਆਂ ਹਜ਼ਾਰਾਂ ਵਿਧਵਾਵਾਂ ਦੇ ਵੈਣਾਂ ਦੀ ਆਵਾਜ਼ ਹਾਲੇ ਵੀ ਮਾਂਦ ਨਹੀਂ ਪਈ। ਇਨ੍ਹਾਂ ਬੇਗੁਨਾਹਾਂ, ਮਜ਼ਲੂਮਾਂ, ਬਦਨਸੀਬਾਂ ਅਤੇ ਕਰਮਾਂਮਾਰੀਆਂ ਲਈ ਇਹ ਲੰਮਾ ਸਮਾਂ ਬੇਹੱਦ ਜ਼ਲਾਲਤ, ਗ਼ਲਾਜ਼ਤ ਅਤੇ ਤ੍ਰਿਸਕਾਰਪੂਰਨ ਰਿਹਾ ਹੈ। ਮਾਨਵਤਾ ਦੇ ਇਤਿਹਾਸ ਦਾ ਇਕ ਬਦਨੁਮਾ ਧੱਬਾ ਸੀ ਇਹ ਸਾਕਾ ਜਿਸ ਵਿਚ ਜਿਹੜਾ ਵੀ ਕੇਸਾਧਾਰੀ ਬੱਚਾ-ਬੁੱਢਾ, ਜਵਾਨ ਤੇ ਅਧਖੜ ਅੜਿੱਕੇ ਚੜ੍ਹਿਆ ਉਸ ਨੂੰ ਬੇਕਸ ਹੀ ਪਾਰ ਬੁਲਾ ਦਿੱਤਾ ਗਿਆ। ਤੇ ਪਾਰ ਬੁਲਾਉਣ ਦੇ ਢੰਗ ਤਰੀਕੇ ! ਬੰਦਾ ਸੁਣਕੇ ਤ੍ਰਾਂਹੀ ਤ੍ਰਾਂਹੀ ਕਰ ਉੱਠਦਾ ਹੈ ! ਪੈਟਰੋਲ ਪਾ ਕੇ, ਸੜਦੇ ਟਾਇਰ ਗਲਾਂ 'ਚ ਲਟਕਾ ਕੇ, ਲੋਹ-ਰੋਡਾਂ ਦੇ ਵਾਰ ਕਰਕੇ, ਹਜ਼ੂਮਾਂ ਹੱਥੀਂ ਜਬਰ ਸਹਿ ਕੇ ਅਤੇ ਸਣ ਵਾਹਨੀਂ ਮਚ ਸਾੜ ਕੇ। ਇੰਦ ਕਿਹੜਾ ਅਣਮਨੁੱਖੀ ਕਹਿਰ ਹੋਵੇਗਾ ਜੋ 1984 ਦੇ ਅੰਤਮ ਹਿੱਸੇ ਵਿਚ ਇਸ ਦੇਸ਼ ਦੇ ਉਸ ਵਰਗ 'ਤੇ ਨਹੀਂ ਢਾਹਿਆ ਗਿਆ ਜਿਸਦੇ ਗੁਰੂਆਂ ਪੀਰਾਂ ਨੇ 'ਹਿੰਦ ਦੀ ਚਾਦਰ' ਬਣਕੇ ਦੁਖਿਆਰਿਆਂ ਦੀ ਬਾਂਹ ਫੜੀ ਸੀ ਅਤੇ ਕਦੇ ਮਜ਼ਲੂਮਾਂ ਦੀ ਰੱਖਿਆ ਅਤੇ ਧਰਮ ਦੇ ਸਹੀ ਸਰੂਪ ਦੀ ਕਾਇਮੀ ਹਿੱਤ ਸਰਬੰਸ ਤੱਕ ਵਾਰਨੋਂ ਵੀ ਸੰਕੋਚ ਨਹੀਂ ਸੀ ਕੀਤਾ। ਅਲੂੰਏ ਬੱਚੇ ਦੇਸ਼, ਕੌਮ ਤੇ ਉਚੇਰੇ ਆਦਰਸ਼ਾਂ ਤੋਂ ਕੁਰਬਾਨ ਕਰ ਦਿੱਤੇ ਗਏ ਅਤੇ ਜਿਸਦਾ ਸਦੀਆਂ ਭਰ ਦਾ ਸਮੁੱਚਾ ਇਤਿਹਾਸ ਹੀ ਬਲੀਦਾਨਾਂ, ਸ਼ਹੀਦੀਆਂ, ਆਪਾਵਾਰਨ ਅਤੇ ਮਰ ਮਿਟਕੇ ਦੇਸ਼, ਕੌਮ, ਧਰਮ, ਦੀਨ ਦੁਖੀਆਂ ਅਤੇ ਮਨੁੱਖਤਾ ਨੂੰ ਬਚਾਉਣ ਦਾ ਰਿਹਾ ਹੈ।

ਇਸ ਪਰਿਪੇਖ ਵਿਚ ਜਦੋਂ ਬੀਤੇ ਇਤਿਹਾਸ 'ਤੇ ਇਕ ਪਰਤਵੀਂ ਝਾਤ ਪਾਉਂਦੇ ਹਾਂ ਤਾਂ ਪ੍ਰੀਤਮ ਬੇਲੀ ਦੀ ਇਕ ਕਵਿਤਾ ਮੇਰੇ ਜ਼ਿਹਨ ਨੂੰ ਤਰੰਗਿਤ ਕਰ ਜਾਂਦੀ ਹੈ:—

ਬੰਦੇ ਅੰਦਰ ਅਸਲੀ ਬੰਦਾ ਕਿਉਂ ਤੜਪੇ ਦਿਨ ਰਾਤ ?
ਅੰਦਰ ਦੇ ਬੰਦੇ ਵਲ ਬੰਦਾ ਕਿਉਂ ਨਾ ਮਾਰੇ ਝਾਤ ?
ਬੋਲੀਆ ਬੁੱਝ ਬੁਝਾਰਤ ! ਬੰਦਾ ਕਿਉਂ ਕਰੇ ਸ਼ਰਾਰਤ ?
ਬੰਦੇ ਅੰਦਰ ਬਦੀ ਤੇ ਨੇਕੀ ਚਲੇ ਨਾਲੋਂ ਨਾਲ
ਨੇਕੀ ਕਾਹਨੂੰ ਨੁੱਕਰੇ ਲੱਗੀ ਬਦੀ ਦੀ ਬੜੀ ਉਛਾਲ ।
ਬਦੀ ਦੇ ਬੋਲ ਸੁਹਾਣੇ ਲੱਗਦੇ ਸੱਚ ਦੇ ਗੁੰਗੇ ਬੋਲ ।
ਬੋਲੇ ਆਖੇ ਮਨ ਮੰਦਰ ਵਿਚ ਸੱਚ ਤੇ ਝੂਠ ਨੂੰ ਤੋਲ ।
ਭਲਾ ਇਹ ਕੀ ਬੁਝਾਰਤ, ਬੰਦਾ ਕਿਉਂ ਕਰੇ ਸ਼ਰਾਰਤ ?

ਲੈਨਿਨ ਦੇ ਇਸ ਕਥਨ ਨਾਲ ਸਹਿਮਤੀ ਪ੍ਰਗਟਾਉਂਦਿਆਂ ਕਿ ਮੌਕਾ ਪ੍ਰਸਤ ਹਮੇਸ਼ਾ ਤੇ ਹਰ ਜਗ੍ਹਾ ਸਹਿਜੇ ਹੀ ਹਾਲਾਤ ਦੀ ਧਾਰਾ ਵਿਚ ਬਹਿ ਜਾਂਦੇ ਹਨ, ਕਿਹਾ ਜਾ ਸਕਦੈ ਕਿ ਸੰਸਾਰ ਵਿਚ ਇਹੋ ਜਿਹੇ ਕਮੀਨੀ ਬਿਰਤੀ ਤੇ ਸੌੜੀ ਦ੍ਰਿਸ਼ਟੀ ਵਾਲੇ ਦੁਸ਼ਟਾਂ ਦੀ ਥੁੜ ਨਹੀਂ ਜੋ ਦਰਦਮੰਦਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣੋਂ ਗੁਰੇਜ਼ ਨਹੀਂ ਕਰਦੇ ਪਰੰਤੂ ਗੁਰੂ ਪਾਤਿਸ਼ਾਹਾਂ ਦੇ ਅਟੱਲ ਬਚਨ ਪਤਾ ਨਹੀਂ ਉਨ੍ਹਾਂ ਦੇ ਅੰਤਸ਼ਕਰਣ ਨੂੰ ਕਿਉਂ ਨਹੀਂ ਟੁੰਬਦੇ ਤੇ ਇੰਞ ਉਨ੍ਹਾਂ ਨੂੰ ਸਦੀਵੀ ਸੱਚ ਦਾ ਅਹਿਸਾਸ ਕਿਉਂ ਨਹੀਂ ਕਰਾਉਂਦੇ !

ਗਰੀਬਾ ਉਪਰਿ ਜਿ ਖਿੰਜੈ ਦਾੜੀ ।
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ।
ਪੂਰਾ ਨਿਆਉ ਕਰੇ ਕਰਤਾਰੁ ।
ਅਪੁਨੇ ਦਾਸ ਕਉ ਰਾਖਨੁਹਾਰੁ ।

ਪਸ਼ੂਆਂ ਦੀ ਕਰਤੂਤ ਕਰਨ ਪਰੰਤੂ ਮਨੁੱਖੀ ਜਾਮਾ ਧਾਰਨ ਵਾਲੇ ਅਜਿਹੇ ਮੰਦਭਾਵੀ ਅਤੇ ਇਨਸਾਨੀਅਤ ਤੋਂ ਗਿਰੇ ਦੰਭੀਆਂ ਦੇ ਪ੍ਰਥਾਇ ਹੀ ਪੰਚਮ ਪਿਤਾ ਫ਼ਰਮਾਉਂਦੇ ਹਨ:—

ਕਰਤੂਤਿ ਪਸੂ ਕੀ ਮਾਨਸ ਜਾਤਿ ।
ਲੋਕ ਪਚਾਰਾ ਕਰੈ ਦਿਨ ਰਾਤਿ ।
ਬਾਹਰਿ ਭੇਖ ਅੰਤਰਿ ਮਲੁ ਮਾਇਆ
ਛਪਸਿ ਨਾਹਿ ਕਛੁ ਕਰੈ ਛੁਪਾਇਆ ।

1984 ਦੇ ਅੰਤਿਮ ਮਹੀਨਿਆਂ ਵਿਚ ਹੋਈ ਇਸ ਰੌਂਗਟੇ ਖੜੇ ਕਰਨ ਵਾਲੀ ਦੁਰਘਟਨਾ ਨੇ ਲੋਕਤੰਤਰੀ ਹਕੂਮਤ ਦਾ ਭਰਮ ਪਾਲਦੀਆਂ ਉਨ੍ਹਾਂ ਕਮੀਨੀਆਂ ਤੇ ਫੁੱਟ ਪਾਊ ਸ਼ਕਤੀਆਂ ਦਾ ਭਾਂਡਾ ਚੌਰਾਹੇ ਵਿਚ ਭੰਨ ਦਿੱਤਾ ਜੋ ਧਰਮ ਨਿਰਪੇਖਤਾ ਦੇ ਚੋਗੇ ਹੇਠ ਮਨੁੱਖਤਾ ਨੂੰ ਲੀਰੋ ਲੀਰ ਕਰ ਰਹੀਆਂ ਸਨ । ਭਾਈ ਭਾਈ ਵਿਚ ਵੰਡੀਆਂ ਪਾ ਰਹੀਆਂ ਸਨ ਤੇ ਲੋਟੂਆਂ, ਗੁੰਡਿਆਂ ਅਤੇ ਮੌਕਾ ਤਾੜੂਆਂ ਦੇ ਘਰ ਭਰ ਰਹੀਆਂ ਸਨ । ਯੋਜਨਾਬੱਧ ਅਤੇ ਸਾਜਿਸ਼ਬੱਧ ਇਨ੍ਹਾਂ ਕਤਲਾਂ ਨੂੰ 'ਦੰਗਿਆਂ' ਦੇ ਨਾਂ ਨਾਲ ਜੋੜਨਾ ਕਤਈ ਵੀ ਦਰੁਸਤ ਨਹੀਂ ਤੇ ਪੁੱਤਰ-ਪੋਤਰੇ, ਅੰਮਾ ਜਾਏ ਵੀਰ ਅਤੇ ਸਿਰਾਂ ਦੇ ਸਾਈਂ ਇਨ੍ਹਾਂ 'ਦੰਗਿਆਂ' ਵਿਚ ਲੁਟਾਉਣ ਵਾਲੀਆਂ ਅਭਾਗਣ ਇਸਤਰੀਆਂ ਤੇ ਵਿਧਵਾਵਾਂ ਅੱਜ ਤੱਕ ਇਸ

'ਆਜ਼ਾਦ' ਅਖਵਾਉਂਦੇ ਆਪਣੇ ਦੇਸ਼ ਵਿਚ ਕਿਸ ਕਦਰ ਜ਼ਲੀਲ ਤੇ ਬੇਆਬਰੂ ਹੋ ਰਹੀਆਂ ਹਨ ? ਇਹ ਤੱਥ ਇਸ ਦੇਸ਼ ਦੇ ਮੂੰਹ ਮੱਥੇ 'ਤੇ ਸਦਾ ਇਕ ਬਦਨੁਮਾ ਦਾਗ਼ ਬਣਿਆ ਰਹੇਗਾ। ਹਮੇਸ਼ਾ ਹਮੇਸ਼ਾ ਲਈ। ਰਹਿੰਦੀ ਦੁਨੀਆ ਤਕ। ਜਿਸ ਕਰਕੇ ਨਾ ਕੇਵਲ ਹਜ਼ਾਰਾਂ ਬੇਕਸੂਰ ਜੀਵ ਹੀ ਚਿਤਾਵਾਂ ਚੜ੍ਹੇ ਸਗੋਂ ਜਿਸਦੀਆਂ ਲਪਟਾਂ ਨੇ ਜ਼ਿਮੀ ਆਸਮਾਂ ਕੰਬਾਂ ਦਿੱਤੇ। ਅਰਸ਼ ਫ਼ਰਸ਼ ਹਿਲਾ ਦਿੱਤੇ।

ਅੱਜ ਜੱਗ ਜਾਣਦੈ ਇਸ ਸਾਕੇ ਦੇ ਪਿਛੋਕੜ ਨੂੰ। ਹੁਣ ਸਾਰਾ ਆਲਮ ਸਮਝਦੈ ਕਿ ਇਹ ਕੋਝੀਆਂ ਸਾਜਿਸ਼ਾਂ ਕਿਉਂ ਕੀਤੀਆਂ ਗਈਆਂ ? ਦੇਸ਼ ਦੀ ਖੜਗ ਬਣਕੇ ਸਦਾ ਇਹਦੀ ਰੱਖਿਆ ਲਈ ਪਹਿਰੇਦਾਰ ਬਣਿਆ ਆ ਰਿਹਾ ਪੰਜਾਬ ਮੁੜ "ਪੰਜਾਬ ਦੇਸ਼" ਨਾ ਬਣ ਸਕੇ। ਫਿਰ 'ਮਹਾਂ ਪੰਜਾਬ' ਨਾ ਬਣ ਸਕੇ। ਇਹਦੇ ਖ਼ੂਨ ਪਸੀਨਾ ਵਹਾਉਂਦੇ ਮਿਹਨਤਕਸ਼ ਵਾਸੀ ਸਰਦਾਰ ਬਣਕੇ ਜੀਵਨ ਨਾ ਮਾਣ ਸਕਣ। ਹਸਦਾ ਅਤੇ ਦੇਸ਼ (ਸਾਰੇ) ਦੇ ਮੂੰਹ ਵਿਚ ਚੋਗਾ ਪਾਉਂਦਾ ਰਾਜ ਮੰਗਤਿਆਂ ਹਾਰ ਬਣਾ ਦਿੱਤਾ ਜਾਵੇ। ਗੁਰੂ ਪਾਤਿਸ਼ਾਹੀਆਂ, ਪੀਰਾਂ, ਫ਼ਕੀਰਾਂ ਅਤੇ ਸਿਦਕੀਆਂ ਸਿਰੜੀਆਂ ਦੀ ਪਾਵਨ ਕਾਰਜ-ਭੂਮੀ ਪੰਜਾਬ ਨੂੰ ਦਹਾਕਿਆਂ ਤੱਕ ਉਨ੍ਹਾਂ ਮਾਨਵੀ ਅਧਿਕਾਰਾਂ ਤੋਂ ਵੰਚਿਤ ਰੱਖਣ ਦੀਆਂ ਘਿਣਾਉਣੀਆਂ ਚਾਲਾਂ ਚੱਲੀਆਂ ਗਈਆਂ ਜਿਨ੍ਹਾਂ ਦੀ ਬਹਾਲੀ ਅਤੇ ਸੁਰਜੀਤੀ ਹਿੱਤ ਗੁਰੂ ਸਾਹਿਬਾਨ ਅਤੇ ਸ਼ਾਹਿਬਜ਼ਾਦਿਆਂ ਦੀਆਂ ਨਾਯਾਬ ਸ਼ਹਾਦਤਾਂ ਹੋਈਆਂ। ਬਦਕਿਸਮਤੀ ਇਸ ਧਰਤੀ ਦੀ ਕਿ ਪਿਛਲੀ ਅੱਧੀ ਸਦੀ ਵਿਚ ਕਿਸੇ ਸਿੱਖ ਨੇਤਾ ਨੇ ਕੇਂਦਰ ਵਿਚ ਇਸ ਦਾ ਪੱਖ ਨਹੀਂ ਪੂਰਿਆਂ। ਚੌਧਰਾਂ ਦੇ ਭੁੱਖੇ, ਕੁਰਸੀਆਂ ਨਾਲ ਚੰਬੜੇ ਅਤੇ ਤਜੌਰੀਆਂ ਭਰ ਭਰ ਪੁੱਤਾਂ ਪੋਤਰਿਆਂ ਦਾ ਭਵਿੱਖ ਬਣਾਉਂਦੇ ਇਹ ਲੂੰਬੜਚਾਲੇ ਨੇਤਾ ਪਤਾ ਨਹੀਂ ਕਿਉਂ ਉਨ੍ਹਾਂ ਲਾਸਾਨੀ ਕਾਰਨਾਮਿਆਂ ਨੂੰ ਭੁੱਲ ਗਏ ਜਿਹੜੇ ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਸਿੱਖ ਕੌਮ ਨੇ ਵਧ ਚੜ੍ਹ ਕੇ ਕੀਤੇ ਸਨ। ਦੋ ਪ੍ਰਤਿਸ਼ਤ ਹੁੰਦਿਆਂ ਵੀ 98% ਕੁਰਬਾਨੀਆਂ। ਕਦੇ ਗ਼ਦਰੀ ਬਣਕੇ ! ਕਦੇ ਬੱਬਰ ਬਣਕੇ। ਕਦੇ ਕਾਲੇ ਪਾਣੀਆਂ 'ਚ ਬੰਦ ਹੋ ਕੇ। ਕਦੇ ਆਜ਼ਾਦ ਹਿੰਦ ਫ਼ੌਜ ਦੇ ਸੈਨਿਕ ਬਣਕੇ। ਕਦੇ ਜਲਾਵਤਨ ਹੋ ਕੇ। ਕਦੇ ਫਾਸੀਆਂ ਦੇ ਫੰਦੇ ਚੁੰਮ ਕੇ ਤੇ ਕਦੇ ਮੋਰਚੇ ਲਾ ਲਾ ਕੇ। "ਧਰਮ ਨਿਰਪੇਖਤਾ" ਦੀ ਡੌਂਡੀ ਪਿੱਟਦੀ ਸਰਕਾਰ ਨੇ ਇਹ ਦੇਸ਼ ਭਗਤ ਮਰਜੀਵੜੇ, ਸਿਰਲੱਥ ਯੋਧੇ ਅਤੇ ਨਿਸ਼ਕਾਮ ਸੇਵਕ ਵੱਖਵਾਦੀ ਆਤੰਕਵਾਦੀ, ਅੱਤਵਾਦੀ ਅਤੇ ਦੇਸ਼ ਧਰੋਹੀ ਗਰਦਾਨ ਦਿੱਤੇ। ਇੱਥੇ ਹੀ ਬੱਸ ਨਹੀਂ-ਕੌਮੀ ਤੇ ਕੌਮਾਂਤਰੀ ਪੱਧਰ ਤੇ ਪਾਣੀ ਪੀ ਪੀ ਇਨ੍ਹਾਂ ਨੂੰ ਕੋਸਿਆ ਗਿਆ। ਇਨ੍ਹਾਂ ਦੀ ਪੱਗ ਲੁਹਾਈ। ਇਨ੍ਹਾਂ ਦਾ ਮਲੀਆਮੇਟ ਕੀਤਾ। ਇਨ੍ਹਾਂ ਨੂੰ ਰੋਲਿਆ। ਰੱਜ ਕੇ ਮਧੋਲਿਆ। ਗੱਲ ਕੀ ਪਾਣੀ ਪੀ ਪੀ ਕੇ ਕੋਸਿਆ।

ਸੂਝਵਾਨ ਪਾਠਕੋ ! ਖ਼ਲੀਲ ਜਿਬਰਾਨ ਕਿੰਨਾ ਵੱਡਾ ਸੱਚ ਬਿਆਨਦੈ ਕਿ "ਉਹ ਦੇਸ਼ ਰਹਿਣ ਦੇ ਕਾਬਲ ਨਹੀਂ ਜੋ ਅੰਧ ਵਿਸ਼ਵਾਸਾਂ ਨਾਲ ਤਾਂ ਭਰਿਆ ਪਿਐ ਪਰੰਤੂ ਸੱਚੇ ਧਰਮ ਤੋਂ ਖ਼ਾਲੀ ਹੈ।" ਮੈਨੂੰ ਇੱਥੇ ਗੁਰਮਤਿ ਦਾ ਮਹਾਨ ਵਿਆਖਿਆਕਾਰ, ਗੁਰੂ ਪਾਤਿਸ਼ਾਹੀਆਂ ਦਾ ਅਨਿੰਨ ਸੇਵਕ ਅਤੇ ਜਾਗਤ ਜੋਤ ਗੁਰੂ ਗ੍ਰੰਥ ਸਾਹਿਬ ਦਾ ਲੇਖਕ

ਭਾਈ ਗੁਰਦਾਸ ਟੁੰਬ ਰਿਹੇ ਜਦੋਂ ਅਸੀਂ ਬੀਬੀ ਦਰਸ਼ਨ ਕੌਰ ਜਿਹੀਆਂ ਸਤਾਈਆਂ, ਰੁਲਾਈਆਂ ਅਤੇ ਲਤਾੜੀਆਂ ਭੈਣਾਂ ਦੀ ਬੇਹਾਲੀ ਵੱਨੀ ਤੱਕਦੇ ਹਾਂ। ਇਕ 'ਅਕ੍ਰਿਤਘਣ' ਦਾ ਜੋ ਸ਼ਬਦ-ਚਿੱਤਰ ਭਾਈ ਗੁਰਦਾਸ ਹੁਰਾਂ ਉਲੀਕਿਆ ਹੈ ਉਹ ਵਾਕਈ ਲਾਜਵਾਬ ਹੈ। ਬਿਲਕੁਲ ਬੇਜੋੜ ਜਿਵੇਂ:–

ਮਦ ਵਿਚਿ ਰਿਧਾ ਪਾਇਕੈ ਕੁਤੇ ਦਾ ਮਾਸੁ।
ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।
ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ।
ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।
ਨਦਰੀ ਪਵੈ ਅਕਿਰਤਘਣ ਮਤੁ ਹੋਇ ਵਿਣਾਸੁ।

(ਵਾਰ 25ਵੀ)

ਹੁਣ ਵਿਚਾਰਗੋਚਰੀ ਗੱਲ ਇਹ ਹੈ ਕਿ ਅੱਜ ਕਾਨੂੰਨ ਦੇ ਪੰਜਿਆਂ 'ਚ ਜਕੜੇ, ਕੈਦਾਂ ਭੁਗਤ ਰਹੇ ਅਤੇ ਆਪਣੀਆਂ ਕੀਤੀਆਂ ਦਾ ਪਾ-ਪਾਸਕ ਖ਼ਮਿਆਜ਼ਾ ਪਾ ਰਹੇ ਕੁਝ ਮੁੱਠੀ ਭਰ ਸ਼ੈਤਾਨ ਦਹਾਕਿਆਂ ਤੱਕ ਇਨ੍ਹਾਂ ਲਾਚਾਰ ਵਿਧਵਾਵਾਂ ਅਤੇ ਮਾਵਾਂ-ਭੈਣਾਂ ਨੂੰ ਡਰਾਉਂਦੇ, ਧਮਕਾਉਂਦੇ ਅਤੇ ਫੁਸਲਾਉਂਦੇ ਰਹੇ ਹਨ ਜਦੋਂ 'ਸਈਆਂ ਭਏ ਕੋਤਵਾਲ ਫਿਰ ਡਰ ਕਾਹੇ ਕਾ ? ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜਿਊਣ। ਅੰਨ੍ਹਾ ਵੰਡੇ ਸੀਰਨੀ ਮੁੜ ਮੁੜ ਆਪਣਿਆਂ ਨੂੰ। ਪਰੰਤੂ ਸਹਿਰਦ ਪਾਠਕੋ ! ਕੂੜ ਨਿਖੁੱਟੇ ਨਾਨਕਾ ਓੜਕ ਸੱਚ ਰਹੀ। ਅੰਤ ਤਾਂ ਫਤਿਹ ਸੱਚ ਦੀ ਹੈ ਭਾਵੇਂ ਹੈਵਾਨੀਅਤ ਨਾਲ ਲਬਰੇਜ਼ ਕੁਝ ਪਾਜੀ ਲੋਕ ਕਿੰਨਾ ਮਰਜ਼ੀ ਸੱਚ ਦਾ ਖੁਰਾ ਖੋਜ ਮਿਟਾਉਣ ਦਾ ਜਤਨ ਕਰਨ। ਸਰਦਾਰਨੀ ਦਰਸ਼ਨ ਕੌਰ 'ਤੇ ਜਾਂ ਬੀਬੀ ਸਤਨਾਮੀ ਬਾਈ 'ਤੇ ਹਮਲੇ ਕਰਨ ਵਾਲੇ ਸੱਚ ਦੀ ਆਵਾਜ਼ ਨੂੰ ਬੰਦ ਕਰਨ ਦੇ ਅਸਫਲ ਜਤਨ ਕਰਕੇ ਆਪ ਲੋਕ-ਕਚਹਿਰੀ ਵਿਚ ਨੰਗੇ ਹੋ ਗਏ। ਸੱਚ ਦਫ਼ਨ ਕਰਨ ਦੀਆਂ ਕੋਸ਼ਸ਼ਾਂ ਵਿਚ ਆਪੂੰ ਨਸ਼ਰ ਹੋ ਗਏ।

ਤੇ ਉਦੂੰ ਵੱਧ ਨੰਗੇ ਹੋਏ ਓਹ ਪ੍ਰਬੰਧਕ ਕਮੇਟੀਏ ਜਿਹੜੇ ਦੰਮਾਂ ਦੇ ਗ਼ੁਲਾਮ ਹੋ ਕੇ ਇਨ੍ਹਾਂ ਜ਼ਰਦਾਰ ਠੱਗਾਂ ਦੇ ਹਮਰਾਜ਼ ਬਣੇ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੁਣੇ ਗਏ ਕੁਝ ਅਜਿਹੇ ਅਹੁਦੇਦਾਰ, ਲੋਕ-ਨੁਮਾਇੰਦੇ ਤੇ ਪ੍ਰਬੰਧਕ ਰੱਜ ਕੇ ਲਾਹਨਤ ਦੇ ਅਧਿਕਾਰੀ ਹਨ ਜੋ ਹੱਥ ਠੋਕੇ ਬਣਕੇ ਆਪਣੀਆਂ ਹੀ ਇਨ੍ਹਾਂ ਬੇਕਸੂਰ ਮਾਵਾਂ ਭੈਣਾਂ ਨੂੰ ਸਰੇ ਬਾਜ਼ਾਰ ਰੋਲ-ਮਧੋਲ ਰਹੇ ਹਨ। ਪੁਲਿਸ ਹਾਜ਼ਰੀ ਵਿਚ ਆਪਣੇ ਕਿਰਦਾਰ ਦੀ ਇਹ ਅਤਿ ਘਿਣਾਉਣੀ ਪੇਸ਼ਕਾਰੀ ਕੀ ਉਨ੍ਹਾਂ ਨੂੰ ਜ਼ਾਲਮਾਂ ਦੇ ਕਟਹਿਰੇ ਦੀ ਭਾਗੀ ਨਹੀਂ ਬਣਾਉਂਦੀ ? ਇਨ੍ਹਾਂ ਵਖ਼ਤਾਂਮਾਰੀਆਂ ਦੇ ਅੱਲ੍ਹੇ ਜ਼ਖਮਾਂ ਤੇ ਨਿੱਤ ਨਵੇਂ ਦਿਨ ਲੂਣ ਛਿੜਕਣ ਦੀਆਂ ਕਮੀਨੀਆਂ ਚਾਲਾਂ ਤੇ ਕੋਝੀਆਂ ਕਰਤੂਤਾਂ ਓਸ ਸਰਵ ਸ਼ਕਤੀਮਾਨ ਪ੍ਰਭੂ ਦੀ ਸ੍ਰਿਸ਼ਟੀ ਵਿਚ ਇਨ੍ਹਾਂ ਬੇਸਹਾਰੀਆਂ ਨੂੰ ਇਹੀ ਪ੍ਰਤੀਤ ਕਰਾਉਂਦੀਆਂ ਹਨ ਕਿ 'ਅੱਜ ਵੀ ਸੰਸਾਰ ਪੁਰਖਾਂ ਦਾ ਹੀ ਹੈ, ਔਰਤਾਂ ਦਾ ਇੱਥੇ ਕੁਝ ਵੀ ਨਹੀ, ਜਿਵੇਂ ਕਿ ਫਰਾਂਸੀਸੀ

ਲੇਖਕਾਂ ਦੀਬੇਵਾ ਨੇ ਕਿਹਾ ਸੀ। ਖੂਨ ਦੇ ਅੱਥਰੂ ਕੇਰਦੀਆਂ ਇਹ ਕਹਿ ਰਹੀਆਂ ਹਨ ਕਿ ਸਾਡੀ ਹਉਕੇ ਵਰਗੀ ਜ਼ਿੰਦਗੀ ਤੇ ਹੰਝੂ ਜਿਹਾ ਜਹਾਨ। ਸਾਡੇ ਲਈ ਅਜ ਵਿਚਾਰਨ ਦੀ ਘੜੀ ਆ ਗਈ ਹੈ।

ਦਿੱਲੀ ਦੇ ਵਹਿਸ਼ੀ ਕਤਲਾਂ ਦੀ ਸ਼ਿਕਾਰ ਬੀਬੀ ਦਰਸ਼ਨ ਕੌਰ ਅੱਜ ਕੱਲ ਮੁੜ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿਉਂਕਿ ਆਪਣੇ ਖ਼ਾਨਦਾਨ ਦੇ ਦਸ ਚਿਰਾਗਾਂ ਨੂੰ 1984 ਵਿਚ ਗੁੰਡਿਆਂ ਹੱਥੋਂ ਬੁਝਵਾ ਚੁੱਕੀ ਇਸ ਦਲੇਰ ਔਰਤ ਨੇ ਆਪਣੇ ਜੰਮਿਆਂ ਜਾਇਆਂ ਦਾ ਸੌਦਾ ਨਹੀਂ ਕੀਤਾ ਸਗੋਂ ਕਾਲੀਆਂ ਕਰਤੂਤਾਂ ਵਾਲਿਆਂ ਦੀ ਸ਼ਨਾਖ਼ਤ ਕਰਨ ਦੀ ਜੁਰਅਤ ਕਰਕੇ ਤੇ ਅਦਾਲਤ ਦਾ ਦਰ ਖੜਕਾ ਕੇ ਆਪਣਾ ਬਚਦਾ ਖੁਚਦਾ ਸੱਭੋ ਕੁਝ ਦਾਅ ਤੇ ਲਾ ਦਿੱਤਾ ਹੈ। ਆਪਣਾ ਸੁੱਖ ਚੈਨ, ਸੁਹਾਗ ਤੇ ਭਾਗ ਤੇ ਘਰ ਘਾਟ ਗਵਾ ਚੁੱਕੀ ਇਸ ਸ਼ੇਰ ਦਿਲ ਔਰਤ 'ਤੇ ਸਿੱਖਾਂ ਦੇ ਭੇਖ ਵਿਚ ਵਿਕੇ ਹੋਏ ਗੱਦਾਰਾਂ ਨੇ ਹਮਲਾ ਕਰਕੇ ਆਪਣੀ ਔਕਾਤ ਵਿਖਾ ਦਿੱਤੀ ਹੈ ਕਿ ਜਗਤ ਮਾਤਾ ਸੁੰਦਰੀ ਦਾ ਪਾਵਨ ਸਥਾਨ ਵੀ ਪਲੀਤ ਕੀਤਾ ਜਾ ਸਕਦਾ ਹੈ। ਸਤਨਾਮੀ ਬਾਈ ਜਿਹੀਆਂ ਵਿਕ ਜਾਣ ਵਾਲੀਆਂ ਵਿਧਵਾਵਾਂ ਤੋਂ ਉਲਟ ਦਰਸ਼ਨ ਕੌਰ ਨੇ ਜ਼ਮੀਰ ਦੀ ਆਵਾਜ਼ 'ਤੇ ਪਹਿਰਾ ਦਿੱਤਾ ਹੈ। ਗੁਰਬਤ ਕੱਟਦਿਆਂ ਪਰੰਤੂ ਕਿਰਤ ਕਮਾਈ ਦਾ ਜੀਵਨ ਜਿਊਂਦਿਆਂ ਵੀ ਉਸਨੇ ਇਨ੍ਹਾਂ ਨਕਾਬਪੋਸ਼ ਸਿੱਖ ਲੀਡਰਾਂ ਦਾ ਪਰਦਾ ਫਾਸ਼ ਕਰਨੋਂ ਗੁਰੇਜ਼ ਨਹੀਂ ਕੀਤਾ। ਗੁਰਦੁਆਰਿਆਂ ਨੂੰ ਆਪਣੇ ਸੁਆਰਥਾਂ ਲਈ ਵਰਤਦੇ ਇਹ ਸਿੱਖ ਨੇਤਾ, ਕਿਸ 'ਕੌਮ' ਦੀ ਭਲਾਈ ਦਾ ਕਾਰਜ ਕਰ ਰਹੇ ਹਨ ? ਇਸ ਗੱਲ ਦਾ ਪਤਾ ਅਕਾਲ ਤਖ਼ਤ ਸਾਹਿਬ ਦੀ ਸਰਬੋਚ ਅਦਾਲਤ ਹੀ ਲਗਵਾ ਸਕਦੀ ਹੈ। ਸਭ ਤੋਂ ਵੱਡੇ 'ਅਕ੍ਰਿਤਘਣ' ਸਾਡੀ ਜਾਚੇ ਇਹੀ ਲੋਕ ਹਨ ਜੋ ਸਾਈਆਂ ਕਿਤੇ ਤੇ ਵਧਾਈਆਂ ਕਿਤੇ ਹੋਰ ਦਿੰਦੇ ਹਨ।

❑

ਲੱਖ ਰੁੱਤਾਂ ਆਈਆਂ ਤੇ ਗਈਆਂ ਗਈ ਨਾ ਪਰ ਤਨਹਾਈ

ਅੱਠ ਮਾਰਚ ਫਿਰ ਸਾਡੀਆਂ ਬਰੂਹਾਂ 'ਤੇ ਆਣ ਪੁੱਜੇ। ਨਵੇਂ ਵਾਅਦਿਆਂ ਨਾਲ ਪਰਣਾਇਆ। ਨਵੇਂ ਦਾਅਵਿਆਂ ਨਾਲ ਭਰਪੂਰ। ਨਵੇਂ ਦਿਸਹੱਦਿਆਂ ਦਾ ਮੁਤਲਾਸ਼ੀ। ਸੱਜਰੇ ਚਾਵਾਂ ਦਾ ਅਭਿਲਾਸ਼ੀ। ਤੇ ਇਹ ਉਹੀ ਇਤਿਹਾਸਕ ਦਿਹਾੜਾ ਹੈ ਜਿਸ ਨੂੰ ਸਿਰਕੱਢ ਜਰਮਨ ਆਗੂ ਕੁਲਾਰਾ ਜੈਟਕਿਨ ਨੇ (ਕੋਪਨਹੇਗਨ ਦੀ ਰੋਮਾਂਚਿਕ ਸਮੁੰਦਰੀ ਧਰਤੀ 'ਤੇ) ਔਰਤ ਦੀ ਤ੍ਰਾਸਦਿਕ ਤੇ ਸ਼ੋਸ਼ਣਪੂਰਣ ਦਸ਼ਾ 'ਤੇ ਵਿਚਾਰ-ਵਿਵੇਚਨ ਲਈ 1910 ਈਸਵੀ ਵਿਚ ਰਾਖਵੇਂ ਕਰਨ 'ਤੇ ਬੱਲ ਦਿੱਤਾ ਸੀ। ਕੁਲਾਰਾ ਦਾ ਵਿਸ਼ਵਾਸ ਸੀ ਕਿ ਰੱਬ ਤੋਂ ਬਾਅਦੀ ਜੀਵ ਇਸਤਰੀ ਦਾ ਦੇਣਦਾਰ ਹੈ —ਪਹਿਲਾਂ ਜੀਵਨ ਦੇਣ ਲਈ ਤੇ ਫਿਰ ਜਿਉਣ ਯੋਗ ਬਣਾਉਣ ਲਈ। ਪਰੰਤੂ ਵਿਭਿੰਨ ਧਰਤੀਆਂ ਤੇ ਸਮਾਜਿਕ, ਭਾਈਚਾਰਕ, ਸਭਿਆਚਾਰਕ, ਆਰਥਿਕ, ਸਾਹਿਤਿਕ, ਧਾਰਮਿਕ ਅਤੇ ਰਾਜਨੀਤਕ ਭਿੰਨਤਾ ਅਤੇ ਵੱਖਰੇਵੇਂ ਦੇ ਬਾਵਜੂਦ ਜੋ ਸਰਵ ਸਾਂਝਾ ਹੈ ਉਹ ਹੈ ਔਰਤ ਦੀ ਮੰਦਹਾਲੀ ਅਤੇ ਦੁਰਦਸ਼ਾ। ਸਮਾਜਿਕ ਗੱਡੀ ਦੇ ਦੋਵਾਂ ਪਹੀਆਂ ਵਿਚਲਾ ਅਸਤੁੰਲਨ ਅਤੇ ਅਸਾਵਾਂਪਨ ਹੀ ਸੀ ਜਿਸਨੇ 8 ਮਾਰਚ 1910 ਨੂੰ ਕੁਲਾਰਾ ਦੀਆਂ ਸਾਥਣਾਂ ਨੂੰ 'ਕੌਮਾਂਤਰੀ ਔਰਤ ਦਿਵਸ' ਨਿਸ਼ਚਿਤ ਕਰਨ ਲਈ ਟੁੰਬਿਆ ਸੀ। ਆਓ ! ਪਿੱਛਲ ਝਾਤ ਪਾਉਂਦਿਆਂ ਵਿਚਾਰੀਏ ਕਿ ਔਰਤ ਅਜੇ ਕਿੱਥੇ ਕੁ ਪਹੁੰਚੀ ਹੈ।

ਖ਼ਾਲਸਾ ਪੰਥ ਦੀ ਤੀਜੀ ਮੁਬਾਰਕ ਸ਼ਤਾਬਦੀ ਮਨਾਉਂਦਿਆਂ ਇਹ ਗੱਲ ਵੀ ਨਿੱਖਰੇ ਦਿਨ ਵਰਗੀ ਸੱਚਾਈ ਹੈ ਕਿ ਔਰਤ ਨੂੰ ਜਿਹੜਾ ਮਾਣ, ਸਨਮਾਨ, ਮਹੱਤਾ, ਵਡੱਪਣ, ਮਹਾਨਤਾ, ਉੱਚਤਾ ਅਤੇ ਸੁੱਚਤਾ ਗੁਰ ਇਤਿਹਾਸ ਵਿਚ ਉਪਲਬਧ ਰਹੀ ਹੈ, ਉਸ ਦਾ ਸਾਰੇ ਮਾਨਵ-ਇਤਿਹਾਸ ਵਿਚ ਹੋਰ ਕੋਈ ਉਦਾਹਰਨ ਨਹੀਂ ਮਿਲਦਾ। ਨਾਗਿਨ, ਬਾਘਣ, ਚੁੜੇਲ, ਭੂਤਨੀ ਅਤੇ ਸਰਬਨਾਸ਼ੀ ਜਿਹੇ ਦੁਰ ਵਿਸ਼ੇਸ਼ਣਾਂ ਨਾਲ ਮੁਖਾਤਿਬ ਨਾਰੀ ਲਈ ਸਤਿਗੁਰੂ ਨਾਨਕ ਦੇਵ ਜੀ ਦੇ ਇਹ ਬਚਨ ਕਿੰਨੇ ਸਕੂਨਵੇਂ, ਹਮਦਰਦੀ ਪੂਰਨ, ਸੱਚੇ, ਸੁਖਾਵੇਂ ਅਤੇ ਮਹੱਤਵਪੂਰਨ ਸਨ:—

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ।

ਭੰਡੁ ਮੁਆ ਭੰਡੁ ਭਾਲੀਐ
ਭੰਡੁ ਹੋਵੈ ਬੰਧਾਨ ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।

ਇੰਝ, ਕੁਲਾਰਾ ਜੈਟਕਿਨ ਜਿਹੀਆਂ ਸੁਹਿਰਦ, ਸੰਵੇਦਨਸ਼ੀਲ ਅਤੇ ਨਾਰੀ ਹੱਕਾਂ ਲਈ ਸੰਘਰਸ਼ਸ਼ੀਲ ਔਰਤਾਂ ਤੋਂ ਕਈ ਸਦੀਆਂ ਪੂਰਵ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਕਾਰਜਸ਼ੀਲ ਗੁਰੂ ਸਾਹਿਬਾਨ ਦਾ ਯੋਗਦਾਨ ਹਰ ਪ੍ਰਕਾਰੇ ਵਿਚਾਰ-ਵਿਵੇਚਨ ਤੋਂ ਉਤਾਂਹ ਹੈ ਜਿਨ੍ਹਾਂ ਨੇ ਡੱਕੇ ਦੀ ਚੋਟ 'ਤੇ ਐਲਾਨ ਕੀਤਾ ਸੀ ਕਿ ਜਿਸ ਔਰਤ ਦੇ ਪੇਟੋਂ ਜਨਮ ਲੈ ਕੇ ਮੁੜ ਕਿਸੇ ਹੋਰ ਔਰਤ ਨਾਲ ਵਿਆਹ-ਸ਼ਾਦੀ ਕਰਕੇ ਤੁਸੀਂ ਸੰਸਾਰ ਵਿਚ ਵਾਧਾ ਕਰਦਿਆਂ ਜੀਵਨ ਬਸਰ ਕਰਦੇ ਹੋ ਉਹ ਔਰਤ ਮਾੜੀ-ਮੰਦੀ ਕਿਵੇਂ ਹੋ ਸਕਦੀ ਹੈ। ਜਦੋਂ ਇਸ ਤੋਂ ਬਿਨਾਂ ਤੁਹਾਡੀ ਗੁਜ਼ਰ ਹੈ ਹੀ ਨਹੀਂ ਭਾਵ ਜੀਵਨ ਦੀ ਸਤੁੰਸ਼ਟੀ ਲਈ ਇਕ ਬੀਵੀ ਦੀ ਮੌਤ ਉਪਰੰਤ ਕੋਈ ਦੂਜੀ ਪਤਨੀ ਲਿਆਉਂਦਿਆਂ ਸਿਵਾ ਵੀ ਠੰਢਾ ਨਹੀ ਹੋਣ ਦਿੰਦੇ, ਫਿਰ ਐਨੀ ਲੋੜੀਂਦੀ ਇਸਤਰੀ ਬੁਰੀ ਕਿਵੇ ਹੋ ਸਕਦੀ ਹੈ ? ਦਸ ਗੁਰੂ-ਮਹਿਲ ਵੀ ਦਯਾ, ਖ਼ਿਮਾ, ਸਬਰ, ਸੰਤੋਖ, ਸੇਵਾ ਸਿਮਰਨ, ਸਹਿਨਸ਼ੀਲਤਾ, ਤਿਆਗ, ਮਰਯਾਦਾ ਪਾਲਣਾ, ਨੇਕੀ, ਧਰਮ ਅਤੇ ਸਮਰਪਣ ਦਾ ਜ਼ਾਹਰਾ ਜ਼ਹੂਰ ਰੂਪ ਸਨ ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਮੋਢੇ ਨਾਲ ਮੋਢਾ ਮਿਲਾਉਂਦਿਆਂ ਧਰਮ ਪ੍ਰਚਾਰ ਵੀ ਕੀਤਾ, ਸੰਗਤ ਦੀ ਸੇਵਾ ਸੰਭਾਲ ਵੀ ਅਤੇ ਨਾਜ਼ੁਕ ਵਕਤੀਂ ਕੌਮ ਦੀ ਸਯੋਗ ਅਗਵਾਈ ਵੀ। ਗੁਰੂ ਅੰਗਦ ਦੇ ਗੁਰੂ-ਮਹਿਲ ਮਾਤਾ ਖੀਵੀ ਜੀ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ ਤੇ ਤੀਸਰੇ ਪਾਤਿਸ਼ਾਹ ਵਲੋਂ ਸਥਾਪਿਤ ਮੰਜੀਆਂ ਵਿਚ ਦੋ ਦੀ ਸੇਵਾ ਸੰਭਾਲ ਸਤਿਕਾਰਤ ਬੀਬੀਆਂ ਦੇ ਸਪੁਰਦ ਸੀ। ਛੇਵੇਂ ਪਾਤਿਸ਼ਾਹ ਨੇ 'ਔਰਤ' ਨੂੰ 'ਈਮਾਨ' ਦੀ ਸੰਗਿਆ ਦਿੱਤੀ ਤੇ ਸਾਹਿਬੇ ਕਮਾਲ ਨੇ ਤਾਂ ਧੰਨ ਧੰਨ ਕਰਵਾ ਦਿੱਤੀ ਜਦੋਂ ਦਸਮ ਗ੍ਰੰਥ ਵਿਚ ਔਰਤ ਨੂੰ ਮਹਾਂਸ਼ਕਤੀ, ਦੁਰਗਾ, ਕਾਲਕਾ, ਚੰਡਿਕਾ ਅਤੇ ਚੰਡੀ ਦੇ ਸ਼ਕਤੀਸ਼ਾਲੀ ਤੇ ਜ਼ੋਰਾਵਰ ਰੂਪ ਵਿਚ ਬਿਆਨ ਕੀਤਾ। ਔਰਤ ਦਾ ਇਹ ਲਾਸਾਨੀ ਰੂਪ ਕਦੇ ਵੀ ਸਾਹਿਤ-ਇਤਿਹਾਸ ਦਾ ਅੰਗ ਨਹੀਂ ਸੀ ਬਣਿਆ :-

ਜੋਤ ਜਗਮਗੈ ਜਗਤਿ ਮੈਂ ਚੰਡ ਚਮੁੰਡ ਪ੍ਰਚੰਡ ।
ਭੁਜ ਦੰਡਿਨ ਅਸੁਰ ਮੰਡਨ ਭੂਇ ਨਵਖੰਡ ।

ਚੰਡੀ ਦੀ ਵਾਰ ਅਤੇ ਚੰਡੀ ਚਰਿੱਤਰ ਰਾਹੀਂ ਜੋ ਮਹੱਤਾ, ਮਾਨਤਾ, ਵਡਿਆਈ ਅਤੇ ਗੌਰਵ ਔਰਤ ਨੂੰ ਦਿੱਤਾ ਗਿਆ ਹੈ ਉਸ ਦੀ ਉਦਾਹਰਨ ਸਾਰੇ ਇਤਿਹਾਸ ਵਿਚ ਹੀ ਉਪਲਬਧ ਨਹੀਂ। ਸਿੱਖ ਧਰਮ ਵਿਚ ਪਹਿਲੇ ਪ੍ਰਚਲਿਤ ਧਰਮਾਂ ਦੇ ਮੁਕਾਬਲਤਨ ਗ੍ਰਿਹਸਥ ਧਰਮ ਦੀ ਸ੍ਰੇਸ਼ਟਤਾ ਅਤੇ ਪ੍ਰਧਾਨਤਾ ਦਾ ਪਰੋਖ ਅਰਥ ਹੀ ਔਰਤ ਨੂੰ ਵਿਸ਼ੇਸ਼ਤਾ ਪ੍ਰਦਾਨਣੀ ਸੀ। ਮਾਤਾ ਗੁਜਰੀ ਜੀ ਵਲੋਂ ਨੌਂ ਵਰ੍ਹਿਆਂ ਦੇ ਬਾਲ-ਗੁਰੂ ਨੂੰ ਸੁਯੋਗ ਅਗਵਾਈ ਨਾਲ ਹਰ ਪ੍ਰਕਾਰੀ ਨਿਪੁੰਣਤਾ ਅਤੇ ਸਿੱਖਿਆ ਦੇਣ ਦਾ ਨਤੀਜਾ ਹੀ ਸੀ ਕਿ ਦਸ਼ਮੇਸ਼ ਪਿਤਾ ਨੇ ਨਾਯਾਬ ਪ੍ਰਾਪਤੀਆਂ ਕੀਤੀਆਂ। ਮਾਤਾ ਗੁਜਰੀ ਅਤੇ ਮਾਤਾ ਸਾਹਿਬ ਕੌਰ

ਦੀ ਬੇਜੋੜ ਘਾਲਣਾ ਬਾਰੇ ਕੌਣ ਨਾਵਾਕਿਫ਼ ਹੈ ਭਲਾ। ਇਸ ਸਿੱਖਿਆ ਦੀ ਸਪੂੰਰਨਤਾ ਦੀ ਪਹਿਲੀ ਮਿਸਾਲ ਬਣੀ ਬੀਰਾਂਗਣਾ ਮਾਈ ਭਾਗੋ ਜਿਸਨੇ ਬੇਦਾਵਾ ਦੇ ਚੁੱਕੇ ਸਿੱਘਾਂ ਦੀ ਕਮਾਨ ਸਾਂਭਦਿਆਂ ਸਿੱਖ ਇਤਿਹਾਸ ਨੂੰ ਕਲੰਕਿਤ ਹੋਣੋਂ ਬਚਾਇਆ। ਬੀਬੀ ਸਾਹਿਬ ਕੌਰ, ਮਾਈ ਸਦਾ ਕੌਰ, ਮਹਾਰਾਣੀ ਜਿੰਦ ਕੌਰ ਅਤੇ ਹੋਰ ਅਣਗਿਣਤ ਸਿੰਘਣੀਆਂ ਨੇ ਅਜਿਹਾ ਅਲੌਕਿਕ ਤੇ ਸ਼ਾਨਾਂਮੱਤਾ ਇਤਿਹਾਸ ਸਿਰਜਿਆ ਕਿ ਜ਼ਮਾਨਾ ਅਸ਼ ਅਸ਼ ਕਰ ਉਠਿਆ। ਕਾਸ਼ ! ਅਸੀਂ ਗੁਰੂ ਸਾਹਿਬਾਨ ਵਲੋਂ ਸੁਝਾਏ ਅਤੇ ਦ੍ਰਿੜ੍ਹਾਏ ਰਾਹਾਂ 'ਤੇ ਤੁਰਦੇ ਰਹਿੰਦੇ ਤਾਂ ਇਹ ਦੁਸ਼ਵਾਰੀਆਂ ਸਾਡਾ ਰਾਹ ਨ ਰੋਕਦੀਆਂ। ਔਰਤ ਉਸੇ ਆਨ ਸ਼ਾਨ ਦਾ ਜੀਵਨ ਬਸਰ ਕਰਦੀ ਹੁੰਦੀ ਜਿਹੜੀ ਸੱਚੇ ਪਾਤਿਸ਼ਾਹਾਂ ਨੇ ਸਾਨੂੰ ਅਰਪਿਤ ਕੀਤੀ ਸੀ। ਉਸ ਸੁਹਣੀ ਜੀਵਨ ਜਾਚ ਤੋਂ ਭਟਕਿਆਂ ਹੀ ਅੱਜ ਇਹ ਖੱਜਲ ਖ਼ੁਆਰੀਆਂ, ਜ਼ਲੀਲਗੀ ਅਤੇ ਸੰਤਾਪ ਸਾਡਾ ਹਮਸਫ਼ਰ ਬਣ ਰਿਹੈ।

ਸਾਹਿਬੇ ਕਮਾਲ ਤੇ ਸਾਹਿਬੇ ਜਮਾਲ ਵਲੋਂ ਚੰਡਿਕਾ ਰੂਪ ਵਿਚ ਚਿਤਵੀ ਨਾਰੀ ਦਾ ਅਜੋਕਾ ਪ੍ਰਸੰਗ ਇਹ ਹੈ ਕਿ ਇਸ ਦੇ ਜਨਮ ਤੋਂ ਵੀ ਪਹਿਲਾਂ ਇਸ ਦਾ ਖੁਰਾ ਖੋਜ ਮੇਟਣ ਦੀਆਂ ਸਬੀਲਾਂ ਬਣ ਰਹੀਆਂ ਹਨ। ਪੰਜਾਬ ਦੇ ਸਿਹਤ ਨਿਰਦੇਸ਼ਕ ਡਾ. ਜੋਸ਼ੀ ਦੇ ਨਿੱਤ ਦਿਨ ਛਪ ਰਹੇ ਅਖ਼ਬਾਰੀ ਬਿਆਨ ਕਿੰਨੇ ਕਰੂਰ ਯਥਾਰਥ ਦੀ ਨਿਸ਼ਾਨਦੇਹੀ ਕਰ ਰਹੇ ਹਨ। ਵਾਤਾਵਰਣਕ ਪ੍ਰਦੂਸ਼ਣ ਵੱਲ ਤਾਂ ਅੱਜ ਅਨੇਕ ਚਿੰਤਕਾਂ ਅਤੇ ਸਮਾਜ ਵਿਗਿਆਨੀਆਂ ਦੀਆਂ ਨਜ਼ਰਾਂ ਕੇਂਦਰਿਤ ਹੋ ਰਹੀਆਂ ਹਨ ਪਰੰਤੂ ਸਮਾਜਿਕ ਅਸਤੁੰਲਨ ਵੱਨੀਂ ਕੌਣ ਫ਼ਿਕਰਮੰਦ ਹੋ ਰਿਹੈ ? ਪਾਠਕੋ ! ਇਹ ਸਮਾਜਿਕ ਅਸਤੁੰਲਨ ਸਾਡੀ ਕਰਤੂਤ ਕਾਰਨ ਹੋ ਰਿਹੈ ਕਿਉਂਕਿ ਅੱਜ ਗਰਭ-ਟੈਸਟ ਵਿਚ ਆਏ ਧੀ ਦੇ ਭਰੂਣ ਨੂੰ ਸ਼ਤ ਪ੍ਰਤਿਸ਼ਤ ਜ਼ਾਇਆ ਕੀਤਾ ਜਾਣ ਲੱਗਾ ਹੈ। ਰਿਸ਼ੀਆਂ-ਮੁਨੀਆਂ, ਗੁਰੂਆਂ-ਪੀਰਾਂ ਤੇ ਦਸ ਨਾਨਕ ਜਾਮਿਆਂ ਦੀ ਸਰਜ਼ਮੀ ਪੰਜਾਬ ਵਿਚ ਇਸ ਵਕਤ ਲੜਕੀਆਂ ਦੀ ਜਨਮ ਦਰ ਸਮੁੱਚੇ ਦੇਸ਼ ਨਾਲੋਂ ਘੱਟ ਅਰਥਾਤ 1000 ਲੜਕਿਆਂ ਪਿੱਛੇ ਸਾਢੇ ਅੱਠ ਸੌ ਤੋਂ ਵੀ ਘਟ ਰਹੀ ਹੈ। ਅਜਿਹਾ ਹੀ ਅਤਿਅੰਤ ਚਿੰਤਾਜਨਕ ਬਿਆਨ ਪਿਛਲੇ ਦਿਨੀਂ ਪੀ.ਜੀ. ਆਈ. ਦੇ ਡਾਇਰੈਕਟਰ ਡਾ. ਬੀ.ਕੇ ਸ਼ਰਮਾ ਵਲੋਂ ਵੀ ਆਇਆ ਹੈ ਕਿ ਪੰਜਾਬ ਦੇ ਕੁਝ ਜ਼ਿਲਿਆਂ ਵਿਚ ਤਾਂ ਇਹ ਗਿਣਤੀ 826/1000 ਤੱਕ ਜਾ ਪੁੱਜੀ ਹੈ। ਕੀ ਪੰਜਾਬ ਵਿਚ ਲਗਾਤਾਰ ਵਾਪਰ ਰਹੀਆਂ ਕੁਦਰਤੀ ਕਰੋਪੀਆਂ, ਫ਼ਸਲਾਂ ਦੀ ਬਰਬਾਦੀ, ਖ਼ੂਨ-ਖ਼ਰਾਬਾ ਅਤੇ ਬਦਅਮਨੀ ਉਨ੍ਹਾਂ ਅਣਜੰਮੀਆਂ ਬਾਲੜੀਆਂ ਦੀ ਬਦਅਸੀਸ ਕਾਰਨ ਤਾਂ ਨਹੀਂ ਹੈ ਜਿਨ੍ਹਾਂ ਨੂੰ ਦੁਨੀਆ ਦੀਆਂ ਰੰਗੀਨੀਆਂ ਤੇ ਬਹਾਰਾਂ ਮਾਣਨ ਦੇ ਹੱਕ ਤੋਂ ਅਸੀਂ ਖ਼ੁਦਗਰਜ਼ਾਂ ਨੇ ਵਿਰਵਾ ਕਰ ਦਿੱਤਾ ਹੈ। ਇਹੀ ਧੀਆਂ ਕਦੇ ਦੇਵੀਆਂ ਤੇ ਕੰਜਕਾਂ ਦੇ ਰੂਪ ਵਿਚ ਪੂਜੀਆਂ ਜਾਂਦੀਆਂ ਸਨ, ਅੱਜ ਇਹ ਜੰਮਣ ਤੋਂ ਪਹਿਲਾਂ ਵੀ ਤੇ ਜੰਮਣ ਉਪਰੰਤ ਵੀ ਚਾਕੂ-ਛੁਰੀਆਂ ਤੇ ਮਾਰੂ ਔਜ਼ਾਰਾਂ ਨਾਲ ਪਿਆਰੀਆਂ ਤੇ ਸਤਿਕਾਰੀਆਂ ਜਾਂਦੀਆਂ ਹਨ।

26 ਜਨਵਰੀ ਦੀ ਪੂਰਵ ਸੰਧਿਆ 'ਤੇ ਸਾਡੇ ਮਾਨਯੋਗ ਰਾਸ਼ਟਰਪਤੀ ਨੇ ਜਿਹੜੇ

ਪ੍ਰਮੁੱਖ ਮੁੱਦਿਆਂ ਦਾ ਜ਼ਿਕਰ ਕੀਤਾ ਹੈ ਉਨ੍ਹਾਂ ਵਿਚ ਔਰਤਾਂ ਤੇ ਲਗਾਤਾਰ ਵਧ ਰਹੇ ਜ਼ੁਲਮ ਵੀ ਵਿਸ਼ੇਸ਼ ਮੁੱਦਾ ਸੀ। ਸਾਡੇ ਆਦਰਯੋਗ ਪ੍ਰਧਾਨ ਮੰਤਰੀ ਨੇ ਵੀ ਆਜ਼ਾਦੀ ਦਿਵਸ ਤੇ ਅਜਿਹੇ ਹੀ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਔਰਤਾਂ ਦੀ ਸੁਰੱਖਿਆ ਦੇ ਮੱਦੇਨਜ਼ਰ 'ਰਾਜੇਸ਼ਵਰੀ ਮਹਿਲਾ ਕਲਿਆਣ ਯੋਜਨਾ' ਤੇ 'ਭਾਗਿਆ ਸ੍ਰੀ ਬਾਲ ਭਲਾਈ ਸਕੀਮ' ਅਧੀਨ ਕੁਝ ਬੀਮਾ ਯੋਜਨਾਵਾਂ ਐਲਾਨੀਆਂ ਹਨ। ਸਾਡੀ ਔਰਤ ਭਲਾਈ ਮੰਤਰੀ ਸਰਦਾਰਨੀ ਜਾਗੀਰ ਕੌਰ ਵੀ ਸਮੇਂ ਸਮੇਂ ਕੁਝ ਅਜਿਹੀਆਂ ਸਕੀਮਾਂ ਦੇ ਐਲਾਨ ਕਰਦੇ ਰਹਿੰਦੇ ਹਨ ਪਰੰਤੂ ਮੈਂ ਨਿਮਰਤਾ ਪੂਰਵ ਪੁੱਛਣਾ ਚਾਹੁੰਦੀ ਹਾਂ ਇਨ੍ਹਾਂ ਸਾਰੇ ਸਾਹਿਬਾਨ ਨੂੰ ਕਿ ਕੀ ਆਪਣੇ ਸੰਸਕਾਰਾਂ ਤੇ ਬੀਮਾਰ ਮਾਨਸਿਕਤਾ ਨੂੰ ਬਦਲੇ ਬਿਨਾਂ ਇਹ ਲਾਲਚ, ਇਹ ਵਕਤੀ ਪਾਲਿਸੀਆਂ ਸਾਡੀਆਂ ਬਾਲੜੀਆਂ ਤੇ ਔਰਤਾਂ ਨੂੰ ਜਿਉਂਦੇ ਰੱਖਣ ਵਿਚ ਮੱਦਦਗਾਰ ਹੋ ਸਕਣਗੀਆਂ ? ਹਰਗਿਜ਼ ਵੀ ਨਹੀਂ ਕਿਉਂਕਿ ਪਦਾਰਥਵਾਦ ਦੀ ਅੰਨੀ ਹੋੜ ਤੇ ਪੱਛਮੀ ਸਭਿਆਚਾਰ ਦੇ ਤੇਜ਼ੀ ਨਾਲ ਵਧ ਰਹੇ ਮੰਦ ਪ੍ਰਭਾਵਾਂ ਕਾਰਨ ਅੱਜ ਮੁਟਿਆਰਾਂ ਤੇ ਔਰਤਾਂ ਨਿਰੰਤਰ ਬਦਤਰ ਤੋਂ ਬਦਤਰ ਦਸ਼ਾ ਵਲ ਧਕੇਲੀਆਂ ਜਾ ਰਹੀਆਂ ਹਨ। ਜਿਹੜੀਆਂ ਪੜ੍ਹ ਲਿਖ ਗਈਆਂ ਉਹ ਦੇਹ ਵਪਾਰ, ਵੇਸਵਾਗਮਨੀ ਅਤੇ ਦੂਸਰੇ ਘਿਣਾਉਣੇ ਰਾਹੀਂ ਪੈ ਰਹੀਆਂ ਹਨ ਅਤੇ ਜਿਹੜੀਆਂ ਹਾਲੇ ਅਨਪੜ੍ਹਤਾ, ਅਵਿਦਿਆ ਤੇ ਅਗਿਆਨਤਾ ਦੀ ਮਾਰ ਹੇਠ ਹਨ, ਉਨ੍ਹਾਂ ਨੂੰ ਉਂਵ ਮਰਦ ਸਮਾਜ ਦੀਆਂ ਵਧੀਕੀਆਂ, ਮਨਮਾਨੀਆਂ ਅਤੇ ਜ਼ੋਰਾ-ਜਬਰੀਆਂ ਦਾ ਸ਼ਿਕਾਰ ਹੋਣਾ ਪੈ ਰਿਹੈ। ਹੁਣ ਕਿਸੇ ਅਮਰੀਕਨ ਕੰਪਨੀ ਨੇ ਸਫ਼ਲਤਾਪੂਰਵਕ ਇਹ ਖੋਜ ਕਰਕੇ ਲੋਕਾਂ ਦੀਆਂ ਰਾਲ੍ਹਾਂ ਵਗਾ ਦਿੱਤੀਆਂ ਹਨ ਕਿ ਕੁਝ ਵਿਸ਼ੇਸ਼ ਜਤਨਾਂ ਨਾਲ ਮਨਮਰਜ਼ੀ ਦੀ ਔਲਾਦ ਪੈਦਾ ਕੀਤੀ ਜਾ ਸਕਦੀ ਹੈ। ਕੀ ਇਸ ਖੋਜ ਨੂੰ ਮੁਬਾਰਕ ਕਹੀਏ ?

ਸੁਹਿਰਦ ਪਾਠਕੋ ! ਹਜ਼ਾਰ ਵਿਚੋਂ ਨਿਸਚੇ ਹੀ 999 ਵਿਅਕਤੀ ਹੁਣ ਆਪਣੀ ਔਲਾਦ ਪੁੱਤਰ ਚਾਹੁੰਣਗੇ ਪਰੰਤੂ ਕੀ ਕਦੇ ਇਹ ਵੀ ਵਿਚਾਰਿਆ ਹੈ ਕਿ ਆਖਰ ਪੁੱਤਰ ਕਿੱਥੋਂ ਆਉਣਗੇ ਜਦੋਂ ਧੀਆਂ ਹੀ ਜੰਮਣ ਨਹੀਂ ਦਿੱਤੀਆਂ ਜਾਣਗੀਆਂ। ਇਸ ਅਮਰੀਕਨ ਖੋਜ ਕੰਪਨੀ ਨੇ ਮੇਰੀ ਜਾਚੇ ਇਸ ਐਲਾਨ ਨਾਲ ਔਰਤ ਜਾਤੀ ਦੀ ਹੋਂਦ ਲਈ ਹੀ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਵਿਭਾਗੀ ਖੋਜਾਂ, ਹਸਪਤਾਲੀ ਅੰਕੜਿਆਂ ਤੇ ਸਮਾਜਿਕ ਸਰਵੇਖਣਾਂ ਨੇ ਪੁਸ਼ਟ ਕੀਤਾ ਹੈ ਕਿ ਹਰ ਪੱਧਰ, ਹਰ ਘਰ, ਹਰ ਪਰਿਵਾਰ ਅਤੇ ਹਰ ਅਦਾਰੇ ਵਿਚ ਲੜਕੇ ਅਤੇ ਲੜਕੀ ਦੇ ਪੱਧਰ ਤੇ ਵਿਤਕਰਾ ਹੋ ਰਿਹੈ। ਇੱਜ਼ਤ ਦਾ ਚਿੰਨ੍ਹ, ਖ਼ਾਨਦਾਨੀ ਵੱਕਾਰ ਦਾ ਸਵਾਲ, ਬੇਗਾਨੀ ਅਮਾਨਤ ਹੋਣ ਅਤੇ ਪੁੱਤਰ ਨਾਲੋਂ ਘਟੀਆਂ ਸਮਝਣ ਕਾਰਨ ਹੀ ਧੀਆਂ ਦੁਰਦਸ਼ਾ ਦੀਆਂ ਭਾਗੀਦਾਰ ਬਣਦੀਆਂ ਹਨ।

ਮੇਰੇ ਸਾਹਵੇਂ ਅਣਗਿਣਤ ਅਖ਼ਬਾਰੀ ਕਤਰਨਾਂ ਮੇਰਾ ਮੂੰਹ ਚਿੜਾ ਰਹੀਆਂ ਹਨ ਅਤੇ ਸ਼ਰੇਆਮ ਅਜੋਕੀ ਨਾਰੀ ਦੇ ਵਲੂੰਧਰੇ ਮੁਹਾਂਦਰੇ ਦੀ ਤਸਵੀਰਕਸ਼ੀ ਕਰ ਰਹੀਆਂ ਹਨ। ਬਲਾਤਕਾਰਾਂ ਦੇ ਹੈਰਤ ਅੰਗੇਜ਼ ਵਾਕਿਆ, ਜ਼ੋਰ ਜਬਰੀਆਂ ਉਪਰੰਤ ਕਤਲ, ਉਧਾਲੇ ਤੇ ਦੁਰਗਤੀ, ਦਾਜ ਦਹੇਜ ਦੇ ਨਾਂ 'ਤੇ ਹੌਲਨਾਕ ਹਾਦਸਿਆਂ, ਬਾਬਲਾਂ ਤੇ

ਵੀਰਾਂ ਵਲੋਂ ਆਪਣੀਆਂ ਧੀਆਂ ਭੈਣਾਂ ਦੇ ਜਤ ਸਤ ਨੂੰ ਮਧੋਲਦੀਆਂ ਵਾਰਦਾਤਾਂ, ਤਾਕਤਵਰਾਂ ਵਲੋਂ ਲਿਤਾੜੀਆਂ-ਨਿਮਾਣੀਆਂ ਦੇ ਨਾਰੀਤਵ ਨੂੰ ਕੁਚਲਣ ਦੀਆਂ ਖ਼ੌਫ਼ਨਾਕ ਘਟਨਾਵਾਂ, ਕੰਮ ਕਾਜੀ ਔਰਤਾਂ ਦੇ ਯੌਨ-ਸ਼ੋਸ਼ਣ ਦੇ ਤ੍ਰਾਸਦਿਕ ਕਿੱਸੇ, ਪਤੀਆਂ ਵਲੋਂ ਪਤਨੀਆਂ ਨਾਲ ਕਾਲੀਆਂ ਕਰਤੂਤਾਂ ਦੇ ਵਿਵਰਣ ਤੇ ਅਜਿਹੀਆਂ ਹੀ ਹੋਰ ਅਨੇਕ ਦਿਲਕੰਬਾਊ, ਹੋਛੀਆਂ, ਘਟੀਆਂ ਤੇ ਰੌਂਗਟੇ ਖੜ੍ਹੇ ਕਰ ਦੇਣ ਵਾਲੀਆਂ ਹੋਣੀਆਂ ਨੂੰ ਰੂਪਮਾਨ ਕਰਦੀਆਂ ਹਨ ਇਹ ਕਤਰਨਾਂ। ਏਡਜ਼ ਦੀ ਮਹਾਂਮਾਰੀ ਨੇ ਹਰ ਧਰਤੀ 'ਤੇ ਹੀ ਕੰਜ ਕੰਵਾਰੀਆਂ ਲਈ ਸੇਹ ਦੇ ਤੱਕਲੇ ਗੱਡ ਦਿੱਤੇ ਹਨ ਅਤੇ ਵਿਦਿਆ ਦੀ ਲੋੜ ਨੇ ਵੀ ਲੜਕੀਆਂ ਲਈ ਅਨੇਕ ਨਵੀਆਂ ਸਮੱਸਿਆਵਾਂ ਨੂੰ ਜਨਮ ਦਿੱਤੇ।

ਸਮਾਜ ਦੀ ਲਗਪਗ ਅੱਧੀ ਵਸੋਂ (ਔਰਤ ਵਰਗ) ਲਈ ਦੇਸ਼ ਦਾ ਸੰਵਿਧਾਨ ਤਾਂ ਬਰਾਬਰੀ ਦਾ ਹੋਕਾ ਦਿੰਦੈ ਪਰੰਤੂ ਅਸੀਂ ਉੱਚ ਸਭਾਵਾਂ ਵਿਚ, ਨੌਕਰੀਆਂ ਤੇ ਦਾਖ਼ਲਿਆਂ ਲਈ ਇਸਨੂੰ ਅੱਧਾ ਤਾਂ ਕੀ 33 ਪ੍ਰਤਿਸ਼ਤ ਹਿੱਸਾ ਦੇਣ ਲਈ ਵੀ ਤਿਆਰ ਨਹੀਂ। ਕਿਉਂ ਭਲਾ ? ਸੁਪਰੀਮ ਕੋਰਟ, ਹਾਈ ਕੋਰਟ ਔਰਤਾਂ ਦੇ ਹੱਕ ਵਿਚ ਨਿੱਤ ਨਵੇਂ ਫ਼ੈਸਲੇ ਦੇ ਰਹੀਆਂ ਹਨ—ਕੰਮ ਕਾਜੀ ਥਾਵਾਂ ਦੀ ਸੁਰੱਖਿਆ ਸੰਬੰਧੀ, ਬੱਚਿਆਂ ਦੀ ਪਰਵਰਿਸ਼ ਸੰਬੰਧੀ ਆਦਿ ਪਰੰਤੂ ਕੀ ਇਸ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕੇਗਾ। ਜਿੱਥੇ ਹਾਲੇ ਵੀ ਚੌਧਰ ਉਸ ਵਰਗ ਦੀ ਹੈ ਜੋ ਆਪਣਾ ਸ਼ਿਕੰਜਾ ਢਿੱਲਾ ਕਰਨ ਲਈ ਤਿਆਰ ਨਹੀਂ।

ਕੌਮਾਂਤਰੀ ਨਾਰੀ ਦਿਹਾੜੇ ਦੇ ਮੱਦੇਨਜ਼ਰ ਆਓ ਸਖੀਓ ! ਆਓ ਸਾਥਣੋ ! ਆਪਣੀ ਸਮਰੱਥਾ ਤੇ ਸੰਭਾਵਨਾ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰੀਏ। ਮਰਦ ਦੀ ਚਾਹਤ ਅਨੁਸਾਰ ਨੰਗੀਆਂ ਹੋ ਕੇ ਕੇਵਲ ਸੁਹਣੇ ਇਸ਼ਤਿਹਾਰਾਂ ਦੇ ਨਗਨ ਮਾਡਲ ਨਾ ਬਣੀਏ—ਅਸ਼ਲੀਲਤਾ ਦਾ ਕੋਹਜਾ ਰੂਪ, ਵਾਸਨਾ ਦਾ ਮਸੌਦਾ ਜਾਂ ਮਸਤ ਮਸਤ ਸ਼ੈਅ ਹੀ। ਆਪਣੀ ਕੋਮਲਤਾ ਨੂੰ ਕਮਜ਼ੋਰੀ ਨਾ ਬਣਾਓ। ਕਲਪਨਾ ਚਾਵਲਾ ਤੁਹਾਡੇ ਵਿਚੋਂ ਹੀ ਉੱਭਰੀ ਹੈ, ਕਿਰਨ ਬੇਦੀ ਤੁਹਾਡੀ ਹੀ ਹਮਸਫ਼ਰ ਹੈ। ਮਾਈ ਭਾਗੋ ਤੁਹਾਡਾ ਆਦਰਸ਼ ਹੈ। ਬਚਿੰਦਰੀ ਪਾਲ (ਐਵਰੈਸਟ ਜੇਤੂ ਪਹਿਲੀ ਔਰਤ) ਨੇ ਇਨ੍ਹਾਂ ਦੁਸ਼ਵਾਰੀਆਂ ਵਿਚੋਂ ਹੀ ਮਾਰਗ ਬਣਾਇਐ। ਅੰਮ੍ਰਿਤਾ ਸਾਹਿਤ ਦਾ ਗੌਰਵ ਇਸੇ ਭੂਮੀ 'ਤੇ ਬਣੀ ਹੈ ਅਤੇ ਮਹਾਸ਼ਵੇਤਾ ਦੇਵੀ ਹਿੰਦ ਦਾ ਫ਼ਖ਼ਰ ਕਹੀ ਜਾ ਸਕਦੀ ਹੈ।

ਹੇ ਮੇਰੇ ਵੀਰਨੋ ! ਆਪਣੀ ਬੀਵੀ ਦੇ ਹਮਸਫ਼ਰ, ਸਾਥੀ, ਹਮਰਾਜ਼, ਹਮਦਰਦ ਅਤੇ ਸੁਹਿਰਦ ਜੀਵਨ ਸਾਥੀ ਬਣਨ ਦੀ ਆਦਤ ਬਣਾਓ। ਉਹਦੇ ਮਾਲਕ ਪਾਲਕ ਨਹੀਂ। ਉਸਨੇ ਰਵਾਇਤੀ ਜ਼ਿੰਮੇਵਾਰੀ ਨਿਭਾਉਂਦਿਆਂ ਘਰ ਦੀ ਮਾਲੀ ਹਾਲਤ ਦੀ ਬਿਹਤਰੀ ਲਈ ਦੂਹਰੀ ਤੀਹਰੀ ਭੂਮਿਕਾ ਨਿਭਾਉਣੀ ਆਰੰਭੀ ਹੈ ਤਾਂ ਤੁਹਾਡਾ ਪਹਿਲਾਂ ਫ਼ਰਜ਼ ਹੈ ਕਿ ਉਸਦੇ ਕੰਡਿਆਲੇ ਰਾਹਾਂ ਨੂੰ ਸਾਫ਼ ਕਰਦਿਆਂ ਉਸਦੀ ਪ੍ਰੇਰਣਾ ਤੇ ਸ਼ਕਤੀ ਬਣੋ। ਸਾਡੇ ਅਜ਼ੀਜ਼ ਲੇਖਕ ਪ੍ਰੀਤਲੜੀ ਨੇ ਕਿੰਨਾ ਸਹੀ ਲਿਖਿਐ:—

'ਇਸਤਰੀ ਦਾ ਆਦਰ ਕਿਸੇ ਕੌਮ ਦੇ ਸਭਿਆਚਾਰ ਦਾ ਨਾਪ ਹੁੰਦੈ।'

❑

'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ'

ਲਾਇਨਜ਼ ਕਲੱਬ ਵਲੋਂ ਹੜ੍ਹ ਪੀੜਤਾਂ ਲਈ ਇਕ ਰਾਹਤ ਕੈਂਪ ਲਗਾਇਆ ਗਿਆ ਸੀ। ਦਵਾ ਦਾਰੂ ਲਈ ਫੌਜੀ ਇਕ ਵੱਖਰਾ ਤੰਬੂ ਤਾਣੀ ਬੈਠੇ ਸਨ। ਮੈਲੇ ਕੁਚੈਲੇ ਲੋਕਾਂ ਨੂੰ ਲੰਮੀਆਂ ਕਤਾਰਾਂ ਵਿਚ ਬਿਠਾਇਆ ਗਿਆ ਸੀ। ਚਾਰੇ ਪਾਸੇ ਗੰਦਗੀ। ਬਦਬੂ। ਸੜਾਂਦ। ਹੁਮਕ। ਗਲਿਆਨ। ਭਿੰਜਾ ਹੋਇਆ ਚੌਗਿਰਦਾ। ਗ਼ਲੀਜ਼ ਵਾਤਾ-ਵਰਨ। ਨੰਗ ਮੁਨੰਗੇ ਬੱਚੇ-ਬੁੱਢੇ। ਤਿੜਕੀਆਂ ਸੱਧਰਾਂ। ਟੁੱਟੀਆਂ ਆਸਾਂ। ਐਡੇ ਵੱਡੇ ਇੱਕਠ ਵਿਚ ਵੀ ਕੋਈ ਉੱਚੀ ਆਵਾਜ਼ ਨਹੀਂ। ਕੋਈ ਸ਼ੋਰ ਸ਼ਰਾਬਾਂ ਨਹੀਂ। ਹੜ੍ਹ ਜਿਵੇਂ ਸਾਰਾ ਜੀਵਨ-ਉਤਸ਼ਾਹ ਹੀ ਹੜ੍ਹਾ ਲੈ ਤੁਰਿਆ ਹੋਵੇ। ਘਰ-ਘਾਟ, ਚੀਜ਼ਾਂ-ਵਸਤਾਂ, ਡੰਗਰ-ਵੱਛੇ, ਫ਼ਸਲਵਾੜੀ ਤੇ ਹੋਰ ਨਿਕ-ਸੁਕ ਦੇ ਨਾਲ ਹੀ ਰੁੜ ਗਿਆ ਹੋਵੇ ਜਿਵੇਂ ਜੀਵਨ-ਚਾਅ। ਜਿਉਂਦੇ ਰਹਿਣ ਦਾ ਉਤਸ਼ਾਹ।

ਲਾਇਨਜ਼ ਕੱਲਬ ਦੀਆਂ ਚੁਸਤ ਫੁਰਤ ਸਵਾਣੀਆਂ ਦੂਰੋਂ ਟਰੱਕਾਂ ਵਿਚ ਆਈ ਰਾਹਤ-ਸਾਮੱਗਰੀ ਵਰਤਾ ਰਹੀਆਂ ਸਨ। ਇੱਧਰ ਉੱਧਰ ਫਿਰਦੀਆਂ ਉਹ ਇਵੇਂ ਹੀ ਜਾਪਦੀਆਂ ਸਨ ਜਿਵੇਂ ਝੀਲ ਦੇ ਗੰਧਲੇ ਪਾਣੀਆਂ ਦੀ ਹਿੱਕ ਤੇ ਲਾਲ-ਚਿੱਟੇ ਤੇ ਪੀਲੇ ਨੀਲੇ ਕੰਵਲ ਫੁਲ ਲਹਿਰਾ ਰਹੇ ਹੋਣ। ਕਿਸੇ ਨੂੰ ਚਾਦਰ ਕਿਸੇ ਨੂੰ ਖੇਸੀ। ਕਿਸੇ ਨੂੰ ਕੁੜਤਾ ਤੇ ਕਿਸੇ ਨੂੰ ਪਜਾਮਾ। ਕਿਸੇ ਨੂੰ ਥਾਲੀ ਤੇ ਕਿਸੇ ਨੂੰ ਗਿਲਾਸ। ਵਾਰੀ ਆਉਣ ਤੇ ਹਰ ਪੀੜਤ ਵਿਅਕਤੀ ਦੀਆਂ ਅੱਖਾਂ ਮੁੰਦੀਆਂ ਜਾਂਦੀਆਂ। ਕੁਦਰਤੀ ਕਰੋਪੀ ਦੇ ਇਹ ਦਰਦਨਾਕ ਦ੍ਰਿਸ਼ ਮੈਨੂੰ ਛਲਣੀ ਛਲਣੀ ਕਰ ਰਹੇ ਸਨ। ਮੇਰੇ ਸੀਨੇ ਤੇ ਆਰੀ ਚਲਾ ਰਹੇ ਸਨ। ਮੇਰੀਆਂ ਅੱਖਾਂ ਕਈ ਵਾਰੀ ਭਰੀਆਂ। ਪਿੱਛੇ ਭਉਂ ਕੇ ਜਦੋਂ ਮੈਂ ਇਕ ਉੱਚੇ ਬਰਾਂਡੇ ਵਲ ਤੱਕਿਆ ਤਾਂ ਮੈਨੂੰ ਸੂਹੇ ਸੂਟ ਵਿਚ ਲਿਪਟਿਆ ਇਕ ਵਜੂਦ ਦਿਸਿਆ। ਇਸ ਉਤਸੁਕਤਾ ਨਾਲ ਕਿ ਇਹ ਰਾਹਤ ਸਾਮੱਗਰੀ ਲੈਣ ਕਿਉਂ ਨਹੀਂ ਆਈ, ਮੈਂ ਅੱਗੇ ਵਧੀ। ਮੇਰੇ ਵਲ ਉਸਦੀ ਪਿੱਠ ਸੀ ਪਰ ਆਪਣੇ ਮਹਿੰਦੀ ਰੱਤੇ ਹੱਥਾਂ ਨਾਲ ਮੰਜੇ ਤੇ ਐਨ ਵਿਚਕਾਰੇ ਬੈਠੀ ਉਹ ਆਪਣੇ ਬਾਂਕੇ ਮਰਦ ਦੇ ਹੱਥ ਘੁੱਟ ਰਹੀ ਸੀ। ਆਲੇ ਦੁਆਲੇ ਤੋਂ ਬੇਪ੍ਰਵਾਹ ਉਹ ਉਸਦਾ ਮੂੰਹ ਨਿਹਾਰ ਰਿਹਾ ਸੀ, ਉਸ ਉੱਪਰ ਹੱਥ ਫੇਰ ਰਿਹਾ ਸੀ, ਉਸਨੂੰ ਚੁੰਮ ਰਿਹਾ ਸੀ ਤੇ ਕਦੇ ਕਦੇ ਇੱਧਰ ਉੱਧਰ ਵੀ ਨਜ਼ਰ ਦੂੜਾ ਲੈਂਦਾ ਤਾਂ ਜੋ ਕੈਂਪ ਵਿਚੋਂ ਜੀਵਨ-ਸਾਮਾਨ ਲੈਅ ਗਏ ਮਾਪੇ, ਭੈਣ, ਭਰਾ ਤੇ

ਹੋਰ ਆਂਢੀ ਗਵਾਂਢੀ ਪਰਤ ਨਾ ਆਏ ਹੋਣ। ਉਹਨਾਂ ਦੀਆਂ ਹਰਕਤਾਂ ਗਵਾਹ ਸਨ ਕਿ ਇਹ ਨਵੀਂ ਵਿਆਹੀ ਜੋੜੀ ਅਜੇ ਇਕਮਿਕਤਾ ਦੀ ਅਵਸਥਾ ਨਹੀਂ ਸੀ ਪ੍ਰਾਪਤ ਕਰ ਸਕੀ। ਸਨਿਚਰਵਾਰ ਵਿਆਹ ਕੇ ਲਿਆਂਦੀ ਇਹ ਦੁਲਹਨ ਅਜੇ ਸ਼ਗਨਾਂ ਮਲਾਰਾਂ ਵਿਚ ਹੀ ਗਵਾਚੀ ਹੋਈ ਸੀ ਕਿ ਹੜ੍ਹ ਦਾ ਪਾਣੀ ਕਲੋਨੀ ਵਿਚ ਆ ਧਮਕਿਆ। ਪ੍ਰਾਹੁਣਿਆਂ ਤੇ ਮੇਲੀਆਂ ਗਲੀਆਂ ਵਿਚ ਆਪੋ ਧਾਪੀ ਪੈ ਗਈ। ਜਿੱਧਰ ਮੂੰਹ ਆਇਆ ਹਰ ਕੋਈ ਭੱਜ ਉਠਿਆ। ਬਹੁਤੇ ਦਰੱਖਤਾਂ 'ਤੇ ਜਾ ਚੜ੍ਹੇ ਅਤੇ ਕਈ ਛੱਤਾਂ 'ਤੇ ਪਰ ਦੁਪਹਿਰ ਤੱਕ ਪਾਣੀ ਨੇ ਛੱਤਾਂ ਵੀ ਅਦਿੱਖ ਕਰ ਦਿੱਤੀਆਂ। ਪ੍ਰਸ਼ਾਸਨੀ ਬੇੜੀਆਂ ਨੇ ਕੁਝ ਲੋਕ ਕੱਢੇ ਤੇ ਰਾਹਤ ਕੈਂਪਾ ਵਿਚ ਛੱਡੇ। ਇੰਵ ਇਹ ਨਵੀਂ ਜੋੜੀ ਸੁਹਾਗ ਰਾਤ ਲਈ ਸਹਿਕਦੀ ਰਾਹਤ ਕੈਂਪ ਦਾ ਅੰਗ ਬਣ ਗਈ। ਕਿਆਸੇ ਸੁਪਨੇ ਚਕਨਾਚੂਰ ਹੋ ਗਏ।

ਬੈਂਡ ਦੀ ਮਧੁਰ ਸੰਗੀਤਕ ਆਵਾਜ਼ ਨੇ ਐਤਵਾਰ ਦੀ ਸਵੇਰ ਨੂੰ ਘਰ ਵਾਲਿਆਂ ਨੂੰ ਸੰਕੇਤ ਦਿੱਤਾ ਕਿ ਵੀਨਾ ਦੀ ਡੋਲੀ ਆਣ ਪੁੱਜੀ ਹੈ। ਵਿਨੋਦ ਦੇ ਦੋਸਤ ਮਿੱਤਰ ਮਸ਼ਕਰੀਆਂ ਕਰਦੇ ਤੇ ਭੰਗੜਾ ਪਾ ਪਾ ਕੇ ਦੂਹਰੇ ਹੋ ਰਹੇ ਸਨ। ਚਾਰ ਚੁਫੇਰੇ ਸੁਗੰਧਿਤ ਮਾਹੌਲ। ਵਾਜੇ-ਗਾਜੇ, ਰੋਸ਼ਨ ਜਗਤਾਂ। ਫੈਕਟਰੀ ਏਰੀਏ ਦੀ ਇਹ ਖ਼ੂਬਸੂਰਤ ਕੋਠੀ ਅੰਦਰੋ ਬਾਹਰੋਂ ਝਿਲਮਿਲਾ ਰਹੀ ਸੀ। ਇਕਲੌਤੇ ਪੁੱਤਰ ਵਿਨੋਦ ਦਾ ਵਿਆਹ ਰਚਾ ਕੇ ਉਹਨਾਂ ਨੇ ਤਮਾਮ ਰੀਝਾਂ ਲਾਹੀਆਂ ਸਨ। ਬ੍ਰਹਮ ਭੋਜ ਹੋ ਰਹੇ ਸਨ। ਗ਼ਰੀਬਾਂ-ਗੁਰਬਿਆਂ ਨੂੰ ਮੂੰਹ ਮੰਗਿਆ ਦਾਨ ਹੋ ਰਿਹਾ ਸੀ। ਵੀਨਾ ਨੂੰ ਕਾਰ 'ਚੋ ਕੱਢਣ ਲਈ ਉਸਦੀਆਂ ਸ਼ਰੀਕੇ 'ਚੋਂ ਲਗਦੀਆਂ ਦਰਾਣੀਆਂ ਜੇਠਾਣੀਆਂ ਸ਼ਗਨ ਮਲਾਰ ਕਰ ਰਹੀਆਂ ਸਨ। 'ਪਾਣੀ ਆ ਗਿਆ, ਪਾਣੀ ਆ ਗਿਆ, ਦੇ ਰੌਲੇ ਨੇ ਸਭ ਨੂੰ ਚੁਕੰਨੇ ਕਰ ਦਿੱਤਾ। ਵੇਖਦਿਆਂ ਵੇਖਦਿਆਂ ਪਾਣੀ ਗਲੀ ਦੇ ਮੋੜ ਤੱਕ ਆ ਗਿਆ। ਕੁਝ ਜਾਂਞੀ ਤੇ ਔਰਤਾਂ ਦ੍ਰਿਸ਼ ਤੋਂ ਉਹਲੇ ਹੋ ਗਏ। ਪਾਣੀ ਗਿੱਟੇ ਗਿੱਟੇ, ਗੋਡੇ ਗੋਡੇ ਹੋਣ ਲੱਗਾ। ਹੋਰ ਰਿਸ਼ਤੇਦਾਰ ਭੱਜਣ ਲੱਗੇ। ਜਿੱਧਰ ਕੁਝ ਉੱਚਾ ਦਿਸਿਆ ਉੱਧਰ ਹੀ। ਪਾਣੀ ਘਰਾਂ ਵਿਚ ਵੜਨ ਲੱਗਾ। ਕਾਰ ਵਿਚੋਂ ਬਾਹਰ ਪੈਰ ਪਾਉਂਦੀ ਵੀਨਾ ਫਿਰ ਕਾਰ ਵਿਚ ਹੀ ਜਾ ਬੈਠੀ। ਵਿਨੋਦ ਕੁਝ ਹੀਲਾ ਵਸੀਲਾ ਕਰਨ ਲਈ ਘਰ ਵਲ ਦੌੜਿਆਂ ਪਰ ਲੱਕ ਲੱਕ ਪਾਣੀ ਹੋ ਜਾਣ ਕਰਕੇ ਐਸਾ ਉਖੜਿਆ ਕਿ ਮੁੜ ਖੜ੍ਹ ਹੀ ਨਾ ਸਕਿਆ। ਵੀਨਾ ਦੇ ਦੇਖਦਿਆਂ ਦੇਖਦਿਆਂ ਉਹ ਡੁਬ ਗਿਆ। ਕਾਰ ਪਾਣੀ ਵਿਚ ਤੈਰਨ ਲੱਗੀ। ਵੀਨਾ ਮਰਨ ਹਾਕੀ ਹੋਈ ਹਾਲ ਦੁਹਾਈ ਮਚਾਉਣ ਲੱਗੀ। ਇਕ ਬੰਦਾ ਜਿਵੇਂ ਰੱਬ ਬਣਕੇ ਬਹੁੜਿਆ। ਉਸਨੇ ਵੀਨਾ ਨੂੰ ਬਾਹੋਂ ਫੜਕੇ ਤਾਰੀ ਲਾਈ ਤੇ ਇਕ ਉੱਚੀ ਸੁੱਕੀ ਥਾਂ ਪੁਜ ਗਿਆ। ਨਵੀਂ ਨਵੇਲੀ ਦੁਲਹਨ ਕੰਬਦੀ ਡੋਲਦੀ ਧੰਨਵਾਦ ਵਜੋਂ ਹੱਥ ਹੀ ਜੋੜ ਰਹੀ ਸੀ ਜਦੋਂ ਉਸਨੇ ਅੱਗੇ ਹੋ ਕੇ ਸਭ ਹਾਰ ਹਮੇਲਾਂ, ਨੱਥ ਚੂੜੀਆਂ, ਛੱਲੇ ਮੁੰਦੀਆਂ ਗੱਲ ਕੀ ਸਭੋ ਕੁਝ ਖੋਹ ਕੇ ਪੱਤਰਾ ਵਾਚ ਲਿਆ। ਡੋਲੀਓਂ ਉਤਰਦੀ ਹੀਰੀ ਦਾ ਰਾਂਝਾ ਵੀ ਰੁੜ ਗਿਆ ਸੀ ਤੇ ਹੋਰ ਸਭੋ ਕੁਝ ਵੀ।

ਝਿੱਲ ਰੋਡ ਦੇ ਧੁਰ ਅਗਲੇ ਸਿਰੇ ਵਸਦੀ ਇਕ ਅਸਲੋਂ ਨੀਵੀਂ ਕਲੋਨੀ—ਇੰਦਰਾ ਕਲੋਨੀ। ਐਤਵਾਰ ਇਥੋਂ ਦੇ ਵਾਸੀ ਅਜੇ ਰਾਤ ਰਾਣੀ ਦੀ ਕੁਖੋਂ ਨਹੀਂ ਸਨ ਨਿਕਲੇ ਕਿ ਪਾਣੀ ਵਿਚ ਘਿਰ ਗਏ। ਸਵੇਰੇ ਚਾਰ ਪੰਜ ਵਜੇ ਪਾਣੀ ਢਾਈ ਤਿੰਨ ਫੁੱਟ ਭਰ ਗਿਆ ਸੀ। ਅੱਖਾਂ ਖੋਹਲਣੋਂ ਪਹਿਲਾਂ ਹੀ ਸਭ ਨਰ ਨਾਰੀ ਪਾਣੀ ਦੀ ਮਾਰ ਹੇਠ ਸਨ। ਕੋਈ ਕਪੜਾ ਲੀੜਾ, ਨਿਕਸੁੱਕ, ਗਹਿਣੇ-ਗੱਟੇ ਚੁੱਕਣ ਦੀ ਫੁਰਸਤ ਕਿਸਨੂੰ ਸੀ ? ਗ਼ਰੀਬਾਂ ਨੂੰ ਤਾਂ ਆਪਣੇ ਟੀ.ਵੀ. ਚੁੱਕਣ ਦੀ ਮੁਹਲਤ ਨਾ ਮਿਲੀ। ਡੰਗਰ ਵੱਛੇ ਖੋਹਲਣ ਦਾ ਵਕਤ ਕਿਸ ਨੂੰ ਮਿਲਣਾ ਸੀ। ਬੁੱਢਿਆਂ/ਬੱਚਿਆਂ ਨੂੰ ਟੋਕਰਿਆਂ ਵਿਚ ਪਾਈ ਲੰਮੀਆਂ ਕਤਾਰਾਂ ਬੰਨੀਂ ਸਭੇ ਮੜ੍ਹੀਆਂ ਵੱਲ ਹੀ ਦੌੜੇ। ਜਿਉਂਦੇ ਜੀਅ ਮੜ੍ਹੀਆਂ ਵੰਨੀਂ ? ਜੀ ਹਾਂ, ਕਿਉਂਕਿ ਦੋ ਤਿੰਨ ਬਣ ਰਹੀਆਂ ਨਵੀਆਂ ਕੋਠੀਆਂ ਨੇ ਹੀ ਸਭ ਜੀਆਂ ਨੂੰ ਠਾਹਰ ਦਿੱਤੀ। ਪਿੱਛੇ ਭੇਡਾਂ, ਬੱਕਰੀਆਂ, ਮੱਝਾਂ, ਗਾਵਾਂ, ਕੁੱਕੜ ਕੁਕੜੀਆਂ, ਖ਼ੱਚਰਾਂ, ਘੋੜੇ ਰੰਭਦੇ ਰਹੇ। ਅੜਿੰਗਦੇ ਰਹੇ। ਵਾਜਾਂ ਮਾਰ ਬੁਲਾਉਂਦੇ ਰਹੇ। ਪਾਲਕਾਂ ਨੂੰ ਪੁਕਾਰਦੇ ਰਹੇ ਪਰ ਇਨ੍ਹਾਂ ਬੇਜ਼ੁਬਾਨਾਂ ਦੀ ਜ਼ੁਬਾਨ ਸਮਝਣ ਵਾਲੀਆਂ ਤੇ ਇਨ੍ਹਾਂ ਨੂੰ ਦਿਨ ਰਾਤ ਪਲੋਸਣ ਵਾਲੀਆਂ ਇਨ੍ਹਾਂ ਦੀਆਂ ਸਕੀਆਂ ਸਹੋਦਰੀਆਂ ਕਿਤੇ ਨੇੜੇ ਤੇੜੇ ਵੀ ਨਹੀਂ ਸਨ। ਹੜ੍ਹ ਦੀਆਂ ਛੱਲਾਂ ਨੇ ਉਨ੍ਹਾਂ ਨੂੰ ਗਿੱਟੇ ਗਿੱਟੇ, ਗੋਡੇ ਗੋਡੇ, ਲੱਕ ਲੱਕ ਤੇ ਫਿਰ ਓੜਕ ਸਿਰਾਂ ਤੱਕ ਆਪਣੀ ਚਪੇਟ ਵਿਚ ਲੈ ਲਿਆ। ਤੀਜੇ ਦਿਨ ਤੱਕ ਇਕ ਕੁਰਲਾਹਟਮਈ ਦ੍ਰਿਸ਼ ਸਭ ਦੇ ਸਾਹਮਣੇ ਸੀ। ਮਾਲਕਾਂ ਦੀ ਵਫ਼ਾਦਾਰੀ ਪਾਲਦੇ ਇਹ ਸਭੇ ਡੰਗਰ ਆਪੋ ਆਪਣੇ ਕਿਲਿਆਂ ਨਾਲ ਬੱਝੇ ਮਰੇ ਪਏ ਤੇ ਬਦਬੂ ਛੱਡ ਰਹੇ ਸਨ। ਗ਼ਰੀਬ ਬਸਤੀ ਅਤਿ ਦਰਦਨਾਕ ਦ੍ਰਿਸ਼ ਪੇਸ਼ ਕਰ ਰਹੀ ਸੀ।

ਭਲੇ ਵੇਲਿਆਂ ਵਿਚ ਨਾਰਾਇਣ ਨੇ ਮਿਹਰ ਸਿੰਘ ਕਲੋਨੀ ਦੇ ਇਕ ਡੂੰਘੇ ਛੱਪੜ-ਨੁਮਾ ਥਾਂ ਤੇ ਕੋਠਾ ਛੱਤਿਆ। ਬਰਸਾਤਾਂ ਆਈਆਂ ਤਾਂ ਸਭੋ ਕੁਝ ਪਾਣੀਓ ਪਾਣੀ। ਸਭੋ ਕੁਝ ਗਲ ਸੜ ਗਿਆ। ਆਂਢ ਗੁਆਂਢ ਨੇ ਰਲ ਮਿਲ ਕੇ ਸਾਂਭਿਆ ਉਹਦੇ ਨਿੱਕੇ ਨੰਨ੍ਹਿਆਂ ਨੂੰ। ਅਗਲੀ ਬਰਸਾਤ ਤੱਕ ਉੱਪਰ ਚੁਬਾਰਾ ਛੱਤਣ ਦੀ ਆਰਜ਼ੂ ਲੈ ਕੇ ਉਹ ਫਿਰ ਉਠ ਖਲੋਇਆ—ਬੱਚਿਆਂ ਦੇ ਮੂੰਹ ਚੋਗਾ ਪਾਉਣ ਲਗਾ। ਉਨ੍ਹਾਂ ਦੀਆਂ ਚੀਕਾਂ ਬੰਦ ਕਰਾਉਣ ਲਈ। ਪਰ ਜ਼ਿੰਦਗੀ ਬੜੀ ਬੇਰਹਿਮ ਸੀ। ਔਖਿਆਂ ਹੋ ਕੇ ਗੁਜ਼ਾਰਾ ਤੁਰਦਾ। ਕਦੇ ਫੱਟੀ ਖ਼ਰੀਦਣੀ ਪੈਂਦੀ, ਕਦੇ ਬਸਤਾ। ਕਦੇ ਨਾਨਕ-ਛੱਕ ਆਣ ਘੇਰਦੀ ਤੇ ਕਦੇ ਕੋਈ ਮਰਗ। ਜਿਵੇਂ ਕਿਵੇਂ ਸਾਲ ਅੱਖ ਝਪਕਦਿਆਂ ਹੀ ਲੰਘ ਗਿਆ ਜਾਪਿਆ ਉਸਨੂੰ। ਅਗਲੀ ਬਰਸਾਤ ਸਿਰ 'ਤੇ ਸੀ ਪਰੰਤੂ ਇਸ ਦੰਪਤੀ ਤੋਂ ਕੋਈ ਅਹੁੜ ਪਹੁੜ ਨਾ ਹੋ ਸਕਿਆ। ਪਹਾੜਾਂ ਤੇ ਪਿਛਲੇ ਚਾਰ ਦਿਨਾਂ ਤੋਂ ਮੁਹਲੇਦਾਰ ਮੀਂਹ ਪੈ ਰਿਹਾ ਸੀ। ਮੈਦਾਨਾਂ ਲਈ ਇਹ ਜ਼ਾਹਰਾ ਚਿਤਾਵਣੀ ਸੀ। ਬਿਨਾਂ ਕਿਸੇ ਅਗਾਊਂ ਸੂਚਨਾ ਦੇ ਭਾਖੜਾ ਡੈਮ ਚੋਂ ਛੱਡਿਆ ਪਾਣੀ ਮਾਰੋ ਮਾਰ ਕਰਦਾ ਸਭ ਦੇ ਸਿਰਾਂ ਤੋਂ ਵਗਣ ਲੱਗਾ। ਅਲੀਪੁਰ ਵਾਲੇ ਪਾਸਿਓਂ ਸ਼ੁਕਦਾ ਇਹ ਪਹਿਲਾਂ ਤ੍ਰਿਪੜੀ ਵੱਲੋਂ ਹੀ ਦਾਖ਼ਲ ਹੋਇਆ। ਨਾਰਾਇਣ ਦੀ ਬਰਬਾਦੀ ਲਈ ਮਿੰਟ ਵੀ ਨਾ ਲੱਗਾ। ਉਹਦੀ ਘਰ

ਵਾਲੀ ਜੀਵਨ ਦਾ ਕੁਝ ਜ਼ਰੂਰੀ ਨਿਕ ਸੁਕ ਚੁੱਕਣ ਦੇ ਆਹਰ ਵਿਚ ਹੀ ਸੀ ਕਿ ਕੋਠਾ ਛੱਤ ਤੱਕ ਭਰ ਗਿਆ। ਗਵਾਂਢੀਆਂ ਦੇ ਕੋਠੇ ਤੇ ਖੜ੍ਹੇ ਆਪਣੇ ਡੁੱਬੇ ਘਰ ਨੂੰ ਨਿਹਾਰਦੇ ਉਹਦੇ ਬੀਵੀ ਬੱਚੇ ਜ਼ਾਰੋ ਜ਼ਾਰ ਰੋ ਹੀ ਰਹੇ ਸਨ ਕਿ ਨਾਰਾਇਣ ਨੂੰ ਕੁਝ ਜਿਵੇਂ ਵਿੱਸਰਿਆ ਚੇਤਾ ਆਇਆ। ਕਪੜੇ ਲਾਹ ਕੇ ਉਹ ਝੱਟ ਆਪਣੇ ਘਰ ਤੈਰਿਆ ਪਰੰਤੂ ਬੇਸ਼ੁਮਾਰ ਪਾਣੀ ਨੇ ਉਸਦੇ ਜਤਨ ਨਿਕਾਰ ਦਿੱਤੇ। ਦੂਜੇ ਹੱਲੇ ਵਿਚ ਨਾਰਾਇਣ ਉੱਪਰ ਨਾ ਆਇਆ। ਕੱਚੀ ਧਰਤੀ ਦੀ ਜਿਲ੍ਹਣ ਵਿਚ ਖੁੱਭਾ ਉਹ ਥਾਏਂ ਗੱਡਿਆ ਗਿਆ। ਪਤਨੀ ਦੀ ਹਾਲ ਦੁਹਾਈ ਨੂੰ ਇਸ ਵੇਲੇ ਕਿਹੜਾ ਸੁਣਦਾ ਸੀ। ਹਰੇਕ ਨੂੰ ਆਪਣੀ ਜਾਨ ਦੇ ਲਾਲੇ ਪਏ ਹੋਏ ਸਨ। ਦੂਜੇ ਦਿਨ ਜਾ ਕੇ ਨਾਰਾਇਣ ਦੀ ਦੇਹ ਬਾਹਰ ਕੱਢੀ ਗਈ। ਮੁਹੱਲੇ ਵਿਚ ਇਕ ਅਜੀਬ ਮਾਹੌਲ ਸੀ। ਹੜ੍ਹ ਨੇ ਉਹਦੇ ਬੱਚਿਆਂ ਤੋਂ ਪਿਓ ਦੇ ਨਾਲ ਨਾਲ ਸਾਰਾ ਜੀਵਨ-ਚਾਅ ਵੀ ਖੋਹ ਲਿਆ ਸੀ।

ਮੋਹਣੀ ਨੇ ਮਾਂ-ਬਾਪ ਤੋਂ ਬਾਹਰੀ ਹੋ ਕੇ ਚੰਦਰ ਨਾਲ ਨਾਤਾ ਜੋੜਿਆ ਸੀ। ਕਿੰਨੇ ਹੀ ਵਰ੍ਹੇ, ਉਹ ਮਿਲਦੇ ਪਰ ਤਰਲਾਉਂਦੇ ਰਹੇ। ਮਜ਼ਬੀ ਵਿਤਕਰੇ ਉਨ੍ਹਾਂ ਦੀਆਂ ਖ਼ੁਸ਼ੀਆਂ ਨੂੰ ਲਾਬੂ ਲਾਉਂਦੇ ਰਹੇ। ਅੰਤ ਉਹ ਜੀਵਨ ਸਾਥੀ ਬਣ ਕੇ ਕਿਸੇ ਦੁਰੇਡੇ ਸ਼ਹਿਰ ਰਹਿਣ ਲੱਗੇ। ਨੀਵੇਂ ਇਲਾਕੇ ਵਿਚ ਇਕ ਸਸਤਾ ਘਰ ਕਿਰਾਏ ਤੇ ਲੈ ਕੇ ਉਨ੍ਹਾਂ ਇਕ ਪਿਆਰਾ ਆਲ੍ਹਣਾ ਬਣਾਇਆ। ਅਗਲੇ ਵਰ੍ਹੇ ਇਕ ਨੰਨ੍ਹਾ ਮੁੰਨਾ ਦੁਲਾਰਾ ਉਨ੍ਹਾਂ ਦੇ ਘਰ ਕਿਲਕਾਰੀਆਂ ਮਾਰਨ ਲੱਗਾ। ਪਿਛਲੀ ਕੜਵਾਹਟ ਭੁੱਲਣ ਲੱਗੀ। ਜੀਵਨ-ਤੋਰ ਸਾਵੀਂ ਪੱਧਰੀ ਤੁਰਨ ਲੱਗੀ। ਮੋਹਣੀ ਟਿਊਸ਼ਨਾਂ ਕਰਦੀ ਤੇ ਚੰਦਰ ਬੈਂਕ 'ਚ ਨੌਕਰੀ। ਆਖ਼ਰ ਮੋਹਣੀ ਨੂੰ ਫਿਰ ਆਸ ਲੱਗੀ। ਉਹ ਚਾਹੁੰਦੀ ਸੀ ਕਿ ਇਸ ਵਾਰ ਲਾਡੋ ਧੀ ਉਹਦੇ ਘਰ ਦੀ ਰੌਣਕ ਵਧਾਵੇ ਪਰੰਤੂ ਉਹ ਦਿਨ ਢੁੱਕਣ ਤੋਂ ਪਹਿਲਾਂ ਹੀ ਢੁੱਕ ਆਇਆ ਬੜੀ ਨਦੀ ਦਾ ਪਾਣੀ। ਟੋਏ ਟਿੱਬੇ ਮੇਲਦਾ। ਬੁਹਾਰੀਆਂ ਫੇਰਦਾ। ਕਲੋਨੀ ਨੀਵੀਂ ਹੋਣ ਕਰਕੇ ਇਸ ਉੱਤੇ ਸਭ ਤੋਂ ਪਹਿਲੀ ਮਾਰ ਪਈ। ਦੇਖਦੇ ਹੀ ਦੇਖਦੇ ਪਾਣੀ ਲੰਘਣੋਂ ਉੱਚਾਂ ਹੋਣ ਲੱਗਾ। ਜ਼ਿਲਾ ਪ੍ਰਸ਼ਾਸਨ ਨੇ ਕਿਸ਼ਤੀਆਂ ਘੱਲੀਆਂ। ਬੀਵੀ ਬੱਚੇ ਤੇ ਆਂਡ ਗਵਾਂਢ ਦੇ ਟੱਬਰਾਂ ਨੂੰ ਸੁਰੱਖਿਅਤ ਥਾਂ ਵਲ ਤੋਰਦਾ ਉਹ ਖ਼ੁਦ ਤੈਰ ਕੇ ਲੰਘਣ ਦੀ ਵਿਉਂਤ ਬਣਾਉਣ ਲੱਗਾ। ਕਾਲਜ ਸਮੇਂ ਉਹ ਵਧੀਆ ਤੈਰਾਕ ਰਿਹਾ ਸੀ ਪਰੰਤੂ ਨਦੀ ਦਾ ਡੋਬੂ ਪਾਣੀ ਚੰਦਰ ਨਾਲ ਆਢਾ ਲੈਣ ਲੱਗਾ। ਬਥੇਰੀ ਵਾਹ ਉਸ ਲਾਈ ਪਰੰਤੂ ਫ਼ਜ਼ੂਲ। ਅਖ਼ੀਰ ਓਹ ਕਿਸੇ ਰੁੜ੍ਹੇ ਆਉਂਦੇ ਰੁੱਖ ਵਿਚ ਫਸ ਕੇ ਦਮ ਤੋੜ ਗਿਆ। ਮੋਹਣੀ ਦੀ ਦੁਨੀਆ ਵੀ ਨਾਲ ਹੀ ਟੁੱਟ ਗਈ। ਇਹ ਹੜ੍ਹ ਲੋਕਾਂ ਦੀ ਤਬਾਹੀ ਕਰਦਾ ਚੇਤਿਆਂ ਵਿਚ ਧੱਸ ਗਿਆ ਸੀ। ਬਹੁਤ ਸਾਰੀਆਂ ਤ੍ਰਾਸਦੀਆ ਵਰਤਾਉਂਦਾ ਨਗਰ ਦਾ ਇਹ ਹੜ੍ਹ ਦੇਖ ਕੇ ਹਰ ਇਕ ਦੀ ਜ਼ੁਬਾਨ 'ਤੇ ਸੀ ਕਿ ਏਤੀ ਮਾਰ ਪਈ ਕੁਰਲਾਣੇ....।

❏

ਮੈਂ ਦਰਦ ਕਹਾਣੀ ਰਾਤਾਂ ਦੀ

ਇੱਕੀਵੀਂ ਸਦੀ ਸਾਡੀਆਂ ਬਰੂਹਾਂ 'ਤੇ ਢੁੱਕ ਚੁੱਕੀ ਹੈ। ਕੁਲ ਆਲਮ ਇਹਦੇ ਅਭਿਨੰਦਨ ਲਈ ਉਮਡ ਰਿਹੈ। ਮਾਨਵ ਜਾਤੀ ਦੇ ਵਿਨਾਸ਼ ਤੋਂ ਭੈਭੀਤ ਮਹਾਂ ਸ਼ਕਤੀਆਂ ਵੀ ਅੱਜ ਆਪਸੀ ਸਮਝੌਤਿਆਂ ਦਾ ਰਾਹ ਤਲਾਸ਼ਣ ਲਈ ਨੱਠ-ਭੱਜ ਕਰ ਰਹੀਆਂ ਹਨ। ਹਰੇਕ ਪਿਛਲੇ ਮਨ-ਮੁਟਾਵ ਮੇਟਣ ਲਈ ਤਰਲੋਮੱਛੀ ਹੈ। ਹਰ ਪਾਸੇ ਕਿਸੇ ਨਵੀਨਤਾ ਦੀ ਉਡੀਕ ਹੈ। ਮੌਸਮ ਵਿਚ ਬਦਲਾਵ ਹੈ। ਵਣ ਤ੍ਰਿਣ ਮੌਲ-ਵਿਗਸ ਰਿਹੈ। ਰੁੱਤ ਨਵੀਆਂ ਸੈਨਤਾਂ ਕਰ ਰਹੀ ਹੈ। ਪਰ ! ਪਰ ਇੱਥੇ ਕੁਝ ਆਦਿ ਜੁਗਾਦੀ ਵੀ ਤੁਰਿਆ ਆ ਰਿਹੈ। ਬਿਲਕੁਲ ਪੁਰਾਣੀ ਤਰਜ਼ 'ਤੇ ! ! ਉਵੇਂ ਦਾ ਉਵੇਂ ਚੱਲਦਾ। ਪਰੰਪਰਿਕ ਸੋਚਾਂ ਅਤੇ ਮੰਦੇ ਸੰਸਕਾਰਾਂ ਵਾਲਾ। ਜੀ ਹਾਂ, ਔਰਤਾਂ ਸੰਬੰਧੀ ਉਵੇਂ ਦਕਿਆਨੂਸੀ ਖਿਆਲ, ਉਹੀ ਸ਼ੋਸ਼ਿਤ ਅਮਲ ਅਤੇ ਹਾਕਮੀ ਲਹਿਜਾ। ਉਹੀ ਦੋਗਲੇ ਕਿਰਦਾਰ। ਕਦੇ ਦਰੋਪਦੀ, ਕਦੇ ਸੀਤਾ, ਕਦੇ ਰਾਬਿਆ, ਕਦੇ ਮੀਰਾ, ਕਦੇ ਰਜ਼ੀਆ ਅਤੇ ਕਦੇ ਕਿਸੇ ਹੋਰ ਨਾਰੀ ਰੂਪ ਰਾਹੀਂ ਇਸ ਮਰਦ-ਅਜਾਰੇਦਾਰੀ ਦਾ ਭਾਂਡਾ ਫੁੱਟਦਾ ਆ ਰਿਹਾ ਹੈ। ਕਹਿਣ ਨੂੰ ਤਾਂ ਅਜੋਕੀ ਔਰਤ ਪੁਲਾੜਾਂ ਦੀ ਹਮਸਫ਼ਰ ਆਖੀ ਜਾ ਰਹੀ ਹੈ ਪਰੰਤੂ ਧਰਤਵਾਸੀ ਇਸਤਰੀਆਂ ਦੀ ਦੁਰਦਸ਼ਾ ਜਾਣ ਕੇ ਮਨ ਮਸਤਕ ਝੰਜੋੜਿਆਂ ਜਾਂਦਾ ਹੈ।

ਪਾਠਕੋ ! ਵਾਪਰਦੇ ਇਹਨਾਂ ਸਮੁੱਚੇ ਹਾਦਸਿਆਂ ਦੀ ਤਫ਼ਸੀਲ ਬੜੀ ਵਿਸਤ੍ਰਿਤ ਹੈ। ਇਹ ਵਲੂੰਧਰਨੀਆਂ ਘਟਨਾਵਾਂ ਨਾਰੀ ਦਾ ਨੋਚਿਆ ਹੋਇਆ ਵਜੂਦ ਹੈ। ਉਸਦਾ ਛਲਣੀ ਛਲਣੀ ਹੋਇਆ ਆਪਾ। ਉਸਦੀ ਖੰਡ ਖੰਡ ਹੋਈ ਹੋਂਦ। ਉਹਦਾ ਫੀਤਾ ਫੀਤਾ ਹੋਇਆ ਅਸਤਿਤਵ। ਜ਼ਮੀਨ ਅਸਮਾਨ ਕਬਾਉਂਦੇ ਇਹ ਵੇਰਵੇ ਸਾਡੇ ਸਭਿਆਚਾਰ ਵਿਚ ਪਾਕਿ ਪਵਿੱਤਰ ਸਮਝੇ ਜਾਂਦੇ ਰਿਸ਼ਤਿਆਂ ਨਾਤਿਆਂ ਦੀਆਂ ਕਲਿਯੁਗੀ ਪਰਿਭਾਸ਼ਾਵਾਂ ਪੇਸ਼ ਕਰਦੇ ਹਨ। ਜਿੱਥੇ ਧੀ ਦੀ ਇੱਜ਼ਤ-ਆਬਰੂ ਦੇ ਰਾਖੇ 'ਬਾਬਲ' ਤੇ 'ਵੀਰ' ਹੀ ਆਪਣੀਆਂ 'ਲਾਡਲੀਆਂ' ਦੀ ਪੱਤ ਦੀ ਸ਼ਰੇਆਮ ਖਿੱਲੀ ਉਡਾਉਂਦੇ ਹਨ। ਕਿਤੇ ਭਰਾਵਾਂ ਵਲੋਂ ਸਕੀਆ ਜੰਮੀਆਂ ਜਾਈਆਂ ਨੂੰ ਤਿੰਨ ਤਿੰਨ ਵਰ੍ਹੇ ਤੰਗ ਕੋਠੜੀਆਂ 'ਚ ਡੱਕਣ-ਰੋਕਣ ਦੀਆਂ ਦਿਲ ਕੰਬਾਊ ਘਟਨਾਵਾਂ ਵਾਪਰ ਰਹੀਆਂ ਹਨ ਤੇ ਕਿਤੇ ਭੈਣਾਂ ਵਲੋਂ ਪਿਆਰ ਵਿਆਹਾਂ ਦੀ ਸਜ਼ਾ ਵਜੋਂ ਉਨ੍ਹਾਂ ਅਤੇ ਉਨ੍ਹਾਂ ਦੇ ਪਤੀਆਂ ਦੇ ਸਿਰ ਕਲਮ ਕਰਨ ਦੇ ਬੀਰਤਾਪੂਰਨ ਕਾਰਿਆਂ ਦੀ ਖ਼ਬਰ ਹੈ। ਇੱਥੇ ਹੀ ਬੱਸ ਨਹੀਂ ਇੱਕੀਵੀਂ ਸਦੀ ਨੂੰ ਹੱਥ ਲਾਉਣ ਜਾ ਰਹੇ ਇਨ੍ਹਾਂ ਦਿਨਾਂ ਵਿਚ ਣੈਣਾਂ-ਧੀਆਂ ਤੇ ਜੰਮੀਆਂ ਜਾਈਆਂ ਦੇ ਪਿਆਰ ਕਰਨ ਦੀ ਸਜ਼ਾ ਦਰਜਨਾਂ ਆਦਮੀਆਂ ਵਲੋਂ ਬਲਾਤਕਾਰ, ਹੋਰ ਬਲਾਤਕਾਰ

ਤੇ ਮੌਤ ਹੈ। ਇਹੀ ਕੁਝ ਜੇਕਰ ਭਰਾ ਭਾਈ ਕਰਨ ਤਾਂ ਇਹ ਕਾਬਲੇ-ਮੁਆਫ਼ੀ ਹੈ ਪਰੰਤੂ ਜੇਕਰ ਧੀ ਭੇਟ ਕਰੇ ਤਾਂ ਨਾਕਾਬਲੇ ਖਿਮਾਯੋਗ। ਸ਼ਰਮ ਹਯਾ, ਮੂੰਹ ਮੁਲਾਹਜ਼ੇ ਤੇ ਸਭਿਆਚਾਰਕ ਵਿਧਾਨ ਦਾ ਲੜ ਅੱਜ ਇਸ ਕਦਰ ਖਿਸਕ ਚੁੱਕੈ ਕਿ ਅਜ ਆਪਸੀ ਸਾਂਝ, ਮਿਲਵਰਤਨ ਅਤੇ ਮੋਹ ਪਿਆਰ ਦੇ ਸਭੇ ਤੰਦ ਟੁੱਟਦੇ ਜਾ ਰਹੇ ਹਨ। ਕਿਤੇ ਇਕ ਸੌ ਛੇ ਵਰ੍ਹਿਆਂ ਦੀ ਪੜਦਾਦੀ-ਨੁਮਾ ਮਾਤਾ ਦੇ ਬਲਾਤਕਾਰ ਦੀ ਹੋਣੀ ਘਟਦੀ ਹੈ ਤੇ ਕਿਤੇ ਗਿਆਰਾਂ ਮਹੀਨਿਆਂ ਦੀ ਦੁੱਧ ਚੁੰਘਦੀ ਬਾਲੜੀ ਦੇ ਖ਼ੇਹ ਖਰਾਬੇ ਦੀ। ਕਿਤੇ ਗਲੀਆਂ ਬਾਜ਼ਾਰ, ਸਕੂਲ, ਕਾਲਜ, ਖੇਡ ਮੈਦਾਨ, ਦਫ਼ਤਰ, ਹਸਪਤਾਲ, ਬਸ ਸਟੈਂਡ ਤੇ ਰੇਲਵੇ ਸਟੇਸ਼ਨ ਪੱਤ ਲੁਟਣ ਦੇ ਟਿਕਾਣੇ ਹਨ ਤੇ ਕਿਧਰੇ ਉਜਾੜਾਂ, ਵੀਰਾਨੇ ਤੇ ਕੋਈ ਹੋਰ ਅਜਿਹੀ ਜਗ੍ਹਾ। ਵਹਿਸ਼ੀਪਨ ਦਾ ਨੰਗਾ ਨਾਚ ਹਰ ਥਾਂ ਜਾਰੀ ਹੈ। ਸ਼ੈਤਾਨ ਦੀ ਆਂਦਰ ਵਾਂਗ ਪੱਤ ਲੁੱਟ ਦੀਆਂ ਕਾਲੀਆਂ ਕਰਤੂਤਾਂ ਵਧਦੀਆਂ ਜਾ ਰਹੀਆਂ ਹਨ। ਇੱਥੇ ਕਿਰਨਜੀਤ ਦੀਆਂ ਹਮਜੋਲਣਾਂ ਦੀ ਗਿਣਤੀ ਦਿਨ ਬ ਦਿਨ ਵਧਦੀ ਜਾ ਰਹੀ ਹੈ। ਬਾਲੜੀਆਂ ਨਾਲ ਦਰਿੰਦਗੀਪੂਰਨ ਕਾਰਾ ਕਰਕੇ ਉਨ੍ਹਾਂ ਨੂੰ ਮਾਰ ਮੁਕਾ ਕੇ ਬਿੱਲੇ ਲਾਉਣ ਦੀਆਂ ਘਟਨਾਵਾਂ ਆਏ ਦਿਨ ਵਾਪਰ ਰਹੀਆਂ ਹਨ। ਵਿਕਾਸ ਕਰ ਰਹੇ ਸਮਾਜ ਦੇ ਮੂੰਹ ਤੇ ਭੱਦਾ ਦਾਗ਼ ਹਨ ਇਹ ਕੋਝੀਆਂ ਕਰਤੂਤਾਂ।

ਦਾਜ ਦਹੇਜ ਪਿੱਛੇ ਮਾਰੀਆਂ-ਮੁਕਾਈਆਂ ਜਾਂਦੀਆਂ ਮੁਟਿਆਰਾਂ ਦਾ ਕੀ ਲੇਖਾ। ਆਏ ਦਿਨ ਵਾਪਰਦੇ ਹੌਲਨਾਕ ਕਾਂਡ। ਦਿਨ ਪ੍ਰਤਿ ਦਿਨ ਹੁੰਦੇ ਇਹ ਦਿਲਚੀਰਵੇਂ ਕਤਲ। ਜਿਵੇਂ ਇਕ ਸਾਜਿਸ਼ ਅਧੀਨ ਨਾਰੀਤਵ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੋਵੇ। ਕਿਸੇ ਮੁਹਿੰਮ ਅਧੀਨ ਤ੍ਰੀਮਤਪਨ ਦੀ ਲੁੱਟ। ਨਾਰੀਤਵ ਦਾ ਜਨਾਜ਼ਾ ਕੱਢਣ ਲਈ ਤਾਂ ਹੁਣ ਕਸਰ ਹੀ ਕੋਈ ਨਹੀਂ ਹੈ ਬਾਕੀ। ਇੱਥੋਂ ਤੱਕ ਕਿ ਸਾਬੁਣਾਂ ਸੋਡਿਆਂ ਦੀ ਇਸ਼ਤਿਹਾਰ ਬਾਜ਼ੀ ਲਈ ਉਸਦੇ ਸਰੀਰਕ ਉਭਾਰਾਂ ਅਤੇ ਇਹਦੀਆਂ ਕਾਮੁਕ ਅਦਾਵਾਂ ਨੂੰ ਮੁਹਰੇ ਬਣਾ ਲਿਆ ਗਿਆ ਹੈ। ਅਜੋਕੀਆਂ ਫਿਲਮਾਂ, ਅਜੋਕੇ ਫ਼ੈਸ਼ਨਾਂ ਅਤੇ ਅਜੋਕੇ ਵਿਦੇਸ਼ੀ ਪ੍ਰਭਾਵਾਂ ਅਧੀਨ ਨਾਰੀ ਇਕ ਮੰਡੀ ਦੀ ਵਸਤ ਬਣਾ ਦਿੱਤੀ ਗਈ ਹੈ। ਮਹਿਜ਼ ਇਕ ਦਿਲ ਪ੍ਰਚਾਵੀ ਖਿਡੌਣਾ।

ਓਸ਼ੋ ਰਜਨੀਸ਼ ਦਾ ਕਥਨ ਕਿੰਨਾ ਸੱਚ ਹੈ—"ਇਹ ਪੁਰਖਾਂ ਦੀ ਬਣਾਈ ਹੋਈ ਦੁਨੀਆ ਹੈ ਪਰ ਇਹ ਹਾਰ ਚੁੱਕੀ ਹੈ। ਇਸ ਦੁਨੀਆ ਨੂੰ ਤਬਾਹ ਕਰਨ ਲਈ ਸਿਰਫ਼ ਪੁਰਖ ਹੀ ਕਾਫ਼ੀ ਹਨ। ਔਰਤਾਂ ਬਹੁਤ ਵੱਡੀ ਕ੍ਰਾਂਤੀ ਕਰ ਸਕਦੀਆਂ ਹਨ। ਧਰਤੀ ਤੋਂ ਪੁਰਖ ਦੀਆਂ ਬੇਵਕੂਫ਼ੀਆਂ ਬੰਦ ਕਰਵਾ ਸਕਦੀਆਂ ਹਨ।......ਅਜੇ ਤੱਕ ਅਸੀਂ ਔਰਤ ਦੀ ਅੰਦਰਲੀ ਸ਼ਕਤੀ ਦਾ ਪ੍ਰਯੋਗ ਨਹੀਂ ਕੀਤਾ। ਹੁਣ ਤੱਕ ਔਰਤ ਜਿਸ ਸੱਚੇ ਵਿਚ ਢਲੀ ਹੈ ਉਹ ਸਿਰਫ਼ ਮਰਦ ਦੀ ਨਕਲ ਕੀਤੀ ਹੋਈ ਹੈ। ਮਰਦਾਂ ਦੀ ਬਣਾਈ ਹੋਈ ਹੈ।"

ਸੋ, ਅੱਜ ਲੋੜ ਹੈ ਮੇਰੀਓ ਸਖੀਓ ! ਆਪਣੀ ਅੰਦਰਲੀ ਸ਼ਕਤੀ ਦੇ ਸਹੀ ਪ੍ਰਯੋਗ ਦੀ। ਮਰਦ ਦੇ ਢਾਂਚੇ ਵਿਚ ਫਿੱਟ ਨਾ ਹੋ ਕੇ ਖ਼ੁਦ ਆਪਣੇ ਸੰਜਮੀ ਢਾਂਚੇ ਤਰਾਸ਼ਣ

ਦੀ। ਆਪਣੇ ਸਹੀ ਮੌਕੇ ਤਲਾਸ਼ਣ ਦੀ। ਅੱਠਾਸੀ ਵਰ੍ਹੇ ਪੂਰਵ ਓਸ ਮਸੀਹੀ ਨਾਰੀ ਕੁਲਾਰਾ ਜ਼ੈਟਕਿਨ ਨੇ ਤਾਂ ਤੁਹਾਡੀ ਤਕਦੀਰ ਬਦਲਣ ਲਈ ਹਾਅ ਨਾਅ ਦਾ ਨਾਅਰਾ ਬੁਲੰਦ ਕੀਤਾ ਸੀ ਪਰੰਤੂ ਤੁਸੀਂ ਤਲਿੱਸਮੀ ਦੁਨੀਆ ਦੀਆਂ ਜਾਦੂਮਈ ਤੇ ਲੁਭਾਉਣੀਆਂ ਸ਼ੈਆਂ ਵਿਚ ਹੀ ਤਰਦੀਆਂ ਗਈਆਂ। ਰੇਸ਼ਮੀ ਧਾਗਿਆਂ ਦੀ ਮਨਮੋਹਕਤਾ ਵਿਚ ਵੀ ਗਵਾਚੀਆਂ ਰਹੀਆਂ। ਆਓ। ਅੱਜ ਆਪਣਾ ਮੂਲ ਪਛਾਣੀਏ ! ਕਠਪੁਤਲੀਆਂ ਨਾ ਬਣੀਏ। ਨਾ ਦੇਵੀਆਂ ਵਾਂਗ ਪੂਜਾ ਦੀ ਸ਼ੈਅ ਤੇ ਨਾ ਦਾਸੀਆਂ ਹਾਰ ਚਰਨਾਂ ਦੀ ਵਸਤ। ਮਹਿਜ ਭੋਗ ਵਿਲਾਸ ਦਾ ਮਸਾਲਾ ਵੀ ਨਹੀਂ। 'ਕਿਸੇ ਵੀ ਸਮਾਜ ਦੀ ਸਹੀ ਨੁਹਾਰ ਉਹਦੀਆਂ ਔਰਤਾਂ ਤੋਂ ਮਿਲਦੀ ਹੈ। ਔਰਤ ਦੀ ਉਨਤੀ ਓਸ ਸਮਾਜ ਦੀ ਉਨਤੀ ਹੈ।" ਕੇਡਾ ਵੱਡਾ ਸੱਚ ਹੈ ਜਿਹੜਾ ਡਾ. ਅੰਬੇਦਕਰ ਹੁਰਾਂ ਨੇ ਦੱਸਿਆ ਸੀ। ਪ੍ਰੀਤਲੜੀ ਦੇ ਸ਼ਬਦਾਂ ਵਿਚ ਗੱਲ ਸਮੇਟਣਾ ਚਾਹਾਂਗੀ ਕਿ 'ਆਪਣੇ ਸਭਿਆਚਾਰ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਆਪਣੀ ਔਰਤ ਨੂੰ ਬਚਾਉ।' ਸੋ, ਇਸ ਦੀ ਹੰਝੂਆਂ ਭਰੀ ਜ਼ਿੰਦਗੀ ਚੋਂ ਹਉਕਿਆਂ ਨੂੰ ਮਨਫ਼ੀ ਕਰਨਾ ਅੱਜ ਵਕਤ ਦੀ ਲੋੜ ਹੈ। ਸ਼ਿੱਦਤ ਭਰੀ ਲੋੜ।



ਗਾਥਾ ਅਰਧ ਸਰੀਰੀ ਦੀ

ਅੱਠ ਮਾਰਚ ਮੁੜ ਸਾਡੀਆਂ ਬਰੂਹਾਂ 'ਤੇ ਆ ਕੇ ਚਲਿਐ। ਨਵੀਆਂ ਆਸਾਂ-ਉਮੀਦਾਂ ਲੈ ਕੇ। ਨਵੇਂ ਵਾਅਦਿਆਂ ਨਾਲ ਪਰਣਾਇਆ। ਨਵੇਂ ਦਿਸਹੱਦਿਆਂ ਦਾ ਅਭਿਲਾਸ਼ੀ। ਨਵੀਆਂ ਉਮੰਗਾਂ ਦਾ ਮੁਤਲਾਸ਼ੀ। ਤੇ ਨਵੀਆਂ ਤਰੰਗਾਂ ਦਾ ਸਾਥੀ।

ਆਓ! ਅਤੀਤ ਦੀਆਂ ਪੈੜਾਂ ਨੱਪਦਿਆਂ ਜ਼ਰਾ ਪਿਛਲ-ਝਾਤ ਪਾ ਕੇ ਵਿਚਾਰੀਏ ਕਿ ਇਸਤਰੀ ਵਰਗ ਨੇ ਹੁਣ ਤੱਕ ਕੀ ਖੱਟਿਆ ਤੇ ਕੀ ਗਵਾਇਆ ਹੈ। ਲਿਹਾਜ਼ਾ ਔਰਤ ਦੇ ਸੰਵਿਧਾਨਕ ਹੱਕਾਂ 'ਤੇ ਕਿੰਨਾ ਕੁ ਪਹਿਰਾ ਦਿੱਤਾ ਗਿਆ ਹੈ! ਦਾਜ-ਦਹੇਜ ਦੀ ਨਿਗੂਣੀ ਮੰਗ ਕਾਰਨ ਕਿੰਨੀਆਂ ਕੁ ਅਮੋਲਕ ਜਿੰਦਾਂ ਅੱਗ ਦੇ ਲਾਂਬੂਆਂ ਦੀਆਂ ਹਮਰਾਜ਼ ਬਣੀਆਂ ਹਨ। ਵਹਿਸ਼ੀ ਦਰਿੰਦਿਆਂ ਦੀ ਦਰਿੰਦਗੀ ਦੀ ਭੇਟ ਕਿੰਨੀਆਂ ਕੁ ਬਾਲੜੀਆਂ ਦੀ ਮਾਸੂਮੀਅਤ ਚੜ੍ਹੀ ਹੈ? ਕਿੰਨੀਆਂ ਕੁ ਬੁੱਢੀਆਂ ਦਾਦੀਆਂ ਦਾ ਦੇਹ-ਸ਼ੋਸ਼ਣ ਹੋਇਆ ਹੈ? ਕਿੰਨੀਆਂ ਕੁ ਮੁਟਿਆਰਾਂ ਨੂੰ ਪਿਆਰ-ਵਿਆਹਾਂ ਦੀ ਸਜ਼ਾ ਵਜੋਂ ਸਿਰ ਕਟਵਾਉਣੇ ਪਏ ਹਨ? ਕਿੰਨੀਆਂ ਕੁ ਬਦਨਸੀਬ ਨਾਰੀਪਨ ਗਵਾ ਕੇ ਜਿਸਮਫ਼ਰੋਸ਼ੀ ਦੀ ਦਲਦਲ ਵਿਚ ਧੱਸਣ ਲਈ ਬੇਬਸ ਹੋਈਆਂ। ਕਿੰਨੀਆਂ ਕੁ ਆਜੀਵਨ ਮੈਲ ਧੋਂਦੀਆਂ ਤੇ ਗੋਹੇ ਪੱਥਦੀਆਂ ਪਾਟੇ ਹੱਥਾਂ ਪੈਰਾਂ ਨਾਲ ਸਕੂਲਾਂ ਦੀ ਸੁਨਹਿਰੀ ਜ਼ਿੰਦਗੀ ਤੋਂ ਵਿਹੂਣੀਆਂ ਗਈਆਂ। ਮੁੱਕਦੀ ਗੱਲ, ਹਰ ਵਰ੍ਹੇ ਔਰਤ ਵਰਗ ਲਈ ਸੁਨਹਿਰੀ ਦਿਨਾਂ ਦੇ ਲਾਰੇ ਲੱਪੇ ਲਾਉਂਦਾ ਇਹ ਦਿਹਾੜਾ ਕਿਵੇਂ ਜ਼ਿਕਰਯੋਗ ਹੈ ਭਲਾ।

ਮੇਰੇ ਸੂਝਵਾਨ ਪਾਠਕੋ! ਮੇਰੀ ਪੜ੍ਹਨ-ਮੇਜ਼ 'ਤੇ ਸੈਂਕੜੇ ਕਤਰਨਾਂ ਖਿੱਲਰੀਆਂ ਪਈਆਂ ਹਨ। ਮੇਰੇ ਲਈ ਇਹ ਮਹਿਜ਼ ਕਤਰਨਾਂ ਨਹੀਂ ਸਗੋਂ ਨਾਰੀ ਦੀਆਂ ਸਿਸਕੀਆਂ ਹਨ। ਉਹਦੀਆਂ ਚੀਕਾਂ-ਪੁਕਾਰਾਂ। ਉਹਦੀਆਂ ਆਹਾਂ। ਉਹਦੇ ਵੈਣ। ਉਹਦਾ ਵਲੂੰਧਰਿਆ ਆਪਾ। ਉਹਦਾ ਛਲਣੀ ਛਲਣੀ ਹੋਇਆ ਵਜੂਦ। ਉਹਦੀ ਖੰਡ ਖੰਡ ਹੋਈ ਹੋਂਦ। ਉਹਦਾ ਬੋਟੀ ਬੋਟੀ ਹੋਇਆ ਅਸਤਿਤਵ। ਉਹਦਾ ਚੀਨਾ ਚੀਨਾ ਹੋਇਆ ਸਰੂਪ। ਨਿੱਤ ਘਟਦੇ ਹਾਦਸੇ ਇਸ ਗੱਲ ਦੀ ਤਰਜਮਾਨੀ ਕਰਦੇ ਹਨ ਕਿ ਅੱਵਲ ਤਾਂ ਅਸੀਂ ਧੀ ਨੂੰ ਇਸ ਜੱਗ ਦਾ ਚਾਨਣਾ ਤੱਕਣ ਹੀ ਨਹੀਂ ਦੇਂਦੇ ਅਤੇ ਜੇਕਰ ਉਹ ਰੁਲਦੀ-ਖੁਲ੍ਹਦੀ ਤੱਕਣ ਦਾ ਸਾਹਸ ਕਰਦੀ ਵੀ ਹੈ ਤਾਂ ਉਸਦੇ ਰਾਹ ਕੰਡਿਆਂ, ਸੂਲਾਂ ਅਤੇ ਚੋਭਾਂ ਨਾਲ ਰੋਕਣ ਦੀ ਕੋਸ਼ਿਸ਼ ਕਰਦੇ ਹਾਂ।

ਮੈਂ ਕੌਮਾਂਤਰੀ ਔਰਤ ਦਿਵਸ ਲਈ ਕੁਝ ਲਿਖਣ ਦੀ ਕੋਸ਼ਿਸ਼ ਵਿਚ ਹੀ ਸਾਂ ਕਿ ਪੰਜਾਬ ਦੇ ਸਿਹਤ ਨਿਰਦੇਸ਼ਕ (ਸ੍ਰ. ਪੂਰਨ ਸਿੰਘ ਜੱਸੀ ਹੁਰਾਂ) ਦਾ ਇਕ ਬਿਆਨ ਪੜ੍ਹਨ

ਨੂੰ ਮਿਲ ਗਿਆ। ਇਹ ਬਿਆਨ ਪੰਜਾਬ ਦੇ ਹਰ ਜ਼ਿਲੇ ਵਿਚ ਪੈਦਾ ਹੋ ਰਹੀਆਂ ਬੱਚੀਆਂ ਬਾਰੇ ਸੀ। ਵਿਭਿੰਨ ਜ਼ਿਲਿਆਂ ਦਾ ਵੇਰਵਾ ਦੇਣ ਦੀ ਇੱਥੇ ਮੈਂ ਕੋਈ ਲੋੜ ਨਹੀਂ ਸਮਝਦੀ ਪਰੰਤੂ ਐਨਾ ਦੱਸਣਾ ਹੀ ਕਾਫ਼ੀ ਹੈ ਕਿ ਪੰਜਾਬ ਵਿਚ ਧੀਆਂ ਦੇ ਜੰਮਣ ਦੀ ਔਸਤ ਦਰ 86% ਹੈ। ਇਹ ਅਤਿਅੰਤ ਨਿਰਾਸ਼ਾਜਨਕ ਪਹਿਲੂ ਹੈ ਕਿ ਪੰਜਾਬ ਦੇ ਹਜ਼ਾਰ ਲੜਕੇ ਪਿੱਛੇ ਇਸ ਵਕਤ ਇਕ ਸੌ ਸੈਂਤੀ ਲੜਕੀਆਂ ਘੱਟ ਪੈਦਾ ਹੋ ਰਹੀਆਂ ਹਨ। ਪੈਦਾ ਹੋ ਰਹੀਆਂ ਹਨ ਜਾਂ ਪੈਦਾ ਹੋਣ ਦਿੱਤੀਆਂ ਜਾ ਰਹੀਆਂ ਹਨ ਇੱਥੇ ਇਹ ਮੇਰੇ ਵਿਚਾਰ ਦਾ ਮੁੱਖ ਮੁੱਦਾ ਨਹੀਂ ਹੈ ਪਰੰਤੂ ਇਹ ਘਾਪਾ ਵਧਦਾ ਵਧਦਾ ਕਿੱਡੀ ਵੱਡੀ ਖਾਈ ਨੂੰ ਜਨਮ ਦੇਣ ਵਾਲਾ ਹੈ, ਇਹ ਮੇਰੇ ਸਰੋਕਾਰ ਦਾ ਵਿਸ਼ਾ ਜ਼ਰੂਰ ਹੈ। ਖੌਰੇ ਧੀਆਂ ਦੀ ਖੇਹ ਖਰਾਬੀ, ਬੇ-ਹੁਰਮਤੀ, ਖੱਜਲ ਖ਼ੁਆਰੀ, ਬਦਕਿਸਮਤੀ, ਬੇਗਾਨਗੀ ਅਤੇ ਅਨਿਸ਼ਚਿਤ ਭਵਿੱਖ ਕਰਕੇ ਹੀ ਮਾਪੇ ਧੀਆਂ ਤੋਂ ਮੂੰਹ ਮੋੜ ਕੇ ਪੁੱਤਰਾਂ ਦਾ ਮੋਹ ਪਾਲਣ ਲੱਗ ਪਏ ਹੋਣ। ਕਿਤੇ ਨਾ ਕਿਤੇ ਕੋਈ ਮਨੋਵਿਗਿਆਨਕ ਗੁੰਝਲ ਤਾਂ ਹੈ ਹੀ ਜਿਸ ਕਰਕੇ ਮੋਹ ਦੀ ਮੂਰਤ, ਵਫ਼ਾ ਦੀ ਪੁਤਲੀ, ਨਿੱਘ ਨਾਲ ਸਰਸ਼ਾਰੀ, ਨੇਕਨੀਅਤੀ ਦੀ ਪੁੰਜ ਅਤੇ ਆਪਣੇ ਮਾਪਿਆਂ ਪ੍ਰਤਿ ਹੀ ਨਹੀਂ ਪੂਰੇ ਜ਼ਮਾਨੇ ਪ੍ਰਤਿ ਸੁਹਿਰਦ ਤੇ ਸੰਵੇਦਨ-ਸ਼ੀਲ ਧੀ ਕਿਉਂ ਜੰਮਣ ਤੋਂ ਵੀ ਪਹਿਲਾਂ ਮਾਰ ਮੁਕਾ ਦੇਣ ਦੀ ਸੋਚ ਦੀ ਭਾਗੀ ਬਣਦੀ ਹੈ ? ਨਿਰੰਤਰ ਇਸ ਦਰ ਦਾ ਵਾਧਾ ਸਾਡੀਆਂ ਬੇਸ਼ੁਮਾਰ ਸਮਾਜਿਕ, ਸਭਿਆਚਾਰਕ, ਭਾਈਚਾਰਕ, ਮਨੋਵਿਗਿਆਨਕ ਅਤੇ ਧਾਰਮਿਕ ਕਦਰਾਂ ਕੀਮਤਾਂ ਵਿਚ ਰੱਦੋ ਬਦਲ ਕਰ ਰਿਹੈ ਅਤੇ ਬੇਹੱਦ ਨਵੀਆਂ ਪੇਚੀਦਗੀਆਂ ਪੈਦਾ ਕਰ ਰਿਹੈ।

ਚੁਰਾਨਵੇਂ ਕਰੋੜ ਦੀ ਆਬਾਦੀ ਵਾਲੇ ਇਸ ਦੇਸ਼ ਦੀ ਅੱਧੀ ਵੱਸੋ ਬਿਨਾਂ ਸ਼ੱਕ ਔਰਤਾਂ ਦੀ ਹੈ ਪਰੰਤੂ ਸੰਵਿਧਾਨਕ ਆਜ਼ਾਦੀ ਤੇ ਬਰਾਬਰੀ ਦੇ ਹੁੰਦਿਆਂ ਨਾਰੀ ਮਾਨਸਿਕ, ਸਮਾਜਿਕ, ਜ਼ਿਹਨੀ, ਸ਼ਖਸੀ ਅਤੇ ਆਰਥਿਕ ਤੌਰ 'ਤੇ ਕਿੰਨੀ ਕੁ ਸੁਤੰਤਰ ਹੈ ਭਲਾ ਚਾਹੇ ਉਹ ਵੱਡੇ ਤੋਂ ਵੱਡੇ ਰੁਤਬਿਆਂ ਦੀ ਹਾਣੀ ਵੀ ਕਿਉਂ ਨਾ ਬਣ ਗਈ ਹੋਵੇ। ਸਾਡੇ ਦੇਸ਼ ਦੀ ਅੱਧੀ ਆਬਾਦੀ ਵਾਲੀਆਂ ਔਰਤਾਂ ਲਈ ਤੇਤੀ ਪ੍ਰਤਿਸ਼ਤ ਰਾਖਵੇਂ ਕਰਨ ਦਾ ਕਾਨੂੰਨ ਵੀ ਕਿਤੇ ਸੰਘ ਵਿਚੇ ਅਟਕ ਕੇ ਹੀ ਦਮ ਤੋੜ ਗਿਆ ਹੈ। ਆਜ਼ਾਦੀ ਪ੍ਰਾਪਤੀ ਦੇ ਪੰਜਾਹ ਵਰ੍ਹੇ ਮਗਰੋਂ ਵੀ ਮੂਹਰੀ ਔਰਤਾਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਹੀ ਹੈ।

ਪਿਆਰੇ ਪਾਠਕੋ ! ਅਸੀਂ ਆਪਣੀਆਂ ਗੌਰਵਮਈ ਅਤੇ ਮਹਾਨ ਪਰੰਪਰਾਵਾਂ ਨੂੰ ਕਾਇਮ ਰੱਖਣਾ ਲੋਚਦੇ ਹਾਂ ਤਾਂ ਸਾਨੂੰ (ਵਿਸ਼ੇਸ਼ ਕਰਕੇ ਮਰਦਾਂ ਨੂੰ) ਆਪਣੀ ਸੋਚ, ਰਵੱਈਏ, ਵਿਚਾਰਧਾਰਾ ਅਤੇ ਕਰਨੀ ਵਿਚ ਤਬਦੀਲੀ ਕਰਨੀ ਪਵੇਗੀ। 'ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੇ' ਕੀ ਸੱਚਾਈ ਨੂੰ ਪ੍ਰਵਾਨ ਕੇ ਇਸਨੂੰ ਅਮਲੀ ਜੀਵਨ ਵਿਚ ਢਾਲਣਾ ਪਵੇਗਾ। ਆਂਢੀਆਂ ਗਵਾਂਢੀਆਂ ਦੇ ਚੁਬਾਰੇ ਵੇਖਕੇ ਆਪਣੀ ਕੁੱਲੀ ਨੂੰ ਅੱਗ ਲਾਉਣੋਂ ਗੁਰੇਜ਼ ਕਰਨਾ ਹੋਵੇਗਾ। ਭ੍ਰਿਸ਼ਟਾਚਾਰੀ ਜੀਵਨ ਢੰਗ ਨੂੰ ਤਿਲਾਂਜਲੀ ਦੇ ਕੇ ਗੁਰੂ ਪਾਤਿਸ਼ਾਹੀਆਂ ਦੀ ਸਿੱਖਿਆ 'ਤੇ ਚੱਲਣਾ ਹੋਵੇਗਾ। ਕੂੜ ਪਾਖੰਡ, ਵਿਖਾਵੇ, ਦੰਭ,

ਲਬ, ਲੋਭ, ਹਉਮੈ ਅਤੇ ਵਾਸਨਾ-ਮੁਕਤ ਜੀਵਨ-ਤਰਜ਼ ਦੀ ਅੱਜ ਹਰ ਪਾਸੇ ਲੋੜ ਹੈ। ਏਡਜ਼ ਦੀ ਮਹਾਂਮਾਰੀ ਦਾ ਦੁਨੀਆ ਵਿਚ ਸ੍ਵੈ ਸੰਜਮ ਤੋਂ ਬਗੈਰ ਹੋਰ ਕੋਈ ਇਲਾਜ ਨਹੀਂ ਹੈ।

ਸੰਭਲੋ ! ਜਾਗੋ ! ਉੱਠੋ ! ਮੇਰੀਓ ਸਖੀਓ ! ਮੇਰੀਓ ਬੱਚੀਓ ! ਇਸ ਯਾਦਗਾਰੀ ਦਿਨ ਆਪਣਾ ਮੂਲ ਪਛਾਣੋ। ਕੇਵਲ ਬਾਜ਼ਾਰੀ ਵਸਤੂ ਬਣਕੇ ਹੀ ਨਾ ਵਿਚਰੋ। ਕੇਵਲ ਕਠਪੁਤਲੀਆਂ ਬਣ ਕੇ ਹੀ ਨਾ ਜੀਓ। ਕੇਵਲ ਚੰਮ ਦਾ ਵਜੂਦ ਬਣ ਕੇ ਹੀ ਨਾ ਰਹੋ। ਕੇਵਲ ਇਸ਼ਤਿਹਾਰਬਾਜ਼ੀ ਦੀ ਵਸਤ ਹੀ ਨਾ ਬਣੋ ! ਆਪਣੀਆਂ ਨੰਗੀਆਂ ਅਦਾਵਾਂ ਤੇ ਕਾਮੁਕ ਵਿਧਾਵਾਂ ਦੇ ਬਲਬੂੰਤੇ ਵਾਸਨਾ ਪੂਰਤੀ ਦਾ ਮਸਾਲਾ ਹੀ ਨਾ ਬਣੋ। ਤੁਸੀਂ ਚੰਡੀ ਦੀਆਂ ਅਵਤਾਰ ਜੇ। ਬੇਬੇ ਨਾਨਕੀ ਦੀਆਂ ਬੱਚੀਆਂ। ਮਾਤਾ ਗੁਜਰੀ ਦੀਆਂ ਲਾਡਲੀਆਂ। ਮਾਈ ਭਾਗੋ ਦੀਆਂ ਜੰਮੀਆਂ ਜਾਈਆਂ। ਆਪਣੀ ਹੋਂਦ ਤੋਂ ਸੁਚੇਤ ਹੋਵੋ। ਆਪਣੇ ਹੱਕਾਂ ਲਈ ਜਾਗਰੂਕ। ਆਪਣੀ ਆਜ਼ਾਦ ਹਸਤੀ ਦੇ ਨਗਮੇ ਛੇੜੋ। ਆਪਣੀਆਂ ਸੰਭਾਵਨਾਵਾਂ ਜਾਣੋਂ। ਆਪਣੀ ਸਮਰੱਥਾ ਪਹਿਚਾਣੋਂ। ਆਪਣੀ ਸ਼ਕਤੀ ਬੁੱਝੋ।

❑

ਵੱਜਿਆ ਹੋਰ ਕੁਹਾੜਾ ਕੁੜੀਆਂ ਪਾੜ੍ਹੀਆਂ 'ਤੇ

ਸਿਸਕਦੀ ਸਿਸਕਦੀ ਹੋਂਦ ਨੂੰ ਮੁੱਠੀਆਂ ਵਿਚ ਮੀਚਦੀ, ਵਲੂੰਧਰੀਆਂ ਸੱਧਰਾਂ ਦੇ ਸਿਵੇ ਸੇਕਦੀ, ਜਜ਼ਬਾਤ-ਪੂੰਜੀ ਨੂੰ ਪਰੰਪਰਾ-ਭੱਠੀ ਵਿਚ ਝੋਕਦੀ, ਰੀਝਾਂ ਦੇ ਸਾਲੂ ਨੂੰ ਰੋਕਾਂ ਦੇ ਧਾਗੇ ਨਾਲ ਕੱਢਦੀ ਤੇ ਹਰ ਪਲ ਵਿਤਕਰਿਆਂ ਦੇ ਤਿੱਖੇ ਡੰਗ ਸਹਿੰਦੀ ਏਸ਼ਿਆਈ ਕੁੜੀ ਹਾਲੇ ਵੀ ਸਹਿਮ ਦੇ ਕਾਲੇ ਬੱਦਲਾਂ ਥੱਲੇ ਸੋਚਵਾਨ ਹੈ। ਬਹੁਗਿਣਤੀ ਅਜੇ ਤਾਈਂ ਮਾਪਿਆਂ ਦੀ ਇੱਛਾ ਅਤੇ ਸਹੁਰਿਆਂ ਦੇ ਰਹਿਮ ਥੱਲੇ ਜੀਅ ਰਹੀ ਹੈ। ਬਾਬਲ-ਵੀਰਾਂ ਦੀ ਪੱਗ ਅਤੇ ਸਹੁਰੇ-ਸਾਈਂ ਦੀ ਇੱਜ਼ਤ ਲਈ ਉਸਨੂੰ ਹੁਣ ਤੱਕ ਕੀ ਕੀ ਜ਼ਫਰ ਜਾਲਣੇ ਪੈਂਦੇ ਹਨ ਇਹ ਉਹੀ ਜਾਣਦੀ ਹੈ। ਪੈਰ ਪੈਰ 'ਤੇ ਅਤੇ ਪਲ ਪਲ ਉਸ ਨੂੰ ਪੇਕੇ/ਸਹੁਰੇ ਆਪਣੀ ਹੋਂਦ ਦੀ ਟੁੱਟ-ਭੱਜ ਸਹਿਣੀ ਪੈਂਦੀ ਹੈ, ਅਤੇ ਦੁਸ਼ਵਾਰ-ਡਗਰ 'ਤੇ ਤੁਰਨਾ ਪੈਂਦੈ। ਧੀ ਪੁੱਤਰ ਦੀ ਪਾਲਣਾ ਪੋਸਣਾ, ਪੜ੍ਹਾਈ ਲਿਖਾਈ, ਨੌਕਰੀ-ਚਾਕਰੀ ਤੇ ਖੁੱਲ੍ਹ ਡੁੱਲ੍ਹ ਬਾਰੇ ਸਾਡੇ ਸਮਾਜ ਦੇ ਦੂਹਰੇ ਮਾਪ ਦੰਡ ਹਨ। ਅਸੀਂ ਲੜਕੀ ਨੂੰ ਸਦਾ ਫਾਡੀ ਗਰਦਾਨਦੇ ਆ ਰਹੇ ਹਾਂ। ਧੀ ਨੂੰ ਪਰਾਈ ਅਮਾਨਤ ਸਮਝਦਿਆਂ ਉਸਨੂੰ ਦੁਰਕਾਰਨਾ, ਵਿਦਿਆ ਸਮੇਂ ਪੱਖਪਾਤੀ ਵਰਤਾਰਾ ਅਤੇ ਹੋਰ ਅਨੇਕ ਪਹਿਲੂ ਹਨ ਜੋ ਧੀ ਲਈ ਅਸਹਿ ਹੋ ਨਿਬੜਦੇ ਹਨ। ਜੀਵਨ ਬੀਮਾ ਨਿਗਮ ਵਲੋਂ ਲਟਕਾਏ ਬੋਰਡ —'ਪੁੱਤ ਲਈ ਵਿਦਿਆ ਤੇ ਧੀ ਲਈ ਸ਼ਾਦੀ', ਇਸਦੀ ਇਕ ਪ੍ਰਤੱਖ ਮਿਸਾਲ ਬਣ ਸਕਦੇ ਹਨ। ਕੀ ਵਿਦਿਆ ਧੀ ਦਾ ਅਧਿਕਾਰ ਨਹੀਂ ਜਿਹਦੇ ਪੜ੍ਹਨ ਉਪਰੰਤ ਹੀ ਅਗਲੀ ਕੁੱਲ ਦਾ ਸੁਧਾਰ ਹੋ ਸਕਦੈ ? ਸੁਸਿਖਿਅਤ ਬਹੂ ਸਾਰੇ ਘਰ ਨੂੰ ਸੁਹਣੇਰਾ, ਸੂਹਜਪੂਰਨ ਅਤੇ ਸੁਚਾਰੂ ਬਣਾ ਸਕਦੀ ਹੈ। ਟੀ.ਵੀ. ਅਖਬਾਰਾਂ ਵਿਚਲੀ ਫੋਕੀ ਇਸ਼ਤਿਹਾਰਬਾਜ਼ੀ ਮਹਿਜ਼ ਇਕ ਢੋਂਗ ਜਾਪਣ ਲਗਦੀ ਹੈ ਜਦੋਂ ਕੁਝ ਨੰਗੇ ਸੱਚ ਸਾਡੇ ਰੂ-ਬ-ਰੂ ਮੂੰਹ ਚਿੜਾਉਂਦੇ ਹੋਣ ਤੇ ਔਰਤ ਦੀ ਸ਼ਰੇਆਮ ਬੇਕਦਰੀ ਕਰਦੇ ਹੋਣ।

ਪਿਛਲੇ ਦਿਨੀਂ ਇੱਥੇ ਹੀਰ ਦੀਆਂ ਸਖੀਆਂ ਸਹੇਲੀਆਂ ਤੇ ਮਾਈ ਭਾਗੋ ਦੀਆਂ ਬਹੂ-ਬੇਟੀਆਂ 'ਤੇ ਇਕ ਹੋਰ ਖ਼ੂਨੀ ਕੁਹਾੜਾ ਵੱਜਿਆ ਹੈ — ਵੱਧ ਯੋਗਤਾ ਹੁੰਦਿਆਂ ਵੀ ਸਾਥੀ ਮੁੰਡਿਆਂ ਦੇ ਮੁਕਾਬਲੇ ਨੌਕਰੀਆਂ ਤੋਂ ਮਹਿਰੂਮੀਅਤ। ਲੜਕਿਆਂ ਤੋਂ ਕਿਤੇ ਵੱਧ ਮੈਰਿਟ ਹੁੰਦਿਆਂ ਮੁੰਡਿਆਂ ਸਕੂਲ ਲੈਕਚਰਾਰਾਂ ਵਜੋਂ ਪੱਖਪਾਤ ਦੀ ਇਕ ਜ਼ਾਹਰਾ ਜ਼ਹੂਰ ਮਿਸਾਲ। ਕੌਮਾਂਤਰੀ ਨਾਰੀ ਦਿਵਸਾਂ 'ਤੇ ਮੁੰਡੇ ਕੁੜੀਆਂ ਦੀ ਬਰਾਬਰੀ, ਲਿੰਗ

ਟੈਸਟ ਕੇਂਦਰਾਂ 'ਤੇ ਪਾਬੰਦੀ ਅਤੇ ਹਰ ਮੈਦਾਨ ਅਗਾਂਹ ਵਧਣ ਲਈ ਵਿਤਕਰੇ ਰਹਿਤ ਮੌਕੇ ਦੇਣ ਦੇ ਵਾਅਦੇ ਤੇ ਦਾਅਵੇ ਕਰਦੀਆਂ ਸਰਕਾਰਾਂ ਅੱਜ ਨੌਕਰੀਆਂ ਦੀ ਵੰਡ ਸਮੇਂ ਕਿਵੇਂ ਔਰਤ ਜ਼ਾਤ ਨਾਲ ਕਾਣੀ ਵੰਡ 'ਤੇ ਉੱਤਰ ਆਈਆਂ ਹਨ। ਇਹ ਤੱਥ ਮੂੰਹੋਂ ਬੋਲ ਰਹੇ ਹਨ ਜਿੱਥੇ ਪੰਜਾਬ ਸਰਕਾਰ ਨੇ 60:40 ਦੀ ਅਨੁਪਾਤ ਵਿਚ, ਹਰਿਆਣੇ ਨੇ 67.33 ਦੀ ਅਤੇ ਇਕ ਹੋਰ ਸੂਬੇ ਨੇ 70:30 ਦੀ ਅਨੁਪਾਤ ਵਿਚ ਲੜਕੇ ਲੜਕਿਆਂ ਵਿਚ ਨੌਕਰੀਆਂ ਵੰਡਣ ਦੇ ਫ਼ੈਸਲੇ ਕੀਤੇ ਹਨ। ਹਰ ਸੋਚਵਾਨ ਤੇ ਸੂਝਵਾਨ ਪ੍ਰਾਣੀ ਦੀ ਚਿੰਤਾ ਦਾ ਇਹ ਫੌਰੀ ਵਿਸ਼ਾ ਹੈ। ਲੜਕੀਆਂ ਦੀ ਘੱਟੋ-ਘੱਟ ਮੈਰਿਟ ਲੜਕਿਆਂ ਦੀ ਵੱਧੋ ਵੱਧ ਮੈਰਿਟ ਨਾਲੋਂ ਕਿਤੇ ਵੱਧ ਹੁੰਦਿਆਂ ਸੁੰਦਿਆਂ ਇਸ ਆਧਾਰ 'ਤੇ ਕੁੜੀਆਂ ਨੂੰ ਨੌਕਰੀਆਂ ਤੋਂ ਵੰਚਿਤ ਕਰਨਾ ਕਿ ਉਹ ਮਹਿਜ ਕੁੜੀਆਂ ਹਨ, ਇਕ ਸੱਭਿਅਕ ਸਮਾਜ ਦੇ ਮੂੰਹ 'ਤੇ ਚੁਪੇੜ ਮਾਰਨ ਤੁੱਲ ਹੈ। ਉਨ੍ਹਾਂ ਪਰਖਾਂ-ਪੜਚੋਲਾਂ ਤੇ ਇਮਤਿਹਾਨੀ ਘੁੰਮਣ ਘੇਰੀਆਂ ਨੂੰ ਉਲੰਘਦੀਆਂ ਕੁੜੀਆਂ ਜੇ ਆਪਣੀ ਮਿਹਨਤ-ਮੁਸ਼ੱਕਤ ਅਤੇ ਲਗਨ-ਉਤਸ਼ਾਹ ਸਦਕੇ ਲੜਕਿਆਂ ਤੋਂ ਵਧੇਰੇ ਵੱਡੀਆਂ ਪ੍ਰਾਪਤੀਆਂ ਕਰ ਸਕਦੀਆਂ ਹਨ ਤਾਂ ਨੌਕਰੀਆਂ ਦੇ ਪੱਧਰ 'ਤੇ ਕਾਣੀ ਵੰਡ (60/40 ਦੀ ਅਨੁਪਾਤ) ਉਹਨਾਂ ਦੀ ਸਾਬਤ ਸੂਰਤ ਹੋਂਦ ਨੂੰ ਇਕ ਅਸਹਿ ਝਟਕਾ ਹੈ। ਜਦੋਂ ਵਧੇਰੇ ਗਿਣਤੀ ਮੁੰਡੇ ਆਵਾਰਾਗਰਦੀਆਂ ਵਿਚ ਸਮਾਂ ਬਰਬਾਦ ਕਰਦੇ ਰਹੇ ਹੁੰਦੇ ਹਨ ਉਦੋਂ ਇਹ ਬੀਬੀਆਂ ਰਾਣੀਆਂ (ਕੁੜੀਆਂ) ਮਿਹਨਤ ਮੁਸ਼ੱਕਤ ਕਰਦੀਆਂ ਉਨੀਂਦਰੇ ਝਾਗ ਰਹੀਆਂ ਹੁੰਦੀਆਂ ਹਨ। ਉਨ੍ਹਾਂ ਦੇ ਉੱਦਮ ਤੇ ਸਿਰੜ ਦਾ ਇਹ ਫਲ ਕਿ ਵੱਧ ਯੋਗਤਾ ਤੇ ਲਿਆਕਤ ਹੁੰਦਿਆਂ ਵੀ ਉਨ੍ਹਾਂ ਨੂੰ ਮੁੰਡਿਆਂ ਨਾਲੋਂ ਲਿਤਾੜਿਆਂ ਪਛਾੜਿਆ ਜਾਵੇ ! ਆਧੁਨਿਕ ਸਮੇਂ ਇਹ ਨਾਰੀ ਹੱਕਾਂ 'ਤੇ ਦਿਨ ਦੀਵੀ ਡਾਕਾ ਹੈ। ਕਤਲੋਗਾਰਤ ਤੇ ਹਨੇਰਗਰਦੀ। ਕੀ ਭਵਿੱਖ ਦੀ ਚਿੰਤਾ ਮੁੰਡਿਆਂ ਨੂੰ ਹੀ ਹੈ ? ਕੀ ਘਰ ਵਸਾਉਣ ਦਾ ਫ਼ਿਕਰ ਕੇਵਲ ਲੜਕਿਆਂ ਨੂੰ ਹੀ ਹੈ ? ਕਿਹੜੇ ਪੱਥਰ ਯੁੱਗ ਦੀਆਂ ਬਾਤਾਂ ਹਨ ਇਹ ? ਕਿਹੜੇ ਨਵੇਂ ਵਿਸ਼ਵ ਦਾ ਸੰਕਲਪ ਹੈ ਇਹ ? ਕਾਹਦੀ ਬਰਾਬਰੀ ਹੈ ਦੋਹਾਂ ਵਿਚ ਫਿਰ ?

ਵਿਆਹ ਸ਼ਾਦੀਆਂ ਦੇ ਇਸ਼ਤਿਹਾਰਾਂ ਵੱਲੀਂ ਝਾਕੋ ਰਤਾ ! ਪੜ੍ਹੀਆਂ ਲਿਖੀਆਂ ਦੀ ਥਾਏਂ ਨੌਕਰੀ ਸ਼ੁਦਾ ਬਹੂਆਂ ਦੀ ਮੰਗ ਕਰਦੇ ਹਨ ਸੱਭੇ। ਕਿੱਥੋਂ ਲੱਭਣਗੇ ਯੋਗ ਵਰ ਜੇ ਨੌਕਰੀਆਂ ਵਿਚ ਹੀ ਇਸ ਕਦਰ ਪਾੜਾ ਪਾਇਆ ਜਾਵੇਗਾ ? ਮਹਿੰਗਾਈ ਦੇ ਇਸ ਘੋਰ ਹਨੇਰੇ ਵਿਚ ਤੇ ਬਰਾਬਰੀ ਦੇ ਇਸ ਦੌਰ ਦੌਰੇ ਵਿਚ ਦੋਵੇਂ ਜੀਅ ਬਰਾਬਰ ਭਾਈਵਾਲ ਨਹੀਂ ਬਣਦੇ ਤਾਂ ਮਿਆਰੀ ਗ੍ਰਿਹਸਥੀ ਸੰਭਵ ਹੀ ਨਹੀਂ। ਫੋਕੇ ਆਦਰਸ਼ਾਂ ਤੇ ਪਰੰਪਰਾਗਤ ਮਾਪਦੰਡਾਂ ਦੀ ਖ਼ਾਤਿਰ ਨਾਰੀ ਨੂੰ ਬਲੀ ਦਾ ਬੱਕਰਾ ਬਣਾ ਕੇ ਉਸਨੂੰ ਤਿਲ ਤਿਲ ਕੱਟ ਕੇ ਮਰਨ ਲਈ ਮਜਬੂਰ ਕਰਨਾ ਤੇ ਉਸਦੀ ਹੋਂਦ ਤੇ ਪ੍ਰਸ਼ਨ ਚਿੰਨ੍ਹ ਲਾਉਣਾ ਸਰਾਸਰ ਵਧੀਕੀ ਹੈ। ਘੋਰ ਬੇਇਨਸਾਫ਼ੀ। ਸਿਤਮਜ਼ਰੀਫ਼ੀ ਇਹ ਕਿ ਦੁਨੀਆ ਧੂਮ ਧਮੱਕੇ ਨਾਲ ਵਿਸ਼ਾਲਤਾ ਸੰਗ ਅਗਲੀ ਸਦੀ ਵਿਚ ਪ੍ਰਵੇਸ਼ ਕਰ ਰਹੀ ਹੈ ਤੇ ਅਸੀਂ ਪੰਜਾਬੀ ਪੂਰਵਲੀ ਸਦੀ ਵਲ ਪਰਤ ਰਹੇ ਹਾਂ। ਜ਼ਰਾ ਵਿਚਾਰੋ ਤਾਂ ਸਹੀ ਕਿ ਘਰ ਦੀਆਂ ਸਰਦਲਾਂ ਟੱਪ

ਕੇ ਨਾਰੀ ਨੇ ਕਿਹੜੇ ਅੰਬਰ, ਸਾਗਰ, ਪਾਤਾਲ, ਪਹਾੜ ਤੇ ਜਲ ਥਲ ਨਹੀਂ ਗਾਹੇ ? ਰੋਕਾਂ ਟੋਕਾਂ, ਹੌਕਿਆਂ ਹਾਵਿਆਂ ਤੇ ਦੁੱਖਾਂ ਸੁੱਖਾਂ ਨੂੰ ਚੀਰਦਿਆਂ ਕਿਹੜੇ ਪੈਂਡੇ ਨਹੀਂ ਕੀਤੇ ? ਆਓ ! ਇਨ੍ਹਾਂ ਫੈਸਲਿਆਂ 'ਤੇ ਨਜ਼ਰਸਾਨੀ ਕਰੀਏ। ਆਓ, ਦਰਦਮੰਦਾਂ ਦੀ ਪੁਕਾਰ ਸੁਣੀਏ ! ਲਿੰਗ ਆਧਾਰਿਤ ਵਿਤਕਰਿਆਂ ਦੇ ਤੀਰ ਨਾ ਚਲਾਈਏ ! ਨਾਰੀ ਹੋਂਦ ਨੂੰ ਲੱਜਤ ਨਾ ਕਰੀਏ। ਨਾਰੀ ਹੱਕਾਂ 'ਤੇ ਛਾਪੇ ਨਾ ਮਾਰੀਏ ਤੇ ਪਾੜ੍ਹੀਆਂ 'ਤੇ ਚਲਾਏ ਨਵੇਂ ਕੁਹਾੜੇ ਦੀ ਮਰਹਮ ਕਰੀਏ — ਉਹਦਾ ਸਹੀ ਇਲਾਜ ਲੱਭੀਏ।



ਪਾੜ੍ਹੀਆਂ ਦੀਆਂ ਦੁਸ਼ਵਾਰੀਆਂ

ਉਮਰ ਦੇ ਤਿੰਨ ਦਹਾਕਿਆਂ ਤੋਂ ਵੀ ਲੰਮੇ ਅਰਸੇ ਤੋਂ ਵਿਦਿਆ ਅਤੇ ਨੌਕਰੀ ਨਾਲ ਵਾਬਸਤਾ ਹਾਂ। ਇਸ ਬਿੱਖੜੇ ਸਮੇਂ ਵਿਚ ਉਚੇਰੀ ਖੋਜ ਨਾਲ ਵੀ ਵਾਹ ਪਿਆ ਅਤੇ ਮਰਦਾਂ ਸੰਗ ਅਧਿਐਨ-ਅਧਿਆਪਨ ਦਾ ਵੀ। ਬੇਸ਼ਕ, ਤਲਖ਼ ਤਜਰਬਿਆਂ ਤੇ ਕੌੜੀਆਂ ਕੁਸੈਲੀਆਂ ਯਾਦਾਂ ਦੀ ਚੰਗੇਰ ਬੜੀ ਭਾਰੀ-ਗਉਰੀ ਹੈ ਪਰੰਤੂ ਇਸ ਲੇਖ ਵਿਚ ਮੈਂ ਵਿਦਿਅਕ ਖੇਤਰ ਤੇ ਵਿਦਿਅਕ ਅਦਾਰਿਆਂ ਵਿਚ ਲੜਕੀਆਂ ਨੂੰ ਦਰਪੇਸ਼ ਕਠਿਨਾਈਆਂ ਨੂੰ ਹੀ ਆਪਣੀ ਕਲਮ ਦਾ ਮੁੱਖ ਸਰੋਕਾਰ ਬਣਾਇਆ ਹੈ। ਕੁਝ ਸਮੱਸਿਆਵਾਂ ਤਾਂ ਸਥੂਲ, ਦ੍ਰਿਸ਼ਟਮਾਨ ਤੇ ਸੱਪਸ਼ਟ ਹੋਇਆ ਕਰਦੀਆਂ ਹਨ ਪਰੰਤੂ ਕੁਝ ਸੂਖਮ, ਪਰੋਖ, ਅਦ੍ਰਿਸ਼ਟ, ਮਨੋਵਿਗਿਆਨਕ ਅਤੇ ਜ਼ਿਹਨੀ ਜਿਹੜੀਆਂ ਹੌਲੀ ਹੌਲੀ ਸਮਾਜਿਕ ਵਰਤਾਰੇ ਦੇ ਪ੍ਰਸੰਗ ਵਿਚ ਲੜਕੀਆਂ ਅੰਦਰ ਅਜਿਹੀਆਂ ਮਾਨਸਿਕ ਉਲਝਣਾਂ ਪੈਦਾ ਕਰਕੇ ਗੰਢਾਂ ਬੰਨ੍ਹ ਦਿੰਦੀਆਂ ਹਨ ਜੋ ਆਜੀਵਨ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀਆਂ।

ਅੱਜਵੇਂ ਹਾਲਾਤ ਸਾਡੇ ਸਮਿਆਂ (ਚਾਰ ਦਹਾਕਿਆਂ) ਨਾਲੋਂ ਬਹੁਤ ਅਲੱਗ ਹਨ। ਹੁਣ ਤਾਂ ਸਕੂਲ ਪੜ੍ਹਦੀਆਂ ਬਾਲੜੀਆਂ ਨਾਲ ਵੀ ਜਬਰ-ਜਿਨਾਹ, ਛੇੜ-ਛਾੜ ਜਾਂ ਜਿਨਸੀ ਸੰਬੰਧਾਂ ਦੀਆਂ ਬੇਸ਼ੁਮਾਰ ਖ਼ਬਰਾਂ ਮਿਲ ਰਹੀਆਂ ਹਨ। ਅਨੇਕ ਬਲਾਤਕਾਰ ਕਾਂਡ ਰੋਜ਼ ਸਭ ਨੂੰ ਚੌਂਕਾ ਦਿੰਦੇ ਹਨ। ਪੱਤ-ਲੁੱਟ ਉਪਰੰਤ ਕਤਲਾਂ ਤੇ ਉਧਾਲਿਆਂ ਦੀ ਵੀ ਕੋਈ ਕਸਰ ਬਾਕੀ ਨਹੀਂ। ਇਸ ਪ੍ਰਕਾਰ, ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖਦਿਆਂ ਹੀ ਲੜਕੀਆਂ (ਵਿਦਿਆਰਥਣਾਂ) ਨੂੰ ਸਕੂਲ ਮਾਸਟਰਾਂ, ਕਾਲਜ ਅਧਿਆਪਕਾਂ, ਯੂਨੀਵਰਸਿਟੀ ਨਿਗਰਾਨਾਂ, ਪ੍ਰੈਕਟੀਕਲ-ਪ੍ਰੀਖਿਅਕਾਂ, ਸੰਗੀਤ-ਮਾਸਟਰਾਂ, ਕਲਾ-ਉਸਤਾਦਾਂ ਨਾਲ ਵਾਹ ਪੈਂਦਾ ਹੈ ਜਿਹੜੇ ਉਨ੍ਹਾਂ ਲਈ ਰਾਹਨੁਮਾ, ਨਿਗਰਾਨ ਜਾਂ ਮਾਰਗ-ਦਰਸ਼ਕ ਘੱਟ ਤੇ ਸਮਾਜੀ ਦਰਿੰਦੇ ਬਣਕੇ ਵੱਧ ਪੇਸ਼ ਹੁੰਦੇ ਹਨ। ਉਂਵ ਅਜਿਹੇ ਉਸਤਾਦਾਂ ਦੀ ਵੀ ਅਣਹੋਂਦ ਨਹੀਂ, ਜਿਹੜੇ ਮਾਨਵੀ ਗੌਰਵ ਨੂੰ ਕਾਇਮ ਰੱਖਦਿਆਂ ਕਿਸੇ ਲਬ-ਲੋਭ ਤੋਂ ਮੁਕਤ ਵਿਦਿਆਰਥੀਆਂ ਦੀ ਰਹਿਨੁਮਾਈ ਕਰਦੇ ਹਨ, ਪਰੰਤੂ ਵੱਡੀ ਗਿਣਤੀ ਉਹਨਾਂ ਸਵਾਰਥੀ ਅਧਿਆਪਕਾਂ ਦੀ ਕਹੀ ਜਾ ਸਕਦੀ ਹੈ, ਜਿਹੜੇ ਵਾਧੂ ਕੋਚਿੰਗ ਦੇ ਬਹਾਨੇ ਮਾਸੂਮ ਅਤੇ ਭੋਲੀਆਂ ਕਲੀਆਂ ਨੂੰ ਮਸਲਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਸਕੂਲ ਪੱਧਰ 'ਤੇ ਚੰਗੇ ਨੰਬਰ ਦਿਵਾਉਣ ਦਾ ਝਾਂਸਾ, ਕਾਲਜ ਪੱਧਰ 'ਤੇ ਪ੍ਰੈਕਟੀਕਲ ਇਮਤਿਹਾਨਾਂ ਵਿਚੋਂ ਸ਼ਾਨਦਾਰ ਕਾਮਯਾਬੀ ਦੇ ਲਾਰੇ ਅਤੇ ਬੀ.ਏ./ਐਮ.ਏ. ਪੱਧਰ 'ਤੇ ਵਧੀਆ ਨਤੀਜਿਆਂ ਦਾ ਭਰੋਸਾ, ਇਹਨਾਂ ਲੜਕੀਆਂ ਨੂੰ ਆਪਣੇ ਸਤਿਕਾਰ ਯੋਗ ਨਿਗਰਾਨਾਂ ਅਤੇ ਗੁਰੂ

ਰੂਪ ਅਧਿਆਪਕਾਂ ਦੀਆਂ ਮੰਦ-ਵਾਸਵਾਨਾਂ ਅਤੇ ਨਾਪਾਕ ਇਰਾਦਿਆਂ ਤੋਂ ਅਗਿਆਤ ਰਖਦਾ ਹੈ ਅਤੇ ਇਸ ਯਥਾਰਥ ਦੀ ਸੋਝੀ ਉਹਨਾਂ ਨੂੰ ਉਦੋਂ ਹੁੰਦੀ ਹੈ, ਜਦੋਂ ਉਹ ਉਹਨਾਂ ਦੇ ਹੱਥਾਂ ਵਿਚ ਕੱਠਪੁਤਲੀਆਂ ਬਣੀਆਂ, ਉਹਨਾਂ ਦੇ ਮੱਕੜੀ-ਜਾਲ ਵਿਚ ਫਸੀਆਂ ਆਪਣੀ ਆਬਰੂ ਲੁਟਾ ਬੈਠਦੀਆਂ ਹਨ। 'ਟੀਨ ਏਜ' ਜਾਂ ਅੱਲੜ ਉਮਰੇ ਬਹੁਤ ਸਾਰੀਆਂ ਕੁੜੀਆਂ ਵਿਦਿਅਕ ਅਦਾਰਿਆਂ ਵਿਚ ਸ਼ੈਤਾਨ ਮਰਦਾਂ ਦੀ ਹਵਸ ਦਾ ਸ਼ਿਕਾਰ ਹੋ ਚੁੱਕੀਆਂ ਹੁੰਦੀਆਂ ਹਨ ਅਤੇ ਆਪਣੀਆਂ ਕੰਵਾਰੀਆਂ ਸੱਧਰਾਂ ਦਾ ਘਾਣ ਕਰ ਬੈਠਦੀਆਂ ਹਨ। ਮੈਡੀਕਲ, ਨਾਨ-ਮੈਡੀਕਲ, ਸੰਗੀਤ ਅਤੇ ਕਲਾ ਦੀਆਂ ਅਨੇਕ ਵਿਦਿਆਰਥਣਾਂ (ਅਲਪ ਸੰਖਿਅਕ ਹੋਣ ਦੇ ਨਾਤੇ) ਪ੍ਰੈਕਟੀਕਲ ਨੰਬਰਾਂ ਦੇ ਲਾਲਚ ਜਾਂ ਜੀਵਨ-ਸਫ਼ਲਤਾ ਦੇ ਵਿਚਾਰ ਕਾਰਨ ਆਪਣੇ ਹੀ ਪ੍ਰਾ-ਅਧਿਆਪਕਾਂ ਹੱਥੋਂ ਕੋਹੀਆਂ ਜਾਂਦੀਆਂ ਹਨ। ਖੇਡ-ਮੈਦਾਨਾਂ ਵਿਚ ਕੋਚ, ਖੇਡ-ਅਧਿਕਾਰੀ ਤੇ ਖੇਡ ਅਫ਼ਸਰ, ਮੁੱਖ ਟੀਮਾਂ ਵਿਚ ਚੁਣੇ ਜਾਣ ਦੇ ਲਾਰਿਆਂ ਵਿਚ ਖਿਡਾਰਨਾਂ ਦੇ ਜਜ਼ਬਾਤ ਨਾਲ ਖੇਡਦੇ ਆਮ ਵੇਖੇ ਜਾਂਦੇ ਹਨ।

ਐਮ. ਏ. ਪੱਧਰ ਅਤੇ ਉਚੇਰੀ ਖੋਜ ਵਿਚ ਸੰਲਗਨ ਲੜਕੀਆਂ ਨੂੰ ਮਰਦ-ਨਿਗਰਾਨਾਂ ਹੱਥੋਂ ਕਿਵੇਂ ਖ਼ੁਆਰ, ਜ਼ਲੀਲ ਅਤੇ ਪਰੇਸ਼ਾਨ ਹੋਣਾ ਪੈਂਦਾ ਹੈ, ਇਹ ਇਕ ਮਹੱਤਵਪੂਰਨ ਅਤੇ ਭਖਦਾ ਨੁਕਤਾ ਹੈ। ਐਮ. ਏ. ਦੇ ਖੋਜ-ਨਿਬੰਧਾਂ ਸਮੇਂ (ਡਿਸਰਟੇਸ਼ਨਾਂ) ਨਿਗਰਾਨ ਖੋਜ-ਵਿਦਿਆਰਥਣਾਂ ਨੂੰ ਕਿਹੋ ਜਿਹੇ ਸਬਜ਼ ਬਾਗ਼ ਵਿਖਾਉਂਦੇ ਹਨ, ਬੜਾ ਅਚੰਭੇ ਪੂਰਨ ਵਿਸ਼ਾ ਹੈ। ਕਈ ਵਾਰ ਉਹਨਾਂ ਨੂੰ ਅਜਿਹੇ ਖੋਜ-ਵਿਸ਼ੇ ਦੇ ਦਿੱਤੇ ਜਾਂਦੇ ਹਨ, ਜਿਹੜੇ ਉਹਨਾਂ ਦੀ ਸਮਝ ਤੇ ਪਹੁੰਚ ਤੋਂ ਅਸਲੋਂ ਹੀ ਬਾਹਰ ਹੁੰਦੇ ਹਨ। ਖੋਜਾਰਥਣ ਦੀ ਅਸਪੱਸ਼ਟਤਾ ਅਤੇ ਅਗਿਆਨਤਾ ਨਿਗਰਾਨ ਲਈ ਵਰਦਾਨ ਸਿੱਧ ਹੁੰਦੀ ਹੈ, ਕਿਉਂਕਿ ਮੁਸ਼ਕਿਲ ਦੇ ਸੁਲਝਾਓ ਲਈ ਸੰਬੰਧਿਤ ਲੜਕੀ ਨੂੰ ਨਿਗਰਾਨ ਦੀ ਕੇਵਲ ਮੁਠੀ-ਚਾਪੀ ਅਤੇ ਜੀ-ਹਜ਼ੂਰੀ ਕਰਨੀ ਹੀ ਕਾਫ਼ੀ ਹੈ, ਬਾਕੀ ਸਭ ਕੁਝ ਨਿਗਰਾਨ ਖ਼ੁਦ ਸੰਭਾਲ ਲੈਂਦਾ ਹੈ। ਅਧੀਨ ਖੋਜਾਰਥਣ ਤੋਂ ਉਸਦੀ ਆਬਰੂ ਦੀ ਬਲੀ ਮੰਗਦਿਆਂ, ਉਸਦੀ ਮਜਬੂਰੀ ਦਾ ਨਾਜਾਇਜ਼ ਫ਼ਾਇਦਾ ਉਠਾਂਦਿਆਂ ਉਹ ਉਸ ਲਈ ਸਭ ਕੁਝ ਪੜ੍ਹਨ-ਲਿਖਣ ਲਈ ਤਿਆਰ ਬਰ ਤਿਆਰ ਹੁੰਦਾ ਹੈ। ਇਮਤਿਹਾਨੀ ਸਫ਼ਲਤਾ ਦੀ ਲਾਲਸਾ, ਸਮੇਂ ਦੀ ਵਿਅਰਥਤਾ ਦਾ ਸੰਸਾ ਅਤੇ ਸਹਿਪਾਠੀਆਂ ਨਾਲ ਮੁਕਾਬਲੇ ਦੀ ਭਾਵਨਾ ਅਧੀਨ ਲੜਕੀ ਆਪਣੇ ਨਿਗਰਾਨ ਦੇ ਗ਼ਲਤ ਇਰਾਦਿਆਂ ਅੱਗੇ, ਕਈ ਵਾਰ, ਸਿਰ ਨਿਵਾਉਣ ਲਈ ਮਜਬੂਰ ਹੋ ਜਾਂਦੀ ਹੈ। ਖ਼ੁਦਾ ਨਖ਼ਾਸਤਾਂ, ਜੇ ਉਹ ਉਸਦੀ ਹਾਂ ਵਿਚ ਹਾਂ ਨਹੀਂ ਮਿਲਾਉਂਦੀ ਤਾਂ ਉਸਦੀ ਕਰੋਪੀ ਦਾ ਸ਼ਿਕਾਰ ਬਣ ਜਾਂਦੀ ਹੈ, ਪ੍ਰੀਖਿਆ ਵਿਚ ਹੀ ਅਸਫ਼ਲ ਨਹੀਂ ਰਹਿੰਦੀ, ਸਗੋਂ ਖ਼ੁਦ ਮਾਨਸਿਕ ਸੰਤੁਲਨ ਵੀ ਗੁਆ ਬੈਠਦੀ ਹੈ। ਖ਼ੁਦਕਸ਼ੀ ਦੇ ਅਨੇਕ ਕੇਸ ਵੀ ਹੋਂਦ ਵਿਚ ਆ ਚੁੱਕੇ ਹਨ ਜਿੱਥੇ ਅਜਿਹੀਆਂ ਮਜਬੂਰ ਵਿਦਿਆਰਥਣਾਂ ਬੇਇਜ਼ਤ ਹੋਣ ਉਪਰੰਤ ਅੰਤਸ਼ਕਰਨ ਦੀ ਪੁਕਾਰ 'ਤੇ ਆਪਣੀ ਜਾਨ 'ਤੇ ਖੇਡ ਜਾਂਦੀਆਂ ਹਨ। ਕਈ ਉਮਰ ਭਰ ਲਈ ਮਾਨਸਿਕ ਤੌਰ ਤੇ ਰੋਗੀ ਬਣ ਜਾਂਦੀਆਂ ਹਨ।

ਦੂਜੇ ਪਾਸੇ ਨਿਗਰਾਨਾਂ ਦੇ ਚੁੰਗਲ ਵਿਚੋਂ ਨਿਕਲਣ ਵਾਲੀਆਂ ਲੜਕੀਆਂ ਦੇ ਕੰਮਾਂ

ਵਿਚ ਖ਼ਾਹ-ਮਖ਼ਾਹ ਦੇਰੀ ਕੀਤੀ ਜਾਂਦੀ ਹੈ। ਥੀਸਿਸ ਅਣਗੌਲੇ ਤੇ ਅਣਡਿੱਠ ਕੀਤੇ ਜਾਂਦੇ ਹਨ. ਉਹਨਾਂ ਨਾਲ. ਆਨੀਂ ਬਹਾਨੀਂ ਕਿੜਾਂ ਕੱਢੀਆਂ ਜਾਂਦੀਆਂ ਹਨ। ਆਪਣੇ ਪੀ. ਐਚ. ਡੀ. ਦੇ ਖੋਜ-ਕਾਰਜ ਦੌਰਾਨ, ਮੈਂ ਖ਼ੁਦ ਇਕ ਫਿਰਕਾਪ੍ਰਸਤ ਨਿਗਰਾਨ ਦੇ ਨਿਰੰਤਰ ਮਾਨਸਿਕ (ਸਰੀਅਲ) ਤਸੀਹਿਆਂ ਦਾ ਸ਼ਿਕਾਰ ਰਹੀ ਹਾਂ ਜਦੋਂ 1978 ਵਿਚ ਉਚੇਰੀ ਖੋਜ ਲਈ ਮੈਂ ਵਜੀਫ਼ਾ ਲੈ ਕੇ ਅੰਮ੍ਰਿਤਸਰ ਦਾਖ਼ਲ ਹੋਈ ਸਾਂ। ਉਸਨੇ ਮੈਨੂੰ ਲਿਖੇ ਜਾਣ ਵਾਲੇ ਥੀਸਿਸ ਸਮੇ ਹਮੇਸ਼ਾਂ ਗੁਮਰਾਹ ਕੀਤਾ। ਮੇਰੀ ਹੌਸਲਾ-ਸ਼ਿਕਨੀ ਕੀਤੀ ਅਤੇ ਸਦਾ ਸਿਰਤੋੜ ਕੋਸ਼ਿਸ਼ ਕੀਤੀ ਕਿ ਮੈਂ ਅਸਫਲ ਰਹਾਂ ਪਰੰਤੂ ਗੁਰੂ ਦੀ ਇਸ ਸਿੱਖਣੀ ਨੇ ਵੀ ਮਜ਼੍ਹਬੀ ਤੁਅੱਸਬ ਅਧੀਨ ਵਿਗਸੀ ਉਸਦੀ ਸ਼ਖ਼ਸੀਅਤ, ਨਾਪਾਕ ਇਰਾਦਿਆਂ ਅਤੇ ਅਨ-ਇੱਛਤ ਵਿਚਾਰਾਂ ਨੂੰ ਡੰਕੇ ਦੀ ਚੋਟ 'ਤੇ ਵੰਗਾਰਿਆ। ਉਸਨੂੰ ਮਿਲੇ ਕੇਵਲ ਸ਼ਰਮਿੰਦਗੀ, ਨਿੰਮੋਝੂਣਤਾ, ਨਿਰਾਸ਼ਾ, ਬਦਨਾਮੀ ਅਤੇ ਬੇਇਜ਼ਤੀ। ਮੇਰੀ ਸ਼ਾਨਦਾਰ ਕਾਮਯਾਬੀ ਨੇ ਉਸਨੂੰ ਦੁੰਮ ਦਬਾ ਕੇ ਨੱਠ ਜਾਣ ਲਈ ਮਜਬੂਰ ਕਰ ਦਿੱਤਾ। ਫਿਰਕਾਪ੍ਰਸਤ ਜ਼ਹਿਨੀਅਤ ਵਾਲੇ ਇਸ ਅਲਪ-ਬੁੱਧ ਨਿਗਰਾਨ ਦੀ ਕਠੋਰਤਾ ਦੀ ਭਾਗੀ ਮੈਂ ਇਸ ਕਾਰਨ ਹੀ ਬਣੀ, ਕਿਉਂਕਿ ਮੈਂ ਉਚੇਰੀਆਂ ਕਦਰਾਂ ਕੀਮਤਾਂ ਅਤੇ ਵਿਆਪਕ ਸੁਤੰਤਰ ਚਿੰਤਨ ਵਾਲੀ ਖੋਜਾਰਥਣ ਸਾਂ, ਜਿਸਨੂੰ ਗੁਮਰਾਹ ਕਰ ਸਕਣਾ ਸੰਭਵ ਨਹੀਂ ਸੀ ਤੇ ਜਿਸ ਤੋਂ ਵਾਸਨਾਵਾਂ ਦੀ ਪੂਰਤੀ ਕਰਾ ਸਕਣਾ ਨਾਮੁਮਕਿਨ ਸੀ ਅਤੇ ਜਿਸਨੂੰ ਖ਼ਰੀਦ ਲੈਣਾ ਅਸਲੋਂ ਅਸੰਭਵ। ਇਹ ਕਮੀਨਾ ਸ਼ਖ਼ਸ ਆਪਣਾ ਹਰੇਕ ਦਾਅ ਹਾਰ ਗਿਆ। ਇੱਥੋਂ ਤੱਕ ਕਿ ਅੰਤਮ ਵਾਈਵੇ ਵੇਲੇ ਮੇਰੇ ਨਾਲ ਬੈਠਣ ਦੀ ਜੁਰਅਤ ਵੀ ਨਾ ਕਰ ਸਕਿਆ।

ਵਿਅਕਤੀਗਤ ਉਦਾਹਰਨ ਤੋਂ ਇਲਾਵਾ, ਮੈਂ ਅਜਿਹੀਆਂ ਅਨੇਕ ਘਟਨਾਵਾਂ ਤੋਂ ਵੀ ਵਾਕਿਫ਼ ਹਾਂ, ਜਿੱਥੇ ਇਹਨਾਂ ਮਰਦ-ਨਿਗਰਾਨਾਂ ਨੇ ਆਪਣੀਆਂ ਬੀਵੀਆਂ ਦੀ ਗ਼ੈਰ-ਹਾਜ਼ਰੀ ਵਿਚ ਆਪਣੀਆਂ ਸ਼ਾਗਿਰਦਾਂ ਦੇ ਸਤ ਭੰਗ ਕੀਤੇ ਅਤੇ ਉਹਨਾਂ ਨੂੰ ਗੁਮਨਾਮੀ ਅਤੇ ਬਦਨਾਮੀ ਦੀ ਗ਼ਾਰ ਵਿਚ ਜਾ ਸੁੱਟਿਆ। ਅਜਿਹਾ ਸਮਾਂ ਆ ਚੁੱਕਾ ਹੈ ਕਿ ਵਕਤ ਦੀ ਨਬਜ਼ ਪਛਾਣਦਿਆਂ ਇਹਨਾਂ ਮਰਦਾਂ ਦੀ ਅਜਾਰੇਦਾਰੀ ਨੂੰ ਨਸ਼ਟ-ਭ੍ਰਸ਼ਟ ਕੀਤਾ ਜਾਵੇ, ਉਚੇਰੀ ਖੋਜ ਵਿਚ ਸੰਲਗਨ ਵਿਦਿਆਰਥਣਾਂ ਦਾ ਅਗਾਂਹਵਧੂਪਨ ਇਸੇ ਵਿਚ ਹੋਵੇਗਾ ਕਿ ਉਹ ਆਪਣੇ ਹੱਕ ਅਤੇ ਸੱਚ ਲਈ ਜਥੇਬੰਦ ਹੋ ਕੇ ਸੰਘਰਸ਼ ਕਰਨ ਤੇ ਮਰਦਾਂ ਦੇ ਚਕਮਿਆਂ ਵਿਚ ਨਾ ਆਉਣ। ਇਸਤਰੀਅਤ ਦੀ ਕੀਮਤ 'ਤੇ ਜੀਵਨ ਚਮਕਾਉਣ ਜਾਂ ਅੱਗੇ ਵਧਾਉਣ ਦੀ ਥਾਂ ਲਾਮਬੰਦ ਹੋ ਕੇ ਜੂਝਣ ਅਤੇ ਹਰ ਗ਼ਲਤ ਵਿਅਕਤੀ ਅਤੇ ਕਦਰਾਂ-ਕੀਮਤਾਂ ਦਾ ਵਿਰੋਧ ਅਤੇ ਖੰਡਨ ਕੀਤੇ ਬਗੈਰ ਹੁਣ ਗੁਜ਼ਾਰਾ ਨਹੀਂ ਹੋ ਸਕਦਾ। ਇਸਤਰੀ ਵਰਗ ਦੀ ਇਹ ਸਮੱਸਿਆ ਉਦੋਂ ਤਕ ਅਣਸੁਲਝੀ ਹੀ ਰਹੇਗੀ, ਜਦੋਂ ਤੱਕ ਉਹ ਖ਼ੁਦ ਜਾਗਰੂਕ ਹੋ ਕੇ ਜੀਵਨ-ਮੈਦਾਨ ਵਿਚ ਠਿਲ੍ਹ ਨਹੀਂ ਪੈਂਦੀ ਕਿਉਂਕਿ ਸਾਡੇ ਹਰਮਨਪਿਆਰੇ ਸ਼ਾਇਰ ਨੇ ਸਹੀ ਹੀ ਲਿਖਿਆ ਹੈ:—

ਕਿੱਕਰਾ ਵੇ ਕੰਡਿਆਲਿਆ ਉੱਤੋਂ ਚੜ੍ਹਿਆ ਪੋਹ
ਹੱਕ ਜਿਨ੍ਹਾਂ ਦੇ ਆਪਣੇ ਆਪ ਲੈਣਗੇ ਖੋਹ।

❑

ਜਿੱਥੇ ਲੋਭੀ ਮੰਗਣ ਦਾਜ ਵੇ !

ਦਾਜ ਰੂਪੀ ਵਿਕਰਾਲ ਦੈਂਤ ਨੇ ਹੁਣ ਤੱਕ ਪਤਾ ਨਹੀਂ ਕਿੰਨੀਆਂ ਕੁ ਅਮੋਲਕ ਜਿੰਦੜੀਆਂ ਨੂੰ ਨਿਗਲ ਲਿਆ ਹੋਵੇਗਾ। ਦਾਜ ਰੂਪੀ ਭਿਆਨਕ ਕੋਹੜ ਨੇ ਅੱਜ ਤੱਕ ਪਤਾ ਨਹੀਂ ਕਿੰਨੀਆਂ ਕੁ ਮਾਸੂਮ ਜਿੰਦਾਂ ਨੂੰ ਗਰੱਸ ਲਿਆ ਹੋਵੇਗਾ ! ਦਾਜ ਦੀ ਭਿਅੰਕਰ ਅਤੇ ਨਾਮੁਰਾਦ ਬੀਮਾਰੀ ਨੇ ਨਾ ਜਾਣੇ ਕਿੰਨੀਆਂ ਕੁ ਜ਼ਹੀਨ-ਮਹੀਨ ਬੁੱਧ ਬਹੂ-ਬੇਟੀਆਂ ਨੂੰ ਸਦਾ ਲਈ ਸੰਸਾਰ ਵਿਚੋਂ ਤੋਰ ਦਿੱਤਾ ਹੋਵੇਗਾ ! ਦਾਜ ਸੱਭਿਅਕ ਅਖਵਾਉਣ ਜਾ ਰਹੇ ਇਸ ਤਰੱਕੀਸ਼ੁਦਾ ਸਮਾਜ ਦੇ ਮੂੰਹ 'ਤੇ ਵਾਕਈ ਕਿੰਨਾ ਕੁ ਬਦਨੁਮਾ ਧੱਬਾ ਹੈ ! ਸੱਚਮੁੱਚ ਦਾਜ ਇਸ ਵਿਸ਼ਾਲ, ਖ਼ੁਸ਼ਹਾਲ, ਸਮਰਿੱਧ ਅਤੇ ਸਭਿਅਤਾ ਦੇ ਪਾਹਰੂਏ ਦੇਸ਼ ਲਈ ਕਿੰਨੀ ਕੁ ਨਮੋਸ਼ੀ, ਬੇਇਜ਼ਤੀ ਬੇਪੱਤੀ ਅਤੇ ਸ਼ਰਮ ਦੀ ਗੱਲ ਹੈ ਜਿਹਦੇ ਡਰੋਂ ਧੀਆਂ ਜੰਮਣ ਵਾਲੇ ਮਾਪੇ ਉਹਦੇ ਜਨਮ ਤੋਂ ਪਹਿਲਾਂ ਹੀ ਉਹਦੇ ਕਤਲ ਵਲ ਰੁਚਿਤ ਹੁੰਦੇ ਜਾ ਰਹੇ ਹਨ। ਧੀਆਂ ਦੇ ਮਾਪਿਆਂ ਦੀ ਰਾਤਾਂ ਦੀ ਨੀਂਦ ਹਰਾਮ ਕਰ ਦੇਣ ਵਾਲਾ, ਉਨ੍ਹਾਂ ਦਾ ਅਮਨ-ਚੈਨ ਅਤੇ ਸਕੂਨ ਖੋਹ ਲੈਣ ਵਾਲਾ ਅਤੇ ਉਨ੍ਹਾਂ ਦੇ ਇਸ ਅਮੋਲਕ ਮਨੁੱਖਾ ਜਨਮ ਨੂੰ ਨਰਕਮਈ ਬਣਾ ਦੇਣ ਵਾਲਾ ਅਜੋਕਾ ਦਾਜ ਦਹੇਜ ਪ੍ਰਬੰਧ ਅੱਜ ਸਾਡੀ ਫੌਰੀ ਤਵੱਜੋ ਦੀ ਮੰਗ ਕਰਦਾ ਹੈ।

ਭਾਵੇਂ ਸਾਡੇ ਰੋਜ਼ਾਨਾ ਅਖ਼ਬਾਰ, ਹਫ਼ਤਾਵਾਰ ਪਰਚੇ, ਮਾਸਿਕ ਰਸਾਲੇ ਅਤੇ ਮੀਡੀਏ ਦੇ ਦੂਜੇ ਸਭ ਸਾਧਨ ਲਗਾਤਾਰ ਦਾਜ ਦੀ ਵੇਦੀ 'ਤੇ ਮਰ ਮਿਟਣ ਵਾਲੀਆਂ ਬਹੂ ਬੇਟੀਆਂ ਲਈ ਹਾਲ ਦੁਹਾਈ ਪਾ ਰਹੇ ਹਨ ਪਰੰਤੂ ਨਿੱਤ ਦਿਹਾੜੇ ਧੀਆਂ ਦੀ ਹੋ ਰਹੀ ਲੁੱਟ-ਖਸੁੱਟ, ਸਾੜ-ਫੂਕ, ਕੁੱਟ-ਮਾਰ, ਕਤਲੋਗਾਰਤ ਅਤੇ ਬੇਹੁਰਮਤੀ ਵੇਖਦਿਆਂ ਵੀ ਸਾਡਾ ਮਨ ਨਹੀਂ ਪਸੀਜਦਾ। ਅਸੀਂ ਅਣਦੇਖੀ ਕਰਦਿਆਂ 'ਮੈਨੂੰ ਕੀ' ਵਾਲੀ ਵਿਰਤੀ ਦਾ ਪ੍ਰਗਟਾਵਾ ਕਰਦੇ ਜਾ ਰਹੇ ਹਾਂ। ਭਲਾ ਇਨਸਾਨੀਅਤ ਦਾ ਜਨਾਜ਼ਾ ਨਿਕਲਿਆਂ ਤੱਕ ਕੇ ਵੀ ਸਾਡੀ ਰੂਹ ਕਿਉਂ ਨਹੀਂ ਕੁਰਲਾਉਂਦੀ। ਮਨੁੱਖਤਾ ਨੂੰ ਲੀਰੋ ਲੀਰ ਹੁੰਦਿਆਂ ਵੇਖ ਕੇ ਵੀ ਸਾਡਾ ਦਿਲ ਖ਼ੂਨ ਦੇ ਹੰਝੂ ਕਿਉਂ ਨਹੀਂ ਕੇਰਦਾ। ਅਸੀਂ ਬੇਕਸੂਰਾਂ ਦੀਆਂ ਚੀਕਾਂ-ਫਰਿਆਦਾਂ ਵਲੋਂ ਅੱਖਾਂ ਮੀਟ ਕੇ ਤੁਰਨ ਦੇ ਆਦੀ ਹੋ ਗਏ ਹਾਂ। ਪੁਰਾਣੇ ਵੇਲਿਆਂ ਵਾਲੀ ਦਿਲੀ ਸਾਂਝ, ਪਿਆਰ-ਮੁਹੱਬਤ ਅਤੇ ਅਟੁੱਟ ਦੋਸਤੀ ਹੁਣ ਦੀਵਾ ਲੈ ਕੇ ਲੱਭਿਆਂ ਨਹੀਂ ਲੱਭ ਰਹੀ। ਅੱਜ ਦੇ ਵਿਕਸਿਤ ਯੁਗ ਵਿਚ ਅਸੀਂ ਕਿੰਨੇ ਨਿਰਮੋਹੇ, ਸੱਖਣੇ, ਭਾਵਨਾਹੀਣ ਅਤੇ ਸਵਾਰਥੀ ਹੋ ਗਏ ਹਾਂ। ਬੇਸ਼ੱਕ, ਅਸੀਂ ਮਸ਼ੀਨਾਂ ਨਾਲ ਵਾਬਸਤਾ ਮਸ਼ੀਨਾਂ ਵਾਂਗ ਹੀ ਹੋ ਗਏ ਹਾਂ।

ਪਰ ਸਿਆਣਿਆਂ ਦਾ ਕਥਨ ਹੈ ਕਿ ਨੇਕੀ ਦਾ ਬੀਜ ਕਦੇ ਵਿਨਸਦਾ ਨਹੀਂ। ਸੱਚਾਈ ਦੀਆਂ ਜੜ੍ਹਾਂ ਸਦੀਵੀ ਹਨ। ਧਰਮ ਕਰਮ ਕਦੇ ਨਹੀਂ ਮਿਟਦੇ। ਇਸ ਲਈ ਜੇ ਪਾਪੀਆਂ ਦੀ ਗਿਣਤੀ ਬੇਸ਼ੁਮਾਰ ਵਧਦੀ ਜਾਂਦੀ ਹੈ ਤਾਂ ਪੁੰਨ ਕਰਮੀ ਵੀ ਆਪਣੀ ਹੋਂਦ ਬਣਾਈ ਰਖਦੇ ਹਨ। ਮਚਦੇ ਬਲਦੇ ਮਾਰੂਥਲਾਂ ਵਿਚ ਵਰਦੀ ਬਦਲੋਟੀ ਹਾਰ ਹੋਂਦ ਵਿਚ ਆਇਆ "ਦਾਜ ਵਿਰੋਧੀ ਕਲੱਬ" ਇਕ ਮੁਬਾਰਕ ਜਤਨ ਹੈ — ਸ੍ਰੀ ਯਸ਼ਪਾਲ ਜਿੰਦਲ ਜੀ ਦੇ ਨਿਸ਼ਕਾਮ ਕਾਰਜਾਂ ਦਾ ਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਪੁੰਨ ਕਰਮਾਂ ਦਾ ਜਿਹੜੇ ਵਿਲਕਦੀਆਂ, ਕਲਪਦੀਆਂ, ਸੜਦੀਆਂ, ਮਚਦੀਆਂ, ਰੁਲਦੀਆਂ, ਖੁਲਦੀਆਂ ਅਤੇ ਤਰਲਾਉਂਦੀਆਂ ਬਹੂ-ਬੇਟੀਆਂ ਦੇ ਅੱਲ੍ਹੇ ਜ਼ਖ਼ਮਾਂ ਨੂੰ ਸਹਿਲਾਉਣ ਖ਼ਾਤਿਰ ਦਿਨ ਰਾਤ ਕੋਸ਼ਿਸ਼ਾਂ ਕਰ ਰਹੇ ਹਨ ਤੇ ਦੁਖੀ ਮਾਪਿਆਂ ਨਾਲ ਹਮਦਰਦੀ ਜਿਤਾਉਣ ਲਈ ਕੁਝ ਸਾਰਥਕ ਕਦਮ ਵੀ ਪੁੱਟ ਰਹੇ ਹਨ।

ਉਂਵ ਲਿਖਿਤ ਭਾਰਤੀ ਕਾਨੂੰਨ ਤਾਂ ਭਾਵੇਂ ਡਾਹਢਾ ਸਖ਼ਤ ਸੀ ਪਰੰਤੂ ਕਾਨੂੰਨ ਦੀ ਪਾਲਣਾ ਕਰਨ ਅਤੇ ਕਰਾਉਣ ਵਾਲੇ ਨਿਹਾਇਤ ਲਚਕੀਲੇ। ਦੁੱਖਦਾਇਕ, ਹਿਰਦੇਵੇਧਕ ਅਤੇ ਹੌਲਨਾਕ ਘਟਨਾਵਾਂ ਘਟਦੀਆਂ ਹੀ ਜਾ ਰਹੀਆਂ ਹਨ ਤੇ ਜਵਾਨੀ ਦੀ ਸਰਦਲ ਤੇ ਬੈਠੀਆਂ ਬੇਟੀਆਂ ਦੇ ਮਾਪੇ, ਸਿਰ ਫੜ ਕੇ ਬੈਠ ਗਏ ਹਨ। ਆਮ ਸਾਧਾਰਨ ਵਿਅਕਤੀ ਤੋਂ ਲੈ ਕੇ ਨਾਮੀ ਗਿਰਾਮੀ ਲੋਕ, ਲੇਖਕ, ਪੱਤਰਕਾਰ ਅਤੇ ਕਲਾਕਾਰ ਗੱਲ ਕੀ ਕੋਈ ਵੀ ਅੱਜ ਇਸ ਚਿੰਤਾ ਤੋਂ ਮੁਕਤ ਨਹੀਂ ਹੈ। ਉਨ੍ਹਾਂ ਦੇ ਫਿਕਰਾਂ ਦਾ ਕੇਂਦਰੀ ਮੁੱਦਾ ਹੈ ਦਾਜ ਦੇ ਨਾਂ 'ਤੇ ਆਜੀਵਨ ਲੁੱਟ ਖਸੁੱਟ। ਇਸ ਮਰਹਲੇ 'ਤੇ ਸ੍ਰੀ ਯਸ਼ਪਾਲ ਜਿੰਦਲ ਜਿਹੇ ਨਿੱਤਰੇ ਸਮਾਜ ਸੇਵਕ ਬਾਬਾ ਆਮਟੇ ਦੇ ਪੈਰ ਚਿੰਨ੍ਹਾਂ 'ਤੇ ਚਲਦਿਆਂ ਕਿੰਨੀ ਕੁ ਮਿਹਨਤ ਅਤੇ ਕੋਸ਼ਿਸ਼ ਕਰਦੇ ਹਨ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਪਰੰਤੂ ਜਿਹੜਾ ਰਾਹ ਉਨ੍ਹਾਂ ਨੇ ਚੁਣਿਆ ਹੈ, ਉਹ ਵਾਕਈ ਬੜਾ ਕਠਿਨ ਅਤੇ ਚੁਣੌਤੀਆਂ ਭਰਿਆ ਹੈ। ਕਦੇ ਮਦਰ ਟੈਰੇਸਾ ਵੀ ਇਨ੍ਹਾਂ ਰਾਹਾਂ 'ਤੇ ਇਕੱਲੀ ਨਿਕਲੀ ਸੀ। ਭਗਤ ਪੂਰਨ ਸਿੰਘ ਜਿਹੇ ਸਿਦਕੀ ਮਨੁੱਖ ਵੀ ਰੋਜ਼ ਰੋਜ਼ ਨਹੀਂ ਜੰਮਦੇ। ਹਮਦਰਦ ਸਾਹਿਬ ਦਾ ਇਕ ਸ਼ਿਅਰ ਇਸ ਪ੍ਰਥਾਇ ਬੜਾ ਹੀ ਢੁੱਕਵਾਂ ਜਾਪਦਾ ਹੈ:—

ਠੀਕ ਰਸਤਾ ਸੀ ਕੱਲੇ ਤੁਰੇ ਸਾਂ ਅਸੀਂ
ਲੋਕ ਰਲਦੇ ਗਏ ਆਸਤੇ ਆਸਤੇ।

ਸ੍ਰੀ ਯਸ਼ਪਾਲ ਜਿੰਦਲ ਵੀ ਦਾਜ ਵਿਰੋਧੀ ਕੱਲਬ ਦੇ ਰੂਹੇ ਰਵਾਂ ਬਣ ਕੇ ਇਕੱਲੇ ਨਿਕਲੇ ਸਨ ਪਰੰਤੂ ਅੱਜ ਇਕ ਕਾਫ਼ਲੇ ਦੇ ਰੂਪ ਵਿਚ ਲੋਕ ਉਨ੍ਹਾਂ ਦੇ ਕਦਮਾਂ ਪਿੱਛੇ ਤੁਰ ਰਹੇ ਹਨ। ਇਨ੍ਹਾਂ ਦਾ ਮੁੱਖ ਸਰੋਕਾਰ ਇਹੋ ਹੈ ਕਿ ਅੱਜ ਦਾ ਨੌਜਵਾਨ ਭਟਕ ਗਿਆ ਹੈ ਜਿਸ ਕਰਕੇ

ਟੀ.ਵੀ. ਅਤੇ ਸਕੂਟਰ ਮੰਗਦਾ ਮੰਗਦਾ ਮੋਟਰਕਾਰ।
ਚਮੜੀ ਦਮੜੀ ਸਭ ਕੁਝ ਮੰਗਦਾ ਮੰਗਦਾ ਨਾ ਹੁਣ ਪਿਆਰ।
ਪਹਿਲਾਂ ਮਿੱਠੀਆਂ ਗੱਲਾਂ ਕਰਕੇ ਮੰਗਦਾ ਰਿਹਾ ਪਿਆਰ।

ਪਰ ਮਗਰੋਂ ਝੋਲੀ ਵਿਚ ਪਾਏ ਉਸ ਭਖਦੇ ਅੰਗਿਆਰ ।
ਗੱਲ ਗੱਲ ਉਤੇ ਹੁਣ ਤਾਂ ਕਰਦਾ ਅੜੀਓ ਨੀ ਤਕਰਾਰ ।
ਚਮੜੀ ਦਮੜੀ .... ਪਿਆਰ ।

ਪੈਸੇ ਖ਼ਾਤਿਰ ਬਹੂ-ਬੇਟੀਆਂ ਦੇ ਕਾਤਿਲ ਲੋਕਾਂ ਨੂੰ ਵੰਗਾਰਨ ਦੀ ਜੁਰਅਤ ਕੀਤੀ ਹੈ ਦਾਜ ਵਿਰੋਧੀ ਕਲੱਬ ਪਟਿਆਲਾ ਨੇ ਜੋ ਅਜੋਕੇ ਸਮੇਂ ਦੀ ਬਹੁਤ ਵੱਡੀ ਲੋੜ ਹੈ । ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ, ਸੂਫੀ ਕਲਾਮ ਅਤੇ ਕਿੱਸਾ ਕਾਵਿ ਨੂੰ ਵਿਚਾਰਦੇ ਹਾਂ ਤਾਂ ਵੀ ਦਾਜ ਬਾਰੇ ਅਜਿਹੀ ਹੀ ਪਵਿੱਤਰ ਵਿਚਾਰਧਾਰਾ ਸਾਡੇ ਦ੍ਰਿਸ਼ਟੀਗੋਚਰ ਹੁੰਦੀ ਹੈ ਜਿਹੋ ਜਿਹੀ 'ਐਂਟੀ ਡੌਮਰੀ' ਕਲੱਬ ਦੀ ਹੈ ਅਰਥਾਤ ਗੁਰਬਾਣੀ ਦਾ ਫ਼ਰਮਾਨ ਹੈ:—

ਹੋਰ ਮਨਮੁਖ ਦਾਜ ਜਿ ਰਖਿ ਦਿਖਾਲਹਿ
ਸੁ ਕੂੜੁ ਅਹੰਕਾਰੁ ਕਚੁ ਪਾਜੋ ।
ਹਰਿ ਪ੍ਰਭੁ ਮੇਰੇ ਬਾਬਲਾ ਹਰਿ ਦੇਵਹੁ ਦਾਨੁ ਮੈ ਦਾਜੋ ।

ਫ਼ਕੀਰ ਸ਼ਾਹ ਹੁਸੈਨ ਦਾ ਵੀ ਕਹਿਣਾ ਹੈ:—

ਦਰਗਹਿ ਵਿਚ ਸੁਹੇਲੀ ਵਤੇ ਦਾਜ ਰੰਗਾਯੋ ਆਪ ਨੂੰ ।
ਨਿੱਕਾ ਕੱਤੇ ਗੁੰਝਲ ਨ ਘੱਤੇ ਪਹੁੰਚਿਆ ਲੋੜੇ ਪਾਕ ਨੂੰ ।

ਦਾਜ ਦਾ ਜ਼ਿਕਰ ਸਾਈਂ ਬੁੱਲ੍ਹੇ ਸ਼ਾਹ ਵੀ ਕਰਦਾ ਹੈ ਪਰੰਤੂ ਦਾਜ ਦਾ ਭਾਵ ਇੱਥੇ ਗੁਣਾਂ ਨੂੰ ਵਿਹਾਜਣਾ ਹੈ, ਹਰਿਨਾਮ ਦੀ ਪ੍ਰੀਤ ਹੈ, ਪ੍ਰਭੂ ਦੀ ਦਰਗਾਹ ਵਿਚ ਮਾਣ-ਜੱਸ ਦੀ ਪ੍ਰਾਪਤੀ ਹੈ । ਇੱਥੇ ਦੁਨਿਆਵੀ ਵਸਤਾਂ ਨੂੰ ਕੂੜ (ਝੂਠ) ਹੰਕਾਰ ਦੀ ਸੰਗਿਆ ਦਿੱਤੀ ਗਈ ਹੈ । ਵਾਕਈ ਸੰਸਾਰ ਵਿਚ ਅਮੁੱਲੇ ਗੁਣਾਂ ਦੇ ਗਾਹਕ ਵਿਰਲੇ ਹਨ । ਜਦੋਂ ਕਿ ਕੂੜੀਆਂ ਤੇ ਬਿਨਸਨਹਾਰੀਆਂ ਚੀਜ਼ਾਂ ਦੇ ਗਾਹਕ ਬੇਸ਼ੁਮਾਰ ਜਿਹੜੇ ਆਪਣੇ ਪੁੱਤਰਾਂ ਨੂੰ ਪਾਲਣ ਪੋਸਣ ਅਤੇ ਪੜ੍ਹਾਉਣ-ਲਿਖਾਉਣ ਦਾ ਸਾਰਾ ਖਰਚਾ ਹੀ ਧੀ ਵਾਲਿਆਂ ਸਿਰ ਮੜ੍ਹਕੇ ਆਪ ਰਾਤੋਂ ਰਾਤ ਅਮੀਰ ਹੋ ਜਾਣ ਦਾ ਸੁਪਨਾ ਵੇਖਦੇ ਹਨ । ਕੇਹੇ ਚੰਦਰੇ ਸਮੇਂ ਆ ਗਏ ਹਨ ਕਿ ਅੱਜ ਸੁਸ਼ੀਲ, ਗੁਣਵੰਤੀ, ਸਤਵੰਤੀ, ਭਾਗਵੰਤੀ, ਲੱਛਮੀ ਅਤੇ ਸੁਰਸਵਤੀ ਬਹੂ ਦੀ ਬਜਾਇ ਘਰ ਭਰ ਦੇਣ ਵਾਲੀ ਨੂੰਹ ਦੀ ਝਾਕ ਰੱਖੀ ਜਾਣ ਲਗ ਪਈ ਹੈ । ਅੰਦਰ ਬਾਹਰ ਭਰ ਦੇਣ ਵਾਲੀ ਬਹੂ ਦੀ ਤਲਾਸ਼ ਬਹੁਤਿਆਂ ਨੂੰ ਹੈ ਤਾਂ ਜੋ ਆਉਂਦਿਆਂ ਹੀ ਉਹ ਗ਼ਰੀਬੀ ਦਾ ਕੋਹੜ ਦੂਰ ਕਰ ਦੇਵੇ । ਨਹੀਂ ਤਾਂ ਫਿਰ ਇਸ ਦਾ ਫਸਤਾ ਵੱਢ ਕੇ ਹੋਰ ਨੂੰਹ ਲਿਆਉਣੀ ਪਵੇਗੀ ਜੋ ਪਰਿਵਾਰ ਦੀਆਂ ਮਨੋਕਾਮਨਾਵਾਂ ਨੂੰ ਪੂਰਨ ਕਰ ਦੇਵੇ ਅਤੇ ਸਮੁੱਚੇ ਘਰ ਅਤੇ ਘਰ ਵਾਲਿਆਂ ਨੂੰ ਮਾਲਾਮਾਲ ਕਰ ਦੇਵੇ ।

ਵੀਰ ਜਿੰਦਲ ਨੇ ਅਜਿਹੀਆਂ ਧੀਆਂ ਭੈਣਾਂ ਦੀ ਹਾਲ ਦੁਹਾਈ ਸੁਣ ਕੇ, ਉਨ੍ਹਾਂ ਦੇ ਵੈਣ ਸੁਣ ਕੇ ਅਤੇ ਉਨ੍ਹਾਂ ਦੀ ਮੰਦਹਾਲੀ ਦੇਖ ਕੇ ਹੀ ਇਹ ਕਲੱਬ ਬਣਾਇਆ ਹੈ । ਆਪੂੰ ਵੀ ਦਾਜ ਰਹਿਤ ਸ਼ਾਦੀ ਦੀ ਉਦਾਹਰਨ ਸਾਹਮਣੇ ਰੱਖੀ ਤੇ ਦੂਜਿਆਂ ਦੀਆਂ ਬਹੂ ਬੇਟੀਆਂ ਲਈ ਵੀ ਅਜਿਹੇ ਜਤਨ ਕਰ ਰਹੇ ਹਨ । ਨਾਰੀ-ਸਨਮਾਨ ਦੀ ਬਹਾਲੀ

ਲਈ, ਇਹਦੀ ਆਨ ਤੇ ਸ਼ਾਨ ਲਈ, ਧੀ ਦੇ ਇੱਜ਼ਤਪੂਰਨ ਵਸੇਬੇ ਲਈ ਅਤੇ ਨੂੰਹ ਦੇ ਬਰਕਤਾਂ ਭਰੇ ਵਾਸ ਲਈ ਦਾਜ ਵਿਰੋਧੀ ਕਲੱਬ ਵਿਵਿਧ ਢੰਗਾਂ ਨਾਲ ਕਾਰਜ਼ਸ਼ੀਲ ਹੈ। ਉਨ੍ਹਾਂ ਦੀ ਮਨਸ਼ਾ ਇਕੋ ਹੈ ਕਿ ਧੀ ਮਾਪਿਆਂ 'ਤੇ ਬੋਝ ਨਾ ਸਮਝੀ ਜਾਵੇ ਤੇ ਬਹੂ ਘਰ ਦੀ ਅਸਲੀ ਬਰਕਤ ਮੰਨੀ ਜਾਵੇ। ਆਪਣੇ ਨਿਸ਼ਕਾਮ ਭਾਵੀ ਜਤਨਾਂ ਵਿਚ ਇਹ ਅਵੱਸ਼ ਕ਼ਾਮਯਾਬ ਹੋਣਗੇ ਇਹ ਮੇਰਾ ਪੂਰਨ ਨਿਸਚਾ ਹੈ ਕਿਉਂਕਿ ਇਨ੍ਹਾਂ ਜਤਨਾਂ ਵਿਚ ਸਵਾਰਥ ਲੇਸ਼-ਮਾਤਰ ਵੀ ਨਹੀਂ ਦਿਸਦਾ।

ਇੰਝ 'ਦਾਜ ਵਿਰੋਧੀ ਕਲੱਬ' ਜਿੱਥੇ ਕੰਧਾਂ 'ਤੇ ਨਾਅਰੇ ਲਿਖਵਾ ਕੇ, ਬੱਸਾਂ ਗੱਡੀਆਂ ਪਿੱਛੇ ਤੁਕਾਂ ਛਪਵਾ ਕੇ, ਨੁੱਕੜ ਨਾਟਕਾਂ ਤੇ ਵਿਭਿੰਨ ਸ਼ੋਆਂ ਰਾਹੀਂ ਜਾਗ੍ਰਤੀ ਪੈਦਾ ਕਰਕੇ ਵੀ ਲੋਕ-ਮਨਾਂ ਨੂੰ ਝੰਜੋੜਣ ਦਾ ਜਤਨ ਕਰ ਰਿਹਾ ਹੈ ਉੱਥੇ 'ਇਨਸਾਨ ਬਨਾਮ ਇਨਸਾਨ' ਕਿਤਾਬ ਦੀ ਸੰਪਾਦਨਾ ਕਰਕੇ ਉਸਨੇ ਇਕ ਸਮਾਜਿਕ ਕ੍ਰਾਂਤੀ ਲਿਆਉਣ ਦਾ ਜਤਨ ਕੀਤਾ ਹੈ। ਇਹ ਜਤਨ ਮੁਬਾਰਕ ਹੋਵੇ ਤੇ ਸਾਡੇ ਪਦਾਰਥਵਾਦੀ ਹੋੜ ਵੱਲ ਵਧ ਰਹੇ ਮਨ ਮਸਤਕ ਨੂੰ ਹਲੂਣਨ ਦਾ ਸਬੱਬ ਬਣ ਸਕੇ। ਆਓ ! ਆਪਣੇ ਮਹਾਨ ਵਿਰਸੇ ਤੇ ਮਾਣਮੱਤੇ ਗੁਰ ਇਤਿਹਾਸ 'ਚੋਂ ਪ੍ਰੇਰਣਾ ਲੈਣ ਲਈ ਅਰਜ਼ੋਈ ਕਰੀਏ :—

ਹਰਿ ਪ੍ਰਭੁ ਮੇਰੇ ਬਾਬੁਲਾ
ਹਰਿ ਦੇਵਹੁ ਦਾਨੁ ਮੈ ਦਾਜੋ !

❑

ਜੋ ਕਦੇ ਫੂਲਾਂ ਵਾਲੀ ਦੇਵੀ ਸੀ....

ਔਰਤ ਕਿਸੇ ਮਾਸੂਮੀਅਤ ਦਾ ਨਾਂ ਹੈ ਕਿਸੇ ਮੋਹ ਮਮਤਾ ਦਾ। ਨਾਰੀ ਕਿਸੇ ਮੁਹੱਬਤ ਨੂੰ ਕਿਹਾ ਜਾਂਦੈ, ਕਿਸੇ ਅਪਣੱਤ ਨੂੰ। ਇਸਤਰੀ ਸ਼ਰਮ-ਹਯਾ ਦਾ ਨਾਂ ਹੈ, ਕਿਸੇ ਲੱਜਾ ਦਾ। ਤਰੀਮਤ ਕਿਸੇ ਉਲਫਤ ਦਾ ਪਰਯਾਯ ਹੈ, ਕਿਸੇ ਪਿਆਰ ਦੁਲਾਰ ਦਾ। ਨਾਰੀ ਇਸ ਸਮਾਜ ਦੇ ਸਭ ਤੋਂ ਸੰਵੇਦਨਸ਼ੀਲ ਜੀਵ ਦਾ ਨਾਂ ਹੈ, ਉਸ ਦੀ ਸੁਹਿਰਦਤਾ ਸਮੇਤ। ਪਰ-ਪਰ ਜਦੋਂ ਕਦੇ ਫੁੱਲਾਂ ਦੀ ਦੇਵੀ ਨੂੰ ਕੁਚਲਣ ਦੇ ਜਤਨ ਕੀਤੇ ਜਾਣ, ਉਹਦੇ ਤ੍ਰੀਮਤ-ਪਨ 'ਤੇ ਚਿੱਕੜ ਉਛਾਲਿਆ ਜਾਵੇ, ਉਹਦੀ ਮੁਹੱਬਤ ਕੋਹੀ ਜਾਵੇ, ਉਹਦਾ ਚੀਰ ਹਰਨ ਕੀਤਾ ਜਾਵੇ, ਉਹਨੂੰ ਬੇਪਰਦ ਕਰ ਦਿੱਤਾ ਜਾਵੇ, ਉਹਦੀ ਸ਼ਰਮ-ਹਯਾ ਤੇ ਇੱਜ਼ਤ-ਆਬਰੂ ਭਾਰੇ ਬਾਜ਼ਾਰ ਰੋਲੀ ਜਾਵੇ ਤਾਂ ਫੁੱਲਾਂ ਜਿਹੀ ਕੋਮਲ ਨਾਰੀ ਦੁਰਗਾ ਦੇਵੀ ਦਾ ਰੂਪ ਧਾਰਨ ਕਰਨੋਂ ਵੀ ਨਹੀਂ ਝਿਜਕਦੀ। ਖੂੰਖਾਰ ਡਾਕੂ ਬਣ ਕੇ ਉਹ ਵੱਡਿਆਂ-ਵੱਡਿਆਂ ਦੀਆਂ ਗੋਡਣੀਆਂ ਲੁਆ ਸਕਦੀ ਹੈ ਅਤੇ ਸੰਗੀਨਾਂ ਦੀ ਸਾਥਣ ਬਣ ਕੇ ਉਹ ਰੰਗਲੀਆਂ ਮਹਿੰਦੀਆਂ ਦੀ ਮੁਥਾਜ ਨਹੀਂ ਰਹਿ ਜਾਂਦੀ। ਸ਼ਾਇਰ ਦੇ ਇਨ੍ਹਾਂ ਬੋਲਾਂ ਨੂੰ ਉਹ ਸਾਰਥਕ ਕਰ ਦੇਵੇ:

ਵੇਖਣ ਵਿਚ ਮੁਲਾਇਮ ਪਿੰਡਾ ਨਾਰ ਦਾ।
ਲਾ ਲੈਂਦੀ ਜਦ ਅੱਖੀਆਂ ਕਿਧਰੇ ਮੋੜੇ ਮੂੰਹ ਤਲਵਾਰ ਦਾ।

ਲਗਪਗ ਬਾਰਾਂ-ਤੇਰਾਂ ਵਰ੍ਹੇ ਪਹਿਲਾਂ ਕਿਸੇ ਸ਼ੂਕਦੀ ਹਨੇਰੀ ਦਾ ਨਾਂ ਸੀ ਫੂਲਾਂ। ਇਕ ਦਹਿਸ਼ਤਜ਼ਦਾ ਡਕੈਤ। ਕੌਮੀ ਤੇ ਕੌਮਾਂਤਰੀ ਖ਼ਬਰਾਂ ਦਾ ਕੇਂਦਰ ਬਿੰਦੂ ਬਣੀ ਫੂਲਾਂ। ਕਾਨੂੰਨ ਹੱਥ ਫੜੀ ਫਿਰਦੀ ਫੂਲਾਂ। ਬਹਿਮਈ ਕਾਂਡ ਦਾ ਧੁਰਾ ਫੂਲਾਂ। ਠਾਕੁਰਾਂ ਦੀ ਠਕੁਰਾਈ ਲਈ ਲਲਕਾਰ ਬਣੀ ਫੂਲਾਂ। ਸਰਕਾਰਾਂ ਅਤੇ ਸੁਰੱਖਿਆ ਦਸਤਿਆਂ ਲਈ ਵੰਗਾਰ ਬਣੀ ਫੂਲਾਂ। ਦਿਨ ਰਾਤ ਦੀ ਚਰਚਾ ਬਣੀ ਫੂਲਾਂ ਅਤੇ ਸਿਰ ਦਾ ਲੱਖਾਂ ਰੁਪਏ ਮੁੱਲ ਪੁਆਉਂਦੀ ਫੂਲਾਂ।

ਪਿਛਲੇ ਦਿਨੀਂ ਉਹਦੀ ਨਾਟਕੀ ਰਿਹਾਈ ਉਪਰੰਤ ਜਦੋਂ ਉਹ ਇਕ ਵਾਰ ਫਿਰ ਖ਼ਬਰਾਂ ਦਾ ਕੇਂਦਰ ਬਣੀ ਤਾਂ ਇਨ੍ਹਾਂ ਸਤਰਾਂ ਦੀ ਲੇਖਕਾਂ ਨੂੰ ਉਸ ਦੇ ਪਿਛੋਕੜ, ਉਹਦੇ ਵਿਰਸੇ ਅਤੇ ਉਹਦੀ ਵਾਸਤਵਿਕਤਾ ਨੂੰ ਜਾਨਣ ਦੀ ਉਤਸੁਕਤਾ ਨੇ ਆਣ ਘੇਰਿਆ। ਨਾਮੀ ਗਿਰਾਮੀ ਪੱਤਰਕਾਰ, ਗਿਆਰਾਂ ਵਰ੍ਹਿਆਂ ਪਿਛੋਂ ਉਹਦੀ ਬਿਨਾਂ ਸ਼ਰਤ ਰਿਹਾਈ ਸਮੇਂ ਜੇਲ੍ਹ ਤੋਂ ਬਾਹਰ ਪੁੱਜੇ। ਤੇ ਦ੍ਰਿਸ਼ ਅਜਿਹਾ ਸੀ ਜਿਵੇਂ ਕਿ ਬਦਨਾਮ ਡਕੈਤ ਨਾ ਹੋ ਕੇ ਫੂਲਾਂ ਕੋਈ ਭਾਵੀ ਨੇਤਾ ਜਾਂ ਮੰਤਰੀ ਹੋਵੇ। ਜਿਵੇਂ ਫੂਲਾਂ ਸਚਮੁੱਚ ਪਿੰਜਰੇ

ਵਿਚੋਂ ਛੁਟੀ ਸ਼ੇਰਨੀ ਹੋਵੇ ਜਿਸ ਤੋਂ ਭੈਭੀਤ ਹੋ ਕੇ ਯੂ. ਪੀ. ਦੇ ਦਰਜਨਾਂ ਪਿੰਡਾਂ ਦੇ ਠਾਕੁਰਾਂ ਨੇ 'ਖੱਤਰੀ ਮਹਾਂ ਸਭਾ' ਦਾ ਆਯੋਜਨ ਕਰ ਲਿਆ। ਜਿਹੜੀ ਕਾਨਪੁਰ ਮੈਡੀਕਲ ਕਾਲਜ ਦੇ ਪ੍ਰੋਫੈਸਰ ਡਾ. ਐਮ. ਕੇ. ਸਿੰਘ ਦੀ ਨਿਰਦੇਸ਼ਨਾ ਅਧੀਨ ਠਾਕੁਰ-ਹਿਤਾਂ ਲਈ ਸੰਘਰਸ਼ਸ਼ੀਲ ਹੋਵੇਗੀ। ਇਕ ਪਾਸੇ ਇਕ ਨਿਹੱਥੀ ਔਰਤ ਹੈ ਫੂਲਾਂ। ਲਗਪਗ ਅਨਪੜ੍ਹ ਤੇ ਬੇਪੈਸਾ ਵੀ ਪਰ ਦੂਜੇ ਬੰਨੇ ਆਲਮ ਫ਼ਾਜ਼ਲ ਹਨ, ਪੈਸੇਦਾਰ ਅਤੇ ਬਾਰਸੂਖ ਸ਼ਹਿਰੀ। ਆਖਰ ਫੂਲਾਂ ਤੋਂ ਕਾਹਦਾ ਖ਼ੌਫ ਹੈ ਇਨ੍ਹਾਂ ਸਭਨਾਂ ਨੂੰ ? ਹਾਂ, ਬੇਇਜ਼ਤੀ ਜ਼ਰੂਰ ਮਹਿਸੂਸ ਕਰ ਰਹੇ ਹੋਣਗੇ ਇਹ ਅਸਰ ਰਸੂਖ ਵਾਲੇ ਠਾਕੁਰ ਕਿ ਉਨ੍ਹਾਂ ਦੀਆਂ ਨਾਪਾਕ ਚਾਲਾਂ ਦੇ ਹੁੰਦਿਆਂ ਫੂਲਾਂ ਬਾਇੱਜ਼ਤ ਬਰੀ ਕਿਵੇਂ ਹੋ ਗਈ ?

ਆਜ਼ਾਦ ਭਾਰਤ ਦੀਆਂ ਆਜ਼ਾਦ ਫ਼ਿਜ਼ਾਵਾਂ ਵਿਚ 1957 ਈ. ਵਿਚ ਜਨਮੀ ਇਕ ਅੱਲ੍ਹੜ ਕੁੜੀ। ਅੰਡੇਨੁਮਾ ਚਿਹਰਾ। ਕਣਕ ਭਿੰਨਾ ਰੰਗ। ਮਧਰਾ ਕੱਦ। ਗੱਠਿਆ ਜਿਸਮ। ਗਦਰਾਏ ਅੰਗ। ਮਲਾਹਾਂ ਦੀ ਧੀ। ਪਾਣੀਆਂ ਦੀ ਜਾਈ। ਮਾਸੂਮੀਅਤ ਸੰਗ ਪਰਨਾਈ। ਆਮ ਪੇਂਡੂ ਕੁੜੀਆਂ ਜਿਹੀ ਸਾਧਾਰਨ ਕੁੜੀ। ਛੇ ਭੈਣ ਭਰਾਵਾਂ ਵਿਚ ਤੀਜੇ ਥਾਂ ਜੰਮੀ ਫੂਲਾਂ ਨੇ ਗੁਰਹਾ ਕਾ ਪੂਰਵਾ ਵਿਚ ਅੱਖਾਂ ਖੋਲ੍ਹੀਆਂ। ਹੱਸਣ-ਖੇਡਣ ਦੀ ਬਾਲੜੀ ਉਮਰੇ (ਬਾਰਾਂ ਵਰ੍ਹਿਆਂ ਦੀ ਸੀ ਉਹ ਮਸਾਂ) ਜਦੋਂ ਇਕ ਛੁੱਟੜ ਤੇ ਅਮਲੀ ਅੱਧਖੜ ਮਰਦ ਨਾਲ ਉਹਦਾ ਨਾਤਾ ਜੋੜ ਦਿੱਤਾ ਗਿਆ। ਬਚਪਨ ਦੀ ਮਾਸੂਮੀਅਤ ਵੇਲੇ ਹੀ ਇਕ ਪੰਤਾਲੀ ਵਰ੍ਹਿਆਂ ਦੇ ਸ਼ਰਾਬੀ ਕਬਾਬੀ ਪਤੀ ਦੀ ਸੰਤੁਸ਼ਟੀ ਕਰਨੀ ਪੈਂਦੀ ਫੂਲਾਂ ਨੂੰ। ਨਾ ਵਿਆਹੁਤਾ ਜੀਵਨ ਦੀਆਂ ਖ਼ੁਸ਼ੀਆਂ ਖੇੜੇ ਮਿਲੇ ਤੇ ਨਾ ਹੋਰ ਚਾਅ ਮਲ੍ਹਾਰ। ਨਾ ਸੰਵੇਦਨਸ਼ੀਲ ਹਮਸਫ਼ਰ ਤੇ ਨਾ ਸੁਹਿਰਦ ਸਾਥ। ਇਕ ਹਵਸੀ ਮਰਦ ਨਾਲ ਵਧੇਰੇ ਚਿਰ ਨਾ ਕੱਟ ਸਕਣ ਵਾਲੀ ਫੂਲਾਂ ਪੇਕੇ ਭੱਜ ਆਈ। ਮਾਪਿਆਂ ਵਾਸਤੇ ਪਾਏ। ਸਮਝਾਈ-ਬੁਝਾਈ ਤੇ ਫਿਰ ਸਹੁਰੀਂ ਤੋਰ ਦਿੱਤੀ। ਪਰ ਜਦੋਂ ਮਨ ਦੀ ਕਿਤੇ ਸਾਂਝ ਹੀ ਨਾ ਹੋਵੇ ਤਾਂ ਬੰਦਾ ਕਿਵੇਂ ਟਿਕੇ। ਨਾ ਸਰੀਰਕ ਤ੍ਰਿਪਤੀ ਤੇ ਨਾ ਮਾਨਸਿਕ ਸਕੂਨ। ਫੂਲਾਂ ਦੀਆਂ ਕੋਮਲ ਰੀਝਾਂ ਮਰੁੰਡੀਆਂ-ਤਰੁੰਡੀਆਂ ਗਈਆਂ। ਕੋਈ ਨਿਘਾਰ ਉਸ ਅੰਦਰ ਫੈਲਣ ਲੱਗਾ। ਉਹ ਫਿਰ ਪੇਕੇ ਆਣ ਪਹੁੰਚੀ। ਵੇਗਵਾਨ। ਜੋਸ਼-ਵਾਨ। ਕਹਿਰਵਾਨ। ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ ਉਹ ਵੀ ਸ਼ਰਮ-ਹਯਾ ਵਾਲੀ ਅਸੀਲ ਧੀ ਸੀ। ਕੁਝ ਦਿਨਾਂ ਲਈ ਭੈਣ ਦੇ ਘਰ ਠਹਿਰੀ ਤਾਂ ਉਸਦੀ ਮੁਲਾਕਾਤ ਬਾਲ-ਬੱਚਿਆਂ ਵਾਲੇ ਇਕ ਅਜਿਹੇ ਵਿਅਕਤੀ ਨਾਲ ਹੋ ਗਈ, ਜਿਸ ਦੇ ਡਾਕੂਆਂ ਨਾਲ ਵੀ ਘਨਿਸ਼ਠ ਸੰਬੰਧ ਸਨ। ਕੈਲਾਸ਼ ਨੇ ਜਿਉਂ ਹੀ ਇਕ ਦਿਨ ਗਦਰਾਏ ਜਿਸਮ ਵਾਲੀ ਸੁਡੌਲ ਫੂਲਾਂ ਨੂੰ ਜਮਨਾ ਕੰਢੇ ਨਹਾਉਂਦਿਆਂ ਤੱਕਿਆ (ਮਲਾਹਾਂ ਦੀਆਂ ਜੰਮੀਆਂ ਜਾਈਆਂ ਲਈ ਇੰਞ ਨਹਾਉਣਾ ਕੋਈ ਅਲੋਕਾਰੀ ਗੱਲ ਨਹੀਂ ਸੀ।) ਉਹਦਾ ਅਮਨ ਚੈਨ ਖੋਹਿਆ ਗਿਆ। ਉਹ ਬੱਸ ਰਾਂਝਾ ਬਣ ਫੂਲਾਂ ਦੇ ਮਗਰੇ-ਮਗਰੇ ਹੋ ਤੁਰਿਆ। ਅਜੇ ਲਾਗਲਾ ਖੇਤ ਵੀ ਨਹੀਂ ਸੀ ਲੰਘੀ ਕਿ ਕੈਲਾਸ਼ ਨੇ ਆ ਦਬੋਚਿਆ। ਇਕ ਵਾਰ ਬਲਾਤਕਾਰ। ਦੋ ਵਾਰ। ਤਿੰਨ ਵਾਰ। ਡਰਾ ਧਮਕਾ ਕੇ

ਇਸ ਸਿਲਸਿਲੇ ਨੂੰ ਨਿਰੰਤਰ ਜਾਰੀ ਰੱਖਣ ਦਾ ਆਦੇਸ਼ ਦੇਂਦਾ ਕੈਲਾਸ਼ ਉਦੋਂ ਕੰਬ ਉਠਿਆ ਜਦੋਂ ਫੂਲਾਂ ਨੇ ਉਸ ਨਾਲ ਵਿਆਹ ਕਰਨ ਲਈ ਜ਼ਿਦ ਆਰੰਭ ਦਿੱਤੀ। ਫੂਲਾਂ ਦੇ ਜਿਸਮ ਨੂੰ ਮਾਣਨ ਦੀ ਲੋਚਾ ਵਿਚ ਕੈਲਾਸ਼ ਤਾਂ ਮੰਨ ਗਿਆ ਪਰੰਤੂ ਉਹਦੇ ਜ਼ਿੱਦੀ ਮਾਪੇ ਫੂਲਾਂ ਨੂੰ ਸਵੀਕਾਰਨ ਤੋਂ ਇਨਕਾਰੀ ਹੋ ਬੈਠੇ। ਆਖੀਰ ਕੈਲਾਸ਼ ਦੂਰ ਭੱਜ ਗਿਆ। ਪਰ ਫੂਲਾਂ ਦੇ ਤਨ-ਮਨ ਨੇ ਇਸ ਘਟਨਾ ਨਾਲ ਅਕਹਿ ਤੇ ਅਸਹਿ ਸੰਤਾਪ ਭੋਗਿਆ। ਪਹਿਲਾਂ ਫ਼ੁੱਟੜ ਪਤੀ ਦੀਆਂ ਵਧੀਕੀਆਂ ਨੇ ਤੇ ਹੁਣ ਕੈਲਾਸ਼ ਦੀਆਂ ਜ਼ਿਆਦਤੀਆਂ ਨੇ ਉਸ ਦੇ ਅੰਦਰ ਮਰਦ ਜਾਤ ਪ੍ਰਤੀ ਨਫ਼ਰਤ ਦੇ ਡਾਢੇ ਕੰਡੇ ਬੀਜ ਬੀਜ ਦਿੱਤੇ।

ਫੂਲਾਂ ਭਰ ਜਵਾਨ ਸੀ ਹੁਣ। ਕਈਆਂ ਦੀਆਂ ਨੀਂਦਾਂ ਉਚਾਟ ਹੋ ਗਈਆਂ। ਕਈ ਉਹਦੇ ਉਦਾਲੇ ਭੌਰਿਆਂ ਵਾਂਗ ਘੁੰਮਣ ਲੱਗੇ। ਅਖ਼ੀਰ ਕੈਲਾਸ਼ ਦੇ ਇਕ ਦੋਸਤ ਬਿਕਰਮ ਨੇ ਉਹਦੇ ਤੱਕ ਰਸਾਈ ਕੀਤੀ ਕਿ ਜਾਂ ਤਾਂ ਫੂਲਾਂ ਉਹਦੀ ਰਖੇਲ ਬਣ ਜਾਵੇ ਜਾਂ ਫਿਰ ਉਹਦੇ ਛੋਟੇ ਭਰਾ ਨੂੰ ਡਾਕੂ ਟੋਲੇ ਵਿਚ ਜਬਰੀ ਸ਼ਾਮਲ ਕਰ ਲਿਆ ਜਾਵੇਗਾ। ਵੀਰ ਮੋਹ ਤੇ ਡਾਕੂਈ ਜੀਵਨ ਦਾ ਤ੍ਰਾਹ ! ਫੂਲਾਂ ਨੇ ਫਿਰ ਪਹਿਲਾ ਰਾਹ ਚੁਣ ਲਿਆ। ਹੁਣ ਉਹ ਬਿਕਰਮ ਦੇ ਇਸ਼ਾਰਿਆਂ ਤੇ ਨੱਚਣ ਲੱਗੀ। ਵਾਲ ਕਟਵਾ ਕੇ ਉਸ ਖਾਕੀ ਵਰਦੀ ਪਾ ਲਈ ਤੇ ਬੰਦੂਕ ਚਲਾਉਣ ਦੀ ਸਿਖਲਾਈ ਵੀ ਲੈਣ ਲੱਗੀ। ਡਾਕੂ ਗ੍ਰੋਹ ਦੇ ਸਰਦਾਰ ਨੂੰ ਮਾਰ-ਮੁਕਾ ਬਿਕਰਮ ਖ਼ੁਦ ਸਰਦਾਰ ਬਣ ਗਿਆ ਤੇ ਫੂਲਾਂ ਡਾਕੂ ਸੁੰਦਰੀ। ਕਿਹਾ ਜਾਂਦੈ ਕਿ ਇਕ ਮੁਹਰ ਬਣਵਾਈ ਬਿਕਰਮ ਨੇ। "ਡਾਕੂ-ਸਮਰਾਟ ਬਿਕਰਮ ਸਿੰਘ ਦੀ ਡਾਕੂ ਸੁੰਦਰੀ ਪ੍ਰੇਮਿਕਾ।" ਪ੍ਰੇਮਿਕਾ ਤਾਂ ਪ੍ਰੇਮਿਕਾ ਹੈ, ਬੀਵੀ ਨਹੀਂ। ਇੰਝ ਇਕ ਹੋਰ ਔਰਤ ਨਾਲ ਸੇਜ ਸਾਂਝ ਦੇ ਦੋਸ਼ ਵਿਚ ਬਿਕਰਮ ਆਪਣੇ ਹੀ ਦੋ ਸਾਥੀਆਂ ਹਥੋਂ ਮਾਰਿਆ ਗਿਆ ਤੇ ਫੂਲਾਂ ? ਨਿਰੰਤਰ ਫੇਰ ਇਨ੍ਹਾਂ ਦੋ ਹਵਸੀਆਂ ਦਾ ਸ਼ਿਕਾਰ ਬਣੀ ਰਹੀ ਬਹਿਮਈ ਵਿਖੇ। ਅਖ਼ੀਰ ! ਫੂਲਾਂ ਇਨ੍ਹਾਂ ਦੇ ਚੁੰਗਲ ਵਿਚੋਂ ਤਾਂ ਦੌੜ ਨਿਕਲੀ, ਪਰ ਬਹਿਮਈ ਦੇ ਬਦਲੇ ਦਾ ਆਗਾਜ਼ ਇਥੋਂ ਹੀ ਹੋਇਆ। ਮਰਦ ਜਾਤ ਪ੍ਰਤਿ ਉਹਦੇ ਅੰਦਰ ਪਲ ਰਹੇ ਨਫ਼ਰਤ ਦੇ ਬੀਜ ਹੁਣ ਪੁੰਗਰ ਆਏ ਸਨ। ਇੱਜ਼ਤ-ਆਬਰੂ ਲੁਟਾ ਫੂਲਾਂ ਹੁਣ ਜ਼ਖ਼ਮੀ ਸ਼ੇਰਨੀ ਵਾਂਗ ਦਹਾੜਨ ਲੱਗੀ। ਅਜ਼ਲਾਂ ਤੋਂ ਪਿਆਰ 'ਤੇ ਅਪਣੱਤ ਦੀ ਭੁੱਖੀ ਔਰਤ ਕਿਸੇ ਵਲੋਂ ਇਕ ਵਾਰ ਅਪਣਾਪਨ ਵਿਖਾਉਣ 'ਤੇ ਹੀ ਡੁਲ੍ਹ ਜਾਂਦੀ ਹੈ ਤੇ ਪਲਾਂ ਵਿਚ ਆਪਣਾ ਸਭ ਕੁਝ ਉਸ ਤੋਂ ਨਿਛਾਵਰ ਕਰ ਦਿੰਦੀ ਹੈ। ਪਰੰਤੂ ਜਦੋਂ ਉਹਦੇ ਨਾਲ ਲਗਾਤਾਰ ਬੇਵਫ਼ਾਈ ਹੁੰਦੀ ਰਹੇ, ਨਿਰੰਤਰ ਮਨਮਾਨੀਆਂ ਕਰਦਾ ਆਵੇ ਮਰਦ ਸਾਥੀ ਤਾਂ ਸੰਗੀਨਾਂ ਦਾ ਸੰਗੀ ਬਣਨਾ ਵੀ ਆਉਂਦੈ ਉਹਨੂੰ। ਕੋਠਿਆਂ ਦੀ ਵਾਸਣ ਬਣਾਉਣ ਵਿਚ ਵੀ ਵਧੇਰੇ ਹਿੱਸਾ ਇਸ ਮਰਦ ਦਾ ਹੀ ਹੈ ਅਤੇ ਬੰਦੂਕਾਂ ਦੇ ਅੰਗ-ਸੰਗ ਰਹਿਣ ਲਈ ਵੀ ਇਹੀ ਉਕਸਾਉਂਦੈ। ਇੰਝ ਹਰ ਹਾਲ ਦਹਾਕਿਆਂ ਤੱਕ ਵੀਰਾਂ ਦੀ ਸੁੰਦਰ ਕਲਾਈ ਤੇ ਰੱਖੜੀ ਸਜਾਉਂਦੀ ਫੂਲਾਂ ਇਕ ਦਿਨ ਬਹਿਮਈ ਦੀ ਦਹਿਸ਼ਤ ਹੋ ਨਿੱਬੜੀ। ਜਿੱਥੇ ਕਦੇ ਸਰੇ ਬਾਜ਼ਾਰ ਉਹਦਾ ਨਾਰੀਤਵ ਰੋਲਿਆ ਗਿਆ ਸੀ, ਉਸੇ ਬਹਿਮਈ ਵਿਚ ਫੂਲਾਂ ਦਾ ਨਾਂ ਇਕ 'ਭੂਤ' ਬਣ ਗਿਆ। ਲੋਕ ਤ੍ਰਾਹੀ-

ਤ੍ਰਾਹੀਂ ਕਰਨ ਲੱਗੇ। ਦਿਨ ਦੀਵੀ ਐਨੇ ਬੰਦਿਆਂ ਦੀ ਕਾਤਲ ? ਸੁਹਲ ਹੱਥਾਂ ਵਿਚੋਂ ਚਲਦੀ ਬੰਦੂਕ ? ਪੁਲਿਸ ਤੋਂ ਬਚਦੀ ਬਚਾਉਂਦੀ ਉਹ ਲੰਮਾ ਚਿਰ ਅਜਿਹੀ ਦਹਿਸ਼ਤ ਫੈਲਾਉਂਦੀ ਹੋਈ ਘੁੰਮੀ। ਸੁਰੱਖਿਆ ਦਸਤਿਆਂ ਨਾਲ ਲੁਕਣ ਛਿਪਾਈ ਖੇਡਦੀ। ਅਜਿਹਾ ਉਸ ਨੇ ਸਿਰਫ ਆਪਣੀ ਅਜ਼ਮਤ ਦਾ ਬਦਲਾ ਲੈਣ ਲਈ ਕੀਤਾ ਤੇ ਜਦੋਂ ਬਦਲੇ ਦੀ ਜਵਾਲਾ ਠੰਡੀ ਹੋ ਗਈ ਤਾਂ ਉਸ ਨੇ ਆਤਮ ਸਮਰਪਣ ਕਰ ਕੇ ਸਭ ਨੂੰ ਚੌਂਕਾ ਦਿੱਤਾ। ਉਦੋਂ ਥਰ-ਥਰ ਕੰਬਦੇ ਠਾਕੁਰ ਅੱਜ ਮੁੜ ਤੋਂ 'ਖੱਤਰੀ ਮਹਾਂ ਸਭਾ' ਦੇ ਬੈਨਰ ਹੇਠ ਇਕੱਤਰ ਹੋਣ ਲੱਗੇ ਹਨ।

ਸਿਤਮ ਜ਼ਰੀਫ਼ੀ ਇਹ ਕਿ ਦਹਾਕੇ ਪਹਿਲਾਂ ਜਿਹੜੀ ਪੁਲਿਸ ਫੂਲਾਂ ਦੇ ਸਿਰ ਦਾ ਮੁੱਲ ਰੱਖੀ ਉਸ ਨੂੰ ਥਾਂ-ਥਾਂ ਤਲਾਸ਼ਦੀ ਰਹੀ ਸੀ, ਅੱਜ ਉਹੀ ਉਸ ਦੀ ਤੇ ਉਸ ਦੇ ਪਰਿਵਾਰ ਦੀ ਰੱਖਿਅਕ ਹੈ। ਹਰ ਖ਼ਤਰੇ ਨਾਲ ਨਜਿੱਠਣ ਲਈ ਤਿਆਰ-ਬਰ-ਤਿਆਰ ਹੈ। ਕੋਈ ਡਾਕੂ ਸੁੰਦਰੀ ਤੇ ਪੁਸਤਕ ਲਿਖ ਰਿਹੈ ਤੇ ਕੋਈ ਫਿਲਮ ਬਣਾਉਣ ਦਾ ਸ਼ੁਕੀਨ। ਕੋਈ ਉਸ ਨੂੰ ਵਿਦੇਸ਼ ਸੱਦ ਰਿਹੈ ਤੇ ਕੋਈ ਉਸ ਨਾਲ ਸ਼ਾਦੀ ਕਰਨ ਲਈ ਬਿਹਬਲ। ਪੂਰੇ 49 ਕੇਸਾਂ ਵਿਚ ਉਲਝਾਈ ਫੂਲਾਂ ਅੱਜ ਹਰ ਤਰ੍ਹਾਂ ਆਜ਼ਾਦ ਹੈ। ਇਹ ਰਿਹਾਈ ਮੁਲਾਇਮ ਸਿੰਘ ਸਰਕਾਰ ਦੇ ਪ੍ਰਭਾਵਾਂ ਕਾਰਨ ਸੰਭਵ ਹੋ ਸਕੀ ਹੈ। ਇਹਦੇ ਸਿਆਸੀ ਮਨੋਰਥਾਂ ਬਾਰੇ ਤਾਂ ਹਾਲੇ ਵਧੇਰੇ ਸਪਸ਼ਟਤਾ ਨਹੀਂ, ਕਿਉਂਕਿ ਮਲਾਹ ਜਾਤੀ ਦੀ ਲੱਖਾਂ ਵੋਟ ਵੀ ਇਕ ਵੱਡੀ ਖਿੱਚ ਹੋ ਸਕਦੀ ਹੈ।

ਫੂਲਾਂ ਅੱਜ ਇਕ ਡਰਾਉਣਾ ਨਾਂ ਨਹੀਂ ਰਿਹਾ। ਉਸ ਦੀ ਕਈ ਪਾਸੇ ਚਰਚਾ ਹੈ। ਕਈ ਪਾਸੇ ਮੰਗ। ਕੈਂਸਰ ਪੀੜਤ ਫੂਲਾਂ ਛੇਤੀ ਹੀ ਵੈਸ਼ਨੋ ਦੇਵੀ ਦੀ ਜ਼ਿਆਰਤ ਕਰਨਾ ਚਾਹੁੰਦੀ ਹੈ, ਪਰੰਤੂ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਵੀ ਉਤਨੀ ਹੀ ਬੇਤਾਬ। ਭਵਿੱਖੀ ਪ੍ਰੋਗਰਾਮਾਂ ਬਾਰੇ ਪੁੱਛੇ ਜਾਣ 'ਤੇ ਫੂਲਾਂ ਆਖਦੀ ਹੈ, "ਉਹਦਾ ਮੰਤਵ ਰਾਜਨੀਤੀ ਵਿਚ ਜਾਣ ਦਾ ਨਹੀਂ ਸਗੋਂ ਔਰਤਾਂ ਦੀ ਭਲਾਈ ਲਈ ਕੰਮ ਕਰਨ ਦਾ ਹੈ। ਉਹ ਕੋਈ ਵੀ ਸਮਾਜ ਭਲਾਈ ਸੰਗਠਨ ਬਣਾਉਣਾ ਚਾਹੇਗੀ।" ਪਰ ਛੇਤੀ ਉਹ ਮੈਂਬਰ ਪਾਰਲੀਮੈਂਟ ਬਣੀ। ਯੂ. ਪੀ. ਅਤੇ ਆਂਧਰਾ ਦੇ ਨਾਲ ਉਹ ਪੰਜਾਬ ਦੌਰਾ ਵੀ ਕਰਨ ਦੀ ਇਛੁੱਕ ਰਹੀ। ਹੁਣ ਉਹ ਇਕ ਦਲਿਤ ਨੇਤਾ ਵਜੋਂ ਪ੍ਰਸਿੱਧ ਹੋ ਚੁੱਕੀ ਹੈ।

ਸਵੇਰ ਦਾ ਗਿਆ ਜੇ ਤ੍ਰਿਕਾਲਾਂ ਨੂੰ ਘਰ ਮੁੜ ਆਵੇ ਤਾਂ ਉਹ ਭੁੱਲਿਆ ਨਹੀਂ ਅਖਵਾਉਂਦਾ। ਤਰੀਮਤਪਣ 'ਤੇ ਚੋਟ ਖਾਈ ਫੂਲਾਂ ਨੇ ਜੇਕਰ ਸੰਗੀਨਾਂ ਫੜੀਆਂ ਤਾਂ ਇਹ ਮਹਿਜ਼ ਵਕਤੀ ਉਬਾਲ ਸੀ। ਗੁਰਬਾਣੀ ਵਿਚ ਪਹਿਲਾਂ ਵੀ ਇਕ ਅਜਿਹੀ ਬਿਰਤੀ ਵਾਲੇ ਭਗਤ ਦਾ ਸੰਕੇਤ ਹੈ ਜੋ ਡਾਕੂਈ ਜੀਵਨ ਤੋਂ ਤੋਬਾ ਕਰ ਕੇ ਹਰਿ ਭਗਤ ਬਣ ਗਿਆ ਸੀ। ਕਾਸ਼ ਕਿ ਫੂਲਾਂ ਫਿਰ ਤੋਂ ਗਲਤ ਹੱਥਾਂ ਵਿਚ ਨਾ ਖੇਡੇ ਅਤੇ ਇਸ ਬਹੁਮੁੱਲੇ ਜੀਵਨ ਨੂੰ ਨੇਕ ਕਾਰਜਾਂ ਵਿਚ ਅਰਪਣ ਕਰਨ ਲਈ ਪੂਰਾ ਤ੍ਰਾਣ ਲਾ ਸਕੇ।

ਇੰਡੋ ਕਨੇਡੀਅਨ ਟਾਇਮਜ਼ (1994)

ਕਰਵਾ ਚੌਥ

ਬਾਲ-ਸੁਝ ਤੋਂ ਪ੍ਰੌੜ੍ਹ ਅਵਸਥਾ ਤੱਕ ਸਦਾ ਹੀ ਗੁਰਬਾਣੀ ਦੀਆਂ ਇਹ ਸਤਰਾਂ ਮੇਰੇ ਮਨ-ਮਸਤਕ ਨੂੰ ਝੰਜੋੜਦੀਆਂ ਰਹੀਆਂ ਹਨ:—

ਛੋਡਹਿ ਅੰਨ ਕਰਹਿ ਪਾਖੰਡ ।
ਨਾ ਸੋਹਾਗਨਿ ਨਾ ਓਹਿ ਰੰਡ ।
ਜਗ ਮਹਿ ਬਕਤੇ ਦੂਧਾਧਾਰੀ ।
ਗੁਪਤੀ ਖਾਵਹਿ ਵਟਿਕਾ ਸਾਰੀ ।
ਅੰਨੈ ਬਿਨਾ ਨਾ ਹੋਇ ਸੁਕਾਲੁ ।
ਤਜਿਐ ਅੰਨਿ ਨਾ ਮਿਲੈ ਗੁਪਾਲ ।

(ਪੰਨਾ 873)

ਭਾਵੇਂ ਅਜਿਹਾ ਉਪਦੇਸ਼ ਭਗਤ ਕਬੀਰ ਸਾਹਿਬ ਨੇ ਹੱਠ ਯੋਗ ਸਾਧਨਾਵਾਂ ਕਰਨ ਅਤੇ ਭੁੱਖੇ ਰਹਿ ਰਹਿ ਕੇ ਪ੍ਰਭੂ-ਭਗਤੀ ਦਾ ਢੌਂਗ ਕਰਨ ਵਾਲਿਆਂ ਪ੍ਰਥਾਇ ਦ੍ਰਿੜਾਇਆ ਹੈ ਪਰੰਤੂ ਕਰਵਾ ਚੌਥ ਦੇ ਅਵਸਰ 'ਤੇ ਹਰ ਵਰ੍ਹੇ ਇਹ ਮਹਾਨ ਤੁਕਾਂ ਗੁਰਦਵਾਰਾ ਸਾਹਿਬਾਨ ਦੇ ਬਾਹਰ ਅੰਕਿਤ ਕਰਨ ਜਾਂ ਬੈਨਰਾਂ ਰਾਹੀਂ ਥਾਂ ਥਾਂ ਪ੍ਰਚਾਰਨ ਕਰਕੇ ਵੀ ਜ਼ਿਹਨ ਵਿਚ ਇਨ੍ਹਾਂ ਦਾ ਵਾਸਾ ਹੋ ਗਿਆ ਹੈ ।

ਕਰਵਾ ਚੌਥ ਜਿਸਨੂੰ ਗਣੇਸ਼ ਚੌਥ ਜਾਂ ਸੰਕਟ ਚੌਥ ਵੀ ਕਿਹਾ ਜਾਂਦਾ ਹੈ ਸੁਹਾਗਣਾਂ-ਭਾਗਣਾਂ ਤੇ ਵੱਸਦੀਆਂ ਰੱਸਦੀਆਂ ਔਰਤਾਂ ਨਾਲ ਜੁੜਿਆ ਤਿਉਹਾਰ ਹੈ ਜਿਸਨੂੰ ਸੱਜ ਵਿਆਹੀਆਂ ਤੇ ਮੁਕਲਾਵੇ ਆਈਆਂ ਬੜੇ ਚਾਵਾਂ ਤੇ ਮਲਾਰਾਂ ਨਾਲ ਉਡੀਕਦੀਆਂ ਹਨ । ਸਾਡੇ ਸਭਿਆਚਾਰ ਵਿਚ ਇਸ ਤਿਉਹਾਰ ਪ੍ਰਤਿ ਔਰਤਾਂ ਦਾ ਵਿਸ਼ੇਸ਼ ਲਗਾਓ ਹੈ ਜਿਹੜਾ ਕੱਤਕ ਦੀ ਹਨੇਰੇ ਪੱਖ ਦੀ ਚੌਥ ਨੂੰ ਮਨਾਇਆ ਜਾਂਦਾ ਹੈ । ਇਸ ਦਿਨ ਪਰੰਪਰਾ ਵਿਚ ਗਣੇਸ਼ ਦਾ ਜਨਮ ਹੋਇਆ ਪ੍ਰਵਾਨਿਆ ਗਿਆ ਹੈ । ਗਣੇਸ਼ ਦੇ ਜਨਮ ਸੰਬੰਧੀ ਬੜੀ ਰੌਮਾਂਚਿਕ ਅਤੇ ਦਿਲਚਸਪ ਗਾਥਾ ਵੀ ਪ੍ਰਚਲਿਤ ਹੈ ਜਾਣੀ ਕਿ ਪਾਰਬਤੀ ਨੇ ਸ਼ਿਵ ਦੀ ਗ਼ੈਰ ਹਾਜ਼ਰੀ ਵਿਚ ਉਸਨੂੰ ਆਪਣੇ ਜਿਸਮ ਦੀ ਮੈਲ ਤੋਂ ਸਿਰਜਿਆ (ਕੀ ਵਿਗਿਆਨਕ ਯੁਗ ਵਿਚ ਇਸ ਪੌਰਾਣਿਕ ਗਾਥਾ 'ਤੇ ਵਿਸ਼ਵਾਸ ਕੀਤਾ ਜਾ ਸਕਦਾ ਹੈ ?) ਮੰਨਿਆ ਜਾਂਦਾ ਹੈ ਕਿ ਵਾਪਸੀ 'ਤੇ ਸ਼ਿਵ ਨੇ ਗਣੇਸ਼ ਦਾ ਅਣਜਾਣੇ 'ਚ ਸਿਰ ਵੱਢ ਦਿੱਤਾ । ਪਾਰਬਤੀ ਨੂੰ ਜਦੋਂ ਖ਼ਬਰ ਹੋਈ ਤਾਂ ਉਸਨੇ ਬਹੁਤ ਕਲੇਸ਼ ਕੀਤਾ । ਇਸ 'ਤੇ ਸ਼ਿਵ ਨੇ ਇਕ ਹਾਥੀ ਦਾ ਸਿਰ ਵੱਢ ਕੇ ਗਣੇਸ਼ ਦੇ ਲਾ ਕੇ ਉਸਨੂੰ ਮੁੜ ਜਿਵਾ

ਦਿੱਤਾ ਪਰੰਤੂ ਪਾਰਬਤੀ ਅਨੁਸਾਰ ਉਸਦਾ ਪੁੱਤਰ ਇਸ ਕਦਰ ਬਦਸੂਰਤ ਬਣ ਗਿਆ ਸੀ ਕਿ ਦੁਨੀਆ ਉਸ ਵਲ ਦੇਖ ਕੇ ਹੱਸਿਆ ਕਰੇਗੀ। ਪਰੰਤੂ ਸ਼ਿਵ ਜੀ ਦੇ ਇਸ ਵਰਦਾਨ ਕਿ ਜਿਹੜਾ ਵੀ ਵਿਅਕਤੀ ਗਣੇਸ਼ ਦਾ ਦਿਨ ਮਨਾਇਆ ਕਰੇਗਾ ਉਸਦੇ ਸੱਭੇ ਸੰਕਟ ਬਿਨਸ ਜਾਇਆ ਕਰਨਗੇ ਪਾਰਬਤੀ ਖੁਸ਼ੀ ਵਿਚ ਝੂਮ ਉੱਠੀ। ਇਸ ਪ੍ਰਕਾਰ, ਕਰਵਾ ਚੌਥ ਬਾਰਾਂ ਗਣੇਸ਼ ਚੌਥਾਂ ਵਿਚੋਂ ਇਕ ਤਿਓਹਾਰ ਹੈ ਜਿਸ ਬਾਰੇ ਸ਼ਿਵ ਦੀ ਇਹ ਆਸ਼ੀਰਵਾਦ ਸਵੀਕਾਰੀ ਜਾਂਦੀ ਹੈ ਕਿ ਜਿਹੜੀ ਵੀ ਔਰਤ ਗਣੇਸ਼ ਦਾ ਨਾਂ ਲੈ ਕੇ ਵਰਤ ਰਖੇਗੀ ਉਸਦਾ ਸੁਹਾਗ ਭਾਗ ਕਾਇਮ ਰਹੇਗਾ ਤੇ ਉਸਦੇ ਪਤੀ ਦੀ ਉਮਰ ਦੀਰਘ ਹੋਵੇਗੀ। ਇਸ ਵਰਤ ਨਾਲ ਦਰਜਨਾਂ ਹੋਰ ਕਥਾਵਾਂ ਵੀ ਸੰਬੰਧਿਤ ਕੀਤੀਆਂ ਜਾਂਦੀਆਂ ਹਨ।

ਵਿਚਾਰਯੋਗ ਗੱਲ ਇਹ ਹੈ ਕਿ ਗੁਰਬਾਣੀ ਦੇ ਸੰਦਰਭ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਜਿਸ ਗਣੇਸ਼ ਦੀ ਉਤਪਤੀ ਮੈਲ ਤੋਂ ਹੋਈ ਹੋਵੇ, ਉਸ ਨੂੰ ਆਧਾਰ ਬਣਾ ਕੇ ਉਸ ਤੋਂ ਆਪਣੇ ਪਤੀਆਂ ਦੀ ਸੁੱਖ ਕਾਮਨਾ ਕਰਨੀ ਕਿੰਨੀ ਕੁ ਤਰਕਹੀਣ ਗੱਲ ਹੈ। ਸੁਹਾਗਣ ਦੀ ਤਾਂ ਗੁਰਮਤਿ ਵਿਚ ਪਰਿਭਾਸ਼ਾ ਹੀ ਇਸ ਪ੍ਰਕਾਰ ਹੈ:–

ਸਦਾ ਸੋਹਾਗਣਿ ਜੋ ਪ੍ਰਭ ਭਾਵੈ।
ਗੁਰ ਸ਼ਬਦੀ ਸੀਗਾਰੁ ਬਣਾਵੈ।
ਸਾ ਸੋਹਾਗਣਿ ਸਾਚੀ ਜਿਸ ਸਾਚਿ ਪਿਆਰੁ।
ਅਪਣਾ ਪਿਰੁ ਰਾਖੈ ਸਦਾ ਉਰਧਾਰਿ।

(ਪੰਨਾ 363)

ਇਸ ਤਰ੍ਹਾਂ ਸਾਡੇ ਅਜੋਕੇ ਸਮਾਜ ਵਿਚ ਕਰਵਾ ਚੌਥ ਵੀ ਹੋਰ ਕਈ ਭੇਡ ਚਾਲਾਂ ਵਾਂਗ ਇਕ ਭੇਡ ਚਾਲ ਹੀ ਆਖੀ ਜਾ ਸਕਦੀ ਹੈ ਜਿਸ 'ਤੇ ਸਾਡੇ ਦੇਸ਼ ਵਿਚ ਕਰੋੜਾਂ ਰੁਪਏ ਬਰਬਾਦ ਕੀਤੇ ਜਾਂਦੇ ਹਨ। ਇਹ ਉਨ੍ਹਾਂ ਫ਼ਜ਼ੂਲ ਤੇ ਅਰਥਹੀਣ ਰਸਮਾਂ ਵਿਚੋਂ ਇਕ ਕਹੀ ਜਾ ਸਕਦੀ ਹੈ ਜਿਹੜੀਆਂ ਸਾਡੀ ਇਸ ਭੇਖਾਂ ਵਿਖਾਵਿਆਂ ਤੇ ਕੂੜ ਸੰਸਕਾਰਾਂ ਭਰੀ ਧਰਤੀ 'ਤੇ ਨਿੱਤ ਦਿਨ ਕੀਤੀਆਂ ਜਾਂਦੀਆਂ ਹਨ। ਸਹੁਰੇ ਪੇਕੇ ਦੋਵੇਂ ਧਿਰਾਂ ਹਜ਼ਾਰਾਂ ਰੁਪਏ ਖ਼ਰਚ ਕਰ ਕੇ ਗਹਿਣੇ, ਕਪੜੇ ਤੇ ਭਾਂਡੇ ਤਿਆਰ ਕਰਕੇ ਧੀ ਦੇ ਸਹੁਰੇ ਜਾਂ ਪੇਕੇ ਪਹੁੰਚਦੇ ਹਨ। ਆਧੁਨਿਕਤਾ ਦੀ ਰੋਸ਼ਨੀ ਵਿਚ ਇਸ ਕਰਵਾ ਚੌਥ ਨਾਲ ਸਗੋਂ ਹੋਰ ਬਹੁਤ ਕੁਝ ਜੁੜਦਾ ਚਲਾ ਜਾ ਰਿਹਾ ਹੈ, ਘਟਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਕੀ ਹਿੰਦੂ ਕੀ ਸਿੱਖ ਲਗਪਗ ਬਹੁਤੇ ਕਰਵਾ ਚੌਥ ਦਾ ਵਰਤ ਰਖਦੇ ਹਨ। ਅਜਿਹਾ ਦੇਖੋ ਦੇਖੀ ਵੀ ਕੀਤਾ ਜਾਂਦਾ ਹੈ।

ਸਿਤਮ ਜ਼ਰੀਫ਼ੀ ਹੈ ਕਿ ਇਕ ਪਾਸੇ ਰੋਜ਼ ਦਿਹਾੜੇ ਬਹੂ ਬੇਟੀਆਂ ਦੇ ਜਲਣ ਮਰਨ ਦੇ ਵਾਕਿਆ ਹੋ ਰਹੇ ਹਨ ਤੇ ਦੂਜੇ ਪਾਸੇ ਸੁਹਾਗ-ਰੱਖਿਆ ਲਈ ਇਹ ਪਾਖੰਡ ਕਰਮ। ਸ਼ਾਇਦ ਪੁਰਾਣੇ ਵਕਤਾਂ ਵਿਚ ਜਦੋਂ ਔਰਤ ਆਰਥਿਕ ਤੇ ਸਮਾਜਿਕ ਨਜ਼ਰੀਏ ਤੋਂ ਬਿਲਕੁਲ ਹੀ ਮਰਦ 'ਤੇ ਆਸਰਿਤ ਸੀ, ਇਨ੍ਹਾਂ ਤਿੱਥਾਂ-ਤਿਓਹਾਰਾਂ ਦਾ ਕੋਈ ਅਰਥ

ਹੁੰਦਾ ਹੋਵੇ। ਹੁਣ ਜਦੋਂ ਉਹ ਬਰਾਬਰ ਹੀ ਨਹੀਂ ਸਗੋਂ ਵਧ ਚੜ੍ਹ ਕੇ ਹਰ ਖੇਤਰ ਵਿਚ ਯੋਗਦਾਨ ਪਾ ਰਹੀ ਹੈ ਤਾਂ ਇਨ੍ਹਾਂ ਵਿਖਾਵਿਆਂ ਦੀ ਕੋਈ ਮੱਹਤਾ ਨਹੀਂ ਰਹਿ ਜਾਂਦੀ। ਹਾਂ, ਉਂਞ ਪਤੀ ਪਤਨੀ ਦਾ ਸਾਥ ਚਿਰੰਜੀਵੀ ਹੋਵੇ, ਲੰਮੇ ਸਮੇਂ ਤੱਕ ਖ਼ੁਸ਼ਗਵਾਰ ਬਣਿਆ ਰਹੇ, ਇਨ੍ਹਾਂ ਨੇੜਲੇ ਸੰਬੰਧਾਂ ਵਿਚ ਕੋਈ ਦਰਾੜ ਨਾ ਆਵੇ, ਇਹ ਸਭ ਦੀ ਹੀ ਤਮੰਨਾ ਰਹਿੰਦੀ ਹੈ ਪਰੰਤੂ ਇਸਨੂੰ ਕਿਸੇ ਕਥਿਤ ਕਰਵਾ ਚੌਥ ਨਾਲ ਜੋੜ ਕੇ ਤੇ ਮਨਮਤਿ ਕਰ ਕੇ ਐਂਵੇਂ ਫੋਕੀਆਂ ਉਮੀਂਦਾ ਕਰਨੀਆਂ ਉਚਿਤ ਨਹੀਂ। ਸਾਡੀ ਇਕ ਬੜੀ ਨਜ਼ਦੀਕੀ ਰਿਸ਼ਤੇਦਾਰ ਜੋ ਗੱਜ ਵੱਜ ਕੇ ਕਰਵਾ ਚੌਥ ਮਨਾਉਂਦੀ ਸੀ, ਜਵਾਨੀ ਵਿਚ ਹੀ ਵਿਧਵਾ ਹੋ ਗਈ। ਕਿਸੇ ਕਥਾ ਕਹਾਣੀ ਨੇ ਉਸਦਾ ਸੁਹਾਗ ਨਾ ਬਚਾਇਆ। ਸੋ, ਆਓ, ਪ੍ਰਭੂ ਭਾਣੇ ਵਿਚ ਵਿਚਰੀਏ ਤੇ ਉਸੇ ਤੋਂ ਮੰਗੀਏ ਕਿ ਸਭ ਨੂੰ ਸਹੀ ਸਲਾਮਤ ਰੱਖੇ। 'ਕਰਵਾ ਚੌਥ' ਦੇ ਉਹਲੇ ਵਿਚ ਆਓ ਜਰਜਰਾਈਆਂ ਕਦਰਾਂ ਕੀਮਤਾਂ ਨੂੰ ਤਿਆਗੀਏ ਅਤੇ ਕੂੜ ਪਾਖੰਡਾਂ ਤੋਂ ਤੋਬਾ ਕਰਦਿਆਂ ਓਸ ਪ੍ਰਭੂ ਦੇ ਲੜ ਲਗੀਏ।



ਔਰਤ ਤੇ ਵਿਦਿਆ

ਔਰਤ ਸਮਾਜ ਦਾ ਧੁਰਾ ਹੈ। ਸਮਾਜ ਦੀ ਲਗਪਗ ਅੱਧੀ ਵੱਸੋ ਔਰਤਾਂ ਦੀ ਹੈ। ਇਸ ਦਾ ਸਾਰਾ ਹੀ ਤਾਣਾ ਪੇਟਾ ਨਾਰੀ ਨਾਲ ਜੁੜਿਆ ਹੋਇਐ– ਉਹੀ ਇਹ ਦੀ ਸਿਰਜਕ ਤੇ ਉਹੀ ਇਸਦੀ ਰਾਜ਼ਕ ਪਾਲਕ ਪਰ ਸੋਚਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਸਾਡੇ ਸਮਾਜ ਵਿਚ ਐਨੀ ਭੂਮਿਕਾ ਨਿਭਾਉਣ ਵਾਲੀ ਔਰਤ ਲਈ ਵਿਦਿਆ ਦੇ ਪੂਰੇ ਅਤੇ ਸਮਾਨ ਅਵਸਰ ਮੁੱਹਈਆ ਕੀਤੇ ਜਾਂਦੇ ਹਨ ? ਹਰਗਿਜ਼ ਹੀ ਨਹੀਂ ਕਿਉਂਕਿ ਜਿੱਥੇ ਲੜਕੀ ਦਾ ਜਨਮ ਹੀ ਬਦਸ਼ਗਨੀ ਮੰਨਿਆ ਜਾਂਦਾ ਹੋਵੇ, ਜਨਮ ਤੋਂ ਵੀ ਪਹਿਲਾਂ ਜਿਸਦਾ ਖੁਰਾ ਖੋਜ ਮਿਟਾਉਣ ਲਈ ਕਮਰ ਕਸਾ ਕਰ ਲਿਆ ਜਾਂਦਾ ਹੋਵੇ, ਉਸਨੂੰ ਹਮੇਸ਼ਾ ਇਕ ਵਾਧੂ ਬੋਝ ਸਮਝਿਆ ਜਾਂਦਾ ਹੋਵੇ ਉੱਥੇ ਉਸਦੀ ਸਿੱਖਿਆ ਦੀਖਿਆ ਬਾਰੇ ਕੋਈ ਕਿੰਨਾ ਕੁ ਫਿਕਰਮੰਦ, ਸੋਚਵਾਨ ਅਤੇ ਚਿੰਤਤ ਹੋ ਸਕਦੈ। ਫਲਸਰੂਪ, ਮੁੱਠੀ ਭਰ ਲੜਕੀਆਂ ਨੂੰ ਛੱਡ ਕੇ ਬਹੁਗਿਣਤੀ ਗੋਹੇ ਕੂੜੇ ਚੁਕਦੀਆਂ, ਲਿਫਾਫੇ ਇਕੱਠੇ ਕਰਦੀਆਂ, ਰੋੜੀਆਂ ਕੁਟਦੀਆਂ, ਭੱਤੇ ਢੋਂਦੀਆਂ, ਘਾਹ ਖੋਤਦੀਆਂ, ਮਿਹਨਤ ਮੁਸ਼ੱਕਤ ਕਰਕੇ ਮਾਪਿਆਂ ਨਾਲ ਕੰਮ ਕਰਾਉਂਦਿਆਂ ਜਾਂ ਫਿਰ ਛੋਟੇ ਵੱਡੇ ਭੈਣਾਂ ਭਰਾਵਾਂ ਨੂੰ ਸਾਂਭਦਿਆਂ-ਪਾਲਦਿਆਂ ਤੇ ਸਵੇਰੇ ਤੋਂ ਸ਼ਾਮ ਤੱਕ ਕੋਹਲੂ ਦੇ ਬੈਲ ਵਾਂਗ ਕੰਮਾਂ-ਧੰਦਿਆਂ ਵਿਚ ਗਲਤਾਨ ਹੀ ਸਹੁਰੇ ਘਰ ਤੋਰ ਦਿੱਤੀਆਂ ਜਾਂਦੀਆਂ ਹਨ ਜਿੱਥੇ ਉਹ ਆਜੀਵਨ ਹੀ ਅਗਿਆਨਤਾ ਦੇ ਹਨੇਰੇ ਵਿਚ ਫਾਥੀਆਂ ਆਪਣੀ ਸੰਤਾਨ ਨੂੰ ਵੀ ਕੋਈ ਰੋਸ਼ਨੀ ਦੀ ਕਿਰਨ ਨਹੀਂ ਵਿਖਾ ਸਕਦੀਆਂ। ਜੀਵਨ ਬੀਮਾ ਨਿਗਮ ਨੇ ਆਪਣੀਆਂ ਸਕੀਮਾਂ ਪ੍ਰਤਿ ਗਾਹਕ ਆਕਰਸ਼ਿਤ ਕਰਨ ਦੇ ਇਰਾਦੇ ਨਾਲ ਪਿੱਛੇ ਜਿਹੇ ਥਾਂ ਥਾਂ ਕੁਝ ਬੈਨਰ ਟੰਗੇ ਸਨ। ਜਿਨ੍ਹਾਂ ਉੱਪਰ ਅੰਕਿਤ ਸੀ 'ਪੁੱਤਰ ਲਈ ਵਿਦਿਆ ਤੇ ਧੀ ਲਈ ਦਾਜ'

ਨਾਰੀਵਾਦੀ ਹੁੰਦਿਆਂ ਸੰਵੇਦਨਸ਼ੀਲਤਾ ਦੀ ਸ਼ਿਕਾਰ ਮੈਂ ਉਪਰੋਕਤ ਸ਼ਬਦ ਪੜ੍ਹ ਕਿੰਨਾ ਹੀ ਚਿਰ ਦੁਖਿਧਾਗ੍ਰਸਤ ਹੋਈ ਸੋਚਦੀ ਰਹੀ ਕਿ ਧੀ ਲਈ ਦਾਜ ਤੋਂ ਵੀ ਪਹਿਲਾਂ ਵਿਦਿਆ ਭਲਾ ਕਿਉਂ ਜਰੂਰੀ ਨਹੀਂ ? ਜਿਸ ਨੇ ਸਮਾਜ ਦਾ ਨਿਰਮਾਣ ਕਰਨਾ ਹੈ, ਬੱਚੇ ਪਾਲਣੇ ਤੇ ਪੜ੍ਹਾਉਣੇ ਹਨ, ਉਨ੍ਹਾਂ ਵਿਚ ਸ਼ੁੱਭ ਸੰਸਕਾਰ ਭਰਨੇ ਹਨ, ਇੱਕੀਵੀਂ ਸਦੀ ਦੀ ਵਿਗਿਆਨਕ ਤਰਜ਼ੇ-ਜ਼ਿੰਦਗੀ ਵਿਚ ਕਦਮ ਰੱਖਣ ਦੇ ਕਾਬਿਲ ਬਣਾਉਣਾ ਹੈ ਉਸ ਧੀ ਜਾਂ ਔਰਤ ਲਈ ਵਿਦਿਆ ਭਲਾ ਕਿਉਂ ਲਾਜ਼ਮੀ ਨਹੀਂ ? ਸਾਡੀ ਸਮੂਹਿਕ ਸੋਚ ਆਮ ਤੌਰ ਤੇ ਕੁਝ ਇਸ ਕਦਰ ਪ੍ਰਚੰਡ ਹੋ ਗਈ ਹੈ ਕਿ ਧੀ ਲਈ ਵਿਦਿਆ ਨਾਲੋਂ ਦਾਜ ਵਧੇਰੇ ਮਹੱਤਵਪੂਰਨ ਸਮਝਿਆ ਜਾਣ ਲਗ ਪਿਆ ਹੈ ਕਿਉਂਕਿ ਦਾਜ ਪਿੱਛੇ

ਬਹੁਤ ਕੁਝ ਵਾਪਰ ਰਿਹਾ ਹੈ ਇਸ ਨਿੱਘਰੇ ਸਮਾਜ ਵਿਚ।

ਅੱਜ ਵਿਸ਼ਵ ਸਮਾਜ ਇੱਕੀਵੀਂ ਸਦੀ ਦੀਆਂ ਸਰਦਲਾਂ 'ਤੇ ਖੜ੍ਹਾ ਹੈ ਪਰੰਤੂ ਅਸੀਂ ਸਮੁੱਚੇ ਵਿਸ਼ਵ ਵਰਤਾਰੇ ਵਿਚ ਬਹੁਤ ਫਾਡੀ ਰਹਿ ਚੁੱਕੇ ਹਾਂ। ਸਾਡੇ ਸੰਵਿਧਾਨ ਨੇ ਔਰਤ ਮਰਦ ਨੂੰ ਹਰ ਪੱਖੋਂ ਬਰਾਬਰੀ ਦਿੱਤੀ ਹੈ, ਉਨਤੀ ਦੇ ਸਮਾਨ ਮੌਕੇ ਬਖਸ਼ੇ ਹਨ ਪਰੰਤੂ ਬਹੁ ਗਿਣਤੀ ਦੀ ਸਮਾਜਿਕ ਸੋਚ ਵਿਚ ਕੋਈ ਬਦਲਾਓ ਨਾ ਆਉਣ ਕਰ ਕੇ ਅਸੀਂ ਦਿਨ ਪ੍ਰਤਿ ਨਿੱਘਰਦੇ ਜਾ ਰਹੇ ਹਾਂ।

ਸੰਸਾਰ ਪੱਧਰ ਤੇ ਔਰਤ ਨੇ ਹਰ ਉਸ ਬੁਲੰਦੀ ਨੂੰ ਜਾ ਜੱਫਾ ਮਾਰਿਆ ਹੈ ਜਿਸ ਨੂੰ ਅੱਜ ਤੱਕ ਪੁਰਖਾਂ ਦਾ ਅਧਿਕਾਰ ਖੇਤਰ ਹੀ ਮੰਨਿਆ ਜਾਂਦਾ ਸੀ ਪਰੰਤੂ ਏਸ਼ਿਆਈ ਧਰਤੀਆਂ 'ਤੇ ਅੰਕੜੇ ਐਨੇ ਉਤਸ਼ਾਹ ਵਰਧਕ ਨਹੀਂ ਭਾਵੇਂ ਨਾਰੀ ਨੇ ਆਪਣੀ ਅਥਾਹ ਯੋਗਤਾ, ਲਿਆਕਤ, ਸੂਝ-ਬੂਝ, ਦਾਨਾਈ ਅਤੇ ਸੂਝ ਸਿਆਣਪ ਦਾ ਸਿੱਕਾ ਇੱਧਰ ਵੀ ਮਨਵਾ ਲਿਆ ਹੈ। ਕਾਰਨ ਇਹ ਹੈ ਕਿ ਬਹੁਗਿਣਤੀ ਲੋਕ ਔਰਤ ਦੀ ਵਿਦਿਆ ਪੱਖੋਂ ਸੁਚੇਤ ਨਹੀਂ। ਵਧੇਰੇ ਤਾਂ ਲੜਕੀਆਂ ਨੂੰ ਪੜ੍ਹਾਉਂਦੇ ਹੀ ਇਸ ਕਰਕੇ ਹਨ ਕਿ ਚੰਗਾ ਵਰ ਲੱਭਿਆ ਜਾ ਸਕੇ। ਅਤੇ ਅਕਸਰ ਹੀ ਖਾਂਦਾ ਪੀਂਦਾ ਲੜਕਾ ਜਾਂ ਵਿਦੇਸ਼ੀ ਵਰ ਜਦੋਂ ਹੱਥ ਲੱਗੇ ਧੀ ਦੇ ਹੱਥ ਪੀਲੇ ਕਰਨ ਦੀ ਕਾਹਲੀ ਕੀਤੀ ਜਾਂਦੀ ਹੈ। ਅਧਿਆਪਨ ਦੌਰਾਨ ਕਾਲਜ ਵਿਚ ਬਹੁਤ ਸਾਰੀਆਂ ਲੜਕੀਆਂ ਨਾਲ ਵਾਹ ਰਹਿੰਦਾ ਹੈ ਜਿਨ੍ਹਾਂ ਤੋਂ ਮੇਰੀ ਇਹ ਧਾਰਨਾ ਹੋਰ ਵੀ ਪਰਪੱਕ ਹੋ ਸਕੀ ਹੈ ਕਿ ਕਈ ਵਾਰ ਤਾਂ ਫ਼ਾਈਨਲ ਕਲਾਸਾਂ ਦੇ ਇਮਤਿਹਾਨਾਂ ਦੇ ਵਿਚਕਾਰ ਜਾਂ ਪਹਿਲਾਂ ਲਾਵਾਂ ਫੇਰੇ ਕਰਕੇ ਮਾਪੇ ਗੰਗਾ ਨਹਾਉਣਾ ਸਮਝਦੇ ਹਨ। ਸ਼ਾਇਦ ਉਹ ਇਹ ਭੁੱਲ ਜਾਂਦੇ ਹਨ ਕਿ ਉਹ ਅਜਿਹਾ ਕਰ ਕੇ ਗੰਗਾ ਨਹਾ ਨਹੀਂ ਰਹੇ ਸਗੋਂ ਧੀ ਨੂੰ ਗੰਗਾ ਵਿਚ ਡੋਬ ਰਹੇ ਹਨ।

ਅੱਜ ਪਦਾਰਥਵਾਦੀ ਵਿਚਾਰਾਂ ਦਾ ਬੋਲਬਾਲਾ ਹੈ। ਮਹਿੰਗਾਈ ਤੇ ਵਿਖਾਵੇ ਦੇ ਮਾਰੇ ਲੋਕ ਖ਼ੁਦ ਵੀ ਅੱਡੀਆਂ ਚੁੱਕ ਚੁੱਕ ਫਾਹਾ ਲੈ ਰਹੇ ਹਨ ਅਤੇ ਦੂਜਿਆਂ ਤੋਂ ਵੀ ਇਹੀ ਉਮੀਦ ਰਖਦੇ ਹਨ ਕਿ ਉਹ ਇਸ ਤੋਂ ਵੀ ਵੱਧ ਟੁੱਟ ਟੁੱਟ ਕੇ ਮਰਨ। ਫਲਸਰੂਪ, ਇਕ ਦੌੜ ਲੱਗੀ ਹੋਈ ਹੈ। ਇਕ ਹਫੜਾ ਦਫੜੀ ਮਚੀ ਪਈ ਹੈ ਕਿ ਜੋ ਕੁਝ ਗਵਾਂਢੀ ਦੇ ਘਰ ਹੈ, ਸਾਡੇ ਘਰ ਵਿਚ ਉਸ ਤੋਂ ਕਿਤੇ ਜ਼ਿਆਦਾ ਸਾਮਾਨ ਹੋਣਾ ਚਾਹੀਦਾ ਹੈ। ਸ਼ਾਇਦ ਇਸੇ ਨੇ ਅੱਜ ਧੀ ਲਈ ਵਿਦਿਆ ਦੀ ਬਜਾਇ ਦਾਜ ਦਹੇਜ ਦੇ ਮਹੱਤਵ ਨੂੰ ਬੱਲ ਦਿੱਤੈ। ਆਂਢ ਗਵਾਂਢ ਦੇ ਮੁਲਕਾਂ ਵੱਲੀਂ ਝਾਤ ਮਾਰਨ ਤੋਂ ਵੀ ਪਹਿਲਾਂ ਆਪਣੇ ਪੇਂਡੂ ਖੇਤਰਾਂ ਵੱਲ ਨਜ਼ਰ ਦੌੜਾਇਆਂ ਵੀ ਬੇਹੱਦ ਨਿਰਾਸ਼ਾਜਨਕ ਤਸਵੀਰ ਵਿਖਾਈ ਦਿੰਦੀ ਹੈ। ਪਿੰਡ ਪਿੰਡ ਸਕੂਲ ਹਨ, ਨਗਰ ਨਗਰ ਮਾਡਲ ਸਕੂਲ ਹਨ, ਅੰਗਰੇਜ਼ੀ ਸਕੂਲਾਂ ਦੇ ਨਾਂ 'ਤੇ ਘਰ ਘਰ ਦੁਕਾਨਾਂ ਖੁੱਲੀਆਂ ਪਈਆਂ ਹਨ, ਉਚੇਰੀ ਸਿੱਖਿਆ ਦਾ ਵੀ ਬਥੇਰਾ ਬੰਦੋਬਸਤ ਹੈ ਪਰੰਤੂ ਵਿਦਿਆ ਦੀ ਚੇਟਕ ਹਾਲੇ ਤੱਕ ਵੀ ਸਮਾਜ ਦੇ ਬਹੁਤ ਵੱਡੇ ਤਬਕੇ ਨੂੰ ਨਹੀਂ ਲੱਗੀ। ਖ਼ਾਸ ਕਰਕੇ ਪਛੜੇ ਵਰਗਾਂ ਨੂੰ, ਕਥਿਤ ਨੀਵੀਆਂ ਸ਼੍ਰੇਣੀਆਂ ਨੂੰ ਅਤੇ ਆਬਾਦੀ 'ਚ ਨਿੱਤ ਨਵਾਂ ਵਾਧਾ ਕਰ ਰਹੇ ਕੁਝ ਬਹੁਤ ਆਮ ਤੇ ਗ਼ਰੀਬ

ਲੋਕਾਂ ਨੂੰ ਜੋ ਬੱਚਿਆਂ 'ਚ ਵਾਧੇ ਨੂੰ ਸਭ ਕੁਝ ਮੰਨੀ ਬੈਠੇ ਹਨ। ਕੀ ਸਕੂਲ, ਕੀ ਕਾਲਜ ਤੇ ਕੀ ਵਿਸ਼ਵ ਵਿਦਿਆਲੇ ਦੀ ਪੜ੍ਹਾਈ, ਉਨ੍ਹਾਂ ਵਾਸਤੇ ਸਭ ਕੁਝ ਮੱਝ ਅੱਗੇ ਬੀਨ ਵਜਾਉਣ ਦੇ ਤੁੱਲ ਹੈ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ:–

'ਪੇਟ ਨਾ ਪਈਆਂ ਰੋਟੀਆਂ
ਤੇ ਸਭੇ ਗੱਲਾਂ ਖੋਟੀਆਂ

ਸੋ, ਪੇਟ ਦੀ ਅੱਗ ਖ਼ਾਤਿਰ ਬੱਚਿਆਂ ਖਾਸ ਕਰਕੇ ਧੀਆਂ ਦੀ ਪੜ੍ਹਾਈ ਉਨ੍ਹਾਂ ਲਈ ਕੋਈ ਮਾਅਨੇ ਨਹੀਂ ਰਖਦੀ। ਤੇ ਜਿਸ ਉਮਰੇ ਖਾਂਦੇ ਪੀਂਦੇ ਘਰਾਂ ਦੀਆਂ ਬਾਲੜੀਆਂ ਕਾਪੀਆਂ ਕਿਤਾਬਾਂ ਦਾ ਸੰਗ ਤੇ ਸਕੂਲਾਂ, ਕਾਲਜਾਂ ਦੀ ਜ਼ਿੰਦਗੀ ਮਾਣ ਰਹੀਆਂ ਹੁੰਦੀਆਂ ਹਨ, ਉਹ ਵਿਚਾਰੀਆਂ ਮਿਹਨਤਾਂ, ਮੁਸ਼ੱਕਤਾਂ ਵਿਚ ਝੋਕ ਦਿੱਤੀਆਂ ਜਾਂਦੀਆਂ ਹਨ। ਤੇ ਬਹੁਤ ਵਾਰ ਵਿਆਹ ਵੀ ਦਿੱਤੀਆਂ ਜਾਂਦੀਆਂ ਹਨ। ਆਬਾਦੀ ਦੇ ਅਥਾਹ ਵਾਧੇ ਦਾ ਕਾਰਨ ਔਰਤਾਂ ਵਿਚਲੀ ਅਨਪੜ੍ਹਤਾ ਵੀ ਹੈ।

ਪੂਰਬੀ ਤੇ ਦੱਖਣੀ ਭਾਰਤ ਵਲ ਦੇ ਅੰਕੜੇ ਕਾਫੀ ਉਤਸ਼ਾਹਵਰਧਕ ਹਨ ਜਿੱਥੇ ਲੜਕੀਆਂ ਦੀ ਵਿਦਿਆ ਦਰ ਸਾਰੇ ਦੇਸ਼ ਤੋਂ ਵੱਧ ਹੈ। ਕੇਰਲਾ ਆਦਿ ਵਿਚ ਸ਼ਤ ਪ੍ਰਤਿਸ਼ਤ ਕੁੜੀਆਂ ਪੜ੍ਹਦੀਆਂ ਤੇ ਨੌਕਰੀ ਕਰਦੀਆਂ ਹਨ ਪਰੰਤੂ ਸਗੋਂ ਖਾਂਦੇ ਪੀਂਦੇ ਤੇ ਖੁਸ਼ਹਾਲ ਉੱਤਰੀ ਰਾਜਾਂ ਵਿਚ ਤਸਵੀਰ ਐਨ ਉਲਟੀ ਹੈ। ਪੰਜਾਬ ਵਿਚ ਵਿਦਿਆ ਦਰ ਪਿਛੇ ਹੈ।

ਇਸ ਤੋਂ ਇਲਾਵਾ, ਜੋ ਪੜ੍ਹਦੀਆਂ ਹਨ ਉਨ੍ਹਾਂ ਦਾ ਭਵਿੱਖ ? ਸੇਧਹੀਣ ਸਿੱਖਿਆ, ਦੋਸ਼ਪੂਰਨ ਪੜ੍ਹਾਈ ਅਤੇ ਨੌਕਰੀਆਂ ਦੀ ਅਨਿਸਚਿਤਾ ਨੇ ਪੜ੍ਹਨ ਵਾਲੀਆਂ ਨੂੰ ਵੀ ਨਿਰਉਤਸ਼ਾਹਿਤ ਕੀਤਾ ਹੈ। ਪ੍ਰਾਈਵੇਟ ਪੜ੍ਹਾਈ ਅੱਜ ਐਨੀ ਮਹਿੰਗੀ ਹੋ ਗਈ ਹੈ ਕਿ ਆਮ ਵਿਅਕਤੀ ਤਾਂ ਬੱਚਿਆਂ ਨੂੰ ਉਚੇਰੀ ਸਿੱਖਿਆ ਦਿਵਾ ਹੀ ਨਹੀਂ ਸਕਦਾ। ਤੇ ਸਰਕਾਰੀ ਸਕੂਲਾਂ ਦਾ ਰੱਬ ਹੀ ਰਾਖਾ ਹੈ ਜਿੱਥੇ ਜੇ ਸਟਾਫ਼ ਹੈ ਤਾਂ ਬੱਚੇ ਨਹੀਂ ਤੇ ਜੇ ਬੱਚੇ ਹਨ ਤਾਂ ਸਟਾਫ਼ ਨਹੀਂ। ਅਧਿਆਪਕ ਆਪਣਾ ਆਦਰਸ਼ ਭੁੱਲ ਕੇ ਔਝੜੇ ਰਾਹੀਂ ਭਟਕ ਰਹੇ ਹਨ ਅਤੇ ਵਿਦਿਆਰਥੀ ਦਿਸ਼ਾਹੀਣ ਵਿਦਿਅਕ ਪ੍ਰਬੰਧ ਅਤੇ ਪ੍ਰਬੰਧਕਾਂ ਹੱਥੋਂ ਹੱਤਾਸ਼ ਹਨ। ਕੁਲ ਮਿਲਾ ਕੇ ਵਿਦਿਆ ਪ੍ਰਤਿ ਅਵੇਸਲੇਪਨ ਦੀ ਰੁਚੀ ਪ੍ਰਬਲ ਹੋ ਰਹੀ ਹੈ।

ਆਓ ਸਾਥੀਓ ! ਨਵੀਂ ਸਦੀ ਦੀਆਂ ਬਰੂਹਾਂ ਵਿਚ ਖੜ੍ਹੇ ਪਰੰਪਰਿਕ ਸੋਚਾਂ ਨੂੰ ਛੱਡੀਏ ਅਤੇ ਗੌਰ ਕਰੀਏ ਕਿ ਸਾਡੀਆਂ ਧੀਆਂ ਲਈ ਅੱਜ ਵਿਦਿਆ ਉਤਨੀ ਹੀ ਜ਼ਰੂਰੀ ਹੈ, ਜਿੰਨੀ ਲੋੜੀਂਦੀ ਉਨ੍ਹਾਂ ਵਾਸਤੇ ਖ਼ੁਰਾਕ ਹੈ। ਸੁਕਰਾਤ ਨੇ ਵਿਦਿਆ ਨੂੰ ਮਨੁੱਖੀ ਜੀਵਨ ਦਾ ਸ਼ਿੰਗਾਰ ਮੰਨਿਆ ਹੈ। ਵਿਦਿਆ ਤੀਜਾ ਨੇਤਰ ਹੈ। ਜਦੋਂ ਲੜਕੀਆਂ ਦਾ ਇਹ ਤੀਜਾ ਨੇਤਰ ਨਹੀਂ ਖੁੱਲ੍ਹਦਾ ਅਸੀਂ ਸੰਸਾਰ ਦੀਆਂ ਉਨ੍ਹਾਂ ਗਹਿਰਾਈਆਂ ਤੱਕ ਨਹੀਂ ਪੁੱਜ ਸਕਦੇ ਜਿੱਥੇ ਪਹੁੰਚਣਾ ਅੱਜ ਸਾਡੀ ਅਵੱਸ਼ਕਤਾ ਬਣ ਚੁੱਕੀ ਹੈ। ਗਿਆਨ-ਮੰਥਨ ਕੀਤੇ ਬਿਨਾਂ ਆਤਮ ਚੇਤਨ ਹੋਏ ਬਿਨਾਂ ਅਤੇ ਚੌਗਿਰਦੇ ਪ੍ਰਤਿ ਸੁਚੇਤ ਹੋਏ ਬਿਨਾਂ ਵਿਦਿਆ

ਅਧੂਰੀ ਹੈ। ਅੱਜ ਵਿਗਿਆਨਕ ਵਿਕਾਸ ਅਤੇ ਤੈਕਨਾਲੋਜੀ ਦੇ ਯੁਗ ਵਿਚ ਔਰਤਾਂ ਦੀ ਸਾਂਝੀਦਾਰੀ ਵੀ ਉਤਨੀ ਹੀ ਲੋੜੀਂਦੀ ਹੈ ਜਿੰਨੀ ਕਿ ਆਦਮੀ ਦੀ। ਇਸ ਲਈ, ਹਰੇਕ ਪ੍ਰਾਣੀ ਨੂੰ ਸੋਚਣਾ ਤੇ ਸਮਝਣਾ ਪਵੇਗਾ ਕਿ ਜੇਕਰ ਅਸੀਂ ਆਪਣੀ ਹੋਂਦ ਨੂੰ ਕਾਇਮ ਰੱਖਣਾ ਹੈ, ਅਸੀਂ ਦੁਨੀਆਂ ਦੇ ਮੁਕਾਬਲੇ 'ਤੇ ਖੜ੍ਹੇ ਹੋਣਾ ਹੈ, ਅਸੀਂ ਆਪਣੇ ਮੁਲਕ ਨੂੰ ਵਿਕਾਸ-ਪੰਧਾਂ ਵੱਲ ਲਿਜਾਣਾ ਹੈ ਤੇ ਅਸੀਂ ਉਨਤ ਮੁਲਕਾਂ ਦੀ ਸੂਚੀ ਵਿਚ ਸ਼ਾਮਲ ਹੋਣਾ ਹੈ ਤਾਂ ਸਾਨੂੰ ਔਰਤਾਂ ਦੀ ਸਿੱਖਿਆ ਤੇ ਸਿਹਤ ਪ੍ਰਤਿ ਵਿਸ਼ੇਸ਼ ਯੋਜਨਾਵਾਂ ਤੇ ਤਰਕੀਬਾਂ ਸੋਚਣੀਆਂ ਵਿਚਾਰਨੀਆਂ ਪੈਣਗੀਆਂ। ਵੈਸੇ ਵੀ ਔਰਤ ਦੀ ਵਿਦਿਆ ਡਿਗਰੀਆਂ ਦਾ ਪੁਲੰਦਾ ਨਹੀਂ। ਇਹ ਮਹਿਜ਼ ਦਿਖਾਵੇ ਖ਼ਾਤਰ ਵੀ ਨਹੀਂ। ਇਹ ਤਾਂ ਉਹਦੀ ਸੀਰਤ ਹੈ—ਸੁਹਣੀ ਸ਼ਖ਼ਸੀਅਤ। ਔਰਤ ਘਰ ਦਾ ਚਿਰਾਗ਼ ਹੈ, ਸਮਾਜ ਦਾ ਦੀਪ ਹੈ ਤੇ ਸਭਿਆਚਾਰ ਦੀ ਰੋਸ਼ਨੀ! ਹੁਣ ਇਸ ਨੂੰ ਮਹਿਜ ਆਟੇ ਦਾ ਦੀਵਾ ਸਮਝਣ ਦੀ ਲੋੜ ਨਹੀਂ ਜਿਸਨੂੰ ਅੰਦਰ ਚੂਹੇ ਖਾਂਦੇ ਹਨ ਤੇ ਬਾਹਰ ਕਾਂ। ਇਸਨੂੰ ਪੜ੍ਹਾ ਕੇ, ਲਿਖਾ ਕੇ, ਬੌਧਿਕ ਤੌਰ 'ਤੇ ਵਿਕਸਿਤ ਕਰ ਕੇ ਅਤੇ ਮਾਨਸਿਕ ਤੌਰ 'ਤੇ ਚੇਤੰਨ ਕਰ ਕੇ ਆਓ। ਨਵੇਂ ਸਮਾਜ ਦੀ ਸਿਰਜਣਾ ਕਰੀਏ। ਇਸਨੂੰ ਇਕੀਵੀਂ ਸਦੀ ਦੇ ਹਾਣ ਦੀ ਬਣਾਈਏ ਤਾਂ ਜੋ ਗੁਰਬਾਣੀ ਦਾ ਇਹ ਫ਼ਰਮਾਨ ਹੋਰ ਸਾਰਥਕ ਹੋ ਸਕੇ ਕਿ

'ਵਿਦਿਆ ਵੀਚਾਰੀ ਤਾਂ ਪਰਉਪਕਾਰੀ।'



ਔਰਤ ਦੀ ਕਹਾਣੀ : ਜਿਵੇਂ ਖ਼ਬਰਾਂ ਬਿਆਨੀ

Girl child rape case for crime branch

ਪੀੜਤ ਬੀਬੀ ਵੱਲੋਂ ਇਨਸਾਫ ਲਈ ਪੁਕਾਰ

106 ਸਾਲਾ ਔਰਤ ਨਾਲ ਬਲਾਤਕਾਰ

Four held for rape, murder of girl

Cops beat up woman

NHRC for sacking rapist teacher

3 ਪੀੜ੍ਹੀਆਂ ਤੋਂ ਇਕ ਘਰ ਦੀਆਂ ਔਰਤਾਂ ਬਲਾਤਕਾਰ ਦਾ ਸ਼ਿਕਾਰ

Pre-child brides!

Rise in

ਤਿੰਨ ਭੈਣਾਂ ਵੱਲੋਂ ਆਤਮ ਹੱਤਿਆ

Sati worship in girls' school

Crime against w

Marital rapists go scot-free

...en for sale

Why do they remain oppresse

ਦਿਨ-ਦਿਹਾੜੇ ਬਲਾਤਕਾਰ ਹੁੰਦੇ, ਅਪਰਾਧੀ ਮੌਜਾਂ ਨਾਲ ਘੁੰਮਦੇ ਨੇ

ਨਾਬਾਲਗ ਕੁੜੀ ਦਾ ਅਰਬ ਸ਼ੇਖਾਂ ਨਾਲ ਤਿੰਨ ਵਾਰ ਵਿਆਹ

ਦਾਜ ਦੀ ਭੁੱਖ ਨੇ ਵਿਆਹੁਤਾ ਟੁੱਕ-ਟੁੱਕ ਕੇ ਮਾਰ ਦਿੱਤੀ

ਕੁੜੀ ਦਾ ਪਿਓ ਤੇ ਮਤਰੇਈ ਮਾਂ ਗ੍ਰਿਫ਼ਤਾਰ

ਬਲਾਤਕਾਰ ਤੋਂ ਬਾਅਦ ਇਕ ਹੋਰ ਔਰਤ ਦੀ ਹੱਤਿਆ

ਬਲਾਤਕਾਰ ਦੇ ਕੇਸਾਂ 'ਚ ਕੁੜੀਆਂ ਦੇ ਆਪਣੇ ਪਿਓਆਂ ਦੀ ਗਿਣਤੀ ਵਧੇਰੇ

Cops strip widow in front of son

Gang-raped, left for dead

How Indian is the feminist?

In a country such as ours where a woman is molested every 26 minutes, raped every 52 minutes and falls a dowry-death victim every 102 minutes, would it be enough to ask ourselves whether a woman's identity is to be defined in terms of her sexuality or her gender?

Woman kills kids, self

Held for 'getting wife raped'

ਨੌਜਵਾਨ ਲੜਕੀ ਨੂੰ ਅਗਵਾ ਕਰਨ ਪਿੱਛੋਂ 15 ਵਿਅਕਤੀਆਂ ਵਲੋਂ ਸਮੂਹਕ ਬਲਾਤਕਾਰ

THE TRIBUNE, MONDAY, AUGUST 1, 1994 (5)

Wife beating on the rise

AMRITSAR, July 31 (UNI) – Wife ... drunken husbands, throng to the

ਇਮਤਿਹਾਨ ਦੀ ਤਿਆਰੀ ਇਹ ਵੀ...

2 held for raping Australian

NEW DELHI, April 21 (UNI) – The

Rape victims face militants' ire

Equality at last?

Moniesha Bharadwaj talks to Kamlesh Bahl, chairwoman of the Equal Opportunities Commission in London, about its work under her leadership and her plans for its future.

Cry of a girl child...

By Ranjana

I want the ban on baby determination tests to be cancelled. I don't want to come into this world where there is a deep prejudice against me. May I ask you why you have banned these tests? What can you give me? Slavery? No. No. I don't want it. I am fed up with it. I have been a slave for centuries. I am killed in the womb of my mother. Does nobody know how I feel? Also, after my birth in this male-dominated world, who bothers? Nobody tried to understand me or my feelings. I remain as unknown as I was in my mother's womb.

Cruel man can't come in to this world of my feelings if I don't want him to. This man has been crushing me for centuries. He has always tried to be an obstacle to me. But how can I blame him? Because my mother sides with him. If she wants, she can give me life. But she does many things that ...

ਧੀ ਤੇਰੀ ਬਾਬਲਾ ਵੇ ਬਲੀ ਦਾਜ ਦੀ ਚੜ੍ਹ ਗਈ

70 ਫੀਸਦੀ ਬੋਸਨੀਆ ਦੀਆਂ ਮੁਸਲਮਾਨ ਔਰਤਾਂ ਫੌਜੀਆਂ ਦੇ ਸਮੂਹਿਕ ਬਲਾਤਕਾਰ ਦਾ ਸ਼ਿਕਾਰ

Woman poisons 3 children, herself

MADURAI, Sept 22 (PTI) – A ...-year-old woman allegedly committed suicide after poisoning three of her children to death at Vepankulam village near Ramapatti in Kamarajar district.

According to the police, she took the extreme step due to starvation caused by her husband's unemployment and drinking habits.

The woman, Rajathi, reportedly mixed poison in coffee and gave it to her three children – two sons aged 11 and seven and a daughter aged 13. However, she spared the life of her another daughter whom she sent out to play at the time of the incident.

Youth sets ablaze 3 sisters

NEW DELHI, April 16 (PTI) – In a ...

ਸਹੁਰਿਆਂ ਤੋਂ ਸਤਾਈ ਦੋ ਧੀਆਂ ਸਮੇਤ ਮਾਂ ਵਲੋਂ ਰੋਪੜ ਲਾਗੇ ਮੀਆਂਪੁਰ 'ਚ ਖੁਦਕਸ਼ੀ

ਵਿਧਵਾ ਮੁਟਿਆਰ ਨੂੰ ਨੰਗੀ ਕਰਕੇ ਘੁਮਾਇਆ

Dalit girl paraded naked

From Our Correspondent

'70 pc newly wed women's deaths due to burns'

Tribune News Service

PATIALA, March 9 – The incidence of deaths among young married women due to burn injuries is as high as 70 per cent. This was revealed in a study by Dr D.S. Bhullar, a resident doctor in the Department of Forensic Medicine and Toxicology in the local Government Medical College.

Preparing a profile of unnatural deaths of women, Dr Bhullar found that of the total such female deaths ... many as ...

16 ਸਾਲਾ ਲੜਕੀ ਨਾਲ ਸਮੂਹਿਕ ਬਲਾਤਕਾਰ ਪੁਲਿਸ ਨੇ ਤਿੰਨ ਕਥਿਤ ਦੋਸ਼ੀ ਗ੍ਰਿਫਤਾਰ ਕਰ ਲਏ

ਰਾਜਧਾਨੀ ਦਿੱਲੀ 'ਚ ਹਰ ਦੂਜੇ ਦਿਨ ਬਲਾਤਕਾਰ

ਭਾਰਤ ਦੀਆਂ ਵੇਸਵਾਵਾਂ 'ਚ 40 ਪ੍ਰਤੀਸ਼ਤ ਨਾਬਾਲਗ ਲੜਕੀਆਂ

ਰਾਜਿੰਦਰ ਕੌਰ ਵਲੋਂ 15 ਚੋਂ ਤਿੰਨ ਦੋਸ਼ੀਆਂ ਦੀ ਪਛਾਣ

ਬੰਗਾ ਪੁਲਿਸ ਵਲੋਂ ਕੇਸ ਦਰਜ–ਦੋਸ਼ੀਆਂ ਦੇ ਰਿਸ਼ਤੇਦਾਰ ਫੜੇ

ਬਲਾਤਕਾਰ ਕਰਨ ਉਪਰੰਤ ਕਤਲਾਂ 'ਚ ਵਾਧਾ-ਇਕ ਫ਼ਿਕਰਮੰਦੀ

Pitiable condition of Pak women

ਦੂਰ ਫਿੱਟੇ ਮੂੰਹ......

ਜਿਸਮ ਫ਼ਰੋਸ਼ੀ ਦੇ ਧੰਦੇ ਵਿਚ ਐਮ. ਪੀ. ਤੇ ਐਮ. ਐਲ. ਏ. ਦੇ ਪੁੱਤਰ ਵੀ ਸ਼ਾਮਲ

Another dowry death or suicide?

ਵਿਦੇਸ਼ 'ਚੋਂ ਧੀ ਨੂੰ ਪੰਜਾਬ ਲਿਆ ਕੇ ਮਾਰਨ ਦੀ ਸਾਜ਼ਿਸ਼ ਸਿਰੇ ਨਾ ਚੜ੍ਹੀ

Man rapes daughter

HARARE: A man convicted of raping his teenage daughter beside his sister's grave in a cemetery told the court he did so to "appease evil spirits" haunting the family, local newspapers reported on Tuesday. The 41-year-old man said he had been carrying out the instruction of a

ਆਪਣੀਆਂ ਹੀ ਧੀਆਂ ਨੂੰ ਰਖੈਲਾਂ ਬਣਾਉਂਦੇ ਹਨ ਦਾਦੂ

The "sacred" exploitation of poor women

ਏਸ਼ੀਆ 'ਚ ਇਸ ਸਮੇਂ 10 ਲੱਖ ਤੋਂ ਵੱਧ ਬਾਲ ਵੇਸਵਾਵਾਂ

ਪਾਕਿਸਤਾਨ ਵਿਚ ਔਰਤਾਂ ਦੀ ਨਿਲਾਮੀ ਜ਼ੋਰਾਂ 'ਤੇ

ਜਿਥੇ ਜੰਮਦੀਆਂ ਧੀਆਂ ਨੂੰ ਮਾਰਨਾ ਆਮ ਗੱਲ ਹੈ

ਬਲਾਤਕਾਰੀ 'ਬਾਪ' ਨੂੰ ਉਮਰ ਕੈਦ ਹੋਈ

ਚੰਡੀਗੜ੍ਹ, ਰੋਪੜ, ਪਟਿਆਲਾ

ਪਰਮਜੀਤ ਕੌਰ ਨੂੰ ਉਸ ਦੇ ਸਹੁਰਿਆਂ ਨੇ ਸਲਾਖ਼ਾਂ ਨਾਲ ਕੋਹਿਆ-ਮਾਪਿਆਂ ਦਾ ਦੋਸ਼

ਔਰਤ ਨੂੰ ਪਹਿਲਾਂ ਸੋਟਿਆਂ ਨਾਲ ਕੁੱਟਿਆ ਫੇਰ ਅਲਫ਼ ਨੰਗਾ ਕਰਕੇ ਗਲੀ 'ਚ ...

Suicide woman dies in MP's arms

OTTAWA, Feb 18 (AFP) – A Canadian member of Parliament told reporters Monday how he witnessed a doctor help a "terminally ill woman ...

ਮਾਂ ਧੀ ਨੂੰ ਸੱਤ ਦਿਨ ਅਗਵਾ ਕਰਕੇ ਰੱਖਣ ਵਾਲੇ ਦੋ ਪੁਲਿਸ ਮੁਲਾਜ਼ਮ ਗ੍ਰਿਫ਼ਤਾਰ

Rape post-mortem to be video-filmed

Assault on women's bodies

ਪਾਰਲੀਮੈਂਟ 'ਚ ਔਰਤ ਮੈਂਬਰਾਂ ਦੀ ਗਿਣਤੀ ਵਿਚ ਵਾਧਾ

ਕੀ ਨਾਰੀ ਜਾਤੀ ਨਾਲ ਹੋ ਰਹੇ ਵਿਤਕਰੇ ਨੂੰ ਘਟਾ ਸਕੇਗਾ ?

Crime against women on the rise

Sati worship in girls' school

Marital rapists go scot-free

Gangraped for having lover

Girl students a harassed lot

Women for sale rescued

Four held for rape, murder of girl

Cops beat up woman

ਔਰਤ ਨੂੰ ਨੰਗੀ ਕਰਕੇ ਘੁਮਾਉਣ ਦੇ ਦੋਸ਼ 'ਚ 5 ਕਾਬੂ

ਸਹੁਰਿਆਂ ਨੇ ਗਰਭਵਤੀ ਨੂੰਹ ਨੂੰ ਮਾਰ ਕੇ ਨਹਿਰ ਵਿਚ ਸੁੱਟ ਦਿੱਤਾ–5 ਜਣੇ ਗ੍ਰਿਫਤਾਰ

ਗਰਭਵਤੀ ਵਿਆਹੁਤਾ ਔਰਤ ਨੂੰ ਮਾਰਨ ਵਾਲਿਆਂ ਨੂੰ ਸਖਤ ਸਜ਼ਾਵਾਂ ਦੀ ਮੰਗ

Widows suffer setback

Girl gang-raped, five held

ਇਕ ਸਾਲ ਦੌਰਾਨ ਦੇਸ਼ ਵਿਚ 11000 ਔਰਤਾਂ ਨਾਲ ਬਲਾਤਕਾਰ ਹੋਏ

ਰੂਪਨ ਦੀਆਂ ਦਲੀਲਾਂ ਨੇ ਅਦਾਲਤ ਨੂੰ ਕਾਇਲ ਕੀਤਾ

ਪਤੀ 'ਤੇ ਆਪਣੀ ਹੀ ਪਤਨੀ ਦੀ ਇੱਜ਼ਤ ਲੁਟਾਉਣ ਦਾ ਦੋਸ਼

30 pc teenage moms in USA unwed

Check dowry to end sexual discrimination

ਜਲੰਧਰ ਦੇ ਬਾਲ ਸੁਧਾਰ ਕੇਂਦਰ 'ਚ ਔਰਤ ਗਰਭਵਤੀ-ਅਧਿਕਾਰੀਆਂ ਦੀ ਕਾਰਜਸ਼ੈਲੀ 'ਤੇ ਪ੍ਰਸ਼ਨ ਚਿੰਨ੍ਹ

'ਨਿਰਮਲ ਛਾਇਆ ਆਸ਼ਰਮ' ; ਸਰੀਰਕ ਸ਼ੋਸ਼ਨ ਦੀ ਰਿਪੋਰਟ 'ਚ ਪੁਸ਼ਟੀ

Travails of migrant women workers

ਸੈਂਕੜੇ ਬੰਗਾਲੀ ਔਰਤਾਂ ਹਰ ਸਾਲ ਦੇਹ ਵਪਾਰ ਲਈ ਅਰਬ ਦੇਸ਼ ਜਾਂਦੀਆਂ ਹਨ

ਇਸਤਰੀਆਂ ਵਿਰੁਧ ਅਪਰਾਧ ਰੋਕਣ ਲਈ ਕਾਨੂੰਨ 'ਚ ਤਬਦੀਲੀ ਦਾ ਸੁਝਾਅ

Bid to hush up rape, murder case?

ਵਿਆਹੁਤਾ ਔਰਤ ਨੂੰ ਮਾਰਨ ਦੀ ਲੂੰ-ਕੰਡੇ ਖੜ੍ਹੇ ਕਰਨ ਵਾਲੀ ਘਟਨਾ

Veil of oppression

AIDS fuels child sexual abuse

ਕੋਸੇ ਹੰਝੂਆਂ ਦੇ ਵਿਚ ਸਿਮਟੀ ਇਸ ਨਾਰੀ ਦੀ ਦਰਦ ਕਹਾਣੀ

ਨਾਰੀ ਇਸ ਸਮਾਜ ਦਾ ਧੁਰਾ ਹੈ—ਇਹਦੀ ਸਿਰਜਕ, ਸੰਚਾਲਕ ਤੇ ਪਾਲਕ। ਸਮਾਜ ਹੀ ਨਹੀਂ ਉਹ ਧਰਮ ਦੀ ਵੀ ਚੂਲ ਹੈ—ਇਹਦੀ ਜੋਤ ਪ੍ਰਜੱਵਲਿਤ ਰੱਖਣ ਵਾਲੀ। ਇਸਨੂੰ ਅਰਥਾਂ ਤੋਂ ਅਮਲਾਂ ਵਿਚ ਢਾਲਣ ਵਾਲੀ। ਲਿਹਾਜ਼ਾ ਸਮਾਜ, ਧਰਮ ਅਤੇ ਸਭਿਆਚਾਰ ਦੀ ਨਿਰੰਤਰਤਾ, ਪ੍ਰਗਤੀ, ਖ਼ੁਸ਼ਹਾਲੀ ਅਤੇ ਚੜ੍ਹਦੀ ਕਲਾ ਪਿੱਛੇ ਨਾਰੀ ਦਾ ਬੇਮਿਸਾਲ ਪ੍ਰੰਤੂ ਅਦਿੱਸ ਯੋਗਦਾਨ ਰਿਹੈ ਅਤੇ ਹੈ ਵੀ ਜਿਸਦਾ ਜ਼ਿਕਰ ਇਤਿਹਾਸ ਨੇ ਸਮੁੱਚੀ ਲਿਖਤ ਹੇਠਲੇ ਫੁੱਟ ਨੋਟ ਵਾਂਗ ਵੀ ਨਹੀਂ ਕੀਤਾ। ਸ਼ਾਇਦ ਇਸੇ ਲਈ ਗੋਰਖਨਾਥ ਜਿਹੇ ਜੋਗੀ ਨੇ ਵੀ ਆਪਣੇ ਤਅੱਸਬੀ ਵਿਚਾਰ ਅੰਕਿਤ ਕਰਦਿਆਂ ਭੋਰਾ ਸੰਕੋਚ ਨਾ ਕੀਤਾ:—

ਦਾਮਿ ਕਾਢਿ 'ਬਾਘਣਿ' ਲੈ ਆਇਆ।
ਮਾਉ ਕਹੈ ਮੇਰਾ ਪੂਤ ਬੀਆਹਿਆ।
ਗੀਲੀ ਲਕੜੀ ਕਉ ਘੁਣ ਲਾਇਆ।
ਤਿਨ ਡਾਲ ਮੂਲ ਸਣ ਖਾਇਆ।

'ਰਾਮ ਚਰਿਤ ਮਾਨਸ' ਦਾ ਰਚੇਤਾ ਮਹਾਂਕਵੀ ਤੁਲਸੀ ਦਾਸ ਔਰਤ ਪ੍ਰਤਿ ਕਿੰਨਾ ਪੱਖ-ਪਾਤੀ ਸੀ ਜਿਸਨੇ ਲਿਖ ਮਾਰਿਆ:—

ਢੋਰ ਗਵਾਰ ਸ਼ੂਦਰ ਅਰ ਨਾਰੀ
ਯੇ ਸਭ ਤਾੜਨ ਕੇ ਅਧਿਕਾਰੀ।

ਤੇ ਜਿਸ ਵਾਰਿਸ ਨੂੰ ਅਸੀਂ 'ਸ਼ਾਹਕਾਰ' ਕਿੱਸਾਕਾਰ ਕਹਿੰਦੇ ਨਹੀਂ ਥੱਕਦੇ ਉਸਦਾ ਨਾਰੀ ਵਿਰੋਧੀ ਦ੍ਰਿਸ਼ਟੀਕੋਣ ਕਿੰਨਾ ਸਪਸ਼ਟ ਹੈ :—

ਵਾਰਿਸ ਰੰਨ, ਫ਼ਕੀਰ, ਤਲਵਾਰ ਘੋੜਾ
ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀ।

ਤੇ ਪੀਲੂ ਜਿਹਿਆਂ ਨੇ ਕੀ ਕੁਝ ਨਹੀਂ ਉਛਾਲਿਆ। ਖੁਰਾਂ ਪਿੱਛੇ ਮਤਿ ਦਰਸਾਉਣ ਵਾਲੇ ਕਮਅਕਲ ਇਹ ਲੇਖਕ (ਲੋਕ) ਕਿਵੇਂ ਭੁੱਲ ਗਏ ਉਸ ਔਰਤ ਦੀ ਕਰਨੀ ਤੇ ਕੁਰਬਾਨੀ ਨੂੰ ਜਿਸ ਨੇ ਆਪਣੇ ਖ਼ੂਨ ਦੇ ਇਕ ਇਕ ਟੇਪੇ ਨੂੰ ਪਾ ਕੇ ਇਸ ਮਨੁੱਖ ਦੀ ਸਿਰਜਣਾ ਕੀਤੀ ਹੈ। ਜਿਸਨੇ ਆਪਣੇ ਲਹੂ ਮਾਸ ਨੂੰ ਖੋਰਦਿਆਂ ਇਸ ਸਮਾਜ

ਨੂੰ ਗਤੀਮਾਨ ਰੱਖਿਆ— ਰਾਜੇ, ਮਹਾਰਾਜੇ, ਸੂਰਬੀਰ-ਯੋਧੇ, ਰਿਸ਼ੀ-ਮੁਨੀ, ਪੀਰ ਪੈਗ਼ੰਬਰ, ਤਪੱਸਵੀ-ਤੇਜੱਸਵੀ ਅਤੇ ਛਤਰਪਤੀ ਸਰਦਾਰ ਪੈਦਾ ਕੀਤੇ। ਤਾਂ ਹੀ ਤਾਂ ਯੁਗ ਪਰਿਵਰਤਕ ਸਤਿਗੁਰਾਂ ਨੇ ਰੋਲੀ-ਮਧੋਲੀ, ਰੁਲਾਈ-ਸਤਾਈ ਅਤੇ ਨਿਰਾਦਰੀਆਂ ਬੇਕਦਰੀਆਂ ਦੀ ਨਿਰੰਤਰ ਦਾਸਤਾਂ ਬਣ ਚੁੱਕੀ ਇਸ ਵਫ਼ਾ-ਪੁਤਲੀ ਪ੍ਰਤਿ ਫ਼ਰਮਾਇਆ ਸੀ:—

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।

ਬਹੁਤ ਸਾਰੇ ਵਿਖਿਆਤ ਧਰਮਾਂ, ਮਤਾਂ, ਸੰਪਰਦਾਵਾਂ ਅਤੇ ਫ਼ਿਰਕਿਆਂ ਵਿਚ ਔਰਤ ਦੇ ਦੁਜੈਲੇ ਸਥਾਨ ਪ੍ਰਥਾਇ ਅਤਿਅੰਤ ਨਿੰਦਣੀਯ ਵਿਚਾਰ ਪ੍ਰਗਟਾਏ ਗਏ ਹਨ, ਜਿਸ ਦਾ ਮਤਲਬ ਇਹ ਹਰਗਿਜ਼ ਨਹੀਂ ਹੈ ਕਿ ਨਾਰੀ ਦਾ ਕੋਈ ਕਦਰਦਾਨ ਹੋਇਆ ਹੀ ਨਹੀਂ। ਟੈਨੀਸਨ ਨੇ ਕਿੱਡਾ ਸੱਚ ਕਿਹਾ ਹੈ ਕਿ ਪਰਮਾਤਮਾ ਨੇ ਇਸਤਰੀ ਆਦਮੀ ਲਈ ਹੀ ਨਹੀਂ ਸਿਰਜੀ ਸਗੋਂ ਚੰਗਿਆਈ ਲਈ ਵੀ ਬਣਾਈ ਹੈ। ਤੇ ਆਧੁਨਿਕ ਸਮਿਆਂ ਦਾ ਸੁਪ੍ਰਸਿੱਧ ਚਿੰਤਕ ਓਸ਼ੋ ਰਜਨੀਸ਼ ਵੀ ਬਿਲਕੁਲ ਵਜ੍ਹਾ ਕਹਿੰਦੇ ਕਿ ਇਹ ਦੁਨੀਆ ਆਦਮੀ ਦੀ ਸਿਰਜੀ ਹੋਈ ਹੈ ਜਿਹਦੇ ਵਿਨਾਸ਼ ਲਈ ਉਹ ਇੱਕਲਾ ਹੀ ਕਾਫ਼ੀ ਹੈ। ਜੇ ਤੁਸੀਂ ਸਮਾਜ ਨੂੰ ਬਚਾਉਣਾ ਹੈ ਤਾਂ ਤੁਹਾਨੂੰ ਔਰਤ ਨੂੰ ਅੱਗੇ ਲਿਆਉਣਾ ਪਵੇਗਾ।

ਇੱਕੀਵੀਂ ਸਦੀ ਦੀਆਂ ਬਰੂਹਾਂ ਵਿਚ ਖੜ੍ਹੇ ਅਸੀਂ ਅਜੋਕੇ ਵਿਸ਼ਵ ਸਮਾਜ ਦੇ ਸੰਦਰਭ ਵਿਚ ਔਰਤ ਦੇ ਪ੍ਰਾਥਮਿਕ ਰੂਪ ਨੂੰ ਵਿਚਾਰਨਾ ਲੋਚਦੇ ਹਾਂ ਕਿਉਂਕਿ ਹੁਣ ਤੱਕ ਦੁਜੈਲੇ ਰੂਪ ਵਿਚ ਉਸਦੀ ਭੂਮਿਕਾ ਸਦਾ ਹੀ ਗੌਣ ਜਾਂ ਅਣਗੌਲੀ ਰਹੀ ਹੈ। ਪਰੰਤੂ ਅਜੋਕੀ ਨਾਰੀ ਇਸ ਹਰ ਮੁਹਾਜ਼ 'ਤੇ ਨਿਰੰਤਰ ਕਾਮਯਾਬੀਆਂ ਦੀ ਦਾਸਤਾਂ ਬਣਨ ਵਲ ਅਗਰਸਰ ਹੈ ਭਾਵੇਂ ਉਹਦੇ ਰਾਹ ਪਹਿਲਾਂ ਨਾਲੋਂ ਵੀ ਵੱਧ ਸੂਲਾਂ ਅੱਟੇ ਹਨ। ਕੁੱਖ ਤੋਂ ਕਬਰ ਤੱਕ ਦੁਸ਼ਵਾਰੀਆਂ ਉਹਦੇ ਪੈਂਡੇ ਰੋਕੀ ਖੜ੍ਹੀਆਂ ਹਨ। ਸਮੱਸਿਆਵਾਂ 'ਚ ਲਗਾਤਾਰ ਘਿਰੀ ਉਹ ਅੰਦਰ ਬਾਹਰ ਸਾਹੋ ਸਾਹੀ ਹੋਈ ਭੱਜੀ ਫਿਰਦੀ ਹੈ। ਨਿਰਸੰਦੇਹ ਉਸ ਨੇ ਜੰਗਲ ਬੇਲੇ ਆਕਾਸ਼ ਪਾਤਾਲ, ਸਾਗਰ ਪਰਬਤ ਤੇ ਜਲ ਥਲ ਸੱਭੇ ਹੰਗਾਲ ਲਏ ਹਨ ਅਤੇ ਸਰ ਵੀ ਕਰ ਲਏ ਹਨ। ਇੱਥੋਂ ਤੱਕ ਕਿ ਮਰਦ ਖੇਤਰ ਦੇ ਖ਼ਿਆਲ ਕੀਤੇ ਜਾਂਦੇ ਸਭ ਕੰਮ-ਕਿੱਤੇ ਵੀ ਫ਼ਤਹਿ ਕਰ ਲਏ ਹਨ। ਬੇਇੰਤਹਾ ਚੁਣੌਤੀਆਂ ਤੇ ਅਣਗਿਣਤ ਵੰਗਾਰਾਂ ਨਾਲ ਦਸਤ ਪੰਜਾ ਲੈਂਦੀ ਹੋਈ ਵੀ ਉਹ ਪਿਛਾਂਹ ਤੱਕਣ ਲਈ ਤਿਆਰ ਨਹੀਂ। ਇੰਵ, ਵਿਧਾਤਾ ਦਾ ਨੂਰ, ਗਿਆਨ ਦੀ ਗੰਗਾ, ਸੰਗੀਤ ਦੀ ਆਤਮਾ, ਕਲਾ ਦੀ ਲਟ ਲਟ ਬਲਦੀ ਪ੍ਰੇਰਨਾ, ਕਵੀਆਂ ਦੀ ਕਾਵਿਕਤਾ, ਰਾਗ ਵਿਚਲੀ ਰਾਗਣੀ ਅਤੇ ਸੰਸਾਰ ਦੀ ਆਭਾ ਨਾਰੀ ਹੁਣ ਕੇਵਲ ਮਮਤਾਗੁੱਧੀ ਮਾਂ, ਮੋਹਵੰਤੀ ਭੈਣ, ਪਿਆਰ ਛਲਕਦੀ ਧੀ, ਪ੍ਰੇਰਨਾਪੂਰਨ ਅਰਧਾਂਗਣੀ ਅਤੇ ਆਪਾਵਾਰੂ ਸੰਗਿਨੀ ਹੀ ਨਹੀਂ ਰਹਿ ਗਈ ਸਗੋਂ

ਬਹੁਤ ਸਾਰੇ ਹੋਰ ਰੂਪਾਂ ਅਤੇ ਰੋਲਾਂ ਵਿਚ ਵੀ ਸਮਾਜ ਦੀ ਇਕ ਨਿਵੇਕਲੀ ਅਤੇ ਵਿਲੱਖਣ ਨਿਰਮਾਤਰੀ ਦੇ ਰੂਪ ਵਿਚ ਸਾਹਣੇ ਹੈ।

ਵੀਹਵੀਂ ਸਦੀ ਦੇ ਅੰਤਮ ਚਰਣ ਵਿਚ ਪੁੱਜ ਕੇ ਦੂਰ ਦੁਮੇਲ ਵੱਲੀਂ ਤੱਕਦਿਆਂ ਅਹਿਸਾਸੀ ਮਨ ਕਈ ਵਾਰ ਵਹਿਣਾਂ ਵਿਚ ਵਹਿ ਤੁਰਦਾ ਹੈ ਕਿ ਅਤੀਤ ਵਿਚ ਵੀ ਨਾਰੀ ਦੀ ਭੂਮਿਕਾ ਕਦੇ ਮੰਹਤਵਹੀਨ ਨਹੀਂ ਰਹੀ ਪਰੰਤੂ ਕੀ ਪੱਛਮ ਤੇ ਕੀ ਪੂਰਬ ਗੱਲ ਕੀ ਹਰ ਪਾਸੇ ਉਸ ਦਾ ਜਿਸਮਾਨੀ, ਮਾਨਸਿਕ, ਬੌਧਿਕ ਅਤੇ ਆਤਮਿਕ ਸ਼ੋਸ਼ਣ ਹੁੰਦਾ ਰਿਹਾ ਹੈ। ਵਿਸ਼ੇਸ਼ ਕਰਕੇ ਭਾਰਤ-ਭੂਮੀ 'ਤੇ ਜਿੱਥੇ ਨਾਰੀ ਸੰਬੰਧੀ ਹਮੇਸ਼ਾ ਦੂਹਰੇ ਮਾਪ ਦੰਡ ਅਪਣਾਏ ਜਾਂਦੇ ਰਹੇ ਹਨ। ਕਹਿਣ ਨੂੰ ਤਾਂ ਮਰਦਾਂ ਨੇ ਆਪਣੇ ਸਾਰੇ ਆਦਰਸ਼ ਇਸਤਰੀ ਰੂਪ ਵਿਚ ਪੇਸ਼ ਕੀਤੇ ਜਿਵੇਂ ਵਿਦਿਆ ਲਈ ਸਰਸਵਤੀ, ਧੰਨ ਲਈ ਲੱਛਮੀ, ਪ੍ਰਾਕਰਮ ਲਈ ਮਹਾਂਮਾਇਆ ਜਾਂ ਦੁਰਗਾ, ਸੁੰਦਰਤਾ ਲਈ ਰਤੀ ਤੇ ਪਵਿੱਤਰਤਾ ਲਈ ਗੰਗਾ ਆਦਿ ਪਰੰਤੂ ਤੱਥ ਤਾਂ ਕੁਝ ਹੋਰ ਹੀ ਕਹਾਣੀ ਕਹਿੰਦੇ ਹਨ। ਮੱਧਕਾਲੀ ਸਮਾਜ ਵਿਚ ਔਰਤ ਦੀ ਦੁਰਗਤੀ ਦੀ ਗਾਥਾ ਕਹਿੰਦਾ ਕੇ.ਐਮ.ਅਸ਼ਰਫ਼ ਲਿਖਦੇ, 'ਸਮਾਜ ਵਿਚ ਔਰਤ ਦਾ ਸਥਾਨ ਬਿਲਕੁਲ ਵੀ ਉਤਸ਼ਾਹ ਵਰਧਕ ਨਹੀਂ ਸੀ। ਸਮਾਜਿਕ ਵਿਧਾਨ ਤੇ ਤਤਕਾਲੀ ਰਵਾਇਤਾਂ ਨੇ ਉਨ੍ਹਾਂ ਵਿਚ ਮਾਨਸਿਕ ਅਸਤੁੰਲਨ ਪੈਦਾ ਕਰ ਦਿੱਤਾ। ਇਥੋਂ ਤੱਕ ਕਿ ਅਰਸਤੂ ਨੇ ਉਸ ਨੂੰ ਇਕ ਅਧੂਰੀ ਸ਼ੈਅ ਕਿਹਾ ਤੇ ਬਹੁਤ ਸਾਰੇ ਪੱਛਮੀ ਚਿੰਤਕਾਂ ਨੇ ਉਸ ਵਿਰੁੱਧ ਧੂਆਂਧਾਰ ਭੜਾਸ ਕੱਢੀ। ਐਰ.ਡੀ.ਮਾਲਵੀਆ ਦੀ ਪੁਸਤਕ ਵਿਚਲੇ ਹਵਾਲੇ ਅਨੁਸਾਰ ਹਿੰਦੁਸਤਾਨੀ ਸਮਾਜ ਉਹ ਸਮਾਜ ਹੈ ਜਿਸਨੇ ਇਸ ਰਵਾਇਤ ਨੂੰ ਕਾਨੂੰਨ ਜਿਹੀ ਮਾਨਤਾ ਦਿਵਾਈ ਕਿ ਕਿਸੇ ਵੀ ਵਰਗ ਦੀ ਵਿਆਹੀ ਵਰੀ ਔਰਤ ਦੀ ਪਹਿਲੀ ਔਲਾਦ ਇਕ ਨਬੂੰਦਰੀ ਬ੍ਰਾਹਮਣ ਤੋਂ ਹੋਣੀ ਚਾਹੀਦੀ ਹੈ ਅਤੇ ਆਪਣੇ ਪਤੀ ਦੀ ਔਲਾਦ ਨੂੰ ਉਹ ਪਿਛੋਂ ਜਨਮ ਦੇ ਸਕਦੀ ਹੈ। ਇਸ ਦਾ ਮਤਲਬ ਹੈ ਕਿ ਧਰਮ ਤੇ ਪਰੰਪਰਾ ਦੀ ਟੇਕ ਵਿਚ ਸਵਰਨ ਜਾਤੀਏ ਅਤੇ ਕੁਲੀਨ ਵਰਗੀਏ ਨਾਰੀ ਦਾ ਸਰੀਰਕ, ਮਾਨਸਿਕ ਅਤੇ ਆਤਮਿਕ ਸ਼ੋਸ਼ਣ ਕਰਨ/ਕਰਵਾਉਣ ਲਈ ਪੂਰੀ ਤਰਾਂ ਆਜ਼ਾਦ ਸਨ ਸਗੋਂ, ਇਸ ਕਾਰੇ ਨੂੰ ਉਹ 'ਪੁੰਨ-ਕਾਰਜ' ਵਜੋਂ ਐਲਾਨਦੇ ਅਤੇ ਮਾਣਦੇ ਸਨ। ਅਸੀਂ ਅੱਜ ਪੱਛਮੀ ਸਭਿਆਚਾਰ ਵਿਚਲੇ ਵਿਆਹ ਬਾਹਰੇ ਖੁੱਲ੍ਹੇ ਲਿੰਗ ਸੰਬੰਧਾਂ ਨੂੰ ਨਿੰਦਦੇ ਅਤੇ ਨਿਕਾਰਦੇ ਹਾਂ ਜਦੋਂ ਕਿ ਸਾਡੇ ਘੜੰਮ ਚੋਧਰੀਆਂ ਤੇ ਧਾਰਮਿਕ ਠੇਕੇਦਾਰਾਂ ਨੇ ਇਹੋ ਜਿਹੀਆਂ ਆਪਹੁਦਰੀਆਂ, ਮਨਮਾਨੀਆਂ ਤੇ ਬਦਚਲਣੀਆਂ ਹਜ਼ਾਰਾਂ ਵਰ੍ਹੇ ਪਹਿਲਾਂ ਤੋਂ ਆਰੰਭੀਆਂ ਹੋਈਆਂ ਸਨ—ਦੇਵ ਦਾਸੀਆਂ, ਸਾਧਵੀਆਂ, ਨਗਰ ਬਧੂਆਂ ਅਤੇ ਅਜਿਹੇ ਹੀ ਕਈ ਹੋਰ ਮਖੌਟਿਆਂ ਹੇਠਾਂ। ਦਰੋਪਦੀ ਦਾ ਕੀ ਹਸ਼ਰ ਕੀਤਾ ? ਸੀਤਾ ਮਾਤਾ ਇਹਨਾਂ ਦੀਆਂ ਕਰਤੂਤਾਂ ਨਾ ਸਹਾਰਦੀ ਧਰਤੀ ਵਿਚ ਹੀ ਸਮਾ ਗਈ। ਇੱਥੇ ਮੈਨੂੰ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ —'ਵੇ ਖ਼ਾਲਕ ਜੀ !' ਦੀਆਂ ਕੁਝ ਸਤਰਾਂ ਟੁੰਬ ਰਹੀਆਂ ਹਨ :—

ਭਿੱਜੀ ਹੋਈ ਮਿੱਟੀ ਜਹੀ ਉਹ ਬੋਲੀ

ਵੇ ਖ਼ਾਲਕ ਜੀ !
ਇਹ ਖ਼ਾਕ ਦੀ ਬੰਦੀ ਬਣਾ ਕੇ
ਤੂੰ ਆਪੇ ਤਾਂ ਕਿਹਾ ਸੀ—
ਕਿ ਅੱਗੋਂ ਖ਼ਾਲਕ ਹੋਣ ਦਾ
ਇਹ ਕਰਮ ਤੈਨੂੰ ਸੌਂਪਨਾ...
ਮੈਂ ਕੁੱਖ ਵਿਚੋਂ ਬਾਲ ਜੰਮਦੀ
ਮੀਹਾਂ ਤੇ ਧੁੱਪਾਂ ਤੋਂ ਬਚਾਂਦੀ
ਕੰਧਾਂ ਨੂੰ ਲਿੱਪਦੀ
ਤੇ ਚੌਕਾ ਪੋਚਦੀ
ਮੈਂ ਰੋਟੀ ਦੀ ਵਾਸ਼ਨਾ
ਬਾਲਾਂ ਨੂੰ ਪਿਆਂਦੀ
ਤੇ ਵੇਖ ਆ ਕੇ
ਜਵਾਨੀ ਗਾਲਦੀ ਮੈਂ ਰੋਈ ।
ਤੇ ਹੱਡੀਆਂ ਤੀਕਣ ਗ਼ੁਲਾਮ ਹੋਈ..
ਉਹ ਤੇਰਾ ਖ਼ਾਕ ਦਾ ਬੰਦਾ
ਨਵੀਂ ਜੰਨਤ ਬੀਬੀ ਲੱਭਦਾ
ਨਵੀਂ ਹੱਵਾ ਬੀਬੀ ਭੋਗਦਾ
ਤੇ ਬਸ ਇੰਜ ਹੁੰਦਾ ਹੈ ।

(ਨਾਗਮਣੀ/ਅਕਤੂਬਰ 1999)

ਇਸ ਪ੍ਰਕਾਰ, ਭਾਵੇਂ ਅੱਜ ਨਾਰੀ ਰੂਪ ਗਰਭ ਤੋਂ ਲੈ ਕੇ ਮਰਨ ਤੱਕ ਅਰਥਾਤ ਕੁੱਖ ਤੋਂ ਕਬਰ ਤੱਕ ਨਿੱਤ ਨਵੀਆਂ ਸੱਟਾਂ ਸਹਾਰਨ ਲਈ ਲਾਚਾਰ ਹੈ ਫਿਰ ਵੀ ਸੰਵੇਦਨਸ਼ੀਲ, ਸੁਹਿਰਦਭਾਵੀ ਅਤੇ ਚਿੰਤਨਸ਼ੀਲ ਯੁਵਤੀਆਂ ਦੀ ਹੋਂਦ ਕਾਰਨ ਨਾਰੀ-ਹੱਕਾਂ ਲਈ ਲੜੀ ਜਾ ਰਹੀ ਲੜਾਈ ਅਜਿਹੇ ਸੂਖਮ ਮੋੜ 'ਤੇ ਅੱਪੜ ਚੁੱਕੀ ਹੈ ਜਿੱਥੇ ਹਰ ਜਾਗਰੂਕ ਪ੍ਰਾਣੀ ਉਸ ਨਾਲ ਹਮਦਰਦੀ ਹੀ ਨਹੀਂ ਜਿਤਾਉਂਦਾ ਸਗੋਂ ਉਸ ਲਈ ਕੁਝ ਸਾਰਥਕ ਕਰਨ ਲਈ ਵੀ ਤਤਪਰ ਹੈ। ਅਜਿਹੀ ਹੀ ਇਕ ਨਾਰੀਵਾਦੀ ਸ਼ਕਤੀ ਨਾਲ ਪਰਿਪੂਰਨ ਸਾਹਸੀ ਜਿੰਦ ਹੈ ਦੀਪਾ ਮਹਿਤਾ—ਪਾਣੀਆਂ ਨੂੰ ਅੱਗ ਲਾ ਦੇਣ ਵਾਲੀ। ਪਰੰਪਰਾ ਦੇ ਛੱਪੜਾਂ ਨੂੰ ਹੰਘਾਲ ਦੇਣ ਵਾਲੀ। ਦਕਿਆਨੂਸੀ ਵਿਚਾਰਾਂ ਨੂੰ ਚੁਆਤੀਆਂ ਲਾ ਦੇਣ ਵਾਲੀ ਅਤੇ ਮਜ਼ਹਬੀ ਜਨੂੰਨੀਆਂ ਨਾਲ ਨਿਧੜਕ ਹੋ ਕੇ ਟੱਕਰਨ ਵਾਲੀ। ਕੱਟੜਵਾਦੀਆਂ ਦੇ ਸ਼ਾਂਤ ਪਾਣੀਆਂ ਵਿਚ ਕੰਕਰ ਮਾਰ ਕੇ ਖਲਬਲੀ ਮਚਾ ਦੇਣ ਵਾਲੀ ਦੀਪਾ ਮਹਿਤਾ 'ਤੇ ਭਾਵੇਂ ਵਿਦੇਸ਼ੀ ਸਭਿਆਚਾਰ 'ਚ ਲਿੱਬੜੀ ਹੋਣ ਦਾ ਲਾਂਛਣ ਲਾ ਕੇ ਉਸ ਨੂੰ ਪ੍ਰਭਾਵਹੀਣ ਕਰਨ ਦੀ ਕੋਸ਼ਿਸ਼ ਜਾਰੀ ਹੈ ਪਰੰਤੂ ਆਪਣੀ ਕਲਾਤਮਿਕ ਤੇ ਸਿਰਜਣਾਤਮਿਕ ਧੁਨ ਦੀ ਪੱਕੀ, ਸਿਰੜੀ ਤੇ ਸਿਦਕੀ, ਮਹਿਤਾ ਉਹ ਪੰਜਾਬਣ ਹੈ ਜਿਸਨੇ ਗੁਰੂ ਦੀ ਨਗਰੀ

'ਅੰਮ੍ਰਿਤਸਰ' ਵਿਚ ਅੱਖਾਂ ਖੋਹਲੀਆਂ ਸਨ। ਗੁਰੂ ਦੀ ਬਖਸ਼ਿਸ਼, ਆਜ਼ਾਦੀ ਭਰੀ ਜੀਵਨ ਜਾਚ ਤੇ ਮਾਨਵੀ ਮੁੱਲਾਂ 'ਤੇ ਪਹਿਰਾ ਉਸ ਨੂੰ ਇਸੇ 'ਅੰਮ੍ਰਿਤਸਰ' ਨਗਰੀ ਦੀ ਸੰਗਾਤ ਵਜੋਂ ਪ੍ਰਾਪਤ ਹੋਈਆਂ ਸਨ ਜਿਸ ਨਗਰੀ ਨੇ ਸਮਾਜ ਦੀਆਂ 'ਬੁੱਢੀਆਂ ਤੇ ਵੇਲਾ ਵਿਹਾ ਚੁੱਕੀਆਂ, ਜਰਜ਼ਰਾ ਚੁੱਕੀਆਂ ਅਤੇ ਸਾਰਥਕਤਾ ਗੰਵਾ ਚੁੱਕੀਆਂ ਕਦਰਾਂ ਕੀਮਤਾਂ ਨੂੰ ਨਿਕਾਰਨ ਤੇ ਫਿਟਕਾਰਨ ਹਿਤ ਸੈਂਕੜੇ ਵਰ੍ਹੇ ਸੰਘਰਸ਼ ਕੀਤਾ ਤੇ ਕੁਰਬਾਨੀ ਦਿੱਤੀ ਸੀ। ਜਾਬਰਾਂ ਨੂੰ ਵੰਗਾਰਿਆ ਤੇ ਜ਼ਾਲਮਾਂ ਨੂੰ ਸਬਕ ਸਿਖਾਇਆ ਸੀ– ਮੀਰੀ ਤੇ ਪੀਰੀ ਦਾ ਸੁਮੇਲ ਇਸੇ ਚੁਣੌਤੀ ਦਾ ਪ੍ਰਤੱਖ ਪ੍ਰਮਾਣ ਸੀ।

ਦੀਪਾ ਮਹਿਤਾ ਨੇ ਇੱਕੀਵੀਂ ਸਦੀ ਦੀ ਦਹਿਲੀਜ਼ 'ਤੇ ਢੁੱਕੀ ਨਾਰੀ ਨੂੰ ਜੇਕਰ ਸਾਡੇ 'ਪਰਮ ਪੂਜ' ਨਗਰਾਂ–ਵਾਰਾਨਸੀ, ਵਰਿੰਦਾਵਨ ਅਤੇ ਮਥੁਰਾਂ ਦੇ ਵਾੜਿਆਂ, ਵਿਧਵਾ ਕੋਠਿਆਂ ਤੇ ਨਰਕਮਈ ਆਸ਼ਰਮਾਂ ਵਿਚ ਤਿਲ ਤਿਲ ਕੱਟ ਕੇ ਮਰਦੀ ਨੂੰ ਆਪਣੇ ਕੈਮਰਿਆਂ ਵਿਚ ਬੰਦ ਕਰਨ ਦਾ ਸਾਹਸ ਜੁਟਾਇਆ ਹੈ ਤਾਂ ਸਮਾਜ ਦੇ ਭੀਸ਼ਮ ਪਿਤਾਮਿਆਂ ਦੇ ਢਿੱਡ ਪੀੜ ਕਿਉਂ ਹੋਣ ਲੱਗ ਪਈ ਹੈ ? ਖ਼ਵਰੇ ਇਨ੍ਹਾਂ ਦੁਖਿਆਰੀਆਂ ਤੇ ਕਿਸਮਤ ਮਾਰੀਆਂ ਦੇ ਨਸੀਬਾਂ ਦੀ ਮਾਂਦਰੀ ਬਣਕੇ ਦੀਪਾ ਮਹਿਤਾ ਇਨ੍ਹਾਂ ਦਾ ਜ਼ਹਿਰ ਹੀ ਚੂਸ ਲੈਂਦੀ। ਸ਼ਾਇਦ ਜਗਮਗਾਉਂਦੀ ਦੁਨੀਆਂ ਕੋਲ ਇਨ੍ਹਾਂ ਹਨੇਰੀਆਂ ਹਵੇਲੀਆਂ ਦੀ ਹਵਾੜ ਵਿਚ ਡੱਕੀਆਂ ਬਦਨਸੀਬ ਬੇਵਾ ਔਰਤਾਂ ਦੀਆਂ ਸਿਸਕੀਆਂ ਹੀ ਪਹੁੰਚ ਜਾਣ। ਇਸੇ ਲਈ ਸਾਡੀ ਮਾਣਯੋਗ ਨਿਰਮਾਤਰੀ (ਸਮੇਤ ਸੰਵੇਦਨਸ਼ੀਲ ਨਾਇਕਾਵਾਂ ਦੇ) ਦਰ ਦਰ ਦੀ ਖ਼ਾਕ ਛਾਣਦੀ, ਫ਼ਿਲਮੀ ਸ਼ੂਟਿੰਗ ਲਈ ਦਸ ਗਜ਼ ਥਾਂ ਭਾਲਦੀ ਅਤੇ ਸਮਾਜ ਦੇ ਉਸ ਅੱਧੇ ਵਰਗ ਦੀ ਪ੍ਰਤਿਨਿੱਧਤਾ ਕਰਦੀ ਹੋਈ ਜ਼ਲਾਲਤ ਤੇ ਤ੍ਰਿਸਕਾਰ ਨੂੰ ਭੋਗਣ ਲਈ ਬੇਬੱਸ ਹੈ। ਇਕ ਪਾਸੇ ਤਾਂ ਦੇਸ਼ ਦੀ ਅੱਧੀ ਆਬਾਦੀ ਅਤੇ ਸਮਾਜਦਾਤੀ ਲਈ ਰਾਖਵੇਂਕਰਨ ਦੇ ਬਿੱਲ ਪੇਸ਼ ਪੇਸ਼ ਹਨ ਤੇ ਦੂਜੇ ਪਾਸੇ ਉਸ 'ਤੇ ਅਕਹਿ ਤੇ ਅਸਹਿ ਬੰਧਨ। ਪਾਬੰਦੀਆਂ। ਜ਼ੋਰਾ ਜਬਰੀਆ ਤੇ ਨਾਰਕੀ ਹਾਲਾਤ। ਕੰਜਕਾਂ ਤੇ ਦੇਵੀਆਂ ਦੀ ਮਨੌਤ ਵਾਲੇ ਇਸ ਦੇਸ਼ ਦੇ ਲੋਕਾਂ ਦੇ ਇਹ ਮਖੌਟਾਧਾਰੀ ਚਿਹਰੇ ! ਦੋਗਲੇ ਕਿਰਦਾਰ ! ! ਦੂਹਰੇ ਮਾਪਦੰਡ ! ! !

ਤੀਸਰੇ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਮਰ ਦਾਸ ਜੀ ਨੇ ਜਦੋਂ ਸਾਡੀ ਇਸ ਮਾਣਮੱਤੀ ਧਰਤੀ 'ਤੇ ਇਹ ਅਮਾਨਵੀ, ਨਿੰਦਣੀਯ, ਘ੍ਰਿਣਤ ਅਤੇ ਘਟੀਆ ਵਰਤਾਰਾ ਡਿੱਠਾ ਸੀ ਤਾਂ ਧਾਰਮਿਕ, ਅਧਿਆਤਮਿਕ, ਰਾਜਨੀਤਕ ਅਤੇ ਸਮਾਜਿਕ ਖੇਤਰਾਂ ਵਿਚਲੀ ਆਪੋਧਾਪੀ ਦੇ ਨਾਲ ਨਾਲ ਆਪ ਜੀ ਨੂੰ ਭਾਈਚਾਰਕ ਤੇ ਸਭਿਆਚਾਰਕ ਪ੍ਰਦੂਸ਼ਣ ਨੇ ਵੀ ਬੇਹੱਦ ਤੜਪਾਇਆ ਸੀ। ਪਤੀ ਦੀ ਮੌਤ ਉਪਰੰਤ ਜ਼ੋਰਾ ਜਬਰੀ ਅੱਗ ਦੇ ਭਾਂਬੜਾਂ ਵਿਚ ਸੁੱਟ ਕੇ ਸਾੜੀ ਜਾ ਰਹੀ ਅਰਥਾਤ ਸਤੀ ਕੀਤੀ ਜਾਂਦੀ ਔਰਤ ਦੀ ਅਸਲੀਅਤ ਨੇ ਉਨ੍ਹਾਂ ਨੂੰ ਇਸ ਕਦਰ ਟੁੰਬਿਆ ਕਿ ਗੁਰੂ ਸਾਹਿਬ ਆਪ ਮੁਹਾਰੇ ਪੁਕਾਰ ਉੱਠੇ:–

ਸਤੀਆ ਏਹਿ ਨ ਆਖੀਅਨਿ ਜੋ ਮੜੀਆ ਲਗਿ ਜਲੰਨਿ ।
ਨਾਨਕ ਸਤੀਆ ਜਾਣੀਅਨਿ ਜਿ ਬਿਰਹਾ ਚੋਟ ਮਰੰਨਿ ।

ਸੁਪ੍ਰਸਿੱਧ ਪੱਛਮੀ ਇਤਿਹਾਸਕਾਰ ਪੇਨ ਦਾ ਇਹ ਕਥਨ ਕਿੰਨਾ ਸਾਰਥਕ ਹੈ ਕਿ 'ਗੁਰੂ ਅਮਰ ਦਾਸ ਨੂੰ ਮੁੱਖ ਰੂਪ ਵਿਚ ਸਤੀ ਪ੍ਰਥਾ ਦੇ ਵਿਰੁੱਧ ਉਤਸ਼ਾਹ ਪੂਰਵਕ ਪ੍ਰਚਾਰ ਕਰਨ ਲਈ ਯਾਦ ਕੀਤਾ ਜਾਂਦਾ ਹੈ। ਮੁਗਲ ਸਮਰਾਟ ਅਕਬਰ ਨੇ ਵੀ ਸਤੀ ਦੀ ਕੁਪ੍ਰਥਾ ਦੀ ਰੋਕਥਾਮ ਦਾ ਜਤਨ ਕੀਤਾ।' ਦਰਅਸਲ, ਭੇਖਾਂ-ਵਿਖਾਵਿਆਂ ਦੰਭਾਂ-ਪਾਖੰਡਾਂ, ਸੰਸਕਾਰਾਂ, ਭ੍ਰਾਂਤੀਪੂਰਨ ਰੀਤਾਂ ਰਵਾਇਤਾਂ ਤੇ ਕੁਰਹਿਤਾਂ ਨੇ ਮੱਧਕਾਲੀ ਸਮਾਜ ਨੂੰ ਇਸ ਕਦਰ ਖੋਖਲਾ ਕਰ ਦਿੱਤਾ ਸੀ ਕਿ ਕੂੜ-ਅਮਾਵਸ ਵਿਚ ਸੱਚ ਦਾ ਚੰਦਰਮਾ ਕਿਤੇ ਲੱਭਿਆ ਨਹੀਂ ਸੀ ਲੱਭਦਾ। ਸ੍ਰੇਸ਼ਟ ਵਰਗ (ਬ੍ਰਾਹਮਣ ਸ਼੍ਰੇਣੀ) ਨੇ ਭਰਮ ਭੁਲੇਖਿਆਂ ਦਾ ਜਾਲ ਲਾ ਕੇ ਭੋਲੀ ਭਾਲੀ ਲੁਕਾਈ ਨੂੰ ਇੰਞ ਫਾਹ ਰੱਖਿਆ ਸੀ ਕਿ ਉਹ ਅੱਗ ਵਿਚ ਮਰਣੋਂ ਵੀ ਇਨਕਾਰੀ ਨਹੀਂ ਸੀ ਹੋ ਸਕਦੀ। ਫਿਰ ਔਰਤ ! ਜਿਹਦੇ ਸਾਹਾਂ ਦੀ ਡੋਰ ਸੀ ਹੀ ਆਦਮੀ ਦੇ ਹੱਥ ਵੱਸ। ਜਿੱਥੇ ਗੁਰੂ-ਜੋਤ ਊਚ ਨੀਚ ਤੇ ਜਾਤ ਪਾਤ ਦੇ ਖਿਲਾਫ ਭਿੜੀ ਉੱਥੇ ਪੰਡਤਾਂ-ਪੁਜਾਰੀਆਂ ਦੇ ਸ਼ੋਸ਼ਣ ਅਤੇ ਸਤੀ ਜਿਹੀਆਂ ਘਿਣਾਉਣੀਆਂ ਵਾਰਦਾਤਾਂ ਦੇ ਖਿਲਾਫ ਵੀ ਡੱਟਕੇ ਖੜ੍ਹੀ ਕਿਉਂਕਿ ਇਹ ਮਾਨਵੀ ਹੱਕਾਂ 'ਤੇ ਸਿੱਧਾ ਡਾਕਾ ਸੀ। ਔਰਤ ਦੇ ਮਨੁੱਖੀ ਅਧਿਕਾਰਾਂ ਦੀ ਸ਼ਰੇਆਮ ਲੁੱਟ ਸੀ ਜਿਸ ਸੰਬੰਧੀ ਗੁਰੂ ਜੀ ਨੇ ਵਾਰ ਵਾਰ ਸਮਝਾਇਆ:—

ਜਲੈ ਨ ਪਾਈਐ ਰਾਮ ਸਨੇਹੀ
ਕਿਰਤਿ ਸੰਜੋਗਿ ਸਤੀ ਉਠਿ ਹੋਈ।
....
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ
ਧੰਨੁ ਸਤੀ ਦਰਗਹ ਪਰਵਾਨਿਆ।

ਭਗਤ ਕਬੀਰ ਸਾਹਿਬ ਜਿਹੇ ਕ੍ਰਾਂਤੀਕਾਰੀ ਮਹਾਂਪੁਰਖ ਨੇ ਵੀ ਇਸ ਸਮਕਾਲੀ ਬੁਰਾਈ ਨੂੰ ਵਿਅੰਗਤਾਮਿਕ ਢੰਗ ਨਾਲ ਅੰਕਿਤ ਕਰਦਿਆਂ ਮਨੁੱਖੀ ਮਨ ਨੂੰ ਦੁਬਿਧਾ ਮੇਟਣ ਦਾ ਸੁਨੇਹਾ ਦਿੱਤਾ ਹੈ :—

ਡਗਮਗ ਛਾਡਿ ਰੇ ਮਨ ਬਉਰਾ
ਅਬ ਤਉ ਜਰੇ ਮਰੇ ਸਿਧਿ ਪਾਈਐ
ਲੀਨੋ ਹਾਥਿ ਸੰਧਉਰਾ।

ਇੰਞ, ਸਿੱਖ ਧਰਮ ਅਤੇ ਜੀਵਨ ਜਾਚ ਵਿਚ ਨਾਰੀ ਦੇ ਪੁਨਰ ਵਿਆਹ (ਵਿਧਵਾ ਵਿਆਹ) ਦੀ ਬਿਲਕੁਲ ਮਨਾਹੀ ਨਹੀਂ ਕਿਉਂਕਿ ਰੋਟੀ ਦੀ ਭੁੱਖ ਵਾਂਗ ਇਹ ਕਾਮੁਕ ਭੁੱਖ ਵੀ ਇਨਸਾਨੀ ਲੋੜ ਹੈ ਜੋ ਆਦਮੀ ਲਈ ਤਾਂ ਅਨਿਵਾਰੀ ਹੈ ਹੀ ਪਰ ਕੀ ਔਰਤ ਇਨਸਾਨ ਦੀ ਸ਼੍ਰੇਣੀ ਤੋਂ ਬਾਹਰ ਹੈ ਜਿਸ ਨੂੰ ਵਾੜਿਆਂ ਤੇ ਕੋਠਿਆਂ ਤੇ ਡੱਕ ਕੇ ਉਸ ਨੂੰ ਕੁਲਟਾ, ਵਿਭਚਾਰਨ, ਪਾਗਲ, ਸਾਧਵੀ ਤੇ ਗ਼ੈਰ ਮਾਨਵੀ ਕਰਾਰ ਦਿੱਤਾ ਜਾਂਦਾ ਹੈ ਜੇਕਰ ਉਹ ਆਪਣੀ ਇਸ ਕੁਦਰਤੀ ਲੋੜ ਦੇ ਕੋਈ ਸੰਕੇਤ ਪ੍ਰਗਟਾ ਦੇਵੇ। ਇਥੋਂ ਹਿੰਦੂ ਤੇ ਸਿੱਖਾਂ ਵਿਚ ਇਕ ਪਾੜਾ ਦਿਸਦਾ ਹੈ ਜਦੋਂ ਕਿ ਗੁਰੂ ਪਾਤਿਸ਼ਾਹੀਆਂ ਨੇ ਇਸ ਸੁਧਾਰ

ਨੂੰ ਪਾੜਣ ਦੇ ਇਰਾਦੇ ਨਾਲ ਨਹੀਂ ਸਗੋਂ ਜੋੜਣ ਅਤੇ ਸੰਵਾਰਨ ਦੇ ਇਰਾਦੇ ਨਾਲ ਲਾਗੂ ਕਰਨਾ ਚਾਹਿਆ ਸੀ ਪਰੰਤੂ ਹਿੰਦੂ ਸਮਾਜ ਨੇ ਸਦੀਆਂ ਤੱਕ ਇਸ ਵਿਚਾਰ ਦੀਆਂ ਧੱਜੀਆਂ ਉਡਾਈਆਂ ਕਿਉਂਕਿ ਉਨ੍ਹਾਂ ਨੇ ਧਰਮ ਸ਼ਾਸਤਰਾਂ ਵਿਚ ਅੰਕਿਤ ਹੈ 'ਇਸਤ੍ਰੀਆਂ ਦਾ ਇਕ ਵਾਰੀ ਹੀ ਵਿਆਹ ਹੈ। ਵਿਆਹ ਵਿਧੀ ਵਿਚ ਵਿਧਵਾ ਦਾ ਦੋਬਾਰਾ ਵਿਆਹ ਨਹੀਂ ਕਿਹਾ। ਦੂਜਾ ਖਸਮ ਇਸਤ੍ਰੀ ਲਈ ਕਿਤੇ ਨਹੀਂ ਦੱਸਿਆ'। ਇਹ ਕਥਨ 'ਵ੍ਰਿਹਤ ਪਰਾਸਰ ਸੰਹਿਤਾ' ਦਾ ਹੈ। ਮਨੂ ਸਿਮ੍ਰਤੀ ਵੀ ਔਰਤ ਲਈ ਕਾਲੇ ਕਾਨੂੰਨਾਂ ਦੀ ਹੀ ਲਿਖਾਇਕ ਹੈ। ਸਮੇਂ ਸਮੇਂ ਅਨੇਕ ਸਮਾਜ ਸੁਧਾਰਕਾਂ ਨੇ ਹਿੰਦੁਸਤਾਨ ਦੀ ਇਸ ਅਤਿ ਕਸ਼ਟਦਾਇਕ ਸਤੀ ਪਰੰਪਰਾ ਦਾ ਕਰੜਾ ਵਿਰੋਧ ਕੀਤਾ। ਇੱਥੋਂ ਤੱਕ ਕਿ ਅੰਗਰੇਜ਼ ਹਾਕਮ ਵੀ ਸਤੀ ਪ੍ਰਥਾ ਨੂੰ ਵੇਖ-ਸੁਣ ਕੇ ਤ੍ਰਾਹੀ ਤ੍ਰਾਹੀ ਕਰ ਉਠੇ ਪਰੰਤੂ ਸਾਡੇ ਸਮਾਜ ਦੇ ਮਨੂਵਾਦੀ ਚੌਧਰੀਆਂ ਨੇ ਇਸ ਪ੍ਰਥਾ ਨੂੰ ਇਵੇਂ ਪੇਸ਼ ਕੀਤਾ ਕਿ ਸਤੀ ਸੱਥਲਾਂ 'ਤੇ ਮੇਲੇ ਅਤੇ ਪੁਰਵ ਮਨਾਏ ਜਾਣ ਲਗ ਪਏ। ਅਜੇ ਪਿਛਲੇ ਦਿਨਾਂ ਦੀ ਗੱਲ ਹੈ ਕਿ ਰਾਜਿਸਥਾਨ ਵਿਚ ਸਤੀ ਹੋਈ ਮਹਿਲਾ ਦੇ ਜਲ ਮਰਨ ਤੋਂ ਪਹਿਲਾਂ ਸੌ ਪਿੰਡਾਂ ਵਿਚ ਮੁਨਿਆਦੀ ਕਰਵਾਈ ਗਈ ਸੀ ਤੇ ਹਜ਼ਾਰਾਂ ਲੋਕ "ਸਤੀ ਮੱਈਆ ਦੀ ਜੈ" ਗੁੰਜਾਉਂਦੇ ਆਣ ਹਾਜ਼ਰ ਹੋਏ ਸਨ ਕਿਉਂਕਿ ਵਿਧਵਾ ਬਣ ਕੇ ਭੂੰਹੀ ਭੂੰਹੀ ਤਰਸਣ ਵਾਲੀ ਉਸ ਅਭਾਗਣ ਦੇ ਦੁੱਖਾਂ ਦਾ ਅੰਤ ਸਭਨਾਂ ਦੇ ਸਾਹਮਣੇ ਹੋਣ ਵਾਲਾ ਸੀ। ਦੀਪਾ ਮਹਿਤਾ ਨੇ ਮੇਰੇ ਵਿਚਾਰ ਵਿਚ ਵਾਰਾਨਸੀ ਦਾ ਤੁਲਸੀ ਘਾਟ ਇਸੇ ਲਈ ਚੁਣਿਆ ਹੋਵੇਗਾ ਕਿਉਂਕਿ ਲੋਕ ਮਾਨਸ ਵਿਚ ਕਾਂਸ਼ੀ (ਵਾਰਾਨਸੀ) ਦੀ ਗੰਗਾ ਵਿਖੇ ਮਰਨ ਦਾ ਇਕ ਬਹੁਤ ਵੱਡਾ ਮਹਾਤਮ ਮੰਨਿਆ ਗਿਆ ਹੈ। ਕਬੀਰ ਸਾਹਿਬ ਨੇ ਇਥੋਂ ਵਹਿੰਦੀ ਗੰਗਾ ਨੂੰ 'ਪੂਜਨੀਕ ਮਾਂ' ਜਿੰਨਾ ਆਦਰ ਦਿੱਤਾ ਹੈ ਤੇ ਗੁਰੂ ਸਾਹਿਬਾਨ ਨੇ 'ਗੰਗਾ ਦਾ ਉਦਕੁ ਕਰੰਤੇ ਦੀ ਆਗਿ' ਅਤੇ 'ਗੰਗ ਬਨਾਰਿਸਿ ਸਿਫਤਿ ਤੁਮਾਰੀ' ਜਾਂ ਫਿਰ ਗੰਗਾ ਜਲੁ ਗੁਰ ਗੋਬਿੰਦ ਨਾਮ' ਲਿਖ ਕੇ ਗੰਗਾ ਨੂੰ ਸਭਿਅਤਾ ਤੇ ਸਭਿਆਚਾਰ ਵਿਚ ਗੌਰਵਮਈ ਸਥਾਨ ਦਿਵਾਇਆ। ਇਨ੍ਹਾਂ ਉਦਾਤਮਈ ਭਾਵਨਾਵਾਂ ਨੂੰ ਅਜੋਕੇ ਪ੍ਰਸੰਗ ਨਾਲ ਇਕਮਿਕ ਕਰਨ ਖ਼ਾਤਿਰ ਹੀ ਦੀਪਾ ਮਹਿਤਾ ਨੇ 'ਵਾਟਰ' ਰਾਹੀਂ ਵਾਰਾਨਸੀ ਵਿਚ ਨਰਕ ਕੱਟ ਰਹੀਆਂ ਉਨ੍ਹਾਂ ਸੋਲਾਂ ਹਜ਼ਾਰ ਤੋਂ ਵਧੇਰੇ ਵਿਧਵਾਵਾਂ ਦੇ ਦੁੱਖਾਂ ਦਰਦਾਂ ਨੂੰ ਜ਼ੁਬਾਨ ਦੇਣੀ ਲੋਚੀ ਸੀ ਜਿਨ੍ਹਾਂ ਨੂੰ ਸਭਿਅਤਾ ਦੀ ਇਸ ਰਾਜਧਾਨੀ ਵਿਚ ਮਹਿਜ਼ ਜਿਉਂਦਿਆਂ ਰਹਿਣ ਖ਼ਾਤਿਰ ਹੀ ਆਪਣਾ ਜਿਸਮ, ਜਵਾਨੀ, ਚਾਅ, ਮੱਲਾਰ, ਸੱਧਰਾਂ, ਅਰਮਾਨ ਅਤੇ ਤਮਾਮ ਖ਼ੁਸ਼ੀਆਂ ਦਾਅ 'ਤੇ ਲਾਉਣੀਆਂ ਪੈਂਦੀਆਂ ਹਨ।

ਦੀਪਾ ਦੀ ਪਾਸ ਸ਼ੁਦਾ ਪੱਟ ਕਥਾ ਕਿਸੇ ਨਹੀਂ ਵੇਖੀ। ਉਸਦੀ ਗੰਭੀਰ ਤੇ ਸੁਪਨੀਲੀ ਦ੍ਰਿਸ਼ਟੀ ਕਿਸੇ ਨਹੀਂ ਗੌਲੀ। ਬਸ ਭੀੜਾਂ ਦੀਆਂ ਭੀੜਾਂ ਉੱਠ ਤੁਰੀਆਂ ਉਹਦੇ ਪਿੱਛੇ। ਤ੍ਰਿਸ਼ੂਲ ਹੱਥਾਂ ਵਿਚ ਫੜੀ। ਔਰਤ-ਹੋਂਦ ਦਾ ਮਲੀਆ ਮੇਟ ਕਰਨ। ਉਸ ਨੂੰ ਨਾਰੀ ਹੋਣ ਦਾ ਮਜ਼ਾ ਚਖਾਉਣ। ਇਸ ਲਈ, ਗੰਗਾ ਦੇ ਅੱਧਾ ਸੈਂਕੜਾ ਘਾਟਾਂ ਨੇ ਤਾਂ ਉਸਨੂੰ ਦੋ ਗਜ਼ ਥਾਂ ਨਹੀਂ ਦਿੱਤੀ, ਨਰਮਦਾ, ਗੋਦਾਵਰੀ, ਗੰਡਕ ਤੇ ਕੋਸੀ ਵਿਚ

ਵੀ ਤੂਫਾਨ ਮਚ ਉੱਠੇ। ਹੁਣ ਤਾਂ ਸਿਲਸਿਲਾ ਬ੍ਰਹਮ ਪੁੱਤਰ ਨੂੰ ਜਾ ਛੋਹਿਆ ਹੈ। ਰੱਬ ਖ਼ੈਰ ਕਰੇ। 'ਪਾਣੀ' ਲੋਚਦੀ ਦੀਪਾ ਪਾਣੀਓਂ ਪਾਣੀ ਹੋ ਗਈ ਹੈ। ਪਾਣੀ ਨਾਲੋਂ ਪਤਲੀ ਤੇ ਹਾਸੀ ਮਜ਼ਾਕ ਦੀ ਪਾਤਰ। ਫਿਲਮੀ ਕਹਾਣੀ ਅਨੁਸਾਰ ਭੱਦਣਾਈਆਂ ਤੇ ਚਿੱਟੀਆਂ ਧੋਤੀਆਂ ਵਿਚ ਲਪੇਟੀਆਂ ਇਹ ਉਦਾਸ, ਉਪਰਾਮ ਅਤੇ ਲਾਚਾਰ ਨੌਜਵਾਨ ਵਿਧਵਾਵਾਂ ਉਨ੍ਹਾਂ ਵਾੜਿਆਂ ਦੀਆਂ ਵਸਨੀਕ ਹਨ ਜਿੱਥੇ ਮਨੁੱਖੀ ਛੋਹ ਦੇ ਅਹਿਸਾਸ ਦੀ ਵੀ ਕਮੀ ਹੈ। ਇਨ੍ਹਾਂ ਵਿਚ ਲਿਆਂਦੀ ਇਕ ਬਾਲ ਵਿਧਵਾ (ਅੱਠ ਕੁ ਵਰ੍ਹੇ ਦੀ) ਦਾ ਚਾਣਚੱਕ ਇਹ ਸਵਾਲ 'ਵਿਧਵਾ ਮਰਦਾਂ ਦਾ ਵਾੜਾ ਕਿੱਥੇ ਹੈ।' ਕਹਾਣੀ ਵਿਚ ਵਾਵਰੋਲਾ ਲਿਆ ਦਿੰਦਾ ਹੈ ਕਿਉਂਕਿ ਮਰਦ ਵਿਧਵਾ ਹੁੰਦਾ ਹੀ ਕਦੇ ਨਹੀਂ। ਆਨੀਂ ਬਹਾਨੀਂ ਪਹਿਲੀ ਪਤਨੀ ਦਾ ਸਿਵਾ ਠੰਡਿਆਂ ਹੋਣ ਦੀ ਦੇਰ ਹੁੰਦੀ ਹੈ ਕਿ ਨਿੱਤ ਨਵੇਂ ਰਿਸ਼ਤੇ ਆਣ ਢੁੱਕਦੇ ਹਨ (ਭੰਡੂ ਮੂਆ ਭੰਡੂ ਭਾਲੀਐ) ਉਸਨੂੰ ਪਤਨੀ ਮਰਨ 'ਤੇ ਸਤੀ ਹੋਣ ਦੀ ਲੋੜ ਨਹੀਂ। ਹਰਗਿਜ਼ ਵੀ ਨਹੀਂ। ਜਿਵੇਂ ਪਤਨੀ ਨਾ ਹੋਈ ਕੋਈ ਸੰਦ ਸੰਦਾ ਹੋਇਆ ਜਿਸ ਦੇ ਕਾਰਆਮਦ ਨਾ ਰਹਿਣ ਤੇ ਦੂਜਾ, ਤੀਜਾ ਜਾਂ...ਭਾਵ ਕਿੰਨਵਾਂ ਵੀ ਚਲੇਗਾ। 'ਵਾਟਰ' ਤੇ ਲੱਗੀਆਂ ਰੋਕਾਂ, ਪਾਬੰਦੀਆਂ ਅਤੇ ਬੰਦਿਸ਼ਾਂ ਕਾਰਨ ਹੁੱਲੜਬਾਜ਼, ਜਨੂੰਨੀਆ ਅਤੇ ਨਾਰੀਵਾਦ ਦੇ ਦੋਖੀਆਂ ਨੂੰ ਭਲੇ ਹੀ ਸ਼ਹਿ ਮਿਲੀ ਹੋਵੇਗੀ ਪਰੰਤੂ ਵਰਿੰਦਾਵਨ ਵਿਖੇ ਤਿਲ ਤਿਲ ਕੱਟ ਕੇ ਜੂਨ ਭੋਗ ਰਹੀਆਂ ਸੋਲਾਂ ਹਜ਼ਾਰ ਬਦਨਸੀਬ ਬੇਵਾ ਔਰਤਾਂ ਨੂੰ ਸ਼ਾਇਦ ਕੋਈ ਰਾਹਤ ਦੀ ਕਣੀ ਮਿਲ ਜਾਵੇਂ ਕਿਉਂਕਿ ਪੱਛਮੀ ਬੰਗਾਲ ਦੇ ਰਾਜ ਮਹਿਲਾ ਕਮਿਸ਼ਨ ਦੀ ਅਗਵਾਈ ਵਿਚ ਇਕ ਵਫ਼ਦ ਅੱਜ ਕਲ ਵਰਿੰਦਾਵਨ ਦੀਆਂ ਨਾਰਕੀ ਪਰਿਸਥਿਤੀਆਂ ਦਾ ਜਾਇਜ਼ਾ ਲੈ ਰਿਹਾ ਹੈ। ਹੈਰਤ ਅੰਗੇਜ਼ ਤੱਥਾਂ ਦੀ ਨਿਸ਼ਾਨਦੇਹੀ ਹੋ ਰਹੀ ਹੈ ਕਿਉਂਕਿ ਬਹੁਤ ਸਾਰੀਆਂ ਵਿਧਵਾਵਾਂ ਦੀ ਨੇਕ ਸੰਤਾਨ ਦਿੱਲੀ ਤੇ ਕਲਕੱਤਾ ਦੇ ਉੱਚ ਅਹੁਦਿਆਂ ਤੇ ਵਿਰਾਜਮਾਨ ਹੈ ਪ੍ਰੰਤੂ ਉਹ ਆਪਣੀਆਂ ਮਾਵਾਂ ਨੂੰ ਰੋਟੀ ਦੇਣੋਂ ਆਤੁਰ ਹਨ। ਖ਼ੂਨ ਪਸੀਨਾ ਵਾਰ ਦੇਣ ਵਾਲੀਆਂ ਮਾਵਾਂ ਭਾਵੇਂ ਆਪਣਾ ਜਿਸਮ ਵੇਚ ਕੇ ਵੀ ਰੋਟੀ ਕਿਉਂ ਨਾ ਕਮਾਉਣ। ਆਓ ! ਇੱਕੀਵੀਂ ਸਦੀ ਦੀਆਂ ਮੁਹਾਠਾਂ ਤੇ ਖੜ੍ਹੇ ਮਰਦ ਸਾਥੀਓ। ਸਮਾਜ ਸਿਰਜਕ ਤੇ ਧਰਮ ਰੱਖਿਅਕ ਨਾਰੀ ਦੀ ਅਸਲੀਅਤ ਜਾਣਨ ਦੀ ਕੋਸ਼ਿਸ਼ ਕਰੀਏ। ਰੱਬ ਦੀ ਕੀਤੀ ਨੂੰ ਪ੍ਰਵਾਨੀਏ। ਵਿਧਵਾ ਜਾਂ ਸਧਵਾ ਹੋਣਾ ਨਾਰੀ ਦੇ ਹੱਥ ਵੱਸ ਨਹੀਂ ਪਰ ਉਹ ਵਿਧਾਤਾ ਦੀ ਸੁੰਦਰ ਸਿਰਜਣਾ ਜ਼ਰੂਰ ਹੈ। ਦੀਪਾ ਦੀ ਫ਼ਿਲਮ ਰਾਹੀਂ ਜੇਕਰ ਸਮਾਜ ਦਾ ਕੁਝ ਕੁਹਜ (ਕੋਹੜ) ਘਟ ਸਕਦਾ ਹੈ ਤਾਂ ਸਹਿਯੋਗ ਦਿਓ, ਸੂਲਾਂ ਨਹੀਂ। ਔਰਤ ਨੂੰ ਇਕ ਪੂਰੀ ਸੂਰੀ ਹਸਤੀ ਮੰਨੋ। ਸਮਾਂ ਦੁਹਾਈ ਦੇ ਰਿਹਾ ਹੈ। ਉੱਠੋ ! ਸੰਭਲੋ !

'ਇਹ ਨਹਿਰਨ ਜਾਚ ਨਾ ਜਾਣਦਾ
ਗਿਆ ਨਾ ਮੁੜ ਕੇ ਆਂਵਦਾ।'

❑

ਔਰਤ ਦਾ ਬਦਲਦਾ ਮੁਹਾਂਦਰਾ

ਇਕ ਚੁਥਾਈ ਸਦੀ ਤੋਂ ਇਹ ਕਲਮ ਦੱਬੀ-ਕੁਚਲੀ, ਰੋਲੀ-ਮਧੋਲੀ, ਸਾੜੀ-ਲਿਤਾੜੀ, ਸਤਾਈ-ਰੁਲਾਈ ਅਤੇ ਤ੍ਰਾਸਦੀਆਂ-ਵਧੀਕੀਆਂ ਦੀ ਸ਼ਿਕਾਰ ਨਾਰੀ ਦੇ ਦੁੱਖਾਂ-ਸੁੱਖਾਂ ਦੀ ਹਮਰਾਜ਼ ਬਣਨ ਲਈ ਜਤਨਸ਼ੀਲ ਅਤੇ ਸੰਘਰਸ਼ੀਲ ਰਹੀ ਹੈ ਕਿਉਂਕਿ ਮਨੁੱਖੀ ਵਿਕਾਸ ਦੀ ਟੇਢੀ ਮੇਢੀ ਡਗਰ (ਪੰਧ) ਤੇ ਇਸਨੇ ਅਨੰਤ ਖ਼ੁਆਰੀਆਂ, ਲਾਚਾਰੀਆਂ, ਦੁਸ਼ਵਾਰੀਆਂ ਅਤੇ ਬੀਮਾਰੀਆਂ ਹੰਢਾਈਆ ਹਨ। ਇੱਕੀਵੀਂ ਸਦੀ ਦੀਆਂ ਬਰੂਹਾਂ 'ਚ ਖੜ੍ਹੀ ਜਿੱਥੇ ਅੱਜ ਇਹ ਔਰਤ ਪੁਲਾੜਾਂ 'ਚ ਉਡਦੀ, ਅੰਬਰ ਗਾਹੁੰਦੀ, ਪਰਬਤ ਚੀਰਦੀ, ਸਾਗਰ ਮੰਥਦੀ, ਜੰਗਲ ਫੋਲਦੀ, ਮੰਗਲ ਲਾਉਂਦੀ ਗੱਲ ਕੀ ਮਰਦ ਖੇਤਰ ਦਾ ਸਮਝਿਆ ਜਾਂਦਾ ਹਰ ਨਿੱਕਾ ਵੱਡਾ ਕੰਮ ਕਰਨ 'ਚ ਸਮਰੱਥ ਦਿਸਦੀ ਸਫਲਤਾ ਦੇ ਸਿਹਰੇ ਬੰਨਵਾ ਰਹੀ ਹੈ ਉੱਥੇ ਅਜੇ ਵੀ ਸਥਿਤੀ ਬੜੀ ਹਿਰਦੇਵੇਧਕ, ਹੌਲਨਾਕ ਅਤੇ ਧਮਾਕਾਖੇਜ਼ ਹੈ। ਕਿਉਂਕਿ ਗਿਣੀਆਂ ਚੁਣੀਆਂ ਔਰਤਾਂ ਨੂੰ ਛੱਡ ਕੇ ਬਹੁਗਿਣਤੀ ਅਜੇ ਵੀ ਉਸ ਦਕਿਆਨੂਸੀ ਜੀਵਨ-ਤੋਰ ਦਾ ਹੀ ਅੰਗ ਹਨ ਜਿੱਥੇ ਹੈ ਅੰਤਾਂ ਦੀ ਬੇਰੁਖ਼ੀ, ਅਣਗੌਲਿਆਪਣ, ਤਰਸੇਵਾਂ, ਕੁੱਟਮਾਰ, ਜ਼ਲੀਲਗੀ, ਗਲੀਜ਼ਗੀ ਅਤੇ ਸ਼ੋਸ਼ਣ। ਅਗਿਆਨਤਾ, ਅਵਿਦਿਆ ਤੇ ਜਹਾਲਤ ਵਿਚ ਲਿਪਟੀਆਂ ਆਧੁਨਿਕ ਤਰਜ਼ੇ-ਜੀਵਨ ਤੋਂ ਸੱਖਣੀਆਂ ਅਤੇ ਆਪਣੇ ਪਰੰਪਰਿਕ ਰੋਲ ਤੱਕ ਸੀਮਤ ਇਹ ਇਸਤਰੀਆਂ ਹਾਲੇ ਵੀ ਸਦੀਆਂ ਪੁਰਾਣੀ ਸੋਚ ਦੀਆਂ ਹੀ ਧਾਰਨੀ ਹਨ—ਅੰਧ ਵਿਸ਼ਵਾਸਾਂ, ਮਿਥਿਆ ਸੰਸਕਾਰਾਂ ਅਤੇ ਭੇਖਾਂ-ਪਾਖੰਡਾਂ ਪੂਰਨ ਜੀਵਨ-ਰਹਿਤਲ ਦੀਆਂ ਭਾਗੀਦਾਰ।

ਪਰੰਤੂ ਸੋਚਣ-ਵਿਚਾਰਨ ਦਾ ਮੁੱਦਾ ਇੱਥੇ ਇਹ ਹੈ ਕਿ ਜਿਨ੍ਹਾਂ ਤੱਕ ਨਵੇਂ ਗਿਆਨ ਵਿਗਿਆਨ ਅਤੇ ਵਿਕਾਸ ਦਾ ਚਾਨਣਾ ਪੁੱਜੈ ਉਹ ਕਿੱਧਰ ਨਿਕਲ ਤੁਰੀਆਂ ਨੇ। ਜਿਨ੍ਹਾਂ ਨੇ ਗਾਡੀ ਰਾਹ ਦੀਆਂ ਰਹਿਬਰ ਬਣਕੇ ਜੀਵਨ-ਪੰਧ ਰੁਸ਼ਨਾਉਣਾ ਸੀ ਉਹ ਕਿਹੜੇ ਰਸਾਤਲਾਂ ਵੱਲੀ ਜਾ ਨਿਕਲੀਆਂ ਹਨ। ਨਿੱਤ ਨਵੀਨ ਅਖ਼ਬਾਰੀ ਸੁਰਖ਼ੀਆਂ ਵਿਚ ਜੋ ਕੁਝ ਖ਼ੌਫਨਾਕ ਛਪ ਰਿਹੈ ਉਹ ਕਿਸ ਦਿਸ਼ਾ ਦਾ ਸੰਕੇਤਕ ਹੈ ਭਲਾ। ਏਡਜ਼ ਦੇ ਦੂਣ ਸਵਾਏ ਹੋ ਰਹੇ ਭਾਰਤੀ ਅੰਕੜੇ ਕਿਸ ਗੱਲ ਦਾ ਚਿਤਵਨ ਕਰਵਾ ਰਹੇ ਹਨ। ਅੱਜ ਆਪਣੇ ਆਲੇ ਦੁਆਲੇ ਪਸਰ ਰਹੀ ਇਹ ਹੌਲਨਾਕ ਤਬਦੀਲੀ ਮੇਰੇ ਵਜੂਦ ਨੂੰ ਖੰਡ ਖੰਡ ਕਰ ਰਹੀ ਹੈ। ਮੇਰੀ ਚੇਤਨਾ ਲਰਜ਼ਾ ਰਹੀ ਹੈ। ਮੇਰੇ ਅੰਦਰ ਕਤਵਲ ਪੈ ਰਹੇ ਹਨ ਕਿ ਅੱਜ ਇੱਕੀਵੀਂ ਸਦੀ ਦੀਆਂ ਬਰੂਹਾਂ 'ਤੇ ਸਾਡੀਆਂ ਜਾਗਰੂਕ ਹੋ ਰਹੀਆਂ ਭੈਣਾਂ ਲੈਂਗਿਕ ਖੁੱਲ੍ਹਾਂ ਪੱਖੋਂ ਕਿਸ ਕਦਰ ਗ਼ਰਕਣਾਂ ਵਿਚ ਖੁੱਭਦੀਆਂ ਜਾ ਰਹੀਆਂ ਹਨ।

ਪੀੜ੍ਹੀ-ਅੰਤਰਾਲ-ਸਦੀਆਂ ਤੋਂ ਚੱਲਿਆ ਆ ਰਿਹੈ। ਕੋਈ ਨਵੀਂ ਸਮੱਸਿਆ ਨਹੀਂ ਹੈ ਇਹ। ਹਰ ਨਵੀਂ ਪੀੜ੍ਹੀ ਪੁਰਾਣੀ ਪੀੜ੍ਹੀ ਨੂੰ ਪਿਛਾਂਹ ਖਿੱਚੂ, ਵੇਲਾ ਵਿਹਾ ਚੁੱਕੀ ਤੰਗ ਦਿਲ, ਪਰੰਪਰਿਕ ਅਤੇ ਸਨਾਤਨੀ ਕਹਿ ਕੇ ਮਨਮਾਨੀਆਂ, ਆਪਹੁਦਰੀਆਂ, ਜ਼ੋਰ ਜ਼ਬਰੀਆਂ, ਵਧੀਕੀਆਂ ਅਤੇ ਆਪੋਧਾਪੀਆਂ ਮਚਾਉਂਦੀ ਰਹੀ ਹੈ ਪਰੰਤੂ ਮੇਰੀ ਜਾਚੇ ਉਦੋਂ ਸੰਸਾਰ ਐਨਾ ਨੇੜੇ ਨਹੀਂ ਸੀ ਹੋਇਆ। ਦੂਰੀਆਂ ਐਨੀਆ ਨਹੀਂ ਸੀ ਘਟੀਆ। ਚੇਤਨਾ ਐਨੀ ਨਹੀਂ ਸੀ ਥਿੜ੍ਹਕੀ। ਸੋਚ ਐਨੀ ਨਹੀਂ ਸੀ ਭਟਕੀ। ਵੱਡਿਆਂ ਵਡੇਰਿਆਂ ਦੀ ਰਾਹਕਰੀ ਮਾਅਨੇ ਰੱਖਦੀ ਸੀ। ਬਜ਼ੁਰਗਾਂ ਦੀ ਅਗਵਾਈ ਦੇ ਖ਼ਾਸ ਅਰਥ ਸਨ ਪਰੰਤੂ ਅੱਜ ਸੰਸਾਰ ਦੀ ਨੇੜਤਾ, ਮੀਡੀਏ ਦਾ ਖੁੱਲਮ ਖੁੱਲ੍ਹਾ ਰੋਲ, ਔਰਤ ਦਾ ਮੰਡੀਕਰਨ, ਇਸ਼ਤਿਹਾਰਬਾਜ਼ੀ ਦੇ ਨਾਂ 'ਤੇ ਔਰਤ ਦੀ ਗ਼ੈਰਤ ਦਾ ਚੀਰ ਹਰਨ, ਮਾਡਲਿੰਗ ਦਾ ਅੰਨ੍ਹੇਵਾਹ ਸ਼ੋਰ, ਟੀ. ਵੀ. ਚੈਨਲਾਂ ਰਾਹੀਂ ਮਾਨਵੀ ਵਿਕਾਸ ਦੀਆਂ ਸਮੂਹ ਪਰਤਾਂ ਉਲੰਘ ਮੁੜ ਪੱਥਰ ਯੁਗ ਵਰਗੀ ਨੰਗ ਦਾ ਵਿਖਾਲਾ, ਸੁਹਜ-ਸੌਂਦਰਯ ਨੂੰ ਛੱਡ ਕੇ ਯਥਾਰਥ ਤੋਂ ਵੀ ਅਗਾਂਹ ਪਰਾਯਥਾਰਥ ਦੇ ਦੀਦਾਰੇ ਅਤੇ ਪੱਛਮੀ ਦੇਸਾਂ ਵਰਗੀ ਬੇਲਗਾਮ ਖੁੱਲ੍ਹ-ਡੁੱਲ੍ਹ ਅਤੇ ਬੇਹਯਾਈ ਦਾ ਪੂਰਬੀ ਧਰਤੀਆਂ ਤੇ ਸ਼ਰੇਆਮ ਪ੍ਰਦਰਸ਼ਨ ਸਾਡੀ ਅਜੋਕੀ ਨਾਰੀ ਦਾ ਵਿਸ਼ੇਸ਼ ਸਰੋਕਾਰ ਬਣਦਾ ਜਾ ਰਿਹੈ। ਰਸਾਤਲ ਵਲ ਵਧ ਰਹੇ ਇਹ ਕਦਮ ਹੱਥਲੇ ਲੇਖ ਦਾ ਮੁੱਖ ਮੁੱਦਾ ਹੈ।

ਵਿਦੇਸ਼ੀ (ਪੱਛਮੀ) ਸਭਿਆਚਾਰ ਵਿਚਲੀ ਬੇਮੁਹਾਰੀ ਖੁੱਲ੍ਹ, ਵਿਆਹ ਬਾਰੇ ਕਾਮ ਸੰਬੰਧ, ਵਿਆਹ ਨੂੰ ਕਿਸੇ ਪਵਿੱਤਰ-ਪਾਵਨ ਰਿਸ਼ਤੇ ਦੀ ਬਜਾਇ ਦੋ ਸਰੀਰਾਂ ਦਾ ਮੇਲ ਸਮਝ ਬੈਠਣ ਦੀ ਬੱਜਰ ਗ਼ਲਤੀ, ਨਿੱਤ ਨਵੇਂ ਸੂਰਜ ਵਿਆਹ ਤੇ ਤਲਾਕ, ਜਿਸਮਾਂ ਦੀ ਤੜਕ ਫੜਕ, ਜਿਸਮਾਂ ਵਿਚ ਹੀ ਖੋ ਜਾਣ, ਮਗ਼ਰੂਰ ਹੋ ਜਾਣ ਦੀ ਲਾਲਸਾ, ਸਮਲਿੰਗੀ ਵਿਆਹਾਂ ਦੀ ਵਧ ਰਹੀ ਮੰਗ ਤੇ ਉਨ੍ਹਾਂ ਨੂੰ ਮਿਲ ਰਹੀ ਮਾਨਤਾ, ਅਣਵਿਆਹੇ ਜੋੜਿਆਂ ਵਲੋਂ ਕਈ ਕਈ ਹਮਮੇਲੀਆਂ ਦੀ ਸੰਤਾਨ ਦੀ ਭਟਕਣਾ, ਬੇਵਿਆਹੇ ਯੁਵਕ ਯੁਵਤੀਆਂ ਦੇ ਬੱਚਿਆ ਨੂੰ ਮਿਲਦੀਆਂ ਸਰਕਾਰੀ ਸਹੂਲਤਾਂ, ਬਹੁਦੇਸ਼ਾਂ ਵਿਚ ਗਰਭਪਾਤ ਦੀ ਇਜਾਜ਼ਤ ਨਾ ਹੋਣ 'ਤੇ ਅਣਚਾਹੀ ਔਲਾਦ ਨੂੰ ਜੰਮਣ ਦੀ ਮਜ਼ਬੂਰੀ ਅਤੇ ਘੁੰਮਣ ਫਿਰਨ, ਮੌਜ ਮੇਲੇ ਅਤੇ ਰੰਗ ਰਲੀਆ ਭਰੀ ਜੀਵਨ ਤੋਰ ਦੇ ਹਾਣੀ ਬਣੇ ਰਹਿਣ ਲਈ ਅਨੇਕ ਪ੍ਰਕਾਰੀ ਹਰਬੇ ਵਰਤਣ ਦਾ ਰੁਝਾਨ ਅੱਜ ਸਾਡੀਆਂ ਧਰਤੀਆਂ ਤੇ ਵੀ ਵਧ ਰਿਹੈ। ਨੰਗ ਮੁਨੰਗੀਆਂ ਫਿਲਮਾਂ, ਟੀ.ਵੀ. ਚੈਨਲਾਂ ਤੇ ਬੇਲਗਾਮ ਕਾਮੁਕ ਪ੍ਰਦਰਸ਼ਨ, ਲੁੱਚ ਮਲੁੱਚੇ ਰਸਾਲੇ, ਅਸ਼ਲੀਲ ਸਾਹਿਤ ਤੋਂ ਇਲਾਵਾ ਅੱਜ ਸਾਡੇ ਦੇਸ਼ਾਂ ਵਿਚ ਮਚਦੀ ਜਵਾਨੀ ਦੇ ਅਮੋੜ ਜਜ਼ਬਿਆਂ ਨੂੰ ਸੇਧ ਦੇਣ ਵਾਲੀਆਂ ਸ਼ਖਸੀਅਤਾਂ ਦੀ ਤਵੱਜੋ ਦੀ ਘਾਟ ਕਾਰਨ ਨਿੱਤ ਨਵੇਂ ਗੁਲ ਖਿੜ ਰਹੇ ਹਨ। ਔਲਾਦ ਅੱਜ ਮਾਪਿਆਂ ਦੇ ਸਿਰ ਸਵਾਰ ਪਾ ਰਹੀ ਹੈ ਤੇ ਬੇਹਯਾਈ ਦੇ ਹੱਦਾਂ ਬੰਨੇ ਤੋੜਕੇ ਅਗਾਂਹਵਧੂਪਨ ਦੇ ਨਾਂ 'ਤੇ ਚੰਦ ਨਿੱਤ ਨਵੇਂ ਚੰਨ ਚਾੜ੍ਹ ਰਹੇ ਹਨ। ਵੇਸਵਾਗਮਨੀ, ਜਿਸਮਫਰੋਸ਼ੀ, ਜਾਂ ਕੋਠਿਆਂ ਦੀ ਦੁਨੀਆਂ ਅੱਜ ਲੁਕ ਛਿਪ ਕੇ ਰਹਿ ਗਈ ਕੋਈ ਅਛੂਤ ਬਸਤੀ ਦੀ ਬਜਾਇ ਇਕ ਸ਼ਰੇਆਮ ਵਰਤਾਰਾ

ਬਣਦਾ ਜਾ ਰਿਹੈ। ਅੱਜ ਇਹ ਔਰਤਾਂ 'ਸੈਕਸ ਵਰਕਜ਼' ਅਖਵਾ ਕੇ ਇਸ ਧੰਦੇ ਨੂੰ ਬਾਕਾਇਦਾ 'ਸੈਕਸ ਇੰਡਸਟਰੀ' ਵਜੋਂ ਮਾਨਤਾ ਦਿਵਾਉਣ ਲਈ ਆਖ ਰਹੀਆਂ ਹਨ। ਇਸ ਧੰਦੇ ਨੂੰ ਅਪਣਾਉਣ ਵਿਚ ਉਨ੍ਹਾਂ ਨੂੰ ਹੁਣ ਅਸਲੋਂ ਕੋਈ ਝਿਜਕ ਨਹੀਂ ਬਲਕਿ ਇਸ ਧੰਦੇ ਲਈ ਬੇਹੱਦ ਦੌੜ ਹੈ।

ਮੇਰਾ ਲੜਕੀਆਂ ਨਾਲ ਹਰ ਰੋਜ਼ ਵਾਹ ਪੈਂਦਾ ਹੈ ਕਿਉਂਕਿ ਮੈਂ ਅਧਿਆਪਨ-ਕਿੱਤੇ ਵਿਚ ਹਾਂ। ਹਰ ਰੋਜ਼ ਅਜਿਹੇ ਕਾਂਡ ਸਾਹਮਣੇ ਆ ਰਹੇ ਹਨ ਕਿ ਰੂਹ ਕੰਬ ਕੇ ਰਹਿ ਜਾਂਦੀ ਹੈ। ਮਾਪੇ ਬਹੁਤੀ ਵਾਰੀ ਬੱਚੀਆਂ ਨੂੰ ਖੁਦ ਪੜ੍ਹਨ ਵਾਲੀਆਂ ਥਾਵਾਂ-ਸਕੂਲਾਂ ਤੇ ਕਾਲਜਾਂ ਵਿਚ ਛੱਡ ਕੇ ਜਾਂਦੇ ਹਨ ਪਰੰਤੂ ਬਹੁਤੀ ਵਾਰ ਇਹੀ ਅੱਲੜ੍ਹ ਕੁੜੀਆਂ ਚੜ੍ਹਦੀ ਜਵਾਨੀ ਦੀ ਕਾਂਗ ਨੂੰ ਡੱਕ ਸਕਣੋਂ ਅਸਮਰੱਥ ਗਲਤ ਅਨਸਰਾਂ ਦੇ ਢਹੇ ਚੜ੍ਹ ਜਾਂਦੀਆਂ ਹਨ। ਅੱਜ ਇਹੋ ਜਿਹੇ ਅਚੰਭੇ-ਕਾਰੀ ਤੱਥ ਛਾਇਆ ਹੋ ਰਹੇ ਹਨ ਕਿ ਵਜੂਦ ਕੰਬ ਕੇ ਰਹਿ ਜਾਂਦਾ ਹੈ ਤੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਪੱਛਮੀ ਸਭਿਆਚਾਰ ਵਿਚ ਵਿਆਹ ਬਾਹਰੀ ਔਲਾਦ ਨੂੰ ਸੌ ਸੌ ਸਹੂਲਤਾਂ ਸਰਕਾਰੇ ਦਰਬਾਰੇ ਪ੍ਰਾਪਤ ਹੁੰਦੀਆਂ ਹਨ ਪਰੰਤੂ ਇੱਧਰ ਛੱਭ ਟੋਬੇ, ਹਸਪਤਾਲ-ਮੰਦਰ ਤੇ ਉਜਾੜ ਥਾਵਾਂ ਤੇ ਨਵ ਜੰਮੇ ਬੱਚਿਆਂ ਦੀਆਂ ਲਾਸ਼ਾਂ ਜਾਂ ਜਿਉਂਦੇ ਜਾਗਦੇ ਅਜਿਹੇ ਬੱਚਿਆਂ ਦੀ ਪ੍ਰਾਪਤੀ ਮਮਤਾ ਤੇ ਮਨੁੱਖਤਾ ਦੇ ਮੂੰਹ ਤੇ ਕਲੰਕ ਹੈ। ਪਿਛਲੇ ਮਹੀਨਿਆਂ ਵਿਚ ਚੰਡੀਗੜ੍ਹ ਤੋਂ ਇਕ ਸਰਵੇਖਣ ਰਿਪੋਰਟ ਛਪੀ ਸੀ ਕਿ ਹਰ ਮਹੀਨੇ ਦਸ ਹਜ਼ਾਰ ਬਾਲੜੀਆਂ/ਕੁੜੀਆਂ/ਵਿਦਿਆਰਥਣਾਂ ਵੱਖ ਵੱਖ ਨਰਸਿੰਗ ਘਰਾਂ ਜਾਂ ਹਸਪਤਾਲਾਂ ਵਿਚ ਗਰਭਪਾਤ ਕਰਵਾਉਂਦੀਆਂ ਹਨ। ਪਿਛਲੇ ਹੀ ਦਿਨੀਂ ਪਾਵਨ ਨਗਰੀ ਅੰਮ੍ਰਿਤਸਰ ਦੇ ਹਵਾਲੇ ਨਾਲ ਜੋ ਅੰਕੜੇ ਸਾਹਮਣੇ ਆਏ ਹਨ ਉਹ ਜਾਣ ਕੇ ਤਾਂ ਧੀਆਂ ਦੇ ਮਾਪੇ ਸਿਰ ਫੜ ਕੇ ਰਹਿ ਗਏ ਹਨ। ਕੱਚੀਆਂ ਕੂਲੀਆਂ ਤੇ ਲਗਰਾਂ ਵਰਗੀਆਂ ਅਭੋਲ, ਬੱਚੀਆਂ ਵੀ ਅੱਜ 'ਦਲਾਲਾ' ਤੇ 'ਆਂਟੀਆਂ' (ਮੈਡਮਾਂ) ਦੇ ਚੁੰਗਲ ਵਿਚ ਦੇਹ ਵਪਾਰ ਦਾ ਅੰਗ ਬਣ ਰਹੀਆਂ ਹਨ। ਤੇ ਹੈਰਾਨੀ ਜਨਕ ਗੱਲ ਹੈ ਕਿ ਬਹੁਤ ਸਾਰੀਆਂ ਲੱਜ਼ਤ ਲੈਣ ਲਈ ਇਸ ਪਾਸੇ ਆ ਰਹੀਆਂ ਹਨ। ਆਖਿਰ ਅਜਿਹਾ ਕਿਉਂ ? ਇਹ ਸੋਚਣ ਦਾ ਵਿਸ਼ਾ ਹੈ। ਵਿਚਾਰ ਦਾ ਖ਼ਾਸ ਮੁੱਦਾ ਹੈ, ਕਿਉਂਕਿ ਪੰਜਾਬੀ ਦੇ ਸ਼ਿਰੋਮਣੀ ਕਵੀ ਡਾ. ਹਰਿਭਜਨ ਸਿੰਘ ਨੇ ਕਦੇ ਲਿਖਿਆ ਸੀ:—

ਨਗਨ ਯੋਨੀਆਂ ਜੋ ਜਣ ਦਿੱਤੇ ਕੀੜਾ ਮਕੌੜੇ
ਨਸਲ ਮਨੁੱਖ ਦੀ ਕੀੜ ਮਕੌੜਾ ਹੋ ਜਾਏਗੀ।

ਵਾਕਈ 'ਕੀੜ ਮਕੌੜਾ' ਨਸਲ ਪੈਦਾ ਹੋ ਰਹੀ ਹੈ ਅਜਿਹੇ ਅਮਾਨਵੀ ਸੰਬੰਧਾਂ ਚੋਂ। ਪਾਠਕੋ ! ਸਾਡਾ ਸਰਮਾਇਆ ਤਾਂ ਗੁਰੂ ਸਾਹਿਬਾਨ ਤੇ ਮਹਾਨ ਪੁਰਖਾਂ ਦੀ ਉਹ ਪਾਵਨ ਪੁਨੀਤ ਬਾਣੀ ਹੈ ਜਿਸ ਦੀ ਸਿੱਖਿਆ ਹੀ ਇਹੋ ਜਿਹੀ ਸੀ ਕਿ:—

ਰੂਪ ਸੁੰਦਰੀਆ ਅਨਿਕ ਇਸਤਰੀਆ
ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ।

—ਮਾਣੈ ਰੰਗ ਭੋਗ ਬਹੁ ਨਾਰੀ ।
ਜਿਉ ਨਰਪਤਿ ਸੁਪਨੈ ਭੇਖਾਰੀ ।
—ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋਹਾਗਣਿ ।
—ਪਰਤ੍ਰਿਅ ਰੂਪ ਨ ਪੇਖੈ ਨੇਤ੍ਰ ।

ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚੋਂ ਅਜਿਹੇ ਅਣਗਿਣਤ ਉਦਾਹਰਣ ਵੇਖੇ ਜਾ ਸਕਦੇ ਹਨ ਜੋ ਜਿਸਮ ਫ਼ਰੋਸ਼ੀ ਤੋਂ ਸੁਚੇਤ ਕਰਦਿਆਂ ਮਾਨਵਤਾ ਦੇ ਅਤਿ ਘਿਣਾਉਣੇ ਪੱਖ ਦੀ ਨਿਸ਼ਾਨਦੇਹੀ ਕਰਦੇ ਹਨ । ਭਾਵੇਂ ਸਾਡੇ ਮੁਲਕਾਂ ਵਿਚਲੀ ਅੰਤਾਂ ਦੀ ਬੇਰੁਜ਼ਗਾਰੀ, ਭਵਿੱਖੀ ਅਨਿਸਚਿਤਤਾ, ਪਦਾਰਥਵਾਦ ਦੀ ਹੋੜ, ਸੇਧਹੀਣ ਵਿਦਿਆ ਅਤੇ ਹੋਰ ਅਨੇਕ ਕਾਰਨ ਵੀ ਹਨ ਜਿਹੜੇ ਸਾਡੀ ਅਜੋਕੀ ਯੁਵਾ ਪੀੜ੍ਹੀ ਨੂੰ ਕੁਰਾਹੇ ਲਿਜਾਣ ਵਿਚ ਹਿੱਸਾ ਪਾ ਰਹੇ ਹਨ ਪਰੰਤੂ ਮੇਰੀ ਜਾਚੇ ਅੱਜ ਦੀ ਆਪੋ ਧਾਪੀ ਤੇ ਭ੍ਰਿਸ਼ਟਾਚਾਰੀ ਰਾਜਨੀਤਿਕ ਨਿਜ਼ਾਮ ਵਿਚ ਨੈਤਿਕ ਸਿੱਖਿਆ ਦੀ ਘਾਟ, ਧਾਰਮਿਕ, ਲੋਕਾਂ ਵਲੋਂ ਅਧਾਰਮਿਕ ਕੁਰਹਿਤਾਂ ਦਾ ਪ੍ਰਦਰਸ਼ਨ, ਸੱਚੇ ਸੁੱਚੇ ਧਰਮ ਦੀ ਬਜਾਇ ਅਧਰਮ ਦਾ ਬੋਲਬਾਲਾ ਤੇ ਪ੍ਰਤੱਖ ਅਗਵਾਈ ਦੀ ਕਮੀ ਸਾਡੀ ਕਿਸ਼ੋਰ ਪੀੜੀ ਨੂੰ ਕੁਮਾਰਗ ਤੋ ਰੋਕ ਸਕਣੋਂ ਅਸਮਰੱਥ ਹੈ । ਨਿਰਾਸ਼ ਹੋ ਕੇ ਸਾਡੇ ਨੌਜਵਾਨ ਬੱਚੇ ਭਟਕਣ ਵਿਚ ਗਵਾਚ ਰਹੇ ਹਨ । ਕਦੇ ਸਭਿਅਤਾ ਦੀ ਰੱਖਿਅਕ ਰਹੀ ਭਾਰਤੀ ਨਾਰੀ ਨੂੰ ਇਸ ਦਿਸ਼ਾ ਵਲੋਂ ਰੋਕਣ ਲਈ ਜਦੋ ਤੱਕ ਕੌਮੀ ਅਤੇ ਪ੍ਰਾਂਤਕ ਪੱਧਰ 'ਤੇ ਕਾਰਗਰ ਜਤਨ ਨਹੀਂ ਕੀਤੇ ਜਾਂਦੇ, ਵਿਦਿਅਕ ਪਾਠਕ੍ਰਮ ਨੂੰ ਸਮਾਜ ਦੀਆਂ ਸਭਿਆਚਾਰਕ, ਨੈਤਿਕ ਅਤੇ ਸਮਾਜਿਕ ਕਦਰਾਂ ਕੀਮਤਾਂ ਅਨੁਸਾਰ ਨਹੀਂ ਬਦਲਿਆ ਅਤੇ ਕੀਤਾ ਜਾਂਦਾ, ਬੱਚਿਆਂ ਦੇ ਸਮਾਜੀਕਰਣ ਲਈ ਉਨ੍ਹਾਂ ਨੂੰ ਵਿਸ਼ਵ ਵਿਆਪੀਕਰਣ ਦਾ ਸੰਕਲਪ ਨਹੀਂ ਸਮਝਾਇਆ ਜਾਂਦਾ, ਮਾਪਿਆ ਅਤੇ ਔਲਾਦ ਵਿਚ ਮਿੱਤਰਤਾਪੂਰਨ ਰਿਸ਼ਤਾ ਕਾਇਮ ਨਹੀਂ ਹੁੰਦਾ, ਵਡੇਰਿਆਂ ਦਾ ਪੁਰਾਤਨਪੰਥੀ, ਕੱਟੜ ਤੇ ਪਿਛਾਂਹ ਖਿੱਚੂ ਵਤੀਰਾ ਨਹੀਂ ਬਦਲਦਾ, ਦੇਡਜ਼ ਲਈ ਸਾਂਝੇ ਪੱਧਰ 'ਤੇ ਜੇਹਾਦ ਨਹੀਂ ਛਿੜਦਾ, ਸੁਚਾਰੂ ਰੁਚੀਆਂ ਨੂੰ ਘਰ ਬਾਹਰ ਨਹੀਂ ਪ੍ਰਚਾਰਿਆ ਜਾਂਦਾ ਅਤੇ ਮਨੁੱਖਾ ਜੀਵਨ ਦੀ ਦੁਰਲੱਭਤਾ ਨੂੰ ਉਨ੍ਹਾਂ ਦੇ ਗੌਰਵਮਈ ਵਿਰਸੇ ਦੇ ਸੰਦਰਭ ਵਿਚ ਨਹੀਂ ਚਿਤਾਰਿਆ ਜਾਂਦਾ ਉਦੋਂ ਤੱਕ ਇਸ ਵਿਨਾਸ਼ਕਾਰੀ ਮੁਹਾਂਦਰੇ ਦੀ ਸੋਝੀ ਹੋ ਸਕਣੀ ਭਾਰਤੀ ਨਾਰੀ ਲਈ ਉੱਕਾ ਹੀ ਸੰਭਵ ਨਹੀਂ ਹੈ । ਪੰਜਾਬੀ ਨਾਰੀ ਦੇ ਸਾਹਮਣੇ ਵੀ ਇਹੀ ਦੁਸ਼ਵਾਰੀਆਂ ਹਨ । ਸੁਸਿੱਖਿਅਕ ਗਿਆਨਵਾਨ ਸੂਝਵਾਨ ਅਤੇ ਭਵਿੱਖਵੇਤਾ, ਬਣਨ ਦੀ ਲੋਚਾ ਵਿਚ ਆਓ ! ਆਪਣੇ ਚਰਿੱਤਰ ਨਿਰਮਾਣ ਸੰਬੰਧੀ ਸੋਚਵਾਨ ਹੋਈਏ । ਸੰਜਮੀ ਜੀਵਨ ਅਪਣਾਈਏ । ਦੇਖ ਪਰਾਈਆ ਚੰਗੀਆਂ ਮਾਵਾਂ ਧੀਆਂ ਭੈਣਾ ਜਾਣੋ ਦੇ ਲੇਖਕ ਭਾਈ ਗੁਰਦਾਸ ਜੀ ਨੂੰ ਚਿਤਵੀਏ ! ਆਓ ! ਸਖੀਓ ! ਕੌਮਾਂਤਰੀ ਨਾਰੀ ਦਿਵਸ 'ਤੇ ਆਪਣੇ ਅੰਦਰ ਝਾਤੀ ਪਾ ਕੇ ਬੀਰਾਂਗਣਾ ਝਾਂਸੀ ਦੀ ਰਾਣੀ, ਸੇਵਾ ਮੂਰਤ ਸਮੂਹ ਗੁਰੂ–ਮਹਿਲ, ਵੀਰਤਾ ਦਾ ਸਾਕਾਰ ਰੂਪ ਮਾਈ ਭਾਗੋ ਅਤੇ ਅਜਿਹੀਆਂ ਹੀ ਹੋਰ ਮਿਸਾਲੀ ਨਾਰੀਆਂ ਦੇ ਜੀਵਨ ਤੋਂ ਸੇਧ, ਪ੍ਰੇਰਣਾ ਅਤੇ ਹੱਲਾਸ਼ੇਰੀ ਲਈਏ ਤੇ ਭਟਕਦੇ ਕਦਮ ਰੋਕੀਏ ।

❑

ਨਾਰੀ-ਪ੍ਰਵਾਜ਼

ਇਸ ਲੇਖ ਵਿਚ ਕੁਝ ਉਹ ਬਹੁਤ ਚੋਣਵੇਂ ਰਿਵਿਊਜ਼ ਸ਼ਾਮਲ ਕੀਤੇ ਗਏ ਹਨ ਜਿਹੜੇ ਨਾਰੀ-ਪ੍ਰਵਾਜ਼ ਦੇ ਕੁਝ ਜ਼ਿਕਰਯੋਗ ਨਮੂਨੇ ਆਖੇ ਜਾ ਸਕਦੇ ਹਨ। ਨਾਚੀਜ਼ ਲੇਖਕਾ ਵਲੋਂ ਪਿਛਲੇ ਇਕ ਲੰਮੇ ਅਰਸੇ ਦੌਰਾਨ ਕੀਤੇ ਸੈਂਕੜੇ ਰਿਵਿਊਜ਼ ਵਿਚੋਂ ਇਹ ਕੁਝ ਉਨ੍ਹਾਂ ਨਾਮਵਰ ਲੇਖਿਕਾਵਾਂ ਦੀਆਂ ਲਿਖਤਾਂ 'ਤੇ ਆਧਾਰਿਤ ਹਨ ਜਿਨ੍ਹਾਂ ਨੇ ਸਮਾਜਿਕ, ਧਾਰਮਿਕ, ਅਧਿਆਤਮਿਕ, ਸਭਿਆਚਾਰਕ ਅਤੇ ਸਾਹਿਤਿਕ ਖੇਤਰਾਂ ਵਿਚ ਆਏ ਜਮੂਦ ਨੂੰ ਤੋੜ ਕੇ ਨਿਵੇਕਲੀਆਂ ਪਿਰਤਾਂ ਪਾਈਆਂ ਹਨ ਅਤੇ ਪਰੰਪਰਿਕ ਸੀਮਾਵਾਂ ਤੋਂ ਪਾਰ ਜਾ ਕੇ ਔਰਤ ਦੇ ਬਿੰਬ ਨੂੰ ਉਚਿਆਇਆ ਹੈ। ਇੰਞ, ਵਕਤ ਦੀ ਆਵਾਜ਼ ਬਣਦੀਆਂ ਉਹ ਅਜੋਕੀ ਨਾਰੀ ਦੀ ਪ੍ਰਵਾਜ਼ ਵੀ ਬਣ ਸਕੀਆਂ ਹਨ। ਇਸ ਪ੍ਰਕਾਰ, ਅੰਮ੍ਰਿਤਾ ਪ੍ਰੀਤਮ, ਡਾ. ਮਹਿੰਦਰ ਕੌਰ ਗਿੱਲ, ਡਾ. ਮਨੋਹਰ ਕੌਰ ਅਰਪਨ (ਸਵਰਗੀ ਡਾ. ਸੁਰਜੀਤ ਸਿੰਘ ਸੇਠੀ ਦੀ ਸਵਰਗੀ ਪਤਨੀ), ਤੇਜਿੰਦਰ ਕੌਰ ਗੁਜਰਾਲ ਅਤੇ ਸੁਖਦੇਵ ਕੌਰ ਚਮਕ ਦੀਆਂ ਪੁਸਤਕਾਂ ਦਾ ਪਰਿਚੈ ਨਿਮਾਣੀ ਲੇਖਕਾ ਦੀ ਨਿਰੰਤਰ ਪ੍ਰਵਾਹਮਾਨ ਲੇਖਣੀ ਦਾ ਵੀ ਪਰਿਚੈ ਹੈ:—

1. ਅੰਮ੍ਰਿਤਾ ਪ੍ਰੀਤਮ ਦੀ ਗਲਪ ਅਤੇ ਕਾਵਿ ਚੇਤਨਾ

ਡਾ. ਸਵਰਨ ਚੰਦਨ ਅਤੇ ਡਾ. ਦੇਵਿੰਦਰ ਚੰਦਨ ਲਿਖਤ 'ਅੰਮ੍ਰਿਤਾ ਪ੍ਰੀਤਮ ਦੀ ਗਲਪ ਅਤੇ ਕਾਵਿ ਚੇਤਨਾ' ਪੰਜਾਬੀ ਅਦਬ ਦੇ ਇਕ ਨਾਮਵਰ ਹਸਤਾਖ਼ਰ ਅੰਮ੍ਰਿਤਾ ਦੇ ਗਲਪ ਅਤੇ ਕਾਵਿ-ਸੰਸਾਰ ਦੀ ਥਾਹ ਪਾਉਣ ਦਾ ਇਕ ਗੰਭੀਰ ਉਪਰਾਲਾ ਹੈ। ਆਪਣੇ ਵਕਤਾਂ ਵਿਚ ਹੀ ਇਕ ਗਾਥਾ ਬਣ ਸਕਣ ਦੇ ਸਮਰੱਥ ਪੰਜਾਬੀ ਦੀ ਇਹ ਸਭ ਤੋਂ ਵਧੇਰੇ ਚਰਚਿਤ ਬਹੁਪੱਖੀ ਲੇਖਕਾ ਨਾ ਕੇਵਲ ਆਪਣੀ ਸਰਜ਼ਮੀ ਦੇ ਕੋਨੇ ਕੋਨੇ ਹੀ ਪਹੁੰਚੀ ਹੈ ਸਗੋਂ ਦੇਸ਼-ਦੇਸ਼ਾਂਤਰਾਂ ਵਿਚ ਵੀ ਜਿਸਨੇ ਪੰਜਾਬੀ ਅਦਬ ਦੀ ਪਹਿਚਾਣ ਕਰਵਾਈ ਹੈ। ਪੰਜਾਬੀ ਕਵਿਤਾ ਦੀ ਜੋਤ ਨੂੰ ਨਿਰੰਤਰ ਜਗਾਈ ਰੱਖਣ ਦੀ ਭਰਸਕ ਕੋਸ਼ਿਸ਼ ਕੀਤੀ ਹੈ। ਹਰ ਸਾਹਿਤਿਕ ਵਿਧਾ 'ਤੇ ਕਲਮ ਅਜ਼ਮਾਈ ਹੈ। ਗਿਆਨਪੀਠ ਜਿਹਾ ਵੱਕਾਰੀ ਅਤੇ ਪ੍ਰਤਿਸ਼ਠਤ ਸਾਹਿਤਕ ਇਨਾਮ ਹਾਸਲ ਕਰਨ ਦੇ ਯੋਗ ਹੋ ਸਕੀ ਹੈ। ਹੋਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਇਨਾਮ ਸਨਮਾਨ, ਜਿਹਦੀ ਝੋਲੀ ਆਪ ਮੁਹਾਰੇ ਡਿਗਦੇ ਰਹੇ ਹਨ ਪਰੰਤੂ ਸਮਕਾਲੀਆਂ, ਲੇਖਕਾਂ ਅਤੇ ਸਮੀਖਿਅਕਾਂ (ਵਿਸ਼ੇਸ਼ ਕਰਕੇ ਮਰਦ ਲੇਖਕਾਂ) ਨੂੰ ਜਿਹੜੀ ਕਦੇ ਫੁੱਟੀ ਅੱਖ ਨਹੀਂ ਭਾਈ। ਜਿਸ ਦੀ ਇਸਤਰੀ ਲੇਖਕਾ, ਸਮਰੱਥ ਲੇਖਕਾ, ਬੇਬਾਕ ਲੇਖਕਾ ਅਤੇ ਸੰਪੂਰਨ ਮਹਿਲਾ ਲੇਖਕਾ ਹੋਣ ਦੀ ਅਸਲੀਅਤ

ਬਹੁਤਿਆਂ ਦੀ ਨੀਂਦ ਉਚਾਟ ਕਰਦੀ ਰਹੀ ਹੈ ਅਤੇ ਸੱਤਰਿਆਂ ਬਹੱਤਰਿਆ ਤੋਂ ਐਨ ਉਲਟ ਜਿਹੜੀ 73 ਵਰ੍ਹਿਆਂ ਦੀ ਉਮਰੇ ਵੀ ਉਸੇ ਰਫ਼ਤਾਰ, ਉਸੇ ਉਤਸ਼ਾਹ ਅਤੇ ਉਸੇ ਹਿੰਮਤ ਨਾਲ ਬਰਕਰਾਰ ਹੈ। ਪੁੰਗਰਦੀਆਂ ਕਲੀਆਂ ਨੂੰ ਖਿੜਣ ਵਿਚ ਸਹਾਇਕ ਅਤੇ ਪਰਵਰਤੀ ਬਹੁਤ ਸਾਰੇ ਉਭਰਦੇ ਲੇਖਕਾਂ ਦੀ ਪ੍ਰੇਰਣਾ ਸਰੋਤ ਬਣਕੇ ਉਹਨਾਂ ਦੀ ਲੇਖਣ-ਜੋਤੀ ਨੂੰ ਨਿਰੰਤਰ ਪ੍ਰਜਵਲਿਤ ਰੱਖਣ ਵਿਚ ਮਸਰੂਫ ਅਤੇ ਦੁਆਲੀ ਉਸਰਦੀਆਂ ਕੰਡਿਆਲੀਆਂ ਵਾੜਾਂ ਤੋਂ ਬੇਨਿਆਜ਼ ਅਤੇ ਬੁਲੰਦ ਪ੍ਰਵਾਜ਼। ਸਮਕਾਲੀਆਂ ਭਾਵੇਂ 'ਕੰਚਨ ਮਾਟੀਆਂ' ਤੱਕ ਰਚ ਦਿੱਤੀਆਂ ਪਰ ਉਹਨਾਂ ਮਾਟੀਆਂ ਵਿਚੋਂ ਵੀ ਸਾਫ਼-ਸਾਫ਼ ਕੰਚਨ ਨਿੱਖਰ ਆਉਂਦਾ ਰਿਹਾ।

ਡਾ. ਸਵਰਨ ਅਤੇ ਦੇਵਿੰਦਰ ਚੰਦਨ ਦੀ ਸਾਹਿਤਕ ਜੋੜੀ ਦੀ ਇਹ ਇਕ ਸੰਤੋਸ਼ਜਨਕ ਉਪਲਬਧੀ ਆਖੀ ਜਾ ਸਕਦੀ ਹੈ ਜਿਹਨਾਂ ਨੇ ਮਹਾਂ ਚਰਚਿਤ ਪਰੰਤੂ ਅਣਗੌਲੀ ਜਾ ਰਹੀ ਸੰਭਾਵਨਾਪੂਰਨ ਇਸ ਲੇਖਕਾ ਦੇ ਗਾਲਪਨਿਕ ਅਤੇ ਕਾਵਿਕ ਵਿਸ਼ਲੇਸ਼ਣ ਦਾ ਬੀੜਾ ਚੁੱਕਿਆ। ਅਦਬੀ ਜਗਤ ਵਿਚ ਸਵਰਨ ਚੰਦਨ ਤੇ ਦੇਵਿੰਦਰ ਚੰਦਨ ਕਿਸੇ ਉਚੇਚੀ ਜਾਣ ਪਛਾਣ ਦੇ ਮੁਥਾਜ ਨਹੀਂ। ਪਰਵਾਸੀ ਗਲਪਕਾਰਾਂ ਵਿਚ ਸਵਰਨ ਚੰਦਨ ਇਕ ਸਿਰ ਕੱਢ ਨਾਂ ਹੈ। ਗਲਪ ਸਬੰਧੀ ਉਸਦਾ ਪੱਛਮੀ-ਪੂਰਬੀ ਚਿੰਤਨ ਅਤੇ ਅਧਿਐਨ ਇਸ ਪੁਸਤਕ ਵਿਚੋਂ ਭਲੀ ਭਾਂਤ ਪੁਸ਼ਟ ਹੁੰਦਾ ਹੈ। ਅੰਮ੍ਰਿਤਾ ਦੇ ਵਿਖਿਆਤ ਕਹਾਣੀ ਸੰਗ੍ਰਹਾਂ— ਇਕ ਸ਼ਹਿਰ ਦੀ ਮੌਤ, ਪੰਜ ਵਰ੍ਹੇ ਲੰਬੀ ਸੜਕ, ਤੀਸਰੀ ਔਰਤ ਅਤੇ ਲਾਟੀਆਂ ਦੀ ਛੋਕਰੀ ਦਾ ਸਮਾਜ ਵਿਗਿਆਨਕ ਵਿਸਤਰਿਤ ਅਧਿਐਨ ਪ੍ਰਸਤੁਤ ਕਰਨ ਲਈ ਉਹ ਫਰਾਇਡ, ਕਾਡਵੈੱਲ ਅਤੇ ਹੋਰ ਬਹੁਤ ਸਾਰੇ ਪੱਛਮੀ ਚਿੰਤਕਾਂ ਨੂੰ ਆਧਾਰ ਬਣਾਉਂਦੇ ਹਨ। ਅੰਮ੍ਰਿਤਾ-ਕਹਾਣੀਆਂ ਨੂੰ ਵਿਭਿੰਨ ਜਾਵੀਆਂ ਤੋਂ ਵਿਸ਼ਲੇਸ਼ਣਾਉਣ ਲਈ ਉਸਨੇ ਇਸਨੂੰ ਔਰਤ/ਮਰਦ ਇਸ਼ਕ, ਵਫ਼ਾਈ ਤੇ ਬੇਵਫ਼ਾ, ਔਰਤ ਅਤੇ ਔਰਤ ਦੂਜੀ ਔਰਤਾਂ ਦੇ ਸਬੰਧ ਵਿਚ, ਔਰਤ/ਮਰਦ, ਪਤੀ/ਪਤਨੀ, ਔਰਤ ਅਤੇ ਤਿਆਗ, ਔਰਤ ਅਤੇ ਸੰਤਾਨ, ਔਰਤ ਕਿ ਸਿਰਫ਼ ਜਿਸਮ, ਔਰਤ ਅਤੇ ਜ਼ੁਰਮ, ਵਿਅਕਤੀ ਤੇ ਸਮਾਜ, ਔਰਤ/ਸਮਾਜ :ਸੈਕਸ ਮੁੱਲ, ਔਰਤ/ਮਰਦ: ਮਾਂ ਭੈਣ ਭਰਾ, ਕਲਾ ਬਾਰੇ ਅੰਮ੍ਰਿਤਾ ਦਾ ਨਜ਼ਰੀਆ ਆਦਿ ਸਿਰਲੇਖਾਂ ਅਧੀਨ ਵਿਭਾਜਿਤ ਕੀਤਾ ਹੈ। ਵਾਕਈ ਇਹ ਖਪਤ ਸਾਹਿਤ ਨਹੀਂ ਸਗੋਂ ਚਿੰਤਨਮੁਖੀ ਸਾਹਿਤ ਹੈ ਜਿਹੜਾ ਗੰਭੀਰ ਅਧਿਐਨ ਦੀ ਮੰਗ ਕਰਦਾ ਹੈ। ਇਸਦੇ ਧਰਾਤਲ ਕੇਵਲ ਪੰਜਾਬ ਜਾਂ ਭਾਰਤ ਨਹੀਂ ਸਗੋਂ ਸਮੁੱਚਾ ਵਿਸ਼ਵ ਹੈ ਅਰਥਾਤ ਜਿਥੇ ਵੀ ਸਭਿਅਕ ਮਨੁੱਖ ਦੇ ਪੈਰ ਪਏ ਹਨ। ਇੰਞ ਮੱਧ ਸ਼੍ਰੇਣਿਕ ਪਰਤਾਂ (ਵਿਸ਼ੇਸ਼ ਕਰਕੇ ਨਾਰੀ ਪਾਤਰਾਂ ਦੇ ਅੰਤਰ ਮਨ) ਦੇ ਸਮਾਜਿਕ ਯਥਾਰਥ ਨੂੰ ਵਿਭਿੰਨ ਪਹਿਲੂਆਂ ਤੋਂ ਵਿਚਾਰ ਕੇ ਸਵਰਨ ਚੰਦਨ ਅੰਮ੍ਰਿਤਾ-ਕਹਾਣੀਆਂ ਦੀਆਂ ਬਹੁਮੁਖੀ ਸੰਭਾਵਨਾਵਾਂ ਵਿਚੋਂ ਕੁਝ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਅਗਰਸਰ ਹੈ।

ਪੁਸਤਕ ਦਾ ਮਗਰਲਾ ਹਿੱਸਾ, ਜਿਸਦੀ ਲੇਖਕਾ ਦੇਵਿੰਦਰ ਚੰਦਨ ਹੈ, ਅੰਮ੍ਰਿਤਾ ਦੀ ਕਾਵਿ-ਚੇਤਨਾ ਅਤੇ ਹੋਰ ਲੇਖ ਦੇ ਉਪ ਸਿਰਲੇਖ ਹੇਠ ਅੰਕਿਤ ਹੈ। ਪੁਸਤਕ

ਦੇ ਪਹਿਲੇ ਭਾਗ ਦੀ ਆਰੰਭਿਕ ਸਤਰ ਕਿ 'ਭਾਵੇਂ' ਅੰਮ੍ਰਿਤਾ ਪ੍ਰੀਤਮ ਨੂੰ ਹੁਣ ਤੱਕ ਦੀ ਪ੍ਰਾਪਤ ਪ੍ਰਸਿੱਧੀ ਇਕ ਸਫਲ ਕਵਿੱਤਰੀ ਵਜੋਂ ਹੀ ਮਿਲੀ ਹੈ —ਇਸ ਸਵੀਕ੍ਰਿਤੀ ਦੇ ਬਾਵਜੂਦ, ਮੇਰੀ ਜਾਚੇ ਉਸਦੀ ਕਾਵਿ-ਚੇਤਨਾ ਦਾ ਭਰਪੂਰ ਵਿਵੇਚਨ ਪ੍ਰਸਤੁਤ ਨਹੀਂ ਕੀਤਾ ਜਾ ਸਕਿਆ। ਜਿਸ ਵਿੱਖੜੇ ਸਮੇਂ ਅੰਮ੍ਰਿਤਾ ਨੇ ਕਲਮ ਉਠਾਈ ਉਸ ਨੂੰ ਅੰਮ੍ਰਿਤਾ-ਮੋਹਨ ਸਿੰਘ ਅਤੇ ਚਾਤ੍ਰਿਕ ਵਾਲੀ ਪਰੰਪਰਿਕ ਸ਼ਾਇਰੀ, ਦਾ ਜਮੂਦ ਤੋੜ ਕੇ ਪਹਿਲੀ ਵਾਰ ਹੁਸਨ-ਇਸ਼ਕ, ਪਿਆਰ-ਮੁਹੱਬਤ ਆਦਿ ਵਿਸ਼ਿਆਂ 'ਤੇ ਲਿਖਣ ਦੀ ਜੁਰਅਤ ਕੀਤੀ ਸੀ। ਵਿਅਕਤੀਗਤ ਜਜ਼ਬਿਆਂ ਨੂੰ ਸਮੂਹਿਕਤਾ ਪ੍ਰਦਾਨਣ ਦਾ ਹੰਭਲਾ ਮਾਰਿਆ ਸੀ ਅਤੇ ਕਾਵਿ ਸੰਸਾਰ ਵਿਚ ਇਕ ਕ੍ਰਾਂਤੀ ਲਿਆਉਣ ਦਾ ਸੱਬਬ ਬਣੀ ਸੀ। ਇਸ ਮਹਾਨ ਕਵਿੱਤਰੀ ਦੇ ਵਿਲੱਖਣ ਕਾਵਿ ਜਗਤ ਦੀ ਥਾਹ ਪਾਉਣ ਲਈ ਨਿਰਸੰਦੇਹ ਡਾਕਟਰੇਟ ਦਾ ਸ਼ੋਧ ਪ੍ਰਬੰਧ ਹੀ ਦਰਕਾਰ ਸੀ ਪਰੰਤੂ ਕਿਸੇ ਦਵੈਤੀ ਅੱਖ ਨੇ ਇਸ ਦੀ ਪ੍ਰਵਾਨਗੀ ਨਾ ਦਿੱਤੀ। ਇੰਝ ਅੱਧੀ ਤੋਂ ਵੱਧ ਸਦੀ ਤੋਂ ਕਾਰਜਸ਼ੀਲ, ਨਿੱਤ ਤਰੋ ਤਾਜ਼ਾ ਅਤੇ ਸਮਿਆਂ ਦਾ ਪੈਂਡਾ ਝਾਗਦੀ ਆ ਰਹੀ ਕਵਿੱਤਰੀ ਦਾ ਲੇਖਾ ਜੋਖਾ ਐਨੇ ਸੀਮਤ ਪੰਨਿਆਂ ਵਿਚ ਸੰਭਵ ਨਹੀਂ। ਇਸੇ ਅਨੁਭਾਗ ਵਿਚ ਲੇਖਕਾ ਨੇ ਅੰਮ੍ਰਿਤਾ-ਨਾਵਲ 'ਦਿਲੀ ਦੀਆਂ ਗਲੀਆਂ' ਦਾ ਵੀ ਵਿਵੇਚਨ ਸ਼ਾਮਲ ਕਰ ਲਿਆ ਹੈ ਅਤੇ ਅਨੁਵਾਦ ਖੇਤਰ ਵਿਚ ਉਸਦੇ ਯੋਗਦਾਨ ਨੂੰ ਵੀ। ਅੰਮ੍ਰਿਤਾ ਦੀਆਂ ਖ਼ਤ ਕਵਿਤਾਵਾਂ ਅਤੇ ਉਸਦੀਆਂ ਤਕਰੀਰਾਂ ਦਾ ਅਧਿਐਨ ਵੀ ਭਾਵੇਂ ਕਾਵਿਕ ਦ੍ਰਿਸ਼ਟੀਕੋਣ ਤੋਂ ਹੀ ਪ੍ਰਸਤੁਤ ਕਰਨ ਦੀ ਚੇਸ਼ਟਾ ਹੈ ਪਰੰਤੂ ਇੰਝ ਕਰਦਿਆਂ ਵਾਸਤਵਿਕ ਚਿਤਨ ਗੰਧਲਾ ਹੋ ਗਿਆ ਜਾਪਦੈ। ਇਸ ਹਿੱਸੇ ਦਾ ਅਸਲ ਗਿਆਨ ਸ਼ਾਸਤਰ ਵਿਚ ਸਵੀਕ੍ਰਿਤ ਸੰਸਾਰ-ਸਿਰਜਣਾ ਦੇ ਸਿਧਾਂਤ ਪੰਜ ਤੱਤ ਦੇ ਅੰਤਰਗਤ ਹੈ। ਅੰਮ੍ਰਿਤਾ ਦੀ ਕਵਿਤਾ ਦਾ ਬਹੁ ਦਿਸ਼ਾਈ ਪਾਸਾਰ ਅਜੇ ਵਿਸਤਰਿਤ ਅਤੇ ਗੰਭੀਰ ਅਧਿਐਨ ਦੀ ਮੰਗ ਕਰਦੇ ਹਨ।

ਸ਼ਾਸਤਰਾਂ ਵਿਚ ਸਵੀਕ੍ਰਿਤ ਸੰਸਾਰ ਸਿਰਜਣਾ ਦੇ ਸਿਧਾਂਤ (ਪੰਜ ਤੱਤ) ਦੇ ਅੰਤਰਗਤ ਅੰਮ੍ਰਿਤਾ ਦੀ ਕਵਿਤਾ ਵਿਚ ਪੰਜ ਤੱਤ ਦਾ ਸੰਕਲਪ ਵਿਚਾਰਿਆ ਗਿਆ ਹੈ। ਦਰਅਸਲ, ਅੰਮ੍ਰਿਤਾ ਕਾਵਿ ਦੇ ਬਹੁਦਿਸ਼ਾਈ ਪਾਸਾਰ ਅਜੇ ਵਿਸਤਰਿਤ ਅਤੇ ਗੰਭੀਰ ਅਧਿਐਨ ਦੀ ਮੰਗ ਕਰਦੇ ਹਨ।

ਇਕ ਅਸਲੋਂ ਹੀ ਨਵੇਂ ਪ੍ਰਕਾਸ਼ਕ-ਸੂਰਜ ਪਬਲੀਕੇਸ਼ਨਜ਼ ਦਿੱਲੀ ਦਾ ਪਲੇਠਾ ਜਤਨ ਹੋਣ ਦੇ ਬਾਵਜੂਦ ਇਹ ਸਥਾਪਿਤ ਤੇ ਲੋਟੂ ਪ੍ਰਕਾਸ਼ਕਾਂ ਦੇ ਗੜ੍ਹ ਨੂੰ ਤੋੜਣ ਦੇ ਸਮਰੱਥ ਹੋ ਸਕੇਗਾ—ਅਜਿਹੀ ਮੇਰੀ ਕਾਮਨਾ ਵੀ ਹੈ ਤੇ ਦਾਅਵਾ ਵੀ। ਪੁਸਤਕ ਦੀ ਦਿੱਖ ਤੇ ਪ੍ਰਕਾਸ਼ਨਾ ਪ੍ਰਭਾਵਸ਼ਾਲੀ ਹੈ। ਅੰਤਿਕਾ ਵਜੋਂ ਸਮੁੱਚੇ ਅੰਮ੍ਰਿਤਾ ਸਾਹਿਤ ਦਾ ਵੇਰਵਾ ਹਰ ਵਰਗ ਦੇ ਪਾਠਕਾਂ/ਘੋਖੀਆਂ ਲਈ ਲਾਹੇਵੰਦ ਸਾਬਤ ਹੋਵੇਗਾ। ਸਮੁੱਚੇ ਰੂਪ ਵਿਚ ਪੁਸਤਕ ਇਕ ਚੰਗਾ ਵਾਧਾ ਆਖੀ ਜਾ ਸਕਦੀ ਹੈ। (ਪੰਜਾਬੀ ਗਾਰਡੀਅਨ (ਲੰਡਨ) ਅਪ੍ਰੈਲ 1992)

2. 'ਵੇਕੀ'

'ਵੇਕੀ' ਡਾ. ਮਹਿੰਦਰ ਕੌਰ ਗਿੱਲ ਦੇ ਸਮੇਂ ਸਮੇਂ ਵਿਭਿੰਨ ਸੈਮੀਨਾਰਾਂ/ਪਰਚਿਆਂ ਲਈ ਲਿਖੇ ਖੋਜ ਪੱਤਰਾਂ/ਪੇਪਰਾਂ ਦਾ ਸੰਗ੍ਰਿਹ ਹੈ। ਗੁਰਬਾਣੀ ਅਨੁਸਾਰ 'ਵੇਕੀ' ਦਾ ਅਰਥ ਵੰਨਸੁਵੰਨਾ (ਤੁਧ ਵੇਕੀ ਜਗਤ ਉਪਾਇਆ) ਹੈ। ਹਥਲੀ ਪੁਸਤਕ ਵਿਚ ਲੇਖਿਕਾ ਨੇ ਵਿਵਿਧ ਵਿਸ਼ਿਆਂ ਸਬੰਧੀ ਲਿਖੇ ਪੇਪਰਾਂ ਨੂੰ ਇਕ ਜਿਲਦ ਹੇਠ ਇਕੱਠੇ ਕਰਕੇ ਆਪਣੀ ਖੋਜਾਤਮਿਕ ਅਤੇ ਆਲੋਚਨਾਤਮਿਕ ਸੂਝ ਨੂੰ ਹੋਰ ਪੁਸ਼ਟ ਕੀਤਾ ਹੈ। ਡਾ: ਗਿੱਲ ਇਕ ਅਜਿਹੀ ਸਾਹਿਤ-ਸਾਧਿਕਾ ਹੈ ਜਿਸਨੇ ਸਾਹਿਤ ਨੂੰ ਸਾਧਨਾ ਵਾਂਗ ਪਿਆਰਦਿਆਂ ਆਪਣੇ ਅਧਿਐਨ ਅਤੇ ਮਨੋਬਲ ਸਦਕੇ ਸਾਹਿਤ-ਸੰਸਾਰ ਵਿਚ ਕਾਫੀ ਮੱਲਾਂ ਮਾਰੀਆਂ ਹਨ। ਉਸਦੀ ਖੋਜ ਦਾ ਕੇਂਦਰੀ ਧੁਰਾ ਗੁਰਬਾਣੀ ਅਤੇ ਗੁਰਮਤਿ ਸਾਹਿਤ ਹੈ ਭਾਵੇਂ ਉਸ ਵਿਚ ਇਕ ਕਵਿੱਤਰੀ ਵਾਲੀ ਸੰਵੇਦਨਾ ਅਤੇ ਸੂਖਮਤਾ ਵੀ ਮੌਜੂਦ ਹੈ। ਪੰਜਾਬ ਸਰਕਾਰ, ਪੰਜਾਬੀ ਸਾਹਿਤ ਸਮੀਖਿਆ ਬੋਰਡ ਅਤੇ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਅਨੇਕ ਇਨਾਮਾਂ ਤੇ ਸਨਮਾਨਾਂ ਨਾਲ ਪੁਰਸਕ੍ਰਿਤ ਇਸ ਲੇਖਿਕਾ ਦਾ ਸਾਹਿਤ-ਸਫਰ, ਦਰਿਆ ਦੇ ਸਵੱਛ ਜਲ ਦੀ ਤਰ੍ਹਾਂ ਨਿਰੰਤਰ ਜਾਰੀ ਹੈ।

'ਵੇਕੀ' ਮੂਲ ਰੂਪ ਵਿਚ ਅੱਠ ਪਰਚਿਆਂ ਦਾ ਮਜਮੂਆਂ ਹੈ। ਇਹਨਾਂ ਤੋਂ ਇਲਾਵਾ, ਇਸ ਵਿਚ 'ਦਰੋਪਦੀ ਦਾ ਦੋਸ਼' (ਮਹਿੰਦਰ ਸਿੰਘ ਜੋਸ਼ੀ) ਦਾ ਥੀਮਿਕ ਅਧਿਐਨ ਅਤੇ 'ਮੇਰੀ ਪੀ.ਐਚ.ਡੀ. ਇਕ ਪਿੱਛਲ ਝਾਤ' (ਖੋਜ-ਸਾਧਨਾ ਦੇ ਬਿਖੜੇ ਪੈਂਡਿਆਂ ਦਾ ਸਫਰ) ਨੂੰ ਵੀ ਆਂਕਿਆ ਗਿਆ ਹੈ। ਇਹਨਾਂ ਪਰਚਿਆਂ ਦਾ ਕਲੇਵਰ ਕਾਫ਼ੀ ਵਿਸਤਰਿਤ ਸਮੇਂ ਵਿਚ ਫੈਲਿਆ ਹੋਇਆ ਹੈ ਕਿਉਂਕਿ ਭਾਈ ਵੀਰ ਸਿੰਘ ਤੋਂ ਡਾ:ਜਸਵੰਤ ਸਿੰਘ ਨੇਕੀ ਦੀਆਂ ਕਾਵਿ-ਰਚਨਾਵਾਂ ਇਸ ਦਾ ਚਰਚਾ-ਬਿੰਦੂ ਹੈ। ਲੇਖਿਕਾ ਨੇ ਸ਼ਾਇਦ ਰਚਨਾ-ਕਾਲ ਜਾਂ ਵਿਸ਼ੇਗਤ ਸਮਰੂਪਤਾ ਦੇ ਹਿਸਾਬ ਨਾਲ ਪੁਸਤਕ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ। 'ਭਾਈ ਵੀਰ ਸਿੰਘ ਗੁਰਮਤਿ ਦੇ ਵਿਆਖਿਆਤਾ' 'ਪੂਰਨ ਸਿੰਘ ਕਾਵਿ-ਸੰਸਾਰ' ਅਤੇ 'ਪੂਰਨ ਸਿੰਘ ਕਾਵਿ ਦਾ ਅਧਿਆਤਮਕ ਪੱਖ', ਪਹਿਲੇ ਭਾਗ ਦਾ ਸ਼ਿੰਗਾਰ ਹਨ। 'ਨਾਨਕਾਇਣ: ਇਕ ਮਹਾਂਕਾਵਿ', 'ਪੰਜਾਬ ਕਾਵਿ: ਨਾਰੀ ਦੇਣ' ਅਤੇ ਅੰਮ੍ਰਿਤਾ ਕਾਵਿ ਦਾ ਲੋਕਵੇਦੀ ਅਧਿਐਨ ਨੂੰ ਦੂਸਰੇ ਹਿੱਸੇ ਵਿਚ ਰੱਖਿਆ ਗਿਆ ਹੈ। 'ਖੁਦਕੁਸ਼ੀ' ਤੋਂ ਬਾਅਦ: ਇਕ ਅਧਿਐਨ' (ਡਾ. ਹਰਿਭਜਨ ਸਿੰਘ) ਅਤੇ 'ਕਰੁਣਾ ਦੀ ਛੁਹ ਤੋਂ ਮਗਰੋਂ ਇਕ ਏਕਾਲਾਪ' (ਡਾ. ਨੇਕੀ) ਦੀਆਂ ਕਾਵਿ-ਰਚਨਾਵਾਂ ਦੀ ਸਰੰਚਨਾਤਮਿਕ ਆਲੋਚਨਾ ਨੂੰ ਤੀਜੇ ਭਾਗ ਵਿਚ ਦਰਜ ਕੀਤਾ ਗਿਆ ਹੈ। ਆਲੋਚਨਾ ਦੇ ਦਿੱਲੀ ਸਕੂਲ ਦੇ ਮੋਢੀ ਅਤੇ ਨਾਮਵਰ ਖੋਜੀ-ਸਾਹਿਤਕਾਰ ਡਾ: ਹਰਿਭਜਨ ਸਿੰਘ ਦੀ ਸਾਹਿਤ-ਸ਼ਿਸ਼ਾ ਡਾ: ਗਿੱਲ ਵਸਤੂ-ਗਹਿਰਾਈ ਵਿਚ ਉਤਰਨ ਵਿਚ ਨਿਪੁੰਨ ਹੈ। ਸਿੱਖ ਧਰਮ ਦੇ ਪ੍ਰਤਿਬੱਧ ਲੇਖਕ, ਭਾਈ ਵੀਰ ਸਿੰਘ ਤੋਂ ਇਲਾਵਾ ਸੰਪ੍ਰਦਾਇਕ ਸੰਕੀਰਣਤਾ ਤੋਂ ਕੋਹਾਂ ਦੂਰ, ਅਖੰਡ ਮਾਨਵੀ ਸੰਵੇਦਨਾ ਦੇ ਪੇਸ਼ਕਾਰ ਅਤੇ ਅੰਤਰਬੋਧੀ ਕਵੀ ਪੂਰਨ ਸਿੰਘ ਦੇ ਰਚਨਾ-ਸੰਸਾਰ ਦਾ ਵਧੀਆ ਵਿਸ਼ਲੇਸ਼ਣ ਵੀ ਪ੍ਰਸਤੁਤ ਹੈ। ਪੰਜਾਬੀ ਦੇ ਮਕਬੂਲ ਸ਼ਾਇਰ

ਮੋਹਨ ਸਿੰਘ ਦਾ ਮਹਾਂਕਾਵਿ-ਨਾਨਕਾਇਣ ਲੇਖਿਕਾ ਨੂੰ ਮੌਲਿਕ ਮਹਾਂਦ੍ਰਿਸ਼ਟੀ ਤੋਂ ਸੱਖਣਾ ਜਾਪਦਾ ਹੈ ਜਿਸ ਨਾਲ ਸਾਨੂੰ ਅਸਹਿਮਤੀ ਹੈ। ਪੰਜਾਬੀ ਕਾਵਿ ਨੂੰ ਨਾਰੀਆਂ ਦੀ ਦੇਣ ਦਾ ਵਿਵੇਚਨ-ਵਿਸ਼ਲੇਸ਼ਣ ਕਰਦਿਆਂ ਵੀ ਲੇਖਿਕਾ ਉਲਾਰੂ ਪ੍ਰਵਿਰਤੀ ਦੀ ਸ਼ਿਕਾਰ ਜਾਪਦੀ ਹੈ। ਨਿਰਸੰਦੇਹ, ਅੰਮ੍ਰਿਤਾ ਦਾ ਯੋਗਦਾਨ ਵਿਸ਼ੇਸ਼ ਹੈ ਪਰੰਤੂ ਕੇਵਲ ਅੰਮ੍ਰਿਤਾ ਪੱਖੀ ਹੋ ਕੇ 'ਨਾਰੀ ਦੇਣ' ਦਾ ਸਹੀ ਮੁਲਾਂਕਣ ਨਹੀਂ ਕੀਤਾ ਜਾ ਸਕਦਾ। ਦੇਸ-ਵਿਦੇਸ ਵਿਚ ਅਣਗਿਣਤ ਇਨਾਮ-ਇਕਰਾਮ ਹਾਸਿਲ ਕਰਨ ਵਾਲੀਆਂ ਤੇ ਪੰਜਾਬ ਦੀ ਰਾਜ ਕਵਿੱਤਰੀ ਹੋਣ ਦਾ ਫ਼ਖਰ ਪ੍ਰਾਪਤ ਕਰਨ ਵਾਲੀ ਪ੍ਰਭਜੋਤ ਕੌਰ ਦੇ ਭਰਵੇਂ ਵਿਵੇਚਨ ਦੀ ਅਣਹੋਂਦ ਵਿਚ ਇਹ ਲੇਖ ਅਤਿ ਹੋਲਾ ਜਾਪਦੈ। ਪੰਜਾਬੀ ਕਾਵਿ-ਸੰਸਾਰ ਦੀ ਝੋਲੀ ਭਰਪੂਰਨ ਵਾਲੀ ਪ੍ਰਭਜੋਤ ਬਾਰੇ ਕੇਵਲ ਦੋ ਸਤਰਾਂ ਪੜ੍ਹਕੇ ਸਾਨੂੰ ਲੇਖਿਕਾ ਦੀ ਸਾਹਿਤਕ-ਦਿਆਨਤਦਾਰੀ ਅਤੇ ਸਾਹਿਤਕ ਜ਼ਿੰਮੇਵਾਰੀ 'ਤੇ ਸ਼ੰਕਾ ਉਤਪੰਨ ਹੋ ਗਿਆ ਹੈ ਜਿਵੇਂ :'ਪ੍ਰਭਜੋਤ ਕੌਰ ਦਾ ਕਾਵਿ-ਮੁਲੰਕਣ ਵੱਖਰੇ ਲੇਖ ਦੀ ਮੰਗ ਕਰਦਾ ਹੈ। ਹਾਲ ਦੀ ਘੜੀ ਹੱਥਲੇ ਪਰਚੇ ਦੇ ਆਕਾਰ ਨੂੰ ਧਿਆਨ ਵਿਚ ਰਖਦੇ ਹੋਏ ਮੈਂ ਖਾਮੋਸ਼ ਰਹਿਣਾ ਹੀ ਠੀਕ ਸਮਝਦੀ ਹਾਂ' (ਪੰਨਾ 72) ਪ੍ਰਭਜੋਤ-ਵਿਰੋਧੀ ਇਸ ਕਥਨ ਸਬੰਧੀ ਮੇਰੀ ਅਸਚਰਜਤਾ ਹੋਰ ਵੀ ਵਧ ਗਈ ਜਦੋਂ ਇਸ ਉਪਰੰਤ ਕੁਲਦੀਪ ਕਲਪਨਾ, ਮਨਜੀਤ ਟਿਵਾਣਾ, ਸੁਰਜੀਤ ਕਲਸੀ, ਨਿਰੂਪਮਾ ਦੱਤ ਅਤੇ ਗਗਨ ਗਿੱਲ ਦੀ ਕਾਵਿ-ਦੇਣ ਨੂੰ ਉਦਾਹਰਣਾਂ ਸਹਿਤ ਵਿਸ਼ਲੇਸ਼ਣਾਇਆ ਗਿਆ ਹੈ। ਲੇਖਿਕਾ ਦਾ ਇਹ ਨਿਸ਼ਕਰਸ਼ ਕਿ 'ਅਜੇ ਤਾਂ ਪੰਜਾਬੀ ਕਾਵਿ ਵਿਚ ਇਸਤਰੀ-ਕਵੀਆਂ ਦਾ ਯੋਗਦਾਨ ਅੰਮ੍ਰਿਤਾ ਤੋਂ ਸ਼ੁਰੂ ਹੋ ਕੇ ਅੰਮ੍ਰਿਤਾ ਤੱਕ ਹੀ ਪੁਜਾ ਹੈ ਪਰ ਠਹਿਰਿਆ ਨਹੀਂ।' ਵੀ ਇਸਦੇ ਅੰਮ੍ਰਿਤਾ-ਪੱਖੀ ਹੋਣ ਦੀ ਹਾਮੀ ਭਰਦਾ ਹੈ। ਦੋਸਤੀਆਂ ਪਾਲਣ ਲਈ ਆਪਣੀ ਸਾਹਿਤਿਕ-ਜ਼ਿੰਮੇਵਾਰੀ ਨੂੰ ਛਿੱਕੇ ਟੰਗ ਦੇਣਾ ਕਿਸੇ ਸੁਹਿਰਦ ਲੇਖਕ ਨੂੰ ਸੋਭਾ ਨਹੀਂ ਦਿੰਦਾ।

ਡਾ:ਹਰਿਭਜਨ ਸਿੰਘ ਦੀ 'ਖੁਦਕਸ਼ੀ ਤੋਂ ਬਾਅਦ' ਜਿਹੀ ਥੀਮਕ ਰਚਨਾ, ਜਿਸ ਵਿਚ ਉਹਨਾਂ ਨੇ ਮਰ ਕੇ ਜਿਉਣ ਦੇ ਅਨੁਭਵ-ਛਿਣ ਨੂੰ ਕਾਵਿਆਇਆ ਹੈ, ਦਾ ਲੇਖਿਕਾ ਨੇ ਸੁਹਣਾ ਥੀਮਿਕ ਵਿਸ਼ਲੇਸ਼ਣ ਕੀਤਾ ਹੈ। ਇਸੇ ਤਰ੍ਹਾਂ 'ਕਰੁਣਾ ਦੀ ਛੋਹ ਤੋਂ ਮਗਰੋਂ' ਜਿਹੀ ਮੋਟਿਫ ਭਰਪੂਰ ਲੰਬੀ ਕਵਿਤਾ ਨੂੰ ਉਸਨੇ ਵੈਰਾਲਾਪ ਦਾ ਨਾਂ ਦਿਤਾ ਹੈ। 'ਦਰੋਪਦੀ ਦਾ ਦੋਸ਼' ਦੇ ਵਿਵੇਚਨ ਸਮੇਂ, ਸਮੂਹ ਕਹਾਣੀਆਂ ਨੂੰ ਭਾਵਨਾਤਮਕ, ਭ੍ਰਾਂਤੀਆਤਮਕ, ਵਿਅੰਗਾਤਮਕ ਅਤੇ ਸਫਰਾਤਮਕ ਦੀ ਵਿਸ਼ੇ-ਵੰਡ ਵਿਚ ਵਿਚਾਰਨਾ ਵੀ ਅਸੰਗਤ ਜਾਪਦੈ। ਆਪਣੇ ਪੀ ਐਚ.ਡੀ ਦੇ ਕੁਤਿਤਣਾਂ ਭਰੇ ਅਨੁਭਵ ਨੂੰ ਬਿਆਨ ਕੇ ਖੋਜ-ਸੰਸਾਰ ਅਤੇ ਅਕਾਦਮਿਕ ਜਗਤ ਵਿਚ ਨਿਤਾ-ਪ੍ਰਤਿ ਖੱਜਲ-ਖੁਆਰ ਹੋ ਰਹੇ ਅਣ-ਗਿਣਤ ਖੋਜਾਰਥੀਆਂ ਦੇ ਮੂੰਹ ਦੀ ਗੱਲ ਕਹਿਕੇ ਲੇਖਿਕਾ ਨੇ ਸ਼ਲਾਘਾਯੋਗ ਕੰਮ ਕੀਤਾ ਹੈ।

ਨਿਰਸੰਦੇਹ, ਡਾ: ਗਿੱਲ ਇਕ ਪੜ੍ਹੀ ਗੁੜ੍ਹੀ ਸਾਹਿਤ ਖੋਜੀ ਹੈ ਪਰੰਤੂ ਪੁਸਤਕ ਵਿਚ ਕੁਝ ਵਾਦ-ਵਿਵਾਦੀ ਪ੍ਰਕ੍ਰਿਤੀ ਵਾਲੀਆਂ ਸਤਰਾਂ ਵੀ ਦ੍ਰਿਸ਼ਟੀ-ਗੋਚਰ ਹਨ ਜਿਵੇਂ, 'ਗੁਰਮਤਿ

ਦਾ ਪ੍ਰਚਲਿਤ ਅਰਥ ਸਿਖ ਮਜ਼ਬ ਹੀ ਹੈ' (ਪੰਨਾ 11) ਜਦੋਂ ਕਿ ਸਾਡੀ ਜਾਚੇ, ਇਸ ਦਾ ਸਪੱਸ਼ਟ ਅਰਥ ਸਤਿਗੁਰੂ ਦਾ ਸਿਧਾਂਤ ਜਾਂ ਗੁਰੂ ਵਲੋਂ ਥਾਪਿਆ ਧਰਮ ਦਾ ਨਿਯਮ ਹੈ। ਅਧਿਆਤਮਵਾਦ ਅਤੇ ਰਹੱਸਵਾਦ ਦਾ ਨਿਖੇੜਾ ਕਰਨ ਸਮੇਂ ਵੀ ਵਿਚਾਰਾਂ ਵਿਚ ਅਸਪੱਸ਼ਟਤਾ ਝਲਕਦੀ ਹੈ। ਸਾਹਿਤ-ਸਿਰਜਣਾ ਨੂੰ 'ਮਿਕਦਾਰ' (ਪੰਨਾ 112) ਵਿਚ ਆਂਕਣਾ ਵੀ ਸਹੀਂ ਨਹੀਂ ਜਾਪਦਾ। ਪੰਜਾਬੀ ਭਾਸ਼ਾ ਦਾ ਘੇਰਾ ਮੋਕਲਾ ਕਰਨ ਲਈ ਹੋਰਨਾਂ ਭਾਸ਼ਾਵਾਂ ਦੇ ਪ੍ਰਚਲਿਤ ਸ਼ਬਦਾਂ ਨੂੰ ਅਪਨਾਉਣਾ ਕੋਈ ਦੂਰ-ਰੁਚੀ ਨਹੀਂ ਹੈ ਪਰੰਤੂ ਵਿਦਵਤਾ ਦਾ ਰੋਹਬ ਪਾਉਣ ਲਈ ਔਖੀ ਹਿੰਦੀ ਸੰਸਕ੍ਰਿਤ ਸ਼ਬਦਾਵਲੀ ਘਸੋੜਨਾ ਠੀਕ ਨਹੀਂ ਹੈ। ਕੁਝ ਔਖੇ ਜਾਂ ਉਪਰੇ ਸ਼ਬਦ ਵੇਖੇ ਜਾ ਸਕਦੇ ਹਨ: ਤਾਤਪਰਜ, ਸ਼ਰੁਤੀ, ਸਮਵਿਧ, ਪ੍ਰਤੇਕ, ਉਗ੍ਰ, ਉਦੀਪਤ, ਆਘਾਤਕਾਰੀ, ਵਿਗੋਪਨ ਤੇ ਫੇਬੁਲਾਮਈ ਆਦਿ।

ਸਮੁਚੇ ਤੌਰ ਤੇ ਕਿਹਾ ਜਾ ਸਕਦੈ ਕਿ ਡਾ: ਗਿੱਲ ਪੰਜਾਬੀ ਸਮੀਖਿਆ-ਜਗਤ ਦੀ ਇਕ ਸੰਭਾਵਨਾਵਾਂ ਭਰਪੂਰ ਲੇਖਿਕਾ ਹੈ ਅਤੇ 'ਵੇਕੀ' ਉਸ ਦਾ ਇਕ ਵਧੀਆ ਉਪਰਾਲਾ। (ਅਜੀਤ ਜੂਨ-1984)

ਬਾਣੀ ਬਿਬੇਕ:

'ਬਾਣੀ ਬਿਬੇਕ', ਪੰਜਾਬੀ ਖੋਜ ਅਤੇ ਆਲੋਚਨਾ ਸਾਹਿਤ ਦੀ ਸਥਾਪਿਤ ਅਤੇ ਸੁਪ੍ਰਸਿੱਧ ਲੇਖਕਾ ਡਾ: ਮਹਿੰਦਰ ਕੌਰ ਗਿੱਲ ਦੀ ਤਾਜ਼ਾ ਪੁਸਤਕ ਹੈ। ਨਿਰਸੰਦੇਹ ਪੰਜਾਬੀ ਆਲੋਚਨਾ ਅਤੇ ਖੋਜ-ਖੇਤਰ ਵਿਚ ਹੁਣ ਤਕ ਪੁਰਸ਼ਾਂ ਦੀ ਹੀ ਅਜਾਰੇਦਾਰੀ ਰਹੀ ਹੈ, ਪਰੰਤੂ ਇਸਤਰੀ ਵਿੱਦਿਆ ਦੇ ਪਾਸਾਰ, ਉਸ ਵੱਲੋਂ ਉਪਲਬਧ ਮੌਕਿਆਂ ਦਾ ਯੋਗ ਇਸਤੇਮਾਲ, ਉਸ ਅੰਦਰਲੀ ਬਹੁਪੱਖੀ ਗਹਿਰਾਈ, ਪੁਖਤਾਈ, ਲਗਨ, ਸਿਦਕ, ਸਿਰੜ ਅਤੇ ਤੀਬਰਤਾ ਨੇ ਉਸਨੂੰ ਹਰ ਉਸ ਖੇਤਰ ਵਿਚ ਮਰਦ ਦੇ ਬਰਾਬਰ ਲਿਆ ਖਲ੍ਹਾਰਿਆ ਹੈ, ਜਿਸ ਵਿਚ ਪਹਿਲਾਂ ਉਸਨੂੰ ਬਰਾਬਰੀ ਪ੍ਰਾਪਤ ਨਹੀਂ ਸੀ। ਡਾ: ਗਿੱਲ ਇਕ ਅਜਿਹੀ ਹੀ ਮਿਹਨਤੀ ਅਤੇ ਸਿਰੜੀ ਸਾਹਿਤਕਾਰ ਹੈ, ਜਿਸਨੇ ਖੋਜੀ, ਆਲੋਚਕਾ, ਜੀਵਨੀਕਾਰ, ਸੰਪਾਦਕਾ ਹੋਣ ਦੇ ਨਾਲ ਸਫ਼ਲ ਕਵਿੱਤਰੀ ਹੋਣ ਦਾ ਵੀ ਪ੍ਰਮਾਣ ਦਿੱਤਾ ਹੈ।

'ਬਾਣੀ ਬਿਬੇਕ' ਉਸਦੇ ਵਿਭਿੰਨ ਅਦਾਰਿਆਂ ਸੰਸਥਾਵਾਂ ਅਤੇ ਸੁਭਾਵਾਂ ਵੱਲੋਂ ਲਿਖਵਾਏ ਨੌਂ ਵਿਕੋਲਿੱਤਰੇ ਖੋਜ ਲੇਖਾਂ ਦਾ ਸੰਕਲਣ ਹੈ। ਇਹ ਸਾਰੇ ਲੇਖਕ ਮੱਧਕਾਲੀ ਕਾਵਿ ਨਾਲ ਸੰਬੰਧਿਤ ਹਨ। ਇਹ ਸਾਰੇ ਆਪੋ ਆਪਣੀ ਖੇਤਰੀ-ਸੀਮਾ, ਰੱਖਣ ਦੇ ਬਾਵਜੂਦ ਇਕੋ ਪ੍ਰਵਾਰ ਦੇ ਹਮਵਾਰ ਹਨ। ਇਨ੍ਹਾਂ ਖੋਜ-ਲੇਖਾਂ ਵਿਚ ਉਸਦੀ ਗਹਿਰਾਈ ਅਤੇ ਖੋਜੀ-ਬਿਰਤੀ ਸਪਸ਼ਟ ਝਲਕਦੀ ਹੈ। ਆਲੋਚਨਾ ਦੀਆਂ ਅਜੋਕੀਆਂ ਵਿਧੀਆਂ ਨੂੰ ਆਧਾਰ ਬਣਾ ਕੇ ਉਸਨੇ ਆਪਣੇ ਕੁਝ ਨਿਵੇਕਲੇ ਹੀ ਨਿਸ਼ਕਰਸ ਕੱਢੇ ਹਨ। 'ਬਾਣੀ ਬਿਬੇਕ' ਦੇ ਆਖੀਰ ਵਿਚ ਉਹ ਇਸ ਸਿੱਟੇ ਤੇ ਪਹੁੰਚਦੀ ਹੈ ਕਿ ਬੁੱਧੀ, ਗਿਆਨ ਅਤੇ ਬਿਬੇਕ ਪ੍ਰਯਾਇ ਨਹੀਂ, ਸਗੋਂ ਆਪੋ ਆਪਣੀ ਨਿਸਚਿਤ ਅਰਥ ਸੀਮਾ ਰਖਦੇ ਹਨ। 'ਸੰਸਥਾ ਸਾਰ' ਰਾਇ ਬਲਵੰਡ ਤਥਾ ਸਤੇ ਡੂਮਿ ਰਚਿਤ ਰਾਮਕਲੀ ਦੀ ਵਾਰ ਦਾ ਬਹੁਪੱਖੀ ਵਿਵੇਚਨ

ਹੈ, ਜਿਸ ਵਿਚ ਆਲੋਚਕਾ ਨੇ ਸ਼ਮੂਲੀਅਤ, ਸਮਰੂਪਤਾ, ਸਾਂਝੀਵਾਲਤਾ ਅਤੇ ਸਿਫ਼ਤ ਸਲਾਹ-ਚਾਰ ਗੁਣ ਪ੍ਰਤਿਪਾਦਤ ਕੀਤੇ ਹਨ। 'ਆਸਾ ਦੀ ਵਾਰ' ਅਤੇ 'ਬਾਰਾਂਮਾਹ ਮਾਝ' ਦਾ ਵਿਸ਼ਲੇਸ਼ਣ ਥੀਮ ਪ੍ਰਬੰਧ, ਭਾਸ਼ਾ ਪ੍ਰਬੰਧ, ਪਉੜੀ ਪ੍ਰਬੰਧ, ਰਾਗ ਪ੍ਰਬੰਧ ਅਤੇ ਲੋਕ ਰੂਪ ਪ੍ਰਬੰਧ ਪੱਖੋਂ ਪ੍ਰਸਤੁਤ ਹੈ।

ਪੁਸਤਕ ਦੇ ਦੂਸਰੇ ਖੰਡ ਵਿਚ ਸੰਤ ਸਾਹਿਤ ਵਿਚੋਂ ਉਭਰਦੇ ਨਾਰੀ ਬਿੰਬ ਨੂੰ ਉਘਾੜਿਆ ਗਿਆ ਹੈ। ਇੱਥੇ ਆਲੋਚਕਾ ਦਾ ਸੰਤ ਬਾਣੀ ਅਤੇ ਗੁਰਬਾਣੀ ਵਾਲਾ ਨਿਖੇੜਾ ਵਿਵਾਦੀ ਜਾਪਦਾ ਹੈ, ਕਿਉਂਕਿ ਸਮੁਚੀ ਗੁਰਬਾਣੀ ਪਹਿਲਾਂ ਸੰਤ ਬਾਣੀ ਹੈ ਅਤੇ ਪਿੱਛੋਂ ਕੁਝ ਹੋਰ। ਨਾਰੀ ਨੂੰ ਸੰਤ-ਦ੍ਰਿਸ਼ਟੀ ਅਤੇ ਅਭਿਵਿਅਕਤੀ ਮਾਧਿਅਮ ਦੋਵਾਂ ਪੱਖਾਂ ਤੋਂ ਵਿਸ਼ਲੇਸ਼ਣਾਇਆ ਗਿਆ ਹੈ। ਨਾਰੀ ਸਰੂਪ ਨੇ ਜਿੱਥੇ ਸੰਤ ਬਾਣੀ ਨੂੰ ਅਧਿਆਤਮਕ ਗਹਿਰਾਈ ਦਿੱਤੀ ਹੈ, ਉੱਥੇ ਸਮਾਜਿਕਤਾ ਨਾਲ ਵੀ ਜੋੜੀ ਰੱਖਿਆ ਹੈ। ਮੱਧ-ਕਾਲੀਨ ਕਾਵਿ-ਬੋਧ ਦੀ ਵਿਲੱਖਣ ਪ੍ਰਤੀਤੀ ਉਘਾੜਦਿਆਂ ਗਿੱਲ ਇਸ ਸਿੱਟੇ ਤੇ ਪਹੁੰਚਦੀ ਹੈ ਕਿ ਜਿੱਥੇ ਰੱਬ ਜ਼ਿੰਦਗੀ ਦੀ ਮਹਾਨ ਸ਼ਕਤੀ ਹੈ, ਉੱਥੇ ਮਨੁੱਖ ਵੀ ਮਨੁੱਖ ਦੀ ਜ਼ਿੰਦਗੀ ਵਿਚ ਘਟ ਮਹੱਤਤਾ ਨਹੀਂ ਰੱਖਦਾ। ਤੀਸਰਾ ਖੰਡ ਬਾਣੀ ਦੇ ਮੁਕਤ ਛੰਦ-ਪ੍ਰਬੰਧ ਅਤੇ ਗੁਰੂ ਅਰਜਨ ਦੇਵ ਦੇ ਬਹੁਪੱਖੀ ਬਾਣੀ ਸੰਦੇਸ਼ ਸਬੰਧੀ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦੈ ਕਿ ਹਥਲੀ ਪੁਸਤਕ ਆਲੋਚਨਾ ਸਾਹਿਤ ਵਿਚ ਵਿਲੱਖਣ ਵਾਧਾ ਹੈ। (ਅਜੀਤ, ਮਈ 1987)

3. ਸਿਰਜਣਾ ਅਤੇ ਸਾਧਨਾ

'ਸਿਰਜਣਾ ਅਤੇ ਸਾਧਨਾ' ਸਵਰਗੀ ਡਾ: ਮਨੋਹਰ ਕੌਰ ਅਰਪਨ ਦੇ ਕੁਝ ਸਾਹਿਤਕ ਲੇਖਾਂ ਦਾ ਸੰਗ੍ਰਿਹ ਹੈ ਜੋ ਉਹਨਾਂ ਦੇ ਪਤੀ, ਡਾ: ਸੁਰਜੀਤ ਸਿੰਘ ਸੇਠੀ ਦੇ ਨਿਰੰਤਰ ਯਤਨਾਂ ਸਦਕਾ ਹੋਂਦ ਵਿਚ ਆ ਸਕਿਆ ਹੈ। ਇਸ ਆਲੋਚਨਾਤਮਕ ਪੁਸਤਕ ਦਾ ਗੰਭੀਰ ਅਧਿਐਨ ਇਸ ਗੱਲ ਦਾ ਸੰਕੇਤ ਹੈ ਕਿ ਲੇਖਕਾ ਮੁੱਢ ਤੋਂ ਹੀ ਬਹੁਤ ਸਾਹਿਤਿਕ ਰੁਚੀਆਂ ਦੀ ਮਾਲਕ ਸੀ। ਡਾ: ਸੁਰਜੀਤ ਸਿੰਘ ਸੇਠੀ ਦੀ ਪਤਨੀ ਹੋਣ ਦੇ ਨਾਤੇ ਉਸ ਨੇ ਆਪਣੇ ਆਪ ਨੂੰ ਸਥਾਪਿਤ ਲੇਖਕਾ ਬਨਾਉਣ ਦਾ ਯਤਨ ਨਹੀਂ ਕੀਤਾ ਕਿਉਂਕਿ ਉਸ ਨੇ ਵੱਡੀ ਲੇਖਕਾ ਅਖਵਾਉਣ ਲਈ ਕਚਘਰੜ, ਕੱਚੀਆਂ-ਪਿਲੀਆਂ, ਲਿਖਤਾਂ ਨਹੀਂ ਲਿਖੀਆਂ ਸਗੋਂ ਉਸ ਦਾ ਤਾਂ ਵਿਸ਼ਵਾਸ ਸੀ, 'ਮੈਨੂੰ ਕੋਈ ਖਾਹਿਸ਼ ਨਹੀਂ ਕਿ ਮੈਨੂੰ ਲੋਕ ਲੇਖਕ ਦੇ ਤੌਰ ਤੇ ਜਾਣਨ। ਲੋਕ ਜੇ ਮੈਨੂੰ ਇਕ ਜਾਣੇ-ਪਛਾਣੇ ਲੇਖਕ ਦੀ ਪਤਨੀ ਦੇ ਤੌਰ ਤੇ ਹੀ ਯਾਦ ਰੱਖਦ ਤਾਂ ਵੀ ਮੇਰੀ ਖੁਸ਼ਕਿਸਮਤੀ ਹੈ। ਇਸੇ ਲਈ ਆਪਣੇ ਜਿਉਂਦੇ ਜੀਅ ਡਾ: ਮਨੋਹਰ ਕੌਰ ਨੇ ਕਦੇ ਵੀ ਛਪਣ ਦੀ ਕੋਸ਼ਿਸ਼ ਨਹੀਂ ਕੀਤੀ ਭਾਵੇਂ ਡਾ: ਸੇਠੀ ਦੇ ਕਥਨ ਅਨੁਸਾਰ ਉਸ ਦੀਆਂ ਰਚਨਾਵਾਂ ਨਾਲ ਘਰ ਦੀਆਂ ਅਲਮਾਰੀਆਂ ਭਰੀਆਂ ਪਈਆਂ ਹਨ। ਉਸ ਦਾ ਪੀ. ਐਚ. ਡੀ. ਦਾ ਖੋਜ ਪ੍ਰਬੰਧ 'ਥੀਏਟਰ ਆਫ ਕਰੂਐਲਟੀ' ਜਿਹੜਾ ਇਕ ਵਿਲੱਖਣ ਵਿਸ਼ੇ ਨਾਲ ਸਬੰਧਿਤ ਆਖਿਆ ਜਾ ਸਕਦੈ, ਵੀ ਅਜੇ ਤੱਕ ਅਪ੍ਰਕਾਸ਼ਿਤ ਹੈ, ਇਸ ਲਈ 'ਸਿਰਜਣਾ ਅਤੇ ਸਾਧਨਾ' ਦੀ ਪ੍ਰਕਾਸ਼ਨਾ ਉਪਰੰਤ

ਸਾਨੂੰ ਮਰਹੂਮ ਲੇਖਕਾਂ ਦੀਆਂ ਹੋਰ ਅਣ-ਪ੍ਰਕਾਸ਼ਿਤ ਰਚਨਾਵਾਂ ਹੋਣ ਦਾ ਵੀ ਯਕੀਨ ਹੋ ਗਿਆ ਹੈ ਕਿਉਂਕਿ ਡਾ: ਸੁਰਜੀਤ ਸਿੰਘ ਸੇਠੀ ਦੇ ਵਿਛੜੇ ਮਹਿਬੂਬ ਸਾਥੀ ਦੀ ਯਾਦ ਨੂੰ ਅਮਰ ਕਰਨ ਲਈ ਉਪਰਾਲੇ ਨਿਰਸੰਦੇਹ ਹੀ ਆਪਣਾ ਰੰਗ ਵਿਖਾਉਣਗੇ। ਪੰਜਾਬੀ ਅਦਬ ਦੇ ਇਕ ਬਹੁਤ ਕੱਦਾਵਰ ਗਲਪਕਾਰ ਸੇਠੀ ਦੀ ਲੇਖਕ-ਪ੍ਰੇਰਣਾ, ਉਸ ਦੀ ਨਿਰੰਤਰ ਸ਼ਕਤੀ ਸਰੋਤ ਉਸ ਦੀ ਪਹਿਲੀ ਪਾਠਕ ਅਤੇ ਆਲੋਚਕ ਡਾ: ਮਨੋਹਰ ਕੌਰ ਅਰਪਨ ਇਕ ਸਾਧਾਰਨ ਔਰਤ ਨਹੀਂ ਸੀ। ਇਸ ਪੁਸਤਕ ਦੇ ਸਤਾਰਾਂ ਲੇਖਾਂ ਵਿਚ ਉਹ ਖ਼ੁਦ ਮੂੰਹੋਂ ਗੱਲਾਂ ਕਰਦੀ ਪ੍ਰਤੀਤ ਹੁੰਦੀ ਹੈ।

ਭਾਵੇਂ ਉਹ ਪਹਿਲੇ ਅਤੇ ਮੌਜੂਦਾ ਜ਼ਮਾਨੇ ਦੀ ਤੁਲਨਾ ਕਰ ਰਹੀ ਹੋਵੇ, ਚਾਹੇ ਸਮਕਾਲੀ ਪੰਜਾਬੀ ਆਲੋਚਨਾ ਸਬੰਧੀ ਵਿਚਾਰ ਕਰ ਰਹੀ ਹੋਵੇ ਭਾਵੇਂ ਉਹ ਪੂਰਨ ਸਿੰਘ ਜਿਹੇ ਰਹੱਸਵਾਦੀ ਦੀ ਮੌਲਿਕਤਾ ਬਾਰੇ ਲਿਖ ਰਹੀ ਹੋਵੇ ਜਾਂ ਕਰਾਂਤੀਕਾਰੀ ਬਾਵਾ ਬਲਵੰਤ ਦਾ ਵਿਸ਼ਲੇਸ਼ਣ ਕਰ ਰਹੀ ਹੋਵੇ, ਸ਼ਿੰਗਾਰ ਰਸੀ ਕਵਿਤਾ ਦਾ ਲੇਖਾ-ਜੋਖਾ ਕਰ ਰਹੀ ਹੋਵੇ ਜਾਂ ਥੀਏਟਰ ਆਫ ਕਰੂਐਲਟੀ ਦੇ ਸੰਕਲਪ ਤੇ ਲਿਖ ਰਹੀ ਹੋਵੇ

ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ ਪ੍ਰਗਟਾ ਰਹੀ ਹੋਵੇ ਜਾਂ ਫਰੀਦ ਤੇ ਗੁਰੂ ਤੇਗ ਬਹਾਦਰ ਦੇ ਸਲੋਕਾਂ ਦਾ ਤੁਲਨਾਤਮਿਕ ਅਧਿਐਨ ਪ੍ਰਸਤੁਤ ਕਰ ਰਹੀ ਹੋਵੇ ਅਤੇ ਭਾਵੇਂ ਕ੍ਰਿਪਾ ਸਾਗਰ ਦੇ ਅਮਰ ਪਾਤਰ ਲਖਸ਼ਮੀ ਦੇਵੀ ਬਾਰੇ ਆਪਣੇ ਵਿਚਾਰ ਪੇਸ਼ ਕਰ ਰਹੀ ਹੋਵੇ, ਸੰਤੁਲਿਤ ਸੋਚ, ਸਰਲਤਾ, ਸੁਖੈਨਤਾ ਅਤੇ ਸਪੱਸ਼ਟਤਾ ਦਾ ਉਹ ਕਿੱਧਰੇ ਵੀ ਲੜ ਨਹੀਂ ਖਿਸਕਣ ਦਿੰਦੀ। ਹਾਂ ਕਿਤੇ-ਕਿਤੇ, ਡਾ: ਸੁਰਜੀਤ ਸਿੰਘ ਸੇਠੀ ਦਾ ਬਹੁਵਾਰ ਜ਼ਿਕਰ ਕੁਝ ਚੁੱਭਣ ਲੱਗ ਪੈਂਦਾ ਹੈ ਪ੍ਰੰਤੂ ਇਹ ਸੁਭਾਵਿਕ ਹੀ ਹੈ। ਪੁਸਤਕ ਵਿਚਲੇ ਜ਼ਿਆਦਾ ਲੇਖ ਪੰਜਾਬੀ ਦੇ ਚਰਚਿਤ ਅਤੇ ਸਥਾਪਿਤ ਰਸਾਲਿਆਂ ਵਿਚੋਂ ਲਏ ਗਏ ਹਨ ਜਿਵੇਂ ਆਰਸੀ, ਜਾਗ੍ਰਤੀ, ਲੋਅ, ਕਹਾਣੀ, ਚੇਤਨਾ, ਸਾਹਿਤ ਸਮਾਚਾਰ ਅਤੇ ਪੰਜਾਬੀ ਦੁਨੀਆਂ ਆਦਿ।

ਸਵਰਗਵਾਸੀ ਲੇਖਕਾ ਦਾ ਸ਼ਬਦ ਭੰਡਾਰ, ਵਾਰਤਕ ਸੂਝ ਅਤੇ ਗਿਆਨ-ਖ਼ਜ਼ਾਨਾ ਵਿਸ਼ਾਲ ਸੀ। ਉਪਰੋਕਤ ਹਰ ਵਿਸ਼ੇ ਬਾਰੇ ਉਸ ਦੀ ਪਕੜ ਬੜੀ ਪੀਡੀ ਹੈ। ਉਹ ਸੌੜੀਆਂ ਸੋਚਾਂ ਤੋਂ ਆਜ਼ਾਦ ਹੋ ਕੇ ਵਿਚਰੀ ਹੈ।

4. ਉਹ ਸੋਚਦੀ ਹੈ

'ਉਹ ਸੋਚਦੀ ਹੈ' ਰਾਹੀਂ ਤੇਜਿੰਦਰ ਗੁਜਰਾਲ ਪਹਿਲੀ ਵਾਰ ਕਹਾਣੀ-ਜਗਤ ਦੇ ਰੂਬਰੂ ਹੋ ਰਹੀ ਹੈ। ਗਿਆਰਾਂ ਕਹਾਣੀਆਂ ਦੇ ਇਸ ਸੰਗ੍ਰਹਿ ਵਿਚ ਤੇਜਿੰਦਰ ਨੇ ਸਮਕਾਲੀ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਨੂੰ ਤਰਕਜੁਗਤ ਢੰਗ ਨਾਲ ਵਿਆਖਿਆਇਆ ਹੈ। ਅਨੁਭਵ ਦੀ ਪ੍ਰੌੜ੍ਹਤਾ, ਉਮਰ ਦੇ ਪਕੇਰੇਪਨ ਅਤੇ ਜੀਵਨ-ਤਜਰਬੇ ਦੀ ਵਿਸ਼ਾਲਤਾ ਦੀ ਅਣਹੋਂਦ ਦੇ ਬਾਵਜੂਦ ਜਜ਼ਬੇ ਦੀ ਤੀਖਣਤਾ, ਵਸਤਾਂ-ਵਿਅਕਤੀਆਂ ਪ੍ਰਤਿ ਡੂੰਘੇਰੇ ਅਹਿਸਾਸ ਅਤੇ ਸ਼ਿੱਦਤ ਭਰੀ ਸੋਚਣੀ ਸਦਕੇ ਉਸਦੇ ਪਲੇਠੇ ਕਹਾਣੀ ਸੰਗ੍ਰਹਿ ਤੋਂ ਹੀ ਉਸਦੀ ਕਹਾਣੀ-ਕਲਾ ਦਾ ਭਵਿੱਖ ਸੰਭਾਵਨਾਵਾਂ ਭਰਿਆ ਦ੍ਰਿਸ਼ਟੀਗੋਚਰ ਹੁੰਦਾ ਹੈ।

ਤੇਜਿੰਦਰ ਨੇ ਅਤਿ ਸਾਧਾਰਨ ਅਤੇ ਪ੍ਰਚਲਿਤ ਵਿਸ਼ਿਆਂ ਨੂੰ ਅਪਣਾਉਂਦਿਆਂ ਵੀ ਉਹਨਾਂ ਦੇ ਨਿਭਾਉ ਵਿਚ ਇਕ ਵੱਖਰੀ ਪਹਿਚਾਣ ਕਾਇਮ ਕੀਤੀ ਹੈ । ਹੁਸਨ ਇਸ਼ਕ ਦੇ ਪਰੰਪਰਿਕ ਵਿਸ਼ੇ ਦੇ ਪ੍ਰਸਤੁਤੀਕਰਣ ਦੀ ਬਜਾਇ ਉਹ ਉਹਨਾ ਯਥਾਰਥਿਕ ਵਿਸ਼ਿਆਂ ਨੂੰ ਆਪਣੀ ਕਲਮ ਦਾ ਮਾਧਿਅਮ ਬਣਾਉਂਦੀ ਹੈ ਜਿਹੜੇ ਅੱਜ ਦੇ ਵਿਕਸਿਤ ਅਤੇ ਆਧੁਨਿਕ ਸਮਾਜ 'ਤੇ ਕਲੰਕ ਵੀ ਹਨ ਅਤੇ ਇਸ ਲਈ ਘਾਤਕ ਵੀ । ਭੁੱਖ, ਪੱਥਰ, ਕਾਲ ਤੇ ਆਦਮੀ, ਆਪਣੀ ਵਾਰ, ਮੈਂ ਤਾਂ ਅੱਕ ਹੀ ਚੱਬਣੇ ਹਨ, ਭੁੱਬਲ ਦੀ ਅੱਗ, ਮਾਂ, ਔੜ, ਪੇਟ ਨਾਲ ਬੱਝੇ ਕਦਮ, ਧਰਮਰਾਜ ਵਿਚ ਅਤੇ ਉਹ ਸੋਚਦੀ ਹੈ, ਉਸਦੀਆਂ ਅਜਿਹੀਆਂ ਕਹਾਣੀਆਂ ਹਨ ਜਿਹਨਾਂ ਦੇ ਮੋਟਿਫ ਹਨ ਕਿ ਦੁਨੀਆਂ ਇਕ ਨਿਰੰਤਰ ਛਲਾਵਾ ਹੈ ਜਿਸ ਵਿਚ ਭ੍ਰਿਸ਼ਟਾਚਾਰ, ਵੱਢੀਖੋਰੀ, ਰਿਸ਼ਵਤਖੋਰੀ, ਹੇਰਾਫੇਰੀ, ਸਵਾਰਥ-ਭਾਵਨਾ ਅਤੇ ਦੁਰਾਚਾਰ ਪੂਰੀ ਤਰ੍ਹਾਂ ਘਰ ਕਰ ਚੁੱਕਾ ਹੈ । ਮਾਪਿਆਂ ਦੀ ਆਵੱਸ਼ਕਤਾ ਅਤੇ ਉਹਨਾਂ ਦਾ ਮਹੱਤਵ, ਮਾਂ ਦੀ ਮਮਤਾ, ਗ਼ਰੀਬੀ ਦੀ ਲਾਹਨਤ, ਮਨ-ਬਾਂਛਤ ਸਾਥੀ ਦੀ ਮਹੱਤਤਾ, ਮਨੁੱਖਾ ਜਨਮ ਦੀ ਸ੍ਰੇਸ਼ਠਤਾ ਅਤੇ ਮਾਨਵ ਗੌਰਵ ਦੀ ਗਾਥਾ, ਧੀ ਦੇ ਜਨਮ ਸਮੇਂ ਪਰਿਵਾਰ ਦੇ ਮਨੋ-ਭਾਵ, ਭੁੱਖੇ ਪੇਟ ਦੀ ਮਨੋ-ਅਵਸਥਾ ਪ੍ਰਗਟਾਉਣ ਵਿਚ ਤੇਜਿੰਦਰ ਨੂੰ ਕਾਫੀ ਮੁਹਾਰਿਤ ਹਾਸਿਲ ਹੈ । ਵਿਸ਼ੇਗਤ ਵਿਵਿਧਤਾ ਦੀ ਅਣਹੋਂਦ ਦੇ ਬਾਵਜੂਦ, ਲੇਖਿਕਾ ਦਾ ਵਿਸ਼ੇ-ਨਿਭਾਉ ਕਈ ਪ੍ਰਸੰਗਾਂ ਵਿਚ ਕਮਾਲ ਦਾ ਹੈ । 'ਭੁੱਖ', 'ਪੱਥਰ', 'ਪੇਟ ਨਾਲ ਬੱਝੇ ਕਦਮ' ਅਤੇ 'ਕਾਲ ਤੇ ਆਦਮੀ' ਇਸ ਸੰਗ੍ਰਹਿ ਦੀਆਂ ਵਧੀਆ ਕਹਾਣੀਆਂ ਆਖੀਆਂ ਜਾ ਸਕਦੀਆਂ ਹਨ । ਅਸੀਂ ਕਹਾਣੀਕਾਰਾ ਦੇ ਇਸ ਵਿਚਾਰ ਨਾਲ ਬਿਲਕੁਲ ਮੁਤਫ਼ਿਕ ਹਾਂ ਕਿ ਅੱਜ ਦਾ ਮਨੁੱਖੀ ਢਾਂਚਾ ਹੀ ਭਟਕ ਰਿਹਾ ਹੈ । ਕਿਸੇ ਨੂੰ ਜਿਸਮ ਦੀ ਭੁੱਖ ਹੈ, ਕਿਸੇ ਨੂੰ ਪੇਟ ਦੀ ਤੇ ਕਿਸੇ ਨੂੰ ਨਾਂ ਦੀ । ਜਿੱਥੇ ਗ਼ਰੀਬ ਭੁੱਖ ਦਾ ਸਤਾਇਆ ਮਰਨ ਲਈ ਮਜਬੂਰ ਹੈ, ਉੱਥੇ ਅਮੀਰ ਰਜੇਵੇਂ ਦਾ ਮਾਰਿਆ ਜਿਉਣੋਂ ਆਤੁਰ ਹੈ । 'ਕਾਲ ਤੇ ਆਦਮੀ' ਮਨੁੱਖਾ ਜੀਵਨ ਦੀ ਵਾਸਤਵਿਕਤਾ ਨੂੰ ਪ੍ਰਤੀਕਾਤਮਕ ਅਤੇ ਵਿਅੰਗਾਤਮਕ ਢੰਗ ਨਾਲ ਪ੍ਰਸਤੁਤ ਕਰਦੀ ਹੈ । ਇਸੇ ਤਰ੍ਹਾਂ ਧੀ ਦੀ ਮੌਤ ਉਪਰੰਤ, ਉਸ ਦੇ ਵਿਛੋੜੇ ਨੂੰ ਸ਼ਿੱਦਤ ਨਾਲ ਮਹਿਸੂਸਣ ਦੀ ਬਜਾਇ ਇਹ ਆਖ ਕੇ ਕਿ 'ਲੈ ਧੀਏ ਗੁੜ ਖਾਈਂ, ਪੂਣੀ ਕੱਤੀਂ...। ਆਪ ਨਾ ਆਈਂ ਵੀਰ ਨੂੰ ਘੱਤੀਂ', ਉਸਨੂੰ ਦਫ਼ਨਾਉਣਾ ਸਾਡੇ ਵਿਕਸਿਤ ਸਮਾਜ ਵਿਚ ਅਜੇ ਵੀ ਲੜਕੀ ਦੀ ਦੁਰਗਤੀ ਦਾ ਸੰਕੇਤ ਹੈ ।

ਇਸ ਸੰਗ੍ਰਿਹ ਵਿਚਲੀਆਂ ਕੁਝ ਕਹਾਣੀਆਂ ਬਹੁਤ ਸਾਧਾਰਨ ਪੱਧਰ ਤੱਕ ਹੀ ਸੀਮਤ ਹਨ ਜਿਵੇਂ ਮਾਂ (ਮੁਲਤਾਨੀ ਬੋਲੀ ਦੀਆਂ ਵਿਸਾਖੀਆਂ ਦੇ ਸਹਾਰੇ ਉਸਾਰੀ ਗਈ) ਅਤੇ ਆਪਣੀ ਵਾਰ ਆਦਿ । ਬਾਵਜੂਦ ਇਸਦੇ, ਅਸੀਂ ਸੰਗ੍ਰਹਿ ਦੇ ਮੁੱਖ ਬੰਦ ਵਿਚ ਪ੍ਰਗਟਾਏ ਡਾ. ਦਲੀਪ ਕੌਰ ਟਿਵਾਣਾ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕਰਦੇ ਹਾਂ ਕਿ ਤੇਜਿੰਦਰ ਜ਼ਿੰਦਗੀ ਦੇ ਕਾਲੇ ਹਨੇਰੇ ਵਿਚ ਠੋਹਕਰਾਂ ਖਾਂਦੀਆਂ ਅਤੇ ਤਨੋਂ, ਮਨੋਂ ਘਾਇਲ ਜ਼ਿੰਦਾਂ ਬਾਰੇ ਸੋਚਦੀ ਹੈ ਅਤੇ ਲੋਕਾਂ ਵਿਚਲੀ ਸੁਹਿਰਦਤਾ, ਅਪਣੱਤ ਅਤੇ ਸਿਆਣਪ ਦੇ ਗਵਾਚ ਜਾਣ 'ਤੇ ਹੰਝੂ ਕੇਰਦੀ ਹੈ ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਕਥਾ-ਜਗਤ ਵਿਚ ਤੇਜਿੰਦਰ ਦਾ ਆਗਮਨ ਮੁਬਾਰਕ ਹੈ ਜਿਸ ਤੋਂ ਭਵਿੱਖ ਵਿੱਚ ਕਾਫ਼ੀ ਵੱਡੀਆਂ ਪ੍ਰਾਪਤੀਆਂ ਦੀ ਸੰਭਾਵਨਾ ਹੈ। (ਅਜੀਤ, ਜਨਵਰੀ 1984)

5. ਨਵਾਂ ਸਵੇਰਾ

ਤਮੰਨਾ ਹੈ ਮੇਰੀ ਨਵਾਂ ਸਵੇਰਾ ਵੇਖਣ ਦੀ
ਦੇਸ਼ ਵਾਸੀਓ ਸਾਥ ਦਿਓ
ਦੂਰ ਕਰੋ ਦੂਈ ਦ੍ਵੈਤ ਮਜ਼ਹਬਾਂ ਦੇ ਝੇੜੇ,
ਇੱਥੇ ਖੁਸ਼ਹਾਲੀ ਰਹਿਣ ਦਿਓ।

ਸੁਖਦੇਵ ਕੌਰ ਚਮਕ ਰਚਿਤ 'ਨਵਾਂ ਸਵੇਰਾ' ਮੂਲ ਰੂਪ ਵਿਚ ਕੌਮੀ ਏਕਤਾ, ਅਖੰਡਤਾ ਅਤੇ ਦੇਸ਼-ਪ੍ਰੇਮ ਦੀ ਭਾਵਨਾ ਨਾਲ ਓਤਪੋਤ ਕਾਵਿ-ਰਚਨਾ ਹੈ। ਸਰਵਰਕ ਤੋਂ ਲੈ ਕੇ ਇਸ ਦੇ ਅੰਤਮ ਪੰਨੇ ਤੱਕ ਅੰਕਿਤ ਕਵਿਤਰੀ ਦੇ ਇਹ ਭਾਵ ਸਾਡੇ ਉਪਰੋਕਤ ਵਿਚਾਰ ਦੀ ਪੁਸ਼ਟੀ ਕਰਦੇ ਹਨ। ਮਿਸਜ਼ ਚਮਕ ਦਾ ਦਾਅਵਾ ਹੈ ਕਿ ਉਸ ਦੇ ਇਸ ਪਲੇਠੇ ਕਾਵਿ-ਸੰਗ੍ਰਹਿ ਵਿਚ ਉਸਦੇ ਬੀਤੇ ਤਿੰਨ ਵਰ੍ਹਿਆਂ ਦੇ ਜੀਵਨ ਵਿਚ ਆਏ ਉਤਾਰਾਂ-ਚੜ੍ਹਾਵਾਂ, ਦੁੱਖਾਂ-ਸੁੱਖਾਂ, ਖੁਸ਼ੀਆਂ-ਗ਼ਮੀਆ, ਪੀੜਾਂ ਤੇ ਝੋਰਿਆਂ ਤੋਂ ਉਤਪੰਨ ਕਵਿਤਾਵਾਂ, ਗਜ਼ਲਾਂ, ਗੀਤ, ਰੁਬਾਈਆਂ, ਅਤੇ ਕਾਵਿ-ਟੋਟਕੇ ਸੰਮਲਿਤ ਹਨ। ਪ੍ਰੰਤੂ ਸਾਡੀ ਜਾਂਚੇ ਇਸਤਰੀ ਦੇ ਕੋਮਲ ਮਨ ਦੀ ਤਰਜਮਾਨੀ ਦੇ ਨਾਲ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਲਾ ਸੁਰ ਵਧੇਰੇ ਬੁਲੰਦ ਹੈ। ਅਜੋਕੇ ਯੁਗ ਦੇ ਖੰਡਿਤ ਹੋਂਦ ਵਾਲੇ, ਪਲ-ਪਲ ਛਿੰਨ-ਛਿੰਨ ਟੁੱਟ ਰਹੇ, ਜੁੜ ਰਹੇ ਅਤੇ ਇਕਲਾਪਾ ਭੋਗ ਰਹੇ, ਲਘੂ ਮਾਨਵੀ ਹੋਂਦ ਹੰਢਾ ਰਹੇ, ਬੇਇਨਸਾਫ਼ੀ, ਬੇਕਾਰੀ, ਗਰੀਬੀ, ਮਹਿੰਗਾਈ ਅਤੇ ਭ੍ਰਿਸ਼ਟਾਚਾਰੀ ਨਿਜ਼ਾਮ ਨਾਲ ਦੋ ਚਾਰ ਹੋ ਰਹੇ ਮਨੁੱਖ ਪ੍ਰਤਿ ਉਸਦੀ ਪ੍ਰਤਿਬੱਧਤਾ ਘਟ ਦ੍ਰਿਸ਼ਟੀਗੋਚਰ ਹੁੰਦੀ ਹੈ। ਕਿੱਤੇ ਵਲੋਂ ਇਕ ਸਕੂਲ ਅਧਿਆਪਕਾ ਹੁੰਦਿਆਂ ਉਹ ਜਿਵੇਂ ਵਿਦਿਆਰਥੀਆਂ ਨੂੰ ਥਾਂ ਥਾਂ ਦੇਸ਼ ਦੀ ਏਕਤਾ ਦਾ ਪ੍ਰਚਾਰ ਕਰ ਰਹੀ ਹੋਵੇ:

ਮਾਨਵਤਾ ਦਾ ਖ਼ੂਨ ਕਿਉਂ ਕਰਦੇ ?
ਨਿੱਤ ਨਿੱਤ ਇਹ ਧਰਮਾਂ ਦੇ ਰਾਖੇ।
ਹਿੰਦੂ ਮੁਸਲਿਮ ਸਿੱਖ ਈਸਾਈ,
ਜੇ ਸਾਰੇ ਹਨ ਭਾਈ ਭਾਈ।
ਕਿਉਂ ਇਕ ਭਾਈ ਦੇ ਸੀਨੇ ਵਿਚ,
ਦੂਜਾ ਭਾਈ ਖੋਭ ਦਏ ਕਟਾਰੀ ?

ਇਸ ਪੁਸਤਕ ਵਿਚ ਇਕਵੰਜਾ ਕਵਿਤਾਵਾਂ, ਕੁਝ ਗੀਤ ਤੇ ਗ਼ਜ਼ਲਾਂ, ਰੁਬਾਈਆਂ ਅਤੇ ਕੁਝ ਕਾਵਿ-ਟੋਟਕੇ ਦਰਜ ਹਨ। ਵਿਸ਼ੇਗਤ ਅਧਿਐਨ ਪੱਖੋਂ ਅਸੀਂ ਇਹਨਾਂ ਸਮੂਹ ਰਚਨਾਵਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵਿਭਾਜਿਤ ਕੀਤੇ। ਦੇਸ਼ ਦੀ ਏਕਤਾ, ਅਖੰਡਤਾ ਨੂੰ ਪ੍ਰਚਾਰਦੀਆਂ ਕਵਿਤਾਵਾਂ ਜਿਵੇਂ ਨਵਾਂ ਸਵੇਰਾ, ਉੱਠੋ ਜੁਆਨੋਂ ਦੇਸ਼ ਦਿਓ, ਇਕ ਸੁਪਨਾ,

ਦੇਸ਼ ਭਗਤਾਂ ਦੇ ਨਾਂ ਇਕ ਖ਼ਤ, ਦੇਸ਼ ਮੇਰਾ ਮਾਨਵ, ਦੇਸ਼ ਪ੍ਰੇਮ, ਸਾਂਝਾਂ ਦਾ ਦੇਸ਼, ਏਕਾ ਹੈ ਪ੍ਰੇਮ, ਹਿੰਦੂ ਸਿੱਖ, ਮੇਰਾ ਭਾਰਤ ਵਰਸ਼ ਖੁਸ਼ਹਾਲ ਬਣਾਓ ਅਤੇ ਧਰਮ ਤੇ ਮਰਯਾਦਾ। ਇਹਨਾਂ ਕਵਿਤਾਵਾਂ ਵਿਚੋਂ ਵਧੇਰੇ ਦੀ ਸੁਰ ਪ੍ਰਚਾਰਾਤਮਿਕ ਜਾਪਦੀ ਹੈ। ਉਂਝ ਇਹ ਚੰਗੀਆਂ ਕਵਿਤਾਵਾਂ ਦੀ ਸ਼੍ਰੇਣੀ ਵਿਚ ਆਉਂਦੀਆਂ ਹਨ। ਕੁਝ ਕਵਿਤਾਵਾਂ ਬਹੁਤ ਭਾਵਪੂਰਤ, ਧੁਨੀਭਰਪੂਰ, ਲਯਾਤਮਕ ਅਤੇ ਵੇਗਪੂਰਨ ਹਨ ਭਾਵੇਂ ਉਹਨਾਂ ਵਿਚ ਵਿਵਿਧ ਵਿਸ਼ਿਆਂ ਦੀ ਅਭਿਵਿਅਕਤੀ ਹੈ। ਇਹ ਹਨ ਮਾਂ ਦੀ ਮਮਤਾ, ਮੇਰਾ ਜੀਵਨ, ਜੀਵਨ ਪੰਧ, ਇਕ ਚਿੱਠੀ, ਰੀਸ, ਵਾਦਾਂ ਦੀ ਖ਼ੁਸ਼ਬੋ, ਇਕਰਾਰ, ਲਾਡੋ ਦੀ ਸ਼ਾਦੀ, ਜਾਂਦੇ ਰਾਹੀਂ ਨੂੰ, ਰੱਬ ਨੂੰ, ਇਹ ਧਰਤੀ, ਦੁੱਖਾਂ ਦੇ ਗੀਤ, ਜੁਗਨੀ, ਬਦਲਦੇ ਹਾਲਾਤ, ਮੇਰਾ ਬਚਪਨ, ਸੱਜਣ, ਬਾਬਲ ਅਤੇ ਇਕ ਨੂਰ ਆਦਿ। ਕੁਝ ਕਵਿਤਾਵਾਂ (ਬਹੁਤ ਘਿਸੀਆਂ ਪਿਟੀਆਂ, ਬਚਗਾਨਾ, ਸਹਿਜ ਤੁਕਬੰਦੀ, ਸਪਾਟ ਬਿਆਨੀ ਅਤੇ ਅਸਪਸ਼ਟ ਹਨ ਜਿਹਨਾਂ ਵਿਚ ਥਾਂ ਥਾਂ ਸਕਤੇ ਹਨ, ਵਜ਼ਨ ਪੂਰਾ ·ਨਹੀਂ) ਭਾਵ ਵਿਚ ਬਿਆਨ ਦੀ ਕਚਿਆਈ ਵੀ ਹੈ ਅਤੇ ਕਵਿੱਤਰੀ ਦੀ ਸਾਖ ਨੂੰ ਧੱਕਾ ਵੱਜਦਾ ਹੈ ਜਿਵੇਂ ਮੁਹੱਬਤ ਅਰਜੋਈ, ਅਨੋਖਾ ਬੰਧਨ, ਚੰਨਾ ਮੇਰਿਆ, ਦੀਦਾਰ, ਬਚਪਨ, ਵਧਣ ਦਿਓ ਮੁੱਹਬਤਾਂ ਮੇਰੇ ਦੇਸ਼ ਜੇ ·ਮੈਂ ਰੱਬ ਤੇ ਤੂੰ ਗ਼ਰੀਬ ਹੁੰਦਾ, ਨਿਰਦੋਸ਼, ਤੇਰਾ ਸਵਾਲ, ਆਪਣੇ ਛੋਟੇ ਬੇਟੇ ਕੰਵਲ ਦੇ ਜਨਮ ਦਿਨ ਤੇ ਅਸੀਸ, ਜੀਵਨ ਸਾਥ, ਮੇਰੇ ਸੱਜਣ, ਛੈਲ ਛਬੀਲੀ ਕੁੜੀ ਆਪਣੇ ਸ਼ਹਿਰ ਦੀ, ਦੋਸਤੀ, ਜੀਵਨ ਹਾਰ, ਮੇਰਾ ਪਿਆਰ, ਕੋਈ ਤਾਂ ਹੁੰਦਾ, ਅੱਜ ਨਾ ਮੈਨੂੰ ਰੋਕ ਸਹੁਣੀਏ, ਪੁਸਤਕ ਵਿਚਲੀਆਂ ਕੁਝ ਕੁ ਗ਼ਜ਼ਲਾਂ ਅਤੇ ਗੀਤ ਕਾਫ਼ੀ ਮੰਝੇ ਹੋਏ ਜਾਪਦੇ ਹਨ ਜਿਹਨਾਂ ਵਿਚ ਕਾਫ਼ੀਏ ਰਦੀਫ਼ ਅਤੇ ਵਜ਼ਨ-ਬਹਿਰ ਦੀ ਕਵਿੱਤਰੀ ਨੂੰ ਚੰਗੀ ਸੋਝੀ ਜਾਪਦੀ ਹੈ ਜਿਵੇਂ:

ਬੇਵਫ਼ਾ ਨਾਲ ਪ੍ਰੀਤ ਲਗਾਈ
ਦਰਦ ਦਿਲੇ ਦਾ ਪਰ ਜਗ ਹਸਾਈ।
ਖ਼ੂਨ ਹਿਜਰ ਦਾ ਸੁੱਕਦਾ ਜਾਂਦਾ
ਫੇਰੀਂ ਉਸਨੇ ਇਕ ਨਾ ਪਾਈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਮੁੱਢਲਾ ਜਤਨ ਹੋਣ ਦੇ ਨਾਤੇ ਉਸਦਾ ਆਰੰਭਕ ਉਦਮ ਚੰਗਾ ਹੈ ਅਤੇ ਭਵਿੱਖ ਵਿਚ ਹੋਰ ਵਧੇਰੇ ਚੰਗੀਆਂ ਕਾਵਿ-ਰਚਨਾਵਾਂ ਦੀ ਸੰਭਾਵਨਾ ਅਤੇ ਉਮੀਦ ਬਣੀ ਰਹੇਗੀ।

(ਜਨ ਸਾਹਿਤ)

745



ਲੇਖਕਾ : ਡਾ. ਕੁਲਵੰਤ ਕੌਰ

ਜਨਮ : 21-6-1951

ਜਨਮ ਸਥਾਨ : ਉੜਾਪੜ (ਨਵਾਂ ਸ਼ਹਿਰ)

ਵਿਦਿਅਕ ਯੋਗਤਾ : ਐਮ.ਐਸ.ਸੀ. (ਮੈਥਸ), ਐਮ.ਏ. (ਪੰਜਾਬੀ), ਪੀਐੱਚ.ਡੀ. (ਰਿਲਿਜਨ)

ਕਿੱਤਾ : ਪ੍ਰੋਫੈਸਰੀ (25 ਸਾਲ), ਪ੍ਰਿੰਸੀਪਲੀ (1 ਸਾਲ)

ਰਚਨਾਵਾਂ :

1. ਨਾਨਕਾਇਣ (ਆਲੋਚਨਾ) 1973, 1993
2. ਜੁਝਾਰਵਾਦੀ ਕਵਿਤਾ 1975
3. ਗ਼ਜ਼ਲਕਾਰ ਸਾਧੂ ਸਿੰਘ ਹਮਦਰਦ 1976
4. ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਦਾ ਆਲੋਚਨਾਤਮਿਕ ਅਧਿਐਨ (ਥੀਸਿਸ) 1985
5. ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ 1991
6. ਲਾਲ ਅਮੁੱਲ (ਜੀਵਨੀਆਂ) 1992
7. ਬਾਣੀ ਭਗਤ ਰਵਿਦਾਸ : ਇਕ ਅਧਿਐਨ 1993
8. ਅੱਖਾਂ ਵੇਖ ਨਾ ਰੱਜੀਆਂ (ਸਫ਼ਰਨਾਮਾ) 1996
9. ਇਹੁ ਜਨਮੁ ਤੁਮ੍ਹਾਰੇ ਲੇਖੇ 1998
10. ਗੁਰਮਤਿ ਨੂਰ 1999
11. i) ਇਕ ਹਜ਼ਾਰ ਤੋਂ ਵੱਧ ਆਰਟੀਕਲਜ਼ (ਵਿਦੇਸ਼ੀ/ਦੇਸੀ ਰਸਾਲਿਆਂ ਵਿਚ)
    ii) ਪੰਜ ਸੌ ਤੋਂ ਵੱਧ ਰਿਵਿਊਜ਼
    iii) ਦੋ ਦਰਜਨ ਤੋਂ ਵੱਧ ਭੂਮਿਕਾਵਾਂ

ਇਨਾਮ : ਡੇਢ ਦਰਜਨ ਸੰਸਥਾਵਾਂ (ਕੌਮੀ ਤੇ ਕੌਮਾਂਤਰੀ)

ਸਨਮਾਨ : ਢਾਈ ਦਰਜਨ ਸਭਾਵਾਂ ਤੇ ਅਦਾਰਿਆਂ ਵਲੋਂ

ਐਂਟਰੀਜ਼ : ਅੱਧੀ ਦਰਜਨ ਕੌਮਾਂਤਰੀ ਹੂ-ਇਜ਼-ਹੂ'ਜ਼ ਵਿਚ

ਦੇਸ਼-ਵਿਦੇਸ਼ਾਂ ਵਿਚ ਗੁਰਮਤਿ ਵਿਚਾਰ ਪ੍ਰੋਗਰਾਮ : ਸੌ ਤੋਂ ਵੱਧ (ਅਮਰੀਕਾ, ਕੈਨੇਡਾ, ਯੂ.ਕੇ., ਡੈਨਮਾਰਕ, ਜਰਮਨੀ, ਜਬਲਪੁਰ, ਬਨਾਰਸ, ਭੂਪਾਲ, ਪਾਉਂਟਾ ਸਾਹਿਬ ਆਦਿ ਵਿਚ)